

ਸ਼ਰਾਰਤੀ ਤੱਤ

ਮੌਤ ਤੋਂ ਜੀਵਨ ਵੱਲ...



-ਮੰਗਾ ਸਿੰਘ ਅੰਟਾਲ



ਪੈ ਗਿਆ ਘਸਮਾਣ। ਪੂਰੇ ਡਰ ਗਏ ਅਸੀਂ। ਜਦੋਂ ਭੱਜਣ ਲੱਗੇ ਤਾਂ ਦੂਜੇ ਬੰਦੇ ਨੇ ਗੋਲੂ ਦਾ ਗਲਮਾ ਫੜ ਲਿਆ। ਗੋਲੂ ਨੇ ਕੋਲ਼ ਹੀ, ਟੈਲੀਫੋਨ ਆਲ਼ੀਆਂ ਤਾਰਾਂ ਵਾਸਤੇ ਪੱਟੀ ਹੋਈ ਖਾਈ 'ਚ ਛਾਲ ਮਾਰਤੀ ਅਤੇ ਟੀ-ਸ਼ਰਟ ਉਤਾਰਤੀ। ਮੈਂ ਉਸ ਬੰਦੇ ਨੂੰ ਧੱਕਾ ਮਾਰਿਆ ਤਾਂ ਉਹ ਵੀ ਖਾਈ 'ਚ ਡਿੱਗ ਪਿਆ। ਨਹੀਂ ਤਾਂ ਦੂਜੀ ਗੋਲ਼ੀ ਸਿੱਧੀ ਵੀ ਵੱਜ ਸਕਦੀ ਸੀ।

ਇਸੇ ਕਿਤਾਬ 'ਚੋਂ...

ਸ਼ਰਾਰਤੀ ਤੱਤ

ਮੌਤ ਤੋਂ ਜੀਵਨ ਵੱਲ

ਸਮਰਪਣ




ਇੱਕ ਤਾਂ ਮੇਰੇ ਬਾਪੂ ਸਰਦਾਰ ਸ਼ੇਰ ਸਿੰਘ ਅੰਟਾਲ ਜੀ ਨੂੰ ਸਮਰਪਤ, ਜਿਨ੍ਹਾਂ ਕਦੇ ਵੀ ਮੇਰਾ ਅਸਲ ਨਾਮ ਨ੍ਹੀਂ ਸੀ ਲਿਆ। ਸਿਰਫ਼ ਉਸ ਦਿਨ ਲਿਆ ਸੀ, ਜਿਸ ਦਿਨ ਉਹ ਚਲੇ ਗਏ, ਮੁੜ ਕੇ ਨਹੀਂ ਆਏ ਕੋਈ ਵੀ ਨਾਮ ਲੈਣ ਲਈ।

ਦੂਜਾ ਮੇਰੀ ਬੀਬੀ ਨੂੰ, ਜਿਹੜੀ ਮੈਨੂੰ ਸ਼ੇਰ ਪੁੱਤ ਕਹਿਣ ਦੀ ਥਾਂ 'ਬਘਿਆੜ ਤੋਂ ਵੀ ਦਲੇਰ' ਆਖਦੀ ਹੈ। ਕਿਉਂਕਿ ਉਹ ਆਪਦੇ ਪਤੀ ਦਾ ਨਾਮ ਨ੍ਹੀਂ ਲੈਂਦੀ। ਜਿਹੜੀ ਐਨੀ ਡਰੀ ਰਹਿੰਦੀ ਹੈ ਕਿ ਮੇਰਾ ਸੁੱਤੇ ਪਏ ਦਾ ਨੱਕ ਬੰਦ ਕਰਕੇ ਚੈੱਕ ਕਰਦੀ ਰਹਿੰਦੀ ਹੈ ਕਿ ਮੈਂ ਠੀਕ ਹਾਂ।

ਤੀਜੀ ਸਮਰਪਤ (ਐਨ.ਏ) ਪ੍ਰੋਗਰਾਮ ਨੂੰ। ਜੀਹਦੇ ਕਰਕੇ ਮੈਂ ਠੀਕ ਰਹਿ ਗਿਆ ਹਾਂ।

ਸ਼ਰਾਰਤੀ ਤੱਤ

ਮੌਤ ਤੋਂ ਜੀਵਨ ਵੱਲ

ਮੰਗਾ ਸਿੰਘ ਅੰਟਾਲ

ਜੇ.ਪੀ. ਪਬਲਿਸ਼ਰਜ਼

Shrarti Tatt

Manga Singh Antaal

V.p.o. Bhagwan Pura,
Distt. Fatehgarh Sahib (Punjab)
M: 8544917521
Email: mangaantal79@gmail.com

ਪਹਿਲੀ ਵਾਰ : ਅਗਸਤ 2019
ਦੂਜੀ ਵਾਰ : ਅਗਸਤ 2019
ਤੀਜੀ ਵਾਰ : ਸਤੰਬਰ 2019

ISBN: 978-1-989400-05-0

ਪ੍ਰਕਾਸ਼ਕ

ਜੇ.ਪੀ. ਪਬਲਿਸ਼ਰਜ਼

ਮੋ: 97814-14118

ਈਮੇਲ: jppublisherspta@gmail.com

ਟਾਈਟਲ ਡਿਜ਼ਾਇਨਿੰਗ ਤੇ ਕੰਪਿਊਟਰ ਸੈਟਿੰਗ

ਜਸਵੀਰ ਸਿੰਘ ਫਰੀਦਕੋਟ (95017-00347), ਗੁਰਪ੍ਰੀਤ ਸਿੰਘ
ਨਰਿੰਦਰ ਰਾਠੌਰ (ਪਟਿਆਲਾ)

ਪ੍ਰਿੰਟਰ:

ਡੈਫੋਡਿਲਜ਼ ਪ੍ਰਿੰਟਰਜ਼, ਪਟਿਆਲਾ
ਮੋ: 98159-96406-07

ਮੁੱਲ ₹250/- $ 15 £ 10

ਧੰਨਵਾਦ

ਵਟਸਐਪ ਅਤੇ ਫੇਸਬੁੱਕ ਗਰੁੱਪਾਂ ਦਾ, ਜਿਨ੍ਹਾਂ ਦੀ ਵਜਾਹ ਨਾਲ ਮੈਂ ਲਿਖਣ ਦੀ ਹਿੰਮਤ ਕਰ ਸਕਿਆ। ਨਹੀਂ ਤਾਂ ਮੈਂ, ਤੇ ਲਿਖਣਾ! ਦੋਵੇਂ ਇੱਕ ਦੂਜੇ ਦੇ ਵਿਰੋਧੀ ਹਾਂ। ਸਾਰੇ ਰਿਸ਼ਤੇਦਾਰਾਂ ਦਾ ਧੰਨਵਾਦੀ ਹਾਂ, ਖ਼ਾਸ ਕਰ ਮਰਹੂਮ ਬਬਲੇ ਭਾਜੀ ਦਾ ਜਿਹਨਾਂ ਨੇ ਬਾਪੂ ਜੀ ਤੋਂ ਬਾਅਦ ਮੈਨੂੰ ਸਾਂਭਿਆ। ਰਾਜਪਾਲ, ਗੁਰਪ੍ਰੀਤ ਤੇ ਹੋਰ ਫੇਸਬੁੱਕ ਮਿੱਤਰਾਂ ਦਾ, ਜਿਨ੍ਹਾਂ ਹੌਂਸਲਾ ਦਿੱਤਾ ਕਿਤਾਬ ਲਿਖਣ ਲਈ। ਮੇਰੇ ਜੀਵਣ ਸਾਥਣ ਅੰਮ੍ਰਿਤ ਦਾ ਤਾਂ ਸਭ ਤੋਂ ਜਿਆਦਾ, ਜਿਸ ਨੇ ਐਨਾ ਨੰਗਾ ਚਿੱਟਾ ਸੱਚ ਲਿਖਣ ਦੀ ਇਜਾਜ਼ਤ ਦਿੱਤੀ। ਨਹੀਂ ਤਾਂ ਇਹ ਕਿਤਾਬ ਨਹੀਂ ਲਿਖੀ ਜਾਣੀ ਸੀ। ਬੜਾ ਔਖਾ ਹੋਣ ਵਾਲਾ ਏ ਉਹਦੇ ਲਈ, ਇਸ ਕਿਤਾਬ ਦੇ ਛਪਣ ਤੋਂ ਬਾਅਦ।

ਤਤਕਰਾ

1. ਜੰਮ ਕੇ ਮਰਨਾ 7
2. ਅੱਥਰ ਪੁਣਾ 13
3. ਮੌਤ ਤੋਂ ਬਾਅਦ ਵਾਪਸੀ 17
4. ਘੜੰਮ ਚੌਧਰੀ 22
5. ਪੰਜ ਨੰਬਰ ਕਿਵੇਂ 26
6. ਅੰਗਰੇਜ਼ੀ ਅਤੇ ਪੰਜਾਬੀ 'ਚ... 29
7. ਨੰਗੇ ਢਿੱਡ ਆਲ਼ੀਆਂ ਮੈਡਮਾਂ... 32
8. ਲਾਸ਼ਾਂ ਨਾਲ਼ ਖਿੱਚਾ-ਧੂਈ 35
9. ਅਲਫ ਨੰਗੇ 38
10. ਖਾੜਕੂਵਾਦ ਦਾ ਡਰ ਅਤੇ... 41
11. ਇਸ਼ਕ ਦੀ ਸ਼ੁਰੂਆਤ 46
12. ਰੋਮਾਂਚ, ਰੋਮਾਂਸ ਅਤੇ ਕੁਟਾਪਾ 50
13. ਲੁੱਚੀ ਸ਼ਰਤ 54
14. ਪੁਲਸ, ਖਾੜਕੂ ਅਤੇ ਬਰੇਲੀ... 58
15. ਸਸਤਾ ਕਤਲ ਅਤੇ ਅਸੀਂ 64
16. ਰੂਹਾਨੀ ਪਿਆਰ ਅਤੇ ਬਦਲਾ 77
17. ਖ਼ੂਨ ਤੋਂ ਬਣੇ ਰਿਸ਼ਤੇ 84
18. ਚੋਰ ਗਿਰੋਹ ਅਤੇ ਚਾਦਰ ਕੁੱਟ 88
19. ਆਸ਼ਕੀ ਅਤੇ ਰੰਗੇ ਹੱਥੀਂ 94
20. ਬੇਡਰ ਪਰਿੰਦੇ 105
21. ਹਵਸ ਦੇ ਭਰੇ ਗੁੰਡੇ 109
22. ਮੈਂ ਤੇ ਉਹ 118
23. ਪੈਸੇ ਲੈ ਕੇ ਬੰਦੇ ਕੁੱਟਣੇ 122
24. ਪਹਿਲਾ ਕਬਜ਼ਾ 129
25. ਇੱਕੀਆਂ ਦੇ 'ਕੱਤੀ 135
26. ਜ਼ਿੰਦਾ ਹੋਈ ਲਾਸ਼ 144
27. ਪੁਲਸੀਆ ਜੁਰਮ 151
28. ਨਾ ਭੁਲਣ ਵਾਲ਼ੀ ਪੀੜ 158
29. ਸ਼ਰਾਰਤੀ ਯਾਦਾਂ 164
30. ਵੈਲੱਕਮ ਬੈਕ ਪਟਿਆਲ਼ੇ ਵੱਲੋਂ 170
31. ਠੱਗਾਂ ਦਾ ਟੋਲਾ 175
32. ਜ਼ਾਅਲੀ ਵਿਆਹ ਅਤੇ ਕਮੀਨੇ... 180
33. ਸਦਮਾ 186
34. ਮੌਤ ਨੂੰ ਮਖੌਲਾਂ 192
35. ਠੱਗ ਸਟਾਈਲ 198
36. ਜਦੋਂ ਸਿਰ ਪੜਵਾਏ 205
37. ਫ਼ਿਲਮੀ ਵੈਦ 212
38. ਕਤਲ...ਓਹੀ ਜਗ੍ਹਾ ਓਹੀ ਸਮਾਂ 217
39. ਮਹਾਂ ਨਰਕ 225
40. ਨਰਕ ਦੇ ਉਹ ਦਿਨ 239
41. ਕੁੰਭੀ ਨਰਕ 243
42. ਜੇਲ੍ਹ, ਤੋੜ ਅਤੇ ਇੱਜ਼ਤ 247
43. ਮੌਤ ਤੋਂ ਜੀਵਨ ਵੱਲ 256
44. ਨਰਕ 'ਚ ਫਸਿਆਂ ਲਈ ਸੌਖਾ ਰਸਤਾ 264

ਜੰਮ ਕੇ ਮਰਨਾ

ਜੇ ਮੇਰੇ ਵੱਡੇ ਭਰਾ ਨਾ ਮਰਦੇ, ਜੇ ਮੈਂ ਸਭ ਤੋਂ ਵੱਡਾ ਹੁੰਦਾ, ਫੇਰ ਮੈਂ ਜਿਹੋ-ਜਿਹਾ ਵੀ ਹੁੰਦਾ, ਪਰ ਇਹੋ ਜਿਹਾ ਨਾ ਹੁੰਦਾ ਜਿਹੋ ਜਿਹਾ ਮੈਂ ਹੁਣ ਹਾਂ। ਜੇ ਉਹ ਮਰਦੇ ਨਾ, ਤਾਂ ਮੈਂ ਜੰਮਦਾ ਨਾ। ਭਾਵ ਉਹਨਾਂ ਦੇ ਮਰਨ ਨਾਲ਼ ਮੇਰਾ ਜੰਮਣਾ ਜੁੜਿਆ ਹੈ।

ਜਿਸ ਦਿਨ ਮੇਰਾ ਜਨਮ ਹੋਇਆ ਕੋਈ ਖੁਸ਼ੀ ਨ੍ਹੀਂ ਸੀ ਮਨਾਈ, ਕੋਈ ਦਾਰੂ ਸਿੱਕਾ ਨੀ ਸੀ ਚੱਲਿਆ। ਮਾਂ ਨੂੰ ਕਿਸੇ ਹਸਪਤਾਲ ਨ੍ਹੀਂ ਸੀ ਲੈ ਕੇ ਗਏ। ਜਿਵੇਂ ਸਾਰਿਆਂ ਨੂੰ ਪਤਾ ਹੀ ਹੋਵੇ, ਬਈ ਜਦੋਂ ਪਹਿਲੇ ਤਿੰਨ ਨਹੀਂ ਬਚੇ ਤਾਂ ਇਹਨੇ ਵੀ ਕੀ ਬਚਣੈ। ਇਹ ਵੀ ਨ੍ਹੀਂ ਕਿ ਓਦੋਂ ਪਹੁੰਚ ਨ੍ਹੀਂ ਸੀ ਹੋਈ। ਮੇਰੀ ਵੱਡੀ ਭੈਣ ਦਾ ਜਨਮ ਹਸਪਤਾਲ 'ਚ ਈ ਹੋਇਆ ਸੀ।

ਪਰ ਓਦਣ ਜਦੋਂ ਮੈਂ ਜੰਮਣਾ ਸੀ ਜਾਂ ਕਹਿ ਲਓ, ਬਈ ਜੰਮ ਕੇ ਮਰਨਾ ਸੀ ਤਾਂ ਉਸ ਤਰਾਂ ਦੇ ਉਹੜ-ਪੋਹੜ ਨ੍ਹੀਂ ਸੀ ਹੋ ਰਹੇ ਜੋ ਬੱਚਾ ਜੰਮਣ ਵੇਲ਼ੇ ਕਰੇ ਜਾਂਦੇ ਨੇ। ਓਦਣ ਤਾਂ ਇੱਕ ਮਿੱਥ ਪੁਗਾਈ ਜਾ ਰਹੀ ਸੀ। ਅੰਦਰ ਬੈਠਕ 'ਚ ਮੇਰੀ ਮਾਂ ਦਰਦ ਨਾਲ ਤੜਫ ਰਹੀ ਸੀ, ਬਾਹਰ ਸਾਰਾ ਪਿੰਡ ਰੱਬ-ਰੱਬ ਕਰ ਰਿਹਾ ਸੀ। ਸਿਰਫ਼ ਪਿੰਡ ਹੀ ਨਹੀਂ ਜਿੰਨੇ ਲੋਕ ਸਾਡੇ ਟੱਬਰ ਨਾਲ਼ ਜੁੜੇ ਹੋਏ ਸੀ, ਸਭ ਪਰੇਸ਼ਾਨ ਸਨ।

ਇਹ ਮਿੱਥ ਸਾਨੂੰ ਸਭ ਨੂੰ ਪੂਰੀ ਦੀ ਪੂਰੀ ਯਾਦ ਐ। ਅਸੀਂ ਸੁਣੀ ਈ ਐਨੀ ਵਾਰ ਹੈ ਕਿ ਮਨਾਂ 'ਚ ਉੱਕਰੀ ਪਈ ਐ। ਹਾਂ ਜੇ ਯਾਦ ਨ੍ਹੀਂ ਤਾਂ ਮੇਰੀ ਅਸਲ ਜਨਮ ਤਰੀਕ... ਬਸ ਚੇਤ ਮਹੀਨਾ ਜਾਂ ਮੰਗਲਵਾਰ ਈ ਯਾਦ ਐ। ਸ਼ਾਇਦ ਬੀਬੀ ਜਾਣ-ਬੁੱਝ ਕੇ ਭੁੱਲਗੀ ਹੋਊ। ਇਹ ਵੀ 'ਮਿੱਥ' ਦੀ ਹੀ ਕਮਾਲ ਸੀ। ਕਹਿੰਦੇ, "ਇਹਦਾ ਨਾਮ ਕਿਸੇ ਰਜਿਸਟਰ ਵਗੈਰਾ 'ਚ ਵੀ ਨ੍ਹੀਂ ਲਿਖਣਾ ਤੇ ਨਾ ਕਿਸੇ ਕਾਪੀ ਉੱਤੇ।" ਮਤਲਬ ਉਹਨਾਂ ਬੁਰੀਆਂ ਸ਼ੈਆਂ ਨੂੰ ਪਤਾ ਨ੍ਹੀਂ ਸੀ ਲੱਗਣ ਦੇਣਾ, ਬਈ ਕੋਈ ਜੰਮਿਆ ਹੈ। ਰੱਬ ਤੋਂ ਵੀ ਲਕੋ ਕੇ ਰੱਖਣਾ ਸੀ। ਸਾਰਿਆਂ ਦੇ ਕਹਿਣ ਵਾਂਗੂ, ਰੱਬ ਵੀ ਨ੍ਹੀਂ ਸੀ ਚਾਹੁੰਦਾ ਕਿ 'ਦਿਆਲੋ' ਦਾ ਮੁੰਡਾ ਬਚੇ।

ਮੇਰੇ ਤੋਂ ਵੱਡੇ ਤਿੰਨੋਂ ਭਰਾ ਬੜੇ ਹੁੰਦੜ-ਹੇਲ ਸਨ। ਜਿਹੜਾ ਬੜੇ ਤੋਂ ਛੋਟਾ ਸੀ ਉਹਦਾ ਤਾਂ ਨਾਮ ਵੀ ਰੱਖਤਾ ਸੀ 'ਦਲੇਰ ਸਿੰਘ'। ਬੀਬੀ ਦੱਸਦੀ ਹੁੰਦੀ ਐ, ਉਹ ਜੰਮਦਾ ਈ ਦੋ-ਤਿੰਨ ਮਹੀਨਿਆਂ ਦੇ ਜਵਾਕਾਂ ਵਰਗਾ ਸੀ।

ਮੇਰੇ ਜੰਮਣ ਵਕਤ ਬਸ 'ਜੀਤੋ ਬੇਬੇ' ਈ ਬੀਬੀ ਦੇ ਕੋਲ਼ ਬੈਠੀ ਸੀ। ਜੋ ਇਸ ਮਿੱਥ ਦੀ ਮੁੱਖ ਕੜੀ ਸੀ। ਦਰਅਸਲ ਇਸ ਕਾਰਵਾਈ ਲਈ ਪਿੰਡ ਦੀ ਸਭ ਤੋਂ ਗਰੀਬ ਔਰਤ ਦੀ ਲੋੜ ਸੀ, ਜੀਹਦੀ ਝੋਲ਼ੀ ਮੈਨੂੰ ਜੰਮਣ ਸਾਰ ਈ ਪਾਉਣਾ ਸੀ। ਹੁਣ ਗਰੀਬ ਔਰਤਾਂ ਤਾਂ ਪਿੰਡ 'ਚ ਹੋਰ ਵੀ ਬਹੁਤ ਸਨ। ਉਂ ਵੀ ਪੈਸੇ ਪੱਖੋਂ ਅਮੀਰ ਲੋਕ ਜਿਆਦਾ ਦੇਰ ਪਿੰਡਾਂ 'ਚ ਓਦੋਂ ਵੀ ਨ੍ਹੀਂ ਸੀ ਰਹਿੰਦੇ। ਅੱਜ-ਕੱਲ੍ਹ ਤਾਂ ਭਲਾਂ ਰਹਿਣਾ ਈ ਕੀ ਐ। ਗ਼ਰੀਬ ਹੋਣ ਦੇ ਨਾਲ਼-ਨਾਲ਼ ਔਰਤ ਦਾ ਨੀਤ ਪੱਖੋਂ

ਅਮੀਰ ਹੋਣਾ ਅਤੇ ਕੱਚੇ ਘਰ ਰਹਿੰਦੀ ਦਾ, 'ਕੌਲ' ਪੱਖੋਂ ਪੱਕੀ ਹੋਣਾ ਜ਼ਰੂਰੀ ਸੀ। ਇਹ ਸਾਰਾ ਕੁਝ ਮੇਰੀ 'ਜੀਤੋ ਬੇਬੇ' 'ਚ ਮੌਜੂਦ ਸੀ। 'ਜੀਤੋ ਬੇਬੇ' ਸਾਰੇ ਪਿੰਡ ਲਈ ਬੇਸ਼ੱਕ ਪੂਰਬਣ ਸੀ। ਪਰ ਮੇਰੇ ਅਤੇ ਮੇਰੀ ਮਾਂ ਲਈ ਓਦੋਂ ਵੀ ਰੱਬ ਦਾ ਰੂਪ ਸੀ ਤੇ ਅੱਜ ਵੀ ਹੈ। ਟੁੱਟੀ ਫੁੱਟੀ ਪੰਜਾਬੀ ਬੋਲਦੀ ਅੱਜ ਵੀ ਮੇਰੀਆਂ ਯਾਦਾਂ 'ਚ ਮਿਸ਼ਰੀ ਘੋਲਦੀ ਐ। ਬਹੁਤ ਦੁੱਧ ਪਿਲਾਇਆ ਉਹਨੇ ਬੱਕਰੀਆਂ ਦਾ।

ਜਦੋਂ ਮੈਨੂੰ ਜੰਮਣ ਸਾਰ ਉਹਦੀ ਝੋਲ਼ੀ ਪਾਇਆ ਤਾਂ ਉਹਨੇ ਪਹਿਲਾਂ ਵਾਕ ਬੋਲਿਆ, "ਲਿਆ ਮੇਰੇ ਗਰੀਬ ਨੂੰ ਮੇਰੇ ਕੋਂ ਪਕੜਾ।" ਮੱਥਾ ਚੁੰਮ ਕੇ ਅੱਖਾਂ 'ਚੋਂ ਹੰਝੂ ਕੇਰਦੀ ਨੇ ਦੂਜਾ ਵਾਕ ਬੋਲਿਆ, "ਸਾਲਾ ਕਿਤਨਾ 'ਕਾਲਾ' ਹੈ।" ਬੀਬੀ ਕਹਿੰਦੀ, "ਉਹਨੇ ਫੇਰ ਨਾਲ਼ੇ ਤੈਨੂੰ ਘੁੱਟ ਕੇ ਸੀਨੇ ਲਾਇਆ, ਨਾਲ਼ੇ ਕਹਿੰਦੀ, "ਹਾਂ ਭਾਈ ਮਾਂ ਹਿਸਕੀ ਕੌਨਸੀ ਗ੍ਰੇਜਣ ਹੈ, ਪੂਰਬਣ ਕਾ ਪੂਤ 'ਕਾਲਾ' ਸਾ ਹੀ ਹੋਵੇ।"

ਹੁਣ ਉਹ ਮੈਨੂੰ ਆਪਣਾ ਪੁੱਤ ਮੰਨ ਚੁੱਕੀ ਸੀ। 'ਮਿੱਥ' ਮੁਤਾਬਿਕ ਵੀ ਅਤੇ ਮਨ ਮੁਤਾਬਿਕ ਵੀ। ਐਥੇ ਘਰਦਿਆਂ ਨੂੰ ਇੱਕ ਹੋਰ ਡਰ ਖੜ੍ਹਾ ਹੋ ਗਿਆ, ਬਈ ਜੇ 'ਜੀਤੋ' ਆਪਣੀ ਜ਼ੁਬਾਨ ਤੋਂ ਮੁਕਰਗੀ? ਜੇ ਲਾਲਚ ਵਸ ਹੋਰ ਕੁੱਛ ਮੰਗ ਲਿਆ ਫੇਰ? ਕਿਉਂਕਿ ਮਿੱਥ ਦੀ ਅਗਲੀ ਕਾਰਵਾਈ ਇਹ ਸੀ ਬਈ ਮੇਰੀ ਜੰਮਣ ਵਾਲ਼ੀ ਮਾਂ ਨੇ ਮੇਰੀ ਮਿੱਥੀ ਗਈ ਮਾਂ ਤੋਂ ਪੁੱਤ ਮੰਗ ਕੇ ਲੈਣਾ ਸੀ, ਭਾਵ ਤਰਲਿਆਂ ਨਾਲ਼... ਮੰਗਤਿਆਂ ਵਾਂਗ।

"ਮੈਨੂੰ ਮੁੰਡਾ ਦੇ ਦੇ, ਮੈਂ ਤੇਰੇ ਅੱਗੇ ਹਾੜ੍ਹੇ ਕੱਢਦੀ ਹਾਂ, ਤੇਰੇ ਤਾਂ ਪਹਿਲਾਂ ਈ ਦੋ ਪੁੱਤ ਹੈਗੇ, ਤੂੰ ਮੰਗ ਕੀ ਮੰਗਣੈ, ਇਸਦੇ ਬਦਲੇ?" ਇਹ ਬੀਬੀ ਵੱਲੋਂ ਕੱਢੇ ਹਾੜ੍ਹੇ ਸਨ।

ਹੁਣ ਜੇ 'ਜੀਤੋ ਬੇਬੇ' ਕੋਈ ਹੋਰ ਵਾਧੂ ਚੀਜ਼ ਮੰਗ ਲੈਂਦੀ ਭਾਵ ਕੀਤੇ ਕਰਾਰ ਤੋਂ ਭੱਜ ਜਾਂਦੀ, ਤਾਂ ਔਖਾ ਹੋ ਜਾਂਦਾ। ਕਿਉਂਕਿ ਮਿੱਥ ਮੁਤਾਬਿਕ ਉਸਨੇ ਇੱਕ ਛੱਜ ਭਰਕੇ ਦਾਣਿਆਂ ਦਾ ਅਤੇ ਇੱਕ ਸੂਟ, ਇੱਕੀ ਰੁਪਏ ਲੈ ਕੇ ਮੈਨੂੰ, ਬੀਬੀ ਨੂੰ ਵਾਪਸ ਦੇ ਦੇਣਾ ਸੀ।

ਗੱਲ ਇਹ ਵੀ ਨ੍ਹੀਂ ਸੀ ਕਿ ਉਸਦੇ ਵੱਧ ਮੰਗਣ 'ਤੇ ਦੇਣਾ ਈ ਦੇਣਾ ਪੈਣਾ ਸੀ। ਪਰ ਇੱਥੇ ਵਹਿਮ ਜ਼ਰੂਰ ਖੜ੍ਹਾ ਹੋ ਜਾਣਾ ਸੀ।

'ਜੀਤੋ ਬੇਬੇ' ਜਿੰਨੀ ਰੱਜੀ ਰੂਹ ਐਵੇਂ ਕਿੱਥੇ ਕਰ ਸਕਦੀ ਸੀ। ਉਹਨੇ ਤਾਂ ਇੱਕੀ ਤੋਂ ਘਟਾ ਕੇ ਇੱਕ ਰੁਪਈਆ ਈ ਲਿਆ। ਅੱਖਾਂ ਸਾਫ਼ ਕਰਦੀ "ਲੈ ਬੀਬੀ ਪਕੜ ਆਪਣੇ ਮੁੰਡੇ ਨੂੰ, ਆਜ ਤੋਂ ਇਹ ਤੇਰਾ ਹੂਆ। ਮੂਝੇ ਏਕ ਸਾਜ ਦਾਣੇ ਕੀ, ਇੱਕ ਸੂਟ, ਏਕ ਰੁਪਇਆ ਦੇ-ਦੇ।" ਕਹਿ ਕੇ ਉਹ ਰੋ ਪਈ।

ਵੀਹ ਰੁਪਏ ਛੱਡ ਕੇ ਆਪਦੀ ਜਾਣ 'ਚ ਉਸਨੇ ਮੈਨੂੰ ਪਹਿਲੀ ਵਾਰ ਦੇਖਣ ਦਾ ਸ਼ਗਨ ਦਿੱਤਾ ਸੀ। ਇਹ ਸ਼ਗਨ ਲੁਕਵੇਂ ਰੂਪ 'ਚ ਸੀ ਪਰ ਬਾਅਦ 'ਚ ਮਿਲੇ ਸਾਰੇ ਸ਼ਗਨਾਂ ਤੋਂ ਵੱਡਾ ਹੋ ਨਿੱਬੜਿਆ। ਹੁਣ ਮੇਰੇ ਨਾਮ ਕਰਨ ਦੀ ਵਾਰੀ ਸੀ। ਪੰਡਤ ਸਾਡੇ ਪਿੰਡ ਕੋਈ ਹੈ ਈ ਨ੍ਹੀਂ ਸੀ, ਨਾ

ਹੁਣ ਐ। ਉਂ ਵੀ ਬਾਪੂ ਜੀ ਇਸ ਪੱਖੋਂ ਪੱਕੇ ਸਿੱਖ ਸਨ। ਉਹਨਾਂ ਦੇ ਹੁੰਦੇ ਘਰ ਤਾਂ ਕੀ ਸਾਡੀ ਗਲ਼ੀ 'ਚ ਵੀ ਕੋਈ ਪਾਂਡਾ ਨ੍ਹੀਂ ਸੀ ਵੜਦਾ। ਘਰਦਿਆਂ ਨੇ ਕੋਈ ਰੋਹਬਦਾਰ ਨਾਮ ਨਹੀਂ ਸੀ ਰੱਖਣਾ, ਬਸ ਰਿਹਾ-ਖੂਹਿਆ ਜਿਹਾ ਈ ਰੱਖ ਸਕਦੇ ਸੀ। ਤਿੰਨ ਨਾਮ ਚੁਣੇ ਗਏ, ਰੁਲ਼ਦਾ ਰਾਮ, ਮੰਗਾ ਰਾਮ ਅਤੇ ਚੂਹੜ ਰਾਮ।

ਲੈ-ਦੇ ਕੇ 'ਮੰਗਾ ਰਾਮ' 'ਤੇ ਮੋਹਰ ਲਾ ਤੀ, ਮੋਹਰ ਵੀ ਕੀਹਨੇ ਲਾਉਣੀ ਸੀ। ਜੀਤੋ ਬੇਬੇ ਨੇ, "ਮੰਗਾ ਰਾਮ ਬਹੁਤ ਪਿਆਰਾ ਲਾਗੇ, ਸਾਲੇ ਨੂੰ ਮੈਨੂੰ ਪਕੜਾ ਬੀਬੀ" ਕਿਹਾ ਤਾਂ ਬਸ ਹੋ ਗਿਆ ਨਾਮ ਕਰਨ। ਸਕੂਲ 'ਚ ਮਾਸਟਰਾਂ ਨੇ ਮੰਗਾ ਸਿੰਘ ਲਿਖਤਾ।

ਜਦੋਂ ਕਦੇ ਲੱਗਣਾ ਕਿ ਨਾਮ ਘੈਂਟ ਜਿਹਾ ਨਹੀਂ ਤੇ ਕਹਿਣਾ, "ਬੀਬੀ ਵਧੀਆ ਜਿਹਾ ਰੱਖਣਾ ਸੀ।"

ਤਾਂ ਬੀਬੀ ਆਖਦੀ, "ਰੂਲਦੂ ਰਾਮ ਰੱਖ ਦੀਏ...ਫੇਰ?" ਮੈਂ ਸੋਚਣਾ, ਨਹੀਂ-ਨਹੀਂ ਰੁਲ਼ਦੇ ਨਾਲ਼ੋਂ ਤਾਂ ਮੰਗਾ ਸਿੰਘ ਈ ਠੀਕ ਐ।

ਬੀਬੀ ਦੱਸਦੀ ਹੁੰਦੀ ਐ ਬਈ, "ਜਨਮ ਤੋਂ ਕੁਛ ਪਲਾਂ ਬਾਅਦ, ਬਹੁਤ ਔਖੀ ਘੜੀ ਤੀ। ਤੇਰੇ ਬਚਣ ਦੀ ਕੋਈ ਉਮੀਦ ਨ੍ਹੀਂ ਤੀ। ਦਰਦ ਬਹੁਤ ਜ਼ਿਆਦਾ ਹੋ ਰਿਹਾ ਤੀ। ਡਾਕਟਰ ਕੋਈ ਬੁਲਾ ਨ੍ਹੀਂ ਤੀ ਸਕਦੇ। ਜਦੋਂ ਇਹ ਲੈਣ-ਦੇਣ ਅਤੇ ਮੰਗ-ਮੰਗਾਈ ਹੋ ਰਹੀ ਤੀ ਤਾਂ ਮੈਂ ਚਾਦਰ ਲਪੇਟੀ, ਭੁੰਜੇ ਬੈਠੀ... ਤੇ 'ਜੀਤੋ ਬੇਬੇ' ਮੇਰੇ ਸਿਲੇ ਆਲ਼ੇ ਮੰਜੇ ਉੱਤੇ ਪਈ ਤੀ, ਤੇਰੇ ਕੋਲ਼। ਫੇਰ ਅਸੀਂ ਦੋਵੇਂ ਜਾਣੀਆਂ ਘੰਟੇ ਸਾਰੇ ਬਾਅਦ ਆਪਣੀ-ਆਪਣੀ ਥਾਂਵੇਂ ਹੋਈਆਂ।"

ਮੈਨੂੰ ਛੋਟੇ ਹੁੰਦੇ ਨੂੰ ਤਾਂ ਸਮਝ ਨਹੀਂ ਸੀ ਹੁੰਦੀ, ਬਈ ਬੀਬੀ ਚਾਦਰ ਲਪੇਟੀਂ ਕਿਉਂ ਬੈਠੀ ਰਹੀ। ਨਾ ਹੀ ਐਡੀ ਗੱਲ ਲੱਗਦੀ ਸੀ ਕਿ ਘੰਟਾ ਸਾਰਾ ਪੈਰਾਂ ਭਾਰ ਬੈਠਣਾ ਕਿੰਨਾਂ ਕੁ ਔਖਾ ਹੋਊ। ਪਰ ਹੁਣ ਜਦੋਂ ਸਮਝ ਆਈ ਕਿ ਬੱਚੇ ਨੂੰ ਜਨਮ ਦੇਣ ਸਾਰ ਪੈਰਾਂ ਭਾਰ ਬੈਠਣਾ ਕਿੰਨਾਂ ਖਤਰਨਾਕ ਹੈ ਉਹ ਵੀ ਐਨਾ ਚਿਰ, ਤਾਂ ਭੱਜ ਕੇ ਜਾ 'ਮਾਂ' ਨੂੰ ਜੱਫੀ ਪਾ ਲੈਨਾਂ ਹਾਂ। ਆਹ ਵਾਰਤਾ ਲਿਖਦੇ ਨੇ ਵੀ ਐਵੇਂ ਈ ਕੀਤਾ। ਉਹ ਅੱਗੋਂ ਕਹਿੰਦੀ, "ਕੀ ਹੋਇਆ ਮੇਰੇ 'ਬਘਿਆੜ' ਤੋਂ ਵੀ ਬਹਾਦਰ ਪੁੱਤ ਨੂੰ? ਕੋਈ ਸੁਪਨਾ ਦੇਖਕੇ ਤਾਂ ਡਰਦਾ ਨ੍ਹੀਂ ਤੂੰ।" ਇਹ ਕਹਿੰਦੀ ਨੇ, ਉਹਨੇ ਮੈਨੂੰ ਕੋਲ਼ ਨੂੰ ਲਾ ਲਿਆ। ਮੈਂ, ਆਖਿਆ, "ਕੁਛ ਨ੍ਹੀਂ...।"

ਬਸ ਮਾਂ ਨੇ ਜਿੱਥੇ ਸ਼ੇਰ ਪੁੱਤ ਕਹਿਣਾ ਹੁੰਦੈ ਉੱਥੇ 'ਬਘਿਆੜ' ਤੋਂ ਬਹਾਦਰ' ਸ਼ਬਦ ਵਰਤ ਲੈਂਦੀ ਐ। ਕਿਉਂਕਿ ਉਹ ਆਪਣੇ ਪਤੀ ਦਾ ਨਾਮ ਨ੍ਹੀਂ ਲੈਂਦੀ। ਕਈ ਵਾਰ ਕਹਾ ਵੀ ਲੈਨੇ ਆਂ ਚਲਾਕੀ ਨਾਲ਼, ਫੇਰ ਹੱਸ ਪੈਂਦੀ ਐ।

ਖੈਰ! 'ਜੀਤੋ ਬੇਬੇ' ਨੇ ਜਦੋਂ ਮੈਨੂੰ ਬੀਬੀ ਦੀ ਗੋਦੀ ਫੜਾਇਆ ਤਾਂ ਇੱਕ ਮਿੱਥ ਹੋਰ ਪੁਗਾਈ ਜੋ ਉੱਥੇ ਬੈਠੇ ਜਾਂ ਬਾਹਰ ਖੜ੍ਹੇ ਇਕੱਠ ਨੂੰ ਨਹੀਂ ਸੀ ਪਤਾ। ਉਹਨੇ ਆਪਣੀ ਕੁੜਤੀ 'ਚ

ਫਸਾਈ 'ਕਿੱਕਰ ਦੀ ਸੂਲ਼' ਕੱਢੀ ਤੇ ਮੇਰੇ ਸੱਜੇ ਕੰਨ ਨੂੰ ਵਿੰਨ ਕੇ ਕਹਿੰਦੀ, "ਲੈ ਬੀਬੀ, ਹੁਣ ਨਾ ਮਰੇ ਯੇ ਸ਼ੇਰ ਪੂਤ।"

ਅਸੀਂ ਬਹੁਤ ਦੇਰ ਇਸ ਕੰਨ ਵਿੰਨ੍ਹਣ ਵਾਲ਼ੀ ਕਾਰਵਾਈ ਨੂੰ ਮੱਝਾਂ-ਗਾਵਾਂ ਦੇ ਕੱਟਰੂਆਂ-ਬੱਛਰੂਆਂ ਨਾਲ਼ ਜੋੜ-ਜੋੜ ਦੇਖੀ ਗਏ ਕਿ ਜਦੋਂ ਕਿਸੇ ਮੱਝ ਦੇ ਕੱਟਰੂ ਨਹੀਂ ਬਚਦੇ ਤਾਂ ਜੰਮਦੇ ਦਾ ਥੋੜ੍ਹਾ ਜਿਆ ਕੰਨ ਵੱਢਣ ਨਾਲ ਉਹ ਬਚ ਜਾਂਦਾ ਹੈ।

ਪਰ ਦਸਵੀਂ 'ਚ ਪੜ੍ਹਦੇ ਨੂੰ ਸਾਇੰਸ ਮਾਸਟਰ ਨੇ ਦੱਸਿਆ ਕਿ ਬਹੁਤ ਸਾਲ ਪਹਿਲਾਂ ਰੋਮ 'ਚ ਬੱਚੇ ਨਹੀਂ ਸੀ ਬਚਦੇ ਤਾਂ ਓਥੋਂ ਦੇ ਵਿਗਿਆਨੀਆਂ ਨੇ ਇੱਕ ਖੋਜ ਕੀਤੀ ਕਿ ਜਦੋਂ ਜਨਮ ਲੈਣ ਸਾਰ ਬੱਚੇ ਦਾ ਕੰਨ ਕੱਟ ਦਿੰਦੇ ਹਾਂ ਤਾਂ ਬੱਚਾ ਬਚ ਜਾਂਦੈ। ਇਸੇ ਪਿਰਤ ਕਰਕੇ ਅੱਜ ਵੀ ਜ਼ਿਆਦਾਤਰ ਰੋਮਨ ਲੋਕਾਂ ਦੇ ਕੰਨ ਵਿੰਨ੍ਹੇ ਹੁੰਦੇ ਨੇ।

ਮੈਨੂੰ ਸਮਝ ਨ੍ਹੀਂ ਸੀ ਆ ਰਹੀ ਬਈ 'ਜੀਤੋ ਬੇਬੇ' ਰੋਮ ਕਦੋਂ ਹੋ ਆਈ, ਜਾਂ ਕਿਹੜਾ ਸੋਰਸ ਐ ਉਹਦੇ ਕੋਲ਼।

ਉਸ ਦਿਨ ਉਪਰੋਕਤ ਮਿੱਥ ਪੁੱਗ ਚੁੱਕੀ ਸੀ। ਸਾਰਾ ਪਿੰਡ ਆਪਣੇ ਆਪਣੇ ਘਰ ਚਲੇ ਗਿਆ ਤੇ 'ਭੀਰਾ ਮਾਮਾ' ਸਾਡੇ ਘਰ ਆ ਗਿਆ। ਇਹ ਮੇਰਾ ਸਕਾ ਮਾਮਾ ਨੀ ਹੈਗਾ। ਪਰ ਚਾਚੇ ਦੇ ਮੁੰਡੇ ਦਾ ਮਾਮਾ, ਸਕਿਆਂ ਤੋਂ ਥੋੜ੍ਹਾ ਈ ਘੱਟ ਹੁੰਦੈ। ਊਂ ਵੀ ਬੀਬੀ, ਚਾਚੀ ਨਾਲ਼ 'ਬੜੈਚਾਂ' ਆਮ ਈ ਜਾ ਆਉਂਦੀ, ਤੁਰੀ-ਤੁਰੀ। ਚਾਚੀ ਦੇ ਪੇਕੇ ਵੜੈਚਾਂ ਨੇ, ਮੇਰੇ ਪਿੰਡ ਤੋਂ ਚਾਰ ਮੀਲ ਦੀ ਵਿੱਥ ਉੱਤੇ।

ਭੀਰਾ ਮਾਮਾ ਸਿੱਧਾ ਈ ਮੰਜੇ ਕੋਲ਼ ਜਾ ਖੜ੍ਹਿਆ। ਚਾਚੀ ਨੇ ਬਥੇਰਾ ਰੋਕਿਆ, "ਬੀਰੇ ਕਮਲ਼ਾ ਨਾ ਹੋ, ਮੇਰੀ ਗੁਤਨੀ ਨਾ ਪਟਾ ਦੀਂ ਆਪਦੇ 'ਜੀਜੇ' ਤੋਂ।" ਚਾਚੀ ਸ਼ਾਇਦ ਡਰਦੀ ਸੀ, ਬਈ ਅਜੇ ਮਸਾਂ ਦੋ ਘੰਟੇ ਹੋਏ ਨੇ ਜਣੇਪੇ ਨੂੰ, ਬਹੁਤ ਕੁਝ ਕਰਨ-ਧਰਨ ਆਲ਼ਾ ਹੁੰਦੈ, ਬੰਦਾ ਕੀ ਚੰਗਾ ਲੱਗਦੈ ਸਿਲੇ ਕੋਲ ਜਾਂਦਾ। ਬੰਦਾ ਤਾਂ ਬੰਦਾ ਅਜਿਹੇ 'ਚ ਤਾਂ ਜਵਾਕਾਂ ਨੂੰ ਨ੍ਹੀਂ ਨੇੜੇ ਜਾਣ ਦਿੰਦੇ।

ਮੈਨੂੰ ਕਾਫ਼ੀ ਵੱਡਾ ਹੋ ਕੇ ਸਮਝ ਆਈ ਕਿ 'ਮਾਮਾ' ਬੀਬੀ ਕੋਲ਼ ਚਾਚੀ ਦੇ ਰੋਕਣ 'ਤੇ ਵੀ ਕਿਉਂ ਆ ਗਿਆ ਸੀ। ਕਿਉਂ ਉਸਨੇ ਸ਼ਰਮ ਨਾ ਕੀਤੀ ?

ਦਰਅਸਲ ਸਾਰੇ ਰਿਸ਼ਤੇਦਾਰਾਂ ਨੂੰ ਫਿਕਰ ਸੀ ਕਿ 'ਦਿਆਲੋ' ਕੋਲ਼ ਬੱਚਾ ਹੋਣ ਆਲ਼ਾ ਤੇ ਉਹ ਬਹੁਤ ਡਰੀ ਹੋਈ ਆ। ਡਰ ਵੀ ਸੱਚਾ ਸੀ, ਉੱਪਰੋਂ ਥਲ਼ੀ ਤਿੰਨ ਮੁੰਡੇ ਜੋ ਮਰ ਚੁੱਕੇ ਸਨ। ਮੇਰੇ ਤੋਂ ਵੱਡੇ ਅਤੇ ਵੱਡੀ ਭੈਣ ਤੋਂ ਛੋਟੇ।

'ਭੀਰੇ' ਮਾਮੇ ਨੇ ਇੱਕ ਹੱਥ ਨਾਲ਼ ਮੈਨੂੰ ਚੱਕ ਲਿਆ ਤੇ ਲੱਤਾਂ ਤੋਂ ਫੜਕੇ ਪੁੱਠਾ ਲਮਕਾ ਲਿਆ। ਮੱਥੇ 'ਤੇ ਨੂੰ ਆਪਣੀਆਂ ਅੱਖਾਂ ਚੱਕ ਕੇ ਮੇਰੇ ਵੱਲ ਦੇਖਿਆ, "ਹੁਣ ਨਾ ਫਿਕਰ ਕਰੀਂ।" ਕਹਿੰਦੀ ਫੇਰ ਉਹ ਚੁੱਪ ਜਿਆ ਹੋ ਕੇ ਤੈਨੂੰ ਦੇਖੀਂ ਗਿਆ, "ਭੈਣ, ਜੰਮ ਕੇ ਤਾਂ ਮਰ ਜਾਂਦੇ ਨੇ ਪਰ

ਇਹ ਤਾਂ ਮਰਕੇ ਜੰਮਿਆਂ, ਇਹ ਨ੍ਹੀਂ ਮਰਦਾ।" ਕਹਿੰਦੀ, "ਗੱਲ ਉਹਦੀ ਸਹੀ ਵੀ। ਤੂੰ ਤਾਂ ਰੋਇਆ ਈ ਨ੍ਹੀਂ ਤੀ, ਬਸ ਆਏਂ ਤੀ ਬਈ ਹੁਣ ਗਿਆ, ਹੁਣ ਗਿਆ। ਬਹੁਤ ਤੀ ਮੈਂ...। ਸਾਰੇ ਈ ਡਰੇ ਹੋਏ ਤੀ ਊਂ ਤਾਂ...। ਜਿਵੇਂ ਬਸ ਉਡੀਕਦੇ ਹੋਣ...।" ਬੀਬੀ ਜਿੰਨੀ ਵਾਰ ਇਹ ਗੱਲ ਦੱਸਦੀ ਐ ਉੱਨੀ ਵਾਰ ਈ ਰੋਂਦੀ ਐ। ਜਦੋਂ ਭੀਰੇ ਮਾਮੇ ਦੇ ਮੱਥੇ 'ਤੇ ਤਿੰਨ-ਚਾਰ ਵੱਟ ਪਏ ਤਾਂ ਬੀਬੀ ਕਹਿੰਦੀ ਆਏਂ ਲੱਗੇ ਜਿਵੇਂ ਕਿਸੇ ਪੰਡਤ ਦੇ ਮੱਥੇ 'ਤੇ ਤਿਲਕ ਹੋਣ। ਜਿਹੜੀਆਂ ਪੰਡਤਾਂ ਨੇ ਤਿੰਨ-ਚਾਰ ਲਾਈਨਾਂ ਜੀਆਂ ਮਾਰੀਆਂ ਹੁੰਦੀਆਂ ਨੇ, ਉਹ ਤਿਉੜੀਆਂ ਬਣੀਆਂ ਕਰਕੇ ਬੀਬੀ ਨੂੰ 'ਤਿਲਕ' ਲੱਗ ਰਹੇ ਸੀ। ਕੁੱਛ ਭੀਰੇ ਮਾਮੇ ਦਾ ਰੰਗ ਵੀ ਟਮਾਟਰੀ ਐ। ਪੂਰਾ 'ਆਰੀਅਨ' ਲੱਗਦੈ, ਜੇ ਪੱਗ ਨਾ ਬੰਨ੍ਹੇ।

ਪਾਲੋ ਦਾਈ ਬੋਲੀ, "ਬੇ ਪੁੱਤ ਤੈਨੂੰ ਭਾਗ ਲਾਵੇ ਰੱਬ, ਤੂੰ ਮੇਰੇ ਮਨ ਦੀ ਕਹਿਤੀ, ਮੈਂ ਤਾਂ ਦਿਆਲੋ ਨੂੰ ਤੇਰੇ ਆਉਣ ਤੋਂ ਪਹਿਲਾਂ ਈ ਕਹਿ ਹਟੀ ਆਂ।" "ਨਾ ਮਾਸੀ ਲਿਖਾ ਲੇ ਅੱਜ, ਇਹ ਮੁੰਡਾ ਨਾ ਕੋਠੇ ਤੋਂ ਡਿਗ ਕੇ ਮਰੂ, ਨਾ ਡੁੱਬ ਕੇ, ਨਾ ਇਹਨੂੰ ਕੋਈ ਸੱਪ-ਸਲੂੰਡੀ ਕੁਸ਼ ਕਹੂ, ਇਹ ਸਾਰੇ ਲਾਣੇ ਤੋਂ ਵੱਧ ਉਮਰ ਭੋਗੂ।" ਬੀਬੀ ਕਹਿੰਦੀ, "ਆਏਂ ਬੋਲ ਰਿਹਾ ਸੀ, ਜਿਵੇਂ ਕੋਈ ਅੰਬਰੀ ਰੂਹ ਹੋਵੇ। ਫੇਰ ਉਹਨੇ ਤੈਨੂੰ ਖਾਸਾ ਚਿਰ ਬਾਅਦ ਸਿੱਧਾ ਕੀਤਾ। ਉੱਠਕੇ 'ਪੰਜ' ਰੁਪਈਏ ਦੇ ਕੇ ਚਲੇ ਗਿਆ। ਬਸ ਰੋਇਆ ਨ੍ਹੀਂ ਇੱਕ। ਊਂ ਓਹਤੋਂ ਬੋਲਿਆ ਨ੍ਹੀਂ ਗਿਆ ਹੋਰ ਕੁਛ। ਪਤਾ ਤੀ ਮੈਨੂੰ ਵੀ, ਇਹ ਸਭ ਮੈਨੂੰ ਹੌਸਲਾ ਦੇਣ ਨੂੰ ਕਿਹਾ ਤੀ, ਮੈਨੂੰ ਤਾਂ ਪੱਕਾ ਯਕੀਨ ਤੀ, ਤੂੰ ਬਚਣਾ ਨ੍ਹੀਂ, ਨਾ ਤੂੰ ਰੋਇਆ, ਉੱਤੋਂ ਜੰਮਿਆ ਪੁੱਠਾ, ਬਸ ਬਿਟਰ-ਬਿਟਰ ਦੇਖੀ ਜਾ ਰਿਹਾ ਤੀ।" ਇਹ ਦਸਦੀ ਬੀਬੀ ਮੈਨੂੰ ਹੁਣ ਵੀ ਜੱਫੀ 'ਚ ਲੈ ਲੈਂਦੀ ਐ, ਨਾਲ਼ੇ 'ਭੀਰੇ' ਮਾਮੇ ਨੂੰ ਅਸੀਸਾਂ ਦੇ ਦਿੰਦੀ ਐ।

***

ਜੇ ਪਰਵਾਰ ਬਾਰੇ ਬਹੁਤ ਥੋੜੇ ਸ਼ਬਦਾਂ 'ਚ ਦੱਸਣਾ ਹੋਵੇ ਤਾਂ..... ਬਾਪੂ ਜੀ ਹੋਰੀਂ ਇੱਕ ਭੈਣ ਤੇ ਚਾਰ ਭਰਾ ਹਨ। ਸ.ਜਰਨੈਲ ਸਿੰਘ ਅਤੇ ਸ.ਚਰਨ ਸਿੰਘ ਦੋਵੇਂ ਵੱਡੇ ਅਤੇ ਮੈਂ ਸ. ਸ਼ੇਰ ਸਿੰਘ ਦਾ ਬੇਟਾ ਦੋ ਭੈਣਾਂ ਦਾ 'ਕੱਲਾ ਭਰਾ ਹਾਂ ਅਤੇ ਚਾਚਾ ਸ. ਮੁਹਿੰਦਰ ਸਿੰਘ। ਅਸੀਂ ਸਾਰੇ ਚਾਚੇ ਤਾਇਆਂ ਦੇ ਬੱਚੇ ਵਿਆਹੇ ਹੋਏ ਹਾਂ ਅੱਗੇ ਸਾਰਿਆਂ ਦੇ ਬੱਚੇ ਹਨ। ਕੁੱਲ ਮਿਲਾ ਕੇ ਅੱਧਾ ਸੈਂਕੜਾ ਪੂਰਾ ਕਰਦੇ ਹਾਂ।

ਵੈਸੇ ਸਾਡਾ ਜੱਦੀ ਪਿੰਡ ਮਾਨ ਖੇੜੀ ਹੈ ਮੁਰਿੰਡੇ ਕੋਲ਼ । ਉਰੇ ਮੇਰੇ ਦਾਦਾ ਜੀ ਸਰਦਾਰ ਬਚਨ ਸਿੰਘ ਆਪਣੇ ਨਾਨਕੇ ਆ ਕੇ ਵਸੇ ਸਨ, ਲੱਗਭੱਗ 1920 'ਚ । ਦਾਦਾ ਜੀ ਨੂੰ ਅਸੀਂ ਬਾਈ ਜੀ ਕਹਿਕੇ ਸੰਬੋਧਨ ਕਰਦੇ ਹਾਂ, ਉਹ ਵੀ ਹੁਣ ਨਹੀਂ ਰਹੇ । ਮੈਨੂੰ ਨ੍ਹੀਂ ਲੱਗਦਾ ਕੋਈ ਦਾਦਾ ਐਨਾ ਪਿਆਰ ਕਰਦਾ ਹੋਊ ਜਿੰਨ੍ਹਾਂ ਉਹ ਮੈਨੂੰ ਕਰਦੇ ਸਨ। ਪਿਆਰ ਵੈਸੇ ਮੈਨੂੰ ਇਕੱਲਾ ਪੁੱਤ ਹੋਣ ਕਰਕੇ ਸਾਰੇ ਜੀਅ ਹੀ ਬਹੁਤ ਪਿਆਰ ਕਰਦੇ। ਘਰਦੇ ਤਾਂ ਘਰਦੇ ਪਿੰਡ ਦੇ ਵੀ ਮੇਰਾ ਖ਼ਾਸ ਖਿਆਲ ਰੱਖਦੇ।


ਬਾਈ ਜੀ ਨੂੰ ਐਥੇ ਭਗਵਨਪੁਰੇ 'ਚ ਜਮੀਨ ਉਹਨਾਂ ਦੇ ਮਾਮਾ ਸ੍ਰੀ ਗੰਗਾ ਰਾਮ ਜੀ ਨੇ ਦਿੱਤੀ ਕਿਉਂਕਿ ਉਹ ਵਿਆਹੇ ਨਹੀਂ ਸਨ ।

ਬਾਬਾ ਗੰਗਾ ਰਾਮ ਜੀ ਬਹੁਤ ਫੱਕਰ ਸੁਭਾ ਦੇ ਮਾਲਕ ਸਨ ।ਆਉਣ ਆਲੇ ਸਮੇਂ 'ਚ ਪੂਰਾ ਇੱਕ ਨਾਵਲ ਲਿਖੂੰਗਾ ਉਹਨਾਂ ਨੂੰ ਮੁੱਖ ਪਾਤਰ ਲੈ ਕੇ ।ਉਰੇ ਮੋਟਾ-ਮੋਟਾ ਜਿਹਾ ਦੱਸ ਦਿੰਦਾ ਹਾਂ ਕਿ ਉਹਨਾਂ ਦੀਆਂ ਕੁਛ ਦੇਸੀ ਵਿਦਿਆਵਾਂ ਬਹੁਤ ਮਸ਼ਹੂਰ ਹਨ ਸਾਡੇ ਪਿੰਡ 'ਚ ।ਜਿਨ੍ਹਾਂ 'ਚੋਂ ਤੇਰ੍ਹਵੀਂ ਅਤੇ ਤੀਸਰੀ ਵਿਦਿਆ ਮੈਂ ਬਹੁਤ ਵਾਰੀ ਵਰਤੋਂ 'ਚ ਲਿਆਂਦੀ ਹੈ ।

ਤੀਜੀ ਵਿਦਿਆ ਮਤਲਬ 'ਵੰਡ ਛਕੋ' ਭਾਵ ਜਦੋ ਥੋੜੇ ਨਾਲ਼ ਦੇ ਸਾਥੀ ਦੇ ਕੁੱਟ ਪੈਂਦੀ ਹੋਵੇ ਫੇਰ ਖੜ੍ਹਕੇ ਤਮਾਸ਼ਾ ਨਾ ਦੇਖੋ, ਭੱਜ ਕੇ ਵਿੱਚ ਜਾ ਵੜੋ।ਸੱਟਾਂ ਵੰਡੀਆਂ ਜਾਣਗੀਆਂ ਤੇ ਸਾਥੀ ਦਾ ਨੁਕਸਾਨ ਘੱਟ ਹੋਵੇਗਾ। ਹੋ ਸਕਦੈ ਤੁਸੀਂ ਭਾਰੂ ਵੀ ਪੈ ਜਾਵੋਂ। ਕੁਛ ਪਲ ਹੀ ਹੁੰਦੇ ਹਨ।ਗੈਰ ਫ਼ੌਜੀ ਲੜਾਈ 'ਚ ਜੋ ਖੜ੍ਹ ਗਿਆ, ਉਹ ਜਿੱਤ ਗਿਆ।

ਅਗਲੀ ਹੈਗੀ ਹੈ 'ਤੇਰ੍ਹਵੀਂ ਵਿਦਿਆ'...ਭਾਵ ਜਦੋਂ ਕਦੇ ਦੁਸ਼ਮਣਾਂ 'ਚ 'ਕੱਲੇ ਘਿਰ ਜਾਵੋਂ ਤੇ ਯਕੀਨ ਹੋਜੇ ਕਿ ਹੁਣ ਮੁਕਾਬਲਾ ਨ੍ਹੀਂ ਹੋ ਸਕਦਾ ਤਾਂ ਉਥੇ ਨਾ ਤਾਂ ਫੇਰ ਮਿੰਨਤਾਂ ਕਰੋ, ਨਾ ਮੁਕਾਬਲਾ ਕਰੋ, ਬਸ ਭੱਜਣ ਦੀ ਕਰੋ। ਕਿਉਂਕਿ ਮਿੰਨਤਾਂ ਕਰੇ 'ਤੇ ਵੀ ਕੁੱਟ ਪਵੇਗੀ ਮੁਕਾਬਲਾ ਕਰੇ 'ਤੇ ਵੀ, ਸਗੋਂ ਜਿਆਦਾ ਸੱਟ ਲੱਗ ਸਕਦੀ ਹੈ।ਸੋ ਪੱਤਰੇ ਵਾਚ ਜਾਵੋ।

ਬੀਬੀ ਮੇਰੀ ਬਹੁਤ ਅਮੀਰ ਅਤੇ ਪੜ੍ਹੇ ਲਿਖੇ ਪਰਵਾਰ 'ਚੋਂ ਹੈ ।ਪਰ ਐਥੇ ਜਮਾਂ ਦੇਸੀ ਟੱਬਰ 'ਚ ਵਿਆਹੀ ਗਈ ।ਸੁਭਾਅ ਪੱਖੋਂ ਬਹੁਤ ਸ਼ਾਂਤ, ਗੋਰੀ-ਚਿੱਟੀ ਫੁੱਲਾਂ ਤੋਂ ਵੀ ਹੌਲ਼ੀ । ਤਿੰਨ ਭਾਰੀ-ਭਾਰੀ ਨਾਵਾਂ ਸ਼ਲਿੰਦਰ ਕੌਰ, ਦਿਆਲੋ, ਅਤੇ ਹਰਜਿੰਦਰ ਕੌਰ ਨਾਲ ਜਾਣੀ ਜਾਂਦੀ ਹੈ। ਸਾਰੇ ਜੱਗ ਦੀ ਫਿਕਰ ਕਰਨ ਆਲ਼ੀ ਮੇਰੀ ਮਾਂ, ਜਵਾਨੀ 'ਚ ਹੀ ਬੁਢਾਪੇ 'ਚ ਜਾ ਵੜੀ। ਬਾਪੂ ਜੀ ਅਤੇ ਬਾਕੀਆਂ ਬਾਰੇ ਅੱਗੇ ਚੱਲ ਕੇ ਘਟਨਾਵਾਂ ਵਿੱਚ ਦੱਸਿਆ ਗਿਆ ਹੈ।



ਅੱਥਰ ਪੁਣਾ

ਮੇਰੇ ਜੰਮਣ 'ਤੇ ਜੋ ਹੋਇਆ ਜਾਂ ਕੀਤਾ ਗਿਆ, ਜਾਂ ਜੋ ਭੀਰੇ ਮਾਮੇ ਨੇ ਗੱਲਾਂ ਬੋਲੀਆਂ, ਮੈਂ ਉਹ ਬਹੁਤ ਵਾਰ ਸੁਣੀਆਂ। ਬਾਲ ਮਨ ਸੀ ਤਾਂ ਮਨੋਂ-ਮਨੀਂ ਪੱਕਾ ਹੋ ਗਿਆ ਕਿ ਮੈਂ ਨ੍ਹੀਂ ਮਰਦਾ, ਨਾ ਮੈਂ ਡਰਦੈਂ, ਨਾ ਮੇਰੇ ਸੱਪ ਲੜੇ ਤੋਂ ਕੁਛ ਹੋਵੇ, ਵਗੈਰਾ ਵਗੈਰਾ। ਇਹ ਗੱਲਾਂ ਹੌਸਲਾ ਤਾਂ ਮੇਰੀ ਮਾਂ ਨੂੰ ਦੇਣ ਲਈ ਕਹੀਆਂ ਸੀ, ਪਰ ਬੀਬੀ 'ਤੇ ਤਾਂ ਭੋਰਾ ਅਸਰ ਨਾ ਹੋਇਆ। ਉਹ ਤਾਂ ਹੁਣ ਤੱਕ ਵੀ ਡਰੀ ਰਹਿੰਦੀ ਐ। ਸੁੱਤੇ ਪਏ ਨੂੰ ਹਿਲਾ-ਹਿਲਾ ਦੇਖੀ ਜਾਊ। ਕਦੇ ਨੱਕ ਬੰਦ ਕਰਕੇ ਸਾਹ ਚੈੱਕ ਕਰੂ, ਕਦੇ ਕੁਛ। ਗੱਲ ਕੀ ਬਹੁਤ ਫਿਕਰ ਕਰਦੀ ਹੈ ਮੇਰੀ ਮਾਂ।

ਭੀਰੇ ਮਾਮੇ ਦੀਆਂ ਇਨ੍ਹਾਂ ਗੱਲਾਂ ਨੇ ਅਤੇ ਦਾਦਾ ਜੀ ਦੇ ਬੇ-ਹਤਾਸ਼ਾ ਪਿਆਰ ਨੇ ਮੈਨੂੰ ਹੱਦ ਦਰਜੇ ਦਾ ਨਲਾਇਕ ਬਣਾਤਾ। ਅੱਵਲ ਤਾਂ ਡਰਦਾ ਨ੍ਹੀਂ ਸੀ, ਜੇ ਕਦੇ ਡਰ ਲੱਗਦਾ ਤਾਂ ਭੀਰੇ ਮਾਮੇ ਦੇ ਬੋਲ, ਜੋ ਬੀਬੀ ਨੇ ਕਿੰਨੇ ਈ ਵਾਰੀ ਸੁਣਾਏ ਸਨ, ਮੇਰੇ ਜਿਹਨ 'ਚ ਵੱਜਦੇ ਤੇ ਦਿਲ ਦਲੇਰ ਕਰ ਦਿੰਦੇ। ਕਿ ਮੈਂ ਤਾਂ ਮਰ ਕੇ ਜੰਮਿਆਂ ਹੋਇਆ ਹਾਂ ਮੈਂ ਨ੍ਹੀਂ ਮਰ ਸਕਦਾ। ਐਥੇ ਇੱਕ ਹੋਰ ਗੱਲ ਮੈਨੂੰ ਤਕੜਾ ਬਣਾਉਂਦੀ, ਜਦੋਂ ਮੈਂ ਕਿਸੇ ਤੋਂ ਡਰਨਾ ਜਾਂ ਘਬਰਾਉਣਾ ਤਾਂ ਬਾਪੂ ਜੀ ਨੇ ਕਹਿਣਾ, "ਡਰਨ ਨੂੰ ਤੂੰ ਸਾਲ਼ਿਆ ਚਿੜੀ ਦਾ ਬੱਚੈਂ। ਚੱਲ, ਨਹੀਂ ਤਾਂ ਮਾਰੂੰ ਇੱਕ।" ਬਸ ਸ਼ੇਰ ਦਾ ਮੁੰਡਾ ਸੁਣ ਕੇ, ਮੈਂ ਸ਼ੇਰ ਬਣ ਜਾਣਾ। ਬਾਪੂ ਜੀ ਦਾ ਨਾਮ ਸ. ਸ਼ੇਰ ਸਿੰਘ ਹੈ। ਨਾਲ਼ ਦੇ ਵੀ ਮੈਨੂੰ ਇਹੋ ਪੰਪ ਮਾਰਦੇ ਰਹਿੰਦੇ। ਮੈਂ ਚਾਂਭਲੇ ਹੋਏ ਨੇ, ਉਹ ਕੰਮ ਵੀ ਕਰੇ, ਜੋ ਮੈਨੂੰ ਨਹੀਂ ਸੀ ਕਰਨੇ ਚਾਹੀਦੇ।

ਇਹ ਅਹਿਸਾਸ ਕਿ ਮੈਂ ਕਿਹੜਾ ਮਰ ਸਕਦੈਂ, ਮੈਨੂੰ ਆਮ ਜਵਾਕਾਂ ਤੋਂ ਵੱਖ ਦਿਖਣ ਲਈ ਉਕਸਾਉਂਦਾ ਤੇ ਸ਼ਾਇਦ ਇਸੇ ਵੱਖ ਦਿਖਣ ਦੇ ਅਹਿਸਾਸ ਨੇ ਬਾਅਦ 'ਚ ਮੈਨੂੰ ਇੱਕ ਖਿਡਾਰੀ ਬਣਾਇਆ। ਫਿਰ ਹੱਦ ਦਰਜੇ ਦਾ ਵਿਗੜੈਲ ਅਤੇ ਜ਼ੁਰਮ ਦੀ 'ਦੇਹਲੀ' ਤੱਕ ਵੀ ਪਹੁੰਚਾਇਆ। ਫੇਰ ਸ਼ਾਇਦ ਵਾਪਸੀ ਵੀ ਇਸੇ ਅਹਿਸਾਸ ਨੇ ਕਰਾਈ। ਇਹ ਕਿੱਸੇ ਅਗਲੇ ਪੰਨਿਆਂ 'ਤੇ ਛੇੜਾਂਗੇ।

ਐਥੇ ਸੱਪ ਆਲ਼ੀ 'ਖੱਪ' ਸੁਣੋ। ਸੱਪ ਆਲ਼ੀ ਖੱਪ ਇਸ ਕਰਕੇ ਕਿਹਾ ਕਿ ਉਦੋਂ ਖੱਪ ਈ ਪਾਉਂਦੇ ਸੀ। ਕਿਸੇ ਵੀ ਮੁਸ਼ਕਲ ਨੂੰ ਖੱਪ-ਖਾਨੇ 'ਚ ਉੱਡਾ ਦਿੰਦੇ। ਜਿਵੇਂ ਕੁਛ ਹੋਇਆ ਈ ਨਾ ਹੋਵੇ।

ਸਰਦੀਆਂ ਦੇ ਦਿਨ ਸਨ। ਸੂਏ ਨਾਲ਼ ਚੱਲਦੀ ਘਲਾੜੀ 'ਚੋਂ ਪੂਰੀ ਪਲਟਣ, ਤੱਤਾ-ਤੱਤਾ ਗੁੜ ਛਕਦੀ, ਗੰਨੇ ਚੂਪਦੀ ਆ ਰਹੀ ਸੀ। ਪਟੜੀ ਦੇ ਨਾਲ਼ ਲੱਗਦੀ ਖਾਲ਼ 'ਚ ਚਾਰ-ਪੰਜ ਫੁੱਟ ਲੰਬਾ ਸੱਪ ਪਿਆ, ਧੁੱਪ ਸੇਕੇ। ਮੈਨੂੰ ਲੱਗਿਆ ਬਈ ਕਿਤੇ ਮਰਿਆ ਪਿਆ ਏ। ਪਹਿਲਾਂ ਤਾਂ ਮੈਂ ਉਹਨੂੰ ਗੰਨੇ ਨਾਲ਼ ਚੱਕਣ ਲੱਗਾ। ਪਰ ਉਹ ਭਾਰਾ ਐਨਾ ਸੀ ਕਿ ਗੰਨੇ ਤੋਂ ਤਿਲਕ ਜਿਆ

ਕਰੇ। ਲੱਖੇ ਹੋਰੀਂ ਉਂ ਤਾਂ ਜਮਾਂ ਮੇਰੇ ਸਿਰ ਕੋਲ਼ ਆਪਣੇ ਸਿਰ ਕਰ ਲਿਆ ਕਰਨ, ਪਰ ਜਦੋਂ ਮੈਂ ਗੰਨੇ ਦੀ ਤਾੜ ਦੇ ਕੇ ਉੱਪਰ ਨੂੰ ਚੱਕਿਆ ਕਰਾਂ ਤਾਂ ਡਰਕੇ ਭੱਜ ਲਿਆ ਕਰਨ।

"ਤਾਏ ਆ ਦੇਖ, ਕਾਲ਼ਾ, ਸੱਪ ਨੂੰ ਛੇੜਦੈ।" ਲੱਖੇ ਨੇ ਡਰਾਉਣ ਦੇ ਮਾਰੇ ਨੇ ਊਈਂ ਕਹਿਤਾ। ਮੈਂ ਡਰ ਗਿਆ।

ਮੂੰਹ ਉੱਪਰ ਕਰਕੇ ਤਾਂ ਦੇਖਿਆ ਈ ਨ੍ਹੀਂ, ਭੱਜ ਲਿਆ ਬਸ ਕਣਕ 'ਚ ਨੂੰ। ਉਹ ਹੱਸੀ ਜਾਣ, ਨਾਲ਼ੇ ਹਾਕਾਂ ਮਾਰਨ, "ਸਾਲ਼ੇ ਨੂੰ ਸੱਪ ਤੋਂ ਡਰ ਨ੍ਹੀਂ ਲੱਗਦਾ, ਤਾਏ ਦੇ ਨੌਂ ਤੋਂ ਦੇਖ ਕਿਵੇਂ ਮੋਕ ਮਾਰਦੈ। ਤਾਇਆ ਤਾਂ ਤੇਰਾ ਲਗਦਾ ਨੂਰਪੁਰ ਤਾਸ਼ ਖੇਡਦੈ।" ਕਹਿ ਕੇ ਲੱਖਾ ਉੱਚੀ-ਉੱਚੀ ਹੱਸ ਰਿਹਾ ਸੀ ਨਾਲ਼ੇ ਗੰਨਾ ਛਿੱਲੀ ਜਾ ਰਿਹਾ ਸੀ।

ਮੈਂ ਮਨ 'ਚ ਕਿਹਾ, "ਸਾਲ਼ੇ ਸਵਾਦ ਲੈਂਦੇ ਨੇ।" ਸੱਪ ਕੋਲ਼ ਵਾਪਸ ਆਇਆ ਤਾਂ ਦਿਮਾਗ 'ਚ ਸ਼ਰਾਰਤ ਆਗੀ', ਬਈ ਸੱਪ 'ਚ ਜਾਨ ਤਾਂ ਹੈ ਨ੍ਹੀਂ, ਨਾਲ਼ੇ ਭੀਰੇ ਮਾਮੇ ਦੇ ਕਹਿਣ ਵਾਂਗੂ ਸੱਪ ਲੜੇ ਤੋਂ ਕਿਹੜਾ ਮੈਂ ਮਰਨੈ। ਆਪਾਂ ਚੱਕ ਲਿਆ ਪੂੰਛ ਤੋਂ ਈ। ਉਹਦਾ ਅੱਧਾ ਕੁ ਛੁੱਟ ਸਿਰੀ ਆਲ਼ਾ ਪਾਸਾ ਧਰਤੀ ਨਾਲ ਘਿਸਰਦਾ ਜਾਵੇ, ਬਾਕੀ ਮੈਂ ਚੱਕਿਆ ਹੋਇਆ ਸੀ। ਹੈਪੀ ਹੋਰੀਂ ਮੇਰੇ ਮੂਹਰੇ-ਮੂਹਰੇ, ਮੈਂ ਪਿੱਛੇ-ਪਿੱਛੇ।

ਸਾਡੇ ਪਿੰਡ ਆਲ਼ੇ ਸੂਏ ਤੋਂ ਇਕ ਤਾਂ ਪਹਾ ਜਾਂਦਾ ਪਿੰਡ ਨੂੰ, ਇਕ ਵਿੱਚ-ਪਟੇ ਦੀ ਚੌੜੀ ਜਿਹੀ ਵੱਟ ਜਾਂਦੀ ਐ। ਜ਼ਿਆਦਾਤਰ ਲੋਕ ਇਸੇ ਵੱਟ ਰਾਹੀਂ ਆਉਂਦੇ ਜਾਂਦੇ ਨੇ। ਦੋ ਤਿੰਨ ਜਣੇਂ ਪਹੇ 'ਚ ਨੂੰ ਹੋਗੇ' ਭੱਜੇ-ਭੱਜੇ। ਲੱਖਾ ਵੱਟੋ-ਵੱਟੀ ਹੋ ਲਿਆ। ਊਂ ਲੱਖਾ ਮੈਥੋਂ ਤਕੜਾ ਸੀ। ਬਾਕੀਆਂ ਤੋਂ ਤਾਂ ਮੈਂ ਬਿਨਾਂ ਸੱਪ ਤੋਂ ਵੀ ਸੂਤ ਨ੍ਹੀਂ ਸੀ ਆਉਂਦਾ। ਪਰ ਲੱਖਾ ਵੀਰਾ ਮੈਥੋਂ ਤਕੜਾ ਈ ਰਿਹੈ।

ਓਦਣ ਉਹ ਵੀ ਲਾ ਲਿਆ ਸੀ ਮੂਹਰੇ, ਛੁੱਲ ਖੱਪ ਮੱਚੀ ਹੋਈ ਸੀ।

ਐਥੇ ਤੱਕ ਤਾਂ ਮੇਰੀ ਪੂਰੀ ਚੜ੍ਹਾਈ। ਕਤੂਰਿਆਂ ਵਾਂਗ ਚਾਉਂ-ਚਾਉਂ ਕਰਦੇ ਸਭ ਭੱਜੇ ਫਿਰਨ, ਤੇ ਮੈਂ ਸ਼ੇਰ ਵਾਂਗੂ ਪਿੱਛੇ ਭੱਜਿਆ ਦਹਾੜਦਾ ਫਿਰਾਂ।

ਜਦੋਂ ਸੱਪ ਦਾ ਖ਼ੂਨ ਗਰਮ ਹੋ ਗਿਆ ਤਾਂ ਬਾਜੀ ਪਲਟ ਗਈ। ਹਰਕਤ 'ਚ ਆ ਗਿਆ। ਮੂਹਰੇ ਰਾਮਦਾਸੀਆਂ ਵਿਹੜੇ ਆਲ਼ੀਆਂ ਬੀਬੀਆਂ ਨੂੰ ਦੇਖ ਲੱਖਾ ਵੀਰਾ, ਖੇਤ 'ਚ ਨੂੰ ਹੋ ਗਿਆ। ਮੈਂ ਸੰਗ ਦਾ ਮਾਰਾ ਖੜ੍ਹ ਗਿਆ, ਪਿੱਠ ਕਰਕੇ। ਕੁਛ ਡਰ ਵੀ ਗਿਆ ਸੀ, ਕਿਤੇ ਨਾਹਰੀ ਚਾਚੇ ਆਲ਼ੀ ਚਾਚੀ (ਸਾਡੇ ਸੀਰੀ ਦੀ ਘਰਵਾਲ਼ੀ) ਬੀਬੀ ਨੂੰ ਈ ਨਾ ਦੱਸ ਦੇਵੇ, ਹੋਰ ਕਿਤੇ ...।

ਮੈਂ ਬਚ ਕੇ ਜੇ, ਸੱਪ ਨੂੰ ਕਣਕ 'ਚ ਨੂੰ ਸੁੱਟਣ ਲੱਗਿਆ, ਪਰ ਸੱਪ ਨੇ ਤਾਂ ਲੱਤ ਨੂੰ ਕਲੂੰਜੜੀ ਪਾ ਲਈ ਸੀ, ਉਹ ਸੁੱਟ ਨ੍ਹੀਂ ਸੀ ਹੋ ਰਿਹਾ। ਪਰ ਮੈਂ ਫੇਰ ਵੀ ਵਗਾਹ ਕੇ ਪਰੇ ਮਾਰਿਆ।

ਹੁਣ ਹੋ ਗਿਆ ਸੀ ਪੁੱਠਾ ਕੰਮ। ਚਾਚੀ ਹੋਰੀਆਂ ਨੇ ਦੇਖਿਆ ਤਾਂ ਕੁਝ ਨ੍ਹੀਂ ਸੀ। ਪਰ ਲੱਖੇ ਨੇ ਖੱਪ ਪਾ ਦਿੱਤੀ ਅਖੇ, "ਕਾਲ਼ੇ ਦੇ ਸੱਪ ਨੇ ਦੰਦੀ ਵੱਡੀ, ਓਏ, ਆਏ-ਹਾਏ ਆਹ ਦੇਖੋ

ਗਿੱਟੇ ਕੋਲ਼ ਖ਼ੂਨ ਨਿਕਲਦੈ ...।" ਹੈਪੀ, ਭਿੰਦੀ ਹੋਰੀਂ ਵੀ ਆਗੇ'। ਕੋਈ ਕਹੇ ਸਾਡੇ ਘਰੇ ਚੱਲ, ਮੇਰੇ ਭਾਪੇ ਕੋਲ ਮਣਕਾ ਪਿਆ, ਉਹ ਲਾ-ਲਵੀਂ। ਕੋਈ ਆਖੇ, ਸੱਪ ਦੀ ਬਿਰਮੀ 'ਚ ਦੁੱਧ ਪਾ ਦੇ ਪਹਿਲਾਂ, ਗੁੱਗੇ ਮਾੜੀ 'ਤੇ ਮੱਥਾ ਟੇਕਦੇ ...।

ਮੈਂ ਉਹਨਾਂ ਸਾਰਿਆਂ ਨੂੰ ਸੌਂਹ ਪਵਾਤੀ, ਕੁਟੀ ਆਲੇ ਬਾਬਿਆਂ ਦੀ, ਕਿ ਘਰੇ ਜਾ ਕੇ ਮੇਰੀ ਬੀਬੀ ਨੂੰ ਕੁੱਛ ਨ੍ਹੀਂ ਦੱਸਣਾ। ਉਹ ਮੰਨਗੇ। ਸਾਡੇ ਪਿੰਡ ਦੇ ਲੋਕ ਕੁਟੀਆ ਆਲ਼ੇ ਬਾਬਿਆਂ ਤੋਂ ਬਹੁਤ ਡਰਦੇ ਨੇ। ਕਹਿੰਦੇ "ਬਾਬੇ ਬਹੁਤ ਕੈੜੇ ਨੇ।" ਕੈੜੇ ਸ਼ਹੀਦਾਂ ਆਲ਼ੀ ਵੀ ਇੱਕ ਹੋਰ ਬਹੁਤ ਦਿਲਚਸਪ ਕਹਾਣੀ ਐ। ਮੈਂ ਪੰਗਾ ਲੈ ਲਿਆ ਸੀ। ਬਹੁਤ ਕਲ਼ੇਸ ਹੋਇਆ ਸੀ। ਪਰ ਐਥੇ ਨ੍ਹੀਂ। ਐਥੇ ਤਾਂ ਸੱਪ ਆਲ਼ੀ ਸੁਣੋ।

ਹੈਪੀ ਦੀ ਮੁਸਕਰਾਹਟ ਡਰਾ ਰਹੀ ਸੀ। ਮੈਨੂੰ ਸੱਪ ਦਾ ਓਨਾ ਡਰ ਨ੍ਹੀਂ ਸੀ, ਜਿੰਨਾ ਬੀਬੀ ਆਲ਼ੀ ਕੁੱਟ ਦਾ ਸੀ। ਸੱਪ ਲੜਕੇ ਤਾਂ ਮੈਂ ਮਰਨਾ ਈ ਨ੍ਹੀਂ ਕਦੇ, ਭੀਰੇ ਮਾਮੇ ਦੇ ਬੋਲ ਮੈਨੂੰ ਹੌਂਸਲਾ ਦੇਈ ਗਏ। ਮੈਂ ਕਿਹਾ, "ਇਹ ਸੱਪ ਲੜਨ ਕਰਕੇ ਖ਼ੂਨ ਨ੍ਹੀਂ ਸਿੰਮਿਆ ਹੋਇਆ, ਇਹ ਤਾਂ ਮੇਰੇ-ਆਰ ਗੰਨੇ ਦੇ ਆਗ ਦਾ ਪੱਛ ਲੱਗ ਕੇ ਨਿਕਲਿਐ।" ਡਰਿਆ ਮੈਂ ਜ਼ਰੂਰ, ਪਰ ਹਿੰਮਤ ਰੱਖੀ। ਨਹੀਂ ਤਾਂ ਕਹਿੰਦੇ ਨੇ ਕਿ ਐਨੇ ਲੋਕ ਸੱਪ ਦੇ ਜ਼ਹਿਰ ਨਾਲ ਨ੍ਹੀਂ ਮਰਦੇ, ਜਿਨੇ ਡਰ ਨਾਲ਼ ਮਰ ਜਾਂਦੇ ਨੇ... ਬਾਈ, ਹਾਏ ਉਏ ਮੇਰੇ ਸੱਪ ਲੜ ਗਿਆ। ਵੈਸੇ ਉਹ ਗੰਨੇ ਦੇ ਆਗ ਦੇ ਚੀਰੇ ਨਾਲ਼ ਹੀ ਖ਼ੂਨ ਨਿੱਕਲਿਆ ਸੀ।

***

ਬਚਪਨ ਵੀ ਕਮਾਲ ਦਾ ਹੁੰਦੈ, ਕਿੱਡੀ ਵੱਡੀ ਗੱਲ ਊਈਂ ਅਣਗੌਲ਼ਿਆਂ ਕਰਤੀ ਸੀ। ਤੇ ਉਸ ਤੋਂ ਕੁਛ ਸਮਾਂ ਪਹਿਲਾਂ ਸਫੈਦੇ ਦੇ ਬੀਜ ਖਾਣ ਕਰਕੇ ਫਿਕਰ ਕਰਦਾ ਬਾਈ ਦੇ ਪਿੱਛੇ ਪਿਆ ਫਿਰਾਂ, "ਅਖੇ ਮੈਨੂੰ ਤਾਂ ਦਵਾਈ ਦਵਾ, ਨਹੀਂ ਮੇਰਾ ਪਰੇਸ਼ਨ ਕਰਵਾ ਹਸਪਤਾਲ 'ਚੋਂ। ਜੋਰੇ ਹੋਰੀਂ ਕਹਿੰਦੇ ਨੇ ਬਈ ਹੁਣ ਤੇਰੇ ਢਿੱਡ 'ਚ ਸਫੈਦੇ ਉੱਗਣਗੇ। ਤੇ ਸਿਰ ਵਿੱਚੋਂ ਨਿੱਕਲਕੇ ਕੋਠੇ ਜਿੱਡੇ-ਜਿੱਡੇ ਹੋ ਜਾਣਗੇ। ਫੇਰ ਤੁਰਿਆ ਕਿਵੇਂ ਕਰੇਂਗਾ, ਮੰਜੇ 'ਤੇ ਕਿਵੇਂ ਸੌਂਵੇਗਾ ?" ਨਾਲ਼ੇ ਮੈਂ ਬਾਈ ਦਾ ਪਜ਼ਾਮਾ ਖਿੱਚੀ ਜਾਂਵਾਂ ਨਾਲ਼ੇ ਸੁੱਕਾ ਈ ਰੀਂ-ਰੀਂ ਕਰੀ ਜਾਵਾਂ। ਹੰਝੂ ਤਾਂ ਮੇਰੇ ਸੁੱਖ ਨਾਲ਼ ਕਦੇ ਆਏ ਈ ਨ੍ਹੀਂ ਸੀ। ਬਾਈ ਨੇ ਕਹਿਣਾ "ਧੀ ਚੋ... ਕੇ... ਜੂਤ ਫਿਰੂ, ਬੰਦ ਕਰ ਜਲਸੇ ਨੂੰ।" ਉਹ ਮੈਨੂੰ ਰੋਣ ਨ੍ਹੀਂ ਸੀ ਦਿੰਦੇ। ਕਹਿੰਦੇ ਹੁੰਦੇ ਸੀ, "ਰੋਂਦੀਆਂ ਤਾਂ ਤੀਵੀਆਂ ਹੁੰਦੀਆਂ ਨੇ ਊਈਂ ਨ੍ਹੀਂ ਰੀਂ-ਰੀ ਕਰੀਦਾ। ਕਿਰਸਾਨ ਦਾ ਪੁੱਤ ਸਰੀਰ ਪੱਖੋਂ ਗਰੀਬ ਨ੍ਹੀਂ ਹੋਣਾ ਚਾਹੀਦਾ, ਪੈਸੇ- ਟੁੱਕਰ ਕੰਨੀਉਂ ਸਰ ਜਾਂਦੈ।"

ਜੋਰੇ ਵੀਰੇ ਹੋਰੀਂ ਮੈਨੂੰ ਇਕ ਹੋਰ ਗੱਲ ਨਾਲ਼ ਚਿੜਾਉਂਦੇ ਸੀ। ਆਖੇ, "ਤੂੰ ਕੱਲਾ ਭਾਈ ਐਂ, ਜਦ ਆਪਾਂ ਅੱਡ ਹੋਗੇ, ਤੈਨੂੰ ਕੱਖਾਂ ਦੀ ਪੰਡ ਕੌਣ ਚਕਾਇਆ ਕਰੂ।" ਮੈਨੂੰ ਫ਼ਿਕਰ ਹੋ ਜਾਣੀਂ। ਜਦੋਂ ਮੈਂ ਇਹ ਸ਼ਿਕਾਇਤ ਬਾਈ ਕੋਲ਼ ਕਰਨੀ ਤਾਂ ਉਹਨਾਂ ਕਹਿਣਾ, "ਤੂੰ ਕਹਿਦੇ, ਵੀ

ਦੁੱਧ ਵੀ ਤਾਂ 'ਕੱਲਾ ਈ ਪੀਊਂ, ਤਕੜਾ ਵੀ ਵੱਧ ਹੋਊਂ, ਪੰਡ ਵੀ ਚੱਕ ਲਿਆ ਕਰੂੰ ਤਕੜਾ ਹੋ ਕੇ।"

ਫੇਰ ਵੱਡਾ ਹੋ ਕੇ ਨੀਰੇ ਦੀ ਪੰਡ ਚੱਕਣੀ ਤਾਂ ਜਾਣ ਬੁੱਝ ਕੇ 'ਕੱਲੇ ਨੇ ਚੱਕਣੀ, ਬਾਣੀ ਦੇ ਬੋਲ ਪੁਗਾ ਕੇ ਖੁਸ਼ੀ ਮਿਲਣੀ। ਹੋਰ ਵੀ ਬਚਪਨ ਦੀਆਂ ਗੱਲਾਂ ਮੈਂ ਐਵੇਂ ਈ ਯਾਦ ਕਰ-ਕਰ ਕੇ ਬਾਅਦ 'ਚ ਦੋਸਤਾਂ ਕੋਲ਼ ਸੁਣਾਈ ਗਿਆ ਤਾਂ ਕਰਕੇ ਯਾਦ ਰਹਿਗੀਆਂ। ਨਹੀਂ ਮੈਂ ਕਿਹੜਾ ਕਦੇ ਡੈਰੀ ਵਗੈਰਾ ਲਿਖੀ ਹੈ। ਕਈ ਗੱਲਾਂ ਨੇ ਬਹੁਤ ਵੱਡਾ ਨੁਕਸਾਨ ਵੀ ਕੀਤਾ, ਕਿੰਨੀ ਈ ਵਾਰ ਠਾਣੇ ਅਤੇ ਫੇਰ ਜੇਲ੍ਹ ਯਾਤਰਾ ਵੀ ਕਰਵਾਈ।



ਮੌਤ ਤੋਂ ਬਾਅਦ ਵਾਪਸੀ

ਲਿੰਗ-ਭੇਦ ਅਤੇ ਜਾਤ-ਪਾਤ 'ਚ ਫਰਕ ਨਾ ਕਰਨ ਦਾ ਪਹਿਲਾ ਸਬਕ, ਘਰ 'ਚ ਹੀ ਪੜ੍ਹਾਇਆ ਗਿਆ। ਤਰੀਕਾ ਉਹੀ ਸੀ ਬਈ, 'ਪਹਿਲਾਂ ਤਰਪਾਈ ਤੇ ਫੇਰ ਪੜ੍ਹਾਈ'। ਉਮਰ ਤਾਂ ਯਾਦ ਨਹੀਂ ਕਿ ਕਿੰਨਵਾਂ ਸਾਲ ਹੋਊ, ਪਰ ਅੰਬ-ਜਾਮਣਾਂ ਦੇ ਦਰਖ਼ਤਾਂ ਉੱਪਰ 'ਕੱਲਾ ਹੀ ਲਮਕਣ ਲੱਗ ਪਿਆ ਸੀ।

ਸਾਡੇ ਸਾਂਝੇ ਘਰ ਦੀ ਰਾਹਦਾਰੀ ਅਤੇ ਇੱਕ ਬੈਠਕ ਦੇ ਦਰਵਾਜ਼ੇ ਬੀਹੀ 'ਚ ਨੂੰ ਖੁੱਲ੍ਹਦੇ ਸੀ। ਰਾਹਦਾਰੀ ਵੀ ਵੰਡ-ਵੰਡਾਈ ਤੋਂ ਬਾਅਦ ਕਮਰੇ ਦਾ ਰੂਪ ਧਾਰਗੀ' ਸੀ।

ਓਦਣ ਮੀਂਹ ਪੈ ਕੇ ਹਟਣ ਤੋਂ ਬਾਅਦ ਮੈਂ ਦੋਸਤਾਂ ਨੂੰ ਲੱਭਣ ਤੁਰ ਪਿਆ। ਬੀਹੀ ਆਲ਼ੀ ਟਾਕੀ 'ਤੇ ਚੜ੍ਹ ਕੇ, ਜਸਵਿੰਦਰ (ਮਜ਼ਹਬੀ ਸਿੱਖਾਂ ਦੀ 14,15 ਸਾਲ ਦੀ ਕੁੜੀ) ਹੱਥਾਂ ਨੂੰ ਘਸਾ-ਘਸਾ ਕੇ ਰੰਗ ਚੜ੍ਹਾ ਰਹੀ ਸੀ। ਮੈਂ ਕੋਲ਼ ਖੜ੍ਹੇ ਨੇ ਕਿਹਾ, "ਭੈਣੇ, ਇਹ ਕਿਵੇਂ ਕਰੇ ਨੇ ਤੂੰ ਗੁਲਾਬੀ-ਗੁਲਾਬੀ ਜਿਹੇ, ਇੰਨੇ ਸੋਹਣੇ ਹੱਥ, ਮੇਰੇ ਵੀ ਕਰਾਦੇ।"

"ਨਹੀਂ-ਨਹੀਂ ਤੈਥੋਂ ਨਹੀਂ ਹੋਣੇ, ਤੂੰ ਛੋਟਾ ਜਿਹਾ ਤਾਂ ਹੈਗਾਂ.....।" ਉਹਨੇ ਸਟਾਈਲ ਜਿਹੇ 'ਚ ਕਿਹਾ। ਜਿਵੇਂ ਆਪਾਂ ਟਿੱਚਰ ਕਰਦੇ ਹੁੰਨੇ ਹਾਂ।

"ਭੈਣ ਬਣ ਕੇ।" ਗਰੀਬੜਾ ਮੂੰਹ ਬਣਾ ਕੇ ਮੈਂ ਝੂਠਾ ਸੱਚਾ ਤਰਲਾ ਕੀਤਾ।

ਉਂ ਮੈਨੂੰ ਉਹ ਬੰਦਾ ਵਿਓ ਵਰਗਾ ਲੱਗਦਾ ਜਿਹੜਾ ਕਹੇ, "ਤੈਥੋਂ ਇਹ ਨਹੀਂ ਹੋਣਾ।" ਉਹ ਮੰਨਗੀ 'ਤੇ ਉਹਨੇ ਹੱਥਾਂ ਸਹਾਰੇ ਮੈਨੂੰ ਟਾਕੀ ਉੱਤੇ ਚੜ੍ਹਾਤਾ। ਜਦੋਂ ਹੱਥਾਂ ਨੂੰ ਕੰਧ 'ਤੇ ਘਸਾਵਾਂ ਤਾਂ ਰੰਗ ਲੱਗੇ ਈ ਨਾ, ਬਸ ਫਿੱਕੀ ਜਿਹੀ ਕਲੀ ਲੱਗੀ ਜਾਵੇ।

ਮਖਿਆਂ, "ਏ ਕੁੜੀਏ ਲੱਗਦਾ ਤਾਂ ਹੈ ਨ੍ਹੀਂ ਇਹ।" ਮੈਂ ਹੁਣ ਭੈਣ ਤੋਂ 'ਏ ਕੁੜੀਏ' 'ਤੇ ਆ ਗਿਆ ਸੀ। ਉਹ ਕਹਿੰਦੀ, "ਐਥੋਂ ਤਾਂ ਉੱਤਰ ਗਿਆ ਜਿੱਥੇ ਤੂੰ ਹੱਥ ਘਸਾ ਰਿਹੈਂ, ਥੋੜ੍ਹਾ ਹੋਰ ਉੱਪਰ ਚੜ੍ਹ, ਰੋਸ਼ਨਦਾਨ ਕੋਲ਼ੋਂ ਲੱਗੂ।"

ਮੀਂਹ ਦੀ ਵਾਛੜ ਕਰਕੇ ਕੰਧਾਂ ਦੇ ਨੀਚੇ ਆਲ਼ਾ ਰੰਗ ਥੋੜ੍ਹਾ ਜਲਦੀ ਉੱਤਰ ਜਾਂਦੈ। ਉੱਪਰ ਰੋਸ਼ਨਦਾਨ ਕੋਲ਼ੋਂ ਬਾਅਦ ਵਿੱਚ ਉੱਤਰਦੈ। ਕੁਛ ਉਹਨੇ ਪੰਪ ਛਕਾ ਤੇ, ਕੁਛ ਮੈਨੂੰ ਘੈਂਟ ਪੁਣੇ ਦੇ ਅਹਿਸਾਸ ਨੇ ਪੰਗਿਆਂ 'ਚ ਪਾ ਕੇ ਰੱਖਣਾ ਹੁੰਦੈ। ਸੋ ਯਾਰ ਹੋਰੀਂ ਹੁਣ ਹੋਰ ਉੱਪਰ ਚੜ੍ਹ, ਜਮਾਂ ਬਿਜਲੀ ਆਲ਼ੀ ਤਾਰ ਦੇ ਕੋਲ਼ ਪਹੁੰਚਗੇ, ਜਿੱਥੇ ਲੱਗਿਆ ਤਾਰਾਂ ਦਾ ਜੋੜ ਨੰਗਾ ਸੀ। ਡਰ ਵੀ ਲੱਗੇ ਕਿਤੇ ਕਰੰਟ ਨਾ ਫੜ ਲਵੇ। ਜਦੋਂ ਹੱਥ ਘਸਾਵਾਂ ਰੰਗ ਫੇਰ ਨਾ ਲੱਗੇ। ਮੈਨੂੰ ਗੁੱਸਾ ਆਇਆ। ਮਖਿਆਂ, "ਦੱਸ ਦੇ ਕਿਵੇਂ ਲਾਇਆ ਤੂੰ, ਭੈਣ 'ਚੋਂ .... ਇਹ ਲੱਗਦਾ ਤਾਂ ਹੈ ਨ੍ਹੀਂ।" ਮੇਰੇ ਮੂੰਹ 'ਚੋਂ ਨਿੱਕਲ਼ੀ ਹੌਲ਼ੀ ਕੁ ਦੇਣੇ ਗਾਲ਼ ਉਹਨੇ ਸੁਣਲੀ। ਕਹਿੰਦੀ, "ਆਏਂ ਨ੍ਹੀਂ ਚੜ੍ਹਨਾ ਰੰਗ, ਦੋਵੇਂ ਹੱਥ ਜ਼ੋਰ ਨਾਲ਼ ਘਸਾ।" ਇਹ ਸ਼ਾਇਦ ਗਾਲ਼ ਦਾ ਬਦਲਾ ਸੀ ਜਾਂ ਜਾਤੀ ਸੂਚਕ

ਸ਼ਬਦ ਦਾ....। ਉਹਦੇ ਵੱਲ ਮੂੰਹ ਘੁੰਮਾ ਥੱਲੇ ਨੂੰ ਦੇਖ ਰਿਹਾ ਸੀ। ਉਹਨੇ ਖੜ੍ਹੀ-ਖੜ੍ਹੀ ਨੇ ਦੋਵੇਂ ਹੱਥ ਥੱਲੇ ਕੰਧ ਨਾਲ ਘਸਾ ਕੇ ਦਿਖਾਏ। ਚਾਅ ਮੱਚੇ ਨੇ ਇਹ ਤਾਂ ਸੋਚਿਆ ਨਾ ਕਿ ਉਹ ਤਾਂ ਥੱਲੇ ਬੀਹੀ 'ਚ ਖੜ੍ਹੀ ਐ ਤੇ ਮੈਂ ਰੋਸ਼ਨਦਾਨ 'ਚ ਲਮਕਿਆਂ ਹਾਂ। ਜਦੋਂ ਉਹਦੇ ਪਿੱਛੇ ਲੱਗ ਰੰਗ ਲਾਉਣ ਲਈ ਦੋਵੇਂ ਹੱਥ ਛੱਡੇ ਤਾਂ ਸ਼ਪਾਲ਼ ਪਿਆ ਸਿਰ ਭਰਨੇ। ਪੱਕੀ ਬੀਹੀ 'ਤੇ ਜੋਰ ਦੀ ਗਿਰਿਆ।

"ਹਾਏ ਉਏ ਬੀਬੀ ਮਾਰਤਾ .... ।" ਮੇਰੇ ਮੂੰਹੋਂ ਐਨਾ ਈ ਨਿੱਕਲ਼ਿਆ। ਉੱਚੀ ਦੇਣੇ ਖੜਾਕ ਸੁਣ ਬੀਬੀ ਵੀ ਆਗੀ'। "ਕੀ ਹੋਇਆ .. ਕਿੱਥੋਂ ਗਿਰਿਐਂ... ਹਾਏ ਵੇ ਕਰੰਟ ਤਾਂ ਨ੍ਹੀਂ ਖਾ ਲਿਆ!" ਨਾਲ਼ ਹੀ ਬੀਬੀ ਨੇ ਅੱਧ ਰੋਂਦੀ ਅਵਾਜ 'ਚ ਕਿਹਾ, "ਵੇ ਤੂੰ ਤਾਂ ਮੈਨੂੰ ਮਾਰ ਕੇ ਹੀ ਸਾਹ ਲਵੇਂਗਾ।" ਮੈਂ ਉੱਪਰ ਨੂੰ ਮੂੰਹ ਕਰੇ ਬਿਨਾਂ ਹੀ ਗੁੱਸੇ 'ਚ ਕਿਹਾ "ਮੈਨੂੰ ਉਨ੍ਹੇ ਓਹਨੇ ਸਾਲ਼ੀ... ਨੇ...।" ਮੈਂ ਉਹਦੀ ਜਾਤ ਦਾ ਨਾਮ ਲੈ ਕੇ ਅਜੇ ਗੱਲ ਤੇ ਗਾਲ੍ਹ ਪੂਰੀ ਵੀ ਨਹੀਂ ਸੀ ਕੀਤੀ ਕਿ ਬੀਬੀ ਨੇ ਤਿੰਨ ਚਾਰ ਧਰਤੀਆਂ, "ਨਾ ਫੇਰ ਬੋਲੀਂ... ਕੀ ਬਕਦੈਂ ਤੂੰ ਕੰਨਿਆ ਦੇਵੀ ਨੂੰ... ਤੈਨੂੰ ਸ਼ਰਮ ਨ੍ਹੀਂ ਜਮਾ ਵੀ, ਪਤਾ ਨ੍ਹੀਂ ਕਿੱਥੋਂ ਸਿੱਖਦੈ ਗੰਦ ਮੰਦ.... ਨਾ ਤੈਂ ਆਪਣਾ ਬੂਥਾ ਦੇਖਿਆ।" ਮਾਂ ਮੇਰੀ ਮੈਨੂੰ ਕੁੱਟਦੀ-ਕੁੱਟਦੀ ਸਿੱਖਿਆ ਦੇ ਰਹੀ ਸੀ ਅਤੇ ਨਾਲ਼ ਦੀ ਨਾਲ਼ ਗੋਦੀ 'ਚ ਘੁੱਟ ਰਹੀ ਸੀ। ਸੱਚੀਂ ਕਮਾਲ ਈ ਹੁੰਦੀ ਐ ਮਾਂ ਵੀ। ਮੇਰੀ ਮਾਂ ਤਾਂ ਹੈ ਵੀ ਸਾਰੇ ਜੱਗ ਤੋਂ ਪਿਆਰੀ।

ਉਮਰੇ ਸਿੱਖ ਵੱਲੋਂ ਆਉਂਦੇ ਬਾਪੂ ਜੀ ਵੀ ਸਾਡੇ ਕੋਲ਼ ਖੜਗੇ'। ਜਿਵੇਂ ਹਰੇਕ ਦਿਨ ਹਰੇਕ ਵਾਰੀ ਮੈਨੂੰ ਨਵੇਂ ਨਾਮ ਨਾਲ ਬੁਲਾਉਂਦੇ ਸੀ, "ਹਾਂ ਉਏ ਮਰਾਸੀਆ ਕੀ ਹੋਇਆ ? ਐਥੇ ਬੀਹੀ 'ਚ ਕੀ ਕਰਦੇ ਓ ?" ਕਹਿ ਕੇ ਉਹ ਬੀਬੀ ਵੱਲ ਦੇਖਣ ਲੱਗ ਪਏ।

"ਕਰਨਾ ਏਹਨੇ ਮੇਰਾ ਸਿਰ, ਔਹ ਦੇਖ ਜੀ, ਉੱਤੋਂ ਗਿਰਿਆ ਰੋਸ਼ਨਦਾਨ 'ਚੋਂ। ਮਖਿਆਂ ਕਿਤੇ ਕਰੰਟ ਲੱਗ ਗਿਆ। ਮੈਨੂੰ ਤਾਂ ਇੱਕ ਕੂਕ ਜਿਹੀ ਸੁਣੀ। ਨਾ ਏਹ ਤੇਰਾ ਢੀਠ ਜਿਹਾ ਰੋਵੇ। ਮੈਂ ਤਾਂ ਡਰ ਗਈ। ਏਨੂੰ ਭੋਰਾ-ਭਰ ਨੂੰ ਕੁੱਟ ਵੀ ਬੰਦਾ ਕਿੰਨਾਂ ਕੁ ਸਕਦੈ!" ਬੀਬੀ ਜਿਵੇਂ ਲਾਚਾਰ ਹੋਵੇ ਆਪਦੀ ਮਮਤਾ ਸਾਹਮਣੇ, ਆਏਂ ਬੋਲ ਰਹੀ ਸੀ।

ਬਾਪੂ ਜੀ ਮੇਰੇ ਵੱਲ ਨੂੰ ਹੋ ਕੇ ਬੋਲੇ, "ਕੀ ਹੋਇਆ ਉਏ ਸੈਂਸੀਆ ਸੱਟ ਤਾਂ ਨ੍ਹੀਂ ਲੱਗੀ ?" ਆਪਾਂ ਚੁੱਪ।

ਬਾਪੂ ਜੀ ਨੇ ਇਹ ਨਾਮ ਮਰਾਰੜ੍ਹ ਪਿੰਡ ਦੇ ਸੈਂਸੀ ਭਾਈਚਾਰੇ ਦੇ ਮੁੰਡਿਆਂ ਨੂੰ ਦੇਖ-ਦੇਖ ਰੱਖਿਆ ਸੀ। ਜਿਹੜੇ ਸਾਹੇ (ਖਰਗੋਸ਼) ਮਾਰਨ ਸਾਡੇ ਖੂਹ ਵੱਲ ਆਉਂਦੇ ਸੀ, ਸ਼ਿਕਾਰੀ ਕੁੱਤਿਆਂ ਨਾਲ਼। ਮਖਿਆਂ, "ਜਸਵਿੰਦਰ ਭੈਣ ਨੇ ਗੇਰਿਐ ਬਾਪੂ ਮੈਨੂੰ।" ਜਿਹੜੀ ਕੁੜੀ ਨੂੰ ਕੁਛ ਪਲ ਪਹਿਲਾਂ ਮੈਂ ਜਾਤੀਸੂਚਕ ਸ਼ਬਦਾਂ ਨਾਲ ਸੰਬੋਧਨ ਕਰਦਾ ਸੀ, ਉਹ ਬੀਬੀ ਦੇ ਥੱਪੜਾਂ ਨੇ ਜਸਵਿੰਦਰ ਭੈਣ ਬਣਾਤੀ ਸੀ ਜਾਂ ਕਹਿ ਲਵੋ ਚਪੇੜਾਂ ਮੂਹਰੇ ਭੂਤ, ਸਲੀਕਾ ਸਿੱਖ ਗਿਆ ਸੀ।

ਮੈਨੂੰ ਥੋੜ੍ਹਾ ਹੌਂਸਲਾ ਹੋ ਗਿਆ ਸੀ ਜਦੋਂ ਬਾਪੂ ਜੀ ਆਏ, ਉਹੀ ਬਚਾਉਂਦੇ ਸੀ ਬੀਬੀ ਕੋਲੋਂ। ਪਰ ਜਦੋਂ ਬੀਬੀ ਨੇ ਦੱਸਿਆ ਕਿ ਇਹ ਕੁੜੀ ਨੂੰ ਗ਼ਲਤ ਬੋਲਿਐ ਤਾਂ ਬਾਪੂ ਜੀ ਨੇ ਵੀ ਕਰ ਲਿਆ ਹੱਥ ਸਿੱਧਾ।

ਮੈਂ ਸਾਰੀ ਉਮਰ ਔਰਤਾਂ ਦੀ ਕਦਰ ਕੀਤੀ ਹੈ। ਇੱਕ ਮੂਰਖਤਾ ਨੂੰ ਛੱਡ ਕੇ। ਜਿਹੜੀ ਮੈਂ, ਗੋਲੂ ਭੱਦਲਥੂਹਾ ਅਤੇ ਮਿੱਠੇ ਸਹੌਲੀ ਵਰਗਿਆਂ ਨਾਲ਼ ਬਦਮਾਸ਼ੀ ਆਲ਼ੀ ਫੀਲਿੰਗ ਚੱਕਦਿਆਂ ਨੇ ਕੀਤੀ ਸੀ। ਮੂਰਖਤਾ ਨ੍ਹੀਂ ਕਹਿ ਸਕਦੇ ਉਹ ਸ਼ਾਇਦ ਇੱਕ ਪਾਪ ਸੀ, ਜੋ ਮੈਨੂੰ ਹੁਣ ਤੱਕ ਤੰਗ ਕਰ ਰਿਹਾ ਹੈ। ਕਦੇ-ਕਦੇ ਤਾਂ ਬਹੁਤ ਕਾਣਤ ਆਉਂਦੀ ਐ ਆਪਣੇ-ਆਪ ਤੋਂ । ਖ਼ੈਰ! ਇਹ ਵਾਰਤਾ ਅੱਗੇ ਜਾ ਕੇ ਕਰਾਂਗੇ।

ਓਦਣ ਬੀਹੀ 'ਚੋਂ ਅੰਦਰ ਲਿਜਾ ਕੇ ਬੀਬੀ ਨੇ ਹਲ਼ਦੀ ਆਲ਼ਾ ਦੁੱਧ ਪਿਲਾਤਾ। ਮੇਰੇ ਸਿਰ 'ਚ ਵੱਟੇ ਜਿੱਡਾ ਗੁੰਮਾ ਜਿਹਾ ਹੋ ਗਿਆ ਸੀ। ਗੁੱਸੇ 'ਚ ਇੱਕ ਵੱਟਾ ਚੱਕ ਕੇ ਲੱਭਦਾ ਫਿਰਾਂ, "ਜਿੱਥੇ ਜਸਵਿੰਦਰ ਟੱਕਰਗੀ, ਸਿਰ 'ਚ ਮਾਰ ਕੇ ਬਦਲਾ ਲਊਂ।"

****

ਉਸ ਦਿਨ ਦੋ ਅਹਿਮ ਘਟਨਾਵਾਂ ਘਟੀਆਂ। ਇੱਕ ਤਾਂ ਗਾਲ੍ਹ ਕੱਢਣ ਤੋਂ ਮਿਲੀ ਸਿੱਖਿਆ ਸੀ ਕਿ ਛੋਟੀ ਜਾਤ ਬਾਰੇ ਬੋਲਣਾ ਈ ਗ਼ਲਤ ਨ੍ਹੀਂ ਹੁੰਦਾ, ਕਿਸੇ ਨੂੰ ਛੋਟਾ ਸਮਝਣਾ ਵੀ ਪਾਪ ਹੈ। ਦੂਜੀ ਸੀ ਸਾਡੇ ਗਵਾਂਢ 'ਚ ਰਹਿੰਦੇ ਉਮਰੇ ਸਿੱਖ ਦੀ ਆਖਰੀ ਵਿਦਾਈ ਜਾਂ ਕਹਿਲੋ ਮੌਤ ਤੋਂ ਬਾਅਦ ਘਰ ਵਾਪਸੀ। ਕਿਉਂਕਿ ਓਵੇਂ ਨਹੀਂ ਸੀ ਹੋਣਾ ਚਾਹੀਦਾ ਜਿਵੇਂ ਓਦਣ ਹੋਇਆ। ਬਹੁਤ ਗ਼ਲਤ ਸੀ ਉਹ ਦ੍ਰਿਸ਼ ...। ਸ਼ਾਇਦ ਅਨਪੜ੍ਹਤਾ ਕਰਕੇ।

ਪਿੰਡ ਦੇ ਸਿਆਣੇ ਲੋਕ ਖੜ੍ਹੇ ਦੇਖਦੇ ਰਹੇ ਜਿਵੇਂ ਕੁਛ ਹੋਇਆ ਈ ਨਾ ਹੋਵੇ। ਜਿਵੇਂ ਮਰਨ ਵਾਲ਼ਾ ਸਾਡੇ ਪਿੰਡ ਦਾ ਨਾ ਹੋ ਕੇ ਹੋਰ ਦੇਸ਼ ਦਾ ਹੋਵੇ । ਜਮਾਂ ਬੇਗਾਨਾ ਕਰਤਾ ਸੀ । ਓਦਣ ਬੀਹੀ 'ਚ ਟੋਟਣ ਭਨਾ ਕੇ ਮੈਂ ਜਸਵਿੰਦਰ ਨੂੰ ਲੱਭਦਾ ਉਮਰੇ ਤਾਏ ਦੇ ਘਰੇ ਜਾ ਵੜਿਆ।

"ਲੋਟ ਜਿਹਾ ਕਰੋ ਇਹਨੂੰ, ਬਣਾਈਏ ਉਮਰਾਉਦੀਨ ਖਿਲਜੀ, ਵੱਡੇ ਖਾਲਸੇ ਨੂੰ ।" ਦੀਨਾ ਬੋਲ ਰਿਹਾ ਸੀ। ਖਿਲਜੀ, ਉਮਰੇ ਤਾਏ ਕਾ ਗੋਤ ਹੈ ਤੇ ਉਮਰਾਓ ਦੀਨ ਉਸਦਾ ਨਾਮ ਹੈ, ਜੋ ਬਾਅਦ 'ਚ ਸਿੰਘ ਸਜ ਕੇ ਉਸਨੇ ਉਮਰਾ ਸਿੰਘ ਰੱਖ ਲਿਆ ਸੀ। ਪਿੰਡ ਦੇ ਲੋਕ ਉਸਨੂੰ ਉਮਰਾ ਸਿੱਖ ਕਹਿੰਦੇ ਸਨ।

ਦੀਨੇ ਮਰਾਸੀ ਨੇ ਇਹ ਬਹੁਤ ਭੈੜੀ ਟਿੱਚਰ ਕੀਤੀ ਸੀ, ਇੱਕ ਲਾਸ਼ ਨੂੰ। ਉਸਤਰਾ ਤਿੱਖਾ ਕਰਦਾ ਉਹ ਮੀਟ ਵੇਚਣ ਆਲ਼ਾ ਕਸਾਈ ਲੱਗਦਾ ਸੀ। ਫੇਰ ਉਹਨੇ ਮੋਢੇ ਤੋਂ ਪਰਨਾ ਓਟੀਏ 'ਤੇ ਰੱਖਦੇ ਨੇ ਬੰਦਿਆਂ ਵੱਲ ਦੇਖਿਆ। ਜੋ ਮੌਲਵੀ ਸਮੇਤ ਮਰਹੂਮ ਸਰਦਾਰ ਉਮਰ ਸਿੰਘ ਨੂੰ, ਮਤਲਬ ਪਿੰਡ ਦੇ ਸਾਂਝੇ ਉਮਰੇ ਤਾਏ ਦੀ 'ਮਜ਼ਹਬ ਵਾਪਸੀ' ਕਰਾ ਰਹੇ ਸੀ । ਕੇਸ ਮੁੰਨ ਕੇ ਸਿੰਘ ਨੂੰ ਵਾਪਸ ਖ਼ਾਨ ਬਣਾ ਰਹੇ ਸੀ। ਉਹਨਾਂ ਦੇ ਮੂੰਹਾਂ 'ਤੇ ਕਿਸੇ ਜਿੱਤ ਦਾ ਜਲੌਅ ਸੀ। ਸਾਰੇ ਖੁਸ਼ ਸਨ।

ਵੱਡਾ ਹੋ ਕੇ ਮੈਨੂੰ ਇਹ ਰੂਹਾਨੀ ਧੱਕਾ ਲੱਗਦਾ ਰਿਹਾ ਤੇ ਬਹੁਤ ਬੁਰਾ ਵੀ। ਕਿਉਂਕਿ ਤਾਇਆ ਤਾਂ ਕੇਸਾਂ ਨੂੰ ਗੁਰੂ ਦੀ ਮੋਹਰ ਮੰਨਦਾ ਸੀ।

ਚੰਗੀ ਤਰਾਂ ਯਾਦ ਹੈ, ਮੈਂ ਇੱਕ ਵਾਰੀ ਬਾਪੂ ਨੂੰ ਕੇਸ ਕਟਾਉਣ ਲਈ ਕਿਹਾ। ਬਾਪੂ ਜੀ ਤਾਂ ਕੁਛ ਨਾ ਬੋਲੇ ਪਰ ਬੁੱਲ੍ਹੇ ਦੀ ਅੱਗ ਲੈਣ ਆਇਆ ਉਮਰਾ ਤਾਇਆ ਮੈਨੂੰ ਭੱਜ ਕੇ ਪੈ ਗਿਆ, "ਹੈ ਕੰਜਰ, ਬਣਾਵਾਂ ਇਹਨੂੰ ਬਾਬੂ।" ਮੇਰੇ ਮੂੰਹ 'ਚੋਂ ਨਿੱਕਲ਼ ਗਿਆ ਸੀ, "ਫੇਰ ਕੀ ਹੁੰਦੈ, ਤਾਏ ਫੇਰ ਆ ਜਾਣਗੇ।" ਕਰੀਂ ਓ ਸ਼ੇਰ ਇਹਨੂੰ ਲੋਟ ਜਿਹਾ... ਕਰਾਂ ਇਹਨੂੰ ਸੂਤ।" ਉਦੋਂ ਤਾਂ ਗੁੱਸਾ ਆਇਆ ਤਾਏ 'ਤੇ ਪਰ ਬਾਅਦ 'ਚ ਸਮਝ ਆਈ ਕਿ ਤਾਇਆ ਸਹੀ ਸੀ। ਕੇਸ, ਪੱਗ ਸਿਰਫ਼ ਧਾਰਮਿਕ ਈ ਨਹੀਂ ਸਭਿਆਚਾਰਕ ਨਿਸ਼ਾਨੀ ਵੀ ਹਨ।

ਫੇਰ ਉਹਨੇ ਬਾਪੂ ਨੂੰ ਵੀ ਕਿਹਾ, ਪੂਰੇ ਗੁੱਸੇ 'ਚ, "... ਸ਼ੇਰ ਹੱਸ ਕੇ ਨ੍ਹੀਂ ਸਰਨਾ, ਇਹਨੂੰ ਸਮਝਾ। ਕੇਸ ਕੋਈ ਵਾਲਾਂ ਦਾ ਗੁੱਛਾ ਨ੍ਹੀਂ, ਬਈ ਕੱਟ ਕੇ ਨਾਲ਼ੀ 'ਚ ਗੇਰਦੇ। ਕੇਸ ਤਾਂ ਦਸ਼ਮੇਸ ਦੀ ਮੋਹਰ ਨੇ ਮੋਹਰ।" ਉਹਨੇ ਨਹੋਰਾ ਵੀ ਮਾਰਿਆ ਸੀ ਜਿਹੜਾ ਸਾਡੇ ਟੱਬਰ ਨੂੰ ਪਿੰਡ ਦੇ ਹੋਰ ਲੋਕ ਵੀ ਮਾਰਦੇ ਨੇ, "ਪਰ ਤੁਹੀਂ ਤਾਂ ਨੌਂ ਦੇ ਈ ਜੱਟ ਓ...ਗੁਰੂ ਘਰ ਤਾਂ ਤੁਹੀਂ ਕਦੀ ਵੜ ਕੇ ਨ੍ਹੀਂ ਦੇਖਿਆ।" ਸੱਚੀ ਗੱਲ ਸੀ ਤਾਏ ਦੀ, ਸਾਡਾ ਟੱਬਰ ਨਾ ਧਾਰਮਿਕ ਹੈ ਨਾ ਈ ਕਾਮਰੇਡ।

ਓਦਣ ਦੀਨਾ, ਗੁਰੂ ਦੀਆਂ ਮੋਹਰਾਂ ਪੈਰਾਂ 'ਚ ਰੋਲ਼ੀ ਜਾ ਰਿਹਾ ਸੀ। ਮੈਨੂੰ ਲੱਗਿਆ ਉਹਨੇ ਉਮਰੇ ਸਿੱਖ ਦੇ ਕੇਸ ਮੁੰਨ ਕੇ ਕੁਛ ਗ਼ਲਤ ਕੀਤਾ ਹੈ। ਦੂਜੇ ਪਾਸੇ ਦਾ ਦ੍ਰਿਸ਼ ਇਸਤੋਂ ਵੀ ਭੈੜਾ ਸੀ।

ਉਮਰਾਓਦੀਨ ਤਾਏ ਦੀਆਂ ਭਾਬੀਆਂ ਨੇ ਤੇ ਭਾਈਆਂ ਦੀਆਂ ਨੂੰਹਾਂ ਨੇ, ਕਦੇ ਉਹਦੇ ਕੱਪੜੇ ਨ੍ਹੀਂ ਸੀ ਧੋਤੇ, ਦੁਆ ਸਲਾਮ ਨ੍ਹੀਂ ਸੀ ਕੀਤੀ। ਓਦਣ ਕੱਪੜਿਆਂ ਦੀਆਂ ਗੱਠੜੀਆਂ ਫਰੋਲ਼ ਰਹੀਆਂ ਸਨ। ਲਾਲਸਾ ਐਵੇਂ ਦੀ ਕਿ ਜਿਵੇਂ ਉਹ ਉਡੀਕ ਰਹੀਆਂ ਹੋਣ ਕਿ ਬੁੜ੍ਹਾ ਕਦੋਂ ਮਰੂ...। ਤੇਜੀ ਐਨੀ ਸ਼ਾਇਦ ਕੋਈ ਟੂਮ-ਟੱਲਾ ਈ ਹੱਥ ਲੱਗਜੇ। ਤੋਤੇ ਦੀ ਬੀਬੀ ਵਰਗੀਆਂ ਤਾਂ ਬੁੜ-ਬੁੜ ਵੀ ਕਰ ਰਹੀਆਂ ਸਨ, "ਸ਼ਰਮ ਨ੍ਹੀਂ ਆਉਂਦੀ ...ਕੰਜਰੀਆਂ ਨੂੰ ....।" ਮੈਂ ਗੁੱਸੇ 'ਚ ਵੱਟੇ ਨੂੰ ਘੁੱਟੀ ਜਾਵਾਂ, ਜਿਹੜਾ ਜਸਵਿੰਦਰ ਦੇ ਮਾਰਨ ਨੂੰ ਚੱਕਿਆ ਹੋਇਆ ਸੀ।

ਪਰ ਟੂਮ ਕਿਹੜੀ ਲੱਭਣੀ ਸੀ । ਉਸ ਫੱਕਰ ਫਕੀਰ ਕੋਲ਼ ਤਾਂ ਬਸ ਪੁਰਾਣੀਆਂ ਤਖਲੀਫ ਦਾਇਕ ਯਾਦਾਂ ਸਨ। ਪੁਰਾਣੇ ਸਮਾਨ ਤੋਂ ਬਿਨਾਂ ਕੁਛ ਵੀ ਨ੍ਹੀਂ ਸੀ ਜੋ ਕਿਸੇ ਦੇ ਕੰਮ ਆਉਂਦਾ।

ਤਾਇਆ ਤਾਂ ਬੇਚਾਰਾ ਨਰਕੀ-ਕਹਿਰ ਤੋਂ ਵੀ ਕਹਿਰੀ ਵੰਡ ਦਾ ਝੰਬਿਆ ਹੋਇਆ ਸੀ। ਉਹ ਤਾਂ ਇੱਕ ਰਾਤ 'ਚ ਈ ਆਪਣਾ ਸਾਰਾ ਧਨ-ਪਰਵਾਰ ਗਵਾ ਚੁੱਕਿਆ ਸੀ। ਹਿੰਦੂ-ਸਿੱਖ ਦੰਗਾਕਾਰੀਆਂ ਤੋਂ ਜਾਨ ਬਚਾਉਣ ਲਈ ਭੱਜਿਆ ਫਿਰਦਾ ਸੀ ਉਸ ਮੀਂਹ ਹਨੇਰੀ ਆਲ਼ੀ ਰਾਤ। ਫੇਰ ਧਰਮ ਬਦਲ ਕੇ ਸਿੰਘ ਸਜ ਗਿਆ ਸੀ। ਉਸੇ ਰਾਤ ਤੋਂ ਹੀ ਸਾਡੇ ਪਿੰਡ ਰਹਿਣ ਲੱਗ ਪਿਆ ਸੀ। ਇੱਕ ਪੱਕਾ ਸਿੱਖ ਬਣ ਕੇ। ਸਾਰਾ ਟੱਬਰ ਸੰਤਾਲ਼ੀ ਦੀ ਭੇਂਟ ਚੜ੍ਹ ਗਿਆ। ਇੱਕ ਛੋਟਾ ਮੁੰਡਾ ਬਚਿਆ ਤੇ ਕਿਵੇਂ ਨਾ ਕਿਵੇਂ ਪਾਕਸਤਾਨ ਜਾ ਵੜਿਆ।

ਉਹ ਸਰਹੰਦੀ ਇੱਟ ਦੇ ਬਣੇ ਢਹੇ ਜਿਹੇ ਮਕਾਨ 'ਚ ਹੀ ਰਹਿੰਦਾ ਰਿਹਾ। ਜਦੋਂ ਕਿ ਭਰਾ ਨੂਰ ਦੀਨ ਦਾ ਪਰਵਾਰ ਰੰਗੀਂ ਵੱਸਦਾ ਰਿਹੈ ਦੋ ਗਲ਼ੀਆ ਛੱਡ ਕੇ। ਪਰ ਉਸ ਨੂੰ ਗੁੱਸਾ ਸੀ ਕਿ ਭਰਾ ਨੇ ਪਰਵਾਰ ਨੂੰ ਬਚਾਉਣ 'ਚ ਮੱਦਦ ਨਹੀਂ ਕੀਤੀ। ਸਗੋਂ ਮੌਤ ਦੇ ਮੂੰਹ 'ਚ ਛੱਡ ਭੱਜ ਆਇਆ ਸੀ ਪਿੱਠ ਦਿਖਾ ਕੇ। ਉਸਦੇ ਸ਼ਰੀਕ ਤਾਂ ਕਰਕੇ ਗੁੱਸੇ ਰਹੇ ਕਿ ਉਮਰਾਓਦੀਨ ਨੇ ਧਰਮ ਨਾਲ਼ੋਂ ਜਾਨ ਪਿਆਰੀ ਸਮਝੀ। ਇਸਲਾਮ ਨੂੰ ਦਾਗ ਲਵਾਤਾ ਸਿੰਘ ਸਜਾ ਕੇ। ਉਹ ਇਹ ਗੱਲ ਭੁੱਲਗੇ' ਸੀ ਕਿ ਓਦੋਂ ਰੱਬ ਨਾਲ਼ੋਂ ਘਸੁੰਨ ਨੇੜੇ ਸੀ।

ਕਈ ਵਾਰ ਪੁੱਛਣ 'ਤੇ ਉਹ ਦੱਸਦਾ-ਦੱਸਦਾ ਗੁੰਮ ਜਿਹਾ ਹੋ ਜਾਂਦਾ। ਦਰਅਸਲ ਉਹਨੂੰ ਵੱਡੇ ਪੁੱਤਰ ਦੇ ਢਿੱਡ ਦੀਆਂ ਆਂਦਰਾਂ, ਬਿਨਾਂ ਨਾਗਾ ਦਿਸਦੀਆਂ ਸੀ। ਜੋ ਸੋਹਣ ਖੱਤਰੀ ਨੇ ਜੈ ਸ਼੍ਰੀ ਰਾਮ ਕਹਿ ਕੇ ਕੱਢਤੀਆਂ ਸੀ, ਢਿੱਡ 'ਚ ਬਰਛਾ ਮਾਰਕੇ। ਤਾਇਆ ਦੱਸਦਾ ਹੁੰਦਾ ਸੀ ਬਈ ਉਸ ਬੁੱਚੜ ਸੋਹਣ ਨੇ ਬਰਛਾ ਦੋਵੇਂ ਪਾਸੇ ਨੂੰ ਘੁਮਾ ਕੇ, ਫੇਰ ਖਿੱਚ ਕੇ ਬਾਹਰ ਕੱਢਿਆ ਸੀ। ਤਾਇਆ ਫੇਰ ਚੁੱਪ ਹੋ ਜਾਂਦਾ ਗੱਲ ਦੱਸਦਾ-ਦੱਸਦਾ, ਜਿਵੇਂ ਕੁਛ ਦਿਸਣ ਲੱਗ ਪੈਂਦਾ ਹੋਵੇ।

ਓਦਣ ਮੈਨੂੰ ਦੀਨੇ ਮਰਾਸੀ ਦੀ ਟਿੱਚਰ, ਸੂਲ ਵਾਂਗੂ ਚੁਭੀ ਸੀ ਕਿ 'ਲੋਟ ਜਿਹਾ ਕਰੋ....' ਇਹ ਉਮਰੇ ਤਾਏ ਦਾ ਤੱਕੀਆਂ ਕਲਾਮ ਸੀ। ਉਹ ਆਮ ਹੀ ਕਿਹਾ ਕਰਦਾ ਸੀ "ਕਰੀਂ ਇਹਨੂੰ ਲੋਟ ਜਿਹਾ,ਹੋਈਂ ਕੇਰਾਂ ਲੋਟ ਜਿਹਾ।"

ਮੈਂ ਥੋੜ੍ਹਾ ਜਿਆਦਾ ਛੋਟਾ ਸੀ, ਕੁਛ ਓਦਣ ਮਹੌਲ ਹੋਰ ਤਰਾਂ ਦਾ ਸੀ। ਨਹੀਂ ਇੱਕ ਵਾਰੀ ਤਾਂ ਜੀਅ ਕਰਿਆ ਸਾਲ਼ੇ ਦੀਨੇ ਦੇ, ਸਿਰ 'ਚੋਂ ਤਤੀਰੀ ਚਲਾ ਦਿਆਂ ਵੱਟਾ ਮਾਰ ਕੇ। ਬਹੁਤ ਭੈੜਾ ਲੱਗਿਆ ਸੀ ਦੀਨਾ ਮਰਾਸੀ ਵੀ ਤੇ ਸਾਰੇ ਤਮਾਸ਼ਬੀਨ ਵੀ।



ਘੜੰਮ ਚੌਧਰੀ

ਉਸ ਦਿਨ ਜਾਤੀਵਾਲ ਆਲ਼ੇ ਮਾਸਟਰ ਜੀ ਨੇ ਬੱਸ 'ਚ ਆਉਂਣਾ ਸੀ। ਬੱਸ ਸਾਡੇ ਪਿੰਡ ਤਾਂ ਕਦੇ ਬਰਾਤ ਨੂੰ ਲੈ ਕੇ ਈ ਆਈ ਹੋਊ। ਸਵਾਰੀਆਂ ਢੋਣ ਆਲ਼ਾ ਤਾਂ ਕਦੇ ਸੁੱਖ ਨਾਲ ਭੂੰਡ ਵੀ ਨ੍ਹੀਂ ਵੜਿਆ। ਮਾਸਟਰ ਜੀ ਨੇ ਨੂਰਪੁਰੇ ਅੱਡੇ 'ਤੇ ਉੱਤਰਨਾ ਸੀ। ਓਥੋਂ ਜਾਂ ਤਾਂ ਉਹ ਤੁਰ ਕੇ ਆਉਂਦੇ ਜਾਂ ਫਿਰ ਮਾਸਟਰ ਸ਼ਰਮਾ ਜੀ ਆਪਣੀ ਨਵੀਂ ਸਕੂਟੀ 'ਤੇ ਲੈ ਕੇ ਆਉਂਦੇ। ਉਹ ਵੀ ਵਿਚਾਰੇ ਤਾਂ ਲੈ ਕੇ ਆਉਂਦੇ ਜੇ ਚੱਜ ਨਾਲ਼ ਉਹ 'ਫਾਹਾ ਚਲਾਉਣੀ' ਆਉਂਦੀ। ਪਿਛਲੀ ਵਰੇਸੇ ਸਿੱਖੀ ਡਰਾਇਵਰੀ ਫਾਹਾ ਹੀ ਹੁੰਦੀ ਐ, ਬਜ਼ੁਰਗ ਬੰਦੇ ਲਈ।

ਅਸੀਂ ਫੱਟੀਆਂ ਨੂੰ ਗਾਚਣੀ ਲਾ ਕੇ ਕੰਧ ਨਾਲ ਖੜ੍ਹੀਆਂ ਕਰ ਰਹੇ ਸੀ। ਮਾਸਟਰ ਜੀ ਬੋਲੇ, "ਉਏ ਸ਼ੇਰ ਵਾਲਿਆ, ਜਾ ਦੇਖ ਥੋਡਾ ਜੋਰਾ ਘਰੇ ਹੀ ਐ। ਮਾਸਟਰ ਜੀ ਨੂੰ ਬਿਠਾ ਕੇ ਲਿਆਉਣਾ ਨੂਰਪੁਰੇ ਤੋਂ... ਜਾਂ ਫਿਰ ਹੋਰ ਦੇਖੀਂ ਜੀਹਨੂੰ ਚਲਾਉਣੀ ਆਉਂਦੀ ਐ।"

ਹੈਪੀ, ਨ੍ਹਾਸਾਂ 'ਚੋਂ ਸਾਹ ਜਿਹਾ ਖਿੱਚ ਕੇ ਬੋਲਣ ਈ ਲੱਗਿਆ ਸੀ ਕਿ ਮੈਂ ਆਪਣੀ ਆਦਤ ਅਨੁਸਾਰ ਹਰੇਕ ਕੰਮ 'ਚ 'ਮੈਂ ਕਰੂੰਗਾ ਜੀ, ਮੈਨੂੰ ਆਉਂਦੈਂ, ਮੈਂ ਕਰ ਸਕਦੈਂ ਆਲ਼ੀ ਫੀਲਿੰਗ 'ਚ ਹੋ ਗਿਆ ਖੜ੍ਹਾ, "ਮੈਨੂੰ ਆਉਂਦੀ ਐ ਜੀ ਚਲਾਉਣੀ, ਮੈਂ ਬਿਠਾ ਲਿਆਉਨੈ, ਮੇਰੇ ਮਾਮੇ ਕੋਲ਼ ਏਦੇ ਨਾਲ ਦੀ ਹੈਗੀ।" ਮਾਸਟਰ ਜੀ ਦੀ ਆਗਿਆ ਆਲ਼ੀ ਹਾਂ ਤਾਂ ਉਡੀਕੀ ਈ ਨ੍ਹੀਂ। ਹੋ ਸਕਦੈ ਉਹ ਨਾ ਹੀ ਕਹਿਣਾ ਚਾਹੁੰਦੇ ਹੋਣ। ਪਰ ਮੇਰੇ ਕਹਿਣ ਦੇ ਤਰੀਕੇ ਅਤੇ ਅੰਤਾਂ ਦੇ ਵਿਸ਼ਵਾਸ਼ ਨੇ ਨਾਂਹ ਬੋਲਣ ਨਾ ਦਿੱਤੀ। ਉਹ ਕੁਛ ਕਹਿੰਦੇ-ਕਹਿੰਦੇ ਰੁਕਗੇ ਅਤੇ ਅਸੀਂ ਸਕੂਟੀ ਸਟੈਂਡ ਤੋਂ ਲਾਹ ਲਈ।

ਲਓ ਜੀ, ਸਕੂਟੀ ਚਲਾਉਣ ਵਾਲ਼ਾ ਬੰਦਾ ਸਕੂਲ 'ਚੋਂ ਈ ਮਿਲ ਗਿਆ ਸੀ ਮੇਰੇ ਰੂਪ 'ਚ। ਪਰ ਸੱਚਾਈ ਜਮਾਂ ਉਲਟ ਸੀ। ਚੰਗੀ ਤਰਾਂ ਤਾਂ ਅਜੇ ਸਾਨੂੰ ਸਾਈਕਲ ਵੀ ਨ੍ਹੀਂ ਸੀ ਆਉਂਦਾ। ਉਹਦੇ ਲਈ ਤਾਂ ਕਾਠੀ ਤੋਂ ਕੈਂਚੀ ਹੋ ਕੇ ਕੰਮ ਸਾਰਦੇ। ਮੈਂ ਇਹ ਸੋਚਕੇ ਕਿ ਕਿਤੇ ਹੈਪੀ ਹੋਰੀਂ ਕੰਮ ਈ ਨਾ ਵਿਗਾੜ ਦੇਣ। ਸਕੂਟਰੀ, ਪੈਡਲਾਂ ਨਾਲ ਸਟਾਰਟ ਕਰਨ ਦੀ ਬਿਜਾਏ ਭਜਾ ਕੇ ਈ ਸਟਾਰਟ ਕਰਨ ਦੀ ਕਰੀ।

ਹੋਗੀ ਸਟਾਰਟ... ਪਿੱਛੇ ਈ ਤੋਤਾ (ਚਾਚੇ ਦਾ ਮੁੰਡਾ) ਬੈਠ ਗਿਆ, ਨਿੱਕਰ ਉੱਪਰ ਨੂੰ ਕਰਕੇ। ਮੀਂਹ ਪੈਣ ਤੋਂ ਬਾਅਦ ਸੜਕ 'ਤੇ ਖੜ੍ਹੇ ਪਾਣੀ ਨੂੰ ਅਸੀਂ ਚੀਰਦੇ ਜਾਈਏ, ਟੋਇਆਂ 'ਚੋਂ ਦੀ ਫੁਆਰੇ ਬਣਾਉਂਦੇ। ਭਿੰਦੀ, ਕਾਂਤੀ ਹੋਰੀਂ ਪੰਜ ਛੇ ਜਣੇਂ ਸਾਡੇ ਬਰਾਬਰ ਭੱਜੇ ਜਾਣ। ਕਮਾਲ ਦੀ ਗੱਲ ਸੀ ਜਿਵੇਂ ਹੈਪੀ ਹੋਰੀਂ ਮਿਲਖੇ ਹੋਰਾਂ 'ਚੋਂ ਹੋਣ। ਸਕੂਟਰੀ ਦੀ ਰੇਸ ਆਲ਼ੇ ਮੁੱਠੇ ਨੂੰ ਤਾਂ ਮੈਂ ਤੋੜਨੇ ਆਲ਼ਾ ਕਰ ਛੱਡਿਆ ਸੀ। ਪਰ ਭੱਜਣ ਵਾਲੇ ਜਮਾਂ ਬਰਾਬਰ ਸੀ ਸਾਡੇ।

ਸਾਨੂੰ ਇਹ ਵੀ ਡਰ ਸੀ, ਕਿਤੇ ਮਾਸਟਰ ਜੀ ਨੇ ਉਹ ਸਾਡੇ ਪਿੱਛੇ ਈ ਨਾ ਭੇਜਤੇ ਹੋਣ। ਊਂ ਵੀ ਉਨ੍ਹਾਂ ਨੇ ਕਿਹੜਾ ਚੱਜ ਨਾਲ ਹਾਂ ਕਰੀ ਸੀ, ਬਈ ਲੈਜੋ'।

ਹੁਣ ਵੱਡੀ ਗੱਲ ਇਹ ਸੀ, ਬਈ ਹੈਪੀ ਹੋਰੀਂ ਨਾ ਤਾਂ ਸਕੂਟਰੀ ਤੋਂ ਮੂਹਰੇ ਨਿੱਕਲ਼ ਰਹੇ ਸੀ ਨਾ ਪਿੱਛੋਂ ਫੜ ਰਹੇ ਸਨ। ਜਿਸ ਦੇ ਡਰੋਂ ਅਸੀਂ ਡਰੇ ਹੋਏ ਹੋਰ ਭਜਾ ਰਹੇ ਸੀ। ਪਰ ਉਹ ਤਾਂ ਭੱਜੇ ਹੀ ਆ ਰਹੇ ਸੀ ਜਮਾਂ ਬਰਾਬਰ-ਬਰਾਬਰ....। ਅੱਜ ਤੱਕ ਨ੍ਹੀਂ ਇਹ ਗੱਲ ਪਤਾ ਲੱਗੀ ਕਿ ਉਹ ਕੀ ਸੋਚ ਕੇ ਭੱਜੀਂ ਤੁਰੀ ਆਏ, ਸਾਡੇ ਪਿੱਛੇ-ਪਿੱਛੇ। ਫੇਰ ਗਿੱਲੀ ਸੜਕ ਦੇ ਕਿਨਾਰੇ ਜਿਹੇ ਤੋਂ ਤਿਲਕ ਕੇ ਭਿੰਦੀ ਤਾਂ ਪਿਆ ਮੂੰਹ ਪਰਨੇ। ਬਾਕੀ ਉਹਨੂੰ ਚੱਕਣ ਲਈ ਰੁਕਗੇ'। ਵੈਸੇ ਵੀ ਉਨ੍ਹਾਂ ਦੇ ਸਾਹ-ਸਤ ਜਵਾਬ ਈ ਦੇ ਰਹੇ ਸੀ। ਮੈਂ ਹੌਲ਼ੀ ਕਰਨੀ ਚਾਹੀ ਪਰ ਤੋਤਾ ਕਹਿੰਦਾ, "ਭਜਾ ਲੈ, ਭਜਾ ਲੈ, ਹੈਪੀ ਨ੍ਹੀਂ ਰੁਕਿਆ, ਉਹ ਤਾਂ ਆਉਂਦਾ ਪਿੱਛੇ ਈ ਭੱਜਿਆ...।" ਮੈਂ ਹੋਰ ਖਿੱਚ ਤੀ ਰੇਸ। ਨਾਲ਼ ਈ ਤੋਤਾ ਮੂੰਹ ਨਾਲ਼ ਬੂਰਰ-ਰ-ਰ... ਬੂਰਰ ਕਰੀ ਜਾਵੇ ਨਾਲ਼ੇ ਮੈਨੂੰ ਲੱਕ ਕੋਲ਼ੋਂ ਫੜਕੇ ਮਰੋੜੀ ਜਾਵੇ। ਜਿਵੇਂ ਉਹ ਜੋਰ ਲਾ ਰਿਹਾ ਹੋਵੇ ਰਫ਼ਤਾਰ ਵਧਾਉਣ ਲਈ।

ਹੁਣ ਹੈਪੀ ਵੀ ਰੁਕ ਗਿਆ। ਜਦੋਂ ਮੈਂ ਮਾੜੀ ਜਿਹੀ ਗਰਦਨ ਘੁਮਾ ਕੇ ਦੇਖਿਆ ਤਾਂ ਦੋਵੇਂ ਹੱਥ ਗੋਡਿਆਂ 'ਤੇ ਰੱਖੀਂ, ਮੂੰਹ ਅੱਡੀਂ, ਅੱਖ ਅੱਧੀ ਕੁ ਮੀਚੀਂ ਖੜ੍ਹਾ ਹੌਂਕ ਰਿਹਾ ਸੀ। ਜੌੜੇ ਖੰਭਿਆਂ ਕੋਲ਼ੇ ਟਰੈਕਟਰ-ਟਰਾਲੀ ਆਉਣ ਕਰਕੇ ਅਸੀਂ ਹੌਲੀ ਵੀ ਹੋ ਗਏ। ਟਰੈਕਟਰ ਉੱਤੇ ਮੀਆਂ ਦਾ ਰੱਬੀ ਬੈਠਾ ਹੈਰਾਨ ਹੋਵੇ, ਬਈ ਇਹ ਸਕੂਟਰੀ ਵੀ ਚਲਾ ਲੈਂਦੇ ਨੇ। ਹੈਰਾਨੀ ਉਸਦੇ ਮੂੰਹ ਤੋਂ ਸਾਫ ਦਿਖੀ ਸੀ।

ਜਦੋਂ ਨੂਰਪੁਰੇ ਅੱਡੇ 'ਚ ਪਹੁੰਚ ਕੇ ਬਰੇਕਾਂ ਮਾਰੀਆਂ ਤਾਂ ਇੱਕ ਨਵਾਂ ਟਾਂਟਾ ਖੜ੍ਹਾ ਹੋ ਗਿਆ। ਪਹੁੰਚ ਤਾਂ ਅਸੀਂ ਜਿਵੇਂ-ਤਿਵੇਂ ਗਏ ਪਰ ਸਕੂਟਰੀ ਬੰਦ ਕਰਨੀ ਨਾ ਆਵੇ। ਘੜੀ-ਮੁੜੀ ਬਸ ਰੇਸ ਜਿਹੀ ਦੇਈ ਜਾਈਏ, ਉਹ ਭੱਜੀ ਜਾਵੇ। ਅਸੀਂ ਪੈਰਾਂ ਦੇ ਜੋਰ ਨਾਲ਼ ਰੋਕੀ ਜਾਈਏ ਦੋਵੇਂ ਭਾਈ।

ਉੱਥੇ ਸੜਕ ਦੇ ਦੂਜੇ ਬੰਨੇ ਦੋ ਬਜ਼ੁਰਗ ਬੀਬੀਆਂ ਤੋਂ ਬਿਨਾਂ ਕੋਈ ਨ੍ਹੀਂ ਸੀ ਜੋ ਸਾਡੀ ਮੱਦਦ ਕਰ ਸਕਦਾ। ਉਹ ਬੀਬੀਆਂ ਘੁਸਰ-ਮੁਸਰ ਜਿਹੀ ਕਰੀ ਜਾਣ ਪਰ ਕੋਲ਼ੇ ਆਉਣ ਦੀ ਹਿਮਤ ਨਾ ਕਰਨ। ਉਨ੍ਹਾਂ ਦੇ ਕਰਨ ਦੀ ਤਾਂ ਵੈਸੇ ਇਹ ਮੱਦਦ ਹੈ ਵੀ ਨਹੀਂ ਸੀ।

ਅੱਜ ਤੋਂ ਕੋਈ ਤੀਹ-ਬੱਤੀ ਸਾਲ ਪਹਿਲਾਂ ਆਮ ਸਵਾਰੀ, ਪੈਡਲ ਗੇੜਨ ਆਲ਼ੀ ਈ ਹੁੰਦੀ ਸੀ। ਇੰਜਣ-ਮੋਟਰ ਆਲ਼ੀਆਂ ਸ਼ੈਆਂ ਹਰੇਕ ਦੀ ਪਹੁੰਚ 'ਚ ਨਹੀਂ ਸਨ ਹੁੰਦੀਆਂ। ਔਰਤਾਂ ਦੀ 'ਚ ਤਾਂ ਬਿਲਕੁਲ ਵੀ ਨ੍ਹੀਂ।

ਅਮਲੋਹ ਵੱਲੋਂ ਬਸ ਰੁਕੀ ਤਾਂ ਨਛੱਤਰ ਫੌਜੀ ਨੇ ਉੱਤਰਦਿਆਂ ਹੀ ਹੋਕਾ ਮਾਰਿਆ। ਤੋਤੇ ਨੇ ਤਰਲਾ ਜਿਹਾ ਕਰਦੇ ਨੇ ਕਿਹਾ, "ਚਾਚੇ ਯਾਰ ਦੇਖੀਂ, ਸਾਲ਼ੀ ਬੰਦ ਈ ਨ੍ਹੀਂ ਹੋ ਰਹੀ, ਪਤਾ ਨ੍ਹੀਂ ਖ਼ਰਾਬ ਐ।"

ਉਹਨੇ ਝੱਟ ਦੇਣੀ ਬੰਦ ਕਰਤੀ। ਅਸੀਂ ਆਊਂ-ਕਤਾਊਂ ਝਾਕਦਿਆਂ ਨੇ ਉਹਦਾ ਸ਼ੁਕਰੀਆ ਕੀਤਾ। "ਨਾ ਜੇ ਚਲਾਉਣੀ ਨ੍ਹੀਂ ਆਉਂਦੀ ਤਾਂ ਭੈਣ ... ਚੋ ... ਏਨੂ ਖਿਚੀ ਕਿਉਂ

ਫਿਰਦੇ ਓ ਮਾਂ ਨੂੰ।" ਕਹਿ ਕੇ ਫੌਜੀ ਚਾਚਾ ਮੁਸਕਰਾਇਆ। ਉਹ ਤੋਤੇ ਨੂੰ ਬਾਂਹ ਤੋਂ ਫੜ ਕੇ ਕਹਿੰਦਾ, "ਓਏ, ਮਿੰਦਰ ਆਲ਼ਿਆ ਤੇਰੇ ਪੈਰ ਵੀ ਲੱਗ ਜਾਣਗੇ ਏਤੋਂ।" "ਚਾਚੇ ਮੈਂ ਨੀਂ, 'ਕਾਲ਼ਾ' ਚਲਾ ਕੇ ਲਿਆਇਆ। ਮੈਂ ਤਾਂ ਪਿੱਛੇ ਈ ਬੈਠਾ ਤੀ।" ਤੋਤਾ, ਚਾਚੇ ਤੋਂ ਡਰਕੇ ਥੋੜ੍ਹਾ ਪਿੱਛੇ ਹੋ ਗਿਆ। "ਸਾਲੇ ਬਾਂਦਰ ਜਏ" ਬੋਲ ਕੇ ਉਹ ਤੁਰ ਪਿਆ ਗੁਰਦੁਆਰੇ ਵੱਲ ਨੂੰ। ਐਨੇ ਨੂੰ ਭਾਦਸੋਂ ਆਲ਼ੇ ਪਾਸਿਓਂ ਵੀ ਬੱਸ ਆ ਗਈ।

ਮਾਸਟਰ ਜੀ ਉੱਤਰੇ। ਅਸੀਂ ਉਹ, ਪਿੱਛੇ ਬੈਠਾ ਲਏ। ਸਟਾਰਟ ਕਰਨੀਂ ਸਾਨੂੰ ਚੰਗੀ ਤਰਾਂ ਆਉਂਦੀ ਸੀ। ਹੈਪੀ ਹੋਰਾਂ ਨਾਲ ਰਲ਼ਕੇ ਇਹ ਤਜ਼ਰਬਾ ਕਈ ਵਾਰ ਕਰ ਚੁੱਕੇ ਸੀ। ਸਕੂਲ 'ਚ ਜਦੋਂ ਸ਼ਰਮਾ ਜੀ ਦਾ ਧਿਆਨ ਕਿਸੇ ਹੋਰ ਪਾਸੇ ਹੁੰਦਾ ਤਾਂ ਅਸੀਂ ਮੱਲਕ ਦੇਣੇਂ ਪਲੱਗ ਕੱਢ ਕੇ, ਐਨ ਉੱਪਰ ਈ ਟਿਕਾ ਦਿੰਦੇ। ਛੁੱਟੀ ਵੇਲ਼ੇ ਜਦੋਂ ਉਹ ਸਟਾਰਟ ਨਾ ਹੋਣੀ ਤਾਂ ਅਸੀਂ ਕਹਿਣਾ, "ਬੈਟਰੀ ਡਾਊਨ ਹੋਗੀ ਜੀ। ਲਿਆਓ ਧੱਕਾ ਲਾ ਕੇ ਸਟਾਰਟ ਕਰ ਲਿਆਉਨੇ ਆਂ।" ਫੇਰ ਉਨ੍ਹਾਂ ਦੇ ਸਾਹਮਣੇ ਉਈਂ-ਮਿੱਚੀ ਦੋ ਜਣਿਆਂ ਨੇ ਧੱਕਾ ਮਾਰਨਾ। ਓਧਰ ਜਾ ਕੇ ਪਲੱਗ ਪਾ ਕੇ ਸਟਾਰਟ ਕਰਨੀ ਤੇ ਕਈ ਗੇੜੇ ਓਧਰ ਈ ਦੇਈ ਜਾਣੇ। ਪਹਿਲਾਂ ਬੰਦ ਕਰਨੀਂ ਨ੍ਹੀਂ ਸੀ ਆਉਂਦੀਂ। ਓਦਣ ਫੌਜੀ ਚਾਚੇ ਕੋਲ਼ੋਂ ਬੰਦ ਕਰਨੀ ਵੀ ਸਿੱਖ ਲਈ ਸੀ।

ਮੈਂ ਚਲਾਉਣ ਲੱਗ ਪਿਆ। ਤੋਤਾ ਵਿਚਾਲ਼ੇ ਅਤੇ ਮਾਸਟਰ ਜੀ ਪਿੱਛੇ ਬੈਠ ਗਏ। ਅਸੀਂ ਚਾਅ-ਚਾਅ 'ਚ ਮਾਸਟਰ ਜੀ ਨੂੰ ਸਤਿ ਸ੍ਰੀ ਅਕਾਲ ਵੀ ਨ੍ਹੀਂ ਸੀ ਬੁਲਾਈ। ਸਕੂਟਰੀ ਝੋਲ ਜਿਹੇ ਖਾਂਦੀ ਸਿੱਧੀ ਹੋਣ ਈ ਲੱਗੀ ਸੀ ਕਿ ਨਛੱਤਰ ਫੌਜੀ ਨੇ ਪਾ ਤਾ ਪੁਆੜਾ। ਉਹ ਜ਼ਿਆਦਾ ਦੂਰ ਨ੍ਹੀਂ ਸੀ ਗਿਆ। "ਮਾਸਟਰ ਜੀ ਏਨਾ ਬਾਂਦਰਾਂ ਪਿੱਛੇ ਬੈਠ ਗਿਓਂ, ਊਈਂ ਨਾ ਸੱਟ ਫੇਟ ਖਾ ਲਿਓ। ਚਲਾਉਣੀ ਤਾਂ ਦੂਰ ਦੀ ਗੱਲ, ਏਨ੍ਹਾਂ ਸਾਲ਼ੇ ਟੀਟਣਿਆਂ ਨੂੰ ਤਾਂ ਬੰਦ ਕਰਨੀ ਵੀ ਨ੍ਹੀਂ ਆਉਂਦੀ।"

"ਹੈਂ ਓਏ!" ਕਹਿੰਦੇ ਹੋਏ ਮਾਸਟਰ ਜੀ ਸਕੂਟਰੀ ਤੋਂ ਆਏਂ ਉੱਤਰੇ, ਜਿਵੇਂ ਤੇਲ ਆਲ਼ੀ ਟੈਂਕੀ 'ਚ ਬੰਬ ਰੱਖਿਆ ਹੋਵੇ। ਇੱਕ ਮਾਰਿਆ ਮੇਰੇ ਧਮੁੱਕ, ਢੂਖਣੇ 'ਚ। ਤੋਤਾ ਤਾਂ ਤਿੰਨ-ਚਾਰ ਮੀਟਰ ਪਰੇ ਜਾ ਖੜ੍ਹਿਆ ਸੀ। "ਸ਼ਰਮਾ ਜੀ ਦਾ ਵੀ ਬਸ ਸਰਿਆ ਈ ਪਿਐ, ਜਦੋਂ ਸਾਨੂੰ ਸੱਠਾਂ ਸਾਲਾਂ ਦਿਆਂ ਨੂੰ ਨ੍ਹੀਂ ਇਹ ਚਲਾਉਣੀ ਆਉਂਦੀ ਤਾਂ ਫਿਰ ਇਹ ਅੱਠਾਂ ਦਸਾਂ ਦੇ ਭੋਰਾ ਭਰ ਜਵਾਕ ਭਲਾਂ ਕਿਵੇਂ...!" ਮਾਸਟਰ ਜੀ ਨੇ ਫੌਜੀ ਚਾਚੇ ਵੱਲ ਮੂੰਹ ਕਰਦੇ ਹੋਏ ਕਿਹਾ। ਫੌਜੀ ਚਾਚਾ ਮਾਸਟਰ ਜੀ ਨੂੰ ਡਰਾਉਂਦਾ ਹੋਇਆ "ਤੁਸੀਂ ਵੀ ਤਾਂ ਊਈਂ ਬੈਹਗੇ', ਇਹ ਤਾਂ ਸਾਲ਼ੇ ਬਾਂਦਰ ਨੇ, ਹੋਰ ਕੀ....!" ਹੱਸਦਾ ਹੋਇਆ, ਗੁਰੂ ਘਰ ਵੱਲ ਹੋ ਤੁਰਿਆ ਤੇ ਅਸੀਂ ਤਿੰਨੋਂ ਜਣੇਂ ਪਿੰਡ ਨੂੰ।

ਮਾਸਟਰ ਜੀ ਨੇ ਹੈਂਡਲ ਤੋਂ ਫੜੀ ਹੋਈ... ਮੈਂ ਅਤੇ ਤੋਤੇ ਨੇ ਪਿੱਛੋਂ ਢੂਹੀਂ ਲਾਉਣ ਆਲ਼ੇ ਡੰਡੇ ਤੋਂ...। ਬੋਲ ਸਾਡੇ ਤਿੰਨਾਂ ਵਿਚੋਂ ਕੋਈ ਨ੍ਹੀਂ ਸੀ ਰਿਹਾ। ਗਰਮੋ-ਗਰਮੀ ਹੋਏ ਅਸੀਂ ਜਦੋਂ ਗਹਾਂ ਜੌੜੇ-ਖੰਭਿਆਂ ਕੋਲ਼ੇ ਪੁੱਜੇ ਤਾਂ ਉੱਥੇ ਹੈਪੀ ਹੋਰੀਂ ਬੈਠੇ। ਜਿਵੇਂ ਉਹ ਬੇਸਬਰੀ 'ਚ ਹੋਣ, ਇਹ ਜਾਨਣ ਦੀ ਉਡੀਕ 'ਚ ਹੋਣ ਬਈ "ਕੀ ਭਾਅ ਵਿਕੀ, ਕੱਚੀ ਤੋੜੀ ਹੋਈ ਮੂੰਗੀ।" ਹੈਪੀ ਹੋਰਾਂ ਨੂੰ ਮੀਂਹ ਦੇ ਪਾਣੀ 'ਚ ਭਿੱਜੇ ਦੇਖ ਮਾਸਟਰ ਜੀ ਬੋਲੇ, "ਓਏ ਉੱਲੂਓ, ਕੋਈ ਸਕੂਲ 'ਚ ਵੀ

ਛੱਡ ਆਏ ਓਂ ਕੰਜਰੋ... ਕਿ ਅਗਲੇ ਮੋੜ 'ਤੇ ਓਹ ਵੀ ਬੈਠੇ ਨੇ।" ਸੁਣ ਕੇ ਅਸੀਂ ਘੁਟਵੇਂ ਜਿਹੇ ਹੱਸੇ ਸੀ।

ਹੁਣ ਮਾਸਟਰ ਜੀ ਤਾਂ ਕਿਸੇ ਜਲੂਸ ਨਿੱਕਲ਼ੇ ਬੰਦੇ ਵਾਂਗ ਮਹਿਸੂਸ ਕਰ ਰਹੇ ਸਨ। ਹੈਪੀ ਹੋਰੀਂ ਮੈਨੂੰ ਅੰਗੂਠਾ ਹਿਲਾ-ਹਿਲਾ ਕੇ "ਡੂਈ-ਡੂਈ" ਕਰੀ ਜਾਣ।

ਤੋਤੇ ਦੇ ਢਿੱਡ ਦੁਖਣ ਦੀ ਮਸ਼ਹੂਰੀ ਸਾਰੇ ਪਿੰਡ 'ਚ ਐ। ਉਹਦੇ ਗੱਲ ਨ੍ਹੀਂ ਪਚਦੀ, ਤੀਵੀਆਂ ਦੇ ਤਾਂ ਫੇਰ ਵੀ ਕਦੇ ਨਾ ਕਦੇ ਪਚ ਜਾਂਦੀ ਹੋਊ। ਉਹਨੇ ਭਿੰਦੀ ਹੋਰਾਂ ਕੋਲ਼ ਪਹੁੰਚਦੇ ਈ ਪਿੱਛੇ ਨੂੰ ਹੋ ਕੇ ਦੱਸਤਾ ਸੀ, ਉਸ ਧਮੁੱਕ ਬਾਰੇ। ਜਿਸ ਦਾ ਗੁੱਝਾ ਜਿਹਾ ਦਰਦ ਮੇਰੇ ਅਜੇ ਵੀ ਹੋ ਰਿਹਾ ਸੀ।

ਪਾਸਾ ਪਲਟ ਚੁੱਕਿਆ ਸੀ। ਜਿਨਾਂ ਜਾਂਦੇ ਸਮੇਂ ਅਸੀਂ ਮਜੇ 'ਚ ਸੀ, ਓਨੇ ਈ ਆਉਂਦੇ ਵੇਲ਼ੇ ਕੁੱਤੇਖਾਣੀ 'ਚ। ਭਿੰਦੀ ਹੋਰੀਂ ਹੁਣ ਸਭ ਸੱਟਾਂ-ਫੇਟਾਂ ਭੁੱਲ ਕੇ ਹੱਸਦੇ ਹੀ ਜਾ ਰਹੇ ਸੀ।

ਸਕੂਲ ਦੇ ਨੇੜੇ ਪੁੱਜਗੇ'। ਅਖ਼ੀਰਲੇ ਮੋੜ ਤੋਂ ਮੁੜਦੀ ਸਾਰ, ਸ਼ਰਮਾ ਜੀ ਬੱਚਿਆਂ ਨਾਲ਼ ਖੜ੍ਹੇ ਸਾਨੂੰ ਦੇਖ ਰਹੇ ਸੀ। ਬੱਚੇ ਉੱਚੀ-ਉੱਚੀ ਕਹਿੰਦੇ ਸੁਣ ਰਹੇ ਸੀ ਕਿ "ਉਹ ਆਗੇ'..., ਉਹ... ਆਗੇ' ਜੀ" ਨਾਲ਼ ਹੀ ਬੀਬੀ ਹੋਰੀਆਂ ਮਾਸਟਰਾਂ ਵੱਲ ਪਿੱਠ ਕਰੀ ਖੜ੍ਹੀਆਂ, ਜਿਵੇਂ ਜੰਜ ਨੂੰ ਉਡੀਕਦੇ ਹੁੰਦੇ ਨੇ।

ਚਾਚੀ ਨੂੰ ਦੇਖ, ਬੱਸ ਹੋਣ ਲੱਗ ਪਈ ਪੇਟ 'ਚ ਗੜ-ਗੜ। ਪਤਾ ਨ੍ਹੀਂ ਸੱਚੀਉਂ ਚਾਚੀ ਹੱਥ ਡੰਡਾ ਫੜਿਆ ਸੀ, ਪਤਾ ਨ੍ਹੀਂ ਮੇਰਾ ਡਰ ਸੀ। ਮੈਂ ਅਜੇ ਪੱਕਾ ਨ੍ਹੀਂ ਸੀ ਕੀਤਾ ਬਈ ਭੱਜਾਂ, ਪਰ ਤੋਤਾ ਕਹਿੰਦਾ, "ਭੱਜ ਲੈ ਓਏ।" ਮੈਥੋਂ ਸਕੂਟਰੀ ਦਾ ਹੈਂਡਲ ਆਪਣੇ ਆਪ ਛੁੱਟ ਗਿਆ ਅਤੇ ਸ਼ੂਟ ਵੱਟ ਹੋਗੀ'। ਸਕੂਟਰੀ ਤੋਤੇ ਤੋਂ ਕਿੱਥੇ ਸੰਭਲ਼ਣੀ ਸੀ। ਉਹਨੇ ਵੀ ਮਾਰ ਤੀ ਉਡਾਰੀ। ਹੈਪੀ ਹੋਰਾਂ ਨੇ ਪਿੱਛੋਂ ਸਕੂਟਰੀ ਘੱਟ ਸਾਂਭੀ। ਮਾਸਟਰਾਂ ਸਹਾਰੇ ਛੱਡ, ਪਿੱਛੇ ਭੱਜ ਲਏ ਸਾਡੇ। ਜਿਵੇਂ ਫਿਲਮਾਂ 'ਚ ਮੁਜਰਿਮ ਭੱਜੇ ਤੋਂ ਸਪੈਟੇ ਭੱਜਦੇ ਹੁੰਦੇ ਨੇ। ਨਾਲ਼ੇ ਤਾਂ ਉਹ ਆਪਣੀਆਂ ਨਿੱਕਰਾਂ ਸਾਂਭੀ ਜਾਣ, ਨਾਲ਼ੇ ਸਾਡੇ ਪਿੱਛੇ ਭੱਜੀ ਜਾਣ। ਮਸਾਂ ਕਿਤੇ ਉਹ ਮਾਸਟਰਾਂ ਦੀਆਂ ਹਾਕਾਂ ਸੁਣ ਕੇ ਰੁਕੇ। ਮਾਸਟਰਾਂ ਨੂੰ ਪਤਾ ਸੀ ਕਿ ਇਹ ਮੁਜਰਮ ਅੱਜ ਨ੍ਹੀਂ ਹੱਥ ਆਉਣੇ। ਉਹ ਤਾਂ ਮੁੜਗੇ' ਵਾਪਸ, ਪਰ ਅਸੀਂ ਟਿੱਬੀ ਆਲ਼ੀ ਮੋਟਰ 'ਤੇ ਜਾ ਕੇ ਸਾਹ ਲਿਆ।

ਬੜਾ ਅਮੀਰ ਬਚਪਨ ਬੀਤਿਆ ਜਾਂ ਕਹਿ ਲਓ ਬੜੀ ਰੀਝ ਨਾਲ਼ ਮਾਣਿਆ। ਜੈਂਡਪੁਣਾ, ਭੋਲ਼ਾਪਣ ਐਨਾ ਸੀ ਕਿ ਮੈਨੂੰ ਇਹ ਨਹੀਂ ਸੀ ਪਤਾ ਬਈ, ਇੱਕ ਨੰਬਰ ਜਾਂ ਦੋ ਨੰਬਰ ਪੁੱਛ ਕੇ ਜਾਣ ਦਾ ਕੀ ਮਤਲਬ ਹੁੰਦੈ। ਆਪਾਂ ਨਵੀਂ ਈ ਕਾਢ ਕੱਢਤੀ ਅਖੇ "ਮਾਸਟਰ ਜੀ ਪੰਜ ਨੰਬਰ ਜਾਣਾ।" ਹੁਣ ਬੜਾ ਹਾਸਾ ਆਉਂਦੈ, ਪੰਜ ਨੰਬਰ ਆਲ਼ੇ ਕਾਂਡ ਬਾਰੇ ਸੋਚ ਕੇ। ਮਾਸਟਰਾਂ ਨੇ ਕੁਛ ਗਲਤ ਮਤਲਬ ਕੱਢ ਲਿਆ ਸੀ "ਪੰਜ ਨੰਬਰ" ਦਾ।



ਪੰਜ ਨੰਬਰ ਕਿਵੇਂ

ਪ੍ਰਾਇਮਰੀ ਸਕੂਲ ਦੀ ਇੱਕ ਟਾਕੀ ਬੀਹੀ ਵੱਲ ਨੂੰ ਖੁੱਲ੍ਹਦੀ ਸੀ। ਟਾਕੀ ਨੂੰ ਲੱਕੜ ਦੇ ਪੱਲਿਆਂ ਦੀ ਥਾਵੇਂ ਸਿਰਫ ਸਰੀਏ ਈ ਲੱਗੇ ਹੋਏ ਸਨ। ਮੈਂ ਝੋਲ਼ਾ ਅੰਦਰ ਲਮਕਾ, ਤਣੀਆਂ, ਸਰੀਏ ਨਾਲ਼ ਬੰਨ੍ਹ ਕੇ ਮੋਟਰ ਵੱਲ ਭੱਜ ਜਾਂਦਾ। ਗੁੜ-ਗੰਨੇ ਤੇ ਹੋਰ ਵੰਨ-ਸੁਵੰਨੇ ਸੁਆਦ ਲੈਂਦਾ। ਗੰਨੇ ਮੇਰੇ ਪਸੰਦ ਫਲ਼ਾਂ 'ਚੋਂ ਸਭ ਤੋਂ ਉੱਪਰ ਰਹੇ ਨੇ। ਬਾਈ ਜੀ ਤਾਂ ਮੈਨੂੰ ਛੋਟੀ ਘਲਾੜੀ ਈ ਕਹਿੰਦੇ ਸਨ। ਲਟਾ ਪੀਂਘ ਹੋਇਆ ਪੀੜੀ ਜਾਂਦਾ। ਕੁੜਤੇ ਦੇ ਕਫਾਂ 'ਚ ਹੱਡ ਮੇਲ਼ ਪੈ ਜਾਂਦੀ, ਮੂੰਹ 'ਤੇ ਰਸ ਦੇ ਮੈਲ਼ੇ ਕੁਚੈਲ਼ੇ ਦਾਗ਼ ਪਏ ਹੁੰਦੇ।

ਤਿੰਨ ਖੁਸ਼ਬੋਆਂ ਮੈਨੂੰ ਚੁੰਬਕ ਵਾਂਗੂ ਖਿੱਚਦੀਆਂ ਨੇ, ਚੱਲਦੀ ਘਲਾੜੀ, ਕੱਚੀ ਮੂੰਗਫਲੀ ਅਤੇ ਭੁੱਜ ਰਹੀ ਛੱਲੀ। ਕੱਚੀ ਮੂੰਗਫ਼ਲੀ ਤਾਂ ਮੈਂ ਪੱਟ-ਪੱਟ ਕੇ ਖਾਣੀ, ਖਾਲ਼ 'ਚ ਧੋਅ ਲੈਣੀ ਅਤੇ ਛੋਲਕਾਂ ਸਣੇ ਈ ਚੱਬ ਜਾਣੀ, ਬਹੁਤ ਮਿੱਠੀ ਲੱਗਣੀ। ਹੁਣ ਵੀ ਰੇਹੜੀ ਤੋਂ ਮੂੰਗਫ਼ਲੀ ਖਰੀਦਦਾ ਮੈਂ ਕੱਚੀ ਮੂੰਗਫ਼ਲੀ ਖਾਣੀ ਪਸੰਦ ਕਰਦਾ ਹਾਂ।

ਜਦੋਂ ਛੁੱਟੀ ਦਾ ਸਮਾਂ ਹੋਣ ਲਗਦਾ ਤਾਂ ਅੰਦਾਜ਼ੇ ਨਾਲ਼ ਈ ਪਿੰਡ ਨੂੰ ਮੁਹਾਰਾਂ ਮੋੜ ਲੈਂਦਾ। ਬੀਹੀ 'ਚ ਖੜ੍ਹ ਕੇ ਟਾਕੀ 'ਚੋਂ ਝੋਲ਼ਾ ਖਿੱਚ ਘਰੇ ਜਾ ਵੜਦਾ। ਕਾਫ਼ੀ ਸਮਾਂ ਇਸੇ ਤਰਾਂ ਚੱਲਦਾ ਰਿਹਾ। ਖ਼ਾਸ ਕਰਕੇ ਉਹਨਾਂ ਦਿਨਾਂ 'ਚ ਤਾਂ ਕਰੀਬ ਮਹੀਨਾ ਸਾਰਾ ਈ ਨਜ਼ਾਰੇ ਲੈਂਦਾ। ਪਰ ਮੈਨੂੰ ਨਜ਼ਾਰੇ ਘੱਟ ਈ ਨਸੀਬ ਹੁੰਦੇ ਨੇ। ਨਜ਼ਾਰਿਆਂ ਦੀ ਚੜ੍ਹਾਈ ਤੋਂ ਬਾਅਦ ਉਤਰਾਈ ਕੁਛ ਜ਼ਿਆਦਾ ਈ ਛੇਤੀ ਹੁੰਦੀ ਐ। ਇੱਕ ਦਿਨ ਸਰਬ ਭੈਣ ਨੇ (ਗਵਾਂਢੀਆਂ ਦੀ ਕੁੜੀ) ਬੀਬੀ ਨੂੰ ਮੇਰੀ ਸਾਰੀ ਕਰਤੂਤ ਦੱਸਤੀ। "ਬੀਬੀ, ਤੇਰਾ ਲੱਗਦਾ ਇਹ ਵੀਹ ਦਿਨਾਂ ਤੋਂ ਸਕੂਲ ਨੀਂ ਵੜਿਆ। ਪਤਾ ਨੀਂ ਕਿੱਥੇ 'ਬੀਆ-ਬਾਹਣ' ਗਾਹਉਂਦਾ ਰਹਿੰਦੈ।" ਸਰਬ ਭੈਣ ਸਾਨੂੰ ਬੱਚਿਆਂ ਵਾਂਗੂ ਘੂਰਦੀ ਰਹੀ ਐ। ਮੇਰੀ ਤਾਂ ਵਿਆਹ ਹੋਣ ਤੱਕ ਝਾੜ ਝੰਬ ਕਰ ਦਿੰਦੀ ਸੀ।

ਬਸ ਫੇਰ ਬੀਬੀ ਨੇ ਜੂੜੇ ਤੋਂ ਫੜਿਆ। ਲਿਜਾ ਕੇ ਮਾਸਟਰ ਜੀ ਨੂੰ ਫੜਾਤਾ। ਘਰ ਨੇੜੇ ਸਕੂਲ ਦਾ ਇਹ ਵੀ ਨੁਕਸਾਨ ਹੁੰਦਾ ਰਿਹਾ। ਪਹਿਲਾਂ ਘਰ ਤਰਪਾਈ ਹੋਣੀ, ਨਾਲ ਹੀ ਸਕੂਲ 'ਚ ਮੁਰੰਮਤ ਕਰਾਉਣੀ। ਸਰਬ ਭੈਣ ਕੋਲ਼ ਈ ਖੜ੍ਹੀ ਸੀ ਅੱਗ 'ਤੇ ਫੂਸ ਪਾਉਣ ਲਈ।

"ਮਾਹਟਰ ਜੀ, ਇਹ ਬਹੁਤ ਖਰਾਬ ਐ। ਇਨ੍ਹੇ ਕੱਲ੍ਹ ਛੁੱਟੀ ਵੇਲੇ ਮੇਰੀ ਦਵਾਤ ਦਾ ਢੱਕਣ ਖੋਲ੍ਹਤਾ ਤੀ। ਮੇਰੀਆਂ ਸਾਰੀਆਂ ਕਿਤਾਬਾਂ ਖ਼ਰਾਬ ਹੋਗੀਆਂ। ਨਾਲੇ ਪੱਕੀਆਂ ਕਾਪੀਆਂ ਵੀ।" ਉਹਨੇ ਝੋਲ਼ਾ ਕੋਲ਼ ਨੂੰ ਕਰਕੇ ਕਿਤਾਬਾਂ ਦਿਖਾਈਆਂ ਤਾਂ ਉਹ ਸਾਰੀਆਂ ਈ ਨੀਲੀਆਂ ਹੋਈਆ ਪਈਆਂ। ਸਿਹਾਈ ਪੂਰੀ ਫੈਲ ਚੁੱਕੀ ਸੀ।

"ਉਹ ਤਾਂ ਭੈਣੇ ਤੂੰ ਪਵਾਤੀ ਤੀ ਕੁੱਟ ਬੀਬੀ ਤੋਂ ਕੱਲ੍ਹ ਆਥਣੇ...।" ਮੂੰਹ 'ਚ ਚੁੰਨੀ ਦਾ ਪੱਲਾ ਫੜੀਂ ਬੀਬੀ ਵੱਲ ਮੂੰਹ ਕਰਕੇ ਮੈਂ ਕਿਹਾ। ਮਾਸਟਰ ਜੀ ਨੇ ਬੀਬੀ ਦੇ ਸਾਹਮਣੇ ਈ ਇੱਕ ਜੜਤਾ 'ਗੁੱਝੂ' ਜਿਹਾ ਬਣਾ ਕੇ। ਨਾਲ਼ੇ ਕਹਿੰਦੇ, "ਤੁਸੀਂ ਜਾਓ ਭੈਣ ਜੀ, ਮੈਂ ਕਰਦਾਂ ਇਹਨੂੰ ਸੂਤ। ਨਾਲ਼ੇ ਸ਼ੇਰ ਨੂੰ ਕਿਹੋ ਮਿਲ ਕੇ ਜਾਵੇ।" ਅੱਧੇ ਕੁ ਘੰਟੇ ਬਾਅਦ ਫੇਰ ਸ਼ੁਰੂ ਹੋਗੀ ਭੌਰੀ ਲੜਨੀ। ਜਦੋਂ ਕਿ ਪਤਾ ਸੀ ਬਈ ਜੇ ਹੁਣ ਕੁਛ ਬੋਲੂੰ ਤਾਂ ਗੜਬੜ ਹੋਊ, ਪਰ ਬੇਬਸੀ ਸੀ। ਅਸਲ 'ਚ... ਉਸ ਦਿਨ ਘਲਾੜੀ 'ਤੇ ਜਾ ਕੇ 'ਲਾਲ਼ੇ' 'ਚ ਗਾਜਰ ਸੁੱਟ ਕੇ ਖਾਣ ਦਾ ਮਨ ਸੀ। ਤੱਤੇ-ਤੱਤੇ ਲਾਲ਼ੇ ਨੂੰ ਯਾਦ ਕਰਕੇ 'ਲਾਲ਼ਾਂ' ਗਿਰ ਰਹੀਆਂ ਸਨ।

ਗਾਜ਼ਰ ਨੂੰ ਪੂਰ ਪੈਣ ਤੋਂ ਅੱਧਾ ਕੁ ਘੰਟਾ ਪਹਿਲਾਂ ਕੜਾਹੇ 'ਚ ਸੁੱਟਦੇ, ਫੇਰ ਉਹ ਜਦੋਂ ਲਾਲ਼ੇ ਨਾਲ਼ ਜਮਾਂ ਪੱਕ ਕੇ ਚੱਕ ਦੇ ਵਿੱਚ ਆ ਜਾਂਦੀ ਐ, ਧਰਮ ਨਾਲ਼ ਐਨੀ ਸਵਾਦ ਲੱਗਦੀ ਐ, ਬਈ ਜਾਣੀਂ ਖਾਈਓ ਜਾ....। ਹੁਣ ਵੀ ਲਿਖਦੇ-ਲਿਖਦੇ ਦੇ ਮੂੰਹ 'ਚ ਉਹੀ ਸਵਾਦ ਆ ਗਿਆ। ਲਾਲ਼ੇ 'ਚ ਗਾਜਰ ਪਕਾ ਕੇ ਆਲ਼ੀ ਸਵੀਟ-ਡਿਸ਼ ਦਾ ਜੇ, ਕੇ. ਐਫ ਸੀ. ਜਾਂ ਮੈਕ. ਡਾਨਲਡ ਨੂੰ ਪਤਾ ਲੱਗ ਗਿਆ ਤਾਂ 299 ਰੁਪਏ ਵਿੱਚ ਇੱਕ ਵੇਚਣਗੇ, ਵਿਕੂ ਵੀ ਪੂਰੀ।

ਕੁਟਾਈ ਤਾਜ਼ੀ-ਤਾਜ਼ੀ ਹੋਣ ਕਰਕੇ 'ਹੀਆ' ਜਿਆ ਨਾ ਪਵੇ, ਕੋਈ ਬਹਾਨਾ ਲਗਾਉਣ ਨੂੰ। ਮੈਂ ਦੇਖਿਆ, ਪੰਜਵੀਂ ਆਲ਼ੇ ਜਵਾਕ 'ਇੱਕ ਨੰਬਰ' ਪੁੱਛਦੇ ਇੱਕ ਉਂਗਲੀ ਜਿਹੀ ਮਾਸਟਰ ਵੱਲ ਕਰਕੇ..., ਸਕੂਲ ਤੋਂ ਬਾਹਰ ਨਿੱਕਲ਼ ਜਾਂਦੇ। ਕਦੇ ਦੋ ਜਣੇ ਦੋ ਉਂਗਲ਼ਾਂ ਦਾ ਇਸ਼ਾਰਾ ਕਰ, ਬਾਹਰ ਨੂੰ ਹੋ ਤੁਰਦੇ।

ਡਰਦੇ-ਡਰਦੇ ਨੇ ਪੰਜ ਉਂਗਲਾਂ ਖਿਲਾਰ ਕੇ, "ਮਾਹਟਰ ਜੀ ਪੰਜ ਨੰਬਰ ਜਾ ਆਈਏ ਜੀ।" ਕਹਿ ਕੇ, ਆਪਦੇ ਨਾਲ਼ ਦਿਆਂ ਵੱਲ ਮੂੰਹ ਕਰ ਲਿਆ, ਜਿਨ੍ਹਾਂ ਨੂੰ ਨਾਲ਼ ਲੈ ਕੇ ਜਾਣਾ ਸੀ।

ਮੈਨੂੰ ਇਹ ਸੀ ਬਈ 'ਇੱਕ ਨੰਬਰ' ਪੁੱਛ ਕੇ ਇੱਕ ਜਣਾਂ ਬਾਹਰ ਗਿਆ ਤੇ ਦੋ ਨੰਬਰ ਪੁੱਛਕੇ ਕੇ ਦੋ ਜਣੇਂ।

ਪੰਜ ਨੰਬਰ ਪੁੱਛਣਾ ਸਹੀ ਲੱਗਿਆ। ਹੈਪੀ, ਭਿੰਦੀ ਅਤੇ ਦੋ ਜਣੇਂ ਹੋਰ ਕਾਂਤੀ, ਪੱਪੀ ਹੋਰੀਂ ਵੀ ਲਾਲ਼ੇ ਅਤੇ ਗਾਜਰ ਦਾ ਦੱਸ ਕੇ ਤਿਆਰ ਕਰਲੇ' ਸੀ। ਮਤਲਬ ਬਾਹਰ ਜਾਣ ਆਲ਼ੇ ਪੰਜ ਜਣੇਂ ਸੀ।

ਥੋੜ੍ਹਾ ਜਿਹਾ ਅੱਖਾਂ ਨੂੰ ਸੁੰਗੇੜ ਕੇ ਮਾਸਟਰ ਜੀ ਬੋਲੇ, "ਕੀ.........ਪੰਜ ਨੰਬਰ?"

ਮੈਂ ਕਿਹਾ, "ਹਾਂ ਜੀ।"

"ਉਰ੍ਹਾਂ ਨੂੰ ਹੋ ਕੇਰਾਂ ਤੂੰ। ਨਾ ਸਾਲਿਆ ਆਹ ਪੰਜ ਨੰਬਰ ਕਿਵੇਂ ਕਰਦੇ ਹੁੰਦੇ ਨੇ, ਪਹਿਲਾਂ ਇਹ ਦੱਸ...?"

ਮੇਰੇ ਪਿੱਛੇ ਖੜ੍ਹੇ ਚਾਰਾਂ 'ਚੋਂ ਸਭ ਤੋਂ ਮੂਹਰਲੇ ਪੱਪੀ ਦੇ ਕੰਨ 'ਤੇ ਪਿਆ ਇੱਕ, "ਚੱਲੋ ਬੈਠੋ, ਸਾਲ਼ੇ ਬਾਂਦਰ ਜੇ।"

ਹੁਣ ਮੈਨੂੰ ਲਗਦਾ ਹੁੰਦਾ ਬਈ, ਕੀ ਪਤਾ ਮਾਸਟਰਾਂ ਨੇ ਕੀ ਸੋਚਿਆ ਹੋਊ ਪੰਜ ਨੰਬਰ ਬਾਰੇ। ਹੋ ਸਕਦੇ ਕੁਛ ਗਲਤ-ਮਲਤ ਈ ਸਮਝਗੇ' ਹੋਣ।

ਮੈਨੂੰ ਜੂੜੇ ਤੋਂ ਫੜ ਕੇ ਆਏਂ ਜਿਵੇਂ ਆਲ਼ੇ ਦੁਆਲ਼ੇ ਨੂੰ ਘੁਮਾ ਕੇ ਹੱਸੀ ਜਾਣ, ਗੁਪਤੋਂ-ਗੁਪਤੀ। ਜਿਵੇਂ ਉਹਨਾਂ ਨੂੰ ਕਿਸੇ ਗੁਪਤ ਕਾਂਡ ਬਾਰੇ ਪਤਾ ਲੱਗਿਆ ਹੋਵੇ। "ਛੱਡੋ ਜੀ ਫਿਰ ਤਾਂ ਜੈਂਡ...ਐ...ਜੈਂਡ।" ਕਹਿ ਕੇ ਬਲਵੀਰ ਮਾਸਟਰ ਜੀ ਨੇ ਉਹਨਾਂ ਦਾ ਧਿਆਨ ਆਪਣੇ ਵੱਲ ਕਰ ਲਿਆ ਅਤੇ ਮੈਂ ਚੁੱਪ ਕਰਕੇ ਜੇ ਬੈਠਣ ਲੱਗਿਆ, ਸ਼ਸ਼ੋਪੰਜ 'ਚ...।

ਪਰ ਕਿੱਥੇ ਮੇਰੀ ਜਾਨ ਦਾ ਵੈਰੀ, ਮੇਰਾ ਜਾਨੀ-ਦੁਸ਼ਮਣ ਹੈਪੀ ਆ ਗਿਆ ਚਾਹ ਲੈ ਕੇ। ਮੌਕੇ 'ਤੇ ਮਾਰਿਆ ਚੌਕਾ, "ਜੀ ਭੈਣੋ ਇਹਨੂੰ ਸੰਵਾਰਕੇ। ਜਿੰਦਣ ਇਹ ਸਕੂਟਰੀ ਸਿੱਟ ਕੇ ਭੱਜਿਆ ਸੀ, ਉਦਣ ਆਪਣੇ ਬੰਨ੍ਹੋ ਇਨ੍ਹੇ ਮੇਰੇ ਮੂੰਹ 'ਤੇ, ਮਾਵਾਂ-ਭੈਣਾਂ ਦੀਆਂ ਗਾਲ੍ਹਾਂ ਕੱਢੀਆਂ ਸੀ, ਤਿਨਾਂ ਨੂੰ... ਨਾਲ਼ੇ ਜੂਠੀ ਚਾਹ....।" ਸ਼ਰਾਰਤੀ ਹਾਸੀ ਹੱਸਦਾ ਬੋਲਿਆ। ਬੋਲਿਆ ਕਾਹਦਾ, ਉਹ ਤਾਂ ਦੁਸ਼ਮਣੀ ਕੱਢ ਗਿਆ ਸੀ।

ਬਸ ਫੇਰ ਕੀ ਆ ਗੇ ਮਾਸਟਰ ਫਾਰਮ 'ਚ.... ਕਰਤਾ ਸ਼ੁਰੂ ਵਢਾਂਗਾ। ਇੱਕ ਜਣਾ ਚੋਪੜ ਮਾਰ ਕੇ ਦੂਜੇ ਕੋਲ਼ ਨੂੰ... ਦੂਜਾ ਮਾਰ ਕੇ ਤੀਜੇ ਕੋਲ਼ ਨੂੰ ...। ਜਿਵੇਂ ਫਿਲਮਾਂ 'ਚ ਅਖੀਰ 'ਤੇ ਆ ਕੇ ਮੇਨ ਗੁੰਡੇ ਨੂੰ ਕੁੱਟਦੇ ਹੁੰਦੇ ਨੇ। ਨਾਲ਼ੇ ਕੁੱਟੀ ਜਾਣ ਨਾਲ਼ੇ ਕਹੀ ਜਾਣ "ਹੁਣ ਕੱਢ ਗਾਲ਼।" ਪੂਰਾ ਫਿਲਮੀ ਸੀਨ ਸੀ।

ਅੱਜ ਜਦੋਂ ਉਮਰ ਦੇ ਇਸ ਪੜਾਅ 'ਤੇ ਹੁਣ ਦੇ ਬੱਚਿਆਂ ਨਾਲ ਤੁਲਨਾ ਕਰਦਾਂ ਤਾਂ ਬਹੁਤ ਫਰਕ ਦਿਖਾਈ ਦਿੰਦੇ। ਆਪਣੇ ਬਚਪਨ ਅਤੇ ਅੱਜ ਦੇ ਹਾਈ-ਟੈਕ ਮਹੌਲ 'ਚ।

ਪੈਨ ਨੰਬਰ ਆਲ਼ੀ ਗੱਲ ਸੋਚ ਕੇ 'ਕੱਲਾ ਈ ਹੱਸ ਪੈਨਾਂ। ਮੂਰਖ ਸੀ ਓਦੋਂ।

ਅਜੇ ਤਾਂ ਜੂਠੀ ਚਾਹ ਆਲ਼ੀ ਗੱਲ ਵਿੱਚ ਈ ਰੁਲ਼ਗੀ। ਦੱਸ ਤਾਂ ਹੈਪੀ ਨੇ ਉਹ ਵੀ ਦਿੱਤੀ ਸੀ।

*****

ਅੰਗਰੇਜ਼ੀ ਅਤੇ ਪੰਜਾਬੀ 'ਚ ਮੁਕਾਬਲਾ

ਛੋਟੀ ਉਮਰੇ ਵੱਡੀਆਂ ਪ੍ਰਾਪਤੀਆਂ ਕਰ ਰਿਹਾ ਸੀ। ਤੰਗ ਆ ਕੇ ਘਰਦਿਆਂ ਨੇ ਜਿਵੇਂ ਤੂਤ ਨੂੰ ਅੰਗਰੇਜ਼ੀ ਘਾਹ ਆਲ਼ੇ ਪਾਰਕ 'ਚ ਲਾਇਆ ਹੋਵੇਂ, ਜਿਸ ਦਾ ਜਮਾਂ ਵੀ ਮੇਲ ਨ੍ਹੀਂ ਹੁੰਦਾ। ਭਾਵ ਮੈਨੂੰ ਸਿਰੇ ਦੇ ਜੈਂਡ ਨੂੰ, ਨਾਲ਼ ਦੇ ਪਿੰਡ ਮਾਡਲ ਸਕੂਲ 'ਚ ਦਾਖਲ ਕਰਵਾਤਾ, ਚਹਿਲ ਵਿਖੇ। ਉਹਨਾਂ ਦਿਨਾਂ 'ਚ ਅੱਜ ਵਾਂਗੂ ਥਾਂ-ਥਾਂ ਨ੍ਹੀਂ ਸੀ ਪ੍ਰਾਈਵੇਟ ਸਕੂਲ ਖੁੱਲ੍ਹੇ।

ਸਕੂਲ ਚਾਹੇ ਉਹ ਬਹੁਤ ਵੱਡਾ ਨ੍ਹੀਂ ਸੀ, ਤਿੰਨ-ਚਾਰ ਕੁ ਕਮਰਿਆਂ 'ਚ ਈ ਸੀ। ਪਰ ਇਲਾਕੇ ਦਾ ਇਕਲੌਤਾ ਅੰਗਰੇਜ਼ੀ ਸਕੂਲ ਕਰਕੇ ਚੜ੍ਹਾਈ ਬਹੁਤ ਸੀ ਉਹਦੀ।

ਦਾਖ਼ਲੇ ਆਲ਼ੇ ਦਿਨ ਭੋਲੀ ਭੈਣ ਨੇ ਕਰਤਾ ਨਲ਼ਕੇ ਥੱਲੇ। ਉਹਨੇ ਮਲ਼-ਮਲ਼ ਕੇ ਚਿੱਟਾ ਕੱਢਣ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਅਸਫ਼ਲਤਾ ਈ ਮਿਲੀ। ਇੱਕ ਵਾਰ ਨ੍ਹੀਂ ਉਹਨੂੰ ਹਮੇਸ਼ਾਂ ਈ ਨਮੋਸ਼ੀ ਝੱਲਣੀ ਪਈ। ਪਰ ਮਾਂ ਦੀ ਧੀ ਲੱਗੀ ਰਹੀ ਗੀਠੇ ਨੂੰ ਪਤਾਸਾ ਬਣਾਉਣ। ਨਾਈ-ਧੋਈ ਤੋਂ ਬਾਅਦ ਬੀਬੀ ਨੇ ਨਲ਼ਕੇ ਦੇ ਸਰੀਏ ਤੋਂ ਕਾਲਸ ਉਤਾਰ ਕੇ ਮੇਰੇ ਕੰਨ ਪਿੱਛੇ ਲਗਾਤੀ'। ਮਤਾਂ ਨਜ਼ਰ ਈ ਨਾ ਲਗਜੇ' ਮੇਰੇ ਲਾਲ ਨੂੰ।

"ਨੀ ਚਾਚੀ, ਨੀ ਚਾਚੀ ਗੁੱਸਾ ਤਾਂ ਕਰੀਂ ਨਾ..., ਪਰ ਇਹਦੇ ਤਾਂ ਭਾਵੇਂ ਮੱਥੇ 'ਤੇ ਲਾ ਦੇ ਠੱਲ੍ਹ ਜਿੰਡਾ। ਇਹਦੇ ਕਿਹੜਾ ਦਿਖਣੀ ਐ, ਨਜ਼ਰ ਤਾਂ ਗੋਰਿਆਂ-ਗੋਰਿਆਂ ਜਵਾਕਾਂ ਨੂੰ ....।" ਇਹ ਮਜ਼ਾਕ ਚੁੱਲ੍ਹੇ ਨੂੰ ਮਿੱਟੀ ਲਾਉਂਦੀ ਸਿੰਦਰ ਭਾਬੀ ਨੇ ਕੀਤਾ ਸੀ। "ਲੈ ਆਏਂ ਨਾ ਕਹਿ ਕੁੜੇ ਬਹੂ, ਇਹਨੇ ਬਥੇਰਾ ਸੋਹਣਾ ਹੋ ਜਾਣੈ, ਬੜਾ ਹੋ ਕੇ।" ਬੀਬੀ ਨੇ ਹੱਸਦੀ-ਹੱਸਦੀ ਨੇ ਜਵਾਬ 'ਚ ਮੇਰਾ ਪੱਖ ਪੂਰਿਆ।

"ਬਸ ਰਹਿਣ ਦੇ ਨੀ ਚਾਚੀ। ਟੁੱਟ ਪੈਣੇ ਦੀਆਂ ਲੱਤਾਂ ਦੇਖੀਂ ਕਿਮੇਂ, ਕਾਲ਼ੇ ਕੱਟੇ ਵਰਗੀਆਂ ਨੇ।"

ਬੜੀਆਂ ਭਾਬੀਆਂ ਮੈਨੂੰ ਆਪਣੇ ਪੁੱਤਾਂ ਵਾਂਗੂ ਈ ਸਮਝਦੀਆਂ ਤੇ ਮਖੌਲ ਵੀ ਬਹੁਤ ਕਰਦੀਆਂ।

"ਕੋਈ ਨਾ ਕੁੜੇ, ਕੋਈ ਨਾ ਕਰਲੋ ਮਖੌਲ। ਇਹਨੂੰ ਬਹੂ ਦੇਖਿਓ ਚੰਨ ਵਰਗੀ ਮਿਲੂ। ਮੇਰਾ ਕਿਹਾ ਯਾਦ ਰੱਖਿਓ।"

ਜਦੋਂ ਚਾਚੀ ਨੇ ਬਾਹਰਲੇ ਘਰਾਂ ਤੋਂ ਆਉਂਦੀ ਨੇ ਕਿਹਾ ਤਾਂ ਇਹ ਗੋਰੀ ਚਿੱਟੀ ਚੰਨ ਵਰਗੀ ਬਹੂ ਆਲ਼ੀ ਗੱਲ, ਮੈਨੂੰ ਬਹੁਤ ਵਧੀਆ ਲੱਗੀ। ਭਾਵੇਂ ਮੈਂ ਓਦੋਂ ਛੋਟਾ ਸੀ।

ਲਓ ਜੀ ਲਗਾਤਾ ਅੰਗਰੇਜ਼ੀ ਘਾਹ 'ਚ ਦੇਸੀ ਤੂਤ...। ਅੰਗਰੇਜ਼ੀ ਸਕੂਲ ਤੇ ਮੈਂ, ਕੋਈ ਰੱਤੀ ਜਿੰਨਾਂ ਵੀ ਮੇਲ ਨ੍ਹੀਂ ਸੀ ਹੈਗਾ। ਪਹਿਲੇ ਦਿਨ ਤਾਂ ਟਾਈਆਂ-ਬੈਲਟਾਂ ਆਲ਼ੇ ਜਵਾਕਾਂ 'ਚ ਓਪਰਾ ਜਿਆ ਕਰਦਾ ਰਿਹਾ। ਜਦੋਂ ਕੋਈ "ਮੇਂ ਆਈ ਕੰਮ-ਇਨ" ਕਹਿਕੇ ਅੰਦਰ ਵੜੇ ਤਾਂ ਮੈਨੂੰ ਹੌਲ ਜਿਹੇ ਪਈ ਜਾਣ। ਫੇਰ ਦੋ-ਤਿੰਨ ਦਿਨਾਂ 'ਚ ਭਾਂਪ ਗਿਆ, ਬਈ ਇਹ ਤਾਂ ਉਈਂ ਨੇ,

ਮੈਂ ਤਾਂ ਚੋਕਦੂੰ ਫੱਟੇ। ਬਸ ਫੇਰ ਆ ਗਏ ਯਾਰ ਹੋਰੀਂ ਫਾਰਮ 'ਚ...। ਪੰਜਵਾਂ ਛੇਵਾਂ ਦਿਨ ਹੋਊ ਪਾ ਤਾਂ ਆਪਾਂ ਤਾਂ ਪੂਰਾ ਖੌਰੂ, ਮਚਾਤਾ ਖੜਦੂੰਮ।

ਓਦਣ ਬਾਪੂ ਜੀ ਮੈਨੂੰ ਲੈਣ ਆ ਗਏ, ਬਈ ਨਾਲੇ ਮੈਡਮ ਨੂੰ ਫੀਸ ਦਾ ਪੁੱਛ ਲਊਂ।

ਬੂਟਾਂ ਦੇ ਫੀਤਿਆਂ ਦੀ ਗੱਠ ਮਾਰ ਕੇ ਗਲ਼ 'ਚ ਲਮਕਾਈਂ ਖੜ੍ਹਾ ਜੂੜਾ ਥੰਨ੍ਹ ਗਿਹਾ ਸੀ। ਵਾਲ਼ਾਂ 'ਚ ਮਣ-ਮਣ ਮਿੱਟੀ... ਲੱਤਾਂ ਖੁਸ਼ਕੀ 'ਚ ਚਿੱਤਮ-ਚਿੱਤੀਆਂ, ਉੱਪਰੋਂ ਟੂਟੀ ਦੇ ਪਾਣੀ ਦੇ ਛਿੱਟੇ, ਲੱਤਾਂ ਜਮਾਂ ਸੱਪ ਦੀ ਕੰਜ ਵਰਗੀਆਂ ਲੱਗਣ। ਕਮੀਜ਼ ਦੇ ਉੱਪਰਲੇ ਬਟਨ ਟੁੱਟੇ ਹੋਏ, ਮੂੰਹ 'ਤੇ ਨੌਹਾਂ ਦੇ ਨਿਸ਼ਾਨ। ਮੈਨੂੰ ਬੱਚਿਆਂ 'ਚੋਂ ਉਠਾ ਕੇ ਅਲਮਾਰੀ ਕੋਲ ਖੂੰਜੇ 'ਚ ਖੜ੍ਹਾ ਕਰਿਆ ਹੋਇਆ।

"ਸ਼ੇਰ ਸਿਘ ਜੀ ਗੁੱਸਾ ਨਾ ਕਰਿਓ, ਇਹਨੇ ਅੰਗਰੇਜ਼ੀ 'ਚ ਫਿੱਟ ਨ੍ਹੀਂ ਹੋਣਾ। ਬਾਕੀ ਮਰਜ਼ੀ ਐ ਜੀ ਤੁਹਾਡੀ। ਇਹ ਤਾਂ ਗਾਲ਼ਾਂ ਈ ਬਹੁਤ ਗੰਦੀਆਂ-ਗੰਦੀਆਂ ਕੱਢਦੇ। ਉਹ ਵੀ ਜਮਾਂ ਠੇਠ ... ਜਿਹੜੀਆਂ ਮੈਂ ਦੱਸ ਨ੍ਹੀਂ ਸਕਦੀ ਥੋਨੂੰ।" ਮੈਡਮ ਬੋਲੀ।

"ਭੈਣ ਜੀ, ਘਰੇ ਤਾਂ ਇਹ ਕਦੇ ਡੰਗਰਾਂ ਨੂੰ ਗਾਲ਼ ਨ੍ਹੀਂ ਕੱਢਦਾ।" ਬਾਪੂ ਜੀ ਨੇ ਬਸ ਇਨਾਂ ਈ ਕਿਹਾ, ਸ਼ਰਮਿੰਦਗੀ 'ਚ ਉਹ ਹੋਰ ਕੁਛ ਨਾ ਬੋਲੇ। ਉਂ ਉਹ ਹੈਰਾਨ ਨਹੀਂ ਸਨ ਮੇਰੀ ਹਰਕਤ ਤੋਂ....।

"ਪਤਾ ਨ੍ਹੀਂ ਜੀ ਅਸੀਂ ਤਾਂ ਇਹਨੂੰ ਆਂਟੀ ਭੇਜ ਕੇ ਭਾਲ਼ ਕੇ ਲਿਆਏ ਆਂ। ਸਾਡੀ ਕੇਅਰ ਟੇਕਰ ਸਵੇਰ ਦੀ ਇਹਦੇ 'ਤੇ ਹੈ, ਫੇਰ ਵੀ ਭੱਜ ਜਾਂਦੇ। ਇਹਨੇ ਐਥੇ ਮਨ ਨ੍ਹੀਂ ਲਾਉਣਾ।" ਮੈਂ ਘੜੀ-ਮੁੜੀ ਪ੍ਰਾਇਮਰੀ ਸਕੂਲ ਕੋਲ਼ ਚਲੇ ਜਾਂਦਾ ਸੀ। ਉਹ ਬਹੁਤ ਕਾਹਲ਼ੀ ਸੀ ਮੈਨੂੰ ਸਕੂਲੋਂ ਕੱਢਣ ਲਈ। ਮੈਡਮ ਨੇ ਪੂਰੇ ਦਿਨ ਦਾ ਅਤੇ ਕੁਛ ਪਿਛਲੇ ਕੱਲ੍ਹ ਦਾ ਲੇਖਾ-ਜੋਖਾ ਜਮਾਂ ਲਗਾਤਾਰਤਾ 'ਚ ਮੂਹਰੇ ਰੱਖ ਤਾ ਬਾਪੂ ਜੀ ਦੇ।

ਪਤਾ ਨ੍ਹੀਂ ਬਾਪੂ ਜੀ ਕੀ ਸੋਚਕੇ ਚੁੱਪ ਸਨ। ਆਏ ਕੀ ਸੋਚ ਕੇ ਸੀ, ਮਿਲ ਕੀ ਗਿਆ। ਮੈਡਮ ਨੇ ਸ਼ਿਕਾਇਤਾਂ ਦੀ ਲੜੀ ਦੁਬਾਰਾ ਜੋੜਦੀ ਨੇ ਕਿਹਾ, "ਵੀਰ ਜੀ, ਇੱਕ ਮੇਰੇ ਵੱਲੋਂ ਭੈਣ ਜੀ ਨੂੰ ਜ਼ਰੂਰ ਕਿਹੋ। ਇਹਨੂੰ ਨਹਾ ਕੇ ਭੇਜਿਆ ਕਰਨ। ਜੇ ਤੁਸੀਂ ਐਥੇ ਸਾਡੇ ਕੋਲ਼ ਈ ਪੜ੍ਹਾਉਣੈ। ਦੇਖੋ ਤਾਂ ਜਿਵੇਂ ਸਿੱਧਾ ਖੇਤ 'ਚੋਂ ਈ ਆਇਆ ਹੁੰਦੈ।" ਅਸੀਂ ਦੋਵੇਂ ਬਾਪ-ਪੁੱਤ ਬੇਪੱਤ ਹੋਇਆਂ ਵਾਂਗੂ ਨਿੱਕਲ਼ੇ ਸਕੂਲ 'ਚੋਂ।

ਹੁਣ ਬਾਪੂ ਜੀ ਚੁੱਪ-ਚਾਪ ਸਾਈਕਲ ਰੋੜ੍ਹਦੇ ਰਹੇ ਤੇ ਮੈਂ ਆਪਣਾ ਦਿਮਾਗ ਰੋੜ੍ਹੀ ਗਿਆ ਕਿ ਕੱਲ੍ਹ ਤਾਂ ਚਲੋ ਐਤਵਾਰ ਐ। ਪਰ ਜੇ ਪਰਸੋਂ ਨੂੰ ਕਿਤੇ ਬਲਬੀਰ ਮਾਸਟਰ ਕੋਲ਼ ਈ ਜਾਣਾ ਪੈ ਗਿਆ, ਫੇਰ ਕੀ ਬਣੂ ਮਿੱਤਰਾ।

ਸੋਚਦਾ ਸੀ ਅੰਗਰੇਜ਼ੀ ਸਕੂਲ ਨਾਲ਼ ਬਣਨੀ ਨ੍ਹੀਂ। ਪੰਜਾਬੀ ਨਾਲ਼ ਆਪਦੀਆਂ ਕਰਤੂਤਾਂ ਨੇ ਬਣਨ ਨ੍ਹੀਂ ਦਿੱਤੀ। ਨਾਨਕਿਆਂ ਆਲ਼ੀ ਉਸ ਸਮੇਂ ਦੀ ਸਭ ਤੋਂ ਹਰਮਨ ਪਿਆਰੀ ਆਪਸ਼ਨ ਮੇਰੇ ਵੱਲੋਂ ਪਹਿਲਾਂ ਈ ਰੱਦ ਸੀ। ਉੱਥੇ ਛੁੱਟੀਆਂ ਕੱਟਣ ਤੱਕ ਤਾਂ ਫੁੱਲ ਨਜ਼ਾਰੇ ਹੁੰਦੇ। ਪਰ ਪੜ੍ਹਨਾ ਉੱਥੇ ਵੀ ਅੰਗਰੇਜ਼ੀ 'ਚ ਈ ਪੈਣਾ ਸੀ। ਨਾਨਕਾ ਪਿੰਡ ਸਾਡੇ ਪਿੰਡ ਵਾਂਗ ਨ੍ਹੀਂ ਸੀ,

ਬਈ ਜਿੱਥੇ ਮਰਜ਼ੀ ਖੇਡੀ ਜਾਓ। ਉੱਥੇ ਨਿਗ੍ਹਾ-ਦਾਰੀ ਬਹੁਤ ਜ਼ਿਆਦਾ ਸੀ। ਫੇਰ ਸੋਚਾਂ ਕਿ, ਹੈਪੀ ਨੇ ਤਾਂ ਸਾਰੀਆਂ ਈ ਗਾਲ਼ਾਂ ਤੇ ਗੱਲਾਂ ਦੱਸਤੀਆਂ ਹੋਣੀਆਂ ਨੇ ਮਾਸਟਰਾਂ ਨੂੰ। ਓਦੋਂ ਕਿਹੜਾ ਪਤਾ ਸੀ ਬਈ ਇਹ ਰੂਤ ਨੇ ਜੜ ਨ੍ਹੀਂ ਫੜਨੀ 'ਅੰਗਰੇਜ਼ੀ ਘਾਹ 'ਚ।' ਓਦੋ ਤਾਂ ਆਏ ਸੀ, ਬਈ ਅੱਜ ਤੋਂ ਬਾਅਦ ਨ੍ਹੀਂ ਵੜਦਾ ਪ੍ਰਾਇਮਰੀ 'ਚ।

ਦੋਵੇਂ ਸਕੂਲਾਂ ਨੂੰ ਤੱਕੜੀ 'ਚ ਤੋਲਦਾ ਮੈਂ ਭੈਨਾ-ਘੜਤਾਂ ਕਰ ਰਿਹਾ ਸੀ ਕਿ ਪਿੰਡ ਆਲ਼ੇ ਮਾਸਟਰਾਂ ਦੇ ਥੱਪੜ ਜ਼ਿਆਦਾ ਭਾਰੀ ਨੇ ਜਾਂ ਮੈਡਮਾਂ ਦੇ ? ਸੋਚਦਾ ਸੀ ਪਿੰਡ ਉਂ ਮੌਜ ਐ, ਅੱਧੀ ਛੁੱਟੀ ਬੰਦਾ ਖੂਹ-ਖਾਹ 'ਤੇ ਗੁੜ-ਗੰਨਿਆਂ ਆਲ਼ੇ ਨਜ਼ਾਰੇ ਵੀ ਲੈ ਸਕਦੈ। ਕੱਚੀ-ਕੱਚੀ ਮੂੰਗਫ਼ਲੀ ਪੱਟ ਕੇ ਖਾ ਸਕਦੈ। ਹੋਰ ਕੁੱਕੜੀਆਂ-ਕੱਕੜੀਆਂ ਵਗੈਰਾ ਵੀ। ਅੰਗਰੇਜ਼ੀ ਆਲ਼ੀਆਂ ਮੈਡਮਾਂ ਦੇ ਥੱਪੜ ਹੌਲ਼ੇ-ਹੌਲ਼ੇ ਜਿਹੇ ਨੇ, ਪਰ ਪੜ੍ਹਾਈ ਭਾਰੀ ਐ। ਅਖ਼ੀਰ 'ਤੇ ਪੱਲੜਾ ਪਿੰਡ ਆਲ਼ੇ ਪਾਸੇ ਨੂੰ ਈ ਝੁਕਿਆ।

"ਮੈਂ ਨ੍ਹੀਂ ਜਾ ਬਾਪੂ... ਮੈਨੂੰ ਨ੍ਹੀਂ ਪਤਾ ਯਾਰ, ਬਾਪੂ ਬਣਕੇ ਮੈਂ ਨ੍ਹੀਂ ਜਾਣਾ ਅੰਗਰੇਜ਼ੀ 'ਚ... ਮੈਨੂੰ ਤਾਂ ਪਿੰਡ ਈ ਭੇਜਦੀਂ ਜੇ ਭੇਜਣੈ।" ਮੈਂ ਆਪਣਾ ਫੈਸਲਾ ਸੁਣਾਤਾ, ਸਾਈਕਲ ਦੇ ਡੰਡੇ 'ਤੇ ਬੈਠੇ ਨੇ।

"ਹੋਰ ਨਾ ਤੈਨੂੰ ਨਾਭੇ ਭੇਜਦੀਏ। ਸਿੱਧਾ ਹੋ ਕੇ ਡੰਗਰ ਸਾਂਭ। ਨਾਲ਼ੇ ਆਪਦਾ ਕੱਖ-ਕੰਡੇ ਦਾ ਦੇਖ, ਪੜ੍ਹਨਾ-ਪੁੜ੍ਹਨਾ ਤੂੰ ਹੈ ਨ੍ਹੀਂ।" ਬਾਪੂ ਜੀ ਨੇ ਕੰਮ ਦਾ ਡਰਾਬਾ ਦੇਣਾ ਚਾਹਿਆ। ਪਰ ਆਪਾਂ ਸਕੂਲ ਤੋਂ ਖਹਿੜਾ ਛੁੱਟਣ ਦੇ ਚਾਅ 'ਚ ਸਿਰੇ ਈ ਲਾ 'ਤੀ। ਮਖਿਆਂ, "ਬਰਸੀਣ ਤਾਂ ਮੈਂ ਦਾਤੀ ਨਾਲ਼ ਈ ਵੱਢੂੰ, ਦਾਤਰ ਨ੍ਹੀਂ ਮੈਥੋਂ ਚੱਲਣਾ ਭਾਰੀ ਬਹੁਤ ਐ। ਉਂ ਵੀ ਜੈਲਾ ਤਾਇਆ ਕਿਹੜਾ ਮੈਨੂੰ ਹੱਥ ਲੌਣ ਦਿੰਦੈ। ਕਹੀ ਜਾਂਦੈ, ਲੱਤ ਵਢਾਲੇਂਗਾ ਤੂੰ ਨਿਆਣਾ ਅਜੇ।"

ਇੱਕ ਪਿਆ ਗਿੱਚੀ 'ਚ "ਹੈ ਸਾਲ਼ਾ ਬੇਸ਼ਰਮ... ਬੰਦਾ ਬਣ ਕੇ ਸਕੂਲ ਤੁਰ ਪੈ ਝੋਲਾ ਚੱਕ ਕੇ। ਨਹੀਂ ਮੈਂ ਡਾਂਗ ਚੱਕ ਲੈਣੀ ਐ। ਆਏਂ ਤਾਂ ਕੀ ਕਹਿਣਾ ਵੀ ਹੁਣ ਨ੍ਹੀਂ ਭੱਜਦਾ ਸਕੂਲੋਂ, ਹੁਣ ਨੀ ਗਾਲ਼ਾਂ ਕੱਢਦਾ।"

ਬਾਪੂ ਜੀ ਨੇ ਸੋਚਿਆ ਹੋਣਾ, ਬਈ ਥੋੜ੍ਹਾ ਚਿਰ ਈ ਸਾਂਭੂ ਸਕੂਲ ਇਹਨੂੰ... ਇਹ ਤਾਂ ਵੱਟਾਂ ਈ ਮਿੱਧੂ ਟਰੈਕਟਰ ਨਾਲ਼। ਕਈ ਵਾਰ ਬੱਚੇ ਨੂੰ ਇਹੋ ਸੋਚ ਕੇ ਸਕੂਲ ਭੇਜਿਆ ਜਾਂਦੈ, ਬਈ ਕਿਤੇ ਆਉਣ-ਜਾਣ ਜੋਗਾ ਈ ਹੋਜੂ। ਆਪਣਾ ਨਾਮ ਈ ਲਿਖ ਲਿਆ ਕਰੂ। ਜੇ ਹੋਰ ਨ੍ਹੀਂ ਤਾਂ ਬੱਸ ਆਲ਼ਾ ਬੋਰਡ ਪੜ੍ਹਨਾ ਸਿੱਖਜੂ'।

ਇੱਕ ਤਾਂ ਮੈਨੂੰ ਹੈਪੀ ਵੀਰੇ ਨੇ ਬਹੁਤ ਤੰਗ ਕਰੀ ਰੱਖਿਆ। ਅੱਧੀ ਕੁ ਅੱਖ ਮੀਚ, ਮੂੰਹ ਉਤਾਂਹ ਨੂੰ ਚੱਕ, ਜਦੋ ਆ ਜਾਂਦਾ ਸੀ ਮਾਸਟਰਾਂ ਕੋਲ਼ ਕੋਈ ਨਾ ਕੋਈ ਸ਼ਿਕਾਇਤ ਲਾਉਣ। ਜੂਠੀ ਚਾਹ ਆਲ਼ੀ ਗੱਲ 'ਤੇ ਤਾਂ ਉਹ ਮੈਨੂੰ ਸਕੂਲ ਤੋਂ ਬਾਅਦ ਵੀ ਬਲੈਕ-ਮੇਲ ਕਰਦਾ ਰਿਹਾ।

✧✧✧✧✧

ਨੰਗੇ ਢਿੱਡ ਆਲ਼ੀਆਂ ਮੈਡਮਾਂ ਤੇ ਮੈਂ

ਓਦਣ ਅੰਗਰੇਜ਼ੀ ਸਕੂਲ 'ਚੋਂ ਡਿਗਰੀ ਲੈ ਘਰ ਪਹੁੰਚ ਗਿਆ। ਸ਼ਾਮ ਨੂੰ ਈ ਬੀਬੀ ਨਾਲ਼ ਨਾਨਕੇ ਪਿੰਡ ਚਲੇ ਗਿਆ। ਭੁਲ ਗਿਆ ਅੰਗਰੇਜ਼ੀ ਸਕੂਲ 'ਚ ਹੋਈ ਕੁਪੱਤ ਨੂੰ....।

ਪਿੰਡ ਦੇ ਸਕੂਲ 'ਚ ਜੋ ਦੁਬਾਰਾ ਦਾਖਲਾ ਲੈਣ ਦਾ ਫ਼ੈਸਲਾ ਲਿਆ ਸੀ, ਉਹ ਕੁਛ ਸਮੇਂ ਲਈ ਟਲ਼ ਗਿਆ।

ਉਹਨਾਂ ਦਿਨਾਂ 'ਚ ਮਾਮਾ ਜੀ ਨੇ ਫੀਅਟ ਕਾਰ ਖ਼ਰੀਦੀ ਸੀ। ਜਿਹਨਾਂ ਦੀ ਕਾਰ ਸੀ, ਉਹਨਾਂ ਨੂੰ ਘੱਟ ਚਾਅ ਹੋਣਾ ਮੈਨੂੰ ਵੱਧ...। ਮੈਂ ਹੈਪੀ ਹੋਰੀਂ ਬੜੇ ਤੰਗ ਕਰੀ ਰੱਖੇ ਕਾਰ ਦੀਆਂ ਫੂਕਰੀਆਂ ਮਾਰ-ਮਾਰ ਕੇ ਅਖੇ, "ਉਹ ਤਾਂ ਰੇਲ-ਗੱਡੀ ਨੂੰ ਵੀ ਪਿੱਛੇ ਛੱਡ ਦਿੰਦੀ ਐ, ਐਨੀ ਭੱਜਦੀ ਐ, ਗੀਤ ਵੀ ਗਾਉਂਦੀ ਐ।" ਅੱਜ ਤੋਂ ਤੀਹ-ਬੱਤੀ ਸਾਲ ਪਹਿਲਾਂ ਹਰੇਕ ਦੇ ਮਾਮੇ ਕੋਲ਼ ਨੀਂ ਸੀ ਹੁੰਦੀ ਕਾਰ। ਜਦੋਂ ਮਾਮੇ ਨੇ ਪਿੰਡ ਗੇੜਾ ਮਾਰਿਆ ਕਰਨਾ, ਅਸੀਂ ਕਿੰਨਾਂ ਸਮਾਂ ਕਾਰ ਦੇ ਦੁਆਲ਼ੇ ਈ ਖੜ੍ਹੇ ਰਹਿਣਾ, ਪੂਰੀ ਕੈੜੀ ਧੁੱਪ 'ਚ ...., ਬਈ ਕੋਈ ਹੈਪੀ ਵਰਗਾ ਦੇਖ ਲਵੇ ਬਸ।

ਬਿੰਦਰ ਦੀ ਜ਼ਿੱਦ ਸੀ। ਮਾਮਾ ਜੀ ਨੇ ਓਦਣ ਕਾਰ 'ਚ ਜਾਣਾ ਸੀ ਸਕੂਲ ਛੱਡਣ। ਦੀਪਾ ਤੇ ਬਿੰਦਰ ਤਿਆਰ ਹੋ ਸਾਜਰੇ ਈ ਬੈਠਗੇ'। ਮਾਮਾ ਜੀ ਨੇ ਸੋਚਿਆ ਹੋਊ, ਬਈ ਘਰੇ 'ਕੱਲਾ ਕੀ ਕਰੂ, ਨਾਲ਼ ਈ ਲੈ ਚਲਦੇ ਐਂ। ਉਹਨਾਂ ਨੇ ਕਿਹਾ ਕੁਛ ਨੀਂ ਸੀ, ਪਰ ਮੈਂ ਸਮਝ ਗਿਆ ਸੀ। ਸੋ ਬੈਠ ਗਿਆ ਪਿਛਲੀ ਸੀਟ ਉੱਤੇ ਦੋਵੇਂ ਪੈਰ ਰੱਖ ਕੇ।

ਖੰਨੇ ਜਾ ਕੇ ਬਿੰਦਰ ਨੇ ਮੇਰੇ ਕੁਛ ਜ਼ਿਆਦਾ ਈ ਨੰਬਰ ਬਣਾਤੇ, ਅਖੇ "ਇਹ ਮੇਰੀ ਭੂਆ ਦਾ ਮੁੰਡਾ, ਇਹਦਾ ਨਾਮ ਮਨਵੀਰ ਸਿੰਘ ਐ। ਇਹ ਨਾਭੇ ਪੀ. ਪੀ. ਐਸ. 'ਚ ਪੜ੍ਹਦੈ।" ਵਗੈਰਾ-ਵਗੈਰਾ। ਮਨਵੀਰ ਸਿੰਘ ਨਾਮ ਉਹਨੇ ਆਪਣੇ ਕੋਲ਼ੋਂ ਮੌਕੇ 'ਤੇ ਆਪ ਈ ਰੱਖਤਾ ਸੀ ਕਿ ਮੰਗਾ ਕੀ ਚੰਗਾ ਲੱਗੂ। ਆਪਾਂ ਵੀ ਚੁੱਪ ਰਹੇ, ਸਪੈਸ਼ਲ ਟ੍ਰੀਟਮੈਂਟ ਕੀਹਨੂੰ ਮਾੜਾ ਲੱਗਦੈ। ਜਦੋਂ ਮੇਰੇ ਤੋਂ ਕੋਈ ਪੀ.ਪੀ.ਐਸ ਬਾਰੇ ਕੁੱਛ ਪੁੱਛੇ, ਮੈਂ ਚੁੱਪ ਹੋ ਜਾਂ ਅਤੇ ਬਿੰਦਰ ਸ਼ੁਰੂ ਹੋ ਜੇ'।

ਵੈਸੇ ਉਹਨਾਂ 'ਚ ਮੈਂ ਅਲੱਗ ਈ ਸੀ ਘਸਮੈਲ਼ਾ ਜਿਹਾ। ਦੀਪਾ ਤੇ ਬਿੰਦਰ ਹੱਦੋਂ ਵੱਧ ਚਿੱਟੇ। ਟਾਈਆਂ ਬੈਲਟਾਂ ਲੱਗੀਆਂ ਆਲ਼ੇ ਸੋਹਣੇ ਸੁਨੱਖੇ। ਮੇਰੇ ਗ਼ਰੀਬ ਦੇ ਡੱਬੀਆਂ ਆਲ਼ਾ ਕੁੜਤਾ ਪਜ਼ਾਮਾ, ਜੂੜੇ 'ਤੇ ਚਿੱਟੀ ਰੁਮਾਲ, ਖ਼ੁਸ਼ਕੀ ਦੇ ਮਾਰੇ ਨੇ ਸਰੋਂ ਦਾ ਤੇਲ ਝੱਸਿਆ ਹੋਇਆ ਸੀ, ਜੋ ਕਾਲ਼ੇ ਮੱਥੇ 'ਤੇ ਪੂਰੀਆਂ ਚਮਕਾਂ ਮਾਰਦਾ ਸੀ।

ਦੀਪੇ ਹੋਰਾਂ 'ਚ ਮੈਂ ਆਏਂ ਲਗਦਾ ਹੋਊਂ ਜਿਵੇਂ ਦੋ ਮਿਲਕ ਬਦਾਮਾਂ 'ਚ ਇਕ ਕੋਕਾ-ਕੋਲਾ ਪਿਆ ਹੁੰਦੈ।

ਮੈਂ ਆਪਦੇ ਸਕੂਲੇ ਕਦੋਂ ਦੇਖੀ ਸੀ ਮੌਰਨਿੰਗ ਅਸੈਂਬਲੀ....। ਪਹਿਲਾਂ ਤਾਂ ਹੁੰਦੀ ਨੀਂ ਸੀ, ਜੇ ਕਦੇ ਹੋਈ ਹੋਊ ਤਾਂ ਯਾਰ ਹੋਰੀਂ ਖਬਰੇ ਕਿੱਥੇ ਦੀਆਂ ਖ਼ਬਰਾਂ ਲੈਂਦੇ ਹੋਣਗੇ।

ਰਾਸ਼ਟਰੀ ਗਾਣ ਚੱਲਦੇ 'ਚ ਵੀ ਬੋਲੀ ਜਾਵਾਂ, "ਮੈਨੂੰ ਨੀਂ ਪਤਾ, ਮੈਨੂੰ ਤਾਂ ਮੇਰੀਆਂ ਟੌਫੀਆਂ ਦੇ, ਦੀਪੇ ਤੋਂ ਲੈ ਕੇ, ਮੈਂ ਨੀਂ ਜਾ... ਨਹੀਂ ਤਾਂ ਦੀਪੇ ਦੀ ਜਮਾਤ 'ਚ ਈ ਬੈਠੂੰ, ਤੇਰੇ ਨਾਲ਼ ਨੀਂ ਬੈਠਦਾ ਅੱਜ...।" ਮੈਂ ਬਿੰਦਰ ਨੂੰ ਆਪਣਾ ਫੈਸਲਾ ਸੁਣਾਇਆ।

ਮੈਨੂੰ ਇਹ ਸੀ, ਬਈ ਟੌਫੀਆਂ ਕਿਤੇ ਦੀਪਾ ਈ ਨਾ ਨਿਘਾਰ ਜਾਵੇ। ਉਹਦੀ ਸੁੱਖ ਨਾਲ਼ ਖ਼ੁਰਾਕ ਵੀ ਚੰਗੀ ਐ। ਮਸਾਂ-ਮਸਾਂ ਚਮਕਣੇ ਕਾਗਜ਼ ਆਲ਼ੀਆਂ ਟੌਫੀਆਂ ਮਿਲਣੀਆਂ ਸਨ। ਨਹੀਂ ਤਾਂ ਪਿੰਡ ਸੰਤਰੇ ਆਲ਼ੀਆਂ, ਚੌੜੀਆਂ-ਚੌੜੀਆਂ ਮੱਛੀਆਂ ਈ ਖਾਂਦੇ ਸੀ।

ਬਿੰਦਰ ਬੇਚਾਰੇ ਨੂੰ ਡਰ ਸੀ ਕਿ ਭੇਦ ਈ ਨਾ ਖੁੱਲ੍ਹ ਜੇ। ਕਹਿੰਦਾ, "ਕਾਲ਼ੇ ਤੈਨੂੰ ਬੈਠਣਾ ਤਾਂ ਮੇਰੇ ਕੋਲ਼ੇ ਪੈਣਾਂ। ਨਾਲ਼ੇ ਚੁੱਪ ਕਰਜਾ ਇਹ ਭਗਵਾਨਪੁਰਾ ਨੀਂ। ਅੰਗਰੇਜ਼ੀ ਸਕੂਲ ਐ, ਜਨ-ਗਨ-ਮਨ 'ਚ ਨੀਂ ਬੋਲ਼ਦੇ ਹੁੰਦੇ।"

ਛੁੱਟੀ ਹੋਣ 'ਚ ਥੋੜ੍ਹਾ ਈ ਸਮਾਂ ਬਾਕੀ ਸੀ। ਮਾਮਾ ਜੀ ਲੈਣ ਆ ਗਏ।

ਪ੍ਰਿੰਸੀਪਲ ਨੇ ਸਾੜ੍ਹੀ ਲਾਈ ਹੋਈ ਸੀ। ਊਂ ਸਾੜ੍ਹੀਆਂ ਉੱਥੇ ਸਾਰੀਆਂ ਨੇ ਹੀ ਲਾਈਆਂ ਹੋਈਆਂ ਸਨ। ਜਿਹੜੀ ਮੈਡਮ ਬਿੰਦਰ ਦੀ ਜਮਾਤ 'ਚ ਸੀ ਮੈਂ ਤਾਂ ਉਹਨੂੰ ਦੇਖ ਕੇ ਈ ਕੁੜ੍ਹੀ ਗਿਆ। ਊਈਂ ਖਿਝੀ ਜਾਵਾਂ, ਬਈ ਇਹਦਾ ਢਿੱਡ ਤਾਂ ਸਾਰਾ ਦਿਖਦੈ, ਸੰਗ ਨੀਂ ਲੱਗਦੀ ਇਹਨੂੰ। ਬੱਚਾ ਸੀ ਸੋਚਦਾ ਸੀ ਸ਼ਹਿਰਨੀਆਂ ਇਹੋ ਜਿਹੀਆਂ ਈ ਹੁੰਦੀਆਂ ਨੇ ਬੇਸ਼ਰਮ।

ਜਦੋਂ ਮਾਮਾ ਜੀ ਨੇ ਸਾਨੂੰ ਲਿਜਾਣ ਲਈ ਪ੍ਰਿੰਸੀਪਲ ਨੂੰ ਬੇਨਤੀ ਕੀਤੀ ਤਾਂ ਮੈਂ ਕੋਲ਼ੇ ਈ ਖੜ੍ਹਾ ਸੀ ਜਾਂ ਇਹ ਕਹਿਣਾ ਸਹੀ ਐ ਕਿ ਮੈਨੂੰ ਘੂਰ ਕੇ ਖੜ੍ਹਾਇਆ ਗਿਆ ਸੀ।

ਮੈਡਮ ਨੇ ਪੀਅਨ ਨੂੰ ਕਹਿ ਉਸ ਮੁੰਡੇ ਨੂੰ ਬੁਲਾ ਲਿਆ। ਮਾਮਾ ਜੀ ਦੇ ਮੂਹਰੇ ਨੂੰ ਕਰਕੇ ਬਹੁਤ ਸ਼ਿਕਾਇਤ ਭਰੇ ਲਹਿਜੇ 'ਚ, "ਗੁਰਚਰਨ ਸਿੰਘ ਜੀ ਥੋਡੇ ਤਾਂ ਬੱਚੇ ਕਿੰਨੇ ਸਿਆਣੇ ਨੇ, ਪਰ...।" ਮੇਰੇ ਵੱਲ ਮੂੰਹ ਕਰਕੇ ਅੱਗੇ ਬੋਲੀ, "ਨਾਲ਼ੇ ਗਰਮੁੱਖ ਤਾਂ ਕਹਿੰਦਾ ਸੀ ਇਹ ਪੀ.ਪੀ. ਐੱਸ. ਦਾ ਸਟੂਡੈਂਟ ਹੈ।" ਉਸ ਮੁੰਡੇ ਦੀ ਕਮੀਜ ਵੱਲ ਹੱਥ ਕਰਕੇ, "ਆਹ ਦੇਖੋ, ਕੀ ਕੀਤਾ ਇਹਨੇ। ਨਾ ਇਹ ਰੀਮੂਵ ਹੀ ਹੋ ਰਿਹੈ। ਅਸੀਂ ਤਾਂ ਕੰਮ ਵਾਲੀ ਆਂਟੀ ਤੋਂ ਵਾਸ਼ ਕਰਾ ਕੇ ਵੀ ਦੇਖ ਲਿਆ।" ਮੁੰਡੇ ਦੀ ਕਮੀਜ਼ ਅਜੇ ਵੀ ਸਲਾਭੀ ਜਿਹੀ ਸੀ, ਗਾਲ਼ਾਂ ਵੀ ਸਾਫ਼ ਪੜ੍ਹੀਆਂ ਜਾ ਰਹੀਆਂ ਸੀ, ਗੰਦੀਆਂ-ਗੰਦੀਆਂ।

ਉਹ ਬਹੁਤ ਗੁੱਸੇ 'ਚ ਸੀ। ਫੇਰ ਥੋੜ੍ਹੀ ਚੁੱਪ ਧਾਰਨ ਤੋਂ ਬਾਅਦ ਬੋਲੀ, "ਮੈਨੂੰ ਤਾਂ... ਤੁਹਾਨੂੰ ਦਿਖਾਉਂਦਿਆਂ ਵੀ ਸ਼ਰਮ ਆਉਂਦੀ ਹੈਗੀ', ਐਨਾ ਗੰਦ-ਮੰਦ ਲਿਖਿਐ... ਐਨੀਆਂ ਗੰਦੀਆਂ ਗੱਲਾਂ ਕਿੱਥੋਂ ਸਿਖਦੈ ਇਹ....!" ਮਾਮਾ ਜੀ ਚੁੱਪ ਸਨ। ਉਹ ਸਿਰਫ ਐਨਾ ਈ ਬੋਲੇ, "ਤੂੰ ਨਾਭੇ ਪੜ੍ਹਨ ਕਿਹਨੇ ਲਾਤਾ ਉਏ ?" ਮੈਂ ਬਿੰਦਰ ਵੱਲ ਦੇਖਿਆ ਤਾਂ ਉਹ ਹੋਰੂੰ ਜੇ ਦੇਖੇ ਕਿ ਫਸਗੇ'....।

ਮਾਮਾ ਜੀ ਵੀ ਹੋਰ ਕੁਛ ਨਾ ਬੋਲੇ ਜਿਵੇਂ ਸ਼ਰਮਿੰਦਾ ਹੋਣ। ਮੈਂ ਇਹੋ ਸੋਚ ਕੇ ਗੁੰਮ-ਸੁੰਮ ਸੀ ਬਈ ਘਰੇ ਬੀਬੀ ਕਰੂ ਤਰਪਾਈ। ਉਹਨੂੰ ਗਾਲ਼ਾਂ ਤੋਂ ਬਹੁਤ ਨਫ਼ਰਤ ਹੈ।

ਮਾਮਾ ਜੀ ਨੇ ਬਾਅਦ 'ਚ ਦੱਸਿਆ, ਬਈ ਮੈਂ ਤਾਂ ਇਹ ਸੋਚ ਕੇ ਹੈਰਾਨ ਸੀ ਕਿ ਐਨੀਆਂ ਗਾਲ਼ਾਂ ਤੂੰ ਲਿਖ ਕਿਵੇਂ ਦਿੱਤੀਆਂ। ਦਿਆਲੋ ਤਾਂ ਕਹਿੰਦੀ, ਤੂੰ ਕਦੇ ਸਕੂਲ ਨ੍ਹੀਂ ਵੜਦਾ। ਕੱਖ ਨ੍ਹੀਂ ਆਉਂਦਾ ਤੈਨੂੰ।


ਜਦੋਂ ਅਸੀਂ ਦਫ਼ਤਰ 'ਚੋਂ ਬਾਹਰ ਨਿੱਕਲ਼ਣ ਲੱਗੇ ਤਾਂ ਉਸ ਬਰੈਲਰ ਜਿਹੇ ਜਵਾਕ ਦੀ ਮੰਮੀ ਆਗੀ' ਉਹਨੂੰ ਲੈਣ। ਉਹ ਮੋਟੀ-ਡਾਹਢੀ ਰੋਡੀ ਜਿਹੀ ਸੀ। ਮਾਮਾ ਜੀ ਨੇ ਵੀ ਡਿੰਘ ਤੇਜ਼ ਕਰਲੀ', ਅਸੀਂ ਵੀ ਕਾਰ ਵੱਲ ਨੂੰ ਭੱਜਲੇ'।

ਓਦੋਂ ਹਰ ਰੋਜ਼ ਕੋਈ ਨਾ ਕੋਈ ਨਵੀਂ ਭਸੂੜੀ ਪੈ ਜਾਂਦੀ। ਘਰ ਜਾ ਕੇ ਕਿਹੜਾ ਸੁੱਖ ਗੁਜਰੀ। ਅਸੀਂ ਆਥਣੇ ਮੋਟਰ 'ਤੇ ਚਲੇ ਗਏ। ਉੱਥੇ ਮਾਮਾ ਜੀ ਦਾ ਇੱਕ ਠਾਣੇਦਾਰ ਦੋਸਤ ਆ ਗਿਆ, ਸ਼ਬਜੀ-ਭਾਜੀ ਲੈਣ। ਉਹ ਦੀਪੇ ਨੂੰ ਪੁੱਛੀ ਜਾਵੇ, "ਉਏ, ਤੂੰ ਰਾਤ ਨੂੰ ਕਿੱਥੇ ਪੈਨਾਂ ਹੁੰਨੈ।" ਕਦੇ ਕਹਿ ਦੇਵੇ, "ਉਏ ਚੂੰ-ਚੂੰ ਸੁਣਦੈ ਹੂੰਨੈ ਮੰਜੇ ਦੀ....।" ਮੈਨੂੰ ਉਹ ਬਹੁਤ ਬੁਰਾ ਲਗਦਾ ਸੀ। ਜਦੋਂ ਵੀ ਆਉਂਦਾ ਸ਼ਰਾਬ ਪੀਤੀ ਹੁੰਦੀ। ਉਸ ਦਿਨ ਉਹਨੇ ਮੈਨੂੰ ਵੀ ਪੁੱਛਿਆ, "ਆੜੀ, ਤੇਰਾ ਪਾਪਾ ਬੇਡੇ ਕੋਲ਼ੇ ਪੈਂਦੈਂ ਜਾਂ ਅਲੱਗ ਸੌਂਦਾ ਹੁੰਦੈ ਮੰਮੀ ਕੋਲ।"

ਉਹ ਹੋਰ ਵੀ ਕੁਛ ਕਹਿਣ ਲੱਗਿਆ ਸੀ, ਪਰ ਸੀਰੀ ਦੇ ਇਸ਼ਾਰੇ 'ਤੇ ਰੁਕ ਗਿਆ। ਉਹਨੂੰ ਸ਼ਾਇਦ ਪਤਾ ਨ੍ਹੀਂ ਸੀ, ਬਈ ਮੈਂ ਕੌਣ ਹਾਂ? ਇਸ ਪਰਵਾਰ ਨਾਲ ਰਿਸ਼ਤਾ ਕੀ ਹੈ? ਕਿਉਂਕਿ ਬੰਦਾ ਜਿੱਡਾ ਵੀ ਮੂਰਖ ਕਿਉਂ ਨਾ ਹੋਵੇ, ਜਿਹੜੇ ਭਾਣਜਿਆਂ ਦੇ ਥਾਂ ਲੱਗਦੇ ਨੇ ਉਹਨਾਂ ਨੂੰ ਐਵੇਂ ਦੇ ਬੇਹੂਦਾ ਸਵਾਲ ਨ੍ਹੀਂ ਕਰਦਾ ਹੁੰਦਾ। ਪਰ ਉਹਨੂੰ ਇਹ ਵੀ ਨ੍ਹੀਂ ਪਤਾ ਸੀ, ਬਈ ਮੇਰਾ ਪਿੰਡ ਕਿਹੜੈ? ਉਹ ਤਾਂ ਮੈਨੂੰ ਜਵਾਕ ਸਮਝਕੇ ਸਵਾਦ ਲੈਂਦਾ ਸੀ। ਪਰ ਮੈਨੂੰ ਸਾਰੀ ਸਮਝ ਸੀ ਕਿ ਉਹ ਕਿਹੜੀ ਚੂੰ-ਚੂੰ ਦੀ ਗੱਲ ਕਰਦੈ ਤੇ ਉਹ ਕਦੋਂ ਹੁੰਦੀ, ਹੁੰਦੀ ਐ।

ਮੈਂ ਦੀਪੇ ਨੂੰ ਦੱਸਿਆ "ਇਹ ਸਾਲ਼ਾ ਆਪਾਂ ਨੂੰ ਗੰਦੀਆਂ ਗੱਲਾਂ ਪੁੱਛਦੈ, ਇਹਦਾ 'ਲਾਜ ਕਰੀਏ...।" ਦੀਪਾ ਸਾਡਾ ਸਾਊ ਵੀ ਬਹੁਤ ਜਿਆਦਾ ਤੇ ਅਣਖੀ ਵੀ ਬਹੁਤ ਜ਼ਿਆਦਾ। ਉਹਨੂੰ ਸਮਝਾਤਾ ਕਿ, ਇਹਦੇ ਸਕੂਟਰ ਦੀ ਤੇਲ ਆਲ਼ੀ ਟੈਂਕੀ 'ਚ ਰੇਤੇ ਦੀ ਮੁੱਠੀ ਪਾਉਣੀ ਐ। ਦੀਪੇ ਨੇ ਝੱਟ ਦੇਣੇ ਓਥੋਂ ਚੁਬੱਚੇ ਦੇ ਮੂਹਰੇ ਇਕੱਠੀ ਹੋਈ ਰੇਤ ਦੀ ਮੁੱਠੀ ਭਰਲੀ'। ਬਸ ਮਿੰਟ 'ਚ ਕਰਤੀ ਢੇਰੀ ਟੈਂਕੀ 'ਚ... ਮੈਂ ਉਹਲਾ ਕਰ ਲਿਆ ਸੀ।

ਪਰ ਸਾਨੂੰ ਉੱਘ-ਸੁੱਘ ਕੋਈ ਨਾ ਨਿੱਕਲ਼ੀ, ਬਈ ਸਕੂਟਰ ਖ਼ਰਾਬ ਹੋਇਆ ਜਾਂ ਨਹੀਂ। ਊਂ ਸਵਾਦ ਬਹੁਤ ਆਇਆ ਬਦਲਾ ਲੈ ਕੇ। "ਸਾਲ਼ਾ ਹੋਇਆ ਚੂੰ-ਚੂੰ ਸੁਣਨ ਦਾ... ਹੁਣ ਸਕੂਟਰ ਦੀ ਕਰੜ-ਕਰੜ ਸੁਣ,.... ਭੈਣ ਦਾ...।" ਹੁਣ ਇਹ ਗੱਲਾਂ ਯਾਦ ਕਰਕੇ ਬਹੁਤ ਹਾਸਾ ਆਉਂਦੈ...।



ਲਾਸ਼ਾਂ ਨਾਲ਼ ਖਿੱਚਾ-ਧੂਈ

ਜੋਰਾ ਵੀਰਾ ਪੜ੍ਹਨੋਂ ਹਟ ਚੁੱਕਿਆ ਸੀ, ਮੈਂ ਤੇ ਤੋਤਾ ਅੱਠਵੀਂ 'ਚ ਹੋਵਾਂਗੇ। ਓਦੋਂ ਸੂਏ 'ਚ ਨਹਾਉਣ ਕਰਕੇ ਘਰੇ ਖੜਕੈਂਤੀ ਬਹੁਤ ਹੁੰਦੀ। ਅਸੀਂ ਸਾਰ ਵੀ ਨ੍ਹੀਂ ਸੀ ਸਕਦੇ ਨਹਾਏ ਬਗੈਰ। ਜੋਰੇ ਵੀਰੇ ਦੇ ਦਿਮਾਗੀ ਹੋਣ ਕਰਕੇ ਸਕੀਮ ਚੱਲਗੀ', ਬਈ ਫੜੇ ਤਾਂ ਆਪਾਂ ਗਿੱਲੀਆਂ ਨਿੱਕਰਾਂ ਤੋਂ ਈ ਜਾਨੇ ਹਾਂ। ਕਿਉਂ ਨਾ ਨੰਗੇ ਈ ਨਹਾਲੀਏ.. ਐਥੇ ਕਿਹੜਾ ਕੋਈ ਦੇਖਦੈ, ਜੇ ਕੋਈ ਤੀਵੀਂ-ਮਾਨੀ ਆਊ, ਆਪਾਂ ਪਾਣੀ 'ਚ ਈ ਖੜ੍ਹੇ ਰਹਾਂਗੇ।

ਓਦਣ ਵੀ ਅਸੀਂ ਜਮਾਂ ਮੂੰਹ ਜੁਬਾਨੀ ਹੋ ਗੇ' ਸੀ ਤਿੰਨੇ ਜਣੇਂ। ਬਾਕੀ ਰਾਜੂ, ਲਾਲੀ ਹੋਰੀਂ ਨਿੱਕਰਾਂ 'ਚ ਸਨ। ਅਸੀਂ ਪੂਰੀ ਮੌਜ-ਮਸਤੀ 'ਚ ਪੁਲ਼ ਤੋਂ ਖੜ੍ਹਕੇ, ਪੁੱਠੀਆਂ ਛਾਲ਼ਾਂ ਮਾਰੀਏ, ਨੱਕ ਨੂੰ ਹੱਥ ਨਾਲ਼ ਬੰਦ ਕਰ-ਕਰ। ਵੈਸੇ ਓਦੋਂ ਬੱਚੇ ਭੋਲ਼ੇ ਈ ਹੁੰਦੇ ਸਨ। ਹੁਣ ਦੇ ਜਵਾਕ ਸੱਤਵੀਂ-ਅੱਠਵੀ ਆਲ਼ੇ ਤਾਂ ਦੂਰ,ਤੀਜੀ-ਚੌਥੀ ਆਲ਼ੇ ਨ੍ਹੀਂ ਲੋਕਾਂ ਸਾਹਮਣੇ ਨੰਗੇ ਹੁੰਦੇ।

ਜਦੋਂ ਪਾਣੀ 'ਚ ਠੰਡ ਮਹਿਸੂਸ ਹੋਣੀ ਤਾਂ ਬਾਹਰ ਨਿੱਕਲ਼ ਤੱਤੇ-ਤੱਤੇ ਰੇਤੇ 'ਚ ਲਿਟਣਾ। ਲੰਬੇ ਪੈ ਕੇ ਆਪਦੇ ਉੱਪਰ ਗਰਮ ਰੇਤਾ ਪਾ ਲੈਣਾ। ਜਦੋਂ ਪੂਰੇ ਤੱਤੇ ਹੋ ਜਾਣਾ, ਫੇਰ ਭੱਜ ਕੇ ਡੁੱਬਕੀ ਲਗਾ ਲੈਣੀ। ਜਿਵੇਂ ਸਮੁੰਦਰ ਕੱਢੇ ਗੋਰੇ ਕਰਦੇ ਨੇ ਸੈਂਡ-ਬਾਥ, ਸੰਨ-ਬਾਥ।

ਹੁਣ ਤਾਂ ਲੋਕ ਦੇਖਾ-ਦੇਖੀ ਲੱਖ ਰੁਪਈਆ ਫੂਕ ਗੋਆ ਘੁੰਮਣ ਜਾਂਦੇ ਨੇ। ਅਸੀਂ ਪਿੰਡ ਈ ਗੋਆ ਬਣਾ ਰੱਖਿਆ ਸੀ। ਓਦੋਂ ਕਿੱਥੇ ਦੇਖਿਆ ਸੁਣਿਆ ਸੀ ਗੋਆ। ਦਿੱਲੀ ਦੂਰ-ਦਰਸ਼ਨ ਨੇ ਤਾਂ ਕਦੇ ਚੱਜ ਨਾਲ਼ ਤਾਜ਼ ਮਹਿਲ ਨ੍ਹੀਂ ਸੀ ਦਿਖਾਇਆ। ਗੋਆ ਦੇ ਨੰਗੇ ਗੋਰੇ ਕੀਹਨੇ ਦੇਖਣੇ ਸੀ।

ਓਦਣ ਵੀ ਤੋਤੇ ਹੋਰਾਂ ਨੇ ਮੈਨੂੰ ਪੂਰਾ ਲਕੋਤਾ ਸੀ ਰੇਤੇ 'ਚ। ਮੇਰਾ ਮੂੰਹ ਈ ਨੰਗਾ ਸੀ। ਪੁਲ਼ ਤੋਂ ਜਦੋਂ ਭੜੀ ਪਨੈਚਾਂ ਆਲ਼ੇ ਪਾਸੇ ਨੂੰ ਉੱਤਰ ਦਿਐਂ ਤਾਂ ਨਿਮਾਣ ਕਾਫੀ ਹੈ। ਖਾਸੀ ਨੀਵੇਂ ਜੇ ਨੂੰ ਜਾ ਕੇ ਰੇਤੇ 'ਚ ਲੁਕਿਆ ਮੈਂ ਸੈਂਡ ਬਾਥ ਦਾ ਅਨੰਦ ਲੈ ਰਿਹਾ ਸੀ। ਐਨੇ ਨੂੰ ਚੂਚਿਆਂ ਆਲ਼ਾ ਭਾਈ (ਛੋਟੂ) ਆ ਗਿਆ। ਸਾਇਕਲ 'ਤੇ ਚੜ੍ਹਿਆ, ਆ ਚੜ੍ਹਿਆ ਪੁਲ ਉੱਤੇ। ਬਿਨਾਂ ਰੁਕੇ ਭੜੀ ਵੱਲ਼ ਨੂੰ ਉੱਤਰ ਗਿਆ। ਛੋਟੇ-ਛੋਟੇ ਚੂਚੇ ਕੈਰੀਅਰ 'ਤੇ ਲੱਦ ਕੇ ਵੇਚਦਾ ਸੀ। ਚੂਚੇ ਗੱਤੇ ਦੇ ਡੱਬੇ 'ਚੋਂ ਮਘੋਰੀਆਂ ਥਾਣੀਂ ਦੇਖਦੇ ਚੀਂ-ਚੀਂ ਕਰਦੇ, ਬਹੁਤ ਪਿਆਰੇ ਲੱਗਦੇ।

ਓਦਣ ਗਰਮੀ ਦੇ ਸਤਾਏ ਨੇ ਮੈਨੂੰ ਰੇਤੇ 'ਚ ਲੁਕੇ ਨੂੰ ਦੇਖਿਆ ਈ ਨਾ ਤੇ ਨਾ ਮੈਂ ਈ ਧਿਆਨ ਦਿੱਤਾ। ਬਸ ਫੇਰ ਜਦੋਂ ਮੂਹਰਲਾ ਟਾਇਰ ਢਿੱਡ ਉੱਤੋਂ ਲੰਘਿਆ ਤਾਂ ਮੈਂ ਛਾਲ ਦੇ ਨਾਲ਼ ਈ ਚੰਘਿਆੜ ਵੀ ਮਾਰਤੀ। ਮੱਛੀ ਵਾਂਗੂ ਤੜਫਿਆ ਮੈਂ। ਉਹ ਬਜੁਰਗ ਬੰਦਾ ਘਬਰਾ ਗਿਆ। ਨੀਵੀਂ ਜਿਹੀ ਖੱਤੀ 'ਚ ਜਾ ਡਿੱਗਿਆ। ਇੱਕ ਪਾਸਿਓਂ ਨਿੱਕਲ਼ਕੇ ਚੂਚੇ, ਚੀਂ-ਚੀਂ ਕਰਦੇ ਭੱਜੇ

ਫਿਰਨ...। ਉਹਨੇ ਪੰਜ-ਸੱਤ ਤਾਂ ਚੋਂਦੀਆਂ-ਚੋਂਦੀਆਂ ਗਾਲ੍ਹਾਂ ਦਿੱਤੀਆਂ। ਨਾਲ਼ੇ ਉੱਠ ਕੇ ਮੈਨੂੰ ਬਾਂਹ ਤੋਂ ਫੜਕੇ ਕਹਿੰਦਾ "ਛੋਟੂ, ਤੇਰੇ ਸੱਟ ਤਾਂ ਨ੍ਹੀਂ ਲੱਗੀ।" ਉਹ ਸਾਰਿਆਂ ਨੂੰ ਈ ਛੋਟੂ ਕਹਿ ਕੇ ਬੋਲਦਾ ਸੀ। ਸਿਆਣਾ ਅਤੇ ਪੁਰਾਣਾ ਹੋਣ ਕਰਕੇ ਕੋਈ ਗੁੱਸਾ ਨਾ ਕਰਦਾ। ਅਸੀਂ ਵੀ ਉਸ ਨੂੰ 'ਚੂਚਿਆਂ ਆਲ਼ਾ ਛੋਟੂ' ਈ ਕਹਿੰਦੇ। ਫੇਰ ਅਸੀਂ ਉਹਦੇ ਚੂਚੇ ਫੜਕੇ ਡੱਬੇ 'ਚ ਪਾ ਕੇ ਤੋਰਿਆ। ਦੋ ਤਿੰਨ ਤਾਂ ਮਰਗੇ ਸੀ ਛੋਟੇ-ਛੋਟੇ ਫਿੱਕੇ ਪੀਲ਼ੇ ਰੰਗ ਦੇ।

ਅੱਧੇ ਕੁ ਘੰਟੇ ਬਾਅਦ ਸਾਈਕਲ 'ਤੇ ਕਹੀ ਲੱਦੀ ਬੇਲਦਾਰ ਆ ਗਿਆ। ਕਹਿੰਦਾ, "ਜਾਓ ਉਏ ਭੱਜ ਜੋ ਘਰ ਨੂੰ.... ਸੂਏ 'ਚ ਨਾ ਵੜਿਓ ਹੁਣ। ਉਹ ਦੇਖੋ ਲਾਸ਼ ਫਸੀ ਪਈ ਐ, ਖੱਬਲਾਂ 'ਚ... ਮੈਂ ਥਾਣੇਦਾਰ ਨੂੰ ਰਪੋਟ ਕਰ ਆਵਾਂ।"

ਪੁਲ਼ ਕੋਲ਼ ਤਾਂ ਪਾਣੀ ਬਹੁਤ ਡੂੰਘਾ ਸੀ, ਪਰ ਪਿੱਛੇ ਹਟਵੇਂ ਖੱਬਲ਼ ਉੱਗੇ ਹੋਏ ਸਨ। ਪੁਲ਼ ਤੋਂ ਪੱਛਮ ਵੱਲ ਨੂੰ ਪੰਜਾਹ ਕੁ ਮੀਟਰ ਦੀ ਵਿੱਥ 'ਤੇ, ਇੱਕ ਬੰਦੇ ਦੀ ਲਾਸ਼ ਫਸੀ ਹੋਈ ਦਿਖੀ। ਲਾਸ਼ ਮੂਧੀ ਪਈ ਸੀ। ਸੂਏ ਵਿੱਚੋਂ ਲਾਸ਼ਾਂ ਦਾ ਵਗਣਾ ਓਦੋਂ ਜੇ ਆਮ ਵਾਂਗੂ ਨ੍ਹੀਂ ਸੀ ਤਾਂ ਟਾਂਵੀ-ਟਾਂਵੀ ਵਗਦੀ ਤਾਂ ਅਸੀਂ ਦੇਖੀ ਐ...। ਇਨ੍ਹਾਂ ਲਾਸ਼ਾਂ 'ਚ ਸਾਂਝੀ ਗੱਲ ਇਹ ਹੁੰਦੀ ਕਿ ਜਿਆਦਾਤਰ ਕੇਸਧਾਰੀ ਮੁੰਡਿਆਂ ਦੀਆਂ ਹੁੰਦੀਆਂ।

ਲਾਸ਼ ਨੂੰ ਫਸੀ ਦੇਖ ਅਸੀਂ ਸੂਏ 'ਚੋਂ ਬਾਹਰ ਆ ਘੁਸਰ-ਫੁਸਰ ਕਰਨ ਲੱਗਪੇ'। ਡਰਦਾ ਮਾਰਾ ਨਾ ਤਾਂ ਕੋਈ ਲਾਸ਼ ਵੱਲ ਤੁਰੇ ਅਤੇ ਨਾ ਨਹਾਉਣਾ ਛੱਡ ਪਿੰਡ ਵੱਲ ਮੂੰਹ ਕਰੇ।

ਤੋਤਾ ਸਾਡਾ ਸ਼ੁਰੂ ਤੋਂ ਈ ਬਹੁਤ ਮਜ਼ਾਕੀਆ ਐ। ਕਹਿੰਦਾ, "ਉਏ ਉਹ ਲਾਸ਼ ਨ੍ਹੀਂ, ਉਹ ਤਾਂ ਕੋਈ ਖੱਬਲ਼ ਫੜੀਂ ਪਿਐ। ਚਲੋ ਯਾਰ ਕੱਢੀਏ, ਬੇਚਾਰੇ ਨੂੰ ਤੈਰਨਾ ਨ੍ਹੀਂ ਆਉਂਦਾ ਹੋਣਾ।" ਉਹ ਵੀ ਹੱਸ ਪਿਆ। ਅਸੀਂ ਵੀ ਹੱਸਪੇ'। ਪਰ ਤੁਰੇ ਤੋਤਾ ਵੀ ਨਾ ਉੱਧਰ ਨੂੰ। ਬਸ ਫੇਰ ਘੜੰਮ ਚੌਧਰੀ ਬਣਨ ਆਲ਼ੀ ਆਦਤ ਨੇ ਮਾਰੀ ਮੇਰੀ ਵੱਖੀ 'ਚ ਹੁੱਜ... ਕਿ ਮੈਂ ਕਿਹੜਾ ਚਿੜੀ ਦਾ ਮੁੰਡੈ...ਮੈਂ ਤਾਂ ਸ਼ੇਰ ਦੈਂ...।

"ਤੋਤੇ ਚੱਲ ਮੇਰੇ ਨਾਲ਼, ਮੈਂ ਖਿੱਚੂੰ ਲੱਤੋਂ ਫੜ ਕੇ।"

"ਆਹੋ ਚੱਲ ਤੂੰ ਐਂ ਉਮਰਾ ਸਿੱਖ।" ਨਹੋਰਾ ਮਾਰ ਕੇ ਤੋਤਾ, ਨੰਗਾ ਈ ਮੇਰੇ ਮੂਹਰੇ ਹੋ ਤੁਰਿਆ। ਨਾਲ਼ੇ ਹੱਸਾਈ ਜਾਵੇ, ਨਾਲ਼ੇ ਡਰਾਈ ਜਾਵੇ। ਕਹਿੰਦਾ, "ਜੇ ਓਹਦੇ 'ਚ ਸਾਹ ਹੋਇਆ, ਕਿਤੇ ਆਪਾਂ ਨੂੰ ਡਬੋ ਈ ਨਾ ਦੇਵੇ।" ਫੇਰ ਕਹਿ ਦਿਆ ਕਰੇ, "ਨਹੀਂ-ਨਹੀਂ ਉਹ ਤਾਂ ਫੁੱਲਿਆ ਪਿਐ। ਖਬਰੇ ਕਿੰਨੇ ਦਿਨਾਂ ਦਾ ਮਰਿਆ ਪਿਆ ਬੇਚਾਰਾ।"

ਅਸੀਂ ਡਰਦੇ-ਡਰਾਉਂਦੇ ਪਹੁੰਚਗੇ' ਲਾਸ਼ ਕੋਲ਼। ਹੁਣ ਮੇਰੀ ਵਾਰੀ ਸੀ, ਲਾਸ਼ ਹਟਾਉਣ ਦੀ ਉਮਰੇ ਸਿੱਖ ਵਾਂਗ। ਮੈਂ, ਤੋਤਾ ਅਤੇ ਉਹ ਅਣਪਛਾਤੀ ਲਾਸ਼ ਤਿੰਨ ਜਣੇਂ ਸੂਏ 'ਚ, ਬਾਕੀ ਪਲਟਣ ਪਟੜੀ 'ਤੇ। ਜੀਹਦੇ 'ਚੋਂ ਕਈ ਤਾਂ ਡਰਾਈ ਜਾਣ, ਇੱਕ-ਦੋ ਹੌਸਲਾ ਵੀ ਦੇਈ ਜਾਣ ਕਿ ਕੁਛ ਨ੍ਹੀਂ ਹੁੰਦਾ, "ਉਮਰੇ ਤੋਂ ਤਾਂ ਨ੍ਹੀਂ ਮਰਿਆ ਹੋਇਆ।" ਕੋਈ ਬੋਲੇ, "ਖਿੱਚ

ਕੇ ਪਰਾਂ ਕਰ, ਤੂੰ ਤਾਂ ਸੱਪ ਤੋਂ ਨ੍ਹੀਂ ਡਰਦਾ। ਮਰਿਆ ਬੰਦਾ ਤੇਰਾ ਕੀ ਕਰਲੂ, ਸ਼ੇਰ ਦਾ ਮੁੰਡੈ... ਤੂੰ ਕਿਹੜਾ ਚਿੜੀ ਦੈਂ...?" ਕਈ ਤਰਾਂ ਦੀ ਹਿੰਮਤ ਮਿਲ ਰਹੀ ਸੀ।

ਪਰ ਮੈਨੂੰ ਡਰ ਤੋਂ ਜ਼ਿਆਦਾ ਲਾਸ਼ 'ਚੋਂ ਗਲਿਆਣ ਆਵੇ, ਪੂਰੀ ਫੁੱਲੀ ਪਈ ਸੀ। ਕਛਿਹਰੇ ਦਾ ਨਾਲ਼ਾ ਮਜ਼ਬੂਤ ਹੋਣ ਕਰਕੇ ਟੁੱਟਿਆ ਨ੍ਹੀਂ ਸੀ, ਪਰ ਖੁੱਭਿਆ ਪਿਆ ਸੀ ਮਾਸ 'ਚ। ਸਿਰ ਉਸਦਾ ਗਲ਼ਿਆ ਪਿਆ। ਖੋਪੜੀ ਜਿਵੇਂ ਗੋਲ਼ੀਆਂ ਮਾਰ ਕੇ ਭੰਨੀ ਹੋਵੇ। ਢਿੱਡ ਐਨਾ ਫੁੱਲਿਆ ਪਿਆ, ਜਿਵੇਂ ਹੁਣੇ ਫਟ ਜੂ'।


ਉਮਰੇ ਤਾਏ ਨੂੰ ਮੈਂ ਦੋ-ਤਿਨ ਵਾਰੀ ਦੇਖਿਆ ਸੀ ਲਾਸ਼ ਆਰਾਮ ਨਾਲ਼ ਖਿੱਚ ਕੇ ਗਾਹਾਂ ਕਰਦੇ ਨੂੰ। ਉਹਨੂੰ ਕੋਈ ਕਾਣਤ ਨ੍ਹੀਂ ਸੀ ਆਉਂਦੀ, ਜਿਵੇਂ ਉਹ ਪੱਥਰ ਦਿਲ ਹੋਵੇ। ਕਹਿੰਦੇ ਉਹਨੇ ਵੰਡ ਵੇਲ਼ੇ ਐਨਾ ਖੂਨ ਖ਼ਰਾਬਾ ਦੇਖਿਆ ਹੋਇਆ ਸੀ, ਉਹਦੇ 'ਤੇ ਅਸਰ ਨ੍ਹੀਂ ਸੀ ਹੁੰਦਾ। ਪਰ ਮੈਂ ਮਸਾਂ ਬਾਰਾਂ-ਤੇਰਾਂ ਸਾਲਾਂ ਦਾ ਜਵਾਕ ਐਵੇਂ ਧੰਧ 'ਚ ਆ ਕੇ ਪੰਗਾ ਲੈਣ ਆਲ਼ਾ। ਇੱਕ ਮੈਨੂੰ ਭੀਰੇ ਮਾਮੇ ਦੀਆਂ ਗੱਲਾਂ ਨੇ ਹੀਰੋ ਬਣਾ ਕੇ ਫਸਾਈ ਰੱਖਿਆ, ਬਈ ਮੈਂ ਨ੍ਹੀਂ ਮਰਦਾ, ਨਾ ਮੈਂ ਡਰਦੈਂ ਕਿਸੇ ਤੋਂ, ਮੈਂ ਤਾਂ ਮਰ ਕੇ ਜੰਮਿਆ ਹੋਇਆ ਹਾਂ ਵਗੈਰਾ-ਵਗੈਰਾ।

ਬਸ ਕਾਇਮ ਜਿਹਾ ਹੋ ਕੇ ਕੰਬਦੀਆਂ ਲੱਤਾਂ ਨੂੰ ਅਕੜਾਕੇ, ਦੰਦਾਂ ਨੂੰ ਦੰਦਾਂ ਉੱਪਰ ਰੱਖ ਕੇ, ਉਸ ਦੀ ਲੱਤ ਖਿੱਚੀ... ਤਾਂ ਕਚ-ਲਹੂ ਦੀ ਤਤੀਰੀ ਮੇਰੇ ਮੂੰਹ 'ਤੇ ਪਈ ਤੇ ਕੁਛ ਛਿੱਟੇ ਜਿਹੇ ਤੋਤੇ 'ਤੇ ਵੀ ਪੈਗੇ'।

ਉਹ ਅੱਗੋਂ ਸਿਰੇ ਦਾ ਡਰਾਮੇਬਾਜ਼, ਮਾਰੀ ਚੰਗਿਆੜ ਕਹਿੰਦਾ, "ਜਿਊਂਦੈ ਇਹ ਤਾਂ ਓਏ... ਭੱਜ ਲੋ...।" ਨਾਲ਼ ਈ ਪਟੜੀ 'ਤੇ ਖੜ੍ਹੇ ਰਾਜੂ ਹੋਰਾਂ ਨੇ ਕੂਕਾਂ ਛੱਡਤੀਆਂ, ਪੈ ਗਈ ਭਾਜੜ....। ਆਪਾਂ ਮਾਰ ਕੇ ਛਾਲ ਪਟੜੀ 'ਤੇ ਹੋਗੇ'। ਲਾਸ਼ ਦੇ ਪੈਰ ਦਾ ਮਾਸ ਮੇਰੇ ਹੱਥਾਂ ਨੂੰ ਚਿਪਕ ਗਿਆ। ਘਬਰਾਏ ਹੋਏ ਤੋਂ ਮੈਥੋਂ ਉਹ ਸੁੱਟਿਆ ਨਾ ਗਿਆ। ਫੇਰ ਜੋਰੇ ਵੀਰੇ ਦੇ ਕਹਿਣ 'ਤੇ ਵਗਾਹ ਮਾਰਿਆ ਪਾਣੀ 'ਚ ਨੂੰ। ਹੱਥ-ਮੂੰਹ ਮਿੱਟੀ ਨਾਲ਼ ਰਗੜਕੇ ਧੋਏ।

ਵੀਹ-ਪੱਚੀ ਮਿੰਟਾਂ ਬਾਅਦ ਫੇਰ ਵੜਗੇ' ਸੂਏ 'ਚ। ਓਦੋਂ ਨੂੰ ਲਾਸ਼ ਪੁਲ ਪਾਰ ਕਰਗੀ' ਸੀ। ਮੇਰੇ ਤਾਂ ਹੱਥਾਂ 'ਚੋਂ ਅਜੇ ਵੀ ਮੁਸ਼ਕ ਨ੍ਹੀਂ ਸੀ ਗਿਆ। ਜਦੋਂ ਹੱਥ ਨਾਲ਼ ਨੱਕ ਬੰਦ ਕਰ ਕੇ ਛਾਲ਼ ਮਾਰੀ ਤਾਂ ਬਦਬੂ ਚੜ੍ਹੀ ਨੱਕ ਨੂੰ...। ਪਰ ਫੱਕਰਾਂ ਨੇ ਆਈ-ਗਈ ਕਰਤੀ'। ਹੁਣ ਲਾਸ਼ ਦੇ ਨਾਲ਼ ਬਦਬੂ ਵੀ ਚਲੀ ਗਈ। ਅਸੀਂ ਫੇਰ ਪੂਰੇ ਜਾਹੋ-ਜਲਾਲ 'ਚ...।

ਮੇਰੀ ਫੁੱਲ ਚੜ੍ਹਾਈ ਨਾਲ਼ ਦਿਆ 'ਚ...। ਅਖੇ, ਕਾਲ਼ਾ ਬਹੁਤ ਦਲੇਰ ਐ, ਇਹ ਨੀ ਡਰਦਾ ਕਿਸੇ ਤੋਂ। ਅੱਜ ਲਾਸ਼ ਤੋਂ ਵੀ ਨ੍ਹੀਂ ਡਰਿਆ। ਬਸ ਆਹੀ 'ਹਾਈ-ਬਾਜ਼ੀ' ਮਰਾਉਂਦੀ ਰਹੀ ਮੈਨੂੰ।



ਅਲਫ ਨੰਗੇ

ਚਾਚੀ ਸੂਏ 'ਚ ਨਹਾਉਂਦਿਆਂ ਦੇ ਸਾਡੇ ਕੱਪੜੇ ਲੈ ਗਈ। ਅਸੀਂ ਆਊਂ-ਕਤਾਊਂ ਦੇਖੀਏ।

ਉਹ ਕੱਪੜੇ ਚੱਕਦੀ ਵੀ ਨਾ ਜੇ ਅਸੀਂ ਪਾਣੀ 'ਚੋਂ ਬਾਹਰ ਆ ਜਾਂਦੇ, ਛਿੱਤਰਾਂ ਨਾਲ਼ ਹੀ ਸਰ ਜਾਣਾ ਸੀ। ਅਸੀਂ ਚਲਾਕੀ ਖੇਡੀ। ਜਦੋਂ ਰਾਜੂ ਨੇ ਦੱਸਿਆ ਸੀ ਬਈ,"ਫਸਗੇ' ਉਏ ਕਾਲ਼ੇ ਤੁਸੀਂ ਤਾਂ, ਤੋਤੇ ਦੀ ਬੀਬੀ ਆਉਂਦੀ ਐ ਸਾਹੋ-ਸਾਹ ਹੋਈ।" ਰਾਜੂ ਦੇ ਮੂੰਹ ਦੇ ਮੋਸ਼ਨ ਉਸਦੀ ਖੁਸ਼ੀ ਦਰਸਾ ਰਹੇ ਸੀ।

ਅਸੀਂ ਤਿੰਨੇ ਜਣੇਂ ਪਾਣੀ 'ਚ ਖੜ੍ਹਗੇ' ਲੁਕ ਕੇ ਪੁਲ਼ ਥੱਲੇ। ਚਾਚੀ ਨੇ ਬਾਕੀਆਂ ਨੂੰ ਪੁੱਛਿਆ, "ਕਿੱਥੇ ਨੇ ਤੋਤੇ ਹੋਰੀਂ ?" "ਉਹ ਤਾਂ ਭੱਜਗੇ' ਜੀ ਮੋਟਰ 'ਤੇ ਨੂੰ।" ਭਿਦੀ ਤੇ ਰਾਜੂ 'ਕੱਠੇ ਬੋਲੇ ਸੀ ।ਪਰ ਕਿੱਥੇ, ਚਾਚੀ ਕੋਲ਼ ਜਿਵੇਂ ਪੂਰੀ ਸੀ. ਆਈ. ਡੀ. ਹੋਵੇ। ਸਾਡੇ ਤਿੰਨਾਂ ਨੂੰ ਮੂੰਹ ਜ਼ੁਬਾਨੀ ਛੱਡ, ਘਰ ਨੂੰ ਤੁਰਗੀ' ਕੱਪੜੇ ਚੱਕ ਕੇ।

ਉਹ ਪੁਲ਼ 'ਤੇ ਖੜ੍ਹੀ ਰਾਜੂ ਹੋਰਾਂ ਨੂੰ ਡਰਾ ਕੇ ਕਹਿ ਰਹੀ ਸੀ, "ਕੱਢ ਲੋ ਬਾਹਰ ਉਹਨਾਂ ਨੂੰ ਨਹੀਂ ਪਿੰਡੇ ਥੋਡੇ ਵੀ ਸੇਕਾਊਂ ਥੋਡੀਆਂ ਮਾਵਾਂ ਤੋਂ। ਜਿਹੜੀਆਂ ਚੌੜੀਆਂ ਹੋ-ਹੋ ਪਈਆਂ ਰਹਿੰਦੀਆਂ ਨੇ। ਥੋਨੂੰ ਲੋਕਾਂ ਦੇ ਨਿਆਣੇ ਪੱਟਣ ਨੂੰ, ਖੁੱਲ੍ਹੇ ਛੱਡ ਕੇ।" ਅਸੀਂ ਡਰੇ ਹੋਏ ਚੁੱਪ-ਚਾਪ ਖੜ੍ਹੇ ਰਹੇ। ਮੈਨੂੰ ਛਿੱਕ ਵੀ ਆਉਣ ਲੱਗੀ ਸੀ, ਪਰ ਜੋਰੇ ਵੀਰੇ ਨੇ ਮੇਰਾ ਨੱਕ-ਮੂੰਹ ਘੁੱਟ ਕੇ ਛਿੱਕ ਵਿੱਚ ਈ ਰੋਕਤੀ ਸੀ।

ਚਾਚੀ ਹੁਣ ਪਿੰਡ ਵੱਲ ਨੂੰ ਅੱਧਾ ਰਸਤਾ ਤੈਅ ਕਰ ਚੁੱਕੀ ਸੀ। ਸਾਡੇ ਲਈ ਮਸਲਾ-ਏ ਬੇ-ਇੱਜਤ ਬਣਾ ਕੇ। ਮੇਰੀ ਉਹ ਮਿੱਥ ਵੀ ਪੂਰੀ ਹੋਣੀ ਈ ਸੀ ਕਿ ਜਦੋਂ ਕਦੇ ਮੇਰੀ ਚੜ੍ਹਾਈ ਹੁੰਦੀ ਹੈ, ਫੇਰ ਉਤਰਾਈ ਉਸ ਤੋਂ ਵੀ ਭੈੜੀ ਹੁੰਦੀ ਹੈ।

ਥੋੜ੍ਹੇ ਮਿੰਟ ਪਹਿਲਾਂ ਮੈਂ ਲਾਸ਼ ਨਾਲ਼ ਦੋ-ਦੋ ਹੱਥ ਕਰਕੇ ਹੀਰੋ ਬਣਿਆ ਹੋਇਆ, ਹੁਣ ਨੰਗ-ਧੜੰਗਾ ਪਾਣੀ 'ਚ ਲੁਕਿਆ ਖੜ੍ਹਾ ਸੀ। ਬੇਚਾਰੇ ਤੋਤਾ ਤੇ ਜੋਰਾ ਵੀਰਾ ਵੀ ਫਸੀ ਗਟਾਰ ਵਾਗੂੰ ਦੇਖਣ। ਬਾਕੀ ਸਾਥੀਆਂ ਨੇ ਥੋੜ੍ਹੇ ਬਹੁਤ ਮਜਾਕ ਕਰਨ ਤੋਂ ਬਾਅਦ, ਕੁਛ ਸਲਾਹਾਂ ਵੀ ਦਿੱਤੀਆਂ। ਦੇਬੀ ਦਾ ਰਾਜੂ ਕਹਿੰਦਾ, "ਓਏ ਅੱਕ ਦੇ ਪੱਤੇ ਤੋੜ ਕੇ ਅੱਗੇ-ਪਿੱਛੇ ਲਾ ਕੇ ਭੱਜ ਲੋ ਘਰਾਂ ਨੂੰ....।" ਲੱਖਾ ਕਹਿੰਦਾ, "ਇੱਕ ਜਣਾਂ ਮੇਰਾ ਝੱਗਾ ਲਵੇਟ ਕੇ, ਪਿੰਡੋਂ ਕੱਪੜੇ ਚੱਕ ਲਿਆਓ।"

ਅਸੀਂ ਫਸੇ ਖੜ੍ਹੇ ਸੀ ਪਰ ਕੋਈ ਤਰੀਕਾ ਨ੍ਹੀਂ ਸੀ ਸੁੱਝ ਰਿਹਾ। ਜੋਰਾ ਵੀਰਾ ਈ ਸੀ ਜੋ ਹੁਣ ਦਿਮਾਗ ਲਾ ਸਕਦਾ ਸੀ। ਉਹਦੀ ਸੂਝ ਬਹੁਤ ਸੂਖਮ ਤੇ ਤਿੱਖੀ ਸੀ। ਮੈਂ ਬਹੁਤ ਵਾਰੀ ਦੇਖਿਆ, ਉਹਨੂੰ ਇੱਖਾਂ-ਝਾੜੀਆਂ 'ਚ ਪਤਾ ਚੱਲ ਜਾਂਦਾ ਕਿ ਸਾਹਾ ਕਿੱਥੇ ਕੁ ਲੁਕਿਐ। ਉਹ

ਪੈੜ ਦੱਬਣ 'ਚ ਮਾਹਰ ਸੀ। ਪੈੜਾਂ ਦੇ ਨਿਸ਼ਾਨ ਦੇਖ ਦੱਸ ਦਿੰਦਾ ਸੀ। ਮਰਾਰੜ੍ਹ ਪਿੰਡ ਦੇ ਸ਼ਿਕਾਰੀਆਂ ਤੋਂ ਸ਼ਿਕਾਰੀ ਕੁੱਤੇ ਨਾਲ਼ ਵੀ ਸਾਹੇ ਦਾ ਸ਼ਿਕਾਰ ਨਾ ਕਰ ਹੁੰਦਾ, ਜਿੰਨੀ ਛੇਤੀ ਉਹ ਕਰ ਲੈਂਦਾ ਸੀ। ਉਸ ਦਿਨ ਵੀ ਉਹਦੀ ਤਰਕੀਬ ਈ ਕੰਮ ਆਈ।

ਸੂਏ ਤੋਂ ਪਿੰਡ, ਮੀਲ ਕੁ ਦੀ ਵਿੱਥ 'ਤੇ ਹੈ। ਪਿੰਡ ਦੇ ਚੜ੍ਹਦੀ ਵਾਲ਼ੇ ਪਾਸੇ ਹੈਪੀ ਹੋਰਾਂ ਨੇ ਨਿਆਈਂ 'ਚ ਅਰਹਰ ਬੀਜੀ ਹੁੰਦੀ ਸੀ। ਜੋਰਾ ਵੀਰਾ ਕਹਿੰਦਾ, "ਜੇ ਸੜਕ ਜਾਂ ਵੱਟੋ-ਵੱਟ ਜਾਂਵਾਗੇ ਤਾਂ ਰਸਤਾ ਦੂਰ ਵੀ ਪਊ, ਨਾਲ਼ੇ ਜਿਹੜਾ ਰਸਤੇ 'ਚ ਮਿਲੂ ਉਹ ਨੰਗ ਦੇਖੂ।" ਜਦੋਂ ਉਹਨੇ 'ਨੰਗ ਦੇਖੂ' ਕਿਹਾ ਤਾਂ ਤੋਤੇ ਨੇ ਨਾਲ਼ੇ ਗਾਲ਼ ਕੱਢੀ...... ਨਾਲ਼ੇ ਜਿਹੜੇ ਅੱਕ ਦੇ ਪੱਤੇ ਤੋੜੇ ਸੀ...... ਉਹ ਸੈੱਟ ਜਿਹੇ ਕਰਲੇ' ਅੱਗੇ-ਪਿੱਛੇ.....।

"ਚੱਪਲਾਂ ਪਾ ਲਓ ਹੱਥਾਂ 'ਚ, ਸ਼ੂਟ ਵੱਟ ਦੇ ਵਿੱਚੋਂ-ਵਿੱਚ, ਸਿੱਧਾ ਅਰਹਰ 'ਚ ਰੁਕਣੈ ਜਾ ਕੇ।"

ਨਾਲ਼ੇ ਕਹਿੰਦਾ, "ਕਾਲ਼ੇ ਓਥੋਂ ਥੋਡੇ ਕੰਨੀ ਵੜਜਾਂਗੇ ਭੱਜ ਕੇ, ਤੇਰੀ ਬੀਬੀ ਨੇ ਕਿਹੜਾ ਘਰੇ ਹੋਣਾ, ਉਹ ਤਾਂ ਆਹ ਟੈਮ ਤਾਈ ਕੋਲ਼ ਹੋਊ ਕਿੱਕਰਾਂ ਥੱਲੇ।"

ਮੈਂ ਕਈ ਵਾਰ ਸੋਚਦਾਂ, ਜੇ ਉਹ ਪੜ੍ਹ ਲਿਖ ਜਾਂਦਾ ਤਾਂ ਆਈ. ਬੀ. 'ਚ ਅਫ਼ਸਰ ਹੁੰਦਾ, ਨਾਲ਼ੇ ਪੂਰੀ ਉਮਰ ਭੋਗਦਾ। ਐਵੇਂ ਭੰਗ ਦੇ ਭਾਣੇ ਤੁਰ ਗਿਆ। ਬਹੁਤ ਦਿਮਾਗ ਸੀ ਉਹਦਾ... ਖੈਰ!

ਅਸੀਂ ਉਹਦੀ ਗੱਲ ਮੰਨੀ, ਭੱਜਦੇ-ਗਿਰਦੇ, ਝਰੀਟਾਂ ਮਰਾਉਂਦੇ ਘਰ ਪੁੱਜਗੇ'।

ਜਿਵੇਂ ਕਹਿੰਦੇ ਨੇ... ਖੰਜੂਰ 'ਤੇ ਲਟਕੇ। ਮੂਹਰੇ ਡੰਗਰ ਡਾਕਟਰ ਨਾਲ਼, ਬਰਾਂਡੇ 'ਚ ਜੈਲਾ ਤਾਇਆ ਖੜ੍ਹਾ। ਹੁਣ ਨਾ ਅੰਦਰ ਵੜਨ ਜੋਗੇ, ਨਾ ਬਾਹਰ ਬੀਹੀ 'ਚ ਖੜ੍ਹਨ ਜੋਗੇ। ਬਾਹਰ ਤੀਵੀਆਂ ਦਾ ਡਰ ਸੀ ਕਿ ਉਹ ਨੰਗ ਦੇਖਣਗੀਆਂ, ਅੰਦਰ ਬੰਦੇ ਦਾ ਡਰ ਸੀ। ਪਰ ਅਜੇ ਉਹਨੇ ਸਾਨੂੰ ਦੇਖਿਆ ਨ੍ਹੀਂ ਸੀ "ਡਾਂਗ ਨਾਲ਼ੋਂ ਤਾਂ ਸਾਲ਼ਿਓ, ਚਾਚੀ ਦੇ ਥੱਪੜ ਈ ਠੀਕ ਨੇ। ਤਾਏ ਨੇ ਤਾਂ ਲੱਤਾਂ ਤੋੜ ਦੇਣੀਆਂ ਨੇ।" ਜੋਰੇ ਵੀਰੇ ਦੀ ਮੰਨ, ਅਸੀਂ ਹੁਣ ਤੱਤ-ਪੜੱਤ 'ਚ ਮਤਾ ਚਾਚੀ ਵੱਲ ਪਾ ਕੇ, ਉੱਧਰ ਨੂੰ ਹੋ ਤੁਰੇ। ਬਸ ਫੇਰ ਚਾਚੀ ਨੇ ਵੀ ਕਿਹੜਾ ਕਸਰ ਛੱਡਣੀ ਸੀ ਨੰਗਿਆਂ ਦੇ ਈ ਪਿੰਡੇ ਸੇਕਤੇ। ਨਾਲ਼ੇ ਸ਼ਰਮਿੰਦਾ ਕੀਤਾ। ਜੋਰਾ ਵੀਰਾ ਤਾਂ ਸਾਡੇ ਤੋਂ ਵੀ ਕਈ ਸਾਲ ਵੱਡਾ ਸੀ।

ਬੜੀ ਭਾਬੀ ਬੋਲੀ "ਇਹਨੂੰ ਤਾਂ ਚਾਹੇ ਮੂਹਰੇ ਸਿਆਲ 'ਚ ਵਿਆਹ ਲੈ। ਬੁੱਢ-ਬਲੇਡ ਨੂੰ, ਸ਼ਰਮ ਨ੍ਹੀਂ ਆਈ ਭੋਰਾ ਨੰਗੇ ਨਹਾਉਂਦੇ ਨੂੰ!"

ਜੋਰੇ ਵੀਰੇ ਦੇ ਇੱਕ ਹੋਰ ਪਿਆ ਡੰਡਾ, ਨਾਲ਼ੇ ਚਾਚੀ ਕਹਿੰਦੀ, "ਆਉਣ ਦੇ ਚਰਨੇ ਭਾਈ ਜੀ ਨੂੰ। ਕਹਿਨੀ ਐ, ਵੀ ਇਹਦਾ ਨਾਤਾ ਕਰ ਕਿਤੇ। ਨਹੀਂ ਤਾਂ ਇਹ ਸਾਡੇ ਜਵਾਕ ਪੱਟ ਦੂ'। ਉੱਪਰ ਥੱਲੇ ਦਾਹੜੀ ਉਤਰ ਆਈ ਐ ਇਹਦੇ ਚੌਰੇ ਦੇ। ਮੈਂ ਤਾਂ ਹੈਰਾਨ ਆਂ, ਲਾਸ਼ ਤੋਂ ਨ੍ਹੀਂ ਡਰੇ ਇਹ ਕੰਜਰ।"

ਮੇਰੇ ਇੱਕ ਹੋਰ ਪਿਆ ਮੂੰਹ 'ਤੇ, ਬੂਹੇ ਤੋਂ ਫੜ ਕੇ ਕਹਿੰਦੀ, "ਨਾ ਤੂੰ ਮਸਾਂ-ਮਸਾਂ ਰੱਖਿਆ ਤੇਰੀ ਮਾਂ ਨੇ, ਕੀ ਔਂਗ ਲੱਗੀ ਹੋਈ ਤੀ ਤੇਰੇ ਲੈਣ ਦੀ। ਉਂ ਤਾਂ ਤੂੰ ਕਦੇ ਗਿੱਟਿਆਂ ਤੋਂ ਮੈਲ਼ ਨੀ 'ਤਾਰੀ ਹੋਂ'.... ਬੇਸ਼ਰਮ ਕਿਸੇ ਥਾਂ ਦਾ।" ਚਾਚੀ ਸਾਡੀ ਦਾ ਠਾਣੇਦਾਰ ਜਿਨਾਂ ਰੋਹਬ ਹੈ ਹੁਣ ਵੀ। ਤੋਤੇ ਦਾ ਵਧੀਆ ਸੀ, ਜਦੋਂ ਕੁੱਟ ਪੈਣੀ ਹੁੰਦੀ ਪਹਿਲਾਂ ਈ ਸਾਹ ਚੜ੍ਹਾ ਕੇ ਰੋਣ ਲੱਗ ਜਾਂਦਾ।

ਹੁਣ ਜੇਰਾ ਵੀਰਾ ਨਿੱਕਰ ਪਾ ਕੇ ਆਪਣੇ ਘਰ ਨੂੰ ਤੁਰ ਪਿਆ। ਤੋਤੇ ਨੂੰ ਚਾਚੀ ਨਹਾਉਣ ਲੱਗ ਪੀ। ਪਰ ਮੇਰੀ ਤਰਪਾਈ ਅਜੇ ਹੋਰ ਹੋਣੀ ਸੀ। ਬੀਬੀ ਨੇ ਅਜੇ ਸ਼ਿਫਟ ਲਾਉਣੀ ਸੀ ਪਤਾ ਲੱਗਣ 'ਤੇ।

ਮੇਰੇ 'ਚ ਇੱਕ ਪ੍ਰਵਿਰਤੀ ਜੋ ਸ਼ਾਇਦ ਅੱਖਾਂ ਖੁੱਲ੍ਹਣ ਤੋਂ ਪਹਿਲਾਂ ਈ ਪ੍ਰਬਲ ਸੀ ਜਾਂ ਫੇਰ ਜਨਮ ਵਾਲੇ ਦਿਨ ਦੀਆਂ ਭੀਰੇ ਮਾਮੇ ਦੀਆਂ ਕਹੀਆਂ ਗੱਲਾਂ ਕਰਕੇ ਆਈ ਹੋਊ। ਕੋਈ ਵੀ ਕੰਮ, ਜਿਹੋ ਜਿਹਾ ਮਰਜ਼ੀ ਹੋਵੇ, ਇੱਕ ਕੰਪਿਊਟਰ ਤੇ ਅੰਗਰੇਜ਼ੀ ਨੂੰ ਛੱਡ ਕੇ, ਮੈਨੂੰ ਹੁੰਦੇ ਬਈ ਮੈਂ ਸਭ ਤੋਂ ਵਧੀਆ ਕਰ ਸਕਦੈਂ। ਇਸੇ ਫੀਲਿੰਗ ਨੇ ਮੈਨੂੰ ਹਮੇਸ਼ਾਂ ਫਸਾਈ ਰੱਖਿਆ।

✦✦✦✦✦

ਖਾੜਕੂਵਾਦ ਦਾ ਡਰ ਅਤੇ ਕਬੱਡੀ

ਇਸ ਜੂੜਾ ਕਟਵਾਉਣ ਵਾਲ਼ੀ ਮੂਰਖਤਾ ਕਰਕੇ ਮੇਰੇ ਕੁੱਟ ਨਾ ਪਈ ਤੇ ਨਾ ਈ ਦੋਬਾਰਾ ਕੇਸ ਰੱਖਣ ਲਈ ਜ਼ੋਰ ਪਾਇਆ ਗਿਆ। ਇਸਦਾ ਮੈਨੂੰ ਹੁਣ ਤੱਕ ਅਫਸੋਸ ਰਿਹਾ ਤੇ ਰਹਿਣੈ। ਬੇਸ਼ੱਕ ਮੈਂ ਸ਼ਰਧਾਲੂ ਕਿਸਮ ਦਾ ਬੰਦਾ ਨਹੀਂ ਹੈਗਾ, ਪਰ ਸੱਭਿਆਚਾਰਕ ਜ਼ਰੂਰ ਹਾਂ। ਉਦੋਂ ਜੇ ਕੋਈ ਕੇਸ ਕਟਵਾ ਲੈਂਦਾ ਤਾਂ ਘਰਦੇ ਕੁੱਟਦੇ ਬਹੁਤ ਸੀ। ਫੇਰ ਰੋਡੇ-ਭੋਡੇ ਹੋਣ ਦੀ ਇੱਕ ਹਨੇਰੀ ਜਿਹੀ ਝੁੱਲੀ, ਜਿਸਦਾ ਮੈਂ ਵੀ ਸ਼ਿਕਾਰ ਹੋਇਆ।

ਦਰਅਸਲ ਮੈਨੂੰ ਇੱਕ ਬਹਾਨਾ ਮਿਲ ਗਿਆ ਸੀ ਜਾਂ ਕਹਿਲੋ ਹਲਾਤ ਨੇ ਇੱਕ ਮੌਕਾ ਬਣਾਤਾ ਸੀ। ਇੱਕ ਕਾਂਡ...ਜੋ ਹੋਣ ਲੱਗਿਆ ਸੀ ਪਰ ਹੋਇਆ ਨ੍ਹੀਂ ਸੀ। ਨਹੀਂ ਤਾਂ ਹੋ ਚੱਲਿਆ ਸੀ "ਰਾਮ ਨਾਮ ਸੱਤ"। ਉਸ ਕਾਂਡ ਨੇ ਡਰਾ ਈ ਐਨਾ ਦਿੱਤਾ ਸੀ, ਮੈਨੂੰ ਵੀ ਤੇ ਬੀਬੀ ਨੂੰ ਵੀ... ਕਿ ਧਾਰਮਿਕਤਾ ਵੀ ਪੈਰ ਨਾ ਲਾ ਸਕੀ ਸੀ ਮਾਂ ਦੀ ਮਮਤਾ ਮੂਹਰੇ, ਡਰ ਦੀ ਮਾਰੀ।

***

91ਵੇਂ-92ਵੇਂ ਦੀ ਸਰਦੀਆਂ ਦੀ ਗੱਲ ਹੋਊ। ਮੁੱਛ ਫੁੱਟ ਰਹੀ ਸੀ, ਲੂਈਂ-ਲੂਈਂ ਦਾਹੜੀ ਵੀ ਉਗ ਰਹੀ ਸੀ। ਆਵਾਜ਼ ਹੁਣ ਬੱਚਿਆਂ ਤੋਂ ਬਦਲ ਕੇ ਬੰਦਿਆਂ ਵਾਂਗੂ ਭਾਰੀ ਹੋ ਚੱਲੀ ਸੀ। ਜਵਾਨੀ, ਬਚਪਨ ਨੂੰ ਧੱਕ ਕੇ ਆਪ ਚੜ੍ਹ ਰਹੀ ਸੀ ਤੇ ਚੜ੍ਹੀ ਜਵਾਨੀ ਕਬੱਡੀ ਦੇ ਮੈਦਾਨਾਂ 'ਚ ਬਾਘੀਆਂ ਪਾ ਰਹੀ ਸੀ।

ਟੀਮ 'ਚ ਮੈਂ, ਦਰਸ਼ਣ ਭੜੀ ਅਤੇ ਰਾਜ ਕੁਮਾਰ ਮਰਾਰਡੂ ਮੁੱਖ ਖਿਡਾਰੀ ਹੁੰਦੇ ਸੀ। ਅਸੀਂ ਕਰੀਬ-ਕਰੀਬ ਹਰੇਕ ਜਗ੍ਹਾ ਤੋਂ ਜਿੱਤ ਰਹੇ ਸੀ। ਤੁਰੇ ਈ ਰਹਿੰਦੇ, ਇੱਕ ਪਿੰਡ ਤੋਂ ਦੂਜੇ ਪਿੰਡ...। ਨਾਲ ਈ ਬੈਗ ਅਤੇ ਸਟੀਲ-ਪਿੱਤਲ਼ ਦੇ ਭਾਂਡੇ ਚੱਕੀਂ ਰੱਖਦੇ, ਜੋ ਇਨਾਮ 'ਚ ਮਿਲਦੇ। ਨੇੜੇ-ਤੇੜੇ ਸਾਈਕਲਾਂ 'ਤੇ ਅਤੇ ਦੂਰ-ਦੁਰਾਡੇ ਲੋਕਾਂ ਤੋਂ ਲਿਫਟ ਵਗੈਰਾ ਲੈ ਕੇ ਧੂੜ ਫੱਕਦੇ ਰਹਿੰਦੇ।

ਓਦਣ ਵੀ ਅਸੀਂ ਬੀਜੇ ਪਿੰਡ ਤੋਂ ਜੇਤੂ ਹੋ ਕੇ ਵਾਪਸ ਆ ਰਹੇ ਸੀ। ਪਰ ਇਹ ਪਹਿਲੀ ਵਾਰ ਸੀ ਕਿ ਸਮਾਨ ਦੀ ਥਾਂ ਪੈਸੇ ਮਿਲੇ ਸਨ ਇਨਾਮ 'ਚ...। ਪਿੱਛੋਂ ਅਸੀਂ ਹਰਿਆਣੇ ਦੀ ਟੀਮ ਨਾਲ਼ ਮੈਟਾਡੋਰ 'ਚ ਬੈਠ ਕੇ ਮੰਡੀ ਗੋਬਿੰਦਗੜ੍ਹ ਪਹੁੰਚਗੇ'। ਅਸੀਂ ਉੱਤਰਗੇ ਤੇ ਉਹ ਸਿੱਧੇ ਲੰਘ ਗਏ।

ਉੱਥੇ ਅਮਲੋਹ ਆਲ਼ੇ ਪਾਸੇ ਨੂੰ ਖੜ੍ਹੇ ਦੇਖ ਰਹੇ ਸੀ ਕਿ ਕੋਈ ਟਰਾਲੀ ਵਗੈਰਾ ਈ ਮਿਲਜੇ' ਤਾਂ ਲਮਕ ਕੇ ਟਿਕਾਣੇ ਪਹੁੰਚ ਜਾਈਏ। ਨਾ ਹੁਣ ਬਸ ਦਾ ਸਮਾਂ ਸੀ, ਨਾ ਕੋਈ ਰਾਤ-ਬਰਾਤੇ ਰਾਹ ਖੜ੍ਹੇ ਨੂੰ ਆਏ ਲਿਫਟ ਦਿੰਦਾ ਸੀ। ਮਾਹੌਲ ਮਾਰ-ਧਾੜ ਪੱਖੋਂ ਘੱਟ ਗਿਆ ਸੀ ਪਰ ਫੇਰ ਵੀ ਟਿੱਕਾ-ਦੁੱਕਾ ਘਟਨਾਵਾਂ ਹੁੰਦੀਆਂ ਰਹਿਣ ਕਰਕੇ ਡਰ ਬਣਿਆ ਹੋਇਆ ਸੀ।

ਕੋਈ ਨ੍ਹੀਂ ਸੀ ਰੁਕ ਰਿਹਾ । ਇੱਕ ਹੋਰ ਬੰਦਾ ਵੀ ਖੜ੍ਹਾ ਸੀ । ਪਰ ਉਹ ਸਾਡੇ ਤੋਂ ਪਰੇ ਨੂੰ ਹੋਈ ਜਾਵੇ । ਜਦੋਂ ਕਿ ਉਹ ਸਾਨੂੰ ਇੱਕ ਸਹਾਰੇ ਵਾਂਗ ਲੱਗ ਰਿਹਾ ਸੀ ਕਿ ਚਲੋ ਇੱਕ ਸਿਆਣਾ ਬੰਦਾ ਵੀ ਹੈਗਾ, ਕੋਈ ਨਾ ਕੋਈ ਤਾਂ ਰੁਕੂ ਹੀ । ਇੱਕ ਟੈਂਪੂ ਰੁਕਿਆ, ਉਸ ਮੱਥਾਂ ਲੱਦੀਆਂ ਆਲੇ ਭਾਈ ਨੇ ਉਹਨੂੰ ਤਾਂ ਚੜ੍ਹਾ ਲਿਆ, ਪਰ ਸਾਨੂੰ ਨ੍ਹੀਂ... । ਡਰ ਅਤੇ ਹਨੇਰਾ ਦੋਵੇਂ ਤੇਜ਼ੀ ਨਾਲ ਵਧ ਰਹੇ ਸੀ । ਦਰਸ਼ਣ ਭੜੀ ਜਿੰਨਾਂ ਗਰਾਊਂਡ 'ਚ ਦਲੇਰ ਹੁੰਦਾ ਸੀ ਓਨਾ ਈ ਬਾਹਰ ਡਰਪੋਕ । ਸਾਨੂੰ ਵੀ ਡਰਾਈ ਜਾਵੇ, ਪੁਲਸ ਤੇ ਖਾੜਕੂਆਂ ਦੇ ਕਿੱਸੇ ਸੁਣਾ-ਸੁਣਾ। ਵਾਰ-ਵਾਰ ਕਹੀ ਜਾਵੇ, "ਅੱਜ ਨ੍ਹੀਂ ਬਚਦੇ...।" ਜਿਆਦਾ ਡਰਿਆ ਹੋਇਆ ਬੰਦਾ ਹੌਂਸਲੇ ਵੀ ਬੜੇ ਦਿੰਦਾ ਹੁੰਦੈ । ਕਦੇ ਕਹਿ ਦੇਵੇ, "ਆਪਾਂ ਤਾਂ ਖਿਡਾਰੀ ਹਾਂ, ਲੰਗੋਟ ਆਪਣੇ ਕੋਲ਼ ਨੇ, ਪੁਲਸ ਹੋਵੇ ਭਾਂਵੇ ਖਾੜਕੂ, ਆਪਾਂ ਨੂੰ ਨ੍ਹੀਂ ਕੁਛ ਕਹਿੰਦੇ ।"

ਗੱਲ ਉਹਦੀ ਸਹੀ ਸੀ, ਪਰ ਐਨੀ ਵੀ ਸਹੀ ਨ੍ਹੀਂ ਸੀ । ਉਹਨਾਂ ਦਿਨਾਂ 'ਚ ਸ਼ਿੰਦਾ ਵੀ ਤਾਂ ਮਾਰਤਾ ਸੀ । ਉਹ ਵੀ ਤਾਂ ਖਿਡਾਰੀ ਹੀ ਸੀ । ਖਿਡਾਰੀ ਵੀ ਜਮਾਂ ਸਿਰੇ ਦਾ। ਖੜ੍ਹੇ ਬੰਦੇ ਉੱਤੋਂ ਦੀ ਛਾਲ ਮਾਰ ਦਿੰਦਾ ਸੀ । ਲਵੇ-ਲੌਂਣੇ ਤਾਂ ਕੀ ਤਿੰਨ-ਚਾਰ ਨਾਲ਼ ਲੱਗਦੇ ਜਿਲ੍ਹਿਆਂ 'ਚ ਨਾਂ ਸੀ ਉਸਦਾ । ਹੌਲੇ ਜਿਹੇ ਕੱਦ ਦਾ ਚੁੱਪ-ਚੁੱਪ ਰਹਿਣ ਵਾਲ਼ਾ, ਕਦੇ ਸਿਰ ਤੋਂ ਪਰਨਾ ਨ੍ਹੀਂ ਸੀ ਡਿਗਣ ਦਿੰਦਾ। ਉਹ ਰੁਮਾਲ ਬੰਨ੍ਹਣ ਦੀ ਬਜਾਏ, ਗੋਲ਼ ਪਰਨਾ ਬੰਨ੍ਹ ਕੇ ਖੇਡਦਾ। ਮਾਰਿਆ ਵੀ ਉਹਨੂੰ ਅਮਲੋਹ ਈ ਸੀ, ਜਿੱਥੇ ਅਸੀਂ ਜਾ ਰਹੇ ਸੀ। ਕਹਿੰਦੇ, ਗੰਨੇ ਦੇ ਰਸ ਕੱਢਣ ਆਲ਼ੀ ਘਲਾੜੀ ਦੇ ਪਟੇ 'ਚ ਫਸ ਗਿਆ ਸੀ, ਪੁਲਿਸ ਤੋਂ ਛੁਡਾ ਕੇ ਭੱਜਿਆ ਆਉਂਦਾ ।

ਖ਼ੈਰ ! ਸਾਡੇ ਲਈ ਓਦਣ ਬਹੁਤ ਔਖੀ ਘੜੀ ਸੀ । ਨਾ ਅਸੀਂ ਨਿਆਣਿਆਂ 'ਚ ਸੀ ਨਾ ਸਿਆਣਿਆਂ 'ਚ... ।

ਖ਼ਾਸਾ ਚਿਰ ਬਾਅਦ ਇੱਕ ਟਰੱਕ ਰੁਕਿਆ, ਕਿਸੇ ਜਨਾਨੀ ਨੂੰ ਉਤਾਰਨ ਲਈ... ਅਸੀਂ ਭੱਜ ਕੇ ਕੋਲ਼ ਹੋਗੇ'। ਰਾਜ ਕੁਮਾਰ ਕਹਿੰਦਾ, "ਵੀਰੇ ਚਹਿਲ ਤੱਕ ਲੈ ਜਾ ਸਾਨੂੰ ...।" ਡਰਾਈਵਰ ਜੋ ਉਸ ਜਨਾਨੀ ਨੂੰ ਕਿਸੇ ਨਾਲ਼ ਬੈਠਾ ਕੇ ਦੁਬਾਰਾ ਟਰੱਕ ਤੋਰਨ ਲੱਗਿਆ। ਬੜਾ ਚਲਾਕ ਜਿਹਾ ਸੀ ਉਹ, ਜਿਵੇਂ ਹਰਾਮੀ ਜੇ ਬੰਦੇ ਹੁੰਦੇ ਨੇ । ਅਸੀਂ ਉਹਦੀਆਂ ਮਿੰਨਤਾਂ ਕੀਤੀਆਂ ਹਾੜ੍ਹੇ ਕੱਢੇ ਕਿ ਅਸੀਂ ਖਿਡਾਰੀ ਹਾਂ, ਬੀਜੇ ਪਿੰਡ ਤੋਂ ਇਨਾਮ ਲੈ ਕੇ ਆਏ ਹਾਂ। ਲੰਗੋਟ ਦਿਖਾਏ, ਦਰਸ਼ਣ ਤਾਂ ਰੋਣ ਵੀ ਲੱਗ ਪਿਆ ਸੀ ।

ਫੇਰ ਉਹ ਮੰਨ ਗਿਆ, ਕਹਿੰਦਾ, "ਪਰ ਆਹ ਕਾਲ਼ੀਆਂ ਲੋਈਆਂ ਉਤਾਰ ਕੇ ਬੈਠੋ ਨਹੀਂ ਤਾਂ ...।" ਅਸੀਂ ਸਮਝਗੇ, ਬਈ ਇਹ ਪੁਲਸ ਤੋਂ ਡਰਦਾ ਹੈ ।

ਉਹਨਾਂ ਦਿਨਾਂ 'ਚ ਸਕੂਲ ਦੀ ਵਰਦੀ ਵੀ ਖਾੜਕੂਆਂ ਵੱਲੋਂ ਦੱਸੀ ਲੱਗੀ ਹੋਈ ਸੀ। ਮੁੰਡਿਆਂ ਲਈ ਕਾਲ਼ੀ ਪੈਂਟ, ਚਿੱਟੀ ਕਮੀਜ਼ ਅਤੇ ਪੀਲ਼ੀ ਪੱਗ। ਕੁੜੀਆਂ ਲਈ ਕਾਲ਼ੀ ਸਲਵਾਰ, ਚਿੱਟੀ ਕੁੜਤੀ ਅਤੇ ਦੁਪੱਟਾ ਪੀਲੇ ਰੰਗ ਦਾ। ਬਾਕੀ ਕਾਲ਼ੀ ਲੋਈ ਸਾਡੇ ਵਰਗੇ ਮੂਰਖ ਐਵੇਂ ਲੈ ਲੈਂਦੇ, ਜਿਵੇਂ ਟੌਹਰ ਜਿਹੀ ਬਣਾਉਣੀ ਹੋਵੇ। ਬਸ ਵਹਾਅ ਜਿਹਾ ਸੀ ਇੱਕ, ਲੋਈ ਲੈਂਦੇ

ਵੀ ਇੱਕ ਸੋਹਬਾ ਨੇਗਾ ਰੱਖ ਕੇ। ਵਿਦਾਇਗੀ ਪਾਰਟੀ ਆਲ਼ੇ ਦਿਨ ਤਿੰਨ-ਤਿੰਨ ਜਣੇ ਹੀਰੋ ਹੌਂਡਾ ਮੋਟਰਸਾਈਕਲ 'ਤੇ ਬੈਠ ਫੋਟਿਆਂ ਖਿਚਵਾਉਂਦੇ । ਖ਼ੈਰ।

ਅਸੀਂ ਟਰੱਕ 'ਚ ਬੈਠਗੇ'। ਟਰੱਕ ਤੁਰ ਪਿਆ ਅਮਲੋਹ ਵੱਲ ਨੂੰ । ਥੋੜ੍ਹਾ ਸਾਹ ਜਿਹਾ ਆਇਆ । ਬੋਚਕੇ ਜੇ "ਵੀਰੇ, ਪੈਸੇ ਲੈਣੇ ਨੇ ਕਿਰਾਏ ਦੇ ਪੈਸੇ ਲੈ ਲਵੀਂ ਜੇ ਆਹ ਰੀਲ ਲੈਣੀ ਆ ਤਾਂ ਇਹ ਸਹੀ... ।" ਕਹਿ ਕੇ ਮੈਂ ਉਹਨੂੰ ਹੰਸ ਰਾਜ ਹੰਸ ਦੀ, 'ਪੱਤਾ-ਪੱਤਾ ਸਿੰਘਾਂ ਦਾ ਵੈਰੀ' ਕੈਸਟ ਦਿਖਾਈ। ਜਿਹੜੀ ਅਸੀਂ ਟੂਰਨਾਮੈਂਟ ਤੋਂ ਚੱਕ ਕੇ ਲਿਆਏ ਸੀ। ਓਦੋਂ ਕੋਈ ਵੀ ਟੂਰਨਾਮੈਂਟ ਨ੍ਹੀਂ ਸੀ ਹੁੰਦਾ, ਜਿੱਥੇ ਇਹ ਕੈਸਟ ਨਾ ਵੱਜਦੀ ਹੋਵੇ। ਬਲਕਿ ਇਹੋ ਈ ਲਾਉਂਦੇ ਰਹਿੰਦੇ ਸੀ ਰਪੀਟ ਕਰਕੇ । ਮਹੌਲ ਮੁਤਾਬਕ ਸੀ ਤੇ ਦੂਜੀ ਗਾਈ ਵੀ ਹੰਸ ਰਾਜ ਹੰਸ ਨੇ ਪੂਰੀ ਰੂਹ ਨਾਲ਼ ਸੀ ।

ਉਹ ਡਰਾਈਵਰ ਮੇਰੀ ਦਿੱਤੀ ਆਫ਼ਰ ਸੁਣ ਕੇ ਕਹਿੰਦਾ, " ਨਾ ਯਾਰ ! ਤੁਸੀਂ ਪੈਸੇ ਵੀ ਨਾ ਦਿਓ, ਨਾ ਮੈਨੂੰ ਇਹ ਰੀਲ ਚਾਹੀਦੀ ਆ, ਤੁਸੀਂ ਮੈਨੂੰ ਮਰਾ ਨਾ ਦਿਓ ।" ਜਿਵੇਂ ਉਹ ਡਰਿਆ ਹੋਇਆ ਹੋਵੇ ।

ਫੇਰ ਪਤਾ ਨ੍ਹੀਂ ਉਹਦੇ ਮਨ 'ਚ ਕੀ ਆਇਆ । ਮੈਥੋਂ ਫੜਕੇ ਉਹਨੇ ਕੈਸਟ ਲਗਾ ਤੀ'। ਨਾਲ਼ੇ ਸਿੱਧਾ ਬੰਨ੍ਹਿਆ ਪਰਨਾ ਘੁਮਾ ਕੇ ਭਾਊਆਂ ਵਾਂਗੂ ਕਰ ਲਿਆ। ਜਿਹੜੀ ਮੱਥੇ 'ਤੇ ਨੂੰ ਚੁੰਜ ਜਿਹੀ ਬਣੀ ਹੁੰਦੀ ਐ, ਉਹ ਘੁਮਾ ਕੇ ਕੰਨ ਕੋਲ਼ ਕਰਲੀ'। ਸ਼ੀਸ਼ੇ 'ਚ ਨੂੰ ਦੇਖ ਉਹਨੇ ਰੋਹਬ ਆਲ਼ਾ ਮੂੰਹ ਬਣਾ ਲਿਆ।

ਪਹਿਲਾਂ ਉਹ ਸਾਡੇ ਤੋਂ ਡਰਦਾ ਸੀ ਕਿ ਇਨ੍ਹਾਂ ਦੀਆਂ ਪੀਲ਼ੀਆਂ ਪੱਗਾਂ ਤੇ ਕਾਲ਼ੀਆਂ ਲੋਈਆਂ ਕਿਤੇ ਪੰਗਾ ਈ ਨਾ ਪਵਾ ਦੇਣ । ਹੁਣ ਉਸ ਵੱਲ ਦੇਖ ਅਸੀਂ ਡਰੀਏ । ਉਹ ਵਾਰ- ਵਾਰ ਸਿਰ ਨੂੰ ਘੁੰਮਾਉਂਦਾ ਗਾਣੇ 'ਚ ਮਸਤ ਹੋਇਆ ਸਾਨੂੰ ਖਾੜਕੂਆਂ ਵਾਂਗ ਲੱਗ ਰਿਹਾ ਸੀ ।

ਰੱਬ-ਰੱਬ ਕਰਦੇ ਅਮਲੋਹ ਪੁੱਜਗੇ'। ਚੈਕਿੰਗ ਕਰਨ ਲਈ ਟਰੱਕ ਇੱਕ ਪਾਸੇ ਲਗਾ ਲਿਆ। ਡਰਾਈਵਰ ਨੇ ਥੋੜ੍ਹਾ ਪਿੱਛੋਂ ਹੀ ਪਰਨਾ ਸਿੱਧਾ ਕਰਕੇ ਡੈੱਕ ਬੰਦ ਕਰ ਲਿਆ ਅਤੇ ਥੱਲੇ ਉੱਤਰ ਗਿਆ । ਪਰ ਅਸੀਂ ਹੈਰਾਨ ਸੀ, ਬਈ ਉਹਨੇ ਬੀੜੀ ਕਿਉਂ ਲਗਾ ਲਈ ਸੀ। ਜਦੋਂ ਕਿ ਪਿੱਛੋਂ ਚੈਕਿੰਗ ਹੋਣ ਬਾਰੇ ਸਾਨੂੰ ਸਾਫ ਪਤਾ ਲੱਗ ਗਿਆ ਸੀ। ਨਾਕਾ ਲੱਗਣ ਕਰਕੇ ਗੱਡੀਆਂ ਹੌਲੀ ਤੁਰਨ ਲੱਗਪੀਆਂ ਸਨ। ਇਹੋ ਜਿਹੇ ਸਮੇਂ ਬੰਦਾ ਅਫ਼ਸਰ ਸਾਹਮਣੇ ਬੀੜੀ ਬੁਝਾਉਂਦਾ ਹੁੰਦੈ ਪਰ ਉਹਨੇ ਜਾਣ ਬੁੱਝ ਕੇ ਕਿਉਂ ?

ਕਈ ਮੁੱਛ-ਫੁੱਟ ਗਭਰੇਟ ਜਿਹੇ ਮੁੰਡੇ ਇੱਕ ਪਾਸੇ ਖੜ੍ਹੇ ਕਰੇ ਹੋਏ। ਇੱਕ ਪੁਲਸੀਆ ਕਹਿੰਦਾ, " ਤੁਸੀਂ ਵੀ ਉੱਤਰੋ ਓਏ ਥੱਲੇ...ਕਿ ਥੋਨੂੰ 'ਤਾਰੀਏ ... ।"

ਅਸੀਂ ਐਡੇ ਮੂਰਖ, ਲੋਈਆਂ ਵੀ ਨਾਲ਼ ਲੈ ਕੇ ਉੱਤਰੇ, ਤਿੰਨੇ ਜਣੇ ।

"ਤੁਸੀਂ ਕਿੱਧਰ ?" ਕਹਿਕੇ ਉਹ ਮੁਲਾਜ਼ਮ, ਥਾਣੇਦਾਰ ਕੋਲ਼ ਨੂੰ ਹੋ ਗਿਆ। ਕੰਨ 'ਚ ਪਤਾ ਨ੍ਹੀਂ ਕੀ ਕਿਹਾ ? ਥਾਣੇਦਾਰ ਕਹਿੰਦਾ," ਬਿਠਾ ਇਨ੍ਹਾਂ ਨੂੰ ਭੈਣ...ਨੂੰ ਜਿਪਸੀ 'ਚ ਨਾਲ਼ੇ

ਇਹਨੂੰ ਇਹਦਾ ਸਾਰੇ ਬਣੇ...।" ਡਰਾਈਵਰ ਵੀ ਫਸ ਗਿਆ ਬੇਚਾਰਾ...ਅਸੀਂ ਡਰਗੇ'।ਦਰਸ਼ਣ ਤਾਂ ਕੰਬਣ ਲੱਗ ਪਿਆ, ਮੌਤ ਜਿਵੇਂ ਆਗੀ ਸੀ।

ਇੱਕ ਮੁਲਾਜ਼ਮ ਉਸ ਡਰਾਈਵਰ ਨੂੰ ਘੂਰ ਕੇ ਕਹਿੰਦਾ, "ਓਏ ਤੈਨੂੰ ਮੈਂ ਸੁਣਾਵਾਂ ਧੰਤੇ ਟਾਹਣੀਆਂ...ਆਹ ਨੇੜੇ ਕੀ ਹੋ ਗਿਆ? ...ਦਿਖਾ...।" ਜਿੱਥੇ ਕਨੂੰਨ ਦੇ ਹੱਥ ਲੰਬੇ ਸੁਣਦੇ ਸੀ। ਉੱਥੇ ਕਨੂੰਨ ਦੇ ਕੰਨ ਵੀ ਦੇਖਲੇ' ਸੀ। ਸਾਰੇ ਦੇ ਕੰਨਾਂ ਵਾਂਗ ਖੜ੍ਹੇ ਸਨ ਕਿ ਕੁਛ ਰਹਿ ਨਾ ਜਾਵੇ ਸੁਣੇ ਬਗੈਰ।

ਡਰਾਈਵਰ ਨੇ ਕੈਸਟ ਕਾਫ਼ੀ ਪਿੱਛੋਂ ਬੰਦ ਕਰਤੀ ਸੀ। ਪਰ ਉਸ ਮੁਲਾਜ਼ਮ ਨੂੰ ਪਤਾ ਸੀ ਕਿ ਅਸੀਂ ਕਿਹੜੇ ਗੀਤ ਸੁਣ ਰਹੇ ਸੀ। ਡਰੇ ਖੜ੍ਹੇ ਡਰਾਈਵਰ ਨੂੰ ਮੁਲਾਜ਼ਮ ਨੇ ਫੇਰ ਘੂਰਿਆ। ਉਹ ਬੇਚਾਰਾ ਇੱਕ ਹੱਥ 'ਚ ਬੀੜੀਆਂ ਦਾ ਬੰਡਲ ਦੂਜੇ 'ਚ ਬਟੂਆ ਫੜਕੇ ਦਿਖਾਉਣ ਲੱਗ ਪਿਆ। " ਜੀ ਮੈਂ ਵਿਸ਼ਵਾਸ ਜਾਣਾਂ ਹੁੰਨੈ ਜੀ ।"ਉਹਨੇ ਮੂੰਹ ਆਏਂ ਕਰ ਲਿਆ ਸੀ ਕਹਿਣ ਲੱਗੇ ਨੇ, ਜਿਵੇਂ ਬਹੁਤ ਪੀੜਤ ਹੋਵੇ ।

ਅਸੀਂ ਚੁੱਪ-ਚਾਪ ਖੜ੍ਹੇ ਸੀ। ਬਹੁਤ ਡਰ ਲੱਗ ਰਿਹਾ ਸੀ ਕਿ ਹੁਣ ਮਰੇ ਕਿ ਹੁਣ ਮਰੇ। ਉਹ ਲੰਘਣ ਨੀਂ ਸੀ ਦਿੰਦੇ ਕਿਸੇ ਨੂੰ । ਥਾਣੇਦਾਰ ਤਾਂ ਜਿਵੇਂ ਛਟ-ਪਟਾਇਆ ਪਿਆ ਸੀ। ਉਸਨੂੰ ਉਹ ਲੱਭ ਨੀਂ ਸੀ ਰਿਹਾ, ਜਿਸਨੂੰ ਉਹ ਭਾਲ਼ ਰਿਹਾ ਸੀ। ਨਾਲ਼ ਦੇ ਮੁਲਾਜ਼ਮਾਂ ਨੂੰ ਵੀ ਉਹ ਭੱਜ-ਭੱਜ ਪੈ ਰਿਹਾ ਸੀ।

ਟਰੱਕ ਆਲ਼ੇ ਭਾਈ ਨੂੰ ਤਾਂ ਉਹਨਾਂ ਛੱਡਤਾ, ਪਰ ਅਸੀਂ ਅਜੇ ਉੱਥੇ ਈ ਖੜ੍ਹੇ ਸੀ। ਨਾ ਉਸ ਡਰਾਈਵਰ ਨੇ ਸਾਨੂੰ ਨਾਲ਼ ਜਾਣ ਲਈ ਕਿਹਾ, ਨਾ ਸਾਥੋਂ ਉਹਨੂੰ ਕਿਹਾ ਗਿਆ। ਗੱਲ ਤਾਂ ਸਾਡੇ 'ਚ ਅਮਲੋਹ ਤੋਂ ਅੱਗੇ ਨੂਰਪੁਰੇ ਦੇ ਅੱਡੇ ਤੱਕ ਹੋਈ ਸੀ। ਓਥੋਂ ਮੇਰਾ ਪਿੰਡ ਢਾਈ-ਤਿੰਨ ਕਿਲੋਮੀਟਰ ਈ ਹੈ। ਪਰ ਉਸ ਮਹੌਲ 'ਚ ਕਿਹੜੀ ਗੱਲ, ਕਿਹੜੇ ਕਰਾਰ।

ਹੁਣ ਰਾਜ ਕੁਮਾਰ ਵੀ ਇੱਕ ਬਜ਼ੁਰਗ ਕੋਲ਼ ਨੂੰ ਹੋ ਗਿਆ, ਜੋ ਸਾਇਕਲ ਫੜੀਂ ਖੜਾ ਸੀ। ਉਹਨੇ ਸਾਈਕਲ ਦੇ ਕੈਰੀਅਰ ਨੂੰ ਦੋਵੇਂ ਪਾਸੇ ਬੋਰੀਆਂ ਲਮਕਾਈਆਂ ਹੋਈਆਂ ਸਨ। ਉਹ ਬਜ਼ੁਰਗ ਬਹੁਤ ਡਰੀ ਹੋਈ ਆਵਾਜ਼ 'ਚ ਮੁਲਾਜ਼ਮ ਨੂੰ ਕਹਿੰਦਾ," ਜੀ ਆਹ ਮੁੰਡਾ ਤਾਂ ਮੇਰੇ ਪਿੰਡ ਦੈ, ਮੇਰਾ ਪੋਤਾ ਲਗਦੈ ਜੀ, ਕੌਡੀ ਖੇਡਦੈ... ।" ਸਾਈਕਲ ਆਪਣੀ ਵੱਖੀ ਨਾਲ਼ ਲਾ ਉਹਨੇ ਦੋਵੇਂ ਹੱਥ ਜੋੜ ਲਏ।

ਉਹ ਬਾਬਾ ਘਰਾਂ 'ਚੋਂ ਰਾਜ ਕੁਮਾਰ ਦਾ ਦਾਦਾ ਲੱਗਦਾ ਸੀ। ਮਰਾਰੜੂ ਪਿੰਡ ਦੇ ਸੈਂਸੀ ਭਾਈਚਾਰੇ ਦੇ ਲੋਕ ਸ਼ਹਿਰਾਂ 'ਚ ਸਾਗ ਵੀ ਵੇਚਦੇ ਨੇ। ਬਾਬਾ ਵੀ ਫੇਰੀ ਲਾ ਕੇ ਆਇਆ ਸੀ। ਬਾਬੇ ਨੇ ਅਗਲਾ ਹਾੜ੍ਹਾ ਬੜਾ ਦਿਮਾਗ ਨਾਲ਼ ਕੱਢਿਆ, "ਅਸੀਂ ਤਾਂ ਜੀ ਮਾਤਾ ਦੇ ਭਗਤ ਐਂ, ਇਹਦਾ ਨੌਂ ਰਾਜ ਕੁਮਾਰ ਐ ਜੀ ।" ਸ਼ਾਇਦ ਉਸ ਡਰਾਇਵਰ ਆਲ਼ਾ ਨੁਕਤਾ ਸੀ।

ਹੁਣ ਅਸੀਂ ਦੋਵੇਂ ਰਹਿਗੇ' ਸੀ । ਜਦੋਂ ਨਾਲ਼ਦੇ ਨੂੰ ਛੱਡ ਦਿੱਤਾ ਜਾਂਦੈ ਤਾਂ ਡਰ ਹੋਰ

ਵੱਧ ਜਾਂਦਾ ਹੈ । ਦਰਸ਼ਣ ਕਹਿੰਦਾ," ਸਾਲ਼ਾ ਸੈਂਸੀ (ਰਾਜ ਕੁਮਾਰ) ਵੀ ਛੱਡ ਗਿਆ ਸਾਥ, ਮੰਗੇ ਹੁਣ ਆਪਣਾ ਕੀ ਬਣੂ.. ?" ਬਹੁਤ ਕਸੂਤੀ ਸਥਿਤੀ ਸੀ ਓਦਣ, ਨਾਂ ਤਾਂ ਪੁਲਸ ਆਲ਼ੇ ਸਾਨੂੰ ਕੁਛ ਪੁੱਛ ਰਹੇ ਸੀ ਨਾ ਛੱਡ ਰਹੇ ਸੀ । ਅਸੀਂ ਉਹਨਾਂ ਬੱਕਰਿਆਂ ਵਾਂਗ ਦੇਖ ਰਹੇ ਸੀ, ਜਿਹੜੇ ਛੁਰੀ ਤਿੱਖੀ ਕਰਦੇ ਕਸਾਈ ਵੱਲ ਦੇਖਦੇ ਹੁੰਦੇ ਨੇ । ਪੁੱਠੇ-ਪੁੱਠੇ ਖਿਆਲ ਆ ਰਹੇ ਸੀ ਕਿ ਸਭ ਤੋਂ ਬਾਅਦ ਗੱਲ ਕਰਨਗੇ, ਫੇਰ ਮਾਰਨਗੇ ਨਹਿਰ 'ਤੇ ਲਿਜਾ ਕੇ ।

ਕੁਛ ਫਰਿਸ਼ਤੇ ਵੀ ਹੁੰਦੇ ਨੇ ਨਛੱਤਰ ਫੌਜੀ ਵਰਗੇ । ਜੋ ਫਸਿਆਂ ਨੂੰ ਬਚਾਉਣ, ਬੌਹੜ ਈ ਪੈਂਦੇ ਨੇ। ਮੈਨੂੰ ਨਛੱਤਰ ਚਾਚਾ ਦਿਸ ਪਿਆ ਜੋ ਹੁਣੇ ਰੁਕਿਆ ਸੀ ਉਸ ਮੁਲਾਜ਼ਮ ਕੋਲ਼। ਥੋੜ੍ਹੀ ਆਸ ਜਿਹੀ ਜਾਗ ਪਈ। ਮਖਿਆਂ,"ਜੀ ਉਹ ਮੇਰੇ ਚਾਚਾ ਜੀ ਨੇ, ਮੇਰਾ ਪਿੰਡ ਵੀ ਭਗਵਾਨਪੁਰਾ ਏ ਜੀ... ।" ਫੌਜੀ ਚਾਚੇ ਵੱਲ ਹੱਥ ਕਰ ਮੈਂ ਅਰਜ਼ ਕਰੀ ।

ਉਹ ਜਾਣਦੇ ਸੀ ਇੱਕ ਦੂਜੇ ਨੂੰ। ਸਾਡਾ ਖਹਿੜਾ ਛੁੱਟ ਗਿਆ। ਅਸੀਂ ਤਿੰਨੋਂ ਜਣੇ ਸਕੂਟਰ 'ਤੇ ਪਿੰਡ ਨੂੰ ਚੱਲਪੇ'। ਫੌਜੀ ਚਾਚਾ ਕਹਿੰਦਾ,"ਆਹ ਕਾਲ਼ੀਆਂ ਲੋਈਆਂ ਧਾਰਾਂ ਲੈਣ ਨੂੰ ਲਈਆਂ ਨੇ। ਸਿਆਣੇ ਬਣੋ। ਮਾਹੌਲ ਦੇਖਲੋ ਤੈਂ....ਚੋਂ ਕਿਹਾ ਜਿਆ। ਇਹ ਨੀਂ ਦੇਖਦੇ ਛੋਟਾ ਬੜਾ...।"

ਚਾਚੇ ਦੇ ਪੁੱਛੇ ਤੋਂ ਦਰਸ਼ਣ ਨੇ ਆਪਣਾ ਪਿੰਡ ਦੱਸਿਆ। ਨਾਲੇ ਦੱਸਤਾ ਕਿ ਅੱਜ ਉਹ ਭਗਵਾਨਪੁਰੇ ਈ ਰਹੇਗਾ। ਮੈਂ ਚੁੱਪ ਸੀ। ਮੈਨੂੰ ਇਹ ਸੀ ਕਿ ਚਾਚਾ ਸਕੂਟੀ ਆਲ਼ੀ ਗੱਲ ਛੇੜੂ, ਬਈ ਯਾਦ ਐ ਕਾਲ਼ੇ ਕੇਰਾਂ ਤੁਸੀਂ ਸਕੂਟੀ ਭਜਾਈਂ ਫਿਰਦੇ ਸੀ। ਥੋਨੂੰ ਬੰਦ ਕਰਨੀ ਨੀਂ ਸੀ ਆਉਂਦੀ । ਪਰ ਫੇਰ ਉਹ ਚੁੱਪ ਰਿਹਾ ਪਿੰਡ ਤੱਕ। ਅਸੀਂ ਵੀ ਮਸਾਂ ਕਿਤੇ ਘਰ ਦੇਖਿਆ ਤੇ ਘਰ ਜਾ ਕੇ ਮਸਾਂ ਰੋਟੀ ਦੇਖੀ। ਬੀਬੀ ਤੋਂ ਛਿੱਤਰ ਵੀ ਖਾਧੇ ਰੋਟੀ ਦੇ ਨਾਲ਼ ।

ਇੱਕ ਦੋ ਵਾਰ ਬੀਬੀ ਨੇ ਫੇਰ ਵੀ ਕਲੇਸ਼ ਕਰਿਆ। ਬਈ ਕਬੱਡੀ ਛੱਡ ਕੇ ਪੜ੍ਹਨ ਲੱਗ ਜਾਵਾਂ, ਪਰ ਬਾਪੂ ਜੀ ਦੀ ਪੂਰੀ ਹੱਲਾਸ਼ੇਰੀ ਸੀ । ਹੁਣ ਮੈਂ ਪਿੰਡਾਂ 'ਚ ਮੈਚ ਖੇਡਣ ਦੇ ਨਾਲ਼-ਨਾਲ਼ ਸਕੂਲ ਟੀਮ 'ਚ ਵੀ ਜਗ੍ਹਾ ਬਣਾ ਲਈ ਸੀ ।



ਇਸ਼ਕ ਦੀ ਸ਼ੁਰੂਆਤ

ਸਾਡਾ ਦਸਵੀਂ ਆਲਿਆਂ ਦਾ ਕਮਰਾ ਹੈੱਡ ਮੈਡਮ ਦੇ ਦਫ਼ਤਰ ਨਾਲ਼ ਸੀ। ਸ਼੍ਰੀਮਤੀ ਗਿਆਨ ਕੌਰ ਜੀ ਬਹੁਤ ਸਖ਼ਤ ਸਨ। ਮੇਰੇ ਲਈ ਤਾਂ ਬਹੁਤ ਹੀ ਸਖ਼ਤ, ਜਿਵੇਂ ਹਿਟਲਰ ਹੋਣ। ਅਸੀਂ ਛੋਟੇ-ਛੋਟੇ ਲਾਲ ਬੰਬਾਂ ਦੀ ਲੜੀ ਨੂੰ ਅੱਗ ਲਗਾ ਕੇ ਕੁੜੀਆਂ ਵੱਲ ਸੁੱਟ 'ਤੀ। ਬੈਠਦੇ ਸਭ ਤੋਂ ਪਿੱਛੇ ਸੀ, ਤਾਂ ਕਰਕੇ ਖੜਕੇ ਹੋਣ ਤੋਂ ਪਹਿਲਾਂ ਕਿਸੇ ਨੂੰ ਕੁਛ ਪਤਾ ਨਾ ਲੱਗਾ। ਜਿਨਾਂ ਚਿਰ ਤੂਈਆਂ ਸੁਲਗ ਰਹੀਆਂ ਸਨ, ਓਨੇ 'ਚ ਈ ਮੈਡਮ ਆ ਗਏ ਜਮਾਤ 'ਚ...। ਹੁਣ ਪਟਾਕੇ ਚੱਲ ਪਏ। ਖੜਕਾ ਤਾਂ ਬੰਬੀਆਂ ਨੇ ਈ ਕੀਤਾ ਪਰ ਘਮਸਾਣ ਤਾਂ ਪੈ ਈ ਗਿਆ ਸੀ। ਕੋਈ ਨਾ ਮੰਨੇ ਕਿ ਕੀਹਨੇ ਚਲਾਏ ਨੇ। ਤਲਾਸ਼ੀ ਹੋਈ ਤਾਂ ਮੇਰਾ ਜਮੈਟਰੀ ਬਾਕਸ ਪਿਆ ਮਿਲ ਗਿਆ। ਉਸ 'ਚ ਇੱਕ ਬੰਬ ਦੀ ਟੁੱਟੀ ਹੋਈ ਤੂਈ ਪਈ ਸੀ। ਪਰ ਮੁਜਰਮ ਜਣੌਂ ਕੇ ਮੈਂ, ਐਨੀ ਜਲਦੀ ਕਿੱਥੇ ਹੱਥ ਆਉਣ ਆਲਾ ਸੀ। ਮੈਡਮ ਨੇ ਉਸ ਦਿਨ ਦੋ ਵਾਰੀ ਗੋਲ਼ੀ ਖਾਧੀ। ਉਹਨਾਂ ਨੂੰ ਸ਼ਾਇਦ ਕੋਈ ਹਾਰਟ ਵਗੈਰਾ ਦੀ ਸਮੱਸਿਆ ਸੀ।

ਜ਼ਿਆਦਾਤਰ ਬੱਚਿਆਂ ਦੇ ਜਮੈਟਰੀ ਬਾਕਸ 'ਤੇ ਆਪਣਾ ਨਾਮ ਲਿਖਿਆ ਹੁੰਦਾ। ਨਾਮ ਵੀ ਪ੍ਰਕਾਰ ਨਾਲ਼ ਗਲੀਆਂ ਕੱਢ ਕੇ ਲਿਖਦੇ ਤਾਂ ਜੋ ਮਿਟਾਇਆ ਨਾ ਜਾ ਸਕੇ। ਇਹ ਆਦਤ ਛੇਵੀਂ ਤੋਂ ਈ ਪਈ ਹੋਈ ਸੀ। ਕੈਨੇ ਦੇ ਬਣੇ (ਝੋਲ਼ੇ) 'ਤੇ ਪੱਸ਼ਮ ਦੇ ਧਾਗੇ ਨਾਲ਼ ਫੁੱਲ-ਬੂਟੀਆਂ ਬਣਾਉਂਦੇ ਜਾਂ ਨਾਮ ਲਿਖ ਲੈਂਦੇ।

ਸਾਨੂੰ ਦਫ਼ਤਰ 'ਚ ਬੁਲਾ ਲਿਆ ਗਿਆ। "ਮੰਗੇ ਤੂੰ ਕਿਸ ਚੀਜ਼ ਦਾ ਬਣਿਆ ਹੋਇਐਂ? ਤੂੰ ਬੰਦਾ ਨ੍ਹੀਂ ਬਣਦਾ। ਆਖਰ ਕੀ ਮਿਲਦੈ ਤੈਨੂੰ ਸ਼ਰਾਰਤਾਂ ਕਰਕੇ।" ਮੈਡਮ ਦੇ ਬੁੱਲ੍ਹ ਕੰਬ ਰਹੇ ਸੀ ਗੁੱਸੇ 'ਚ। ਆਪਾਂ, "ਚੁੱਪ ਸੌ ਸੁੱਖ" ਆਲ਼ੀ ਨੀਤੀ 'ਤੇ ਖੜ੍ਹੇ ਰਹੇ ਨੀਵੀਂ ਪਾ ਕੇ, ਬਸ ਇੱਕੋ ਗੱਲ ਬੋਲੀ ਜਾਂਵਾਂ, "ਜੀ ਇਹ ਡੱਬਾ ਮੇਰਾ ਨ੍ਹੀਂ ਹੈਗਾ।"

ਉਸ ਉੱਤੇ ਜੋ ਲਿਖਿਆ ਸੀ ਉਹਨਾਂ ਨੂੰ ਸਮਝ ਨਾ ਆਵੇ। ਅੱਧਾ ਪੰਜਾਬੀ 'ਚ ਸੀ ਅੱਧਾ ਅੰਗਰੇਜ਼ੀ 'ਚ। ਮੂਹਰੇ 'ਘੜ' ਸ਼ਬਦ ਪੰਜਾਬੀ 'ਚ, ਅਤੇ ਪਿੱਛੇ (ਘੁੱਲੋ) ਅੰਗਰੇਜ਼ੀ 'ਚ... ਉਹ ਵੀ ਥੋੜ੍ਹੀ ਜਗ੍ਹਾ ਛੱਡ ਕੇ। ਉਹ ਡੱਬਾ ਮੈਂ ਸਾਂਭ ਕੇ ਈ ਤਾਂ ਰੱਖਿਆ ਸੀ ਕਿ ਉਸ ਉੱਤੇ 'ਘੜਘੁੱਲੋ' ਵਰਗੀ ਬਿੱਲੀ ਦੀ ਫੋਟੋ ਸੀ (ਵੈਸੇ ਬਿੱਲੀ ਨੂੰ ਘੜਘੁੱਲੋ ਹੀ ਕਹਿੰਦੇ ਨੇ)। ਅੰਮ੍ਰਿਤ ਦਾ ਘੜਘੁੱਲੋ ਨਾਮ ਮੈਂ ਜੁਮੈਟਰੀ ਬਾਕਸ 'ਤੇ ਛਪੀ ਬਿੱਲੀ ਦੀ ਫੋਟੋ ਦੇਖ ਕੇ ਹੀ ਰੱਖਿਆ ਸੀ। ਜੋ ਅੱਜ ਤੱਕ ਕਾਇਮ ਹੈ। ਹੁਣ ਵੀ ਫੋਨ 'ਚ ਮੈਂ ਘੜਘੁੱਲੋ ਲਿਖ ਕੇ ਫੀਡ ਕੀਤਾ ਹੋਇਐ।

ਹੈੱਡ ਮੈਡਮ ਹੰਭ ਗੇ' ਪੁੱਛ-ਪੁੱਛ, ਪਰ ਅਸੀਂ ਨ੍ਹੀਂ ਮੰਨੇ। ਮੇਰੇ ਨਾਲ਼ ਜਮਾਤ ਦੇ ਸਾਰੇ ਮੁੰਡਿਆਂ ਨੂੰ ਕਈ ਦਿਨ ਜਮਾਤ 'ਚੋਂ ਸਸਪੈਂਡ ਕਰੀ ਰੱਖਿਆ। ਫੇਰ ਮਸਾਂ ਕਿਤੇ ਸਾਇੰਸ ਮਾਸਟਰ ਹਰਭਜਨ ਸਿੰਘ ਨੇ ਬਹਾਲ ਕਰਵਾਏ।

***

ਇੱਕ ਵਾਰ ਸਾਡੇ ਡੈਸਕ 'ਤੇ ਨੌਂਵੀਂ ਦੀਆਂ ਕੁੜੀਆਂ ਬੈਠ ਗਈਆਂ। ਦਰਅਸਲ ਉਹਨਾਂ ਦੀ ਜਮਾਤ ਨੂੰ ਨਵੇਂ ਡੈਸਕ ਮਿਲੇ ਸੀ ਜੋ ਥੋੜ੍ਹੇ ਟੇਡੇ ਸਨ। ਝੋਲ਼ੇ ਤਿਲਸ-ਤਿਲਸ ਡਿੱਗੀ ਜਾਂਦੇ ਸੀ। ਸਾਡੇ ਦਸਵੀਂ ਆਲਿਆਂ ਕੋਲ਼ ਪੁਰਾਣੇ ਸੀ ਜੋ ਪੂਰੇ ਸੂਤ ਸਨ।

ਡੈਸਕ ਚੱਕਣ ਆਲ਼ੀਆਂ ਕੁੜੀਆਂ 'ਚ ਰਜਿੰਦਰ (ਹੁਣ ਪੰਜਾਬੀ ਫਿਲਮਾਂ 'ਚ ਹੀਰੋਇਨ) ਵੀ ਸੀ। ਮੈਂ ਤੇ ਚਹਿਲ ਆਲ਼ੇ ਹਰਪ੍ਰੀਤ ਨੇ ਪੂਰੀ ਗੁੰਡਾ-ਗਰਦੀ ਦਿਖਾਈ। ਡੈਸਕ ਤਾਂ ਚੱਕੇ ਈ ਉਹਨਾਂ ਦੇ ਬੈਗ ਵੀ ਪਰੇ ਮਾਰੇ ਚੱਕ ਕੇ। ਖਿੰਡਾਤੀਆਂ ਕਿਤਾਬਾਂ-ਕਾਪੀਆਂ। ਅੱਧੀ ਛੁੱਟੀ ਕੁੜੀਆਂ ਨੇ ਸ਼ਿਕਾਇਤ ਲਗਾ 'ਤੀ।

ਪੇਸ਼ੀ ਹੈਡ ਮੈਡਮ ਸ਼੍ਰੀਮਤੀ ਗਿਆਨ ਕੌਰ ਜੀ ਕੋਲ਼ ਪਈ। ਮੈਡਮ ਬਹੁਤ ਹੀ ਵਧੀਆ ਸਨ। ਉਹ ਸੱਚੀ-ਮੁੱਚੀ ਦੀ ਅੰਮ੍ਰਿਤਧਾਰੀ ਔਰਤ ਸੀ। ਭਾਵ ਜਾਤ-ਪਾਤ ਦੇ ਭੇਦ-ਭਾਵ ਤੋਂ ਪਰੇ, ਪੂਰੀ ਗੁਰਬਾਣੀ ਅਨੁਸਾਰ। ਪਿਆਰ ਕਰਨ ਵਾਲੀ ਰੂਹ ਅਤੇ ਗਰੀਬ ਬੱਚਿਆਂ ਦੀ ਸਹਾਇਤਾ ਵੀ ਕਰਦੀ ਰਹਿੰਦੀ। ਪਰ ਮੇਰੀ ਵਾਰੀ ਉਹ ਪੂਰੀ ਖਲਨਾਇਕਾ ਬਣ ਜਾਂਦੇ। ਕਹਿੰਦੇ ਸੀ, "ਤੇਰੀ ਦਸਵੀਂ ਤਾਂ ਮੈਂ ਕਢਵਾ ਕੇ ਹਟੂੰ, ਡੰਡੇ ਨਾਲ਼ ਈ ਪੜੇਂਗਾ ਤੂੰ....।" ਰਜਿੰਦਰ ਤੇ ਇੱਕ ਹੋਰ ਕੁੜੀ ਝੂਠ-ਮੂਠ ਰੋ ਰਹੀਆਂ ਸੀ, "ਜੀ ਸਾਡੀਆਂ ਕਾਪੀਆਂ ਫਟਗੀਆਂ ਵਗੈਰਾ-ਵਗੈਰਾ...।" ਅਸੀਂ ਜਿਵੇਂ ਆਮ ਹੀ ਆਦਤ ਸੀ ਪੇਸ਼ੀ ਭੁਗਤਣ ਦੀ, ਬਾਹਾਂ ਖੜ੍ਹੀਆਂ ਕਰੀ ਕੰਧ ਦੇ ਸਹਾਰੇ ਨਾਲ਼ ਖੜ੍ਹ ਗੇ'।

ਐਨੇ ਨੂੰ ਹਿੰਦੀ ਆਲ਼ੇ 'ਮੰਜੂ' ਮੈਡਮ ਅੰਦਰ ਆ ਗੇ'। ਕੁਰਸੀ 'ਤੇ ਬੈਠਦੇ ਈ, ਸਾੜ੍ਹੀ ਦੇ ਪੱਲੇ ਨੂੰ ਬਾਅਦ 'ਚ ਸੰਭਾਲਿਆ, ਪਹਿਲਾਂ ਨਾਂਹ ਕਰਨ ਦੇ ਇਸ਼ਾਰੇ 'ਚ..... ਚਿੱਚ-ਚਿੱਚ ਦੀ ਅਵਾਜ਼ ਕੱਢਦੇ, ਹੋਰ ਈ ਤਰਾਂ ਦਾ ਮੂੰਹ ਬਣਾ ਕੇ, "ਮੈਡਮ, ਆਹ ਕਬੱਡੀ ਵਾਲੇ ਨੂੰ ਤਾਂ ਇੱਕ ਪ੍ਰਸੈਂਟ ਵੀ ਤਮੀਜ ਨ੍ਹੀਂ।" ਫੇਰ ਹਰਪ੍ਰੀਤ ਵੱਲ ਦੇਖ ਕੇ ਬੋਲੇ, "ਜਬ ਮੈਨੇ ਇਨਕੋ ਪੂਛਾ, ਤੋ ਜੇ ਹਰਪ੍ਰੀਤ ਆਪ ਕਾ ਫੇਵਰਟ, ਬੋਲਤੇ ਮੈਡਮ ਇਨ੍ਹਾਂ ਨੇ ਸਾਡੇ ਡੈਸਕ ਚੱਕਲੇ ਜੀ..... ਸਾਡੇ ਤਾਂ ਡੈਸਕਾਂ 'ਤੇ ਉਸ ਦਿਨ ਨ੍ਹੀਂ ਕੋਈ ਬੈਂਹਦਾ, ਜਦੋਂ ਅਸੀਂ ਛੁੱਟੀ 'ਤੇ ਹੋਈਏ...। ਬੇਸ਼ਰਮ ਗੁੰਡੇ।" ਮੰਜੂ ਮੈਡਮ ਦਾ ਮੈਨੂੰ ਬਦਤਮੀਜ ਕਹਿਣ ਦਾ ਹੋਰ ਕਾਰਨ ਵੀ ਸੀ।

ਕੇਰਾਂ ਸਾਡੇ ਸੱਤਵੀਂ ਦੇ ਕੱਚੇ ਪੇਪਰ ਚੱਲਣ। ਅੱਧੇ ਬੱਚੇ ਪੇਪਰ ਮੁਕਾ ਕੇ ਬਾਹਰ ਕੁਲਚੇ ਖਾਣ। ਕੁਛ ਕੁ ਮੇਰੇ ਵਰਗੇ ਨਲਾਇਕ ਪੇਪਰ 'ਚ ਬੈਠੇ ਸੀ। ਹਰਭਜਨ ਸਰ ਕਹਿੰਦੇ, "ਤੁਸੀਂ ਛਾਂ 'ਚ ਹੋ ਜੋ।" ਮੈਂ ਉੱਠ ਕੇ ਜਿੱਥੇ ਛਾਂ ਜਿਹੀ ਸੀ ਦੇਖ ਕੇ ਬੈਠ ਗਿਆ। ਉੱਥੇ ਅੱਠਵੀਂ ਆਲਿਆਂ ਦੀ ਪਰਚੀ ਪਈ ਸੀ। (ਨਿਰਜੀਵ ਵਸਤੂਆਂ ਤੇ ਸੰਜੀਵ ਵਸਤੂਆਂ 'ਚ ਅੰਤਰ) ਮੇਰਾ ਤਾਂ ਹਿੰਦੀ ਦਾ ਪੇਪਰ ਸੀ, ਮੈਂ ਵੀ ਬੈਠਾ ਰਿਹਾ। ਪਰਚੀ ਵੀ ਪਈ ਰਹੀ।

ਗੇੜਾ ਮਾਰਦੇ ਹੋਏ ਹਰਭਜਨ ਸਿੰਘ ਜੀ ਨੇ ਪਰਚੀ ਤਾਂ ਦੇਖੀ ਨ੍ਹੀਂ ਕਿ, ਸਾਇੰਸ ਦੀ ਐ। ਬਸ ਮੇਰੀ ਗੱਲ੍ਹ 'ਤੇ ਐਨੇ ਜੋਰ ਦੀ ਥੱਪੜ ਮਾਰਿਆ ਕਿ ਬਾਹਰ ਖੜ੍ਹੇ ਬੱਚਿਆਂ ਨੂੰ ਲੱਗਿਆ,

ਜਿਵੇਂ ਬੰਬ ਚੱਲਆ ਹੋਵੇ। ਕੁਛ ਕੋਲ਼ ਈ ਨਵੀਂ ਬਣੀ ਸਾਇੰਸ ਲੈਬ 'ਚੋਂ ਅਵਾਜ ਗੂੰਜ ਕੇ ਆਈ। ਮੈਂ ਟਾਹਲੀ ਕੋਲ਼ ਕਿੰਨਾਂ ਚਿਰ ਚੁੱਪ-ਚਾਪ ਖੜ੍ਹਾ ਰਿਹਾ। ਫੇਰ ਕੋਲੋਂ ਦੀ ਲੰਘਦੇ ਮੰਜੂ ਮੈਡਮ ਨੇ ਤਰਸ ਖਾ ਕੇ ਮੈਨੂੰ ਢਿੱਡ ਨਾਲ਼ ਲਾ ਲਿਆ ਸੀ। ਮੈਨੂੰ ਬਹੁਤ ਵਧੀਆ ਲੱਗਿਆ।

ਪਰ ਮੇਰੀ ਲੁਤਰੋ ਨੇ ਟਿੱਪਣੀ ਕਰਤੀ ਜਮਾਤ 'ਚ ਜਾ ਕੇ, ਬਈ ਮੈਡਮ ਦਾ ਪੇਟ ਖਰਾਬ ਐ, ਢਿੱਡ ਚੋਂ 'ਗੜ-ਗੜ' ਦੀ ਅਵਾਜ਼ ਆਈ ਸੀ, ਜਦੋਂ ਮੈਨੂੰ ਕੋਲ਼ੇ ਲਾਇਆ ਸੀ। ਗਾਹਾਂ ਤੋਂ ਗਾਹਾਂ ਹੁੰਦੀ ਹੋਈ ਗੱਲ, ਮੈਡਮ ਕੋਲ਼ ਪਹੁੰਚਗੀ ਸੀ। ਤਾਂ ਕਰਕੇ ਮੰਜੂ ਮੈਡਮ ਮੈਨੂੰ ਬਤਮੀਜ ਕਹਿਕੇ ਈ ਬੁਲਾਉਂਦੇ ਸਨ।

ਹੁਣ ਮੈਡਮ ਦੇ ਦਫ਼ਤਰ 'ਚ...।

ਦੂਜੀ ਕੁੜੀ ਬੋਲੀ "ਮੈਡਮ ਜੀ ਇਹਦਾ ਪਿੰਡ ਭਗਵਾਨਪੁਰਾ ਏ। ਪਰ ਇਹ ਚੈਹਲ ਨੂੰ ਜਾਂਦਾ ਹੁੰਦੈ ਸਾਡੇ ਪਿੱਛੇ। ...ਕੱਲ੍ਹ ਮੋਨੀ ਬਾਬੇ ਦੇ ਡੇਰੇ ਕੋਲ਼ ਇਹਨੇ ਗੇਰਤਾ ਤੀ ਮੈਨੂੰ....।"

"ਬਣ ਮੁਰਗਾ।" ਮੈਂ ਬਣ ਗਿਆ। ਹਰਪ੍ਰੀਤ ਵੀ ਬਣ ਗਿਆ ਮੇਰੇ ਨਾਲ਼ ਈ ਮੈਡਮ ਦੇ 'ਬਣ ਮੁਰਗਾ' ਕਹਿਣ...'ਤੇ। ਪਰ ਮੈਂ ਆਪਣਾ ਖੁਰਾਫ਼ਾਤੀ ਦਿਮਾਗ ਚਲਾਇਆ ਤੇ ਬਾਜੀ ਈ ਪਲਟਾ ਦਿੱਤੀ। "ਮੈਡਮ ਜੀ, ਝੋਲ਼ੇ ਸਿੱਟੇ ਨ੍ਹੀਂ ਸਗੋਂ ਰੱਖੇ ਸੀ। ਉਹ ਡੈਸਕ ਸਾਡੀ ਜਮਾਤ ਦੇ ਨੇ। ਸਾਡੇ ਝੋਲ਼ੇ ਇਨ੍ਹਾਂ ਨੇ ਸਿੱਟੇ ਸੀ। ਨਾਲ਼ੇ ਕੱਲ੍ਹ ਮੈਂ ਹਰਪ੍ਰੀਤ ਕੋਲ਼ ਹਿਸਾਬ ਦੇ ਸਵਾਲ ਸਿੱਖਣ ਗਿਆ ਸੀ।"

ਗੱਲ ਜਚ ਗੀ'। ਕਿਉਂਕਿ ਹਰਪ੍ਰੀਤ ਪੜ੍ਹਨ ਨੂੰ ਹੁਸ਼ਿਆਰ ਸੀ। ਮੈਥ 'ਚ ਤਾਂ ਬਹੁਤ ਜ਼ਿਆਦਾ।

ਮੈਡਮ ਦਾ ਸਵਾਲ ਸੀ, "ਤੂੰ ਇਹਨੂੰ ਸੁੱਟਿਆ ਕਿਉਂ ? ਜੇ ਇਹਦੇ ਸੱਟ ਵੱਜਦੀ।" ਮੈਂ ਆਖਿਆ, "ਜੀ, ਪਹਿਲਾਂ ਇਹਨੂੰ ਪੁੱਛੋ ਇਹਨੇ ਮੈਨੂੰ ਭਈਆ ਜਿਆ, ਟੁੱਟ ਪੈਣਾ, ਕਾਲ਼ੀਆ ਜਿਆ ਕਿਹਾ ਸੀ ਕਿ ਨਹੀਂ ? ਨਾਲ਼ੇ ਜੀ ਮੈਂ ਜਾਣ ਬੁੱਝ ਕੇ ਨ੍ਹੀਂ ਬ੍ਰੇਕ ਮਾਰੇ... ਜੀ ਉਹ ਤਾਂ ਮੂਹਰੇ ਤਾਰੇ ਨੇ ਬਾਬੇ ਨੂੰ 'ਜੈ' ਬਲਾਉਂਦੇ-ਬਲਾਉਂਦੇ ਨੇ ਸਾਇਕਲ ਗੇਰ ਲਿਆ ਸੀ।" ਮੇਰੀ ਕਹਾਣੀ ਸੁਣ ਕੇ ਮੈਡਮ ਨਰਮ ਪੈ ਗੇ'।

ਬਸ ਫੇਰ ਹਰਪ੍ਰੀਤ ਨੇ ਵੀ ਦਿਖਾਤੀ ਕਿ ਯਾਰੀ ਤੇ ਮੱਕਾਰੀ ਕਿਹਨੂੰ ਕਹਿੰਦੇ ਨੇ। ਉਹਨੇ ਸਿਰੇ ਈ ਲਾ 'ਤੀ। ਕਹਿੰਦਾ, "ਮੈਡਮ ਜੀ, ਇਹ ਬਹੁਤ ਪੁੱਠਾ ਬੋਲਦੀਆਂ ਨੇ। ਤਾਰੇ ਨੂੰ ਕਹਿੰਦੀ ਤੀ ਚੰਦਰਾ ਚਮਾਰ ਜਿਆ। ਤੂੰ ਲੈ ਕੇ ਆਉਨੈਂ ਇਹਨੂੰ ਬਈਏ ਨੂੰ ਸਾਡੇ ਪਿੱਛੇ।" ਕਮਾਲ ਸੀ ਹਰਪ੍ਰੀਤ ਦੀ ਮੌਕੇ 'ਤੇ ਗੱਲ ਬਣਾਉਣ ਦੀ ਕਲਾ।

ਬਸ ਫੇਰ ਰਜਿੰਦਰ ਨੂੰ ਤਾਂ ਕੁਛ ਨ੍ਹੀਂ ਕਿਹਾ। ਪਰ ਦੂਜੀ ਕੁੜੀ ਨੂੰ ਬਹੁਤ ਝਿੜਕਾਂ ਪਈਆਂ। ਉਹ ਨਾਲ਼ੇ ਰੋਈ ਜਾਵੇ, ਨਾਲ਼ੇ ਬੋਲੀ ਜਾਵੇ, ਹੌਂਕੇ ਲੈ-ਲੈ ਕੇ, "ਮੈਡਮ ਜੀ, ਮੈਂ ਝੂਠ ਨ੍ਹੀਂ ਬੋਲਦੀ। ਇਹਨੇ ਇੱਕ ਦਿਨ ਉਹ ਕੁੜੀ ਵੀ ਸਿੱਟਤੀ-ਤੀ, ਜਿਹੜੀ ਆਪਣੇ ਭਾਈ ਨਾਲ਼

ਭਾਦਸੋਂ 'ਚ ਪੜ੍ਹਨ ਜਾਂਦੀ ਐ।" ਉਹਨੇ ਅੰਮ੍ਰਿਤ ਅਤੇ ਉਸਦੇ ਭਰਾ ਬਾਰੇ ਕਿਹਾ ਸੀ। ਮੇਰੇ ਹੌਲ ਜਿਹਾ ਪੈ ਗਿਆ ਸੀ ਅੰਮ੍ਰਿਤ ਦੀ ਗੱਲ ਛਿੜਨ ਕਰਕੇ।

ਮੰਜੂ ਮੈਡਮ ਕਹਿੰਦੇ, "ਮੈਡਮ ਗਿਰਾਇਆ ਹੋਗਾ, ਵੋਹ ਬੱਚੇ ਤੋਂ ਇਤਨੇ ਡੀ. ਸੈਂਟ ਹੈਂ, ਸਾਈਕਲ ਰੋਕ ਕਰ ਰੁਕ ਜਾਤੇ ਹੈਂ। ਜਬ ਤੱਕ ਇਨ ਜੈਸੇ ਨਿਕਲ ਨਹੀਂ ਜਾਤੇ ਬਿਗੜੇ ਕਿਸਮ ਕੇ ...ਬੱਤਮੀਜ਼।" ਬੁਆਏ ਕੱਟ ਹੇਅਰ ਸਟਾਈਲ 'ਚ ਮੰਜੂ ਮੈਡਮ ਪੂਰੇ ਸਖ਼ਤ ਹੋ ਕੇ ਬੋਲ ਰਹੇ ਸੀ।

"ਉਹ ਤਾਂ ਮੇਜਰ ਸੈਕਟਰੀ ਜੀ ਦੇ ਬੱਚੇ ਨੇ, ਲੜਕੀ ਤਾਂ ਬਹੁਤ ਕਿਊਟ ਐ 'ਘੜਘੁੱਲੋ' ਜਿਹੀ।" ਹੈੱਡ ਮੈਡਮ ਬੋਲੇ, ਨਾਲ਼ੇ ਉੱਠ ਕੇ ਦੁਬਾਰਾ ਆਪਣੀ ਕੁਰਸੀ 'ਤੇ ਬੈਠਗੇ'।

ਮੈਂ ਸੋਚ ਰਿਹਾ ਸੀ ਕਿ ਮੈਂ ਭਲਾ ਉਸ 'ਘੜਘੁੱਲੋ' ਜਿਹੀ ਨੂੰ ਕਿਉਂ ਸਿੱਟੂੰ, ਉਹ ਤਾਂ ਕਿੰਨੀ ਪਿਆਰੀ ਐ। ਮੋਟੋ ਜਿਹੀ। ਉਹਨੂੰ ਮੈਂ ਸਿੱਟੂੰ ਥੋੜ੍ਹੀ ਉਹਨੂੰ ਤਾਂ....।

ਹੈੱਡ ਮੈਡਮ ਨੇ ਵੀ ਬੜਾ ਢੁਕਵਾਂ ਨਾਮ ਲਿਆ ਸੀ 'ਘੜਘੁੱਲੋ'। ਬੜੀਆਂ-ਬੜੀਆਂ ਗੱਲ੍ਹਾਂ ਆਲ਼ੀ ਜਿਵੇਂ ਫੂਕ ਭਰੀ ਹੋਵੇ। ਮੋਟੀਆਂ-ਮੋਟੀਆਂ ਭੂਰੀਆ-ਭੂਰੀਆਂ ਅੱਖਾਂ। ਬਹੁਤ ਹੀ ਪਿਆਰੀ। ਸਾਈਕਲ ਰੋਕ ਨੀਵੀਂ ਪਾ ਖੜ੍ਹੀ ਰਹਿੰਦੀ ਸੀ।

ਕੁਛ ਸਮਾਂ ਤਾਂ ਮੈਡਮ ਭੁੱਲਗੇ' ਸੀ ਨੌਵੀਂ ਆਲ਼ੀਆਂ ਕੁੜੀਆਂ ਨੂੰ ਘੂਰਨ ਤੋਂ। ਪਰ ਜਾਤ-ਪਾਤ ਦੀ ਕੱਟੜ ਵਿਰੋਧਣ ਹੋਣ ਕਰਕੇ, ਉਹਨਾਂ ਦੀ ਫੇਰ ਚੰਗੀ ਕਲਾਸ ਲਈ।

ਮੈਂ ਅੰਮ੍ਰਿਤ ਦਾ ਘੜਘੁੱਲੋ ਨਾਮ ਜਮਾਂ ਪੱਕਾ ਕਰਤਾ। ਕਿਉਂਕਿ ਮੈਂ ਵੀ ਤਾਂ ਘੜਘੁੱਲੋ ਈ ਲਿਖਿਆ ਹੋਇਆ ਸੀ, ਜਮੈਟਰੀ ਬਾਕਸ 'ਤੇ।

ਫੇਰ ਅਸੀਂ ਇੱਕ ਦੂਜੇ ਦੇ ਕੂਹਣੀਆਂ ਮਾਰਦੇ, ਪੂਰੇ ਜੇਤੂ ਅੰਦਾਜ ਨਾਲ਼ ਜਮਾਤ 'ਚ ਵੜੇ। ਜਿੱਥੇ ਸਾਰੀ ਜਮਾਤ ਉਡੀਕ ਰਹੀ ਸੀ ਬਈ ਅੰਦਰ ਕੀ ਤੇ ਕਿਵੇਂ ਬੀਤੀ ਹੋਊ ਸਾਡੇ ਨਾਲ਼ ?



ਰੋਮਾਂਚ, ਰੋਮਾਂਸ ਅਤੇ ਕੁਟਾਪਾ

ਫਰਵਰੀ 1994 'ਚ ਮੈਂ ਪਹਿਲੀ ਵਾਰ ਨੈਸ਼ਨਲ ਖੇਡਣ ਗਿਆ। ਟੂਰਨਾਮੈਂਟ ਸੀ ਕਰਨਾਟਕਾ ਦੇ ਗੁਲਬਰਗਾ ਸ਼ਹਿਰ 'ਚ। ਪਹਿਲੀ ਵਾਰ ਰੇਲ ਦਾ ਸਫ਼ਰ। ਉਹ ਵੀ ਚਾਰ ਦਿਨ ਲਗਾਤਾਰ। ਜਦੋਂ ਗੱਡੀ ਰੁਕਿਆ ਕਰੇ ਤਾਂ ਵੀ ਆਏਂ ਲੱਗੇ, ਜਿਵੇਂ ਚੱਲ ਰਹੀ ਹੈ। ਮੈਂ, ਗੋਲੂ ਅਤੇ ਪਾਲਾ ਬਹੁਤ ਹੈਰਾਨ ਹੁੰਦੇ, ਜਦੋਂ ਟਾਕੀ 'ਚੋਂ ਬਾਹਰ ਦੇਖਦੇ ਗੱਡੀ ਤਾਂ ਅਜੇ ਚੱਲੀ ਈ ਨ੍ਹੀਂ। ਨਵੀਆਂ ਸਟੇਟਾਂ, ਨਵੇਂ ਸਭਿਆਚਾਰ, ਨਵੀਆਂ ਬੋਲੀਆਂ ਬਹੁਤ ਰੋਮਾਂਚਕ ਸੀ।

ਸਾਡੀ ਤੀਜੀ ਪੁਜੀਸ਼ਨ ਆਈ । ਪਰ ਉੱਥਿ ਜੋ ਬੀਤੀ, ਉਹ ਮੈਨੂੰ ਈ ਪਤੈ ਕਿਵੇਂ ਬੀਤੀ। ਉੱਥਿ ਅਸੀਂ ਦੱਖਣੀ ਸਟੇਟਾਂ ਆਲ਼ਿਆਂ ਨੂੰ ਰੋਟੀ ਖਾਂਦੇ, ਖੇਡਦੇ, ਤੁਰਦੇ-ਫਿਰਦੇ ਪੰਜਾਬੀ 'ਚ ਗਾਲ਼ਾਂ ਕੱਢ-ਕੱਢ ਪੂਰੇ ਮਜ਼ੇ ਕਰਦੇ। ਕਲੋਜ਼ਿੰਗ ਸੈਰਾਮਨੀ 'ਤੇ ਕਮਾਲ਼ ਦੀ ਆਤਿਸ਼ਬਾਜ਼ੀ ਹੋਈ। ਸਾਡੇ ਮੂੰਹ ਅੱਡੇ-ਅਡਾਏ ਰਹਿ ਗਏ ਜਦੋਂ ਆਤਿਸ਼ਬਾਜ਼ੀ ਹੋਈ। ਪਤਾ ਨ੍ਹੀਂ ਕਿਹੜੇ ਹਿਸਾਬ ਨਾਲ਼ ਸੈਟਿੰਗ ਕੀਤੀ ਹੋਈ ਸੀ, ਹਨੇਰੇ 'ਚ ਕੁੱਛ ਪਤਾ ਨ੍ਹੀਂ ਸੀ ਚੱਲਦਾ। ਪਰ ਉੱਪਰ ਗਰਾਊਂਡ ਤੋਂ ਤਕਰੀਬਨ 30-40 ਫੁੱਟ ਹਵਾ 'ਚ ਜਦੋਂ ਸ਼ੁਰੂ ਹੋਈ ਤਾਂ ਕਦੇ ਪੰਜਾਬ ਲਿਖਿਆ ਦਿਖਦਾ, ਕਦੇ ਹਰਿਆਣਾ। ਇਸ ਤਰਾਂ ਪਹਿਲਾਂ ਸਾਰੀਆਂ ਸਟੇਟਾਂ ਦਿਖੀਆਂ, ਫੇਰ ਅਖ਼ੀਰ 'ਤੇ ਖਾਸੀ ਉਪਰ... ਪਿੱਛੇ ਨੂੰ ਹਟਵਾਂ ਇੰਨ-ਬਿੰਨ ਭਾਰਤ ਦਾ ਨਕਸ਼ਾ। ਸਾਡੇ ਲਈ ਉਹ ਕੋਈ ਜੰਨਤ ਤੋਂ ਘੱਟ ਨ੍ਹੀਂ ਸੀ।

ਜਦੋਂ ਇਹ ਚੱਲ ਰਿਹਾ ਸੀ ਤਾਂ ਇੱਕ ਪ੍ਰਬੰਧਕ ਮੇਰੇ ਮੂਹਰੇ ਨੂੰ ਹੋਈ ਜਾਵੇ। ਮੈਨੂੰ ਦਿਖ ਨ੍ਹੀਂ ਸੀ ਰਿਹਾ। ਆਪਾਂ ਨੇ ਲਾਤੀ ਝੜੀ ਨਾਨ-ਵੈੱਜ ਗਾਲ਼ਾਂ ਦੀ। ਮੇਰੇ ਕੋਲ਼ ਬੈਠੇ ਪੰਜਾਬੀ ਅਤੇ ਹਰਿਆਣਵੀ ਬੱਚੇ ਹੱਸੀ ਜਾਣ। ਨਾਲ਼ੇ ਮੇਰਾ ਸਾਥ ਦੇਈ ਜਾਣ, ਨਵੀਆਂ-ਨਵੀਆਂ ਚੋਂਦੀਆਂ-ਚੋਂਦੀਆਂ ਗਾਲ਼ਾਂ ਦੇਣ 'ਚ। ਸਾਨੂੰ ਸਭ ਨੂੰ ਇਹ ਚੰਗੀ ਤਰਾਂ ਪਤਾ ਸੀ ਕਿ ਇਨ੍ਹਾਂ ਨੂੰ ਤਾਂ ਚੱਜ ਨਾਲ਼ ਹਿੰਦੀ ਨ੍ਹੀਂ ਸਮਝ ਆਉਂਦੀ, ਠੇਠ ਗਾਲ਼ਾਂ ਕਿੱਥੋਂ ਆਉਣੀਆਂ ਨੇ! ਉਹਨੇ ਇਕ ਦੋ ਵਾਰ ਮੂੰਹ ਪਿੱਛੇ ਨੂੰ ਕਰਿਆ ਤੇ ਚਲਾ ਗਿਆ।

ਕੁਛ ਪਲਾਂ ਬਾਅਦ ਗੋਲੂ ਮਟੋਰੜੇ ਨੇ ਮੈਨੂੰ ਅਵਾਜ਼ ਮਾਰੀ, " ਓਏ ਤੈਨੂੰ ਕੋਚ ਸਾਹਬ ਬਲਾਉਂਦੇ ਨੇ।" ਮੈਂ ਡਰ ਗਿਆ। ਕੋਚ ਸਾਹਬ ਸਾਡੇ 'ਚੋਂ ਜੀਹਨੂੰ ਬਲਾਉਂਦੇ, ਉਹ ਡਰ ਜਾਂਦਾ ਸੀ।

ਜਦੋਂ ਮੈਂ ਕੋਚ ਸਾਹਬ ਕੋਲ਼ ਗਿਆ ਤਾਂ ਅੱਗੇ ਉਹੀ ਪ੍ਰਬੰਧਕ, ਮੈਥੋਂ ਵੀ ਜ਼ਿਆਦਾ ਪੱਕੇ ਰੰਗ ਦਾ, ਚਿੱਟੀ ਟੋਪੀ ਤੇ ਚਿੱਟੀ ਟੀ ਸ਼ਰਟ ਪਾਈਂ ਖੜਾ, ਜਿਹਨੂੰ ਗਾਲ਼ਾਂ ਦਿੱਤੀਆ ਸੀ। ਮੇਰੇ ਮਾੜੇ ਭਾਗ, ਮੈਨੂੰ ਚੜ੍ਹਾਈ ਹਜ਼ਮ ਕਿੱਥੇ ਹੁੰਦੀ ਐ। ਜਿਹੜੇ ਕੋਚ ਸਾਹਬ ਨੇ ਦੁਪਿਹਰੇ ਵਧੀਆ ਖੇਡਣ ਲਈ ਮੈਨੂੰ ਸ਼ਾਬਾਸ ਦਿੱਤੀ ਸੀ, ਉਹਨੇ ਈ ਢਾਹ ਲਿਆ ਬੱਕਰੇ ਵਾਂਗੂ। ਦੇਅ, ਜਿੱਥੇ

ਪੈਂਦੀਆਂ ਪੈਣ ਦੇ। ਫੇਰ ਉਹਨੇ ਕਰਨਾਟਕਾ ਆਲ਼ੇ ਪ੍ਰਬੰਧਕ ਨੇ ਹੀ ਛੁਡਾਇਆ, ਇਹ ਕਹਿ ਕੇ, "ਨਾ ਰਹਿਣ ਦੇ, ਸ਼ੇਰੇ ਯਾਰ ਛੱਡਦੇ, ਮਰਜੂਗਾ।" ਤਾਂ ਮਸਾਂ ਕਿਤੇ ਛੱਡਿਆ ਕੋਚ ਸਾਹਬ ਨੇ।

ਮੈਨੂੰ ਫੇਰ 'ਚ ਸਮਝ ਆਈ ਕਿ ਉਹਨੂੰ ਪੰਜਾਬੀ ਚੰਗੀ ਤਰਾਂ ਆਉਂਦੀ ਸੀ ਤੇ ਫਿਰ ਪਤਾ ਚੱਲਿਆ ਕਿ ਉਹ ਐਨ.ਆਈ.ਐੱਸ. ਕਰਦੇ ਸਮੇਂ ਕੋਚ ਸਾਹਬ ਦਾ ਰੂਮ ਮੇਟ ਹੁੰਦਾ ਸੀ।

ਵਾਪਸੀ ਸਮੇਂ ਆਪਾਂ ਤਾਂ ਕੋਚ ਸਾਹਬ ਦੇ ਨੇੜੇ ਵੀ ਨ੍ਹੀਂ ਗਏ। ਬਸ ਇੱਕ ਵਾਰ ਕੋਲ਼ ਗਿਆ, ਉਹ ਵੀ ਜਦੋਂ ਇਲਾਹਾਬਾਦ ਉਹਨਾਂ ਨੇ ਅਮਰੂਦ ਦਿੱਤਾ ਖਾਣ ਨੂੰ ਅਤੇ ਕਿਹਾ, "ਸਿਆਣਾ ਬਣੀ ਦਾ, ਹੁਣ ਤੂੰ ਨੈਸ਼ਨਲ ਖੇਡ ਚੁੱਕਿਐਂ। ਚੱਲ ਖਾ ਲਾ ਅਮਰੂਦ... ਡਰ ਨਾ।" ਉਹਨਾਂ ਦਾ ਇਸ਼ਾਰਾ ਪ੍ਰਬੰਧਕ ਨੂੰ ਗਾਲ਼ਾਂ ਕੱਢਣ ਵੱਲ ਸੀ। ਅਮਰੂਦ ਵੀ ਕਾਹਦਾ, ਨਿਰਾ ਕੜਾਹ ਦਾ!" ਅਮਲੋਹ ਕਦੇ ਮੈਂ ਉੱਡੇ-ਉੱਡੇ ਸਿਉ ਨ੍ਹੀਂ ਸੀ ਦੇਖੇ ਜਿੱਡਾ ਉਹ ਅਮਰੂਦ ਸੀ। ਖਾਣ ਨੂੰ ਵੀ ਜਮਾਂ ਖੰਡ ਮਿਸ਼ਰੀ।

***

ਸਕੂਲ 'ਚ ਵਿਦਾਇਗੀ ਪਾਰਟੀ ਚੱਲ ਰਹੀ ਸੀ। ਬਹੁਤ ਚੜ੍ਹਾਈ ਹੋਈ ਪਈ ਸੀ। ਮੈਂ ਪਹਿਲਾ ਖਿਡਾਰੀ ਸੀ ਜੋ ਨੈਸ਼ਨਲ ਪੱਧਰ ਤੱਕ ਖੇਡਿਆ। ਹਾਂ ਉੱਥੋਂ ਪੜ੍ਹ ਕੇ ਗਏ, ਬਾਅਦ 'ਚ ਬਹੁਤ ਵੱਡੇ ਖਿਡਾਰੀ ਵੀ ਬਣੇ ਨੇ, ਮੇਰੇ ਤੋਂ ਕਿਤੇ ਜ਼ਿਆਦਾ ਵੱਡੇ। ਪਰ ਉਸ ਸਕੂਲ 'ਚ ਪੜ੍ਹਦੇ ਸਮੇਂ 'ਚ ਮੈਂ ਪਹਿਲਾ ਸੀ। ਖ਼ੈਰ! ਉਸ ਦਿਨ ਮੈਨੂੰ ਸਟੇਜ਼ 'ਤੇ ਸੱਦ ਕੇ ਪਹਿਲੀ ਵਾਰ ਸਨਮਾਨਤ ਕੀਤਾ ਗਿਆ। ਨਹੀਂ ਤਾਂ ਸਟੇਜ਼ 'ਤੇ ਕਦੇ ਵਰਦੀ ਪਿੱਛੇ, ਕਦੇ ਕਿਸੇ ਗੱਲ ਪਿੱਛੇ ਸ਼ਰਾਰਤੀ ਤੱਤਾਂ 'ਚ ਹਾਰ ਈ ਪੈਂਦੇ ਸੀ। ਮੈਡਮਾਂ ਨੇ ਵੀ ਬਹੁਤ ਪਿਆਰ ਦਿੱਤਾ। ਗੱਲ ਕੀ, ਉਸ ਦਿਨ ਅਸਮਾਨੀਂ ਉੱਡਦਾ ਸੀ ਮੈਂ।

ਸਾਡੇ ਜਿਹੜੇ ਮੈਚ ਟੀ.ਵੀ. 'ਚ ਦਿਖਾਏ ਗਏ, ਕੁਦਰਤੀ ਉਹਨਾਂ 'ਚ ਮੈਂ ਵਧੀਆ ਖੇਡਿਆ ਸੀ। ਉੱਥਿ ਸਟੇਜ਼ ਤੋਂ 'ਕੱਲੀ-'ਕੱਲੀ ਰੇਡ 'ਚ ਮੈਂ ਕਿਵੇਂ ਕੀਤਾ, ਉਸ ਬਾਰੇ ਬੋਲਿਆ ਗਿਆ। ਮਾਸਟਰ-ਮਾਸਟਰਨੀਆਂ ਮੇਰੇ ਨਾਲ਼ ਫੋਟੋਆਂ ਖਿਚਵਾ ਰਹੀਆਂ ਸਨ। ਪਾਰਟੀ ਅਤੇ ਦਸਵੀਂ ਦੀ ਗਰੁੱਪ ਫੋਟੋ ਕਰਕੇ, ਕੈਮਰੇ ਵਾਲ਼ਾ ਵੀ ਪੋਜ਼ ਬਣਾ-ਬਣਾ ਫੋਟੋਆਂ ਖਿੱਚ ਰਿਹਾ ਸੀ। ਪਰ ਕੁਛ ਸਮਾਂ ਈ ਮਾਣ ਸਕਿਆ ਮੈਂ ਇਸ ਚੜ੍ਹਾਈ ਦਾ ਅਨੰਦ। ਕਿਉਂਕਿ ਮੇਰੀ ਮਿੱਥ ਅਨੁਸਾਰ ਹੁਣ ਉਤਰਾਈ ਹੋਣ ਦਾ ਵੇਲ਼ਾ ਆਉਣਾ ਸੀ। ਮੈਨੂੰ ਕਦੇ ਐਨਾ ਚਿਰ ਚੜ੍ਹਾਈ ਹਜ਼ਮ ਈ ਨ੍ਹੀਂ ਹੋਈ।

***

ਓਦੋਂ ਐਨਾ ਨ੍ਹੀਂ ਸੀ ਪਤਾ ਹੁੰਦਾ, ਪਰ ਐਨੇ ਜ਼ਿਆਦਾ ਲੱਲੂ ਵੀ ਨ੍ਹੀਂ ਸੀ, ਬਈ ਕੁਛ ਨਾ ਪਤਾ ਲੱਗੇ। ਮੈਨੂੰ ਸਾਡੇ ਪਿੰਡ ਆਲ਼ਾ ਬਿੰਨਾ ਤੇ ਉਸਦੀ ਭੂਆ ਦਾ ਮੁੰਡਾ ਕਹਿੰਦੇ, "ਵੀਰੇ, ਉਹ ਕੁਕਣ ਹੋਣੀਆਂ ਤੈਥੋਂ ਪਾਰਟੀ ਮੰਗਦੀਆਂ ਨੇ।" ਅਸੀਂ ਨਾਮ ਧਾਰੀਆਂ ਦੀਆਂ ਕੁੜੀਆਂ ਨੂੰ

'ਕੂਕਣਾ' ਅਤੇ ਮੁੰਡਿਆਂ ਨੂੰ 'ਕਸੂਤੇ' ਕਹਿ ਕੇ ਬੁਲਾਉਂਦੇ ਸੀ।

ਬੀੜ ਭਮਾਰਸੀ ਦੇ ਜਿਆਦਾਤਰ ਬੱਚੇ ਸਾਡੇ ਸਕੂਲ ਈ ਪੜ੍ਹਦੇ। ਇਹ ਡੇਰਾ ਰੂਪੀ ਪਿੰਡ, ਸਿਰਫ਼ ਕੂਕਿਆਂ ਦਾ ਈ ਹੈ।

ਮੈਂ ਤੀਹ ਰੁਪਏ ਦਿੱਤੇ। ਉਹਨਾਂ ਨੇ ਚਹਿਲ ਤੋਂ ਗੁਲਾਬ ਜਾਮਣਾਂ ਲਿਆ ਕੇ ਕਦੋਂ ਕੁੜੀਆਂ ਨੂੰ ਫੜਾਤੀਆਂ, ਮੈਨੂੰ ਨੀਂ ਪਤਾ ਲੱਗਾ। ਅਸੀਂ ਤਾਂ ਫੋਟੋਆਂ ਖਿਚਵਾਉਣ 'ਚ ਅਤੇ ਮੋਟਰ ਸਾਈਕਲਾਂ ਉੱਤੇ ਗੇੜੇ ਮਾਰਨ 'ਚ ਮਸਤ ਸੀ। ਸਾਲ ਵਿੱਚ ਇੱਕ ਵਾਰ ਈ ਬੱਚੇ ਮੋਟਰ ਸਾਈਕਲ ਲੈ ਕੇ ਆਉਂਦੇ ਸਨ। ਉਹ ਵੀ ਜਿਸ ਦਿਨ ਵਿਦਾਇਗੀ ਪਾਰਟੀ ਹੁੰਦੀ। ਨਹੀਂ ਤਾਂ ਝੋਲ਼ਿਆ ਨੂੰ ਪਿੱਛੇ ਲਟਕਾਈਂ ਤੁਰੇ ਆਉਣਾ। ਹੁਣ ਪਾਰਟੀ ਖ਼ਤਮ ਹੋ ਗੀ' ਸੀ। ਛੁੱਟੀ ਦਾ ਸਮਾਂ ਹੋਣ ਵਾਲ਼ਾ ਸੀ। ਕੁੜੀਆਂ ਦਾ ਬੁਲਾਵਾ ਫੇਰ ਆ ਗਿਆ, "ਵੀਰੇ, ਉਹ ਸਾਇੰਸ ਲੈਬ 'ਚ ਖੜ੍ਹੀਆਂ ਨੇ, ਤੈਨੂੰ ਬੁਲਾਇਆ।" "ਜਾ ਕਹਿਦੇ ਮੈਂ ਨੀਂ ਆਉਂਦਾ।" ਮੈਨੂੰ ਇਹ ਸੀ ਬਈ ਐਵੇਂ ਈ ਨਾ ਕਿਤੇ ਕੋਈ ਸਿਆਪਾ ਪੈ ਜੇ'। ਇਹ ਡਰ ਹਮੇਸ਼ਾਂ ਬਣਿਆ ਰਿਹੈ ਕਿ "ਸਿਆਪਾ ਨਾ ਪੈ ਜੇ'।"

ਪਰ ਯਾਰ ਕਮੀਨੇ ਕਿੱਥੇ ਹਟਦੇ ਨੇ। ਜਿਵੇਂ ਸਾਲ਼ਿਆਂ ਨੂੰ ਚੜ੍ਹਾਈ ਹਜ਼ਮ ਨੀਂ ਸੀ ਹੋ ਰਹੀ। "ਜਾ ਓਏ... ਬੁਲਾਉਂਦੀ ਐ, ਮਰਜਾ ਮਿਲਿਆ, ਜਾ ਕੇ ਸੁਣਿਆ ਗੱਲਬਾਤ।" ਉਹ ਸਵਾਦ ਲੈ ਰਹੇ ਸੀ।

ਜਦੋਂ ਮੈਂ ਲੈਬ 'ਚ ਗਿਆ ਤਾਂ ਉੱਥੇ ਇੱਕ ਦੋ ਹੋਰ ਕੁੜੀਆਂ ਨਾਲ਼ ਉਹ ਖੜ੍ਹੀ...। ਅੱਖਾਂ 'ਚ ਹੰਝੂ, ਗੁੱਸੇ ਦੀ ਭਰੀ ਬੋਲੀ, "ਸੱਚ-ਸੱਚ ਦੱਸ, ਤੇਰੀ ਓਹਦੇ ਨਾਲ਼ ਵੀ ਗੱਲ ਐ ?"

"ਕੀ.... ਕਿਹੜੀ ਗੱਲ ?"

"ਜਦੋਂ ਹੈੱਡ ਨੇ ਤੇਰੀ ਤਰੀਫ ਕੀਤੀ ਤੀ, ਤਾਂ ਤਾੜੀਆਂ ਕਿਉਂ ਮਾਰਦੀ ਤੀ ਉਹ, ਪਰੇਅਰ 'ਚ ?" ਉਹਨੇ ਅੱਖਾਂ ਭਰਦੀ ਨੇ ਕਿਹਾ। "ਫੇਰ ਕੀ ਹੋਇਆ ?" ਮੈਂ ਜਵਾਬ ਦਿੱਤਾ।

"ਫੇਰ ਕੀ ਹੋਣਾ ਤੀ, ਜਾਂ ਤਾਂ ਮੇਰੇ ਨਾਲ਼ ਰੱਖ, ਜਾਂ ਉਹਦੇ ਨਾਲ਼।" ਉਹ ਪੂਰੇ ਹੱਕ ਨਾਲ਼ ਬੋਲ ਰਹੀ ਸੀ।

"ਮੈਂ ਤੈਨੂੰ ਕਦੋਂ ਕਿਹਾ ਮੇਰੀ ਤੇਰੇ ਨਾਲ਼...।" ਇੱਕ ਵਾਰ ਤਾਂ ਗੁੱਸਾ ਜਿਆ ਵੀ ਆਇਆ ਕਿ ਕਹਿ ਦੇਵਾਂ ਬਈ ਤੈਨੂੰ ਜਿੰਨੀ ਵਾਰ ਬੁਲਾਇਆ 'ਭੈਣ' ਕਹਿ ਕੇ ਈ ਬੁਲਾਇਆ। ਪਰ ਕਿਹਾ ਨਾ ਗਿਆ, ਜਿਵੇਂ ਕੁਛ ਵਧੀਆ ਜਿਆ ਮਹਿਸੂਸ ਹੋ ਰਿਹਾ ਹੋਵੇ।

"ਨਾਲ਼ੇ ਫੇਰ ਤੂੰ ਮੈਨੂੰ ਦੇਖਦਾ ਕਿਉਂ ਰਹਿਨੈ ? ਗਾਂਧੀ ਹੋਣੀ ਮੈਨੂੰ ਭਾਬੀ-ਭਾਬੀ ਕਿਉਂ ਕਹਿੰਦੇ ਨੇ ?" ਕਹਿਕੇ ਉਹ ਉਚੀ-ਉਚੀ ਰੋਣ ਲੱਗ ਪੀ।

ਮੈਨੂੰ ਪਤਾ ਨੀਂ ਕੀ ਹੋਇਆ ਮੈਂ ਕੋਲ਼ ਨੂੰ ਹੋ ਕੇ ਕਿਹਾ, "ਚੁੱਪ ਕਰਜਾ ਕੋਈ ਗੱਲ ਨੀਂ ਮੇਰੀ ਕਿਸੇ ਨਾਲ਼। ਨਾਲ਼ੇ ਊਈਂ ਨਾ ਕੁਟਾਪਾ ਕਰਾਦੀਂ।" ਇਹ ਸੁਣ ਕੇ ਉਹਨੇ ਸਿਰ ਮੇਰੇ ਮੋਢੇ

ਕੋਲ਼ ਕਰ ਲਿਆ। ਮੈਂ ਵੀ ਸਹਾਰਾ ਜਿਆ ਦੇਤਾ। ਬਸ ਐਨੀ ਕੁ ਈ ਕਹਾਣੀ ਸੀ। ਇਹ ਗੱਲਬਾਤ ਪਹਿਲੀ ਵਾਰ ਹੋਈ। ਨਹੀਂ ਤਾਂ ਜਮਾਤ 'ਚ ਲੜਾਈ ਈ ਹੁੰਦੀ ਸੀ। ਕਦੇ ਕਿਸ ਗੱਲ 'ਤੇ, ਕਦੇ ਕਿਸ ਗੱਲ 'ਤੇ। ਪਰ ਐਨੀ ਕੁ ਕਹਾਣੀ ਨੇ ਐਨੀ ਬੇਇੱਜਤੀ ਕਰਾ 'ਤੀ ਕਿ ਪੁੱਛੋ ਈ ਨਾ। ਜਿਹੜੇ ਮੰਜੂ ਮੈਡਮ ਜੀ, ਮੇਰੀਆਂ ਪਿਛਲੀਆਂ ਸਾਰੀਆਂ ਬਤਮੀਜੀਆਂ ਭੁੱਲ ਕੇ ਫੋਟੋਆਂ ਖਿਚਵਾ ਹਟੇ ਸੀ ਤੇ ਹੈੱਡ ਮੈਡਮ ਨੂੰ ਸਲਾਹਾਂ ਵੀ ਦੇ ਰਹੇ ਸੀ ਕਿ ਇਸਦੀ ਇੱਕ ਵੱਡੀ ਫੋਟੋ ਕਰਾ ਕੇ ਲਗਵਾਓ 'ਹਮਾਰਾ ਮਾਣ' ਲਿਖਕੇ, ਉਹ ਹੁਣ ਕਹਿ ਰਹੇ ਸਨ ਕਿ ਦਫਾ ਕਰੋ, ਇਹਨੂੰ ਬਦਤਮੀਜ ਨੂੰ।

ਪਤਾ ਨੀਂ ਕਿਸਨੇ ਕੀ-ਕੀ ਗੱਲ ਬਣਾ ਕੇ ਮੈਡਮ ਨੂੰ ਦੱਸਿਆ। ਜਿੱਥੇ ਵਾਹ-ਵਾਹ ਹੋ ਰਹੀ ਸੀ ਓਥੇ ਹੁਣ ਥੂਹ-ਥੂਹ ਹੋਣ ਲੱਗ ਪਈ।



ਲੁੱਚੀ ਸ਼ਰਤ

ਦੂਜੇ ਦਰਜ਼ੇ 'ਚ ਦਸਵੀਂ ਪਾਸ ਕਰਕੇ ਮੈਂ ਤੇ ਜੀਤ ਪਟਿਆਲ਼ੇ ਪੜਨ ਲੱਗ ਪੇ'।ਉੱਥੇ ਹੀ ਰਹਿੰਦੇ ਰਾਤ-ਦਿਨ। ਉਦੋਂ ਬਸ ਦੋ ਕੰਮ ਕਰਦੇ, ਪ੍ਰੈਕਟਿਸ ਤੇ ਸੌਣਾ ਜਾਂ ਫੇਰ ਆਪਣੇ-ਆਪਣੇ ਬਚਪਨ ਦੇ ਕਿੱਸੇ ਸੁਣਾ-ਸੁਣਾ ਕੇ ਹੱਸਦੇ ਰਹਿਣਾ। ਇਸੇ ਕਰਕੇ ਮੇਰੇ ਸਾਰੀਆਂ ਗੱਲਾਂ ਹੂ-ਬ-ਹੂ ਯਾਦ ਨੇ, ਜੋ ਮੈਂ ਉੱਥੇ ਸੁਣਾਉਂਦਾ ਰਿਹਾ। ਨਹੀਂ ਤਾਂ ਮੈਂ ਕਿਹੜਾ ਕੋਈ ਡਾਇਰੀ ਵਗੈਰਾ ਲਿਖਦੈਂ।ਅਸੀਂ ਕਿੰਨਾ ਹੱਸਦੇ ਸੀ ਇੱਕ ਦੂਜੇ 'ਤੇ ਤਵੇ ਲਾ-ਲਾ ਕੇ, ਕਮਾਲ ਦੇ ਦਿਨ ਸਨ।ਇਹ ਸਮਾਂ ਗੋਲਡਨ ਪੀਰੀਅਡ ਤੋਂ ਵੀ ਅਗਾਂਹ ਸੀ, ਡਾਇਮੰਡ ਪੀਰੀਅਡ।

ਉਹਨਾਂ ਦਿਨਾਂ 'ਚ ਈ ਇੱਕ ਅਫਵਾਹ ਉੱਡੀ, ਬਈ ਗਣੇਸ਼ ਦੀ ਮੂਰਤੀ ਦੁੱਧ ਪੀਂਦੀ ਐ।ਸਾਰੇ ਪਾਸੇ ਇਹੋ ਚਰਚਾ।ਗੀਤੀ ਕਹਿੰਦਾ "ਮੇਰੇ ਚਾਚੇ ਦੇ ਗੰਨ ਮੈਨ ਨੇ ਬਾਹਰ ਅਮਰੀਕਾ 'ਚ ਫੋਨ ਕੀਤੈ, ਉੱਥੇ ਵੀ ਮੂਰਤੀ ਦੁੱਧ ਪੀ ਰਹੀ ਐ।" ਹੋਰ ਵੀ ਸਾਰੇ ਇਹੋ ਕਹਿ ਰਹੇ ਸੀ।ਇਹਨਾਂ ਗੱਲਾਂ 'ਚ ਆ ਕੇ ਟਿਵਾਣੇ ਨੇ ਮੇਰੇ ਨਾਲ਼ ਸ਼ਰਤ ਲਗਾ ਲੀ ਕਿ ਜੇ ਮੂਰਤੀ ਦੁੱਧ ਪੀਂਦੀ ਹੋਈ ਤਾਂ ਮਹੀਨਾ-ਭਰ ਉਹਦੇ ਹਿੱਸੇ ਦੇ ਭਾਂਡੇ ਅਤੇ ਕੱਪੜੇ ਮੈਂ ਧੋਵਾਂਗਾ। ਜੇ ਨਾ ਪੀਂਦੀ ਹੋਈ ਤਾਂ ਟਿਵਾਣਾ ਧੋਵੇਗਾ।ਦੂਜੀ ਮੁੱਖ ਸ਼ਰਤ ਵੀ ਸੀ ।ਪਰ ਉਹ ਥੋੜ੍ਹੀ ਹੋਰ ਤਰਾਂ ਦੀ ਸੀ, ਲੁੱਚੀ ਜਿਹੀ।

ਇਹਨਾਂ ਅੰਧਵਿਸ਼ਵਾਸ਼ੀ ਗੱਲਾਂ 'ਚ ਮੇਰਾ ਵਿਸ਼ਵਾਸ਼ ਨ੍ਹੀਂ ਸੀ ਬਣਨ ਦਿੱਤਾ ਬਾਪੂ ਜੀ ਨੇ।ਜਦੋਂ ਛੋਟੇ ਹੁੰਦੇ ਬੱਚੇ ਪਾਸ ਹੋਣ ਲਈ ਪਤਾਸੇ ਸੁੱਖਦੇ, ਬਾਪੂ ਜੀ ਨੇ ਮੈਨੂੰ ਸੁੱਖਣਾਂ-ਸੁੱਖਣ ਨਾ ਦੇਣੀਆਂ, "ਇੱਟਾਂ ਪਾਸ ਨ੍ਹੀਂ ਕਰਾ ਸਕਦੀਆਂ।" ਕਹਿ ਕੇ ਰੋਕ ਦਿੰਦੇ।ਉਸ ਦਿਨ ਸਾਰੇ ਭਾਰਤੀ ਥਾਈਂ-ਥਾਈਂ ਮੰਦਰਾਂ 'ਚ ਦੁੱਧ ਡੋਲ੍ਹ ਰਹੇ ਸਨ, ਨਾਲ਼ੀਆਂ ਦਾ ਗੰਦਾ ਪਾਣੀ ਦੁਧੀਆ ਕਰਿਆ ਪਿਆ ਸੀ।

ਮੈਂ ਤੇ ਟਿਵਾਣਾ ਲੱਗੀ ਸ਼ਰਤ ਅਨੁਸਾਰ ਪੁੱਜ ਗੇ' ਮੰਦਰ 'ਚ...।ਇਹ ਮੰਦਰ ਵੀ ਪਾਸੀ ਰੋਡ 'ਤੇ ਈ ਪੈਂਦਾ ਏ।ਸਕੂਲ ਤੋਂ ਜਿਆਦਾ ਦੂਰ ਨ੍ਹੀਂ ਹੈਗਾ।

ਉਦੋਂ ਮੈਂ ਕੋਈ ਸਾਹਿਤ ਵੀ ਨ੍ਹੀਂ ਸੀ ਪੜ੍ਹਿਆ ਹੋਇਆ। ਵਿਚਾਰਧਾਰਕ ਤੌਰ 'ਤੇ ਵੀ ਕੱਚ-ਘਰੜ ਹੀ ਸੀ।ਬਸ ਬਾਪੂ ਆਲ਼ੇ ਦੇਸੀ ਮਾਰਕਸਵਾਦ ਤੋਂ ਹੀ ਸਿੱਖਿਆ ਸੀ ਮਾੜਾ-ਮੋਟਾ। ਅੱਗੋਂ ਬਾਪੂ ਜੀ ਕਿਹੜਾ ਸਮਾਜ ਸ਼ਾਸਤਰ ਦੀ ਐੱਮ.ਏ.ਪਾਸ ਸਨ।ਊਂ ਵੈਸੇ ਨੌਂਵੀਂ ਪਾਸ ਬੰਦੇ ਨੂੰ ਐਵੇਂ ਦਾ ਗਿਆਨ ਹੋਣਾ, ਕੋਈ ਮਾੜੀ-ਮੋਟੀ ਗੱਲ ਵੀ ਨ੍ਹੀਂ ਹੁੰਦੀ।

ਕਾਮਰੇਡ ਲੋਕਾਂ ਨੇ ਤਾਂ ਮਾਰਕਸ ਤੋਂ ਸਿੱਖਿਆ ਹੋਊ ਪਰ ਮੈਂ ਆਪਣੇ ਬਾਪੂ ਤੋਂ ਸਿੱਖਿਆ ਸੀ, ਕਿ ਦਿਹਾੜੀਦਾਰ ਦੀ ਦਿਹਾੜੀ ਉਸਦੇ ਹੱਥ-ਪੈਰ ਧੋਣ ਤੋਂ ਪਹਿਲਾਂ ਈ ਦੇ ਦਵੋ। ਬੇਸ਼ੱਕ ਗਵਾਂਢੀਆਂ ਤੋਂ ਪੈਸੇ ਮੰਗ ਕੇ ਹੀ ਦੇਵੋ। ਉਹ ਕਹਿੰਦੇ ਸੀ ਕਿ ਖਬਰੈ ਕੀ-ਕੀ ਸੋਚਿਆ ਹੋਊ, ਬਈ ਆਥਣੇ ਪੈਸੇ ਮਿਲਣਗੇ ਤਾਂ ਆਹ ਲੈ ਕੇ ਜਾਊਂ, ਉਹ ਲੈ ਕੇ ਜਾਊਂ।

ਅੰਧ ਵਿਸ਼ਵਾਸ 'ਤੇ ਉਹ ਬੜੀ ਤਿੱਖੀ ਸੱਟ ਮਾਰਦੇ।ਕੇਰਾਂ ਇੱਕ ਪੰਡਤ ਸਾਡੇ ਘਰ ਰੋਟੀ ਖਾਵੇ।ਹੱਥ ਵਗੈਰਾ ਤਾਂ ਅਸੀਂ ਕਦੇ ਦਿਖਾਇਆ ਈ ਨ੍ਹੀਂ।ਪਰ ਬੀਬੀ ਚਾਹ-ਪਾਣੀ ਹਰੇਕ ਨੂੰ ਪਿਲਾ ਦਿੰਦੀ।

ਬੀਬੀ ਨੂੰ ਵੀ ਇਹ ਸੀ ਤੇ ਪੰਡਤ ਨੂੰ ਵੀ ਕਿ ਬਾਪੂ ਜੀ ਘਰ ਨ੍ਹੀਂ ਹੈਗੇ'।ਪੰਡਤ ਜੀ ਸਾਡੀ ਗਵਾਂਢਣ ਨੂੰ 'ਵੈਤਰਨੀ ਨਦੀ' ਬਾਰੇ ਸਮਝਾ ਰਹੇ ਸੀ ਕਿ ਉਹ ਪੀਕ ਦੀ ਭਰੀ ਵਗਦੀ ਹੈ।ਦਾਨ ਪੁੰਨ ਕਰਿਆ ਕਰੋ ਭਾਈ, ਨਹੀਂ ਤਾਂ ਨਰਕ ਭੋਗੋਂਗੇ। ਬਾਪੂ ਜੀ ਅੰਦਰਲੇ ਕਮਰੇ 'ਚੋਂ ਬਾਹਰ ਆਉਂਦੇ ਕਹਿੰਦੇ, "ਪੰਡਤਾ ਨਰਕ ਬਾਰੇ ਤਾਂ ਆਏਂ ਦੱਸਦੈਂ ਪਤੰਦਰਾਂ, ਜਿਵੇਂ ਨਾਨਕੇ ਹੋਣ ਓਥੇ, ਬਈ ਜਾਂਦਾ ਰਿਹਾ ਹੋਵੇਂ।" ਪੰਡਤ ਛੇਤੀ-ਛੇਤੀ ਤਾਂ ਘਰ ਵੜਿਆ ਨ੍ਹੀਂ ਕਦੇ। ਉਦਣ ਵੀ ਭੁਲੇਖੇ 'ਚ ਮਾਰ ਖਾ ਗਿਆ ਸੀ।ਛੇਤੀ-ਛੇਤੀ 'ਚ ਚੱਪਲਾਂ ਪਾ, ਬੁ-ਬੁ ਕਰਦਾ ਪੱਤਰੇ ਵਾਚ ਗਿਆ ਬੇਚਾਰਾ।

ਖੈਰ! ਮੰਦਰ 'ਚ ਬਹੁਤ ਲੰਬੀ ਕਤਾਰ ਲੱਗੀ ਹੋਈ ਸੀ।ਸਿਰਫ਼ ਗਣੇਸ਼ ਮੰਦਰ 'ਚ ਈ ਨ੍ਹੀਂ, ਓਦਣ ਤਾਂ ਪੁਜਾਰੀਆਂ ਨੇ ਗਣੇਸ਼ ਜੀ ਦੀਆਂ ਮੂਰਤੀਆਂ ਹਰੇਕ ਮੰਦਰ 'ਚ ਈ ਰੱਖ ਲਈਆਂ ਸਨ।

ਅਸੀਂ ਵੀ ਹੁਣ ਆਪਣੀ ਵਾਰੀ ਦੀ ਉਡੀਕ 'ਚ ਸੀ।ਬਾਕੀਆਂ ਨੇ ਤਾਂ ਦੁੱਧ ਦੇ ਪੈਕਟ ਅਤੇ ਗੜਵੀਆਂ ਫੜ੍ਹੀਆਂ ਹੋਈਆਂ। ਪਰ ਅਸੀਂ ਹੱਥੋਂ ਤੇ ਜੇਬੋਂ ਖਾਲੀ ਖੜ੍ਹੇ ਬਿਟਰ-ਬਿਟਰ ਦੇਖੀਏ ਚੋਰਾਂ ਵਾਂਗ।

ਮੰਦਰ ਕਮੇਟੀ ਨੇ ਦੁੱਧ ਵੇਚਣ ਦਾ ਪ੍ਰਬੰਧ ਗੇਟ 'ਤੇ ਈ ਕਰ ਰੱਖਿਆ ਸੀ।ਧੱਕੇ-ਧੁੱਕੇ ਖਾਂਦੇ ਸਾਡੀ ਵਾਰੀ ਆ ਗੀ'।ਬੜੇ ਸਾਰੇ ਢਿੱਡ ਆਲ਼ਾ ਸਿਰੋਂ ਗੰਜਾ ਪੁਜਾਰੀ, ਕਿਸੇ ਨੂੰ ਜਿਆਦਾ ਸਮਾਂ ਮੂਰਤੀ ਕੋਲ਼ ਰੁਕਣ ਨ੍ਹੀਂ ਸੀ ਦੇ ਰਿਹਾ। "ਚਲੋ-ਚਲੋ ਭਗਤੋ, ਆਗੇ ਚਲੋ....।" ਆਖ ਤੋਰੀ ਜਾਵੇ।

ਜਦੋਂ ਟਿਵਾਣੇ ਨੇ ਦੁੱਧ ਦਾ ਚਮਚਾ ਮੂਰਤੀ ਦੀ ਸੁੰਡ ਥੱਲੇ ਲਾਇਆ ਤਾਂ ਸੈਕਿੰਟਾਂ 'ਚ ਈ ਖਾਲੀ।ਮੈਂ ਡਰ ਗਿਆ। ਜਿੰਨੀ ਛੇਤੀ ਚਮਚੇ 'ਚੋਂ ਦੁੱਧ ਖ਼ਤਮ ਹੋਇਆ, ਉਸ ਤੋਂ ਦੁੱਗਣੀ ਫ਼ੁਰਤੀ ਨਾਲ਼ ਟਿਵਾਣੇ ਦੀਆਂ ਬਾਛਾਂ ਖਿੜ ਗਈਆਂ।ਮੈਂ ਓਦਰ ਗਿਆ, ਘਬਰਾਅ ਗਿਆ, ਬਈ ਹੁਣ ਫਸ ਗਿਆ।

ਹੁਣ ਗੱਲ ਵਿਚਾਰਧਾਰਾ ਦੀ ਹਾਰ ਜਿੱਤ ਤੋਂ ਉੱਪਰ ਉੱਠ ਚੁੱਕੀ ਸੀ। ਪੂਰਾ ਇੱਕ ਮਹੀਨਾ ਭਾਂਡੇ ਧੋਣੇ ਸੀ ਤੇ ਕੱਪੜੇ ਵੀ। ਉੱਤੋਂ ਰੋਟੀ-ਪਾਣੀ ਸਭ ਕੁੱਝ ਟਿਵਾਣੇ ਦੇ ਹਿੱਸੇ ਦਾ ਕਰਨਾ ਪੈਣਾ ਸੀ।ਕੰਮ ਨੇ ਤਾਂ ਚਲੋ ਖਾਧੀ ਕੜ੍ਹੀ ਜਿਹੜੀ ਦੂਜੀ ਲੁੱਚੀ ਸ਼ਰਤ ਸੀ, ਉਹਦਾ ਡਰ ਜਿਆਦਾ ਵੱਢ-ਵੱਢ ਖਾਈ ਜਾਵੇ।

ਮੈਂ ਆਖਿਆ, "ਦੁਬਾਰਾ ਪਿਲਾ, ਹੁਣ ਚਮਚੇ ਨੂੰ ਟਿਕਾ ਕੇ ਰੱਖੀਂ।" ਪਿੱਛੇ ਕਤਾਰ 'ਚ

ਵਾਰੀ ਦੀ ਉਡੀਕ ਕਰਦੇ ਲੋਕ ਬੁੜ-ਬੁੜ ਕਰਨ। ਦੁੱਧ ਫੇਰ ਓਨੀ ਈ ਤੇਜੀ ਨਾਲ਼ ਗਣੇਸ਼ ਜੀ ਪੀ ਗਏ। ਟਿਵਾਣਾ ਆਖੇ, "ਨਾ ਹੁਣ ਬੋਲ.... ਬੜਾ ਬਣਦਾ...।"

ਮੈਨੂੰ ਉੱਥੇ ਸਟੂਲ ਉੱਤੇ ਜੋਤ ਕੋਲ਼ ਪਿਆ ਇੱਕ ਤਾਂਬੇ ਦਾ ਚਮਚਾ ਦਿਸ ਪਿਆ। ਉਹ ਚਮਚਾ ਆਮ ਚਮਚਿਆਂ ਵਰਗਾ ਨਹੀਂ ਸੀ, ਬਿਲਕੁਲ ਚੌਰਸ (ਸਿਕੁਏਅਰ) ਬਣਤਰ ਦਾ ਸੀ। ਜਦੋਂ ਮੈਂ ਤਾਂਬੇ ਦੇ ਚਮਚੇ ਨਾਲ਼ ਪਿਲਾਇਆ... ਤਾਂ ਦੁੱਧ ਕਿਹੜੇ ...ਨੇ ਪੀਣਾ ਸੀ।

ਅਸਲ 'ਚ ਦੂਜੇ ਚਮਚਿਆਂ 'ਚੋਂ ਦੁੱਧ ਡੁੱਲ੍ਹ ਜਾਂਦਾ ਸੀ ਜਾਂ ਫਿਰ ਜਿਵੇਂ ਫਰਸ਼ 'ਤੇ ਜਿੱਥੇ ਪਾਣੀ ਡੁੱਲ੍ਹਿਆ ਹੁੰਦੈ। ਛੋਟੇ ਹੁੰਦੇ ਉਸਨੂੰ ਉਂਗਲ ਲਗਾ ਕੇ ਜਦੋਂ ਲੀਕ ਜਿਹੀ ਖਿੱਚ ਕੇ ਕਹਿੰਦੇ ਹੁੰਦੇ ਸੀ, ਕਿ ਦੇਖ 'ਜਾਦੂ....।' ਉਂਗਲ ਦੀ ਲੀਕ ਪਿੱਛੇ-ਪਿੱਛੇ ਜਾ ਕੇ ਪਾਣੀ ਆਪਣੀ ਜਗ੍ਹਾ ਬਦਲ ਲੈਂਦਾ ਸੀ। ਓਵੇਂ ਈ ਚਮਚੇ 'ਚੋਂ ਡੁੱਲ੍ਹੇ ਦੁੱਧ ਨਾਲ਼ ਬਾਕੀ ਦੁੱਧ ਵੀ ਵਹਿ ਜਾਂਦਾ, ਤੇ ਚਮਚਾ ਖਾਲੀ ਹੋ ਜਾਂਦਾ।

ਜਦੋਂ ਮੈਨੂੰ ਯਕੀਨ ਹੋ ਗਿਆ ਕਿ ਸ਼ਰਤ ਜਿੱਤ ਗਿਆ ਹਾਂ। ਤਾਂ ਆਪਾਂ ਤਾਂ ਪਾਤਾ ਰੌਲ਼ਾ, "ਗਣੇਸ਼ ਕੋਈ ਦੁੱਧ ਨ੍ਹੀਂ ਪੀਂਦਾ, ਐਵੇਂ ਲੱਲੂ ਬਣਾਉਂਦੇ ਨੇ ਫਲਾਂ-ਫਲਾਂ....।" ਮੈਂ ਭੁੱਲ ਗਿਆ ਚਾਅ 'ਚ ਕਿ ਖੜ੍ਹਾ ਕਿੱਥੇ ਹਾਂ।

ਟਿਵਾਣਾ ਮੇਰਾ ਮੂੰਹ ਘੁੱਟੀ ਜਾਵੇ ਨਾਲ਼ੇ ਦੰਦਾ ਜਿਆਂ 'ਚ ਹੌਲ਼ੀ-ਹੌਲ਼ੀ ਆਖੀ ਜਾਵੇ "ਬਾਣੀ ਤੂੰ ਮਰਵਾਏਂਗਾ, ਚੁੱਪ ਹੋ ਜਾ ਬੀਰ ਬਣਕੇ। ਇੱਕ ਮਹੀਨਾ ਛੱਡ, ਦੋ ਮਹੀਨੇ ਕੰਮ ਕਰਾਲੀਂ। ਕੰਮ ਛੱਡ ਦੂਜੀ ਸ਼ਰਤ ਵੀ ਪੂਰੀ ਕਰਦੂੰ ਪਰ ਮੂੰਹ ਬੰਦ.....।"

"ਪੀਤੇ ਹੈ, ਪੀਤੇ ਕਿਉਂ ਨਹੀਂ, ਪੀਤੇ ਥੇ, ਅਬੀ ਸਪੀਡ ਕਮ ਹੂਈ ਹੈ... ਸੁਬਾ ਸੇ ਲਗਾਤਾਰ ਜੋ ਪੀ ਰਹੇ ਹੈਂ।" ਭਾਂਡਾ ਫੁਟਦਾ ਦੇਖ ਪੁਜਾਰੀ ਜੀ ਬੋਲੇ। ਪਰ ਘਬਰਾਏ ਹੋਏ ਹੋਰ ਈ ਕੁਛ ਬੋਲ ਗਏ। ਬਈ, ਗਣੇਸ਼ ਜੀ ਵੀ ਥੱਕ ਸਕਦੇ ਨੇ ਭਲਾਂ...ਸਪੀਡ ਘਟਣ ਨੂੰ ਉਹ ਕੋਈ.... ਨੇ।


ਹੈ ਤਾਂ ਇਹ ਗੱਲ ਹਾਸੇ ਵਾਲ਼ੀ ਸੀ, "ਗਣੇਸ਼ ਜੀ ਦੀ ਸਪੀਡ ਘਟ ਗਈ ਹੈ" ਪਰ ਮਾਹੌਲ ਨ੍ਹੀਂ ਸੀ ਹੱਸਣ ਵਾਲ਼ਾ। ਮਾਹੌਲ ਤਾਂ ਹੁਣ ਬਦਲ ਗਿਆ ਸੀ। ਧਾਰਮਿਕ ਭਾਵਨਾਵਾਂ 'ਤੇ ਹਥੌੜਾ ਜੋ ਵੱਜਾ ਸੀ...। ਲੋਕ ਲੁੱਟੇ ਹੋਏ ਮਹਿਸੂਸ ਕਰਦੇ ਸਨ। ਪਰ ਕਹਿੰਦੇ ਨੇ ਬਈ ਭਾਰਤੀ ਲੋਕ ਸਭ ਕੁਛ ਜਾਣਦੇ ਹੋਏ ਵੀ ਭਰਮ ਆਲ਼ੇ ਸੁਖਦ ਜੋਨ ਨ੍ਹੀਂ ਛੱਡ ਸਕਦੇ। ਨਾ ਹੋ ਸਕਣ ਆਲ਼ੇ ਚਮਤਕਾਰ ਉਡੀਕਣ 'ਚ ਈ ਮਜ਼ੇ ਲੈਂਦੇ ਰਹਿੰਦੇ ਨੇ। ਪਤਾ ਹੋਣ ਦੇ ਬਾਵਜੂਦ ਭਰਮ, ਪਸੰਦ ਕਰਦੇ ਹਨ।

ਬਸ ਹੋ ਗੇ' ਦੁਆਲ਼ੇ। ਕੋਈ ਕਿੱਧਰ ਨੂੰ, ਕੋਈ ਪਿੱਛੇ ਨੂੰ, ਕੋਈ ਧੱਕੇ ਮਾਰੇ, ਹੋਰ ਈ ਤਰਾਂ ਦੇ ਭੂਤਰੇ ਜਿਹੇ ਬਣ ਗੇ' ਸੀ। ਜਿਹੜੇ ਕੁਛ ਸਮਾਂ ਪਹਿਲਾਂ ਧਾਰਮਿਕ ਭਜਨ ਗਾ ਰਹੇ ਸੀ, ਸਿਰ ਹਿਲਾ-ਹਿਲਾ ਕੇ। ਹੁਣ ਉਹ ਸਿਰ ਪਾਟਣ ਤੱਕ ਜਾ ਰਹੇ ਸੀ।

ਤੇੜ ਸਾਡੇ ਨਿੱਕਰਾਂ ਈ ਪਾਈਆਂ ਹੋਈਆਂ ਸਨ। ਪਰ ਟੀ-ਸ਼ਰਟਾਂ ਤਾਂ ਪਾੜ ਈ ਦੇਣੀਆਂ ਸੀ। ਟਿਵਾਣਾ ਕਹਿੰਦਾ, "ਸਾਲ਼ਿਆ ਟੀ-ਸ਼ਰਟਾਂ 'ਤੇ ਮਲਟੀ ਪਰਪਜ਼ ਲਿਖਿਆ ਹੋਇਆ, ਕੱਲ੍ਹ ਨੂੰ ਕੋਚ ਸਾਹਬ ਬਹੁਤ ਕੁੱਟਣਗੇ। ਪਤਾ ਉਹਨਾਂ ਨੂੰ ਲੱਗ ਈ ਜਾਣਾ।" ਅਸੀਂ ਇੱਕ ਥਮਲੇ ਜਿਹੇ ਦੀ ਓਟ 'ਚ ਹੋ ਗੇ'। ਉਹ ਸਾਨੂੰ ਖਿੱਚ ਕੇ ਬਾਹਰ ਲਿਜਾਣਾ ਚਾਹੁੰਦੇ ਸੀ।

ਮੈਂ ਵੀ ਡਰ ਗਿਆ ਬਈ ਸਬੂਤ ਵਜੋਂ ਇਹ ਫਟੀਆਂ ਬਨੈਣਾਂ ਇਹਨਾਂ ਨੇ ਸਾਂਭ ਲੈਣੀਆਂ ਨੇ। ਭੀੜ ਤੋਂ ਜ਼ਿਆਦਾ ਡਰ ਕੋਚ ਸਾਹਬ ਦਾ ਸੀ। ਪਾੜ ਤਾਂ ਭੀੜ ਸਾਨੂੰ ਵੀ ਦਿੰਦੀ ਜੇ ਕਿਤੇ ਉਹ ਥਾਣੇਦਾਰ ਸ਼ਰਮਾ ਨਾ ਆਉਂਦਾ। ਉਹ ਤਿੰਨ ਜਣੇਂ ਸਨ, ਪਰ ਸਨ ਬਹੁਤ ਕਾਇਮ।

ਉਹਨੂੰ ਵੀ ਕਈ ਧੱਕੇ ਵੱਜੇ। ਫੇਰ ਉਹ ਸਾਨੂੰ ਕਮਰੇ ਤੱਕ ਛੱਡ ਕੇ ਗਿਆ ਅਤੇ ਦੋਵੇਂ ਸਿਪਾਹੀਆਂ ਨੂੰ ਸਕੂਲ ਦੇ ਗੇਟ 'ਤੇ ਰਹਿਣ ਦੀ ਹਦਾਇਤ ਕਰਕੇ ਗਿਆ। ਨਹੀਂ ਤਾਂ ਓਦਣ ਇੱਕ ਲੁੱਚੀ ਸ਼ਰਤ 'ਤੇ, ਸੁੱਚੀ ਜਗ੍ਹਾ ਕੁਰਬਾਨ ਹੋ ਗਏ ਸੀ।



ਪੁਲਸ, ਖਾੜਕੂ ਅਤੇ ਬਰੇਲੀ ਸ਼ਹਿਰ

ਜਦੋਂ ਕਿ ਪੁਲਸ ਤਾਂ ਖਾੜਕੂਆਂ ਤੋਂ ਲੁਕਦੀ ਫਿਰਦੀ ਸੀ। ਉਵੇਂ ਜਿਵੇਂ ਕੋਈ ਬਹੁਤ ਡਰਪੋਕ ਬੰਦਾ, ਆਪਦੇ ਹੀ ਘਰ ਆਟੇ ਆਲ਼ੇ ਭੜੋਲੇ 'ਚ ਲੁਕ ਜਾਂਦਾ ਹੁੰਦਾ ਹੈ, ਪਿੰਡ 'ਚ ਸ਼ੇਰ ਆਏ ਦੀ ਖ਼ਬਰ ਸੁਣ ਕੇ। ਅਸੀਂ ਊਈਂ ਪੁਲਸ ਨੂੰ ਹੀਰੋ ਮੰਨੀ ਗਏ ਅਖ਼ਬਾਰੀ ਖਬਰਾਂ ਸੁਣ-ਸੁਣ ਕੇ।

ਕਸਬਾ ਮਾਨਾ ਵਾਲ਼ਾ ਨੇੜੇ ਅੰਮ੍ਰਿਤਸਰ, ਡੇਰਾ ਬਿਆਸ ਤੋਂ ਥੋੜ੍ਹਾ ਅੱਗੇ। ਉੱਥੇ ਸਾਡਾ ਕੈਂਪ ਲੱਗਿਆ ਹੋਇਆ ਸੀ। ਪਟਿਆਲੇ ਤੋਂ ਮੈਂ, ਗੀਤੀ ਅਤੇ ਲਾਲੀ ਸੀ। ਟੋਨੀ ਤੇ ਸ਼ੇਕੀ ਸਪੋਰਟਸ ਸਕੂਲ ਜਲੰਧਰ ਆਲ਼ੇ, ਮੋਠਾ ਘੁਮਿਆਰਾ ਤੇ ਘੱਕੀ ਫਰੀਦਕੋਟ ਤੋਂ, ਬਾਕੀ ਹੋਰ ਵੀ ਸਨ ਨਾਮ ਮੈਨੂੰ ਚੰਗੀ ਤਰਾਂ ਯਾਦ ਨ੍ਹੀਂ। ਜਿੱਥੇ ਕੈਂਪ ਲੱਗਿਆ ਸੀ, ਉਹ ਸਕੂਲ ਜਮਾਂ ਰੋਡ 'ਤੇ ਹੈ। ਉਸਦੇ ਪਿਛਲੇ ਪਾਸੇ ਪੁਲਿਸ ਚੌਂਕੀ ਦਾ ਪਿਛਲਾ ਗੇਟ ਸਾਡੇ ਹਾਲ ਕੋਲ਼ ਖੁੱਲ੍ਹਦਾ ਸੀ। ਪੁਲਿਸ ਆਲ਼ੇ ਇੱਕ ਦੋ ਜਣੇਂ ਸਾਡੇ ਕੋਲ਼ ਰਾਤ ਨੂੰ ਨਾਨ-ਵੈੱਜ ਚੁਟਕਲੇ ਸੁਣਨ ਆ ਜਾਂਦੇ। ਪੈੱਗ ਲਗਾ ਕੇ, ਉਹ ਗਹਿਰੇ ਜਿਹੇ ਹੋਏ ਹੁੰਦੇ। ਅਸੀਂ ਉਹਨਾਂ ਤੋਂ ਖਾੜਕੂਆਂ ਨਾਲ਼ ਹੋਏ ਮੁਕਾਬਲਿਆਂ ਬਾਰੇ ਗੱਲਾਂ ਸੁਣਦੇ ਕਿ ਕਿਵੇਂ ਉਹ ਸਖ਼ਤ ਮੁਕਾਬਲੇ ਕਰਕੇ ਅੱਤਵਾਦੀਆਂ ਨੂੰ ਮਾਰਦੇ ਹਨ।

ਇੱਕ ਪੰਜਾਹ-ਪਚਵੰਜਾ ਸਾਲ ਦਾ ਮੋਟਾ ਜਿਆ, 'ਗਿੱਲ' ਨਾਮ ਦਾ ਪੁਲਸੀਆ ਬਹੁਤ ਗੱਲਾਂ ਸੁਣਾਉਂਦਾ ਕਿ ਉਹਨੇ ਬਹੁਤ ਖਾੜਕੂ ਮਾਰੇ ਨੇ। ਉਸਦੀਆਂ ਗੱਲਾਂ 'ਚੋਂ ਝੂਠ ਸਾਫ਼ ਦਿਖਦਾ। ਪਰ ਅਸੀਂ ਸੁਣੀ ਜਾਂਦੇ। ਕਈ ਵਾਰ ਉਹ ਸਾਡੇ ਬਿਸਤਰੇ 'ਤੇ ਈ ਸੌਂ ਜਾਂਦਾ ਤੇ ਉਸਦੇ ਘੁਰਾੜੇ ਸਾਨੂੰ ਜਗਾਈ ਰੱਖਦੇ।

ਇੱਕ ਰਾਤ ਗੀਤੀ ਨੇ ਉਹਦੇ ਚੱਲ ਰਹੇ ਘਰਾੜਿਆਂ ਵੱਲ ਮੂੰਹ ਕਰਕੇ, "ਮਾਰ ਸਾਲ਼ੇ ਦੇ ਬੂਥੇ 'ਤੇ...।" ਆਪਣੀ ਅੱਡੀ ਦੇ ਇਸ਼ਾਰੇ ਨਾਲ਼ ਸਮਝਾਉਂਦੇ ਮੈਨੂੰ ਕਿਹਾ। ਮੈਂ ਵੈਸੇ ਵੀ ਨ੍ਹੀਂ ਸੌਂ ਸਕਦਾ ਖੜਕੇ 'ਚ, ਬਹੁਤ ਖਿਝ ਜਾਨੈਂ। ਮੈਨੂੰ ਤਾਂ ਕਈ ਵਾਰੀ ਟਾਈਮ ਪੀਸ ਦੀ ਸੂਈ ਆਲ਼ੀ ਟਿੱਕ-ਟਿੱਕ ਵੀ ਗੁੱਸਾ ਚੜ੍ਹਾ ਦਿੰਦੀ ਐ। ਪੱਖੇ ਦੀ ਹਵਾ ਨਾਲ਼ ਕਲੰਡਰ ਹਿੱਲ ਕੇ ਕਰਰ-ਕਰਰ ਕਰੇ ਤਾਂ ਮੈਂ ਉਹਨੂੰ ਉਤਾਰ ਕੇ ਸੁੱਟ ਦਿਨੈਂ। ਬੇਸ਼ਕ ਉਹ ਕਿਸੇ ਧਾਰਮਿਕ ਸ਼ਖਸ਼ੀਅਤ ਦੀ ਫੋਟੋ ਈ ਕਿਉਂ ਨਾ ਹੋਵੇ।

ਸ਼ਰਾਰਤ ਕਰਨ ਲਈ ਸਾਨੂੰ ਕਦੇ ਜਿਆਦਾ ਸੋਚਣ ਦੀ ਲੋੜ ਨ੍ਹੀਂ ਸੀ ਪੈਂਦੀ। ਬਸ ਸਹਿਜ ਸੁਭਾਅ ਈ ਔੜ ਜਾਂਦੀ। ਓਦਣ ਵੀ ਔੜ ਗੀ'। ਮੈਂ ਉਹਦੇ ਮੂੰਹ ਕੋਲ਼ ਪੈਰ ਕਰਲੇ ਤੇ ਸਿਰ ਉਹਦੇ ਪੈਰਾਂ ਵੱਲ, ਜਿਵੇਂ ਅਕਸਰ ਬੰਦਾ ਕਰ ਲੈਂਦਾ, ਜਦੋਂ ਨਾਲ਼ ਦਾ ਘੁਰਾੜੇ ਮਾਰਦਾ ਹੋਵੇ। ਕਰਕੇ ਲੱਤ 'ਕੱਠੀ ਜਿਹੀ ਇੱਕੋ-ਦਮ ਕਰਤੀ ਸਿੱਧੀ ਝਟਕਾ ਮਾਰ ਕੇ, ਵੱਜੀ ਉਹਦੀ ਠੋਡੀ

'ਤੇ, ਆ ਗਿਆ ਭੁਚਾਲ, ਉਹਦੇ ਲਈ ਤਾਂ...। ਆਪ ਵੀ ਮੈਂ ਨਾਟਕ ਜਿਹਾ ਕਰਦਾ ਉੱਠ ਬੈਠ ਗਿਆ। ਗੀਤੀ ਨੇ ਨਾਲ਼ੇ ਮੈਨੂੰ ਮੋਢੇ ਤੋਂ ਫੜ ਲਿਆ, ਨਾਲ਼ੇ ਮੇਰੀ ਢੂਹੀਂ (ਪਿੱਠ) 'ਤੇ ਹੱਥ ਫੇਰਦਾ ਹੋਇਆ, "ਠੀਕ ਐਂ ਤੂੰ, ਪਾਣੀ ਪਿਆਵਾਂ...।" ਕਹਿਕੇ ਐਕਟਿੰਗ ਕਰਦਾ ਫੇਰ ਪੈ ਗਿਆ।

ਮੈਂ ਚੁੱਪ ਜਿਆ ਕਰਕੇ ਸੌਂ ਗਿਆ। ਜਿਵੇਂ ਬੰਦਾ ਨੀਂਦ 'ਚੋਂ ਉੱਠ ਕੇ ਫੇਰ ਸੌਂ ਜਾਦੈਂ। ਉਹ ਪੁਲਸ ਆਲ਼ਾ ਭਾਈ ਜੁਬਾੜਾ ਜਿਆ ਵਿੰਗਾ-ਸਿੱਧਾ ਕਰਦਾ ਉੱਠ ਕੇ ਚਲੇ ਗਿਆ। ਮੁੜ ਕੇ ਜਿਹੜੇ ਬਚਦੇ ਦੋ ਦਿਨ ਅਸੀਂ ਉਥੇ ਰਹੇ, ਉਹ ਨ੍ਹੀਂ ਦਿਖਿਆ। ਬਾਕੀਆਂ ਨੇ ਵੀ ਮੇਰੇ ਨਾਲ਼ ਸੁੱਖ ਦਾ ਸਾਹ ਲਿਆ।

"ਪਟਿਆਲੇ ਆਲ਼ਿਓ ਨਜ਼ਾਰਾ ਲਿਆ ਛੱਡਿਆ ਈ..., ਸਾਲ਼ਾ ਢੁਕਰੀਆਂ ਤੇ ਘਰਾੜੇ ਮਾਰ-ਮਾਰ ਤੰਗ ਈ ਬਹੁਤ ਕਰਦਾ ਈ।" ਕਹਿਕੇ ਸ਼ੇਕੀ ਹੱਸ ਪਿਆ। ਅਸੀਂ ਵੀ ਖੁਸ਼ ਹੋ ਗਏ ਪਰ ਉਹਦੇ ਨਾਲ਼ ਜੋ ਪਤਲਾ ਜਿਹਾ ਹੌਲਦਾਰ ਬਲਦੇਵ ਪੰਡਤ ਆਉਂਦਾ ਸੀ। ਉਹ ਕੈਂਪ ਦੇ ਅਖੀਰਲੇ ਦਿਨ ਤੱਕ ਆਉਂਦਾ ਰਿਹਾ। ਉਸ ਆਖਰੀ ਰਾਤ ਵੀ ਉਹਨੇ ਬੜੀਆਂ ਸਿਆਣੀਆਂ ਗੱਲਾਂ ਕਰੀਆਂ। ਜਿਨ੍ਹਾਂ ਦੀ ਟੀਮ 'ਚ ਚੋਣ ਨ੍ਹੀਂ ਸੀ ਹੋਈ ਉਹਨਾਂ ਨੂੰ ਬੜਾ ਸਮਝਾਇਆ। ਗੀਤੀ ਤੇ ਲਾਲੀ ਬਹੁਤ ਨਰਾਜ਼ ਸਨ, ਕਿਉਂਕਿ ਉਹਨਾਂ ਦਾ ਹੱਕ ਬਣਦਾ ਸੀ। ਪਲੇਇੰਗ ਸੈਟ 'ਚ ਨਾ ਸਹੀ ਸਪੇਅਰਾਂ ਤੋਂ ਤਾਂ ਉਹ ਬਹੁਤ ਚੰਗੇ ਸਨ। ਪਰ ਉਹਨਾਂ ਦੀ ਜਗਾਹ ਦੋ ਸ਼ਿਫਾਰਸੀ ਚੁਣੇ ਗਏ।

ਉੱਥੇ ਥਾਣੇ 'ਚ ਖੜੇ ਟਰੈਕਟਰਾਂ ਬਾਰੇ ਅਸੀਂ ਪੁੱਛਿਆ, "ਇਹਨਾਂ ਬੁਲਟ-ਪਰੂਫ ਟ੍ਰੈਕਟਰਾਂ ਨਾਲ਼ ਤਾਂ ਤੁਸੀਂ ਬਹੁਤ ਐਕਸ਼ਨ ਕੀਤੇ ਹੋਣੇ, ਅੱਤਵਾਦੀਆਂ ਨੂੰ ਫੜਨ ਲਈ?" ਸਾਡੇ ਲਈ ਇਹ ਟਰੈਕਟਰ ਬਹੁਤ ਅਨੋਖੇ ਸਨ, ਜਿਹਨਾਂ ਬਾਰੇ ਸਿਰਫ਼ ਸੁਣਿਆ ਈ ਸੀ। ਦੇਖੇ ਨ੍ਹੀਂ ਸੀ ਕਦੇ।

ਉਹਨੇ ਅੱਗੋਂ ਸਾਨੂੰ ਹੈਰਾਨ ਵੀ ਬਹੁਤ ਕੀਤਾ ਤੇ ਹਸਾਇਆ ਵੀ, "ਕਾਹਨੂੰ ਪੁੱਤਰ, ਗੱਲ ਤਾਂ ਝੂਠ ਮਾਰਦਾ ਈ। ਮਾਸਾ ਨ੍ਹੀਂ ਵਰਤੇ ਇਹ ਟਰੈਕਟਰ, ਅਹੀਂ ਤਾਂ ਸਗੋਂ ਉਹਨਾਂ 'ਪਿਓਆਂ' ਤੋਂ ਡਰਦੇ ਥਾਣੇ 'ਚ ਵੀ ਇਹਨਾਂ 'ਚ ਲੁਕ-ਲੁਕ ਟੈਮ ਕੱਟਦੇ ਰਹੇ ਜੇ।" ਅਸੀਂ ਹੈਰਾਨੀ 'ਚ ਪੁੱਛਿਆ "ਫੇਰ ਅਖ਼ਬਾਰਾਂ 'ਚ?"

"ਉਹ ਤੇ ਪੁਲਸ ਉਦਾਂ ਈ ਜੱਟਾਂ ਦਾ ਕਮਾਦ ਸਿੱਧ ਛੱਡਦੀ, ਖਬਰਾਂ ਬਣਾਉਣ ਲਈ।" ਸਾਡਾ ਕਾਫ਼ੀ ਵੱਡਾ ਭੁਲੇਖਾ ਦੂਰ ਕਰਿਆ ਸੀ, ਪੰਡਤ ਜੀ ਨੇ ਸੱਚ ਬੋਲ ਕੇ।

***

ਦਸ ਖਿਡਾਰੀ, ਦੋ ਸਿਫਾਰਸ਼ੀ, ਇੱਕ ਕੁੜੀਆਂ ਦੀ ਟੀਮ ਦੀ ਸੈਕਟਰੀ, ਸਿਫਾਰਸ਼ੀ ਮੁੰਡੇ ਦੀ ਮਾਂ ਅਤੇ ਦੋ ਕੋਚਾਂ ਸਮੇਤ ਅਸੀਂ ਸਤਾਈ-ਠਾਈ ਜਣੇਂ ਸੀ। ਪੂਰੀ ਰਾਤ ਰੇਲ ਗੱਡੀ 'ਚ ਕੱਟ ਕੇ ਬਰੇਲੀ ਸਟੇਸ਼ਨ 'ਤੇ ਪੁੱਜ ਗੇ'। ਪਰ ਜੋ ਬਰੇਲੀ ਹੋਈ, ਬਹੁਤ ਭੈੜੀ ਹੋਈ, ਉਹਨੂੰ ਜੱਗੋਂ ਤੇਰਵੀਂ

ਵੀ ਕਹਿ ਸਕਦੇ ਹਾਂ।

ਇਹ ਮੇਰੀ ਦੂਜੀ ਨੈਸ਼ਨਲ ਸੀ, ਪਰ ਆਪਣੀ ਪਟਿਆਲ਼ੇ ਆਲ਼ੀ ਟੀਮ ਤੋਂ ਬਿਨਾਂ ਪਹਿਲੀ।

ਰਿਜ਼ਰਵੇਸ਼ਨ ਨਾ ਹੋਣ ਕਰਕੇ ਸਫ਼ਰ ਆਮ ਡੱਬੇ 'ਚ ਈ ਕਰਨਾ ਪਿਆ। ਅਸੀਂ ਮੁੰਡੇ-ਮੁੰਡੇ ਅਗਲੇ ਡੱਬੇ 'ਚ। ਮੱਲੀ ਕੋਚ ਸਾਹਬ, ਮੈਡਮ ਅਤੇ ਕੁੜੀਆਂ ਪਿਛਲੀ 'ਬੋਹਗੀ' 'ਚ। ਸਫ਼ਰ ਬੜਾ ਔਖਾ ਸੀ, ਪਰ ਮੇਰੇ ਲਈ ਇੱਕ ਚੀਜ਼ ਥੋੜ੍ਹੀ ਸੌਖੀ ਰਹੀ ਸੀ ਕਿ ਇਸ ਟੂਰਨਾਮੈਂਟ 'ਤੇ ਸਰਦਾਰ ਸ਼ੇਰ ਸਿੰਘ ਕੋਚ ਸਾਹਬ ਦੀ ਡਿਊਟੀ ਨ੍ਹੀਂ ਸੀ ਲੱਗੀ। ਮਤਲਬ ਮੈਂ ਕੁੜੀਆਂ ਨੂੰ ਬੁਲਾ ਸਕਦਾ ਸੀ। ਉਹਨਾਂ ਦੇ ਮੈਚ ਵਗੈਰਾ ਵੀ ਦੇਖ ਲੈਂਦਾ ਤਾਂ ਕੁੱਟ ਦਾ ਡਰ ਨ੍ਹੀਂ ਸੀ।

ਸਵੇਰੇ ਕਰੀਬ 9:30 ਵਜੇ ਗੱਡੀ ਬਰੇਲੀ ਟੇਸ਼ਣ 'ਤੇ ਰੁਕੀ। ਆਪਣੀ-ਆਪਣੀ ਸੀਟ ਮੱਲਣ ਲਈ ਜਿਵੇਂ ਹਰੇਕ ਟੇਸ਼ਣ 'ਤੇ ਅਸੀਂ ਕਾਇਮ ਜੇ ਹੋ ਜਾਂਦੇ, ਉੱਥੇ ਵੀ ਤਾਸ਼-ਮੰਡਲੀ ਨੇ ਪੱਤੇ ਛੱਡ, ਸੀਟਾਂ ਦੱਬ ਲਈਆਂ। ਭਾਵ 'ਸੀਟ ਮੱਲੂ ਮਿਸ਼ਨ' ਕਾਮਯਾਬ ਸੀ। ਬਿਨਾਂ ਰਿਜ਼ਰਵੇਸ਼ਨ ਤੋਂ ਸੀਟ ਮੱਲਣੀ, ਖਾਸਾ ਬੜਾ ਮਿਸ਼ਨ ਹੁੰਦਾ ਹੈ।

ਕੁੜੀਆਂ ਦੀ ਇੰਚਾਰਜ ਮੈਡਮ ਦਾ ਮੁੰਡਾ ਸਿਫਾਰਸ਼ੀ ਜ਼ਰੂਰ ਸੀ, ਪਰ ਹੈਗਾ ਸਾਊ ਸੀ। ਮੇਰੇ ਨਾਲ਼-ਨਾਲ਼ ਈ ਰਿਹਾ। ਖੇਡਿਆ ਕਦੇ ਹੈ ਨ੍ਹੀਂ ਸੀ। ਸਟੇਟ ਦੇ ਟੂਰਨਾਮੈਂਟ 'ਚ ਸਾਨੂੰ ਖੇਡਦਿਆਂ ਦੇਖ ਸਾਡਾ ਫੈਨ ਬਣ ਗਿਆ ਸੀ।

ਉਹਨੂੰ ਤਾਂ ਉਸਦੀ ਮਾਂ ਨੇ ਜ਼ੋਰ ਵੀ ਬੜਾ ਲਾਇਆ ਕਿ ਤੂੰ ਪਿਛਲੇ ਡੱਬੇ 'ਚ ਕੁੜੀਆਂ ਕੋਲ਼ ਹੀ ਰਹਿ। ਸ਼ਾਇਦ ਮੈਡਮ ਨੂੰ ਡਰ ਸੀ ਕਿ ਕਿਤੇ ਅਸੀਂ ਕੋਈ ਨੁਕਸਾਨ ਨਾ ਪਹੁੰਚਾਦੀਏ ਜਾਂ ਵਿਗਾੜ ਨਾ ਦੇਈਏ। ਸਿਫਾਰਸ਼ੀ ਕਿਸੇ ਵੀ ਟੀਮ 'ਚ ਕਦੇ ਇੱਜਤ ਨ੍ਹੀਂ ਪਾਉਂਦੇ ਹੁੰਦੇ, ਸਗੋਂ ਮਜ਼ਾਕ ਦੇ ਪਾਤਰ ਈ ਬਣੇ ਰਹਿੰਦੇ ਨੇ। ਪਰ ਉਹ ਭਲਾ ਮਾਣਸ ਸੀ।

ਮੈਨੂੰ ਉੱਪਰਲੀ ਸੀਟ ਮਿਲੀ। ਜਿਸ ਕੋਲ਼ ਪੱਖੇ ਲੱਗੇ ਹੁੰਦੇ ਨੇ ਜਾਂ ਕਹਿਲੋ ਉਸ ਮੁੰਡੇ ਕਰਕੇ ਈ ਮਿਲੀ, ਨਹੀਂ ਤਾਂ ਇੱਕ-ਇੱਕ ਸੀਟ 'ਤੇ ਤਿੰਨ-ਤਿੰਨ ਜਣੇ ਫਸੇ ਹੋਏ ਸਨ। ਬਸ ਅਸੀਂ ਈ ਦੋ ਜਣੇ ਸੀ ਜਿਹੜੇ ਸੌਖੇ ਰਹੇ।

ਮੈਨੂੰ ਮੰਗਣੇ ਵੀ ਨਾ ਪੈਂਦੇ, ਉਹਦੇ ਮਹਿੰਗੇ-ਮਹਿੰਗੇ ਕੱਪੜੇ ਉਹ ਆਪ ਈ ਦੇਈ ਜਾਂਦਾ। ਫਲੋਟਰ ਪਾ ਕੇ ਪੂਰੀ ਅਮੀਰਾਂ ਆਲ਼ੀ ਫੀਲਿੰਗ 'ਚ ਮੈਂ ਸ਼ੌਕੀ ਹੋਰਾਂ 'ਤੇ ਹਵਾ ਕਰਦਾ। ਉਹ ਮੱਚ-ਮੱਚ ਕੋਲਾ ਹੋ ਜਾਂਦੇ। ਜਦੋਂ ਉਹ ਸੜੇ-ਸੜੇ ਜਿਹੇ ਕੰਬਲ਼ ਓਟਦੇ ਤਾਂ ਮੈਂ ਉਸ ਮੁੰਡੇ ਆਲ਼ੇ ਗੁਗਲੂ ਜਿਹੇ ਕੂਲ਼ੇ-ਕੂਲ਼ੇ ਕੰਬਲ਼ ਦਾ ਨਿੱਘ ਮਾਣਦਾ।

ਹਰੇਕ ਸਟੇਸ਼ਨ 'ਤੇ ਕਿਸੇ ਇੱਕ ਜਣੇ ਦੀ ਡਿਊਟੀ ਹੁੰਦੀ ਸੀ ਪਾਣੀ ਭਰਨ ਦੀ। ਨੀਂਦ ਜਿਹੀ 'ਚ ਮੈਂ ਜਦੋਂ ਸਟੇਸ਼ਨ ਤੋਂ ਪਾਣੀ ਭਰ ਆਪਣੀ 'ਬੋਹਗੀ' ਵੱਲ ਮੂੰਹ ਘੁਮਾਇਆ ਤਾਂ ਸਾਲ਼ਾ ਪਤਾ ਈ ਨਾ ਲੱਗਿਆ, ਕਿੱਥੋਂ ਕਾਲ਼ੇ-ਕਾਲ਼ੇ ਬੂਥਿਆਂ ਆਲ਼ਿਆਂ ਨੇ ਲੱਤਾਂ-ਘਸੁੰਨਾਂ ਦੀ ਵਰਖਾ

ਕਰਤੀ। ਨੀਂਦ ਤਾਂ ਨੀਂਦ, ਹੋਸ਼ ਵੀ ਉੱਡ ਗਏ!

ਕੁਟਾਪਾ ਇਓਂ ਹੋ ਰਿਹਾ ਸੀ, ਜਿਵੇਂ ਗਰਮੀਆਂ 'ਚ ਛੱਤ 'ਤੇ ਪਇਆਂ ਉੱਤੇ ਅਚਾਨਕ 'ਬੱਚੇ ਕੁੱਟ' ਮੀਂਹ ਪੈ ਜਾਂਦੈ। ਬੱਚਿਆਂ ਨੂੰ ਪਤਾ ਈ ਨ੍ਹੀਂ ਚਲਦਾ ਹੁੰਦਾ ਕਿ ਸਾਡੀਆਂ ਢੂਹੀਆਂ ਕਿਉਂ ਸੇਕੀਆ ਜਾ ਰਹੀਆਂ ਨੇ।

ਮੈਥੋਂ ਤਾਂ ਚਲੋ ਡਰੇ ਹੋਏ ਕਰਕੇ ਜਾਂ ਅਚਾਨਕ ਹੋਏ ਹਮਲੇ ਕਰਕੇ ਅਵਾਜ਼ ਨ੍ਹੀਂ ਸੀ ਮਾਰੀ ਗਈ।

ਪਰ ਬਰੇਲੀ ਦੀ ਪੁਲਸ ਪਤਾ ਨ੍ਹੀਂ ਕਿਉਂ ਖੜ੍ਹੀ, ਤਮਾਸ਼ਾ ਦੇਖਦੀ ਰਹੀ। ਦੋਵੇਂ ਸਿਪਾਹੀ ਚਾਹ ਦੀਆਂ ਚੁਸਕੀਆਂ ਨਾਲ਼ ਮੇਰੀਆਂ ਸਿਸਕੀਆਂ ਦਾ ਮਜ਼ਾ ਲੈਂਦੇ ਰਹੇ।

ਹੁਣ ਵਾਰੀ ਸੀ ਗੰਗਾ ਰਾਮ ਬਾਬਾ ਜੀ ਦੀ ਦਿੱਤੀ 'ਤੇਰਵੀਂ' ਵਿੱਦਿਆ ਵਰਤਣ ਦੀ, ਜਣੀਂ ਭੱਜਣ ਦੀ। ਉਹ ਕਹਿੰਦੇ ਹੁੰਦੇ ਸੀ, "ਜਦੋਂ ਕਿਤੇ 'ਕੱਲੇ ਫਸ ਜੀਏ ਕੋਈ ਚਾਰਾ ਨਾ ਬਚੇ ਤਾਂ 'ਪੱਤਰੇ-ਵਾਚ ਜਾਓ'।"

ਜਦੋਂ ਇੱਕ ਸੰਜੇ ਦੱਤ ਵਾਂਗੂ ਲੰਬੇ ਜਿਹੇ ਵਾਲ਼ਾਂ ਨੂੰ ਖਿਲਾਰਦਾ, ਦੋਵੇਂ ਪਾਸਿਆਂ ਤੋਂ ਦੰਦਿਆਂ ਆਲ਼ਾ ਖਪਰਾ (ਚਾਕੂ) ਕੱਢੀਂ ਮੇਰੇ ਵੱਲ ਵਧਿਆ ਤਾਂ ਮੌਤ ਦਿਸੀ। ਜੁਰਾਬਾਂ 'ਚੋਂ ਚਾਕੂ ਉਹਨੇ ਜਮਾਂ ਫਿਲਮੀ ਸਟਾਇਲ 'ਚ ਕੱਢਿਆ ਸੀ। ਮੈਨੂੰ ਤਿੰਨ ਚਾਰ ਜਣੇ ਬਾਹਾਂ ਤੋਂ ਫੜੀਂ ਖੜ੍ਹੇ, ਚਾਰ ਪੰਜ ਆਲ਼ੇ-ਦੁਆਲੇ ਤੋਂ ਥੱਪੜ ਮਾਰੀ ਜਾਣ। ਜੀਹਦੇ ਠੀਕ ਆਉਂਦਾ ਉਹ ਲੱਤਾਂ 'ਤੇ ਲੱਤ ਵੀ ਮਾਰ ਦਿੰਦਾ।

ਪਤਾ ਨ੍ਹੀਂ ਤਾਂ ਹੁਣ ਮੌਤ ਦੇ ਡਰਨੇ ਨੇ ਜੋਸ਼ ਭਰਤਾ ਜਾਂ ਫਿਰ ਗੰਗਾ ਰਾਮ ਬਾਬਾ ਜੀ ਦੀ ਉਹ ਗੱਲ ਸੱਚ ਹੋ ਗਈ, ਜਿਸ 'ਚ ਉਹ ਕਹਿੰਦੇ ਹੁੰਦੇ ਸੀ, "ਇੱਕ ਵਾਰ ਖਵਾਜਾ ਤੇ ਮੌਤ, ਮੌਕਾ ਜ਼ਰੂਰ ਦਿੰਦੇ ਨੇ। ਪਰ ਜੇ ਬੰਦਾ, ਬੰਦਾ ਹੋਵੇ। ਜੇ ਹੁਣ ਹੋਇਆ ਈ ਲੀਰਾਂ ਦਾ... ਫੇਰ ਕੀ ਕਹਿਣੈ।"

ਮੈਥੋਂ ਪਤਾ ਨ੍ਹੀਂ ਕਿਵੇਂ ਇੱਕ ਜ਼ੋਰਦਾਰ ਝੂਟਾ ਜਿਹਾ ਵੱਜਿਆ, ਮੈਂ ਛੁੱਟ ਗਿਆ। ਹੋ ਸਕਦਾ ਉਹ ਵੀ ਮੈਨੂੰ ਛੱਡਣਾ ਚਾਹੁੰਦੇ ਹੋਣ। ਜਦੋਂ ਮੈਂ ਗੱਡੀ ਵੱਲ ਨੂੰ ਭੱਜਿਆ ਤਾਂ ਅੱਗੋਂ ਟੋਨੀ ਹੋਰੀਂ ਵੀ ਉੱਤਰਦੇ ਦਿਖਣ, ਮੈਂ ਰੁਕ ਗਿਆ। ਉਹਨਾਂ ਵੱਲ ਨੂੰ ਹੋ ਕੇ ਗਾਲ਼ ਕੱਢੀ ਅਤੇ ਵੰਗਾਰਿਆ, 'ਆਜੋ ਥੋਡੀ ਭੈਣ ...।" ਬਦਲਾ ਲੈਣ ਦਾ ਖਿਆਲ ਆ ਗਿਆ ਸੀ।

ਮੇਰੀ ਇਹ ਸਮੱਸਿਆ ਈ ਰਹੀ ਐ, ਹੁਣ ਤੱਕ। ਬਾਅਦ 'ਚ ਬੇਸ਼ੱਕ ਅਗਲੇ ਨੂੰ ਮਨਾ ਲਵਾਂ, ਪਰ ਮੌਕੇ 'ਤੇ ਮੇਰਾ ਰੀ-ਐਕਟ ਬਹੁਤ ਭੈੜਾ ਹੁੰਦੈ। ਓਦਣ ਤਾਂ ਭੈੜਾ ਵੀ ਨ੍ਹੀਂ ਕਹਿ ਸਕਦੇ। ਬਿਨਾਂ ਕਸੂਰੋਂ ਕੁੱਟਿਆ ਸੀ, ਕੁੱਟਿਆ ਵੀ ਬਹੁਤ ਸੀ।

ਜਦੋਂ ਕਿਸਮਤ ਈ ... ਤਾਂ ਪਾਂਡੂ ਦਾ ਕੀ ਕਸੂਰ। ਜਦੋਂ ਰੁਕ ਗਿਆ ਉਹਨਾਂ ਨੂੰ ਵੰਗਾਰਦਾ, ਗਾਲ਼ ਕੱਢਦਾ ਤਾਂ ਓਦੋਂ ਈ ਗੱਡੀ ਚੱਲ ਪੀ'। ਮੇਰੇ ਨਾਲ਼ ਦੇ ਗੱਡੀ 'ਚ ਨੂੰ ਚੱਲ ਪੇ'।

ਜਦੋਂ ਮੈਂ ਭੱਜਣ ਲੱਗਿਆ ਤਾਂ ਫਲੋਟਰਾਂ 'ਚੋਂ ਪੈਰ ਤਿਲਸ ਗਿਆ, ਪਿਆ ਮੂੰਹ ਭਰਨੇ। ਬਸ ਫੇਰ ਚੱਕ ਲਿਆ ਥੁੱਕਲਾ ਕੇ ਅਗਲਿਆਂ ਨੇ। ਓਧਰ ਗੱਡੀ ਦੀ ਛੁੱਕ-ਛੁੱਕ ਹੋਈ ਜਾਵੇ, ਐਧਰ ਮੇਰੀ ਠੁੱਕ-ਠੁੱਕ ਹੋਈ ਜਾਵੇ। ਬਹੁਤ ਮਾੜੇ-ਮਾੜੇ ਖਿਆਲ ਆ ਰਹੇ ਸੀ। ਬਈ ਮਰ ਗਿਆ ਅੱਜ ਤਾਂ, ਭੀਰਾ ਮਾਮਾ ਪੈ ਗਿਆ ਝੂਠਾ। ਪਰ ਸ਼ੁਕਰ ਹੋਇਆ ਉਸ ਸਰਦਾਰ ਫੌਜੀ ਦਾ, ਜਿਸਨੇ ਆ ਕੇ ਛੁਡਾਇਆ ਤੇ ਭਜਾਇਆ। ਮਸਾਂ ਕਿਤੇ ਜਾ ਕੇ ਟਾਕੀ ਨੂੰ ਹੱਥ ਪਿਆ।

ਮੁੜ ਕੇ ਆਪਾਂ ਨੀ ਉੱਤਰੇ ਕਲਕੱਤੇ ਤੱਕ। ਜੀਅ ਜ਼ਰੂਰ ਕਰੇ, ਚੈਨ ਖਿੱਚਾਂ ਤੇ ਪੁੱਛ ਕੇ ਤਾਂ ਆਵਾਂ ਬਈ, "ਦੱਸ ਤਾਂ ਦੇਵੋ ਮੇਰੇ ਪਿਉ ਦੇ ਸਾਲ਼ਿਓ, ਕਿਉਂ ਕੁੱਟਿਆ ਭਾਣਜੇ ਨੂੰ...!" ਕਦੇ ਦਿਲ ਕਰੇ ਬਈ ਅਸੀਂ ਬਾਂਗਾ-ਤੇਰਾਂ ਜਣੇ ਆਂ, ਕਿਉਂ ਨਾ ਬਦਲਾ ਈ ਲੈ ਲਈਏ। ਫੇਰ ਇੱਕ ਗੱਲ ਜੋ ਮੈਂ ਸਿੱਖੀ ਇਸ ਕੁੱਟ ਤੋਂ, ਉਹ ਇਹ ਸੀ ਬਈ "ਬੇਗਾਨਾ ਗਹਿਣਾ ਪਾਇਆ, ਅੱਧਾ ਰੂਪ ਗਵਾਇਆ"। ਜੇ ਮੈਂ ਉਹ ਫਲੋਟਰ ਨਾ ਪਾਏ ਹੁੰਦੇ ਤਾਂ ਗੀਟਾ ਚੱਪਲਾਂ ਤੋਂ ਨ੍ਹੀਂ ਸੀ ਡਿੱਗਦਾ। ਮਰ ਚੱਲਿਆ ਸੀ ਟੌਹਰ ਦਾ ਮਾਰਾ।

***

ਉਂ ਛੋਟੇ ਹੁੰਦੇ ਨੂੰ ਕੁਟਾਇਆ ਮੈਨੂੰ 'ਗੀਟਾ' ਚੱਪਲਾਂ ਨੇ ਵੀ ਬਹੁਤ ਐ। ਥੋੜ੍ਹੇ ਕੁ ਦਿਨਾਂ ਬਾਅਦ ਮੈਂ ਚੱਪਲ ਭੁੱਲ ਆਉਂਦਾ। ਕਦੇ ਸੂਏ 'ਤੇ ਨਹਾਉਂਦਾ-ਨਹਾਉਂਦਾ ਕਦੇ ਖੂਹ 'ਤੇ ਜਾਮਣਾਂ ਤੋੜਦਾ। ਨੰਗੇ ਪੈਰੀਂ ਘਰੇ ਗਏ ਦੇ ਨੰਗੇ ਪਿੰਡੇ 'ਤੇ ਥਪੜੇ ਪੈਂਦੇ ਸੁਣ ਕੇ, ਸਰਭ ਦੀ ਬੀਬੀ ਨੇ ਕਹਿਣਾ, "ਨੀ ਬੀਬੀ ਕਾਹਨੂੰ ਮਾਰਦੀ ਏਂ ਇਹਨੂੰ ਗਰੀਬ ਨੂੰ, ਕੋਈ ਨ੍ਹੀਂ, ਕਿਧਰੇ ਨ੍ਹੀਂ, ਪੜ੍ਹ ਲੂ' ਜਿਨਾ ਪੜ੍ਹਨਾ ਹੋਊ, ਨਹੀਂ ਪੜ੍ਹੂ ਖੇਤੀ ਕਰਲੂ।"

ਸ਼ਿੰਦਰ ਭਾਬੀ ਮਜਾਕ ਕਰਦੀ, "ਚਾਚੀ, ਇਹਨੇ ਤਾਂ ਆਪਦੀ ਬਹੂ ਵੀ ਭੁੱਲ ਆਉਣੀ ਆਂ 'ਮਲੋਹ' ਗਏ ਨੇ, ਇਹਨੂੰ ਨਾ ਵਿਆਹੀਂ ਕਦੇ।" ਉਹਦਾ ਇਹ ਮਜਾਕ ਸੱਚ ਵੀ ਸਾਬਤ ਹੋਇਆ ਬਾਅਦ 'ਚ। ਘਰ ਵਾਲੀ ਭੁੱਲਣ ਆਲ਼ਾ ਕਿੱਸਾ ਵੀ ਬਹੁਤ ਖ਼ਤਰਨਾਕ ਤੇ ਦਿਲਚਸਪ ਹੈ, ਅੱਗੇ ਜਾ ਕੇ ਗੱਲ ਕਰਾਂਗੇ।

***

ਬਰੇਲੀ ਤੋਂ ਕੁੱਟ ਨਾਲ਼ ਈ ਐਨਾਂ ਰੱਜ ਗਿਆ ਕਿ ਕੁਛ ਨਾ ਖਾਧਾ ਪੀਤਾ ਕਲਕੱਤੇ ਤੱਕ। ਬਸ ਸੋਚੀ ਜਾਂਵਾਂ ਬਈ ਹੋ ਕੀ ਗਿਆ। ਸ਼ੋਕੀ, ਟੋਨੀ ਹੋਰੀਂ ਅਗਲੇ ਡੱਬੇ 'ਚ ਸੀ ਮੈਂ ਕੁੜੀਆਂ ਆਲ਼ੇ 'ਚ। ਡਰਦਾ ਮਾਰਾ ਕੁੱਛ ਨਾ ਬੋਲਿਆ। ਮੱਲੀ ਸਾਹਬ ਨੇ ਘੂਰ ਈ ਐਨਾ ਦਿੱਤਾ, "ਜੇ ਹੁਣ ਸੀਟ ਤੋਂ ਉੱਤਰਿਐਂ, ਪਹਿਲਾਂ ਮੈਂ ਫੈਟਾਂ ਚਾੜ੍ਹੂੰ, ਫੇਰ ਜਿੱਦਣ ਮਿਲੇ ਸ਼ੇਰੇ ਨੂੰ ਦੱਸੂ।" ਕਹਿਕੇ, ਮੈਨੂੰ ਹੋਰ ਡਰਾ ਦਿੱਤਾ ਸੀ।

ਕੁੜੀਆਂ ਵੀ ਡਰਦੀਆਂ ਮਾਰੀਆਂ ਕੁਛ ਨਾ ਪੁੱਛਣ। ਪਰ ਗੁਰਬਲ-ਗੁਰਬਲ ਜਿਹੀ ਤਾਂ ਹੋਈ ਹੀ ਜਾਂਦੀ ਸੀ। ਚੋਰ ਦੀ ਦਾਹੜੀ ਵਾਂਗੂ ਮੈਂ ਅਪਣੀ ਠੋਡੀ ਨੂੰ ਮਲ਼ੀ ਜਾਵਾਂ। ਉਹ ਕਿ

ਵੀ ਗੱਲ 'ਤੇ ਹੱਸਿਆ ਕਰਨ, ਮੈਨੂੰ ਲੱਗੇ ਜਿਵੇਂ ਮੇਰੀ ਕੁਟਾਈ ਆਲ਼ੀ ਗੱਲ 'ਤੇ ਹੱਸਦੀਆਂ ਨੇ।

ਕਦੇ ਦਿਲ ਕਰੇ ਬਈ ਇਨ੍ਹਾਂ ਨੂੰ ਦੱਸ ਦਿਆਂ ਕਿ "ਮੇਰਾ ਕੋਈ ਕਸੂਰ ਨ੍ਹੀਂ ਭੈਣੋਂ ਮੇਰੀਓ, ਮੈਂ ਤਾਂ ਚੋਰ ਦੇ ਭੁਲੇਖੇ ਈ ਮਾਰਿਆ ਗਿਆ।" ਦਰਅਸਲ, ਚੋਰ ਤਾਂ ਸ਼ੋਕੀ ਸੀ। ਪੰਗਾ ਤਾਂ ਸ਼ੋਕੀ ਨੇ ਪਾਇਆ ਹੋਇਆ ਸੀ। ਉਹਨੇ ਈ ਪਿਛਲੇ ਸਟੇਸ਼ਨ 'ਤੇ ਉਹਨਾਂ ਮੁੰਡਿਆਂ 'ਤੇ ਹਵਾ ਕਰੀ ਸੀ। ਕੁੜੀਆਂ 'ਚ ਨੰਬਰ ਬਣਾਉਂਦੇ ਨੇ। ਮੈਨੂੰ ਤਾਂ ਉਹਨਾਂ ਨੇ ਭੁਲੇਖੇ 'ਚ ਈ ਮਾਂਜਤਾ ਸੀ ਗਰੀਬ ਨੂੰ। ਉਹ ਮੁੰਡੇ, ਕੁੜੀਆਂ ਦੀਆਂ ਸੀਟਾਂ 'ਤੇ ਫਸ-ਫਸ ਬੈਠਦੇ ਸੀ। ਸ਼ੋਕੀ ਹੀਰੋ ਗਿਰੀ ਦਿਖਾਕੇ ਆਇਆ ਸੀ।

ਹੁਣ ਪਿਆ ਰਿਹਾ ਸੀਟ 'ਤੇ...। ਪਰ ਬੇਸ਼ਰਮਾਂ ਦੀ ਡੁੱਲ੍ਹੀ ਦਾਲ਼ ਵਾਂਗ ਕਲਕੱਤੇ ਪਹੁੰਚ ਕੇ ਫੇਰ ਸ਼ੁਰੂ।

* * * * *

ਸਸਤਾ ਕਤਲ ਅਤੇ ਅਸੀਂ

ਕਲਕੱਤੇ ਬਾਰੇ ਹੋਰ ਵੀ ਬਹੁਤ ਕੁਛ ਐ ਲਿਖਣ ਆਲਾ। ਪੂਰੀ ਕਿਤਾਬ ਵੀ ਲਿਖੀ ਜਾ ਸਕਦੀ ਹੈ। ਪਰ ਆਪਾਂ ਹਾਵੜਾ ਪੁਲ, ਟੂਰਨਾਮੈਂਟ, ਮੱਛੀ ਦੀ ਬਹੁਤਾਤ 'ਚ ਪਕੌੜੇ ਦੀ ਖਾਣ ਅਤੇ ਉਸ ਢਾਬੇ ਬਾਰੇ ਹੀ ਗੱਲ ਕਰਾਂਗੇ। ਜਿੱਥੇ ਸਭ ਤੋਂ ਸਸਤੇ ਕਤਲ ਦਾ ਲਿਖਤੀ ਬੋਰਡ ਲੱਗਿਆ ਹੋਇਐ।

ਮੱਲੀ ਸਰ ਤੋਂ ਝਿੜਕਾਂ ਖਾ ਕੇ ਅਸੀਂ ਖਾਣਾ-ਖਾਣ ਲਈ ਕਤਾਰ 'ਚ ਘੁਸ ਗੇ', ਧੁੱਸ ਜਿਹੀ ਦੇ ਕੇ। ਧੱਕਾ ਉਂ ਵੀ ਸਾਡੇ ਖ਼ੂਨ 'ਚ ਐ, ਪੰਜਾਬੀ ਜੋ ਹਾਂ। ਧੱਕਿਆਂ ਦਾ ਮੁਕਾਬਲਾ ਕਰਦੇ-ਕਰਦੇ ਸਾਡੇ ਡੀ.ਐਨ.ਏ. 'ਚ ਵੀ ਧੱਕਾ ਵੱਸ ਗਿਆ ਹੈ। ਉਂ ਤਾਂ ਅਸੀਂ ਕਬੱਡੀ ਵਾਲ਼ੇ।

ਮੈੱਸ ਦਾ ਰੂਲ ਸੀ, ਬਈ ਰੋਟੀਆਂ ਅਤੇ ਚੌਲ ਜਿੰਨੇ ਮਰਜ਼ੀ ਲਵੋ, ਪਰ ਮੀਟ ਦੇ ਪੀਸ ਇੱਕੋ ਵਾਰੀ ਮਿਲਣਗੇ। ਹਾਂ ਤਰੀ ਦੁਬਾਰਾ ਪਵਾ ਸਕਦੇ ਸੀ। ਇਹੋ ਹਾਲ ਖਾਣੇ ਤੋਂ ਬਾਅਦ ਮਿਲਣ ਵਾਲ਼ੀ ਮਠਿਆਈ ਦਾ ਸੀ। ਹਾਵੜੇ ਦੇ ਪੇੜੇ ਸਿਰਫ ਇੱਕ ਵਾਰੀ ਹੀ ਮਿਲਦੇ, ਸਿਰਫ ਦੋ।

ਅਨੁਸ਼ਾਸਨ ਅਤੇ ਕਬੱਡੀ ਦਾ ਤਾਂ ਜਿਵੇਂ ਵੈਰ ਈ ਹੁੰਦੈ। ਖਾਣ-ਪੀਣ ਦੇ ਮਾਮਲੇ 'ਚ ਤਾਂ ਬਸ ਪੁੱਛੋ ਈ ਨਾ। ਸਾਨੂੰ ਇੱਕ ਸਕੀਮ ਸੁੱਝ ਗੀ', ਜਿਹੜੇ ਵਰਤਾਵੇ ਸਨ ਉਹ ਨਵੀਂ ਪਲੇਟ ਆਲ਼ੇ ਨੂੰ ਖਾਣਾ ਦੇਣ ਲੱਗੇ ਮੂੰਹ ਨ੍ਹੀਂ ਸੀ ਦੇਖਦੇ। ਬਸ ਇਮਾਨਦਾਰ ਸਮਝਕੇ ਪਾਈ ਜਾਂਦੇ। ਅਸਲ 'ਚ ਉਹ ਲੋਕ ਖੁਦ ਇਮਾਨਦਾਰ ਹਨ। ਅਸੀਂ ਕੀ ਕਰਿਆ ਕਰੀਏ, ਗਲਾਸ ਪਾਣੀ ਦਾ ਮਾਰ ਕੇ, ਪਲੇਟ ਧੋ ਕੇ, ਫੇਰ ਪਵਾ ਲਿਆ ਕਰੀਏ। ਬਸ ਲਿਆਤੀ 'ਨ੍ਹੇਰੀ, ਬਾਕੀਆਂ ਦੀ ਤਾਂ ਵਾਰੀ ਈ ਨ੍ਹੀਂ ਸੀ ਆਉਣ ਦਿੰਦੇ। ਪਰ ਉਹ ਲੋਕ ਖਾਣ ਵੇਲ਼ੇ ਵੀ ਅਨੁਸ਼ਾਸ਼ਨ ਭੰਗ ਨ੍ਹੀਂ ਸੀ ਕਰਦੇ। ਬੜੇ ਅਰਾਮ ਨਾਲ਼ ਖੜ੍ਹੇ ਰਹਿੰਦੇ ਵਾਰੀ ਦੀ ਉਡੀਕ 'ਚ।

***

ਮੈਚ ਰਾਤ ਨੂੰ ਹੋਣ ਕਰਕੇ ਦਿਨੇ ਅਸੀਂ ਆਰਾਮ ਦੀ ਬਜਾਏ ਘੁੰਮੀ ਕਰਨ ਚਲੇ ਜਾਂਦੇ। ਮੈਂ ਤੇ ਟੋਨੀ ਸੁਣ ਸੁਣਾਕੇ ਉਹ ਢਾਬੇ ਨੂੰ ਲੱਭਣ ਤੁਰਪੇ, ਜਿੱਥੇ ਹੁਣ ਤੱਕ ਦਾ ਸਭ ਤੋਂ ਘੱਟ ਰਕਮ, ਜਣੀਂ ਤਿੰਨ ਰੁਪਏ ਪਚੰਤਰ ਪੈਸੇ ਪਿੱਛੇ ਕਤਲ ਹੋਇਆ ਸੀ। ਸੁਣਦੇ ਸੀ ਕਿ ਲਿਖਤੀ ਬੋਰਡ ਵੀ ਲੱਗਿਆ ਹੋਇਐ ਕੰਧ 'ਤੇ।

ਲੱਭਣਾ ਲਭਾਉਣਾ ਕੀ ਸੀ, ਜੋ ਹੈ ਸੀ ਉਹ ਵੀ ਖੋ ਬੈਠੇ। ਗੱਲਾਂ-ਗੱਲਾਂ 'ਚ ਰਸਤਾ ਯਾਦ ਈ ਨਾ ਰੱਖਿਆ ਵਾਪਸੀ ਦਾ। ਮੈਂ ਦੁਨੀਆਂ ਦਾ ਸਭ ਤੋਂ ਵੱਡਾ ਭੁਲੱਕੜ ਹਾਂ ਤੇ ਟੋਨੀ ਮੇਰੀਆਂ ਗੱਲਾਂ 'ਚ ਉਲਝ ਗਿਆ।

ਉੱਥੇ ਸਸਤੇ ਕਤਲ ਬਾਰੇ ਲਿਖਿਆ ਤਾਂ ਕੁਛ ਨਾ ਮਿਲਿਆ। ਪਰ ਜਿਹਾ ਮਿਲਿਆ

ਉਹ ਅੱਜ ਤੱਕ ਕਿਸੇ ਢਾਬੇ 'ਚ ਨ੍ਹੀਂ ਮਿਲਿਆ। "ਨੌਂ ਰੁਪਏ 'ਚ ਮੀਟ ਦੀ ਪਲੇਟ"... ਪਲੇਟ ਵੀ ਸ਼ੁੱਧ ਨਾਲ਼ ਛੋਟੇ ਟੱਬਰ ਦੀ ਪਰਾਂਤ ਜਿੱਡੀ। ਮੋਟੀਆਂ-ਮੋਟੀਆਂ ਮੱਖੀਆਂ ਦੇਖਣ ਸਾਰ ਈ ਅਸੀਂ ਭੁੱਲ ਗੇ' ਕਿ ਕੀ ਦੇਖਣ ਆਏ ਹਾਂ। ਥੈਲੀ-ਥੈਲੀ ਤਾਂ ਲਾਲ਼ 'ਕੱਠੀ ਹੋ ਗੀ' ਦੋਹਾਂ ਮੂੰਹਾਂ 'ਚ। ਉਂ ਤਾਂ ਭੁੱਖਣਾਂ ਨੂੰ ਭੁੱਖ ਵੀ ਕਹੇ ਕਿ ਜੋ ਹੈ ਬਸ ਢਿੱਡ 'ਚ ਪੈ ਜੇ' ਛੇਤੀ-ਛੇਤੀ। ਇੱਕ ਦੋ ਵਾਰੀ ਖਿਆਲ 'ਚ ਆਇਆ, ਬਈ ਬੱਕਰਾ ਐਡਾ ਕਿੱਡਾ ਕੁ ਹੋਇਆ ਹੋਊ? ਜਿਹੜੇ ਐਡੇ-ਐਡੇ ਸਾਨ੍ਹ ਦੇ ਹੱਡਾਂ ਵਰਗੇ ਹੱਡ ਨੇ। ਫੇਰ ਸੋਚਿਆ, ਮੁਫ਼ਤ ਦੀ ਗਊ ਦੇ ਦੰਦ ਨ੍ਹੀਂ ਗਿਣੀ ਦੇ ਬਈ, ਇਹ ਢੱਗੀ ਐ ਜਾਂ ਭਲਿਆਣੀ ਐ।

ਆਪਾਂ ਤਾਂ ਦੇੜ੍ਹਤਾ, ਪੈਸੇ ਵੀ ਟੋਨੀ ਦੇ ਸੀ। ਖਾ ਕੇ ਉੱਠਣ ਲੱਗੇ ਤਾਂ ਇੱਕ ਪੰਜਾਬੀ ਡਰਾਇਵਰ ਨੂੰ ਰਸਤਾ ਪੁੱਛਣ ਲਈ ਉਹਦੇ ਟੇਬਲ ਵੱਲ ਨੂੰ ਹੋ ਗੇ'। ਦੰਦਾਂ 'ਚੋਂ ਫਸਿਆ ਮਾਸ ਉਂਗਲੀ ਨਾਲ਼ ਕੱਢਦੇ ਹੋਏ, "ਭਾਅ ਜੀ ਅਸੀਂ ਕੁਝ ਨਹੀਂ ਜਾਣਦੇ ਜੇ, ਰਸਤਾ ਭੁੱਲਣ ਡਏ ਆਂ।" ਟੋਨੀ ਨੇ ਰਸਤਾ ਪੁੱਛਿਆ। ਅੱਗੋਂ ਉਹ ਵੀ ਰਸਤਾ ਦੱਸਣ ਦੀ ਬਜਾਏ ਹੋਰ ਈ ਕੁਛ ਦੱਸਣ ਲੱਗ ਪਿਆ। ਕਹਿੰਦਾ "ਭਾਅ ਇੱਥ ਈ ਨਾ ਬੱਕਰੀ ਸਮਝ ਕੇ ਗਾਈਆਂ ਖਾਈ ਜਾਇਓ, ਇਹ ਬੰਗਾਲੀ ਬੜੇ ਚਾਲੂ ਜੇ। ਹੋਰ ਈ ਕੁਸ਼ ਖਵਾ ਛੱਡਦੇ ਨੇ, ਬੱਕਰੇ ਆਖ ਕੇ।" ਮੈਨੂੰ ਤਾਂ ਐਨਾ ਫਰਕ ਨਾ ਪਿਆ। ਆਪਾਂ ਤਾਂ ਇੱਕ ਡਕਾਰ ਜਿਹਾ ਮਾਰ ਹੋ ਗੇ' ਸਿੱਧੇ, ਅੰਦਾਜ਼ੇ ਨਾਲ਼ ਆਪਣੀ ਮੰਜ਼ਲ ਵੱਲ ਨੂੰ। ਪਰ ਟੋਨੀ ਬੇਚਾਰਾ ਸੀਗਾ ਦੇਵੀ ਭਗਤ, ਭਗਤ ਵੀ ਵੈਸ਼ਨੂੰ ਦੇਵੀ ਦਾ, ਕਾਲ਼ੀ ਮਾਤਾ ਦਾ ਹੁੰਦਾ ਤਾਂ ਸਰ ਵੀ ਜਾਂਦਾ।

ਅਸੀਂ ਤੁਰੇ ਜਾ ਰਹੇ ਸੀ। ਮੈਂ ਅੱਗੇ-ਅੱਗੇ ਤੇ ਟੋਨੀ ਮੇਰੇ ਪਿੱਛੇ, ਚੁੱਪ-ਚਾਪ। ਮੈਂ ਭੱਜ ਕੇ ਫੁਰਤੀ ਨਾਲ਼ ਇੱਕ ਪਾਸੇ ਨੂੰ ਹੁੰਦੇ ਹੋਏ "ਉਹ ਤੇਰੀ" ਕਹਿੰਦੇ ਨੇ ਦੁਖਦੀ ਹੋਈ ਗਰਦਨ ਪਿੱਛੇ ਨੂੰ ਘੁਮਾਈ। ਮੈਨੂੰ ਲੱਗਿਆ ਕੋਈ ਸਾਨ੍ਹ ਰਿੰਗਦਾ ਹੋਇਆ ਮੈਨੂੰ ਮਾਰਨੇ ਪਿਆ। ਪਰ ਉਹ ਤਾਂ ਟੋਨੀ ਸੀ। ਜੋ ਇਹ ਸੋਚ ਕੇ ਉਲਟੀ ਕਰ ਰਿਹਾ ਸੀ, ਬਈ ਉਹਨੇ ਗਾਂ ਦਾ ਮਾਸ ਖਾ ਲਿਆ। ਉਲਟੀ ਦੇ ਛਿੱਟੇ ਮੇਰੇ ਫਲੋਟਰਾਂ ਤੱਕ ਅੱਪੜ ਗਏ।

ਇੱਕ ਦੁਕਾਨ ਦੇ ਮੂਹਰਿਉਂ ਟੂਟੀ 'ਤੇ ਕੁਰਲੀ ਕਰਦਾ ਹੋਇਆ ਬੋਲਿਆ, "ਸਾਲ਼ਿਆ ਪਟਿਆਲ਼ੀਆ, ਤੇਰੀ ਬੇੜੀ ਬੈਠੀ ਜੇ, ਹੁਣ ਹੱਸਣ ਡਿਐਂ! ਭਰਾ ਮੈਂ ਸੱਚ ਆਹਨਾਂ ਮੈਨੂੰ ਘਰਦਿਆਂ ਘਰੋਂ ਦੌੜਾ ਦੇਣਾ ਈ। ਮੈਂ ਤੇ ਹੁਣ ਈ ਚਾਲ਼ੀ ਦਿਨ ਪੂਰੇ ਕੀਤੇ ਨੇ ਗਊ ਮਾਤਾ ਨੂੰ ਪੇੜੇ ਦੇ-ਦੇ ਕੇ।"

ਮੈਂ ਵੀ ਪੈਰ ਧੋਤੇ ਅਤੇ ਉਹਨੂੰ ਸਾਈਡ ਤੋਂ ਜੱਫੀ 'ਚ ਲੈਂਦੇ ਹੋਏ ਨੇ ਵਡਿਆਇਆ ਕਿ, "ਡਰ ਨਾ... ਤੂੰ ਕਿਹੜਾ ਕੋਈ ਜਾਣ-ਬੁਝ ਕੇ ਖਾਧੀ ਐ, ਅਣਜਾਣੇ 'ਚ ਖਾਧਾ ਪਾਪ ਨ੍ਹੀਂ ਹੁੰਦਾ। ਨਾਲ਼ੇ ਜ਼ਰੂਰੀ ਤਾਂ ਨ੍ਹੀਂ ਜੋ ਆਪਾਂ ਸੋਚਦੇ ਹਾਂ ਉਹੀ ਹੋਵੇ।"

"ਉਹ ਤੇ ਠੀਕ ਏ, ਪਰ ਘਰਬਰਾਹਟ ਜਿਹੀ ਹੋਣ ਡਈ ਏ।" ਜਦੋਂ ਮੇਰੇ ਮੂੰਹ 'ਚੋਂ

ਨਿੱਕਲ੍ਹਿਆ ਬਈ, "ਊਂ ਸਵਾਦ ਬਹੁਤ ਸੀ...।" ਤਾਂ ਕਹਿੰਦਾ, "ਹਾਂ ਹੈ ਤਾਂ ਟੇਸਟੀ ਸੀ। ਚੱਲ ਛੱਡ ਹੁਣ ਸ਼ੇਕੀ ਹੋਰਾਂ ਨੂੰ ਨਾ ਦੱਸੀਂ।" "ਕਿਸੇ ਸ਼ੇਕੀ-ਫੇਕੀ ਨੂੰ ਨ੍ਹੀਂ ਦੱਸਣਾ। ਤੂੰ ਤੁਰ ਪੈ, ਨ੍ਹੇਰਾ ਹੋਜੂ' ਨਹੀਂ ਤਾਂ ਲੱਭਦਿਆਂ-ਲੱਭਦਿਆਂ ਨੂੰ।" ਕਹਿਕੇ ਮੈਂ ਪੈਰ ਧੋ ਲਏ। ਉਹਨੂੰ ਧਰਵਾਸਾ ਜਿਹਾ ਮਿਲ ਗਿਆ।

ਅਸੀਂ ਅੰਦਾਜੇ ਨਾਲ਼ ਈ ਜਾਂਦੇ ਰਹੇ। ਬਸ ਇੱਕੋ ਚੀਜ਼ ਦੀ ਮਾੜੀ ਮੋਟੀ ਨਿਸ਼ਾਨੀ ਸੀ। ਡਨ ਲੱਪ ਲਿਖਿਆ ਹੋਇਆ ਦਿਖਦਾ ਸੀ, ਬੰਗਾਲੀ 'ਚ ਵੀ ਤੇ ਥੱਲੇ ਛੋਟਾ ਜਿਹਾ ਅੰਗਰੇਜ਼ੀ 'ਚ ਵੀ।

ਹੁਣ ਇੱਕ ਮੱਛੀ ਮਾਰਕੀਟ ਨੂੰ ਪਾਰ ਕਰ ਰਹੇ ਸੀ। ਉੱਥੇ ਮੱਛੀਆਂ ਦੀਆਂ ਛੋਟੀਆਂ-ਵੱਡੀਆਂ ਢੇਰੀਆਂ ਲੱਗੀਆ ਸਨ। ਕਈ ਤਾਂ ਜਿਵੇਂ ਹੁਣ ਈ ਟੋਭੇ 'ਚੋਂ ਫੜ ਕੇ ਸੁੱਟੀਆਂ ਹੋਣ ਜਿਉਂਦੀਆਂ ਸੀ। ਕੁਛ ਉੱਭੜ-ਉੱਭੜ ਕੇ ਸੜਕ 'ਤੇ ਮਰੀਆਂ ਪਈਆਂ। ਜਿਵੇਂ ਸ਼ਬਜੀ ਮੰਡੀ 'ਚ ਖ਼ਰਾਬ ਹੋਏ ਟਮਾਟਰਾਂ ਨੂੰ ਰੇਹੜੀਆਂ-ਆਲ਼ੇ ਰੋੜ੍ਹ ਦਿੰਦੇ ਨੇ।

ਉੱਥੇ ਮੱਛੀਆਂ ਦੀ ਬੋ ਬਹੁਤ ਤੇਜ਼ ਸੀ। ਨੱਕ ਬੰਦ ਕਰਕੇ ਤੁਰਨ ਆਲ਼ਾ ਮਹੌਲ ਸੀ। ਅਸੀਂ ਰਸਤਾ ਪੁੱਛੀਏ, ਪਰ ਕਿਸੇ ਨੂੰ ਸਮਝ ਈ ਨਾ ਲੱਗੇ। ਬੰਗਾਲੀ ਲੋਕੀਂ ਆਪਸ ਵਿੱਚ ਬੋਲਦੇ ਹੋਏ, ਇੱਕ ਵੀ ਸ਼ਬਦ ਕਿਸੇ ਹੋਰ ਭਾਸ਼ਾ ਦਾ ਨ੍ਹੀਂ ਬੋਲਦੇ। ਪਰ ਜਦੋਂ ਉਹ ਕਿਸੇ ਹੋਰ ਬੰਦੇ ਨਾਲ਼ ਗੱਲ ਕਰਦੇ, ਜਿਵੇਂ ਸਾਡੇ ਨਾਲ਼, ਤਾਂ ਪੂਰੀ ਫਰਾਟੇਦਾਰ ਅੰਗਰੇਜ਼ੀ 'ਚ ਕਰਦੇ। ਅੰਗਰੇਜਾਂ ਤੋਂ ਵੀ ਵਧੀਆ ਅੰਗਰੇਜ਼ੀ।

ਆਪਾਂ ਤਾਂ ਮੂੰਹ ਬੰਦ ਈ ਰੱਖਿਆ, ਨਾ ਬੰਗਾਲੀ ਨਾਂ ਅੰਗਰੇਜ਼ੀ। ਟੋਨੀ ਨੂੰ ਸ਼ਹਿਰੀ ਹੋਣ ਕਰਕੇ ਮੈਥੋਂ ਪੰਜ-ਸੱਤ ਸ਼ਬਦ ਵੱਧ ਰਟੇ ਹੋਏ ਸਨ। ਉਹ ਵੀ ਬੇਚਾਰਾ ਇੱਕ ਦੋ ਗੱਲਾਂ ਬਾਅਦ ਦੁਆਬੀ 'ਚ ਨੂੰ ਹੋ ਜਿਆ ਕਰੇ।

ਦੁਆਬੀ ਤੇ ਅੰਗਰੇਜ਼ੀ ਦੇ ਸੁਮੇਲ ਨਾਲ਼ ਵੀ ਕਿਸੇ ਨੂੰ ਤਾਂ ਸਮਝਾ ਸਕਦਾ ਸੀ, ਜੇ ਗਾਹਾਂ ਜਿੱਥੇ ਜਾਣਾ ਸੀ ਉਸਦਾ ਨਾਮ ਯਾਦ ਹੁੰਦਾ। ਜਿਹੜੀ ਧਰਮਸ਼ਾਲ਼ਾ 'ਚ ਸਾਡੀ ਰਿਹਾਇਸ਼ ਸੀ ਉਸਦਾ ਨਾਮ ਈ ਭੁੱਲ ਗੇ'। ਟੋਨੀ ਤਾਂ ਬੇਚਾਰਾ ਊਂ ਵੀ ਥੋੜ੍ਹੀ ਦੇਰ ਬਾਅਦ ਢਾਬੇ 'ਤੇ ਖਾਧੇ ਮੀਟ ਨੂੰ ਯਾਦ ਕਰ ਉਲਝ ਜਾਂਦਾ ਸੀ। ਉਹ ਸ਼ਨਾਖਤੀ ਕਾਰਡ ਨਾਲ਼ ਲੱਗੇ 'ਬਸਕੂਏ' ਨਾਲ਼ ਦੰਦਾਂ 'ਚੋਂ ਲਹੂ ਕੱਢੀ ਜਾਵੇ ਕਿ ਕਿਤੇ ਭੋਰਾ ਮਾਸ ਦਾ ਰਹਿ ਗਿਆ ਹੋਵੇ।

ਸਾਨੂੰ ਬਸ ਧਰਮਸ਼ਾਲ਼ਾ ਦੇ ਨਾਲ਼ ਦੇ ਮੰਦਰ 'ਚ ਲੱਗੀ ਵੱਡੀ ਸਾਰੀ ਮੂਰਤੀ ਯਾਦ ਰਹਿ ਗੀ'। ਉਹ ਵੀ ਹੈ ਗੀ' ਤਾਂ ਕਾਲ਼ੀ ਮਾਤਾ ਵਰਗੀ ਕਿਸੇ ਲੋਕਲ ਦੇਵੀ ਦੀ ਸੀ ਪਰ ਉਲਝਿਆ ਹੋਇਆਂ ਨੂੰ ਬਾਬਾ ਬਾਲਕ ਨਾਥ ਲੱਗੀ ਜਾਵੇ। ਜਦੋਂ ਟੋਨੀ ਹੰਭ ਜਾਇਆ ਕਰੇ ਰਸਤਾ ਪੁੱਛਣ ਲੱਗਿਆ ਤਾਂ ਮੈਂ ਮੂਹਰੇ ਹੋ ਕੇ ਦੱਸਿਆ ਕਰਾਂ, "ਬਹਾਂ ਪਰ ਇੱਕ ਮੂਰਤੀ ਹੈ, ਬਾਬਾ ਬਾਲਕ ਨਾਥ ਕੀ...।"

ਪਰ ਕਿੱਥੇ ਪੰਜਾਬ ਦਾ ਬੇਚਾਰਾ ਠੇਠ ਪੇਂਡੂ ਦੇਵਤਾ, ਕਿੱਥੇ ਬੰਗਾਲ ਦੀ ਦੇਵੀ। ਉਹਨਾਂ ਨੇ ਤਾਂ ਸੁਣਿਆ ਵੀ ਨ੍ਹੀਂ ਹੋਣਾ, ਬਾਬਾ ਬਲਾਕ ਨਾਥ ਜੀ ਕੌਣ ਦੇਵਤਾ ਹਨ।

ਫੇਰ ਇੱਕ ਬੰਦਾ ਆਪਣੀ ਪਰੀ ਵਰਗੀ ਬੇਟੀ ਨਾਲ਼ ਸਾਡੇ ਕੋਲ਼ ਨੂੰ ਆ ਕੇ ਕਹਿੰਦਾ,

"ਤੁਸੀਂ ਜਲੰਧਰ ਤੋਂ ਹੋਂ...?" ਮੈਂ ਆਖਿਆ, "ਨਾ ਜੀ ਮੈਂ ਤਾਂ ਪਟਿਆਲ਼ੇ ਤੋਂ ਆਂ।" ਮੈਂ ਗਰਦਨ ਦੀ ਮੋਚ ਕਰਕੇ, ਬਿਨਾਂ ਮੂੰਹ ਘੁਮਾਏ ਬੋਲਿਆ। ਬਰੇਲੀ ਆਲ਼ੇ ਕਾਂਡ ਨੇ ਜਲੰਧਰ ਸ਼ਬਦ ਤੋਂ ਵੀ ਡਰਾ ਰੱਖਿਆ ਸੀ। ਦਰਅਸਲ ਉਥੇ ਮੇਰੇ ਸ਼ੇਕੀ ਆਲ਼ਾ, ਜਲੰਧਰ ਲਿਖਿਆ ਅੱਪਰ ਪਾਇਆ ਹੋਇਆ ਸੀ ਤਾਂ ਕਰਕੇ ਉਹਨਾਂ ਨੇ ਭੁਲੇਖੇ 'ਚ ਕੁੱਟਿਆ ਸੀ ਮੈਨੂੰ।

"ਮੈਂ ਹਾਂ ਜੀ ਜਲੰਧਰ ਸਪੋਰਟਸ ਸਕੂਲ ਕੋਲ਼ੋਂ।" ਟੋਨੀ ਨੇ ਆਪਣਾ ਦੱਸਦੇ ਨੇ, ਖੋਈ ਹੋਈ ਮੰਜ਼ਲ ਦਾ ਰਸਤਾ ਵੀ ਪੁੱਛ ਲਿਆ।

ਸੂਰਜ ਦੀ ਟਿੱਕੀ ਹੁਣ ਲਾਲੀ ਫੜਦੀ ਜਾ ਰਹੀ ਸੀ। ਅਸੀਂ ਅਣਚਾਹੇ ਡਰਾਂ ਦੇ ਡਰਾਏ ਹੋਏ ਗੱਲਬਾਤ ਬਾਅਦ 'ਚ ਕਰਦੇ, ਪਹਿਲਾਂ ਰਸਤਾ ਪੁੱਛ ਲੈਂਦੇ।

ਉਹ ਆਇਆ ਤਾਂ ਮੱਛੀ ਲੈਣ ਸੀ। ਪਰ ਨਾਲ਼ ਲੈ ਚੱਲਿਆ ਸੀ ਦੋ ਓਦਰੀਆਂ ਗਾਵਾਂ, ਜਣੀਂ ਸਾਨੂੰ।

"ਘਬਰਾਓ ਨਾ, ਤੁਸੀਂ ਮੇਰੇ ਨਾਲ਼ ਚੱਲਣ ਡਏ ਓ। ਪਹਿਲਾਂ ਕੁਛ ਖਾਓ-ਪੀਓ ਘਰ ਚੱਲ ਕੇ।" ਜਿਵੇਂ ਉਹਨੂੰ ਚਾਅ ਚੜ੍ਹ ਗਿਆ ਹੋਵੇ, ਕੋਈ ਪੰਜਾਬੋਂ ਆਇਆ ਦੇਖ। ਮੁੱਖ 'ਤੇ ਸੁੱਖ ਉਵੇਂ ਝਲਕ ਰਿਹਾ ਸੀ, ਜਿਵੇਂ ਪੰਜ-ਸੱਤ ਮਹੀਨਿਆ ਦੀ ਵਿਆਹੀ ਕੁੜੀ ਨੂੰ ਕੋਈ ਉਸਦੇ ਪੇਕਿਆਂ ਤੋਂ ਦਿਖ ਜਾਂਦੈ। ਸਾਨੂੰ ਹੌਸਲਾ ਦਿੰਦੇ ਨੇ ਕਿਹਾ, "ਜਿੱਥੇ ਤੁਹਾਂ ਜਾਣਾਂ, ਉਹ ਲਾਗੇ ਹੀ ਹੈ, ਮੈਂ ਕਾਰ 'ਚ ਛੱਡ ਆਵਾਂਗਾ, ਚਲੋ ਘਰ ਚੱਲੀਏ।"

ਹੁਣ ਥੋੜ੍ਹਾ ਸੁੱਖ ਦਾ ਸਾਹ ਆਇਆ। ਮੱਛੀ ਮਾਰਕਿਟ ਪਾਰ ਕੀਤੀ ਤਾਂ ਇੱਕ ਵੱਡੀ ਸਾਰੀ ਮਾਰਕਿਟ 'ਚ ਵੜ ਗੇ'। ਉੱਥੇ ਉਹੀ ਮੈਡਮ ਅਤੇ ਉਸਦਾ ਮੁੰਡਾ ਖਰੀਦਾਰੀ ਕਰਨ ਤੋਂ ਬਾਅਦ ਰਿਕਸ਼ਾ ਕਰ ਰਹੇ ਸੀ। ਅਸੀਂ ਉਸ ਭੱਦਰ ਪੁਰਸ਼ ਨੂੰ ਦੱਸਿਆ ਕਿ ਇਹ ਵੀ ਸਾਡੇ ਨਾਲ਼ ਦੇ ਨੇ। ਉਹਨੇ ਥੋੜ੍ਹਾ ਜੋਰ ਪਾਇਆ "ਮੈਡਮ, ਇਹਨਾਂ ਦੇ ਨਾਲ਼ ਈ ਤੁਹਾਨੂੰ ਵੀ ਛੱਡ ਆਵਾਂਗਾ ਜੇ ਤੁਹੀਂ ਸਹੀ ਸਮਝੋਂ। ਬਸ ਲਾਗੇ ਹੀ ਹੈ ਗੀ' ਸਾਡੀ ਰਿਹਾਇਸ਼।" ਮੈਡਮ ਹੋਰੀਂ ਵੀ ਸਾਡੇ ਨਾਲ਼ ਹੋ ਗਏ।

ਜਦੋਂ ਅਸੀਂ ਬਹੁਤ ਵੱਡੀ ਕੋਠੀ 'ਚ ਦਾਖਲ ਹੋਏ ਤਾਂ ਸਾਨੂੰ ਆਇਆ-ਗਇਆਂ ਵਾਲ਼ੀ ਬੈਠਕ 'ਚ ਬੈਠਾ 'ਤਾ। ਸੋਫੇ ਬੜੇ ਕਮਾਲ਼ ਦੇ ਸਨ, ਜਮਾਂ ਮਖਮਲੀ। ਫੂਕ ਭਰੀ ਟਿਊਬ ਵਾਂਗੂ ਜਿਵੇਂ ਮਿਸਤਰੀ ਨੇ ਵਿੱਚ ਲੱਕੜ ਲਾਈ ਈ ਨਾ ਹੋਵੇ।

ਜਦੋਂ ਅਸੀਂ ਬੈਠੇ ਤਾਂ ਇੱਕ ਵਾਰ ਸੋਫੇ ਜਮਾਂ ਥੱਲੇ ਲੱਗਣ ਲੱਗੇ ਫਰਸ਼ ਨੂੰ, ਫੇਰ ਹੌਲ਼ੀ-ਹੌਲ਼ੀ ਉਪਰ ਨੂੰ ਆਏ। ਅਸੀਂ ਉੱਠ-ਉੱਠ ਬੈਠੀਏ। ਕਮਰੇ ਵਿੱਚ ਫੁਟਬਾਲਾਂ ਦੇ ਖਿਲਾਰੇ ਨੂੰ ਛੱਡ

ਕੇ ਬਾਕੀ ਸਭ ਤਰਤੀਬ 'ਚ ਸੀ। ਕੰਧਾਂ 'ਤੇ ਫੁਟਬਾਲਰਾਂ ਤੇ ਸਕਾਲਰਾਂ ਦੀਆਂ ਆਦਮ ਕੱਦ ਤਸਵੀਰਾਂ ਅਮੀਰੀ ਦਰਸਾ ਰਹੀਆਂ ਸਨ।

ਹੁਣ ਇੱਕ ਬੇਹੱਦ ਖੂਬਸੂਰਤ ਔਰਤ ਨੇ ਨਾਰੀਅਲ ਪਾਣੀ ਦੇ ਭਰੇ ਕੰਗਣੀ ਵਾਲ਼ੇ ਗਲਾਸ ਫੜਾਏ।ਅਸੀਂ ਤਾਂ ਫੜਦੇ ਈ ਡੱਫ ਲੇ'।

"ਉਹ ਨੋ...... ਮੈਮ...... ਨੋ ਨੀਡ।" ਵਰਗੇ ਇੱਕ ਦੋ ਫਿਕਰੇ ਬੋਲਕੇ ਮੈਡਮ ਤੇ ਉਸਦੇ ਬੇਟੇ ਨੇ ਵੀ ਪੀ ਲਿਆ।ਨਾਲ਼ ਈ ਥੋੜ੍ਹਾ ਘੱਟ ਕਰਨ ਆਲ਼ੀ ਸ਼ਹਿਰੀ ਬੇਨਤੀ ਵੀ ਕਰਤੀ।

ਜਿੰਨੀ ਉਹ ਔਰਤ ਡੀਲ-ਡੌਲ ਤੋਂ ਖੁੱਲ੍ਹੀ ਦਿਖਦੀ ਸੀ, ਉਸ ਤੋਂ ਕਿਤੇ ਜਿਆਦਾ ਉਸ ਦਾ ਸੁਭਾਅ ਖੁੱਲ੍ਹਾ ਸੀ। ਰੰਗ-ਰੂਪ ਤਾਂ ਰੱਬ ਨੇ ਜਿਵੇਂ ਸਾਰਾ ਉਹਦੇ 'ਤੇ ਈ ਖਰਚ ਕਰਤਾ ਹੋਵੇ। ਕੋਈ ਮੇਕ-ਅੱਪ ਨ੍ਹੀਂ, ਬਿਲਕੁਲ ਸਾਦਾ ਮੂੰਹ, ਵੱਡੇ-ਵੱਡੇ ਨੈਣ-ਨਕਸ਼ ਅਤੇ ਪਹਿਰਾਵਾ ਜਮਾਂ ਫਿਲਮੀ। ਮੈਨੂੰ ਤਾਂ ਉਹ ਹੀਰੋਇਨੀਆਂ ਤੋਂ ਵੀ ਵੱਧ ਮੌਡਰਨ ਲੱਗੇ। ਸਾਡੇ ਨਾਲ਼ ਉਹ ਆਏਂ ਪੇਸ਼ ਆਈ ਜਿਵੇਂ ਅਸੀਂ ਪੰਜਾਬ ਤੋਂ ਨ੍ਹੀਂ... ਬਲਕਿ ਉਸ ਦੇ ਪੇਕਿਆਂ ਤੋਂ ਹੋਈਏ।

ਦੋਵਾਂ ਮਾਵਾਂ ਧੀਆਂ, ਚਿੱਟੀਆਂ ਟੀ-ਸ਼ਰਟਾਂ ਅਤੇ ਨੀਲੀਆਂ ਕੈਪਰੀਆਂ 'ਚ ਜਮਾਂ ਪਰੀਆਂ ਵਾਂਗਰ ਲੱਗਣ।

ਐਨੀ ਸੋਹਣੀ ਔਰਤ ਤਾਂ ਓਦੋਂ ਕਦੇ ਟੈਲੀਵਿਜ਼ਨ 'ਚ ਵੀ ਨ੍ਹੀਂ ਦੇਖੀ ਸੀ। ਓਦਣ ਜਮਾਂ ਨੇੜੇ ਬੈਠੀ ਦੇਖ, ਸੰਗ ਜਿਹੀ ਲੱਗੀ ਜਾਵੇ।

ਅੱਧਾ ਲੀਟਰ ਆਲ਼ਾ ਗਲਾਸ ਡਕਾਰ ਕੇ ਸਾਡੇ ਨਾਲ਼ ਦੀ ਮੈਡਮ ਨੂੰ ਅਜੀਬ ਜਿਹਾ ਡਕਾਰ ਆ ਗਿਆ। ਅਜੀਬ ਹਾਲਾਤ ਬਣ ਗੇ'। ਉਹਨੇ ਦਿਖਾਉਣਾ ਤਾਂ ਆਪਣਾ ਸਲੀਕਾ ਚਾਹਿਆ, ਪਰ ਜਦੋਂ ਉਹ ਖਾਲੀ ਗਲਾਸ ਟੇਬਲ 'ਤੇ ਰੱਖ ਕੇ, ਫੇਰ ਵਾਪਸ ਸੋਫੇ 'ਤੇ ਬੈਠੀ ਤਾਂ ਉਹ ਸੋਫੇ ਨਾਲ਼ ਈ ਥੱਲੇ ਨੂੰ ਗਈ ਤੇ ਪੀਤਾ ਪਾਣੀ ਗਲ਼ ਕੋਲ਼ੋਂ ਥੱਲੇ ਢਿੱਡ 'ਚ ਨੂੰ ਗਿਆ, ਜਿਸ ਨਾਲ਼ ਡਕਾਰ ਆ ਗਿਆ।

ਡਕਾਰ ਦੀ ਅਵਾਜ਼ ਮੈਨੂੰ ਬਾਕੀਆਂ ਤੋਂ ਕੁਛ ਜਿਆਦਾ ਈ ਸੁਣੀ। ਮੈਂ ਹੱਸ ਪਿਆ, ਫੇਰ ਹੋਰ ਹਾਸਾ ਨਿੱਕਲ਼ਦਾ ਗਿਆ। ਟੋਨੀ ਵੀ ਹੱਸੀ ਜਾਵੇ, ਪਤਾ ਹੁਣ ਸਾਰਿਆਂ ਨੂੰ ਲੱਗ ਗਿਆ ਸੀ। ਹਾਸੇ ਆਲ਼ੇ ਜੋਨ 'ਚ ਮੈਂ 'ਕੱਲਾ ਨ੍ਹੀਂ ਸੀ ਪਹੁੰਚਿਆ, ਉਹ ਬੱਚੀ ਵੀ ਮੇਰੇ ਨਾਲ਼ ਈ ਸੀ।

ਕਈ ਵਾਰੀ ਅਸੀਂ ਹੱਸਦੇ-ਹੱਸਦੇ ਅਜਿਹੇ ਜੋਨ 'ਚ ਪਹੁੰਚ ਜਾਂਦੇ ਹਾਂ ਜਿੱਥੋਂ ਵਾਪਸੀ ਬੜੀ ਔਖੀ ਹੁੰਦੀ ਹੈ। ਬੰਦਾ ਆਪਣੇ ਆਪ ਨੂੰ ਵੀ ਭੁੱਲ ਜਾਂਦੈ ਤੇ ਬਸ ਹੱਸੀ ਜਾਂਦਾ ਹੈ। ਬਾਕੀਆਂ ਨੇ ਤਾਂ ਜਿਵੇਂ-ਤਿਵੇਂ ਮੂੰਹ ਬੰਦ ਕਰ ਲੇ'। ਪਰ ਸਾਡਾ ਮੂੰਹ ਟਮਾਟਰ ਵਰਗਾ ਹੋ ਗਿਆ ਸੀ। ਮੇਰਾ ਹੱਸਦੇ ਦਾ, ਤੇ ਮੈਡਮ ਦਾ ਹਸਦੇ ਹੋਇਆਂ ਤੋਂ ਗੁੱਸੇ ਹੋਈ ਦਾ।

ਬੇਚਾਰੀ ਨੂੰ ਬਹੁਤ ਜਿਆਦਾ ਬੇਇੱਜਤੀ ਮਹਿਸੂਸ ਹੋਈ ਕਿਉਂਕਿ ਉਹ ਤਾਜ਼ਾ-ਤਾਜ਼ਾ ਅੰਗਰੇਜ਼ੀ 'ਚ ਪ੍ਰਭਾਵ ਜੋ ਪਾ ਹਟੀ ਸੀ। ਬੱਚੇ ਤਾਂ ਆਖਿਰ ਬੱਚੇ ਈ ਹੁੰਦੇ ਨੇ ਭਾਵੇਂ ਉਹ ਕਲਕੱਤੇ

ਜੰਮੇ ਹੋਣ ਜਾਂ ਭਗਵਾਨਪੁਰੇ। ਜਦੋਂ ਨੂੰ ਮੈਂ ਧਿਆਨ ਤਸਵੀਰਾਂ ਦੇਖਣ 'ਤੇ ਲਾਇਆ ਕਰਾਂ ਤਾਂ ਉਹ ਬੱਚੀ ਹਸਾ ਦਿਆ ਕਰੇ।ਮੈਂ ਫੇਰ ਹੱਸਣ ਲੱਗ ਪਿਆ ਕਰਾਂ।

ਹੁਣ ਉਸਦੇ ਡਕਾਰ ਦੀ ਨਿੱਕਲ਼ੀ ਅਨੋਖੀ ਅਵਾਜ਼ ਉਹਨੂੰ ਬਹੁਤ ਹੋਛੂੰ ਜਿਆ ਮਹਿਸੂਸ ਕਰਾ ਰਹੀ ਸੀ ਤੇ ਮੈਨੂੰ ਸ਼ਰਮਿੰਦਾ ਕਰ ਰਹੀ ਸੀ। ਮਾਹੌਲ ਸਥਿਰਤਾ 'ਚ ਨ੍ਹੀਂ ਸੀ ਆ ਰਿਹਾ। ਬੱਚੀ ਦੀ ਮਾਂ ਨੇ ਮੌਕੇ ਦੀ ਨਜ਼ਾਕਤ ਸਮਝ ਉੱਠਣੇ ਦੀ ਸੈਨਤ ਮਾਰੀ, "ਆਜੋ ਦੀਦੀ, ਲਾਇਬ੍ਰੇਰੀ ਦਿਖਾਵਾਂ, ਰੈਨੋਵੇਟ ਕਰਵਾਈ ਏ।"

ਇੱਕ ਗੱਲ ਬੰਗਾਲ 'ਚ ਮਸ਼ਹੂਰ ਐ ਕਿ ਰਸੋਈ ਜਾਂ ਮੰਦਰ ਬਿਨਾਂ ਤਾਂ ਘਰ 'ਚ ਸਰ ਸਕਦੈ, ਪਰ ਲਾਇਬ੍ਰੇਰੀ ਬਿਨਾਂ ਨ੍ਹੀਂ। ਉੱਥੇ ਹਰੇਕ ਘਰ 'ਚ ਲਾਇਬ੍ਰੇਰੀ ਹੁੰਦੀ ਹੈ। ਉਹ ਵੀ ਪੂਰੀ ਵਧੀਆ ਵਾਲ਼ੀ।

ਦੋਵਾਂ ਦੇ ਉੱਠ ਕੇ ਜਾਣ ਦੀ ਦੇਰ ਸੀ ਕਿ ਦੇਰ ਤੋਂ ਹਾਸਾ ਰੋਕੀ ਬੈਠਿਆਂ ਨੇ ਵੀ ਖੋਲ੍ਹਤੇ ਨੱਕੇ। ਹਾਂ ਉਹ ਮੈਡਮ ਦਾ ਮੁੰਡਾ ਬੇਚਾਰਾ ਘੁਟ-ਘੁਟ ਕੇ ਹੱਸ ਰਿਹਾ ਸੀ। ਚਾਹੁੰਦਾ ਹੋਇਆ ਵੀ ਖੁੱਲ੍ਹਕੇ ਨ੍ਹੀਂ ਸੀ ਹੱਸ ਸਕਦਾ। ਫੇਰ ਗੱਲ ਵੀ ਬੜੀ ਅਜੀਬ ਸੀ... ਮਾਂ ਤਾਂ ਮਾਂ ਹੁੰਦੀ ਹੈ।

ਸਾਡੇ ਸਾਰਿਆਂ 'ਚੋਂ ਸਭ ਤੋਂ ਜਿਆਦਾ ਉਹ ਨੰਨ੍ਹੀ ਪਰੀ ਹੱਸੀ। ਉਹਦੇ ਅੱਖਾਂ ਚੋਂ ਪਾਣੀ ਨਾ ਰੁਕੇ। ਆਏਂ ਲੱਗੇ ਜਿਵੇਂ ਉਹਨੂੰ ਸਾਹ ਈ ਨ੍ਹੀਂ ਆਉਣਾ। ਦੋਵੇਂ ਹੱਥਾਂ ਨੂੰ ਢਿੱਡ ਦੁਆਲ਼ੇ ਕਰ ਉਹ ਕਦੇ ਪੈਰਾਂ ਭਾਰ ਬੈਠ ਜਾਵੇ, ਕਦੇ ਖੜ੍ਹੀ ਹੋਵੇ, ਹੱਸ-ਹੱਸ ਕੇ ਦੂਹਰੀ-ਤੀਹਰੀ ਹੋਈ ਜਾਵੇ। ਉਸਦਾ ਪਿਉ ਉਹਨੂੰ ਝਿੜਕ ਕੇ ਰੋਕਦਾ ਹੋਇਆ, ਆਪਦਾ ਰੁਕਿਆ ਹਾਸਾ ਛੇੜ ਲਿਆ ਕਰੇ। ਗੱਲ ਕੀ ਐਨਾ ਹਾਸਾ ਸੁਣ ਕੇ ਉਹ ਮੈਡਮ ਦੂਜੇ ਕਮਰਿਆਂ 'ਚ ਵੀ ਮੱਚੀ ਹੋਊ ਮੇਰੇ ਉੱਤੇ।

ਲੋਟ-ਪੋਟ ਹੁੰਦਿਆਂ ਨੂੰ ਸਾਨੂੰ ਟੈਲੀਫੋਨ ਦੀ ਘੰਟੀ ਨੇ ਲੋਟ ਜਿਆ ਕਰਿਆ। ਘੰਟੀ ਵੱਜੀ ਤੇ ਅਸੀਂ ਸੰਭਲ਼ੇ।

***

ਉਂ ਮੇਰਾ ਅਤੇ ਮੈਡਮ ਦਾ ਉਹ ਦਿਨ ਕੁਛ ਜ਼ਿਆਦਾ ਈ ਮਾੜਾ ਸੀ। ਟੋਨੀ ਹੁਣ ਠੀਕ ਸੀ ਉਹ ਸ਼ਾਇਦ ਭੁੱਲ ਚੁੱਕਿਆ ਸੀ ਗਾਂ ਦੇ ਮਾਸ ਆਲ਼ੇ ਕਾਂਡ ਨੂੰ।

ਸਾਡੀ ਬੇਇਜਤੀ ਆਲ਼ੀ ਗੱਡੀ ਨੂੰ ਬ੍ਰੇਕ ਮਸਾਂ ਈ ਲੱਗੀ ਸੀ। ਬ੍ਰੇਕ ਤੋਂ ਬਾਅਦ ਆਲ਼ਾ ਐਪੀਸੋਡ ਹੋਰ ਵੀ ਭੈੜਾ ਵਾਪਰਿਆ। ਮੇਰੇ ਅਤੇ ਟੋਨੀ ਦੇ ਜਿਹਨ 'ਚ ਇੱਕ ਫਿਕਰ ਵੀ ਸੀ, ਬਈ ਐਥੇ ਦੇਰ ਹੋ ਗਈ ਫੇਰ ਬੇਅਰਾਮੀ 'ਚ ਮੈਚ ਵੀ ਨ੍ਹੀਂ ਖੇਡਿਆ ਜਾਣਾ। ਮੈਚ ਵੀ ਰਾਹਾਂ ਮਾੜੀ ਮੋਟੀ ਟੀਮ ਨਾਲ਼ ਨ੍ਹੀਂ ਸੀ, ਦਿੱਲੀ ਆਲ਼ੇ ਸ਼ਿਵ ਕੋਚ ਦੀ ਟੀਮ ਨਾਲ਼ ਸੀ। ਉਹ ਵੀ ਰਾਤ ਦੇ ਬਾਰਾਂ ਵਜੇ।

ਉਹਨਾਂ ਵਕਤਾਂ 'ਚ ਕਬੱਡੀ ਆਲ਼ੇ ਆਮ ਗੱਲ ਕਰਦੇ ਹੁੰਦੇ, ਬਈ ਸ਼ਿਵ ਕੋਚ, ਪਿੰਡ

ਦੀ ਟੀਮ ਨੂੰ ਵੀ ਨੈਸ਼ਨਲ ਚੈਂਪੀਅਨ ਬਣਾ ਦਿੰਦਾ ਹੈ। ਕਮਾਲ ਦਾ ਤਜਰਬਾ ਸੀ ਮੈਚ ਜਿਤਾਉਣ ਦਾ। ਉਸ ਸਾਲ ਦਿੱਲੀ ਦੀ ਟੀਮ ਉਹੀ ਸੀ, ਜਿਸ ਨੂੰ ਹਰਿਆਣੇ ਨੇ ਵਾਧੂ ਖਿਡਾਰੀਆਂ ਵਿੱਚ ਵੀ ਥਾਂ ਨ੍ਹੀਂ ਸੀ ਦਿੱਤੀ। ਪਰ ਕਮਾਲ ਦੇਖੋ ਦਿੱਲੀ ਨੇ ਹਰਿਆਣੇ ਨੂੰ ਵਾਧੂ ਤੇਲ ਦੇਤਾ ਸੀ, 55-32 ਦੇ ਫਰਕ ਨਾਲ ਹਰਾ ਕੇ। ਖ਼ੈਰ!

ਮੈਡਮ ਉਸ ਮੇਜ਼ਬਾਨ ਜੋੜੇ ਤੋਂ ਅੰਗਰੇਜ਼ੀ 'ਚ ਜਾਣਕਾਰੀ ਲੈ ਰਹੀ ਸੀ।

"ਮੈਮ ਤੁਸੀਂ ਕਿੱਥੋਂ ਬਿਲੌਂਗ ਕਰਦੇ ਜੇ? ਵੱਟ ਇਜ਼ ਯੂ ਅਰ ਐਕੂਪੇਸ਼ਨ?" ਮੋਸ਼ਨ ਜਿਹੇ ਬਣਾ ਕੇ ਮੈਡਮ ਨੇ ਪੁੱਛਿਆ।

"ਸਾਡਾ ਪਿਛੋਕੜ ਜਲੰਧਰ ਤੋਂ ਹੈ, ਅਸੀਂ ਦੋਵੇਂ ਭਾਰਤੀ ਟੀਮ ਦੇ ਖਿਡਾਰੀ ਹਾਂ। ਕਲੱਬ ਟੂਰਨਾਮੈਂਟ ਅਸੀਂ ਮੋਹਨ ਬਗਾਨ ਵੱਲੋਂ ਖੇਡਦੇ ਹਾਂ।"

ਉਹਨੇ ਬਿਨਾਂ ਕੋਈ ਵੀ ਸ਼ਬਦ ਅੰਗਰੇਜ਼ੀ ਹਿੰਦੀ ਦਾ ਵਰਤੇ ਉੱਤਰ ਦਿੱਤਾ ਅਤੇ ਅੱਗੇ ਦੱਸਦੀ ਹੋਈ ਬੋਲੀ, "ਭਾਰਤੀ ਹਾਕੀ ਟੀਮ ਦਾ ਖਿਡਾਰੀ ਹਰਪ੍ਰੀਤ ਸਿੰਘ ਇਹਨਾਂ ਦਾ ਭਰਾ ਵਾ। ਅਸੀਂ ਦੋਵੇਂ ਰੇਲਵੇ 'ਚ ਨੌਕਰੀ ਕਰਦੇ ਹਾਂ।" ਉਹ ਬਹੁਤ ਪਿਆਰ ਅਤੇ ਅਪਣੱਤ 'ਚ ਬੋਲੀ ਸੀ।

ਪਰ ਅਸੀਂ ਬੜੇ ਹੈਰਾਨ, ਸਾਨੂੰ ਦਸਵੀਂ-ਗਿਆਰਵੀਂ ਆਲ਼ਿਆਂ ਨੂੰ ਤਾਂ ਸਮਝ ਲੱਗ ਰਹੀ ਸੀ ਕਿ ਉਹ ਖ਼ੂਬਸੂਰਤ ਔਰਤ ਪੰਜਾਬੀ ਬੋਲ ਸੁਣ ਕੇ ਅਨੰਦ ਲੈ ਰਹੀ ਹੈ। ਪਰ ਸਾਡੀ ਮੈਡਮ ਨੂੰ ਕੋਈ ਖ਼ਬਰ ਨ੍ਹੀਂ ਸੀ। ਉਹ ਆਪਣਾ ਮੋਸ਼ਨ ਬਣਾ-ਬਣਾ ਕੇ ਅੰਗਰੇਜ਼ੀ ਬੋਲਦੀ ਰਹੀ।

ਉਹਨੂੰ ਫੇਰ ਵੀ ਸਮਝ ਨਾ ਲੱਗੀ ਜਦੋਂ ਉਸ ਨੇ ਕਿਹਾ, "ਭੈਣ ਜੀ, ਤੁਹਾਨੂੰ ਪੰਜਾਬੀ ਬੋਲਦਿਆਂ ਕੋਈ ਔਖ ਤੇ ਨ੍ਹੀਂ ਹੋਣ ਡਈ, ਸਾਨੂੰ ਤੇ ਕੋਈ ਮਸਾਂ ਮਿਲਦਾ ਜੇ, ਪੰਜਾਬ ਤੋਂ ਆਇਆ।"

ਮੈਡਮ ਵਿਚਾਰੀ ਫੋਕੇ ਸਿਸਟਾਚਾਰ ਦੀ ਮਾਰੀ ਅੰਗਰੇਜ਼ੀ ਨੂੰ ਭਜਾਈ ਤੁਰੀ ਜਾਵੇ। ਜਿੰਨੀ ਦੇਰ ਉਹ ਖ਼ੂਬਸੂਰਤ ਔਰਤ ਘਰ ਦੀ ਰਸੋਈ 'ਚ ਰਹੀ, ਓਨੀ ਦੇਰ ਅਸੀਂ ਉਸਦੇ ਪਤੀ ਨਾਲ਼ ਸਾਰਾ ਘਰ ਦੇਖਦੇ ਰਹੇ। ਉੱਥੇ ਸਿਰਫ਼ ਫੁੱਟਬਾਲਰਾਂ ਦੀਆਂ ਈ ਤਸਵੀਰਾਂ ਨਹੀਂ ਸੀ ਬਲਕਿ ਵਧੀਆ ਖਿਡਾਰੀ ਸ੍. ਬਲਵਿੰਦਰ ਸਿੰਘ ਫਿੱਡੂ ਅਤੇ ਹਰਜੀਤ ਬਰਾੜ ਨੂੰ ਵੀ ਢੁੱਕਵੀਂ ਥਾਂ ਦਿੱਤੀ ਹੋਈ ਸੀ।

ਇੱਕ ਹੋਰ ਜੋ ਕਮਾਲ ਦੀ ਗੱਲ ਸੀ। ਰਵਿੰਦਰ ਨਾਥ ਟੈਗੋਰ ਜੀ ਦੇ ਬਰਾਬਰ ਸਵਾਮੀ ਫੇਡੀ ਜੀ ਸੰਨਿਆਸੀ ਦੀ ਤਸਵੀਰ ਲਗਾਈ ਹੋਈ। ਅਸੀਂ ਉਸ ਬਾਰੇ ਪੁੱਛਣ ਲੱਗੇ ਤਾਂ ਸਾਡੇ ਪੁੱਛਣ ਤੋਂ ਉਹਨੂੰ ਲੱਗਿਆ ਕਿ ਉਸਨੂੰ ਅਸੀਂ ਕੋਈ ਤਾਂਤਰਿਕ ਬਾਬਾ ਸਮਝ ਰਹੇ ਹਾਂ, "ਇਹ ਕੋਈ ਸਾਡੇ ਤਾਂਤਰਿਕ ਗੁਰੂ ਜੀ ਵਗੈਰਾ ਨਹੀਂ, ਇਹ ਤਾਂ ਬਹੁਤ ਵੱਡੇ ਚਿੰਤਕ ਹੋਏ ਨੇ ਪੰਜਾਬ 'ਚੋਂ...... ਜਿਵੇਂ ਮਹਾਂਰਾਸ਼ਟਰ 'ਚੋਂ ਜੋਤੀ ਬਾ ਫੂਲੇ।"

ਪਰ ਓਦੋਂ ਸਾਨੂੰ ਇਹ ਸਭ ਕਾਲ਼ਾ ਅੱਖਰ ਮੱਝ ਬਰਾਬਰ ਈ ਲੱਗਾ ਸੀ। ਉਹਨਾਂ ਨੇ ਵੀ ਸਮਝ ਲਿਆ ਬਈ, ਇਹਨਾਂ ਨੂੰ ਕਿੱਥੋਂ ਪਤਾ ਹੋਣਾ ਸਵਾਮੀ ਤੀਰਥ ਰਾਮ ਜੀ ਬਾਰੇ। ਉਹਨਾਂ ਹੋਰ ਦੱਸਣਾ ਮੁਨਾਸਫ ਨਾ ਸਮਝਿਆ।

ਰਸੋਈ 'ਚੋਂ ਜੋ ਥੋੜ੍ਹਾ ਬਹੁਤ ਖੜਕਾ ਸੁਣ ਰਿਹਾ ਸੀ ਹੁਣ ਬੰਦ ਹੋ ਗਿਆ। ਹੋਰ ਕਿਸੇ ਨੂੰ ਤਾਂ ਭਾਵੇਂ ਪਹਿਲਾਂ ਵੀ ਨਾ ਸੁਣਦਾ ਹੋਵੇ, ਪਰ ਮੈਨੂੰ ਤੇ ਟੋਨੀ ਨੂੰ ਤਾਂ ਉਹ ਅਵਾਜ਼ ਵੀ ਸੁਣ ਰਹੀ ਸੀ। ਜਿਹੜੀ ਮੱਛੀ ਦੇ ਪੀਸ ਨੂੰ ਵੇਸਣ 'ਚ ਲਬੇੜ ਕੇ ਕੜਾਹੀ 'ਚ ਸੁੱਟਣ 'ਤੇ ਆ ਰਹੀ ਸੀ, ਸਰੜਲ-ਸਰੜਲ ਦੀ।

ਰਸੋਈ 'ਚੋਂ ਅਵਾਜ਼ ਜਿਵੇਂ ਤੁਰ ਕੇ ਆਈ ਹੋਵੇ, "ਆ ਜੋ ਪਕੌੜੇ ਤਿਆਰ ਨੇ... ਬੇਟਾ ਸੌਸ ਦੀ ਬੋਤਲ ਲੈ ਕੇ ਜਾਓ।" ਉਹ ਰਸੋਈ 'ਚੋਂ ਡਾਇਨਿੰਗ ਟੇਬਲ 'ਤੇ ਸਮਾਨ ਰੱਖਣ ਆਉਂਦੀ ਬੋਲ ਰਹੀ ਸੀ। ਅਸੀਂ ਮਿੰਟ ਤੋਂ ਪਹਿਲਾਂ ਮੱਲ ਲਈਆਂ ਕੁਰਸੀਆਂ। ਉਸਦੀ ਹਾਕ ਤਾਂ ਅਸੀਂ ਖ਼ਤਮ ਵੀ ਨ੍ਹੀਂ ਸੀ ਹੋਣ ਦਿੱਤੀ। ਟੋਨੀ ਮੈਥੋਂ ਮੂਹਰੇ, ਮੈਂ ਟੋਨੀ ਤੋਂ। ਮੱਛੀ ਦੀ ਬਹੁਤਾਤ 'ਚ ਪਕੌੜਿਆਂ ਦੇ ਪਏ ਕਾਲ਼ ਨੂੰ ਖ਼ਤਮ ਹੁੰਦਿਆਂ, ਸਿਸਟਾਚਾਰ ਤਾਂ ਯਾਦ ਈ ਨਾ ਰਿਹਾ। ਬਾਕੀ ਜਣੇਂ ਅਜੇ ਕਮਰੇ 'ਚ ਈ ਖੜ੍ਹੇ ਸੀ, ਅਸੀਂ ਮੂਰਖਾਂ ਨੇ ਸੌਸ ਵੀ ਨਾ ਉਡੀਕੀ, ਲੱਗ ਗਏ, ਜਿਵੇਂ ਕਦੇ ਕੁਛ ਦੇਖਿਆ ਈ ਨਾ ਹੋਵੇ।

ਅਸੀਂ ਤਾਂ ਪਹਿਲਾਂ ਈ ਮੂੰਹ ਭਰੇ ਹੋਏ ਸੀ। ਜਦੋਂ ਉਸ ਔਰਤ ਨੇ ਮੈਡਮ ਨੂੰ ਖਾਣ ਲਈ ਕਿਹਾ, ਤਾਂ "ਨੋ ਥੈਂਕਸ, ਵੀ ਆਰ ਵੇਜ" ਆਖ ਕੇ ਉਹਨਾਂ ਨੇ ਭੁੰਨਵੇਂ ਕਾਜੂ, ਦੋ ਉਂਗਲਾਂ ਤੇ ਅੰਗੂਠੇ ਦੇ ਨਾਲ਼ ਦੀ ਛੋਟੀ ਉਂਗਲੀ ਨਾਲ਼ ਆਏਂ ਚੱਕੇ, ਜਿਵੇਂ ਰਿਸ਼ਤੇ ਲਈ ਕੁੜੀ ਦੇਖਣ ਆਇਆ ਮੁੰਡਾ ਕਈ ਵਾਰ ਕਹੇ ਤੋਂ ਬਿਸਕੁਟ ਚੱਕਦਾ ਹੁੰਦੈ। ਬਈ ਮੂਰਖੋ ਢਿੱਡ ਪਹਿਲਾਂ ਕਿ ਟੌਹਰ।

ਓਦਣ ਪਕੌੜੇ ਮਿਲੇ ਚਾਹੇ ਮੁਸ਼ਕਲ ਨਾਲ਼, ਪਰ ਸਵਾਦ ਐਨੇ ਲੱਗੇ ਕਿ ਮੁੜ ਕੇ ਕਦੇ ਉਹੋ-ਜਿਹੇ ਨ੍ਹੀਂ ਮਿਲੇ। ਬਸ ਇੱਕ ਕਮੀ ਜ਼ਰੂਰ ਰੜਕੀ, ਕੰਡੇ ਨ੍ਹੀਂ ਸੀ ਕੱਢੇ ਹੋਏ, ਤਾਂ ਕਰਕੇ ਥੋੜ੍ਹਾ ਹੌਲ਼ੀ ਖਾ ਹੁੰਦੇ। ਨਹੀਂ ਤਾਂ ਮੇਰੇ ਵਰਗਾ ਬਿੰਦ 'ਚ ਈ ਕਿੱਲੋ ਸਾਰੇ ਨਘਾਰ ਜਾਂਦਾ। ਟੋਨੀ ਨੇ ਹਲ਼ਕੇ ਹੋਏ ਨੇ ਇੱਕ ਸਿੱਧਾ ਸੁੱਟ ਲਿਆ ਘੰਡੀ 'ਚ...। ਫੇਰ ਕੀ ਸੀ ਕੰਡਾ ਅਟਕ ਗਿਆ ਘੰਡੀ 'ਚ, ਸਾਹ ਵੀ ਫਸ ਗਿਆ। ਉਸਤੋਂ ਬੋਲਿਆ ਨਾ ਜਾਵੇ। ਨਾ ਮੂੰਹ ਬੰਦ ਹੋਵੇ, ਅੱਖਾਂ ਚੋਂ ਪਾਣੀ ਚੱਲੇ, ਔਖੇ-ਔਖੇ ਜੋ ਥੋੜ ਲਈ ਜਾਵੇ। ਜਦੋਂ ਉਹ ਉੱਠ ਕੇ ਵਾਸ਼ਰੂਮ 'ਚ ਨੂੰ ਜਾਣ ਲੱਗਿਆ ਤਾਂ ਖ਼ੁੱਚਾਂ ਦੇ ਧਕਾਅ ਨਾਲ਼ ਕੁਰਸੀ ਪਿੱਛੇ ਨੂੰ ਹੋ ਗੀ' ਤੇ ਘਿਸਰਣ ਹੋਈ, ਉਸ ਤੋਂ ਜੋ ਅਵਾਜ਼ ਆਈ। ਉਸ ਨਾਲ਼ ਫੇਰ ਆ ਗਿਆ ਉਹੀ ਸਮਾਂ, ਹਾਸੇ ਆਲ਼ਾ। ਪਰ ਐਸ ਵਾਰੀ ਮੈਡਮ ਆਪ ਈ ਫਸ ਗੀ'। ਮੈਡਮ ਕੀ ਅਜਿਹੇ ਸਮੇਂ ਅਕਸਰ ਬੰਦੇ ਨਾਲ਼ ਉਹ ਭਾਣਾ ਵਰਤ ਜਾਂਦੈਂ ਬਿਨ ਬੁਲਾਏ ਮਹਿਮਾਨ ਵਾਂਗੂ...। ਘਿਸਰਣ ਦੀ ਅਵਾਜ ਨੇ ਮੈਡਮ ਦਾ ਜੋਰਦਾਰ ਹਾਸਾ ਕੱਢਾਤਾ। ਹਾਸਾ ਕੀ ਜਲੂਸ ਕਢਾਤਾ।

ਜ਼ੁਕਾਮ ਨੇ ਉਹਦਾ ਨੱਕ ਬੰਦ ਕੀਤਾ ਹੋਇਆ ਸੀ। ਇੱਕੋ ਦਮ ਅਣ-ਚਿੱਤਵੇ ਹਾਸੇ 'ਚੋਂ ਹਵਾ ਦਾ ਗੁੱਛਾ ਨੱਕ ਰਾਹੀਂ ਬਾਹਰ ਨਿੱਕਲਿਆ ਤੇ ਦੋ ਬੁਲਬੁਲੇ ਜਿਹੇ ਬਣਾਤੇ, ਜਮਾਂ ਨਾਸਾਂ ਉੱਤੇ। ਸੀਨ ਹੁਣ ਉਹ ਬਣ ਗਿਆ ਸੀ, ਜਿਸਨੇ ਸਾਨੂੰ ਮਜ਼ਾ ਲਿਆਤਾ ਸੀ। ਮੈਨੂੰ ਅਤੇ ਉਸ ਨੰਨੀ ਪਰੀ ਨੂੰ ਤਾਂ ਖਾਸ ਕਰ ਕੇ। ਬੁਲ-ਬੁਲਿਆਂ ਨੇ ਮੈਡਮ ਨੂੰ ਐਨਾ ਸ਼ਰਮਿੰਦਾ ਕਰਤਾ ਕਿ ਮੂੰਹ ਫੇਰ ਟਮਾਟੀ ਤੋਂ ਗਾਜਰੀ ਹੋ ਗਿਆ। ਪਤਾ ਨ੍ਹੀਂ ਮੈਨੂੰ ਈ ਅਜਿਹਾ ਉਟ-ਪਟਾਂਗ ਕਿਉਂ ਨਜ਼ਰੀਂ ਪੈਂਦਾ ਏ। ਉਸਨੂੰ ਜਿਆਦਾ ਸਮਾਂ ਤਾਂ ਨ੍ਹੀਂ ਲੱਗਿਆ ਬੁਲ-ਬੁਲਿਆਂ ਨੂੰ ਭੰਨ ਹੱਥ ਸਾਫ ਕਰਨ ਨੂੰ... ਉਹਨੇ ਬਹੁਤ ਫੁਰਤੀ ਦਿਖਾਈ, ਪਰ ਓਦੋਂ ਤੱਕ ਅਸੀਂ ਦੇਖ ਚੁੱਕੇ ਸੀ। ਘਬਰਾਹਟ 'ਚ ਹੱਥ ਸੋਫੇ ਨਾਲ਼ ਪੂੰਝਦੀ ਹੋਈ ਨੂੰ ਵੀ ਮੈਂ ਦੇਖ ਲਿਆ ਸੀ। ਉਹਨੇ ਵੀ ਦੇਖ ਲਿਆ ਕਿ ਮੈਂ ਉਸ ਨੂੰ ਦੇਖ ਰਿਹੈਂ।

ਘਰ ਦੇ ਮਾਲਕ ਤਾਂ ਹੋ ਸਕਦੈ ਦੇਖ ਕੇ ਅਣ-ਡਿੱਠ ਕਰ ਗੇ' ਹੋਣ, ਬਈ ਮਹਿਮਾਨ ਹੈ। ਪਰ ਮੈਥੋਂ ਪਤਾ ਨ੍ਹੀਂ ਕਿਵੇਂ ਉਹਨੂੰ ਲਿੱਬੜੇ ਸੋਫੇ ਨੂੰ ਲੱਤ ਨਾਲ਼ ਲਕੋਂਦੀ ਨੂੰ, ਨੈਪਕਿਨ ਉਸ ਵੱਲ ਨੂੰ ਵਧਾ ਕੇ ਕਿਹਾ ਗਿਆ, "ਆਹ ਲਓ ਮੈਡਮ।" ਹੁਣ ਹੱਥ ਮੇਰਾ ਮੈਡਮ ਵੱਲ ਤੇ ਨਿਗ੍ਹਾ ਲਿੱਬੜੇ ਸੋਫੇ ਵੱਲ। ਉਹ ਹੋਰ ਖਿਝ ਗੀ' ਕਿ ਮੈਂ ਉਸ ਨੂੰ ਜਾਣ ਬੁੱਝ ਕੇ ਸ਼ਰਮਿੰਦਾ ਕਰ ਰਿਹੈਂ। ਪਰ ਉਹਨੂੰ ਕੀ ਪਤਾ ਸੀ ਮੈਨੂੰ ਤਾਂ ਆਦਤ ਐ... ਪੰਗੇ ਲੈਣ ਦੀ। ਕੀ ਦੱਸਦਾ ਸਹਿਜ ਸੁਭਾਅ ਈ ਗਰੀਬ ਤੋਂ ਹਰਕਤ ਹੋ ਜਾਂਦੀ ਐ।

ਕਰੀ ਤਾਂ ਆਪਣੀ ਜਾਣ 'ਚ ਮੱਦਦ ਸੀ ਪਰ ਕਰਵਾ ਬੈਠਿਆ ਬੇਇੱਜਤੀ। ਉਹ ਬਹੁਤ ਗੁੱਸੇ 'ਚ ਬੋਲੀ, "ਸ਼ੈਟ ਅੱਪ, ਮਾਈਂਡ ਯੂ-ਅਰ...।" ਫੇਰ ਉਹ ਉੱਠ ਕੇ ਗੁਸਲਖਾਨੇ 'ਚ ਚਲੀ ਗਈ। ਕਹਿੰਦੇ ਨੇ ਜਦੋਂ ਮਾੜਾ ਸਮਾਂ ਆਉਂਦਾ ਹੈ ਤਾਂ ਊਠ 'ਤੇ ਬੈਠੇ ਦਾ ਪੌਂਚਾਂ ਵੀ ਕਤੂਰਾ ਫੜ ਲੈਂਦਾ।

ਮੈਂ ਅਤੇ ਉਹ ਬੱਚੀ ਤਾਂ ਆਪਣੇ ਨਿੱਕਲ਼ ਰਹੇ ਹਾਸੇ ਨੂੰ ਰੋਕਣ ਕਰਕੇ ਚੁੱਪ ਸੀ। ਬਾਕੀ ਸਾਇਦ ਸ਼ਹਿਰੀਪਣ ਕਰਕੇ ਕੁਛ ਨਾ ਬੋਲੇ ਹੋਣ। ਉਹ ਆ ਕੇ ਬੈਠ ਗਈ ਬਿਲਕੁਲ ਸ਼ਾਂਤ। ਹੁਣ ਉਹ ਬੋਲੀ ਘੱਟ, ਨੱਕ ਨੂੰ ਰੁਮਾਲ ਨਾਲ਼ ਸਾਫ ਜਿਆਦਾ ਕਰਦੀ ਰਹੀ।

ਟਰਿੰਗ-ਟਰਿੰਗ ਦੀ ਅਵਾਜ਼ ਕੰਨੀ ਪਈ ਤਾਂ ਬੱਚੀ ਨੇ ਉੱਠ ਕੇ ਦੋਵੇਂ ਖੋਲਤੇ, ਮੋਨ ਵਰਤ ਵੀ ਤੇ ਦਰਵੱਜਾ ਵੀ।

"ਚਾਚਾ ਜੀ ਸ਼ੱ..... ਸ਼ੀ ਕਾਲ।"

"ਕਿੱਥੇ ਈ ਰੋਨਾਲਡੋ ?" ਉਹ ਦੋਵੇਂ ਇਕੱਠੇ ਬੋਲੇ ਸਨ। ਅੰਦਰ ਉਹ ਐਵੇਂ ਵੜੇ ਜਿਵੇਂ ਘਰ ਦੇ ਈ ਮੈਂਬਰ ਹੋਣ। ਬੱਚੀ ਵੱਲੋਂ 'ਚਾਚਾ ਜੀ' ਕਹਿਣ ਕਰਕੇ ਸਾਨੂੰ ਉਹ ਘਰਦੇ ਮੈਂਬਰ ਈ ਜਾਪੇ। ਪਰ ਉਹ ਗਵਾਂਢੀ ਸਨ, ਇੱਕ ਸਰਦਾਰ ਅਤੇ ਇਕ ਮੋਨਾ। "ਆ ਜੋ ਭਾਅ ਜੀ ਸਾਰੇ ਅੰਦਰ ਈ ਬੈਠੇ ਜੇ, ਪਕੌੜੇ ਛਕੋ।" ਆਖ ਕੇ ਉਹ ਰਸੋਈ 'ਚ ਵੜ ਗੀ'।

ਅਸੀਂ ਉਹਨਾਂ ਵੱਲ ਬੜੀ ਗੌਰ ਨਾਲ਼ ਦੇਖਦੇ ਰਹੇ ਜਿਵੇਂ ਪੰਜਾਬੀ ਦੇਖਦੇ ਹੁੰਦੇ ਨੇ। ਮੇਰੀ ਗਰੀਬ ਦੀ ਨਿਗ੍ਹਾ ਇੱਕ ਹੋਰ ਦ੍ਰਿਸ਼ ਵੀ ਦੇਖ ਰਹੀ ਸੀ। ਨੱਕ ਨੂੰ ਬੇਮਤਲਬ ਛੇੜਨ ਨਾਲ਼ ਜ਼ੁਕਾਮ ਦਾ ਇੱਕ ਪੀਸ ਜਿਆ, ਸਾਹ ਦੀ ਹਵਾ ਨਾਲ਼ ਅੰਦਰ ਬਾਹਰ ਹੋਈ ਜਾਵੇ। ਜੀਅ ਤਾਂ ਕਰੇ, ਬਈ ਕਹਿ ਦੇਵਾਂ, ਪਰ ਡਰਦਾ ਮਾਰਾ ਚੁੱਪ ਰਿਹਾ। ਇਕ ਦੋ ਵਾਰ ਉਸ ਵੱਲ ਦੇਖ ਕੇ ਆਪਣੇ ਨੱਕ ਨੂੰ ਹੱਥ ਜਿਹਾ ਵੀ ਲਾਇਆ, ਪਰ ਮੈਡਮ ਦਾ ਧਿਆਨ ਹੁਣ ਨਵੇਂ ਆਏ ਮਹਿਮਾਨ ਵੱਲ ਸੀ। ਕੁਛ ਉਹ ਮੈਨੂੰ ਇਗਨੋਰ ਕਰ ਰਹੀ ਸੀ, ਜਾਹਲ ਸਮਝ ਕੇ।

ਦੋਵੇਂ ਫੁਟਬਾਲਰ ਡੱਨਲੱਪ ਦੇ ਮੁਲਾਜ਼ਮ ਸਨ। ਗੱਲਾਂ ਚੱਲ ਪਈਆਂ ਕਿ ਇਸ ਵਾਰ ਪੰਜਾਬ ਦੀ ਟੀਮ ਬਹੁਤ ਵਧੀਆ ਆਈ ਹੈ। ਪੁਜੀਸ਼ਨ ਆਉਣ ਦੀ ਪੂਰੀ ਸੰਭਾਵਨਾ ਹੈ। ਘਰ ਦੀ ਮਾਲਕਣ ਨੇ ਸਾਡੇ ਬਾਰੇ ਦੱਸਿਆ। ਪਹਿਲੇ ਦੋਵੇਂ ਮੈਚ ਦੇਖੇ ਹੋਣ ਕਰਕੇ ਉਹਨਾਂ ਨੇ ਝੱਟ ਪਛਾਣ ਲਿਆ। ਜਿਨ੍ਹਾਂ 'ਚ ਮੈਂ ਤੇ ਟੋਨੀ ਬਹੁਤ ਵਧੀਆ ਖੇਡੇ ਅਤੇ ਹੀਰੋ ਟਾਈਪ ਫੀਲਿੰਗ ਲਈ ਸੀ। ਜਦੋਂ ਮੈਚ ਤੋਂ ਬਾਅਦ ਛੋਟੇ-ਛੋਟੇ ਬੱਚੇ ਸਾਡਾ ਆਟੋਗ੍ਰਾਫ ਲੈ ਰਹੇ ਸਨ ਤਾਂ ਆਟੋ ਗ੍ਰਾਫ ਦਿੰਦੇ ਐਨਾ ਚਾਅ ਅਤੇ ਕਾਹਲ਼ ਸੀ ਕਿ ਅੰਗਰੇਜ਼ੀ-ਹਿੰਦੀ ਵੀ ਮਿਕਸ ਕਰੀ ਗਿਆ ਸੀ। ਆਪਣਾ ਈ ਨਾਮ ਨਹੀਂ ਸੀ ਲਿਖ ਹੋਇਆ।

ਜਦੋਂ ਉਹ ਸਾਡੀਆਂ ਗੱਲਾਂ ਕਰਨ ਕਿ, ਇਹ ਦੋਵੇਂ ਬਹੁਤ ਵਧੀਆ ਖੇਡੇ ਤਾਂ ਮੈਡਮ ਥੋੜਾ ਰੰਗ ਅਤੇ ਮੂੰਹ ਵਟਾਉਂਦੀ ਹੋਈ ਬੋਲੀ, "ਹਾਂ ਜੀ, ਮੰਗਾ ਵੀ ਵਧੀਆ ਖੇਡਿਆ ਅਜੇ ਤਾਂ ਅਸੀਂ ਮੇਨ ਪਲੇਅਰਜ਼ ਨੂੰ ਰੈਸਟ ਦੇ ਰੱਖੀ ਸੀ।"

ਉਸ ਤੋਂ ਬਰਦਾਸ਼ਤ ਨ੍ਹੀਂ ਸੀ ਹੋ ਰਹੀ, ਮੇਰੀ ਤਾਰੀਫ਼।

ਬਸ ਜਦੋਂ ਮੇਰੀ ਤਾਰੀਫ਼ ਹੁੰਦੀ ਐ ਤਾਂ ਮੈਨੂੰ ਉਹ ਗੱਲ ਯਾਦ ਆਉਂਦੀ ਐ ਬਾਈ ਹੁਣ ਤਿਆਰ ਹੋ ਜਾਂ ਥੱਲੇ ਗਿਰਨ ਨੂੰ ਕਿਉਂਕਿ ਮੈਂ ਜਦੋਂ ਕਦੇ ਉੱਡਿਆ ਹਾਂ ਤਾਂ ਥੋੜ੍ਹਾ ਸਮਾਂ ਈ ਖੰਭ ਖਿਲਾਰੇ ਗਏ ਨੇ। ਬਹੁਤ ਛੇਤੀ ਮਾੜੇ ਪਤੰਗ ਵਾਂਗੂ ਝੱਪ ਖਾ ਕੇ ਡਿੱਗਦਾ ਹਾਂ। ਪਿਛਲਾ ਇਤਿਹਾਸ ਡਰਾ ਰਿਹਾ ਸੀ। ਵਹਿਮੀ ਤਾਂ ਰੱਤੀ ਭਰ ਵੀ ਨ੍ਹੀਂ, ਪਰ ਇਹ ਮਿੱਥ ਮੈਨੂੰ ਡਰਾ ਕੇ ਰੱਖਦੀ ਐ। ਡਰ ਵੀ ਸੱਚਾ ਸੀ ਕਿ ਮਨਾਂ ਜੇ ਕਿਤੇ ਯੂ.ਪੀ. ਆਲ਼ੇ ਮੈਚ ਦੀ ਗੱਲ ਛਿੜ ਪੀ', ਫੇਰ ਕੀ ਬਣੂ ? ਉਹ ਸਾਲ਼ਾ ਬਿੱਜੂ ਜਿਆ, ਰਿੱਛ ਵਰਗਾ ਬਈਆ, ਮਾੜੀ ਈ ਐਨੀ ਕਰ ਗਿਆ ਸੀ। ਖ਼ੈਰ!

ਹੋਣੀ ਨੂੰ ਜੋ ਮਨਜ਼ੂਰ ਸੀ, ਓਦਣ ਵੀ ਉਹੀ ਹੋਈ।

ਏਸ ਡਰੋਂ ਕਿਤੇ ਹੁਣ ਨਾ ਛਿੜਪਵੇ ਮੈਚ ਦੀ ਗੱਲ। ਮੈਂ ਇੱਕ ਸਕੀਮ ਤਹਿਤ ਓਥੋਂ ਜਾਣ ਦੀ ਸੋਚੀ।

"ਬਹੁਤ ਦੇਰ ਹੋ ਗੀ' ਭਾਅ ਜੀ, ਹੁਣ ਚੱਲੀਏ...।" ਟੋਨੀ, ਮੈਡਮ ਤੇ ਉਸਦਾ ਬੇਟਾ ਵੀ ਮੇਰੇ ਨਾਲ਼ ਈ ਖੜ੍ਹੇ ਹੋ ਗੇ'। ਪਰ ਅੱਧੇ ਕੁ ਈ ਹੋਏ ਸਨ ਕਿ ਬੱਚੀ ਦੇ ਪਿਉ ਨੇ ਫੇਰ ਬੈਠਾ ਤੇ, "ਬੈਠੋ ਭੈਣ ਜੀ, ਚਿੰਤਾ ਕਿਉਂ ਕਰਨ ਡਏ ਓਂ, ਲਾਗੇ ਈ ਹੈ, ਮਹਾਂ ਦਹਾਂ ਕੁ ਮਿੰਟ ਲਗਦੇ ਐ ਜੀ ਕਾਰ 'ਚ, ਹੁਣ ਜਾ ਵੜਨਾ ਆਪਾਂ।"

ਬੱਚੀ ਦੂਜੇ ਕਮਰੇ 'ਚੋਂ ਇੱਕ ਕਾਫ਼ੀ ਪੁਰਾਣੀ ਐਲਬਮ ਲੈ ਆਈ।

ਉਸ ਜੋੜੇ ਨੂੰ ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀ ਹੋਣ ਕਰਕੇ ਬਹੁਤ ਇਨਾਮ ਮਿਲ ਚੁੱਕੇ ਸਨ।

ਐਨੇ ਉੱਚੇ ਪੱਧਰ 'ਤੇ ਪਹੁੰਚ ਕੇ ਵੀ ਉਹਨਾਂ 'ਚ ਭੋਰਾ ਹੰਕਾਰ ਨ੍ਹੀਂ ਸੀ। ਆਪਣੇਪਣ ਦੀ ਮੂਰਤ ਸਨ ਦੋਵੇਂ। ਸਾਦਗੀ ਤਾਂ ਜੇ ਕੋਈ ਫਕੀਰ ਦੇਖ ਲਵੇ ਤਾਂ ਉਹ ਵੀ ਸਾੜੇ 'ਚ ਸੜ ਜੇ'। ਓਦਣ ਲੱਗਿਆ ਕਿ ਕੱਪੜਿਆਂ ਨਾਲੋਂ ਵਿਚਾਰਾਂ ਦੀ ਸਾਦਗੀ ਜ਼ਿਆਦਾ ਪ੍ਰਭਾਵਿਤ ਕਰਦੀ ਹੈ।

ਹੁਣ ਉਹ ਦੋਵੇਂ ਬੰਦੇ ਟੂਰਨਾਮੈਂਟ ਦੀਆਂ ਗੱਲਾਂ ਕਰਨ ਲੱਗ ਪਏ। ਕਹਿੰਦੇ, "ਅੱਜ ਦੇ ਪੰਜਾਬ ਆਲ਼ੇ ਮੈਚ ਦੀਆਂ ਟਿਕਟਾਂ ਤਾਂ ਅਸੀਂ ਖ਼ਰੀਦ ਲਈਆਂ।" ਜਿਹੜਾ ਸਰਦਾਰ ਸੀ ਉੱਚਾ ਲੰਬਾ ਜਿਹਾ ਉਹ ਸੋਫੇ ਤੋਂ ਥੋੜ੍ਹਾ ਉੱਠਿਆ ਅਤੇ ਆਪਣਾ ਪਰਸ ਕੱਢ ਕੇ ਕਮੀਜ ਦੀ ਜੇਬ 'ਚ ਪਾਉਂਦਾ ਹੋਇਆ ਬੋਲਿਆ, "ਉਏ ਮੁੰਡਿਓ ਕੱਲ੍ਹ ਕੀ ਹੋਇਆ ਜੇ... ਪੰਜਾਬ ਨਾਲ਼, ਮੇਰੀ ਘਰਦੀ ਤੇ ਬੇਟੀ ਦੇਖਣ ਗਈਆਂ ਸੀ। ਆਖਣ ਡਈਆਂ ਸੀ, ਮੈਚ ਤੇ ਵਧੀਆ ਖੇਡੇ ਮੁੰਡੇ ਪਰ...।"

ਮੈਨੂੰ ਥੋੜ੍ਹਾ ਗੁੱਸਾ ਤਾਂ ਉਹਦੇ 'ਤੇ ਵੀ ਆਇਆ, ਬਈ ਚੁੱਪ ਨ੍ਹੀਂ ਕਰ ਸਕਦਾ ਸੀ, ਲੱਗਦਾ ਕੀ ਹੋਇਆ ਦਾ। ਉਹਨੇ ਆਪਣੀ ਗੱਲ ਖਤਮ ਕਰਦੇ ਨੇ ਅਖੀਰ 'ਚ 'ਪਰ' ਕਿਹਾ। ਪਿੱਛਲੇ ਅੱਖਰ 'ਰਾਰੇ' ਦੀ 'ਰ' ਵੀ ਨ੍ਹੀਂ ਖ਼ਤਮ ਹੋਣ ਦਿੱਤੀ ਮੈਡਮ ਨੇ। ਮਾਰਿਆ ਜਦੇ ਮੌਕੇ 'ਤੇ ਚੌਕਾ, "ਇਹੋ ਮੰਗਾ, ਉਹ ਰੇਡ ਪਾਉਣ ਵਾਲ਼ਾ।" ਉਹਦੇ ਕਹੇ ਇਨ੍ਹਾਂ ਸ਼ਬਦਾਂ ਨੇ ਮੇਰੇ ਤਾਂ ਜਿਵੇਂ ਜਲਧਾਰਾ ਈ ਕਰਤਾ ਹੋਵੇ, ਸਿਰ 'ਚ ਸੌ ਘੜਾ ਡੋਲ੍ਹ ਕੇ। ਆਪਾਂ ਤਾਂ ਜਮਾਂ ਸੁੰਨ ਹੋ ਗੇ'।

ਉਹ ਆਖਰੀ 'ਰੇਡ' ਇੱਕ ਅਭੁੱਲ ਯਾਦ ਬਣ ਚੁੱਕੀ ਹੈ। ਜਿਹੜੀ ਭੁਲਾਏ ਤੋਂ ਵੀ ਨ੍ਹੀਂ ਭੁੱਲਦੀ।

ਯੂ.ਪੀ. ਦੇ ਸਾਰੇ ਖਿਡਾਰੀ ਆਊਟ ਕਰਤੇ ਸੀ। ਬਸ ਇਕੋ ਬਚਿਆ ਸੀ ਬਿੱਜੂ ਜਿਹਾ। ਇਹ ਪਿਛਲੇ ਸਾਲ ਗੁਲਬਰਗਾ ਵੀ ਖੇਡਿਆ ਸੀ ਯੂ.ਪੀ. ਵੱਲੋਂ। ਓਥੇ ਈ ਮੈਂ ਇਸਦਾ ਬਿੱਜੂ ਨਾਮ ਰੱਖਿਆ ਸੀ।

ਬਿੱਜੂ ਨੂੰ ਕਦੇ ਚਿੜੀਆ ਘਰ 'ਚ ਦੇਖਿਓ, ਜਮਾਂ ਰਿੱਛ ਵਰਗਾ ਹੁੰਦਾ ਹੈ, ਪਰ ਹੁੰਦੈਂ ਰਿਛ ਦੇ ਬਿੱਲਕੁਲ ਉਲਟ। ਰਿਛ ਜਿੱਥੇ ਮਰੇ ਜਾਨਵਰ ਨੂੰ ਨ੍ਹੀਂ ਖਾਂਦਾ, ਉੱਥੇ ਬਿੱਜੂ ਨੂੰ ਸਵਾਦ ਈ ਮਰਿਆ ਤੇ ਸੜਿਆ ਹੋਇਆ ਮਾਸ ਲੱਗਦਾ ਹੈ। ਕਹਿੰਦੇ ਬਿੱਜੂ ਕਬਰ ਪੁੱਟ ਕੇ ਮੁਰਦਾ ਖਾਣ ਦਾ ਸ਼ੌਕੀਨ ਹੁੰਦੈ। ਪਰ ਯੂ.ਪੀ. ਦੇ ਉਸ ਜ਼ੱਤਲ ਜਿਹੇ ਖਿਡਾਰੀ ਦਾ ਨਾਮ, ਤਾਂ ਕਰਕੇ ਰੱਖਿਆ ਸੀ ਕਿ ਉਹ ਰੇਡ ਪਾਉਂਦਾ ਹੋਇਆ ਇੱਕੋ ਜਗ੍ਹਾ ਘੁੰਮੀ ਜਾਂਦਾ ਸੀ। ਬਸ ਉੱਥੇ ਕਿਸੇ ਨੇ ਫੜ ਲਿਆ ਤਾਂ ਭੱਜ ਆਉਂਦਾ, ਨੰਬਰ ਲੈ ਆਉਂਦਾ। ਕਈ ਵਾਰ ਤਾਂ ਬਿਨਾਂ ਹੱਥ ਲਾਏ ਈ ਵਾਪਸ, ਕਈ ਵਾਰ ਰੇਡ ਦਾ ਸਮਾਂ ਪੂਰਾ ਹੋਣ 'ਤੇ ਆਊਟ ਵੀ ਹੋ ਜਾਂਦਾ।

ਸਾਡੇ 'ਚੋਂ ਮੈਨੂੰ ਪਤਾ ਸੀ ਬਈ ਬਿੱਜੂ ਨੂੰ ਚਿੜੀਆ ਘਰ ਆਲ਼ੇ ਜਿੰਨੀ ਮਰਜੀ ਖੁੱਲ੍ਹੀ ਜਗ੍ਹਾ 'ਚ ਰੱਖਣ, ਪਰ ਉਹ ਮੰਜੇ ਜਿੰਨੀ ਥਾਂ 'ਚ ਈ ਲਿਟੀ ਜਾਂਦਾ ਹੈ। ਲਿਟ-ਲਿਟ ਕੇ ਉਹ ਥਾਂ ਨੂੰ ਰੜੀ ਕਰ ਰੱਖਦਾ ਹੈ। ਉਹਦੇ ਵਾਂਗੂੰ ਈ ਉਹ ਕਰਦਾ ਸੀ। ਇਸ ਲਈ ਮੇਰੇ ਪਿੱਛੇ ਲੱਗ ਬਾਕੀ ਵੀ ਉਹਨੂੰ ਬਿੱਜੂ ਕਹਿਣ ਲੱਗ ਪੇ' ਸੀ।

ਪਰ ਕਲਕੱਤੇ ਉਸ ਮੈਚ 'ਚ ਜੋ ਕਾਰਨਾਮਾ ਉਹਨੇ ਕੀਤਾ, ਉਹ ਮੈਂ ਜਾਣਦਾਂ ਜਾਂ ਮੇਰਾ ਰੱਬ। ਬਾਕੀ ਤਾਂ ਕੁਛ ਸਮਾਂ ਪਾ ਕੇ ਭੁੱਲ ਗੇ' ਹੋਣਗੇ, ਪਰ ਮੈਥੋਂ ਨ੍ਹੀਂ ਭੁੱਲਿਆ ਗਿਆ। ਜਦੋਂ ਮੈਂ ਰੇਡ ਪਾਉਣ ਗਿਆ ਤਾਂ ਉਹ 'ਕੱਲਾ ਈ ਸੀ। ਜਦੋਂ ਵਿਰੋਧੀ ਟੀਮ ਦੇ ਪਾੜੇ 'ਚ ਇੱਕ ਖਿਡਾਰੀ ਈ ਬਾਕੀ ਰਹਿ ਜਾਂਦੈ ਤਾਂ ਕਪਤਾਨ ਮੁੱਖ ਰੇਡਰਾਂ ਨੂੰ ਨ੍ਹੀਂ ਭੇਜਦੇ, ਚੌਥੇ-ਪੰਜਵੇਂ ਨੰਬਰ ਦੇ ਖਿਡਾਰੀ ਨੂੰ ਭੇਜ ਦਿੰਦੇ ਨੇ। ਖਾਸ ਕਰਕੇ ਓਦੋਂ ਜਦੋਂ ਨੰਬਰਾਂ ਦਾ ਬਹੁਤ ਫਰਕ ਹੋਵੇ। ਮੈਂ ਤਾਂ ਫੇਰ ਵੀ ਵਧੀਆ ਖੇਡ ਚੁੱਕਿਆ ਸੀ। ਪਿਛਲੇ ਦੋਵੇਂ ਮੈਚ ਤਾਂ ਬਹੁਤ ਈ ਵਧੀਆ।

ਮੈਂ ਰੇਡ ਪਾਉਣ ਤੁਰਿਆ ਤਾਂ ਸਟੇਡੀਅਮ 'ਚ ਰੌਲਾ ਪੈ ਗਿਆ। ਜੋਰ-ਜੋਰ ਦੀ ਹੂਟਿੰਗ ਸ਼ੁਰੂ ਹੋ ਗੀ'। ਮੈਨੂੰ ਸੀ ਕਿ ਮੇਰੇ ਹੱਕ 'ਚ ਰੌਲ਼ਾ ਪਾ ਰਹੇ ਨੇ ਪਰ ਕਹਾਣੀ ਕੁਛ ਹੋਰ ਈ ਨਿੱਕਲ਼ੀ। ਉਹ ਇਹ ਕਾਰਨਾਮਾ ਪਹਿਲਾਂ ਆਲ਼ੇ ਮੈਚ 'ਚ ਵੀ ਕਰ ਚੁੱਕਿਆ ਸੀ। ਲੋਕਾਂ ਨੂੰ ਉਮੀਦ ਸੀ ਕਿ ਹੁਣ ਫੇਰ ਵਰਤਾਊ ਉਹੀ ਭਾਣਾ, ਜਿਸ ਭਾਣੇ ਨੇ ਮੈਨੂੰ ਸਭ ਖਬਰਾਂ ਭੁਲਾਤੀਆਂ ਸਨ। ਜੇ ਉਸ ਦਾ ਪਹਿਲਾਂ ਵਾਲ਼ਾ ਮੈਚ ਅਸੀਂ ਵੀ ਦੇਖਿਆ ਹੁੰਦਾ ਤਾਂ ਵੀ ਪਤਾ ਲੱਗ ਜਾਂਦਾ।

ਜਿਉਂ-ਜਿਉਂ ਮੈਂ ਉਸ ਵੱਲ ਵਧਿਆ ਜਾਵਾਂ... ਉਹ ਮੇਰੇ ਵੱਲ ਨੂੰ ਤੁਰੇ... ਬਿੱਜੂ ਜਿਹਾ ਬਣ ਕੇ। ਹੁਣ ਹੂਟਿੰਗ ਬੰਦ ਹੋ ਗੀ' ਸੀ। ਮੈਂ ਆਪਣੀ ਜਿੱਤ ਯਕੀਨੀ ਸਮਝ, ਤਿੰਨ ਚਾਰ ਥਾਪੀਆਂ ਮਾਰੀਆਂ ਪੱਟ ਉੱਤੇ। ਪੱਟ ਵੀ ਲਾਲ, ਜੀਹਦੇ ਉੱਤੇ ਨੂੰ ਥਾਪੀ ਮਾਰੀ, ਉਹਦੀ ਜਰਸੀ ਵੀ ਲਾਲ। ਮੈਂ ਵੀ ਬੱਕ ਲਾਈਨ ਕੋਲ਼ ਪੁੱਜ ਗਿਆ ਅਤੇ ਉਹ ਵੀ ਮੇਰੇ ਵੱਲ ਵਧਿਆ। ਉਹਨੇ ਆਏਂ ਦਿਖਾਵਾ ਕਰਿਆ ਜਿਵੇਂ ਸਾਰੇ ਜਣੇਂ ਕਰਦੇ ਹੁੰਦੇ ਨੇ। ਨਵੇਂ ਸਿਰੇ ਤੋਂ ਕੋਸ਼ਿਸ਼ ਕਰਨ ਨੂੰ ਪਹਿਲ ਦਿੰਦੇ ਨੇ, ਆਲ-ਆਊਟ (ਲੋਨੇ) ਤੋਂ ਬਾਅਦ ਸਾਰੇ ਵਿੱਚ ਆ ਜਾਂਦੇ ਹਨ। ਆਪਣਾ ਸੱਜਾ ਹੱਥ ਮੇਰੇ ਵੱਲ ਨੂੰ ਵਧਾਇਆ ਅਤੇ ਸਾਊ ਜਿਹਾ ਬਣ ਕੇ ਮੂੰਹ ਪਿੱਛੇ ਨੂੰ ਘੁਮਾ ਲਿਆ। ਮੈਨੂੰ ਲੱਗਿਆ ਉਹਨੇ ਹਾਰ ਮੰਨ ਲਈ ਹੈ।

ਅਕਸਰ ਜਦੋਂ ਵਿਰੋਧੀ ਖਿਡਾਰੀ 'ਕੱਲਾ ਰਹਿ ਜਾਂਦੈ, ਓਦੋਂ ਨੰਬਰ ਘੱਟ ਹੋਣ ਕਰਕੇ ਐਵੇਂ ਈ ਕਰਦੇ ਹਨ। ਮੈਂ ਮੂਰਖ ਨੇ ਵੀ ਉਹਦੇ ਵੱਲ ਪਿੱਠ ਕਰਲੀ। ਬਸ ਫੇਰ ਐਨੀ ਜੋਰ ਦੀ ਰੌਲ਼ੇ ਦਾ ਤੂਫ਼ਾਨ ਆਇਆ, ਜੋ ਪਹਿਲਾਂ ਸੰਨਾਟਾ ਜਿਆ ਛਾ ਗਿਆ ਸੀ, ਜਿਵੇਂ ਸੱਚੀਂ ਦੇ ਤੂਫ਼ਾਨ ਤੋਂ ਪਹਿਲਾਂ ਹੁੰਦੈ। ਮੈਨੂੰ ਦੁਨੀਆਂ ਪੁੱਠੀ-ਪੁੱਠੀ ਦਿਖੇ। ਉਹਨੇ ਪਤੰਦਰ ਨੇ ਜਦੋਂ ਹੱਥ ਨੂੰ ਹੱਥ ਲਾ ਕੇ ਮੂੰਹ ਪਿੱਛੇ ਨੂੰ ਘੁਮਾਇਆ ਤਾਂ ਆਪਣੇ ਪੈਂਤੜੇ ਨੂੰ ਅੰਜਾਮ ਦਿੰਦੇ ਮੇਰੇ ਚੱਢਿਆਂ 'ਚ ਹੱਥ ਪਾ ਕੇ ਸਿਰ ਥੱਲੇ ਅਤੇ ਲੱਤਾਂ ਉਪਰ ਨੂੰ ਕਰਤੀਆਂ, ਜਿਵੇਂ ਅੜਾ-ਥੋੜ ਗੱਡਿਆ ਹੋਵੇ।

ਮੈਨੂੰ ਲੱਗਦੈ, ਉਸ ਨੂੰ ਦੋ ਸੈਕਿੰਡ ਤੋਂ ਵੀ ਘੱਟ ਲੱਗਿਆ ਹੋਊ, ਤਿੰਨ ਮੈਚਾਂ ਦੇ ਹੀਰੋ ਨੂੰ ਜ਼ੀਰੋ ਕਰਨ ਲੱਗਿਆਂ। ਮੇਰੀ ਗਰਦਨ ਮੁਚੀ ਪਈ ਸੀ। ਖੱਬੀ ਗੱਲ੍ਹ ਤੇ ਖੱਬੀ ਅੱਖ ਬੱਕ ਲਾਈਨ ਆਲ਼ੀ ਕਲੀ (ਚੂਨੇ) ਉੱਤੇ ਟਿਕੀਆਂ ਪਈਆਂ ਸਨ। ਅੱਖ 'ਚ ਕਲੀ ਨੇ ਘਮਸਾਣ ਮਚਾਇਆ ਪਿਆ। ਸਟੇਡੀਅਮ 'ਚ ਲੋਕਾਂ ਨੇ ਰੌਲ਼ਾ ਪਾਇਆ ਪਿਆ। ਅਸਮਾਨ ਸਿਰ 'ਤੇ ਚੱਕ ਰੱਖਿਆ ਸੀ। ਸਾਲ਼ੇ ਪਕਰੋੜ ਜਿਹੇ ਨੇ ਮੈਨੂੰ ਪੱਟਾਂ ਤੋਂ ਜੱਫੀ 'ਚ ਜਕੜ ਲਿਆ ਅਤੇ ਢੂੰਹੀ ਆਲ਼ੇ ਪਾਸੇ ਨੂੰ ਮਰੋੜਤਾ। ਕੰਗਰੋੜ ਦੇ ਐਨ ਵਿਚਾਲ਼ਿਓਂ ਕੜੱਕ-ਕੜੱਕ ਜਿਹੀ ਹੋਈ। ਜੋ ਹੁਣ ਤੱਕ ਜੇ ਅੰਗੜਾਈ ਵੀ ਲੈਨਾਂ ਤਾਂ ਵੀ ਦੁਖਦੀ ਹੈ।

ਹੁਣ ਪਤਾ ਨ੍ਹੀਂ ਤਾਂ ਹੂਟਿੰਗ ਬੰਦ ਹੋ ਗਈ ਸੀ ਪਤਾ ਨ੍ਹੀਂ ਸੁਣਨ ਸ਼ਕਤੀ ਤੋਂ ਵਧੇਰੇ ਹੋਣ ਲੱਗ ਪੀ' ਸੀ। ਮੈਨੂੰ ਤਾਂ ਸੌਣ ਦੇ ਮੀਂਹ ਤੋਂ ਬਾਅਦ ਜਿਹੜੇ ਬੀਂਡੇ ਜਿਹੇ ਬੋਲਦੇ ਹੁੰਦੇ ਨੇ ਉਵੇਂ ਜਿਆ ਸੁਣ ਰਿਹਾ ਸੀ। ਬਾਅਦ 'ਚ ਦੱਸਿਆ ਸ਼ੌਕੀ ਹੋਰਾਂ ਨੇ ਬਈ, ਦਰਸ਼ਕ ਖੜ੍ਹੇ ਹੋ ਗਏ ਸੀ ਕੂਕ ਰੌਲ਼ੀ ਪਾਉਂਦੇ ਹੋਏ। ਰੈਫਰੀ ਨੇ ਵਿਸਲਾਂ ਵੀ ਮਾਰਤੀਆਂ, ਰੇਡਰ ਆਊਟ ਕਹਿਕੇ, ਪਰ ਉਹ ਸੁਣ ਨ੍ਹੀਂ ਸੀ ਰਿਹਾ। ਜਿਵੇਂ ਉਹ ਕੌਡੀ ਨਾ ਖੇਡ ਰਿਹਾ ਹੋਵੇ, ਕੋਈ ਬਦਲਾ ਲੈ ਰਿਹਾ ਹੋਵੇ, ਪਿੱਛਲੇ ਜਨਮ ਦਾ। ਉਹਨੇ ਮੈਨੂੰ ਪੱਟਾਂ ਤੋਂ ਉਪਰ ਨੂੰ ਚੱਕ ਕੇ ਕਰੀਬ ਇੱਕ-ਡੇਢ ਫੁੱਟ ਤੋਂ ਫੇਰ ਮਾਰਿਆ ਧਰਤੀ ਉੱਤੇ ਜ਼ੋਰ ਨਾਲ਼। ਇੱਕ ਵਾਰ ਫੇਰ ਢੂੰਹੀ 'ਚੋਂ ਕੁਛ ਟੁੱਟਣ ਦੀ ਅਵਾਜ਼ ਆਈ। ਪਰ ਜੋ ਬੀਂਡੇ ਬੋਲਣ ਦੀ ਅਵਾਜ਼ ਸੀ ਹੁਣ ਉਹ ਬੰਦ ਹੋ ਗੀ' ਸੀ। ਜਿਵੇਂ ਸਭ ਕੁੱਛ ਰੁਕ ਗਿਆ ਹੋਵੇ। ਲੋਕਾਂ ਨੇ ਆਪਣੇ ਅੱਪਰ-ਪੋਰਸ਼ਨ ਉਤਾਰ ਕੇ ਉੱਪਰ ਨੂੰ ਉਛਾਲਤੇ, ਜਿਵੇਂ ਕਨਵੋਕੇਸ਼ਨ ਸਮੇਂ ਅੰਗਰੇਜ਼ਾਂ ਦੇ ਬੱਚੇ ਹੈਟ ਜਿਹੇ ਉਛਾਲਦੇ ਨੇ। ਬਹੁਤ ਜ਼ਿਆਦਾ ਬੁਰਾ ਹਾਲ ਕਰਤਾ ਸੀ। ਗੌਰ ਕਰਨ ਵਾਲ਼ੀ ਗੱਲ ਹੈ ਕਿ ਜਿਸ ਬਿੱਜੂ ਨੇ ਮੇਰੇ ਵਾਜੇ ਵਜਾਏ ਸੀ, ਚਾਰ ਸਾਲ ਬਾਅਦ ਉਹ ਅਰਜਨ ਐਵਾਰਡ ਨਾਲ਼ ਸਨਮਾਨਿਆ ਗਿਆ।

ਇਸ ਇਤਿਹਾਸਕ ਰੇਡ ਨੂੰ ਮੈਂ ਨ੍ਹੀਂ ਕਦੇ ਓਨਾ ਵਧੀਆ ਦੱਸ ਸਕਿਆ ਜਿੰਨਾਂ ਵਧੀਆ ਉਸ ਦਿਨ ਕਲਕੱਤੇ ਮੈਡਮ ਨੇ ਦੱਸਿਆ ਸੀ, ਮੇਰੇ ਪ੍ਰਤੀ ਆਪਣੀ ਨਰਾਜ਼ਗੀ ਜਾਹਰ ਕਰਦੀ ਨੇ। ਜਿਵੇਂ ਫਿਲਮ ਈ ਚਲਾਤੀ ਹੋਵੇ ਅੱਖਾਂ ਮੂਹਰੇ। ਉਹ ਐਨੇ ਸਵਾਦ 'ਚ ਗੱਲ ਦੱਸ ਰਹੀ ਸੀ ਕਿ ਉਹਨੂੰ ਪਤਾ ਈ ਨ੍ਹੀਂ ਚੱਲ ਰਿਹਾ ਸੀ ਕਿ ਅਸੀਂ ਹੁਣ ਲੇਟ ਹੋ ਰਹੇ ਆਂ। ਜਿਹੜੀ ਪਹਿਲਾਂ ਕਈ ਵਾਰ ਕਹਿ ਚੁੱਕੀ ਸੀ ਓਥੋਂ ਜਾਣ ਬਾਰੇ।

ਫੇਰ ਉਹਨੇ ਮੇਰੇ ਮੋਢੇ 'ਤੇ ਪੋਲਾ ਜਿਆ ਹੱਥ ਲਾ ਕੇ ਵੈੱਲ ਪਲੇਅਡ ਕਿਹਾ। ਉਸਦੀ ਵਿਅੰਗਮਈ ਤਰੀਫ ਬੜੀ ਚੁਭੀ। ਬਸ ਉਸੇ ਸਮੇਂ ਖਾ ਲਈ ਕਸਮ ਕਿ ਇਹਨਾਂ ਮਾਂ-ਪੁੱਤ 'ਚੋਂ ਇੱਕ ਨੂੰ ਤਾਂ ਸਬਕ ਜ਼ਰੂਰ ਸਿਖਾਉਣੈ। ਬੇਟਾ ਸਾਊ ਸੀ ਸੋ ਟਾਰਗਟ ਮੈਡਮ ਹੀ ਰਹੀ।



ਰੂਹਾਨੀ ਪਿਆਰ ਅਤੇ ਬਦਲਾ

ਕਲਕੱਤੇ ਇਸ ਵੈੱਲ-ਪਲੇਅਡ ਸ਼ਬਦ ਨੇ ਤਾਂ ਕੰਨ ਪਕਾ ਛੱਡੇ ਸਨ। ਰਾਜਸਥਾਨ, ਉੜੀਸਾ ਅਤੇ ਕੇਰਲਾ ਦੀਆਂ ਕੁੜੀਆਂ ਨੂੰ ਤਾਂ ਜਿਵੇਂ ਖੇਡ ਈ ਥਿਆ ਗਈ ਹੋਵੇ। ਜਿੱਥੇ ਟੱਕਰਿਆ ਕਰਨ ਮੱਲਕ ਦੇਣੇ 'ਵੈੱਲ-ਪਲੇਡ' ਆਖ ਅੰਗੂਠਾ ਖੜ੍ਹਾ ਕਰ ਹੱਸ ਪੈਂਦੀਆਂ। ਕਈ ਤਾਂ ਅਗੂੰਠੇ ਦੇ ਨਾਲ਼ ਅੱਖ ਵੀ ਦੱਬ ਦਿੰਦੀਆਂ ਸਨ, ਠਿੱਠ ਕਰਨ ਲਈ।

ਇਹ ਵੀ ਨ੍ਹੀਂ ਸੀ ਕਿ ਉੱਥੇ ਸਾਰੇ ਈ ਮਜ਼ਾਕ ਉਡਾਉਂਦੇ ਸੀ। ਕੇਰਲਾ ਦੀ ਕੋਚ, ਉਸਦੀ ਬੇਟੀ ਵਰਗੇ ਵੀ ਕਈ ਸਨ, ਜੋ ਹੌਸਲਾ ਦਿੰਦੇ ਰਹੇ। ਕੇਰਲਾ ਆਲ਼ੀਆਂ ਮਾਵਾਂ ਧੀਆਂ ਤਾਂ ਬਹੁਤ ਨੇਕ ਦਿਲ ਸਨ। ਉਸ ਕੋਚ ਮੈਡਮ ਨੇ ਮੱਲ੍ਹੀ ਸਰ ਕੋਲ਼ ਵੀ ਮੇਰੀ ਤਾਰੀਫ ਕੀਤੀ ਸੀ ਕਿਉਂਕਿ ਉਸ ਰੇਡ ਨੂੰ ਛੱਡ ਕੇ ਮੇਰਾ ਬਾਕੀ ਟੂਰਨਾਮੈਂਟ ਬਹੁਤ ਵਧੀਆ ਰਿਹਾ ਸੀ।

ਕਲੋਜ਼ਿੰਗ ਸੈਰਾਮਨੀ ਆਲ਼ੀ ਰਾਤ ਉੱਥੇ ਕਈ ਗਾਇਕ ਆਏ ਹੋਏ। ਸ਼ਾਇਦ ਥੋੜ੍ਹੀ ਦੂਰ ਪਾਰਕ 'ਚ ਕਲਕੱਤਾ ਕਰਾਫਟ ਲੱਗਿਆ ਹੋਣ ਕਰਕੇ। ਸਟੇਜ਼ ਉੱਤੇ ਹਿੰਦੀ ਫਿਲਮਾਂ ਦੀ ਪਲੇ-ਬੈਕ ਸਿੰਗਰ, ਅਲਕਾ ਯਾਗਨਿਕ ਵੀ ਬੈਠੀ ਸੀ ਚਿੱਟੇ ਫਰਾਕ ਸੂਟ 'ਚ...। ਪਰ ਓਦੋਂ ਉਹ ਐਨੀ ਮਸਹੂਰ ਨ੍ਹੀਂ ਸੀ ਹੋਈ। ਸ਼ਾਇਦ ਕਿਸੇ ਨਾਲ਼ ਆਈ ਹੋਣੀ। ਉਸਤੋਂ ਬਾਅਦ ਉਹਨੇ ਕਰਾਫਟ ਮੇਲੇ 'ਚ ਜਾਣਾ ਸੀ।

ਬਿੱਲਕੁਲ ਉਸ ਕੁੜੀ ਘੁੜਘੁੱਲੋ ਵਰਗੀ ਸੀ ਉਹ। ਜੋ ਸਾਡੇ ਸਕੂਲ ਦੇ ਮੂਹਰਿੰਓ ਆਪਣੇ ਛੋਟੇ ਭਰਾ ਨਾਲ਼ ਜਾਂਦੀ ਹੁੰਦੀ ਸੀ। ਮੋਟੋ ਜਿਹੀ, ਫਰਾਕ ਕਮੀਜ਼ ਆਲ਼ੀ ਵਰਦੀ 'ਚ....। ਉਹਨੂੰ ਦੇਖ ਕੇ ਮੈਨੂੰ ਬਹੁਤ ਵਧੀਆ ਲੱਗਦਾ ਸੀ। ਮੈਂ ਲੜ ਈ ਪੈਂਦਾ ਸੀ ਜੇ ਕੋਈ ਉਹਨਾਂ ਭੈਣ-ਭਰਾਵਾਂ ਬਾਰੇ ਪੁੱਠੀ ਸਿੱਧੀ ਗੱਲ ਕਰਦਾ।

ਕੇਰਾਂ ਮੈਂ ਉਹਦੇ ਕਰਕੇ ਤਾਰੇ ਦੇ ਪੈਰ 'ਤੇ ਸਾਬਤੀ ਇੱਟ ਮਾਰੀ ਸੀ। ਤਾਰਾ ਬਹੁਤ ਮਸ਼ਕਰੀਆ ਸੀ। ਸਾਲ਼ਾ ਕਹਿੰਦਾ, "ਮੰਗੋ ਇਹਦੀਆਂ ਪਿੰਜਣੀਆਂ ਦੇਖ, ਕਿੰਨੀਆਂ ਮੋਟੀਆਂ-ਮੋਟੀਆਂ ਨੇ ਗੋਰੀਆਂ ਵੀ.....।" ਜਿਵੇਂ ਉਹਨੇ ਕਿਹਾ ਸੀ ਲਲਚਾਂਈਆਂ ਅੱਖਾਂ ਨਾਲ਼, ਮੈਂ ਮੱਚ ਗਿਆ ਸੀ। ਮੈਨੂੰ ਉਹ ਲੁੱਚਾ ਜਿਹਾ ਲੱਗਿਆ। ਉਹਨਾਂ ਵਰਗਾ ਜਿਹੜੇ ਫਿਲਮਾਂ 'ਚ ਕੱਪੜੇ ਧੋਂਦੀ ਔਰਤ ਨੂੰ ਦੇਖਕੇ ਬੁੱਲ੍ਹਾਂ 'ਤੇ ਜੀਭ ਜਿਹੀ ਫੇਰਦੇ ਹੁੰਦੇ ਨੇ।

ਤੀਜੇ ਦਿਨ ਜਦੋਂ ਸਕੂਲ ਆਇਆ ਤਾਂ ਲੰਗ ਮਾਰਦਾ ਆਵੇ। ਮੈਨੂੰ ਕਹਿੰਦਾ, "ਉਏ ਆਏਂ ਤਾਂ ਦੱਸ, ਮੈਂ ਐਡਾ ਕੀ ਕਹਿਤਾ ਤੀ ?.... ਜਿਹੜੀ ਇੱਟ ਜੜਤੀ ਲੈਂਦੇ ਨੇ ਈ ! ਸਾਲ਼ਿਆ ਨਾਲ਼ੇ ਤੇਰੀ ਕਿਹੜੀ ਉਹ ਭੂਆ ਦੀ ਕੁੜੀ ਐ।" ਕਿਹਾ ਉਹਨੇ ਓਦਣ ਵੀ ਛੇੜਖਾਨੀ ਦੇ ਮੂੜ੍ਹ 'ਚ ਸੀ ਮੈਨੂੰ ਖਿਝਾਉਣ ਲਈ।

"ਭੂਆ ਦੀ ਹੋਊ ਤੇਰੀ। ਮੇਰੀ ਤਾਂ ਉਹ.....।" ਮੈਥੋਂ ਕਾਹਲ਼ੀ 'ਚ ਨਿੱਕਲ਼ ਗਿਆ, ਫੇਰ ਮੈਂ ਮਸਾਂ ਗੱਲ ਬਦਲੀ ਲੇਲੇ-ਪੋਚੇ ਕਰਕੇ।

ਮੈਨੂੰ ਪਤਾ ਨ੍ਹੀਂ ਕਿਉਂ ਓਦਣ ਕਲਕੱਤੇ ਉਹ ਸਿੰਗਰ ਵੀ ਬਹੁਤ ਪਿਆਰੀ ਲੱਗੀ

ਜਾਵੇ। ਜਿਵੇਂ ਮੈਂ ਉਹਨੂੰ ਤੇ ਉਹ ਮੈਨੂੰ ਚੰਗੀ ਤਰਾਂ ਜਾਣਦੇ ਹੋਈਏ। ਕਈ ਵਾਰ ਤਾਂ ਜਦੀ ਐਵੇਂ ਲੱਗੇ ਜਿਵੇਂ ਉਹ ਮੈਨੂੰ ਈ ਦੇਖ ਮੁਸਕਰਾ ਰਹੀ ਐ, ਮੋਟੀਆਂ-ਮੋਟੀਆਂ ਗੱਲ੍ਹਾਂ 'ਚੋਂ ....। ਬੜਾ ਜੀਅ ਕਰੇ ਉਹਦੀਆਂ ਗੱਲ੍ਹਾਂ ਫੜ ਲਵਾਂ ਹਥੇਲੀਆਂ ਨਾਲ, ਜਿਵੇਂ ਗੁਗਲੂ ਜੇ ਬੱਚੇ ਨੂੰ ਪਿਆਰ ਕਰਦੇ ਹੁੰਦੇ ਨੇ। ਬਹੁਤ ਖੁਸ਼ ਸੀ ਮੈਂ ਉਹਨੂੰ ਹੱਸਦੀ ਦੇਖ। ਪਰ ਉਹ ਖੁਸ਼ੀ ਥੋੜ੍ਹਾ ਚਿਰ ਦੀ ਸੀ। ਫੇਰ ਉਹ ਜਲਦੀ ਉੱਠ ਕੇ ਚਲੀ ਗਈ। ਕਈ ਬੱਚਿਆਂ ਨੇ ਉਹਦੇ ਨਾਲ਼ ਦੇ ਬੰਗਾਲੀ ਸਿੰਗਰ ਤੋਂ ਆਟੋਗ੍ਰਾਫ ਵੀ ਲਏ। ਪਰ ਉਸਤੋਂ ਤਾਂ ਟਾਂਵੇਂ-ਟੱਲੇ ਨੇ ਈ ਲਿਆ ਸੀ।

ਮੈਂ ਟੋਨੀ ਨੂੰ ਕਿਹਾ, "ਚੱਲ ਆਪਾਂ ਵੀ ਲੈ ਆਈਏ ਦਸਤਖ਼ਤ।" ਉਹ ਅੱਗੋਂ ਫੂਕ ਛਕੀ ਬੈਠਾ।

ਕਹਿੰਦਾ, "ਸਾਲ਼ਿਆ ਐਤਕੀਂ ਤਾਂ ਆਪਾਂ, ਬੱਚਿਆਂ ਨੂੰ ਦਿੱਤੇ ਈ ਆਟੋਗ੍ਰਾਫ..... ਚੁੱਪ ਕਰਕੇ ਬੈਹ ਜਾ। ਕਿਉਂ ਬੱਚਿਆਂ ਵਾਂਗੂ ਕਮਲ਼ੀਆਂ ਮਾਰਨ ਡਿਐਂ।" ਬਥੇਰਾ ਮਨਾਇਆ ਪਰ ਉਹ ਟਸ ਤੋਂ ਮਸ ਨਾ ਹੋਇਆ। ਕਹਿੰਦਾ, "ਤੂੰ ਕਦੋਂ ਹਿੰਦੀ-ਬੰਗਾਲੀ ਗਾਣੇ ਸੁਣਦਾ ਸੇਂ, ਵੱਡਾ ਮੁਹੰਮਦ ਰਫ਼ੀ।"

ਪਰ ਮੈਂ ਜ਼ਿੱਦ ਨਾ ਛੱਡੀ ਮੈਨੂੰ ਕਿਸੇ ਤੋਂ ਮਾੜਾ ਜਿਹਾ ਪਤਾ ਚੱਲ ਗਿਆ ਸੀ, ਬਈ ਉਸ ਕੁੜੀ ਨੇ ਵੀ ਉੱਥੇ ਕਰਾਫਟ ਮੇਲੇ 'ਚ ਗਾਉਣੈ। ਮੈਂ ਟੋਨੀ ਦੇ ਹਾੜੇ ਕੱਢੀ ਜਾਵਾਂ, "ਵੀਰਾ ਬਣ ਕੇ ਚੱਲ ਇੱਕ ਗੀਤ ਸੁਣ ਕੇ ਆਜਾਂਗੇ।" ਮੈਨੂੰ ਇਹ ਸੀ ਬਈ ਜੇ ਮੌਕਾ ਲੱਗ ਗਿਆ ਤਾਂ ਆਟੋਗ੍ਰਾਫ ਲੈ ਲਵਾਂਗੇ। ਨਹੀਂ ਦੇਖ ਤਾਂ ਲਵਾਂਗੇ ਈ ਸੰਵਾਰ ਕੇ। ਟੋਨੀ ਸ਼ਹਿਰੀ ਹੋਣ ਕਰਕੇ ਥੋੜ੍ਹਾ ਚਲਾਕ ਸੀ। ਸਾਨੂੰ ਤਾਂ ਓਦੋਂ ਪਿਆਰ ਸ਼ਬਦ ਸੁਣ ਕੇ ਈ ਸੰਗ ਲੱਗਣ ਲੱਗਦੀ।

"ਮੰਗੋ, ਲੱਗਦਾ ਕੰਮ ਖਰਾਬ ਹੋਣ ਡਿਆ, ਤੁਹੀਂ ਪਟਿਆਲ਼ੀਓ, ਛੁਪੇ ਰੁਸਤਮ ਹੁੰਦੇ ਜੇ। ਪਿਆਰ ਹੋ ਗਿਆ ਸਿੰਗਰ ਨਾਲ਼, ਹੈ-ਹੈ...।" ਫੇਰ ਉਹ ਦੋ-ਤਿੰਨ ਵਾਰੀ ਭਰਵੱਟੇ ਸਿੰ ਉਤਾਹਾਂ-ਠਾਹਾਂ ਕਰਕੇ ਕਹਿੰਦਾ, "ਤੂੰ ਕਦੋਂ ਜਾਣਦਾ ਈ ਇਹਨੂੰ? ਜਿਹੜਾ ਫੈਨ ਹੋ ਗਿਆ ਈ।" ਫੈਨ ਸ਼ਬਦ ਉਸ ਦਿਨ ਪਹਿਲੀ ਬਾਰ ਸੁਣਿਆ ਸੀ। ਮੈਂ ਉਹਨੂੰ ਫੇਰ ਉਸ ਫਰਾਕ ਆਲ਼ੀ ਕੁੜੀ ਬਾਰੇ ਦੱਸਿਆ, ਬਈ ਉਹ ਆਪਣੇ ਭਰਾ ਨਾਲ਼ ਸਾਡੇ ਸਕੂਲ ਮੂਹਰੋਂ ਦੀ ਲੰਘਦੀ ਐ। ਭਾਦਸੋਂ ਅੰਗਰੇਜ਼ੀ ਮੀਡੀਅਮ 'ਚ ਪੜ੍ਹਦੇ ਨੇ ਦੋਵੇਂ ਭੈਣ-ਭਰਾ। ਤੇ ਇਹ ਸਿੰਗਰ (ਅਲਕਾ ਯਾਗਨਿਕ) ਜਮਾਂ ਉਹਦੇ ਵਰਗੀ ਐ।

"ਉਹ ਤੇਰੀ ਭੈਣ ਦੀ, ਐਹ ਗੱਲ ਏ।" ਟੋਨੀ ਜਿਵੇਂ ਕਿਸੇ ਸਿੱਟੇ 'ਤੇ ਪਹੁੰਚ ਗਿਆ ਹੋਵੇ।

"ਚੱਲ ਉੱਠ ਹੁਣ ਜਾ ਵੜਦੇ ਆਂ ਮਰਾਂ ਬੀਹ-ਪੰਜੀ ਮਿੰਟਾਂ ਦਾ ਰਸਤਾ ਹੋਣਾ, ਕਹਿੰਦੇ ਲਾਗੇ ਈ ਹੈਗਾ।" ਅਸੀਂ ਅੱਖ ਬਚਾ ਕੇ ਨਿੱਕਲ਼ ਚੱਲੇ ਸਟੇਡੀਅਮ 'ਚੋਂ...। ਸਾਹਮਣੇ ਮੱਲ੍ਹੀ ਸਰ ਅਤੇ ਉਹ ਮੈਡਮ ਖੜ੍ਹੇ, "ਕਿੱਧਰ ਨੂੰ?" ਉਹਨਾਂ ਨੇ ਪੁੱਛਿਆ। "ਬਸ ਐਥੇ ਈ ਕੋਚ ਸਾਹਬ।" ਮੈਂ ਜਵਾਬ ਦਿੱਤਾ ਨੀਵੀਂ ਪਾ ਕੇ, ਮੈਂ ਪੂਰੀ ਗੱਲ ਨ੍ਹੀਂ ਦੱਸਣਾ ਚਾਹੁੰਦਾ ਸੀ।

ਟੋਨੀ ਚੁੱਪ ਈ ਰਿਹਾ। ਪਰ ਅਸੀਂ ਦਸ ਕੁ ਕਰਮਾਂ ਪੁੱਟੀਆਂ ਕਿ ਸਾਡਾ ਕੰਮ ਪੱਟਿਆ ਗਿਆ। ਮੱਲ੍ਹੀ ਸਰ ਨੇ ਵਾਪਸ ਬੁਲਾ ਲਿਆ। ਕਹਿੰਦੇ, "ਪ੍ਰਾਈਜ਼ ਲੈ ਲਵੋ ਪਹਿਲਾਂ, ਡਿਸਟੀ ਬੀਊਸ਼ਨ ਸ਼ੁਰੂ ਹੋਣ ਲੱਗਿਐ।"

ਬਹੁਤ ਔਖਾ ਹੋਇਆ ਮੈਂ, ਇੱਕ ਚੜ੍ਹੇ ਇੱਕ ਉੱਤਰੇ। ਮੈਨੂੰ ਹਾਕ ਤਾਂ ਕੋਚ ਸਾਹਬ ਨੇ ਮਾਰੀ, ਪਰ ਬੁਰੀ ਉਹ ਮੈਡਮ ਲੱਗੀ। ਜਿਵੇਂ ਉਹਨੇ ਭਾਨੀ ਮਾਰੀ ਹੋਵੇ। ਉਸ ਤੋਂ ਪਹਿਲਾਂ ਨ੍ਹੀਂ ਸੀ ਕਿਸੇ 'ਤੇ ਐਨਾ ਭੈੜਾ ਗੁੱਸਾ ਆਇਆ। ਮੇਰੀਆਂ ਪੁੜ ਪੁੜੀਆਂ ਟਸ-ਟਸ ਕਰਨ ਲੱਗ ਪਈਆਂ। ਬਸ ਬੇਬਸੀ ਸੀ.... ਜੀ ਤਾਂ ਕਰੇ ਕੰਨ 'ਤੇ ਮਾਰਾਂ ਮੈਡਮ ਦੇ।

"ਚਲੋ ਫੇਰ ਤੁਹਾਨੂੰ ਕਰਾਫਟ ਮੇਲਾ ਦਿਖਾਵਾਂਗੇ। ਅੱਜ ਰਾਤ ਖਰੀਦ ਲਿਓ ਕੁਛ ਨਾਲ਼ੇ ਦੇਖ ਲਿਓ, ਬਹੁਤ ਵੱਡਾ ਐ।" ਕੋਚ ਸਾਹਬ ਦੇ ਇਨ੍ਹਾਂ ਬੋਲਾਂ ਨੇ ਜਿਵੇਂ ਪੁੜ-ਪੁੜੀਆਂ 'ਚ ਤੇਲ ਝੱਸਿਆ ਸੀ। ਅਸੀਂ ਹੁਣ ਵਾਪਸ ਸਟੇਡੀਅਮ 'ਚ ਸੀ। ਉੱਥੇ ਹੁਣ ਵਧੀਆ ਵੀ ਲੱਗ ਰਿਹਾ ਸੀ, ਤੇ ਕਾਹਲ਼ੀ ਵੀ ਸੀ। ਇੱਕ ਚਾਅ ਜਿਆ ਵੀ ਚੜ੍ਹ ਰਿਹਾ ਸੀ। ਹੋਰ ਤਾਂ ਹੋਰ ਉਹ ਬਿੱਜੂ ਜਿਆ ਕੋਲ਼ ਦੀ ਲੰਘਿਆ ਤਾਂ ਮੈਂ ਪਤਾ ਨ੍ਹੀਂ ਕਿਵੇਂ ਉਲਾਰ 'ਚ ਆ ਕੇ ਉਹਨੂੰ ਜੱਫੀ ਜਿਹੀ ਪਾ ਲਈ..... ਤੇ ਉਹਨੇ ਵੀ...। ਮੈਨੂੰ ਸਮਝ ਨ੍ਹੀਂ ਸੀ ਆ ਰਹੀ ਕਿ ਉਹ ਕੁੜੀ ਜੋ ਸਾਡੇ ਸਕੂਲ ਮੂਹਰੇ ਦੀ ਲੰਘਦੀ ਹੈ। ਮੈਂ ਕਦੇ ਬੁਲਾਈ ਨ੍ਹੀਂ, ਨਾਮ ਵੀ ਨ੍ਹੀਂ ਪਤਾ। ਫੇਰ ਉਹਦੀ ਸ਼ਕਲ ਆਲ਼ੀ ਕੁੜੀ ਵੀ ਮੈਨੂੰ ਐਨੀ ਵਧੀਆ ਕਿਉਂ ਲੱਗ ਰਹੀ। ਖ਼ੈਰ!

ਜਾਂਦੇ-ਜਾਂਦੇ ਸਾਨੂੰ ਦੇਰ ਹੋ ਗੀ'। ਮੇਲੇ 'ਚ ਬਾਕੀਆਂ ਲਈ ਸਭ ਕੁਛ ਸੀ। ਦੁਕਾਨਾਂ ਖਾਣ-ਪੀਣ ਦੀਆਂ, ਖਰੀਦੋ-ਫਰੋਖਤ ਦੀਆਂ ਅਤੇ ਮੇਲੇ ਵਾਗੂੰ ਝੂਟੇ-ਚੰਡੋਲਾਂ ਸਭ ਕੁਛ। ਨਹੀਂ ਸੀ ਤਾਂ ਮੇਰੇ ਲਈ ਉਹ...। ਸਭ ਉਜਾੜ ਸੀ ਮੇਰੇ ਲਈ ਤਾਂ। ਮੈਨੂੰ ਹੁਣ ਗੁੱਸਾ ਉਸ ਮੈਡਮ 'ਤੇ ਆਈ ਜਾਵੇ, ਬਈ ਜੇ ਉਹ ਭਾਨੀ ਨਾ ਮਾਰਦੀ ਤਾਂ ਅਸੀਂ ਓਦੋਂ ਈ ਲੰਘ ਵੜਨਾ ਸੀ। ਗੁੱਸੇ 'ਚ ਸ਼ਰਾਰਤੀ ਤੱਤ ਬਹੁਤ ਛੇਤੀ ਜਾਗ ਪੈਂਦੇ ਨੇ। ਸੋ ਸ਼ਰਾਰਤੀਪੁਣਾ ਹੋ ਗਿਆ ਭਾਰੂ। ਉਸ ਫੁਟ-ਬਾਲਰ ਦੇ ਘਰ ਖਾਧੀ ਹੋਈ ਸੌਂਹ ਚੇਤੇ ਆ ਗਈ। ਮੈਂ ਸ਼ੇਕੀ ਹੋਰਾਂ ਨੂੰ ਮਨਾ ਲਿਆ ਸ਼ਰਾਰਤ ਕਰਨ ਲਈ। ਕਹਿੰਦੇ, "ਕੱਲ੍ਹ ਨੂੰ ਕਿਸ਼ਤੀ 'ਚ ਝੂਟੇ ਦਵਾਈਂ ...। ਫੇਰ ਮੰਨਾਂਗੇ ਤੇਰੀ ਗੱਲ।" ਮੈਂ ਆਖਿਆ, "ਠੀਕ ਐ।" ਕਿਸ਼ਤੀ ਕਾਹਦੀ ਸੀ ਤੀਹ ਰੁਪਏ 'ਚ ਛੇ ਜਣਿਆਂ ਨੂੰ ਝੂਟਾ ਦੇ ਦਿੰਦੀ। ਉਹ ਵੀ ਕੋਈ ਕੰਪਨੀ ਦੀਆਂ ਬਣਾਈਆਂ ਨ੍ਹੀਂ ਸੀ ਹੈਗੀਆਂ, ਉਹ ਤਾਂ ਜਿਵੇਂ ਤਰਨਤਾਰਨ ਸਾਈਡ ਘੜੂਕੇ ਜਿਹੇ ਹੁੰਦੇ ਨੇ ਪੀਟਰ ਇੰਜਣ ਆਲ਼ੇ, ਉਵੇਂ ਫੱਟਿਆਂ ਉੱਤੇ ਕਿਸ਼ਤੀ ਦਾ ਇੰਜਣ ਫਿੱਟ ਕਰਿਆ ਹੋਇਆ ਸੀ। ਸੌਦਾ ਸਸਤਾ ਈ ਸੀ।

ਸ਼ੇਕੀ ਕਹਿੰਦਾ, "ਕੋਚ ਸਾਹਬ ਨੇ ਤਾਂ ਘੁੰਮਣ ਵਾਲ਼ਾ ਝੂਲਾ ਝੂਲਣਾ ਨ੍ਹੀਂ ਉਹ ਬਿਮਾਰ ਨੇ। ਆਪਾਂ ਮਨਾ ਲੈਂਦੇ ਆਂ ਮੈਡਮ ਨੂੰ। ਜਦੋਂ ਝੂਲਾ ਤੇਜ਼ ਹੋਇਆ ਕੂਕਾਂ, ਰੌਲ਼ੀ ਪਾਵਾਂਗੇ, ਦੇਖਿਓ ਕੀ ਬਣਦਾ ਜੇ।" ਜਦੋਂ ਉਹਨੇ ਸ਼ਰਾਰਤ ਦੱਸੀ ਤਾਂ ਜਚਗੀ ਸਾਰਿਆਂ ਨੂੰ। ਪਰ ਮੈਨੂੰ ਸਵਾਦ ਜਿਆ ਨ੍ਹੀਂ ਸੀ ਆ ਰਿਹਾ। ਮੈਂ ਆਖਿਆ "ਆਪਾਂ ਜੇ ਛਾਲ਼ ਮਾਰ ਕੇ ਉੱਤਰ ਜੀਏ ਝੂਲੇ ਤੋਂ .....।

ਮੈਡਮ 'ਕੱਲੀ ਈ ਰਹਿ ਜੇ', ਝੂਲਾ ਘੁੰਮੀ ਜਾਵੇ., ਤੇ ਆਪਾਂ ਚੀਕੀ ਜਾਈਏ, ਜੋਰ-ਜੋਰ ਨਾਲ਼ ਚੰਘਿਆੜਾਂ ਮਾਰੀਏ, ਫੇਰ!" ਕਹਿੰਦੇ "ਤੂੰ ਮਰਵਾਏਂਗਾ ਸਾਲ਼ਿਆ ...' ਟੈਕ ਨਾ ਕਰਵਾ ਦੇਈਂ ਬੇਚਾਰੀ ਨੂੰ।"

ਬਸ ਫੇਰ ਐਵੇਂ ਈ ਕੀਤਾ, ਮਾਰਤੀਆਂ ਛਾਲਾਂ ਤੇ ਕੂਕਾਂ। ਹੁਣ ਪਤਾ ਨਾ ਲੱਗੇ ਕਿ ਮੈਡਮ ਜੀ ਨੇ ਮੂੰਹ ਊਈਂ ਟੱਡਿਆ ਹੋਇਆ ਸੀ ਜਾਂ ਡਰ ਈ ਐਨਾ ਗਈ ਸੀ। ਕਿਉਂਕਿ ਰੌਲ਼ਾ ਸਿਰਫ ਸਾਡਾ ਈ ਨ੍ਹੀਂ ਸੀ, ਬਾਕੀ ਝੂਲਿਆਂ ਉੱਤੇ ਵੀ ਖੱਪ ਪੂਰੀ ਮੱਚੀ ਪਈ ਸੀ। ਮੈਡਮ ਐਨਾ ਡਰ ਗੀ' ਕਿ ਉਹ ਉਲਟੀਆਂ ਕਰੇ, ਕੰਬੀ ਜਾਵੇ।

ਫੇਰ ਉਸਨੇ ਉੱਤਰ ਕੇ, ਜਦੋਂ ਝੂਲਾ ਰੁਕ ਗਿਆ, ਵਾਸ਼ਰੂਮ ਦਾ ਰਸਤਾ ਪੁੱਛਿਆ ਅਤੇ ਉੱਥੇ ਖੜ੍ਹੀ ਇੱਕ ਲੇਡੀ ਗਾਰਡ ਨਾਲ਼ ਚਲੀ ਗਈ। ਉੱਧਰੋਂ ਮੱਲ੍ਹੀ ਸਾਹਬ ਖਰੀਦਦਾਰੀ ਕਰਕੇ ਆ ਗੇ', "ਆਏਂ ਖੜੇ ਓ ?" ਅਸੀਂ ਕਿਹਾ, "ਜੀ ਅਸੀਂ ਤਾਂ ਡਰ ਕੇ ਛਾਲ਼ਾਂ ਮਾਰਤੀਆਂ ਝੂਲੇ ਤੋਂ, ਮੈਡਮ ਨੇ ਨ੍ਹੀਂ ਮਾਰੀ।" "ਫੇਰ ਹੁਣ ਮੈਡਮ ?" ਮੱਲ੍ਹੀ ਸਾਹਬ ਬੋਲੇ। ਘੱਕੀ ਜਮਾਂ ਡੰਗਰ ਈ ਸੀ। "ਸਰ ਉਹ ਵਾਸ਼ਰੂਮ ਗਈ।" ਕਹਿ ਕੇ ਉਹ ਹੱਸ ਪਿਆ। ਕੋਚ ਸਾਹਬ ਨੇ ਗੱਲ ਆਈ ਗਈ ਕਰਤੀ। ਸ਼ਾਇਦ ਉਹ ਸਾਨੂੰ ਬੱਚੇ ਸਮਝ ਕੇ ਇਸ ਗੱਲ ਨੂੰ ਅੱਗੇ ਕਰਨ ਤੋਂ ਬਚ ਰਹੇ ਸਨ ਤਾਂ ਘੱਕੀ ਬਚ ਗਿਆ ।ਨਹੀਂ ਤਾਂ ਤਰਪਾਈ ਤੈਅ ਸੀ।

***

ਉਸ ਦਿਨ ਸਵੇਰੇ ਬ੍ਰੇਕਫਾਸਟ ਕਰਕੇ ਅਸੀਂ ਹਾਵੜਾ ਸਟੇਸਨ 'ਤੇ ਪੁੱਜਗੇ'। ਗੱਡੀ ਨੇ ਹਾਵੜੇ ਤੋਂ ਟੂਰਨਾਮੈਂਟ ਖ਼ਤਮ ਹੋਣ ਤੋਂ ਬਾਅਦ ਪੂਰਾ ਦਿਨ ਸੀ ਸਾਡੇ ਕੋਲ਼ ਘੁੰਮਣ ਨੂੰ। ਸ਼ਾਮ ਅੱਠ-ਸਵਾ-ਅੱਠ ਤੁਰਨਾ ਸੀ। ਅਸਾਮ ਦੇ ਖਿਡਾਰੀ ਵੀ ਸਾਡੇ ਨਾਲ਼ ਸਨ। ਉਹ ਪੂਰੇ ਕੈਮ, ਬੋਰਾ ਬਿਸਤਰ ਬੰਨ੍ਹ ਢੂਹੀਆਂ 'ਤੇ ਟੰਗ ਤੁਰ ਪੇ', ਅੰਗਰੇਜ਼ਾਂ ਵਾਂਗੂੰ ਹਾਵੜਾ ਪੁਲ਼ ਦੇਖਣ।

ਸ਼ੌਕੀ ਕਹਿੰਦਾ, "ਓਏ ਪਟਿਆਲ਼ੀਆ ਜਾਹ ਇੱਕ ਰਸਗੁੱਲਿਆਂ ਦਾ ਡੱਬਾ ਖੜ ਲੈ, ਬਠਿੰਡੀਏ ਬੈਠਣਗੇ ਸਮਾਨ ਲਾਗੇ। ਆਪਾਂ ਚੱਲ ਵੜਦੇ ਆਂ ਬ੍ਰਿਜ ਦੇਖਣ।" ਬਠਿੰਡੇ ਆਲ਼ਿਆਂ ਨੇ ਪੰਜ-ਪੰਜ ਡੱਬੇ ਪੇੜਿਆਂ ਦੇ ਖ਼ਰੀਦ ਲਏ ਸੀ, ਬੇਚਾਰੇ ਉਹਨਾਂ ਦੀ ਰਾਖੀ ਕਰਦੇ ਬੈਠ ਗਏ।

"ਊਂ ਤਾਂ ਤੁਸੀਂ ਸਾਨੂੰ ਬੈਕਵਰਡ ਕਹਿੰਦੇ ਓ, ਪਰ ਆਪ ਨੂੰ ਦੁਆਨੀ ਦੀ ਅਕਲ ਨ੍ਹੀਂ, ਪੁਲ਼ ਦੇ ਵਿੱਚ ਨ੍ਹੀਂ ਵੜਦੇ ਹੁੰਦੇ ਉੱਪਰ ਚੜ੍ਹੀਦਾ ਹੁੰਦੈ।" ਮੈਂ ਸ਼ੌਕੀ ਨੂੰ ਟੌਂਟ ਮਾਰਿਆ। ਇੱਕ ਦੂਜੇ ਨੂੰ ਪਛੜੇ ਸਾਬਤ ਕਰਨ ਦਾ ਅਸੀਂ ਇੱਕ ਵੀ ਮੌਕਾ ਨ੍ਹੀਂ ਸੀ ਛੱਡਦੇ।

ਉਸ ਬਿੱਜੂ ਜਿਹੇ ਨੇ ਐਸੀ ਮੋਚ ਚਾਹੜੀ ਕਿ ਐਨੇ ਉੱਚੇ ਪੁਲ਼ 'ਤੇ ਚੜ੍ਹ ਕੇ ਵੀ ਨ੍ਹੀਂ ਉੱਤਰੀ ਸੀ। ਮੈਂ ਤਾਂ ਪੈਂਦਾ ਵੀ ਇੱਕ ਪਾਸੇ ਨੂੰ ਹੀ ਰਿਹਾ ਸੀ। ਪਿੰਡ ਆ ਕੇ ਵੀ ਕਈ ਦਿਨ ਤੰਗ ਰਿਹਾ। ਗਰਦਨ ਸਿੱਧੀ ਨ੍ਹੀਂ ਸੀ ਹੁੰਦੀ।

ਅਸੀਂ ਜਾਂਦੇ-ਜਾਂਦੇ ਪੁਲ਼ ਬਾਰੇ ਗੱਲਾਂ ਕਰ ਰਹੇ ਸੀ। ਅਖੇ "ਇਸਦੀ ਚਾਬੀ ਅੰਗਰੇਜ਼ਾਂ ਨੇ ਥੱਲੇ ਵਗਦੀ ਨਦੀ 'ਚ ਸੁੱਟਤੀ ਸੀ ਅਤੇ ਉਸ ਇੰਜੀਨੀਅਰ ਦੇ ਦੋਵੇਂ ਹੱਥ ਵੀ ਵੱਢ ਕੇ ਵਿੱਚ

ਸੁੱਟਤੇ ਸੀ।" ਹੋਰ ਵੀ ਬਹੁਤ ਅਫਵਾਹਾਂ ਬਾਰੇ ਬੋਲਦੇ ਚੜ੍ਹ ਗੇ' ਪੁਲ਼ ਉੱਤੇ।

ਦ੍ਰਿਸ਼ ਬੜਾ ਭਰਿਆ-ਭਰਿਆ ਸੀ, ਰੌਣਕਾਂ ਈ ਰੌਣਕਾਂ। ਸਿਰਫ ਖਿਡਾਰੀ ਹੀ ਨਹੀਂ, ਬਾਹਰਲੇ ਮੁਲਖਾਂ ਤੋਂ ਵੀ ਸੈਲਾਨੀ ਆਏ ਹੋਏ ਸਨ। ਕਿੰਨੀ ਦੇਰ ਤਾਂ ਯਕੀਨ ਈ ਨ੍ਹੀਂ ਆਇਆ, ਬਈ ਐਡਾ ਵੀ ਕੋਈ ਪੁਲ਼ ਹੁੰਦੈ। ਸਾਡੇ ਪਿੰਡ ਆਲ਼ੇ ਸੂਏ ਦੇ ਪੁਲ਼ ਨੇ ਤਾਂ ਖਾਧੀ-ਕੜ੍ਹੀ, ਇਹਦੇ ਮੂਹਰੇ ਤਾਂ ਪਟਿਆਲੇ ਆਲ਼ਾ ਪੁਲ ਵੀ ਮਾਊਂ ਜਿਆ ਲੱਗੇ। ਜੀਹਦੇ ਬਾਰੇ ਸੁਣਦੇ ਹੁੰਦੇ ਸੀ ਕਿ ਉਹਦੇ ਮਿਸਤਰੀ ਨੂੰ ਸਰਕਾਰ ਨੇ ਮਰੂਤੀ ਕਾਰ ਦਿੱਤੀ ਐ ਇਨਾਮ 'ਚ। ਸਾਨੂੰ ਤਾਂ ਓਦੋਂ ਮਰੂਤੀ ਈ ਅੱਜ ਦੀ ਔਡੀ ਦੇ ਬਰਾਬਰ ਲੱਗਦੀ ਸੀ।

ਕਮਾਲ ਦੇ ਨੇ ਅੰਗਰੇਜ਼ ਵੀ ਐਡਾ ਵੱਡਾ ਪੁਲ਼ ਬਿਨਾਂ ਕਿਸੇ ਥਮਲੇ ਤੋਂ ਈ ਖੜ੍ਹਾ ਕਰ ਰੱਖਿਐ, ਦੇਖ ਕੇ 'ਚਿੱਚ-ਚਿੱਚ" ਦੀ ਅਵਾਜ਼ ਨਿੱਕਲ਼ ਰਹੀ ਸੀ। ਸਿਰਫ ਪੁਲ਼ ਈ ਨ੍ਹੀਂ ਦੂਜਾ ਨਜ਼ਾਰਾ ਵੀ ਬੜਾ ਮਨਮੋਹਕ ਸੀ। ਗੋਰੀਆਂ, ਗੋਰਿਆਂ ਦੇ ਹੱਥਾਂ 'ਚ ਹੱਥ ਪਾਈਂ ਛੋਟੇ-ਛੋਟੇ ਕੱਪੜਿਆਂ 'ਚ ਘੁੰਮ ਰਹੀਆਂ ਸਨ। ਘੱਕੀ ਹੋਰੀਂ ਜਿੰਨਾਂ ਪੁਲ਼ ਦੇਖ ਕੇ ਹੈਰਾਨ ਸਨ, ਉਸ ਤੋਂ ਜਿਆਦਾ ਗੋਰੀਆਂ ਦੀਆਂ ਛੋਟੀਆਂ-ਛੋਟੀਆਂ ਨਿੱਕਰਾਂ ਨੂੰ ਦੇਖ ਕੇ ਪਰੇਸ਼ਾਨ ਹੁੰਦੇ ਰਹੇ। ਬਈ, ਇਹ ਕਮਲੀਆਂ ਨੇ ਤਾਂ ਕਬੱਡੀ ਆਲ਼ਿਆਂ ਤੋਂ ਵੀ ਛੋਟੀਆਂ ਨਿੱਕਰਾਂ ਪਾਈਆਂ ਨੇ!

ਇੱਕ ਗੋਰੀ 'ਚ ਮੇਰਾ ਚਾਣ-ਚੱਕ ਮੋਢਾ ਵੱਜਿਆ। ਮੇਰੇ ਘਬਰਾਉਣ ਤੋਂ ਪਹਿਲਾਂ ਈ ਗੋਰੀ ਨੇ ਐਨੀ ਪਿਆਰੀ ਅਵਾਜ਼ 'ਚ, 'ਸੌਰੀ' ਕਿਹਾ ਕਿ ਬਸ ਪੁੱਛੋ ਈ ਨਾ। ਮੈਂ ਸੋਚਿਆ, ਜੇ ਕਿਤੇ ਸਾਡੇ ਐਥੇ ਕਿਸੇ ਪੰਜਾਬਣ 'ਚ ਕੋਈ ਬਿਹਾਰੀ ਵੱਜੇ ਤਾਂ ਕੱਪੜੇ ਨਾ ਪਾੜ ਦੇਣ ਉਹਦੇ। ਨਾਲ਼ੇ ਕਹਿਣਗੀਆਂ, "ਹਰਾਮਦਿਆ ਤੇਰੇ ਮਾਂ-ਭੈਣ ਨ੍ਹੀਂ... ਕੰਜਰ ਨਾ ਹੋਵੇ...।" ਫਲਾਂ-ਫਲਾਂ। ਪਰ ਗੋਰੀਆਂ ਦੇਖੋ, ਸੋਹਣੀਆਂ ਵੀ ਨੇ ਤੇ ਸਾਊ ਵੀ।

ਗਰਦਨ ਜ਼ਰੂਰ ਤੰਗ ਕਰ ਰਹੀ ਸੀ ਪਰ ਫੇਰ ਵੀ ਖੁਸ਼ੀ ਐਨੀ ਸੀ ਕਿ ਮਨ ਕਰੇ, ਪਿੰਡ ਹੈਪੀ ਹੋਰਾਂ ਨੂੰ ਦੱਸਾਂ ਹੁਣੇ ਕਿ ਦੇਖੋ ਥੋਡਾ ਬਾਈ ਕਿੱਥੇ ਘੁੰਮ ਰਿਹੈ। ਖੁਸ਼ੀ ਹੁੰਦੀ ਵੀ ਕਿਉਂ ਨਾ, ਉਸ ਸਮੇਂ ਤੱਕ ਜੇ ਮੇਰੀਆਂ ਖੇਡਣ ਫੇਰੀਆਂ ਨੂੰ ਮਨਫੀ ਕਰ ਦਈਏ ਤਾਂ ਮੈਂ ਤਾਂ ਅਮਲੋਹ ਵੀ ਵਰ੍ਹੇ-ਛਿਮਾਹੀ ਈ ਜਾਂਦਾ। ਉਹ ਵੀ ਜਦੋਂ ਬਾਪੂ ਜੀ ਵਰਗੇ ਹਾੜ੍ਹੀ-ਸੌਣੀ ਮੰਡੀ ਜਾਂਦੇ ਤਾਂ ਟਰਾਲੀ 'ਚ ਜਵਾਕਾਂ ਨੂੰ ਸਿੱਟ ਕੇ ਲੈ ਜਾਂਦੇ, ਜਲੇਬੀਆਂ ਖਵਾ ਕੇ ਵਾਪਸ।

ਕਬੱਡੀ ਨੇ ਅੱਜ ਮੈਨੂੰ ਕਲਕੱਤੇ ਲੈ ਆਂਦਾ ਸੀ। ਦਾਣਾ ਮੰਡੀ ਦੀਆਂ ਜਲੇਬੀਆਂ ਦੀ ਜਗ੍ਹਾ ਹਾਵੜੇ ਦੇ ਪੇੜੇ ਖਵਾ ਦਿੱਤੇ ਸਨ। ਜੋ ਸਾਰੇ ਸੰਸਾਰ 'ਚ ਪ੍ਰਸਿੱਧ ਨੇ ਜਮਾਂ ਰੂੰ ਵਰਗੇ।

ਅੱਖਾਂ ਪਹਿਲਾਂ ਈ ਜੋ ਕਲੋਜ਼ਿੰਗ ਸੈਰਮਨੀ ਵੇਲ਼ੇ ਆਤਿਸ਼ ਬਾਜੀ ਵੇਖ ਕੇ ਚੁੰਧਿਆਈਆਂ ਪਈਆਂ ਸਨ। ਆਹ ਪੁਲ਼ ਨੇ ਤਾਂ ਹੋਰ ਵੀ ਹੈਰਾਨ ਕਰਤਾ ਸੀ।

ਮੈਥੋਂ ਖੁਸ਼ੀ ਝੱਲੀ ਨ੍ਹੀਂ ਸੀ ਜਾ ਰਹੀ। ਡਰ ਵੀ ਰਿਹਾ ਸੀ ਇੱਕ ਅਣ-ਚਾਹਿਆ ਵਹਿਮ ਸੀ ਕਿ ਮੈਨੂੰ ਖੁਸ਼ੀ ਤੋਂ ਬਾਅਦ ਗਮੀ ਜ਼ਰੂਰ ਮਿਲਣੀ ਹੈ। ਇਹ ਮਿੱਥ ਹੈ ਵੀ ਸੱਚੀ ਸੀ। ਅੰਤਾਂ ਦੀ

ਖੁਸ਼ੀ ਦਾ ਅੰਤ, ਅੱਤ ਦੀ ਗਮੀ ਨਾਲ਼ ਤਾਂ ਹੁੰਦਾ ਈ ਆਇਆ ਸੀ ਹੁਣ ਤੱਕ।

ਸਾਡੇ ਸਾਹਮਣੇ ਪੁਲ਼ ਦੇਖਣ ਆਇਆਂ 'ਚੋਂ ਕੇਰਲਾ ਦੀ ਉਹ ਮੈਡਮ ਅਤੇ ਉਸਦੀ ਬੇਟੀ ਖੜ੍ਹੀਆਂ ਕੁਛ ਖਾ ਰਹੀਆਂ ਸੀ।

ਉਹ ਰੰਗ ਦੀਆਂ ਤਾਂ ਭਾਵੇਂ ਮੇਰੇ ਵਰਗੀਆਂ ਸਨ, ਪਰ ਪਿਆਰੀਆਂ ਬਹੁਤ ਲੱਗਦੀਆਂ। ਵੈਸੇ ਵੀ ਮਨੁੱਖ ਨੂੰ ਆਪਣੀ ਤਾਰੀਫ਼ ਕਰਨ ਆਲ਼ਾ ਇਨਸਾਨ ਚੰਗਾ ਲੱਗਦਾ ਹੀ ਹੈ। ਔਰਤਾਂ ਨੂੰ ਜਿਆਦਾ, ਪਰ ਲੱਗਦਾ ਮਰਦਾਂ ਨੂੰ ਵੀ ਐ।

ਸ਼ੌਕੀ ਹੋਰਾਂ ਦੇ ਪੰਪ 'ਚ ਆ ਕੇ ਮੈਂ ਪੈਂਦੀ ਸੱਟੇ ਉਹਨਾਂ ਨੂੰ 'ਸੁਗੋ-ਮਾਣੋ ਨੇਨੇ ਇਨਕੇ ਸਨੇਹ ਕੇਨਯਨੂੰ' (ਆਈ ਲਵ ਯੂ) ਬੋਲਤਾ। ਮੈਨੂੰ ਗ਼ਰੀਬ ਨੂੰ ਨਹੀਂ ਸੀ ਪਤਾ ਕਿ ਉਹਨਾਂ ਦੁਆਬੀਆਂ ਨੇ ਇੱਕ ਮਲਵੱਈ ਦਾ ਮੌਜੂ ਬਣਾਇਆ ਏ।

ਦਰਅਸਲ ਮੈਨੂੰ ਤਾਂ ਉਹਨਾਂ ਨੇ ਇਹ ਕਿਹਾ ਸੀ ਬਈ "ਨੇਨੇ ਇਨਕੇ ..... ਦਾ ਮਤਲਬ ਹੈ "ਸ਼ੁਕਰੀਆ ਜੀ ਬਹੁਤ-ਬਹੁਤ"।

ਸ਼ੁਕਰੀਆ ਮੈਂ, ਤਾਂ ਕਰਨ ਗਿਆ ਸੀ ਕਿਉਂਕਿ ਮੈਡਮ ਨੇ ਇੱਕ ਦਿਨ ਪਹਿਲਾਂ ਸਾਨੂੰ ਨਾਰੀਅਲ ਪਾਣੀ ਵੀ ਪਿਆਇਆ ਸੀ। ਕਈ ਵਾਰੀ ਮੇਰੀ ਤਾਰੀਫ ਕੀਤੀ ਸੀ ਖੇਡਦੇ ਦੀ, ਜਦੋਂ ਯੂ.ਪੀ. ਆਲ਼ੇ ਮੈਚ ਤੋਂ ਬਾਅਦ ਸਾਰੇ ਮਜਾਕ ਉਡਾਉਂਦੇ ਸੀ।

ਜਦੋਂ ਮੈਂ ਕਹਿਤਾ ਜੋ ਕਹਿਣਾ ਸੀ, ਫੇਰ ਸਾਹ ਲਿਆ। ਨਹੀਂ ਤਾਂ ਮੈਂ ਛਾਤੀ 'ਚ ਹੂਕ ਜਿਹੀ ਭਰ ਕੇ ਤੁਰਿਆ ਆਉਂਦਾ, ਸੂਗੋ-ਮਾਣੋ ਸੂਗੋ-ਮਾਣੋ ਦੀ ਰਟ ਲਾਈ ਹੋਈ ਸੀ।

ਜਿਵੇਂ ਉਹਨੂੰ ਕੁਛ ਸੁਣਿਆ ਈ ਨਾ ਹੋਵੇ ਜਾਂ ਮੈਥੋਂ ਮਲਿਆਲੀ ਦੀ ਜਗ੍ਹਾ ਡੋਗਰੀ ਬੋਲੀ ਗਈ ਹੋਵੇ।

"ਓਹ ਕਮ-ਆਨ..... ਹੌਅ ਆਰ ਯੂ ਮਿਸਟਰ "ਮਾਂਗਾ"? ਮੈਡਮ ਹੱਸ ਕੇ ਜਿਹੇ ਬੋਲੀ ਸੀ।

ਮੈਂ ਫੇਰ ਉਹੀ "ਸੂਗੋ-ਮਾਣੋ" ਦੁਹਰਾ ਦਿੱਤਾ....। ਮਤਾਂ ਕਿਤੇ ਸਸਰੀਕਾਲ ਅਤੇ ਹਾਲਚਾਲ 'ਚ ਰਟ ਦੀ ਚਾਲ ਨਾ ਭੁੱਲਜਾਂ। ਐਨੇ ਔਖੇ ਸ਼ਬਦ ਤਾਂ ਅੰਗੇਰਜ਼ੀ ਦੇ ਨ੍ਹੀਂ ਹੁੰਦੇ, ਜਿੰਨੇ ਮਲਿਆਲਮ ਦੇ ਸੀ। ਅੱਖਾਂ ਨੂੰ ਅੱਧੀਆਂ ਕੁ ਮੀਚ ਕੇ, "ਯੂ ਨੋ ਮਲਿਆਲਮ ਐਂਡ ਦਿਸ......?" ਕਹਿਕੇ ਉਹਨੇ ਹੋਰੂੰ ਜਿਆ ਮੂੰਹ ਬਣਾ ਲਿਆ। ਮੈਨੂੰ ਪਤਾ ਨ੍ਹੀਂ ਤਾਂ ਸਮਝ ਨ੍ਹੀਂ ਸੀ ਆਈ ਪਤਾ ਨੀ ਭਮੰਤਰ ਗਿਆ ਸੀ। ਚੁੱਪ ਰਿਹਾ। ਉਸਨੇ ਟੁੱਟੀ ਜਿਹੀ ਹਿੰਦੀ 'ਚ "ਤੁਮ ਜਾਨਤਾ ਇਸਕਾ ਮੀਨਿੰਗ?" ਮੈਂ ਮੁਸਕਰਾ ਕੇ "ਯੈਸ" ਕਿਹਾ ਤਾਂ ਉਸਦੇ ਚਿਹਰੇ ਤੋਂ ਰੌਣਕ ਉੱਡ ਗੀ' ਅਤੇ ਬਦਲੇ ਹਾਵ-ਭਾਵ ਪੂਰੇ ਗੁੱਸੇ ਆਲ਼ੇ ਸਨ। ਮੈਂ ਪਹਿਲੀ ਵਾਰੀ ਦੇਖਿਆ ਕਿ ਮੇਰੇ ਵਰਗੇ ਪੱਕੇ ਰੰਗ ਆਲ਼ੇ ਦੀਆਂ ਗੱਲ੍ਹਾਂ ਵੀ ਲਾਲ ਹੋ ਜਾਂਦੀਆਂ ਨੇ। ਮੈਡਮ ਦਾ ਮੂੰਹ ਪੂਰਾ ਸੁਰਖ ਹੋ ਚੁਕਿਆ ਸੀ। ਪਰ ਕੁੜੀ ਜਮਾਂ ਸਥਿਰ ਸੀ। ਜਿਵੇਂ ਬੰਦਾ ਸਰੀਰ ਕਰਕੇ ਉੱਥੇ ਹੋਵੇ, ਮਨ ਕਰਕੇ ਕਿਤੇ ਹੋਰ ਉਡਾਰੀ 'ਤੇ ਹੋਵੇ।

ਮੈਡਮ ਦੇ ਮੂੰਹ ਤੋਂ ਸਾਫ ਦਿਸਦਾ ਸੀ, ਬਈ ਜਿਵੇਂ ਉਹ ਕਹਿ ਰਹੀ ਹੋਵੇ, "ਕਿੱਥੋਂ ਇ

ਜਾਹਲ ਜਿਹੇ ਦੀ ਤਾਰੀਫ਼ ਕਰਤੀ।" ਉਹ ਜਿਆਦਾ ਗੁੱਸੇ ਸ਼ਾਇਦ ਇਸ ਗੱਲ ਤੋਂ ਸੀ ਕਿ ਮੈਂ ਇਹ ਸਭ ਉਸ ਦੀ ਬੇਟੀ ਲਈ ਬੋਲਿਐ। ਗਰਦਨ ਦੀ ਮੋਚ ਕਰਕੇ ਮੇਰਾ ਮੂੰਹ ਥੋੜ੍ਹਾ ਕੁੜੀ ਵੱਲ ਝੁਕਿਆ ਹੋਇਆ ਸੀ।

ਜੇ ਉਹ ਕੁੜੀ ਬਾਂਹ ਫੜਕੇ ਨਾ ਰੋਕਦੀ ਤਾਂ ਮੈਨੂੰ ਤਾਂ ਦੱਸਤਾ ਸੀ ਧੰਨਵਾਦ ਤੋਂ ਬਾਅਦ 'ਜੀ ਆਇਆਂ ਨੂੰ' ਕਿਵੇਂ ਕਹਿੰਦੇ ਨੇ। ਬਚ ਗਿਆ, ਥੱਪੜ ਪੂਰਾ ਨ੍ਹੀਂ ਸੀ ਵੱਜਿਆ, ਬਸ ਦੋ ਉਂਗਲਾਂ ਈ ਲੱਗੀਆਂ, ਉਹ ਵੀ ਨੱਕ ਉੱਤੇ। ਉਹਨਾਂ ਦੋ ਉਂਗਲ਼ਾਂ ਨੇ ਵੀ ਪਾਣੀ ਕੱਢਤਾ ਸੀ ਅੱਖਾਂ 'ਚੋਂ। ਨੱਕ ਦੀ ਡੂਡਣੀ ਜਿਹੀ 'ਚੋਂ ਤਾਂ ਜਿਵੇਂ ਕਰੰਟ ਨਿੱਕਲ਼ਿਆ ਹੋਵੇ। ਹਵਾਈ ਥੱਪੜ ਨਾਲ਼।

ਹੁਣ ਉਹ ਪਤਾ ਨ੍ਹੀਂ ਕੀ ਬੋਲੀ ਜਾ ਰਹੀ ਸੀ, ਕੁਛ ਵੀ ਸਮਝ ਨਹੀਂ ਸੀ ਆ ਰਿਹਾ। ਮੈਂ ਨਾ ਗੁੱਸਾ ਦਿਖਾ ਰਿਹਾ ਸੀ, ਨਾ ਰੋ ਰਿਹਾ ਸੀ। ਬਸ ਗੜ-ਗੜ ਦੀ ਅਵਾਜ਼ ਈ ਸੁਣ ਰਿਹਾ ਸੀ। ਉਸ ਦੀਆਂ ਗਾਲ਼ਾਂ ਐਵੇਂ ਜਿਵੇਂ ਟੀਨ ਦੇ ਡੱਬੇ 'ਚ ਰੋੜੇ ਪਾ ਕੇ ਹਿਲਾ ਰਹੀ ਹੋਵੇ। ਸੱਚ ਕਿਹਾ ਕਿਸੇ ਨੇ, ਬੰਦਾ ਗੁੱਸੇ ਅਤੇ ਪਿਆਰ ਨੂੰ ਮਾਂ-ਬੋਲੀ 'ਚ ਈ ਦਰਸਾ ਸਕਦੈ। ਉਸਦੇ ਬੋਲਾਂ 'ਚੋਂ ਚੰਗੀ ਤਰਾਂ ਤਾਂ ਬਸ ਇੱਕ ਸ਼ਬਦ ਸਮਝ ਆਇਆ। ਉਹ ਸ਼ਬਦ ਸੀ 'ਬਾਸਟਡ'...। ਉਹ ਵੀ ਉਹਨੇ ਅਖ਼ੀਰ 'ਚ ਬੋਲਿਆ ਸੀ।

ਇਹ ਵੀ ਕਮਾਲ ਦੀ ਗੱਲ ਐ, ਬਈ ਮੇਰੇ ਵਰਗੇ ਪੇਂਡੂ, ਅੰਗਰੇਜ਼ੀ 'ਚ ਹੋਰ ਕੁਛ ਸਿੱਖਣ ਨਾ ਸਿੱਖਣ, ਆਹ ਦੋ ਚਾਰ ਸ਼ਬਦ ਪਤਾ ਨਹੀਂ ਕਿਵੇਂ ਬਿਨਾਂ ਕਿਸੇ ਦੇ ਸਿਖਾਏ ਈ ਸਿੱਖ ਜਾਂਦੇ ਨੇ। ਆਈ ਲਵ ਯੂ ਅਤੇ ਅੰਗਰੇਜ਼ੀ 'ਚ ਗਾਲ਼ਾਂ। ਇਹ ਮੈਨੂੰ ਪ੍ਰਾਇਮਰੀ 'ਚ ਈ ਸਮਝ ਆ ਗੀਆਂ ਸੀ। ਜਦੋਂ ਕਿ ਸਾਡੇ ਵੇਲੇ ਏ.ਬੀ.ਸੀ. ਵੀ ਛੇਵੀਂ 'ਚ ਲੱਗਦੀ ਸੀ। ਆਈ ਲਵ ਯੂ ਵੀ ਓਦੋਂ ਛੋਟੇ ਹੁੰਦਿਆਂ ਸਾਨੂੰ ਗਾਲ਼ ਵਾਂਗ ਲੁੱਚਾ ਸ਼ਬਦ ਈ ਲੱਗਦਾ। ਅਸੀਂ ਇੱਕ ਦੂਜੇ ਦੇ ਕੂਹਣੀਆਂ ਮਾਰਦੇ, ਜੇ ਕਦੇ ਫਿਲਮ 'ਚ ਕੋਈ ਹੀਰੋ ਆਪਣੀ ਹੀਰੋਇਨ ਨੂੰ "ਲਵ ਯੂ" ਕਹਿ ਦਿੰਦਾ। ਤੇ ਉਸਨੂੰ ਗਾਲ਼ਾਂ ਕੱਢਦੇ ਜੋ ਆਪਣੀ ਕੁੜੀ ਨੂੰ ਇਹ ਸ਼ਬਦ ਬੋਲਦਾ। ਪਛੜੇਪਣ ਦੀ ਵੀ ਹੱਦ ਸੀ। ਖੈਰ!

ਕੇਰਲਾ ਆਲ਼ੀ ਮੈਡਮ ਤੋਂ ਜੂਤ-ਪੁਤਾਣ ਕਰਵਾ ਕੇ ਸਟੇਸ਼ਨ ਨੂੰ ਚੱਲ ਪਿਆ। ਮੈਨੂੰ ਆਏਂ ਮਹਿਸੂਸ ਹੋਵੇ ਜਿਵੇਂ ਮੇਰੀ ਜੇਬ੍ਹ 'ਚ ਕੱਚੇ ਅੰਡੇ ਫੁੱਟ ਗਏ ਹੋਣ..... ਬਹੁਤ ਬੁਰਾ ਹਾਲ ਸੀ। ਕਚਿਆਣ ਜਿਹੀ ਆਵੇ ਆਪਣੇ ਆਪ 'ਤੇ ...ਗੁੱਸਾ ਆਵੇ ਸ਼ੌਕੀ ਹੋਰਾਂ 'ਤੇ।

ਅੰਡੇ ਫੁੱਟਣ ਤੋਂ ਇੱਕ ਹੋਰ ਕਾਂਡ ਯਾਦ ਆ ਗਿਆ। ਉਹ ਟੂਰ ਵੀ ਨ੍ਹੀਂ ਭੁੱਲਦਾ ਕਦੇ...। ਉਹ ਵੀ ਸੁਣਾਉਂ ਪਰ ਢੁਕਵੀਂ ਥਾਵੇਂ। ਕਲਕੱਤੇ ਆਲ਼ੇ ਕਿੱਸੇ ਬੱਸ ਐਥੇ ਈ ਸਮਾਪਤ।



ਖ਼ੂਨ ਤੋਂ ਬਣੇ ਰਿਸ਼ਤੇ

ਕਈ ਵਾਰ ਮੈਂ ਉਸ ਬੰਦੇ ਨਾਲ ਓਦੋਂ ਵੀ ਓਵੇਂ ਈ ਰਹਿਨੈ ਜਿਵੇਂ ਕੁਛ ਹੋਇਆ ਨਾ ਹੋਵੇ। ਉਸੇ ਤਰਾਂ ਈ ਵਿਤੋਂ ਵਧਕੇ ਸਾਥ ਦਿੰਨੈ, ਜਦੋਂ ਮੈਨੂੰ ਸਾਫ਼ ਪਤਾ ਵੀ ਹੋਵੇ, ਬਈ ਇਹਨੇ ਮੇਰਾ ਕਿਸੇ ਸਮੇਂ ਬੁਰਾ ਕੀਤਾ ਸੀ। ਪਰ ਇਹ ਗੁਣ ਜਾਂ ਔਗੁਣ ਮੇਰੇ 'ਚ ਬਾਪੂ ਜੀ ਜਿੰਨਾਂ ਫੇਰ ਵੀ ਨ੍ਹੀਂ, ਉਹ ਬਹੁਤ ਜਲਦੀ ਮਾਫ਼ ਕਰ ਦਿੰਦੇ ਸੀ।

ਉਹ ਕਹਿੰਦੇ ਹੁੰਦੇ ਸੀ, ਮੁਆਫ਼ੀ ਤਾਂ ਕੋਈ ਵੀ ਮੰਗ ਲੈਂਦਾ, ਪਰ ਗੱਲ ਤਾਂ ਬਣਦੀ ਐ ਜੇ ਅਸੀਂ ਦਿਲੋਂ ਮੁਆਫ਼ ਕਰਨਾ ਸਿੱਖੀਏ।

ਨੱਬੇ-ਬੰਨਵੇਂ 'ਚ ਸਰਪੰਚੀ ਦੀ ਚੋਣ ਵੇਲ਼ੇ ਪਾਰਟੀਬਾਜੀ ਸ਼ੁਰੂ ਹੋਈ ਸੀ। ਪਹਿਲਾਂ ਤਾਂ ਸਾਰੇ ਇੱਕ-ਮਿੱਕ ਹੋ ਕੇ ਰਹਿੰਦੇ ਸਨ। ਰਾਮਦਾਸੀਆ ਭਾਈਚਾਰੇ 'ਚੋਂ, ਜਮਾਂ ਕੋਰੇ ਅਨਪੜ੍ਹ ਤਾਂ ਸਾਡੇ ਵੱਲ। ਘੋਲੇ ਚਾਚੇ ਵਰਗੇ, ਕੁਛ ਪੜ੍ਹੇ ਲਿਖੇ ਬੰਦੇ ਲੰਬੜਾਂ ਨਾਲ਼ ਹੋ ਗਏ। ਤਿਕੜਮਬਾਜ਼ੀ ਨਾਲ਼ ਸਰਪੰਚੀ ਮੰਨੇ ਚਾਚੇ ਹੋਰੀਂ ਲੈ ਗੇ'। ਇਹ ਚਲਾਕੀ ਕੀਤੀ ਸੀ, ਘੋਲੇ ਚਾਚੇ ਨੇ। ਓਹੀ ਤੇਜ਼ ਤੇ ਪੜ੍ਹਿਆ ਲਿਖਿਆ ਸੀ। ਨਹੀਂ ਤਾਂ ਵਿਰੋਧੀ ਪਾਰਟੀ 'ਚ ਵੀ ਸਾਰੇ ਸਾਡੇ ਆਲ਼ਿਆਂ ਵਾਂਗੂ ਅਨਪੜ੍ਹ ਪ੍ਰੋਫ਼ੈਸਰ ਈ ਸਨ।

ਹੋਇਆ ਇਓਂ, ਬਈ ਜਿਸ ਦਿਨ ਸਰਬਸੰਮਤੀ ਨਾਲ਼ ਸਰਪੰਚੀ ਦਾ ਫੈਸਲਾ ਹੋਇਆ ਓਦਣ ਸਾਰੇ ਮੋਹਤਬਰ ਬੰਦੇ, ਸਮੇਤ ਪੰਚਾਇਤ ਸੈਕਟਰੀ ਸਕੂਲ 'ਚ ਬੈਠ ਗੇ'। ਪਹਿਲਾਂ ਤਾਂ ਖਬਰ ਉੱਡੀ, ਬਈ ਬਾਰਾਂ-ਤੇਰਾਂ ਸਾਲਾਂ ਤੋਂ ਸਰਪੰਚ ਚਲਿਆ ਆਉਂਦਾ ਚਰਨਾ (ਮੇਰਾ ਛੋਟਾ ਤਾਇਆ ਸ. ਚਰਨ ਸਿੰਘ) ਈ ਠੀਕ ਐ। ਸਾਊ ਐ, ਨਾਲ਼ੇ ਇਮਾਨਦਾਰ ਐ। ਤਾਇਆ ਜੀ ਬੇਸ਼ੱਕ ਕੋਰੇ ਅਨਪੜ੍ਹ ਸਨ ਪਰ ਪੰਚਾਇਤੀ ਇਕੱਠ 'ਚ ਗੱਲ ਉਹ ਰੱਬ ਲੱਗਦੀ ਕਰਦੇ, ਪੂਰੀ ਸਾਫ਼ਗੋਈ ਨਾਲ਼ ਫੈਸਲਾ ਦਿੰਦੇ।

ਦੁਬਾਰਾ ਸਰਪੰਚ ਬਣਨ ਦੀ ਪਾਰਟੀ ਲਈ ਜਦੋਂ ਤਾਏ ਹੋਰੀਂ ਦਾਰੂ ਲੈ ਕੇ ਪਿੰਡ ਆਏ ਤਾਂ ਬਾਜ਼ੀ ਪਲਟ ਚੁੱਕੀ ਸੀ। ਸਰਪੰਚੀ ਖੁੱਸ ਚੁੱਕੀ ਸੀ। ਸਰਪੰਚੀ ਦੇ ਨਾਲ਼ ਈ ਖੁੱਸ ਗਿਆ ਸੀ ਇਤਫਾਕ ਤੇ ਭਾਈਚਾਰਾ। ਘੋਲੇ ਚਾਚੇ ਨੇ ਪੰਚਾਇਤ ਸੈਕਟਰੀ ਨੂੰ ਪੈਂਤੜਾ ਪੜ੍ਹਾ ਕੇ, ਠੀਕ ਪੰਜ ਵਜੇ ਐਸੀ ਪਲਟੀ ਮਾਰੀ ਕਿ ਸੰਮਤੀ, ਮੰਨੇ ਚਾਚੇ 'ਤੇ ਹੋ ਗੀ'। ਪਤਾ ਨ੍ਹੀਂ ਕੀ ਹੋਇਆ, ਕੀ ਕਰਿਆ, ਗੱਲ ਮੁਕਾਈਏ, ਸਰਪੰਚ ਮੰਨਾ ਚਾਚਾ ਬਣ ਗਿਆ।

ਸਾਡੇ ਬੰਦਿਆਂ ਨੇ ਬਥੇਰਾ ਰੌਲ਼ਾ ਪਾਇਆ। ਇੱਕ ਦੋ ਬੰਦਿਆਂ ਨੂੰ ਫੈਂਟਾ ਵੀ ਚੜ੍ਹਿਆ। ਬਾਪੂ ਜੀ ਤਾਂ ਘੋਲੇ ਚਾਚੇ ਦੇ ਪਿੱਛੇ ਵੀ ਭੱਜੇ ਪਰ ਬੱਚਤ ਰਹਿ ਗੀ', ਭੇੜ ਨ੍ਹੀਂ ਹੋਇਆ। ਪਰ ਹੁਣ ਤਾਂ ਕਾਟੋ ਟਾਹਲ਼ੀ 'ਤੇ ਚੜ੍ਹ ਚੁੱਕੀ ਸੀ। ਚਿੜੀਆਂ ਵੀ ਉੱਡ ਚੁੱਕੀਆਂ ਸਨ। ਖੇਤ 'ਚ ਤਾਂ ਬਸ ਸੱਪ ਦੀਆਂ ਲੀਕਾਂ ਈ ਰਹਿਗੀਆਂ ਸੀ, ਕੁੱਟਣ ਨੂੰ।

ਘੋਲਾ ਚਾਚਾ, ਸਾਡੇ ਟੱਬਰ ਦਾ ਸਭ ਤੋਂ ਵੱਡਾ ਵਿਰੋਧੀ ਬਣ ਕੇ ਉੱਭਰਿਆ। ਉਹ ਪੜ੍ਹੇ ਲਿਖੇ ਹੋਣ ਦੇ ਨਾਲ਼-ਨਾਲ਼ ਪਿੰਡ ਵਿੱਚ ਸਭ ਤੋਂ ਵੱਧ ਸਤਿਕਾਰਿਆ ਜਾਣ ਵਾਲ਼ਾ ਬੰਦਾ ਸੀ। ਮਜ਼ਾਲ ਐ ਕਿਸੇ ਜੱਟ ਨੇ ਕਦੇ ਜਾਤੀਸੂਚਕ ਸ਼ਬਦ ਨਾਲ਼ ਬੁਲਾਇਆ ਹੋਵੇ। ਬਾਕੀ ਨਾਹਰੀ ਚਾਚੇ ਹੋਰਾਂ ਨੂੰ ਤਾਂ ਸਾਡੇ ਟੀਟਣੇ-ਮੀਟਣੇ ਜਵਾਕ ਵੀ ਹਦਕ ਆਲ਼ੇ ਸ਼ਬਦਾਂ ਨਾਲ਼ ਬਲਾਉਂਦੇ ਸੀ। ਖ਼ੈਰ! ਹੁਣ ਬਹੁਤ ਫਰਕ ਐ।

ਲੰਬੜਾਂ ਦੀ ਪੂਰੀ ਚੜ੍ਹਾਈ, ਮੋਢਿਆਂ ਉੱਤੋਂ ਦੀ ਥੁੱਕਣ ਉਹਨਾਂ ਦੇ ਜਵਾਕ, ਚੌੜੇ ਹੋ-ਹੋ ਤੁਰਿਆ ਕਰਨ।

ਪਰ ਸਮਾਂ ਕਿੱਥੋਂ ਰੁਕਦੈ ਕਿਸੇ ਦੇ ਚੌੜੇ ਹੋਇਆਂ। ਪੰਜ-ਛੇ ਸਾਲ ਲੰਘੇ ਤੇ ਅਗਲੀ ਸਰਪੰਚੀ ਅਸੀਂ ਜਿੱਤ ਗੇ'। ਮੇਰੀ ਚਾਚੀ (ਤੋਤੇ ਦੀ ਬੀਬੀ ਦਰਸ਼ਣ ਕੌਰ) ਸਿਰਫ ਇੱਕ ਵੋਟ ਦੇ ਫਰਕ ਨਾਲ਼ ਜਿੱਤੀ। ਅਖ਼ਬਾਰਾਂ 'ਚ ਚਾਚੀ ਦੀ ਸਿਰ ਢੱਕਿਆ ਆਲ਼ੀ ਫੋਟੋ ਛਪੀ। ਖਬਰ ਸੀ "ਬੜੇ ਸਖ਼ਤ ਮੁਕਾਬਲੇ 'ਚ ਸਰਪੰਚਣੀ ਬਣੀ ਦਰਸ਼ਣ ਕੌਰ।" ਸਾਡੇ ਟੱਬਰ ਲਈ ਅਖ਼ਬਾਰ 'ਚ ਛਪਣਾ ਬੜੇ ਫ਼ਕਰ ਦੀ ਗੱਲ ਸੀ। ਇਸ ਤੋਂ ਵੀ ਕਮਾਲ ਮਹੀਨੇ ਬਾਅਦ ਹੋਇਆ, ਜਦੋਂ ਇੱਕ ਰਹਿੰਦੇ ਪੰਚ ਦੀਆਂ ਵੋਟਾਂ ਪਈਆਂ। ਉਹ ਵੀ ਅਸੀਂ ਇੱਕ ਵੋਟ ਨਾਲ਼ ਈ ਜਿੱਤੇ। ਜਿੰਨੀਆਂ ਸਰਪੰਚੀ ਵੇਲ਼ੇ ਵੋਟਾਂ ਪੋਲ ਹੋਈਆਂ, ਓਨੀਆਂ ਈ ਪੰਚੀ ਵੇਲ਼ੇ, ਨਾ ਇੱਕ ਵੋਟ ਵੱਧ, ਨਾ ਘੱਟ। ਚਾਚੀ ਫੇਰ ਛਪ ਗੀ' ਅਖ਼ਬਾਰ 'ਚ। ਪਰ ਹੁਣ ਫੋਟੋ ਥੋੜ੍ਹੀ ਮਾਡਰਨ ਸੀ। ਚੁੰਨੀ ਵੀ ਗਲ਼ 'ਚ ਤੇ ਥੋੜ੍ਹੀ ਸਟਾਇਲ 'ਚ।

ਚਾਚੀ ਨੂੰ ਛਪਾਉਣ ਜੋਗੀ ਕਰਨ 'ਚ ਜਿੰਨੀ ਇੱਕ ਪਾਸੇ ਪਾਰਟੀ ਦੀ ਮਿਹਨਤ ਸੀ। ਉਸ ਤੋਂ ਜਿਆਦਾ 'ਕੱਲੇ ਬਾਪੂ ਜੀ ਦਾ ਯੋਗਦਾਨ ਸੀ। ਬਾਪੂ ਜੀ ਦਾ ਵਿਰੋਧੀ ਨੂੰ ਦਿਲੋਂ ਮਾਫ ਕਰਨ ਦਾ ਗੁਣ ਈ ਘੋਲੇ ਚਾਚੇ ਕੀਆਂ 35 ਵੋਟਾਂ, ਜਿਹੜੀਆਂ ਦੂਜੀ ਪਾਰਟੀ ਦੀਆਂ ਪੱਕੀਆਂ ਸਨ। ਸਾਨੂੰ ਪੈ ਗਈਆਂ। ਉਸਦੇ ਭਰਾ ਮਾੜ੍ਹੂ ਨੇ ਦੋਵੇਂ ਪਾਰਟੀਆਂ ਦੇ ਮੁਖੀਆਂ ਨੂੰ ਜਮਾਂ ਦੋ ਟੁੱਕ ਜਵਾਬ ਦੇਣ ਵਾਂਗੂ ਕਹਿਤਾ ਸੀ, "ਸਾਡੀਆਂ ਸਾਰੀਆਂ ਵੋਟਾਂ ਸ਼ੇਰ ਦੀਆਂ ਨੇ, ਉਹ ਜੀਹਨੂੰ ਮਰਜ਼ੀ ਪਵਾਏ।" ਸਾਰੇ ਹੈਰਾਨ ਹੋ ਕੇ ਦੇਖਣ, ਸਾਡੇ ਆਲ਼ੇ ਸਭ ਤੋਂ ਵੱਧ ਹੈਰਾਨ ਕਿ ਇਹ ਕੀ ਭਾਣਾ ਵਰਤ ਗਿਆ।

ਅਸਲ 'ਚ ਬਾਪੂ ਜੀ ਨੇ ਘੋਲੇ ਚਾਚੇ ਦੀ ਘਰਵਾਲ਼ੀ ਨੂੰ ਮਨ੍ਹਾਂ ਕਰਤਾ ਸੀ ਕਿਸੇ ਨੂੰ ਦੱਸਣ ਲਈ। ਕਹਿੰਦੇ ਮੈਂ ਕੋਈ ਅਹਿਸਾਨ ਨ੍ਹੀਂ ਕੀਤਾ। ਲੋਕ ਆਮ ਈ ਕਰ ਦਿੰਦੇ ਨੇ ਐਨਾ ਕੁ ਤਾਂ।

***

ਓਦੋਂ ਮੈਂ ਗਿਆਰਵੀਂ 'ਚ ਪੜਦਾ ਹੋਊਂ। ਸਾਡੇ ਟੂਰਨਾਮੈਂਟ ਸੀ ਪਟਿਆਲੇ ਪੋਲੋ ਗਰਾਊਂਡ 'ਚ...। ਖੇਡਾਂ ਸ਼ੁਰੂ ਹੋਣ ਤੋਂ ਦੋ ਦਿਨ ਪਹਿਲਾਂ ਮੈਂ ਪਿੰਡ ਆਇਆ ਸੀ। ਬਾਪੂ ਜੀ ਕੋਲ਼

ਪੱਖੇ ਮੂਹਰੇ ਮਾੜੂ ਚਾਚਾ (ਘੋਲੇ ਦਾ ਭਰਾ) ਬੈਠਾ ਤੇ ਓਟੀਏ ਓਹਲੇ ਬੀਬੀ ਕੋਲ਼ ਘੋਲੇ ਦੀ ਘਰਵਾਲ਼ੀ। ਉਹਨੇ ਚੁੰਨੀ ਦਾ ਲੜ ਮੂੰਹ 'ਚ ਘੁੱਟਿਆ ਹੋਇਆ ਸੀ, ਹੰਝੂ ਖੁੱਲ੍ਹੇ ਛੱਡੇ ਹੋਏ ਸਨ। ਜਿਹੜੇ ਉਹਦੀਆਂ ਗੱਲ੍ਹਾਂ ਨੂੰ ਵਾਰ-ਵਾਰ ਗਿੱਲਾ ਕਰਦੇ ਵਹਿੰਦੇ, ਤੇ ਫੇਰ ਸਾਫ਼ ਹੋ ਜਾਂਦੇ, ਜਦੋਂ ਦੂਜੇ ਹੱਥ ਨੂੰ ਚਾਚੀ ਆਪਣੇ ਮੂੰਹ 'ਤੇ ਫੇਰਦੀ। ਇਹ ਦ੍ਰਿਸ਼ ਮੇਰੇ ਹੂ-ਬ-ਹੂ ਯਾਦ ਹੈ।

ਮੈਂ ਸੱਤ ਸ੍ਰੀ ਅਕਾਲ ਬੁਲਾਈ ਤੇ ਬੈਗ ਅੰਦਰ ਰੱਖਤਾ, ਜੀਤੀ ਦੇ ਵਾਲ਼ ਜਿਹੇ ਖਿੱਚ ਕੇ ਚੁੱਲ੍ਹੇ ਮੂਹਰੇ ਆ ਬੈਠਾ।

ਬਾਪੂ ਜੀ ਕਹਿੰਦੇ, "ਓਏ ਘੁਮਾਰਾ, ਕੱਲ੍ਹ ਨੂੰ ਤੇਰੇ ਮਾੜੂ ਚਾਚੇ ਨਾਲ਼ ਜਾ ਕੇ ਖ਼ੂਨ ਕਢਵਾ ਕੇ ਦੇਈਂ, ਪਟਿਆਲ਼ੇ।"

"ਕੋਈ ਨਾ ਦੇ ਦੂੰਗਾ ਪਰ ਕੀ ਹੋ ਗਿਆ।" ਮੈਂ ਜਵਾਬ 'ਚ ਕੀਤੀ ਹਾਂ ਦੇ ਨਾਲ਼ ਸਵਾਲ ਵੀ ਕਰਤਾ ਸੀ।

ਬਾਪੂ ਜੀ ਅਜੇ ਬੋਲਣ ਈ ਲੱਗੇ ਸਨ, ਚਾਚੀ ਰੋਂਦੀ-ਰੋਂਦੀ ਬੋਲੀ, "ਕੁਛ ਨ੍ਹੀਂ ਪੁੱਤ ਕਾਲ਼ੇ... ਤੇਰੇ... ਚਾਚੇ... ਨੂੰ 'ਦੂਆ' (ਕੈਂਸਰ) ਹੋ ਗਿਆ ......।" ਉਹ ਦੱਸਦੀ-ਦੱਸਦੀ ਰੋਣ ਲੱਗ ਪਈ।

"ਉਹਨੂੰ ਬੇਚਾਰੇ ਨੂੰ 'ਦੂਆ' ਹੋ ਗਿਆ। ਬੇਚਾਰਾ ਦਾਖਲ ਐਂ, ਜਿੰਦਰਾ ਹਸਪਤਾਲ 'ਚ... ਖ਼ੂਨ ਦੀ ਘਾਟ ਐ।" ਬੀਬੀ ਨੇ ਮੌਕਾ ਸੰਭਾਲ਼ਦੇ ਹੋਏ ਗੱਲ ਪੂਰੀ ਕਰੀ। ਲੱਗਦੇ ਹੱਥ ਬਾਪੂ ਜੀ ਨੂੰ ਮੋੜਵਾਂ ਹੱਲ ਵੀ ਦੇਤਾ, "ਇਹਦੀਆਂ ਤਾਂ ਜੀ ਖੇਲ੍ਹਾਂ ਨੇ ਸੋਮਵਾਰ, ਖ਼ੂਨ .. ਤੂੰ ਈ ਦੇ ਦੇ।"

ਬੀਬੀ ਨੇ ਕੱਚੇ ਦੁੱਧ ਦਾ ਗਿਲਾਸ ਚਾਚੀ ਨੂੰ ਫੜਾਇਆ ਪਰ ਉਹਨੇ ਪੀਤਾ ਨਾ, ਫੜ ਕੇ ਕੋਲ਼ ਰੱਖ ਲਿਆ।

ਬਾਪੂ ਜੀ ਕਹਿੰਦੇ, "ਠੀਕ ਐ ਮਾੜੂ, ਮੈਂ ਚੱਲੂੰ ਤੜਕੇ।" ਉਹ ਉੱਠ ਕੇ ਤੁਰਪੇ। ਬੀਬੀ ਉਹਨਾਂ ਨੂੰ ਜਾਂਦੇ-ਜਾਂਦੇ ਹੌਸਲਾ ਦੇ ਰਹੀ ਸੀ। ਜਦੋਂ ਉਹ ਚਲੇ ਗਏ ਤਾਂ, "ਇਹ ਆਪਣੇ ਕੰਨੀ ਕਿਵੇਂ" ਮੈਂ ਪੁੱਛਿਆ। "ਬੇਚਾਰੇ ਸਾਰੇ ਪਿੰਡ 'ਚ ਹੋ ਆਏ, ਕਿਸੇ ਨੇ ਹਾਮੀ ਨ੍ਹੀਂ ਭਰੀ, ਤਾਂ ਮਜਬੂਰ ਹੋ ਕੇ ਆਪਣੇ ਕੋਲ਼ ਆਏ ਨੇ।" ਬੀਬੀ ਨੇ ਸਮਝਾਇਆ ਕਿ ਲੋਕ ਉਸਦੀ ਬਿਮਾਰੀ ਕਰਕੇ ਵਹਿਮ ਕਰਦੇ ਹਨ।

ਮੈਨੂੰ ਬਹੁਤ ਹੈਰਾਨ ਕਰਦੀ ਸੀ ਬਾਪੂ ਜੀ ਦੀ ਇਹ ਗੱਲ ਕਿ ਉਹ ਮੁਆਫ਼ ਕਿਵੇਂ ਕਰ ਦਿੰਦੇ ਸੀ ਵਿਰੋਧੀ ਨੂੰ। ਸੋਚਦਾ ਹਾਂ ਦਾਰਸ਼ਨਿਕ ਤਾਂ ਇਹੋ ਜਿਹੇ ਫਲਸਫੇ ਦਿੰਦੇ ਹੋਣਗੇ, ਲਿਖਦੇ ਹੋਣਗੇ। ਪਰ ਬਾਪੂ ਜੀ ਤਾਂ ਜਿਉਂਦੇ ਸੀ ਇਨ੍ਹਾਂ ਫਲਸਫਿਆਂ ਨੂੰ।

"ਆਏਂ ਕਿਤੇ ਮੋੜ ਹੁੰਦਾ, ਘਰੇ ਆਏ ਨੂੰ। ਨਾਲ਼ੇ ਵੀਹ ਗੱਲਾਂ ਹੋ ਜਾਂਦੀਆਂ ਨੇ। ਘੋਲਾ ਪਿੰਡ ਦਾ ਬੰਦਾ। ਸਾਡੇ ਨਾਲ਼ ਖੇਡਿਆ ਛੋਟਾ ਹੁੰਦਾ। ਇਹਦੇ ਬਜੁਰਗਾਂ ਨੇ ਬਥੇਰਾ ਕੰਮ ਕਰਿਆ ਆਪਣੇ ਖੇਤਾਂ 'ਚ।" ਕਹਿ ਕੇ ਉਹ ਰੋਟੀ ਖਾਣ ਲਈ ਠੀਕ ਜਿਹੇ ਹੋ ਗੇ'। ਓਦੋਂ ਮੈਨੂੰ ਇਹ ਗੱਲ

ਬੜੀ ਵੱਡੀ ਨ੍ਹੀਂ ਸੀ ਲੱਗੀ। ਪਰ ਹੁਣ ਆਪਦੀ ਖੁਦਗਰਜ਼ੀ ਦੇਖ ਕੇ ਬਾਪੂ ਜੀ 'ਤੇ ਬਹੁਤ ਫ਼ਖ਼ਰ ਹੁੰਦੈ।

ਪਿੰਡ 'ਚ ਬੜੀ ਚਰਚਾ ਹੋਈ, ਸਾਧੂ ਬਾਬੇ ਹੋਰੀਂ ਗੱਲਾਂ ਕਰਦੇ ਬਈ, "ਸ਼ੇਰ ਨ੍ਹੀਂ ਬਣਨਾ ਕਿਸੇ ਨੇ, ਸ਼ੇਰ ਤਾਂ ਸ਼ੇਰ ਈ ਹੁੰਦੈ। ਜੰਗਲ ਆਲ਼ਾ ਵੀ ਤੇ ਬੰਦਿਆਂ 'ਚੋਂ ਦੀ ਇਹ ਕਾਲ਼ੇ (ਮੰਗੇ) ਦਾ ਬਾਪੂ ਵੀ... ।"

ਬੇਸ਼ੱਕ ਘੋਲਾ ਚਾਚਾ ਜਿਆਦਾ ਸਮਾਂ ਨਾ ਕੱਟਦਾ ਹੋਇਆ ਸਾਲ ਦੇ ਅੰਦਰ-ਅੰਦਰ ਈ ਅਕਾਲ ਚਲਾਣਾ ਕਰ ਗਿਆ। ਪਰ ਆਪਦੇ ਟੱਬਰ ਨੂੰ ਜਿਵੇਂ ਰਿਣੀ ਬਣਾ ਗਿਆ ਸਾਡੇ ਪਰਵਾਰ ਦਾ। ਹੁਣ ਤੱਕ ਵੀ ਬਹੁਤ ਸਤਿਕਾਰ ਦਿੰਦੇ ਨੇ। ਕੋਈ ਚੋਣ ਹੋਵੇ ਪਿੰਡ ਦੀ, ਵਿਧਾਨ ਸਭਾ ਦੀ, ਜਾਂ ਕੋਈ ਹੋਰ, ਸਾਫ ਕਹਿ ਦਿੰਦੇ ਨੇ ਕਿ ਜਿੱਥੇ ਸ਼ੇਰ ਦਾ ਮੁੰਡਾ ਕਹੂ, ਉਹਨੂੰ ਪਾਵਾਂਗੇ। ਉਹਦਾ ਵੱਡਾ ਮੁੰਡਾ ਡੰਗਰਾਂ ਦਾ ਡਾਕਟਰ ਬਣ ਗਿਆ ਏ। ਬਹੁਤ ਮੱਦਦ ਕਰਦਾ ਏ, ਵੱਡੀ ਭੈਣ ਦੇ ਸਹੁਰੇ ਡੰਗਰਾਂ ਦੇ ਇਲਾਜ ਦੇ ਕਦੇ ਬੇਚਾਰੇ ਨੇ ਪੈਸੇ ਨ੍ਹੀਂ ਲਏ।

***

ਬੀਬੀ ਤੇ ਬਾਪੂ ਜੀ ਦਾ ਬਹੁਤ ਵੱਡਾ ਪ੍ਰਭਾਵ ਐ ਮੇਰੀ ਸਖਸ਼ੀਅਤ ਉੱਤੇ, ਜਿਹੜਾ ਮੈਂ ਮਾੜਾ ਮੋਟਾ ਬੰਦਿਆਂ 'ਚ ਆਉਂਦਾ ਹਾਂ। ਨਹੀਂ ਤਾਂ ਜਿੰਨਾ ਅੱਥਰਪੁਣਾ ਕੁਦਰਤ ਨੇ ਮੇਰੇ 'ਚ ਪਾਇਆ, ਮੈਂ ਕਦੋਂ ਦਾ ਖਤਾ ਖਾ ਜਾਂਦਾ। ਮੇਰਾ ਸਮਾਜ ਪ੍ਰਤੀ ਜੋ ਪ੍ਰੇਮ ਪਿਆਰ ਆਲ਼ਾ ਨਜ਼ਰੀਆ ਹੈ, ਇਹ ਮੇਰੇ ਮਾਂ-ਪਿਓ ਤੋਂ ਸਿੱਧਾ ਦਾਖਲ ਹੋਇਆ। ਇਸੇ ਨੇ ਮੇਰੇ ਵਿਚਲੇ ਤੱਤੇ ਤੱਤਾਂ ਨੂੰ ਠੰਡਾ ਕਰੀ ਰੱਖਿਐ। ਨਹੀਂ ਤਾਂ ਸਮਾਜ ਲਈ ਨੁਕਸਾਨਦਾਇਕ ਈ ਹੁੰਦੇ ਨੇ ਮੇਰੇ ਵਰਗੇ।



ਚੋਰ ਗਿਰੋਹ ਅਤੇ ਚਾਦਰ ਵੱਟ

ਰਾਂਚੀ ਨੂੰ ਨੈਸ਼ਨਲ ਗੇਮਜ਼ ਲਈ ਜਾਂਦੇ ਹੋਏ, ਅਸੀਂ ਦਿੱਲੀ ਬੰਗਲਾ ਸਾਹਿਬ ਮੱਥਾ ਟੇਕਣ ਚਲੇ ਗਏ। ਘੁੰਮਦੇ ਘੁੰਮਾਉਂਦੇ ਕਰੀਬ ਦਸ ਵਜੇ ਨੂੰ ਵਾਪਸ ਆਏ। ਸਟੇਸ਼ਨ ਦੇ ਆਰਾਮ ਘਰ 'ਚ ਬੇਆਰਾਮੀ ਕੱਟਣ ਲੱਗ ਪੇ'। ਬੇਆਰਾਮੀ ਇਸ ਕਰਕੇ ਕਿਹਾ ਕਿਉਂਕਿ ਉੱਥੇ ਜਗ੍ਹਾ ਸਾਡੇ ਦੇਸ਼ ਵਾਂਗੂ ਘੱਟ ਐ ਤੇ ਯਾਤਰੀ ਜ਼ਿਆਦਾ ਨੇ। ਅਸੀਂ ਅੱਠ-ਨੌਂ ਘੰਟਿਆਂ ਬਾਅਦ ਸਵੇਰੇ ਜਾ ਕੇ ਗੱਡੀ ਚੜ੍ਹਨਾ ਸੀ। ਭੀੜ ਜ਼ਿਆਦਾ ਸੀ। ਢੂੰਹੀ ਮਸਾਂ ਈ ਫਸ-ਫਸ ਕੇ ਸਿੱਧੀ ਹੁੰਦੀ। ਮੇਰੀ ਅੱਖ ਗੋਲੂ ਦੇ ਬੈਗ 'ਤੇ ਪਈ, ਫੇਰ ਮੇਰੇ ਯਾਰਾਂ ਨਾਲ਼ ਰਲ਼ੀ, ਗੀਤੀ ਅਤੇ ਟਿਵਾਣੇ ਨੂੰ ਵੀ ਚੋਰੀ ਦਾ ਖਾਣ 'ਚ ਬਹੁਤ ਮਜ਼ਾ ਆਉਂਦਾ ਸੀ। ਗੀਤੀ ਬਹੁਤ ਚਲਾਕ ਸੀ ਸਾਡੇ ਤੋਂ ਖੋਏ ਦੀਆਂ ਪਿੰਨੀਆਂ ਲਕੋ ਲੈਂਦਾ ਅਤੇ ਟੁੱਟੇ-ਭੁੱਟੇ ਜਿਹੇ ਬਿਸਕੁਟ ਸਾਰਿਆਂ ਨੂੰ ਤੁਰਨ ਲੱਗੇ ਈ ਖਵਾ ਦਿੰਦਾ। ਤਾਂ ਜੋ ਸਾਰੇ ਸਮਝਣ ਕਿ ਇਹਦੇ ਕੋਲ਼ ਹੁਣ ਕੁਝ ਨ੍ਹੀਂ। ਊਂ ਵੀ ਅਸੀਂ ਆਪਣਾ ਨਿੱਕ-ਸੁੱਕ ਤਾਂ ਪਾਣੀਪਤ ਤੱਕ ਖ਼ਤਮ ਕਰਕੇ ਹੀ ਪਾਣੀ ਦੀ ਘੁੱਟ ਪੀ ਲਈ ਸੀ।

ਅਸੀਂ ਤਿੰਨੋਂ ਜਣੇ ਕਦੋਂ ਦੇ ਬਿੱਲੇ ਝਾਕ 'ਚ ਸੀ। ਬਸ ਗੋਲੂ ਈ ਜ਼ਿਆਦਾ ਚਲਾਕ ਹੋਣ ਕਰਕੇ ਸਾਡੇ ਸੂਤ ਨ੍ਹੀਂ ਸੀ ਆ ਰਿਹਾ। ਜਦੋਂ ਬੰਦਾ ਲਕੋ ਰਿਹਾ ਹੁੰਦਾ, ਫੇਰ ਸਾਨੂੰ ਜ਼ਿਆਦਾ ਮਜ਼ਾ ਆਉਂਦਾ ਚੋਰੀ ਕਰਨ ਦਾ। ਵੈਸੇ ਵੀ ਭਾਦਸੋਂ ਤੋਂ ਪਟਿਆਲ਼ੇ ਨੂੰ ਤੁਰਨ ਵਕਤ, ਗੋਲੂ ਨੇ ਮੈਨੂੰ ਗੋਲ਼-ਗੋਲ਼ ਪਿੰਨੀਆਂ ਦਾ ਸਵਾਦ ਚਖਾਤਾ ਸੀ। ਧਰਮ ਨਾਲ਼ ਹੈ ਈ ਬਹੁਤ ਸਵਾਦ ਸਨ ਨਿਰੀਆਂ ਖੋਏ ਦੀਆਂ। ਗੀਤੀ ਤੇ ਟਿਵਾਣੇ ਨੂੰ ਮੈਂ ਦੱਸਤਾ ਸੀ। ਉਹ ਤਾਂ ਹਲ਼ਕੇ ਪਏ ਸੀ ਪਿੰਨੀਆਂ ਖਾਣ ਨੂੰ।

ਮੈਨੂੰ ਤਾਂ ਸਿਰਫ਼ ਜਗ੍ਹਾ ਦੀ ਤੰਗੀ ਸੀ। ਪਰ ਗੋਲੂ ਨੂੰ ਇੱਕ ਹੋਰ ਡਰ ਵੀ ਸਤਾਉਂਦਾ ਸੀ। ਉਹਨੇ ਬੈਗ ਦੀ ਜ਼ਿੱਪ ਨੂੰ ਛੋਟੀ ਜਿਹੀ ਜ਼ਿੰਦੀ ਲਗਾਤੀ, ਸਿਰਹਾਣਾ ਵੀ ਬੈਗ ਦਾ ਈ ਬਣਾ ਲਿਆ। ਉਹਨੂੰ ਗੀਤੀ ਤੇ ਟਿਵਾਣੇ 'ਤੇ ਤਾਂ ਪੂਰਾ ਸ਼ੱਕ, ਪਰ ਮੇਰੇ 'ਤੇ ਘੱਟ ਸੀ। ਸ਼ਾਇਦ ਪਿੰਡਾਂ ਦੇ ਨੇੜੇ ਹੋਣ ਕਰਕੇ। ਊਂ ਵੀ ਉਹ ਮੈਨੂੰ ਪਿਆਰ ਕਰਦਾ ਸੀ।

ਗੀਤੀ ਨੇ ਮੈਨੂੰ ਬਾਹਰ ਆਉਣ ਦੀ ਸੈਨਤ ਮਾਰੀ। ਉਹ ਦੋਵੇਂ ਜਣੇ ਮੂੰਹ ਕੋਲ਼ ਮੂੰਹ ਕਰਕੇ, ਉਡੀਕ ਘਰ ਦੀ ਕੰਧ ਕੋਲ਼ ਬਾਹਰਲੇ ਪਾਸੇ ਬੈਠ ਗੇ। ਹੌਲ਼ੀ ਕੁ ਦੇਣੇ ਜਮਾਂ ਇੱਕੋ ਲੈਅ 'ਚ ਬੋਲੇ, "ਓਏ ਉੜਤਾ ਜਿਆ, ਤੂੰ ਕਿਉਂ ਫਸੀ ਜਾਨੈਂ ਉਹਦੇ 'ਚ, ਫੇਰ ਡੁਲਜ ਨੇ ਪਿੰਨੇ, ਉਹਨੂੰ ਤੇਰੇ ਲੰਗਾਏ ਨੂੰ ਸੈਟ ਨੂੰ ਜਗ੍ਹਾ ਤਾਂ ਛੱਡ, ਫੇਰ ਈ ਘੁਰਾੜ੍ਹੇ ਛੱਡੂ ਓਹ...।"

ਹੋਈ ਵੀ ਐਵੇਂ ਈ। ਦਸਾਂ ਕੁ ਮਿੰਟਾਂ 'ਚ ਗੋਲੂ, ਗੋਲ਼ ਜਿਆ ਹੋਇਆ ਘੂਕ ਸੌਂ ਗਿਆ। ਅਸੀਂ ਚੋਰ-ਚੋਰ 'ਚ ਉਹਦੇ ਕੋਲ਼ ਪੁੱਜੇ, ਗੀਤੀ ਨੇ ਮੱਲਕ ਦੇਣੇ ਗੋਲੂ ਦੇ ਸਿਰ ਥੱਲੇ ਹੱਥ ਨਾਲ਼ ਸਹਾਰਾ ਜਿਆ ਦੇਤਾ। ਟਿਵਾਣੇ ਨੇ ਪਲੈਨ ਮੁਤਾਬਕ ਜਿਉਂ ਈ ਬੈਗ ਬਾਹਰ ਕੱਢਿਆ, ਮੈਂ

ਆਪਣੇ ਕੋਲ਼ੋਂ ਪਿਆ ਦੂਜਾ ਬੈਗ ਉਹਦੇ ਸਿਰ ਥੱਲੇ ਰੱਖਤਾ। ਗੋਲੂ ਜਾਗ ਪਿਆ, ਪਰ ਫੇਰ ਸੌਂ ਗਿਆ। ਇੱਕ ਵਾਰ ਤਾਂ ਅਸੀਂ ਡਰਗੇ। ਦੇਖਿਆ ਤਾਂ ਸਾਨੂੰ ਹੋਰ ਕਿਸੇ ਨੇ ਵੀ ਹੋਊ, ਪਰ ਖੋ-ਖੋ ਆਲ਼ਾ ਸੌਨਾ ਤਾਂ, ਜਿਵੇਂ ਚੋਰਾਂ ਨੂੰ ਮੋਰ ਪੈਂਦੇ ਹੁੰਦੇ ਨੇ, ਸਾਡੇ ਵੱਲ ਦੇਖ ਉਂਗਲੀ ਦੇ ਨਾਲ਼-ਨਾਲ਼ ਸਿਰ ਵੀ ਹਿਲਾਈ ਜਾਵੇ। ਮੈਂ ਉਹਨੂੰ ਬੁੱਲ੍ਹਾਂ 'ਤੇ ਉਂਗਲ ਰੱਖ ਕੇ ਚੁੱਪ-ਚਾਪ ਬਾਹਰ ਆਉਣ ਦਾ ਇਸ਼ਾਰਾ ਕੀਤਾ। ਅਸੀਂ ਦੱਬੂ ਜਿਹੀਆਂ ਦੋ ਡਿੰਗਾਂ ਕੀਤੀਆਂ, ਬਾਹਰ ਪਏ ਬੈਂਚ ਉੱਤੇ ਉਸ ਉਡੀਕ ਦੀ ਸਮਾਪਤੀ ਕੀਤੀ, ਜਿਸ ਦੀ ਉਡੀਕ ਕਰਨੀ ਬਹੁਤ ਔਖੀ ਹੋ ਰਹੀ ਸੀ। ਪਿੰਨੀਆਂ ਐਨੀਆਂ ਸਵਾਦ ਸਨ ਕਿ ਅਸੀਂ ਸਪੰਜੀ ਰੱਸ ਗੁੱਲਿਆਂ ਵਾਂਗੂ ਬਿਨਾਂ ਚੱਬੇ ਈ ਭੰਮ ਗੇ। ਚੋਰਾਂ ਨੂੰ ਪਿਆ ਮੋਰ, ਜਣੀ ਸੌਨਾ.... ਸਾਡੇ ਬੁਲਾਉਣ 'ਤੇ ਵੀ ਨਾ ਆਇਆ।

ਜਦੋਂ ਅਸੀਂ ਦੂਜੇ ਦਿਨ ਪੁੱਛਿਆ, ਤਾਂ ਕਹਿੰਦਾ, "ਨਾ ਓ ਭਾਅ ਜੀ, ਜੇ ਗੋਲੂ ਭਾਅ ਜੀ ਨੂੰ ਪਤਾ ਲੱਗ ਜਾਂਦਾ... ਕਬੱਡੀ ਆਲਿਆਂ 'ਚ ਤਾਂ ਜਾਨ ਵੀ ਬਹੁਤ...।"

ਜਦੋਂ ਗੱਡੀ 'ਚ ਜਾਂਦਿਆਂ ਨੇ ਚਾਹ ਪੀਣ ਸਮੇਂ ਆਪਣਾ-ਆਪਣਾ ਖਾਣ ਦਾ ਸਮਾਨ ਕੱਢਿਆ, ਤਾਂ ਗੋਲੂ ਦੀਆਂ ਗੋਲ਼-ਗੋਲ਼ ਗੱਲ੍ਹਾਂ ਲਾਲ ਹੋ ਗਈਆਂ। ਉਹਨੇ ਮੈਨੂੰ ਕਚੀਚੀਆਂ ਸੌਹਾਂ-ਖਵਾਈਆਂ ਕਿ ਦੱਸ ਦੇ ਕੀਹਨੇ ਖਾਧੀਆਂ ਨੇ। ਆਪਾਂ ਵੀ ਸੌਹਾਂ ਆਲ਼ੀ ਝੜੀ ਲਾ 'ਤੀ, ਨਾ ਕੁਟੀ ਆਲ਼ੇ ਬਾਬਿਆਂ ਤੋਂ ਲੈ ਕੇ ਕੋਈ ਪੀਰ-ਪੈਗੰਬਰ ਨ੍ਹੀਂ ਬਖ਼ਸ਼ਿਆ। ਵੈਸੇ ਹੋਰ ਕਿਸੇ ਦੀ ਚੀਜ਼ ਹੁੰਦੀ ਦੱਸ ਵੀ ਦਿੰਦੇ, ਗੋਲੂ ਜਾਨ 'ਚ ਤਕੜਾ ਸੀ। ਡਰਦੇ ਮਾਰੇ ਚੁੱਪ ਈ ਰਹੇ। ਗੋਲੂ ਲੂਹਰੀਆਂ ਦਿੰਦਾ ਫਿਰੇ। ਗੀਤੀ ਆਲ਼ਾ ਬੈਗ ਤਾਂ ਉਹਨੇ ਤਿੰਨ ਵਾਰ ਫਰੋਲ਼ਿਆ। ਉਹਨੂੰ ਇਹ ਸੀ, ਬਈ ਸਾਰੀਆਂ ਪਿੰਨੀਆਂ ਇੱਕ ਜਣੇ ਨੇ ਖਾਧੀਆਂ ਨ੍ਹੀਂ ਹੋਣੀਆਂ। ਆਪਣੀ ਜਾਣ 'ਚ ਉਹ ਸਹੀ ਸੋਚ ਰਿਹਾ ਸੀ। ਆਖ਼ਰਕਾਰ ਦੋ-ਢਾਈ ਕਿੱਲੋ ਨਿਰਾ ਖੋਆ ਇੱਕੋ ਹੱਲੇ 'ਚ, ਇੱਕ ਬੰਦੇ ਲਈ ਖਾਣਾ ਸੌਖਾ ਕੰਮ ਨ੍ਹੀਂ...। ਪਰ ਉਹਨੂੰ ਕੀ ਪਤਾ ਸੀ ਬਈ, ਇਹ ਚੋਰ ਗਿਰੋਹ ਕਿੰਨਾਂ ਤਜ਼ਰਬੇਕਾਰ ਐ। ਖ਼ੈਰ!

ਅਸੀਂ ਰਾਂਚੀ ਆਪਣੀ ਮੰਜ਼ਲ 'ਤੇ ਪਹੁੰਚ ਗੇ ਸੀ। ਸਮਾਨ ਅੰਦਰ ਰੱਖਤਾ ਤੇ ਫੇਰ ਬਾਹਰ ਚੌਂਕ 'ਚ ਆ ਗੇ। ਟਿਵਾਣਾ ਮੈਨੂੰ ਕਹਿੰਦਾ, "ਏਧੀਂ ਕਿਤੇ ਖੇਰੀ ਨੂੰ ਨਾ ਦੱਸਦੀਂ। ਉਹਦੇ ਨ੍ਹੀਂ ਪਚਣੀ ਢਿੱਡ 'ਚ। ਫੇਰ ਗੋਲੂ ਦਾ ਤੈਨੂੰ ਪਤਾ ਈ ਐ।" ਕੋਲ਼ ਖੜ੍ਹਾ ਸੰਗਤ ਚਮਕੌਰੀਆ ਸੁਣ ਰਿਹਾ ਸੀ। ਅਸੀਂ ਉਹਤੋਂ ਪਾਸਾ ਜਿਆ ਵੱਟ ਕੇ ਅਗਾਂਹ ਨੂੰ ਹੋ ਤੁਰੇ। ਹੁਣ ਖਾਣ-ਸੂਰਿਆਂ ਨੇ ਖਾਣ ਪੀਣ ਦੀ ਗੱਲ ਈ ਕਰਨੀ ਸੀ। ਇੱਕ ਦੁਕਾਨਦਾਰ ਨੂੰ ਟੁੱਟੀ-ਭੱਜੀ ਹਿੰਦੀ 'ਚ ਕਿਸੇ ਖ਼ਾਸ ਪਕਵਾਨ ਬਾਰੇ ਪੁੱਛਿਆ ਕਿ ਐਥੇ ਸਭ ਤੋਂ ਵੱਧ ਕਿਹੜੀ ਮਸ਼ਹੂਰ ਚੀਜ਼ ਐ? ਉਹਨੇ ਕਿਲੋ ਕੁ ਮੀਟਰ 'ਤੇ ਚਾਰ-ਪੰਜ ਮੋੜ, ਗਲ਼ੀਆਂ ਸਮਝਾ ਕੇ ਤੋਰਤਾ, ਅਸੀਂ ਤੁਰ ਪੇ'। ਖਾਣ ਦੀ ਚੀਜ਼ ਸੀ ਕੜ੍ਹਿਆ ਹੋਇਆ ਦੁੱਧ। ਉਹ ਵੀ ਮੋਟੀ ਤਵੀ ਉੱਤੇ। ਜਿਵੇਂ ਈ ਕੁਲਫ਼ੀਆਂ ਆਲ਼ਿਆਂ ਕੋਲ਼ ਹੁੰਦੀ ਐ। ਦੁਕਾਨ ਦਾ ਨਾਮ ਸੀ 'ਮੁਹਿਤਾਰ ਸਵੀਟ ਸ਼ਾਪ'। ਦੁੱਧ... ਉਹ ਵੀ ਕੜ੍ਹਿਆ ਹੋਇਆ,

ਤਿੰਨੋਂ ਜਣਿਆਂ ਦੀਆਂ ਨਾਲ਼ਾਂ ਗਿਰਦੀਆਂ ਜਾਣ।

ਨਓ ਜੀ ਅਸੀਂ ਪੁੱਛ-ਪੁਛਾਕੇ ਪੁੱਜ ਗੇ' ਉੱਥੇ...। ਲੱਗ ਪੇ' ਖਾਣ, ਦੁੱਧ ਦੀ ਮਲ਼ਾਈ ਜਿਆਦਾ ਕੜ੍ਹੀ ਹੋਈ ਹੋਣ ਕਰਕੇ ਬਹੁਤ ਸਵਾਦ ਸੀ। ਗੋਲੂ ਆਲ਼ੇ ਖੋਏ ਦੀ ਯਾਦ ਦਿਵਾ ਰਹੀ ਸੀ। ਫੇਰ ਅਸੀਂ ਲੜ ਪੇ'। ਜਮਾਂ ਮਾੜੀ ਜਿਹੀ ਗੱਲ ਪਿੱਛੇ। ਲੜੇ ਵੀ ਉਸ ਪਿਛੇ ਜੀਹਨੂੰ ਸਾਡੀ ਯਾਦ ਚੇਤੇ ਵੀ ਨ੍ਹੀਂ ਹੋਣੀ। ਅਸਲ 'ਚ ਕੜ੍ਹੀ ਹੋਈ ਮਲ਼ਾਈ ਆਲ਼ਾ ਦੁੱਧ ਪੀਂਦੇ-ਪੀਂਦੇ ਟਿਵਾਣਾ ਕਹਿੰਦਾ, "ਮਲ਼ਾਈ ਦਾ ਰੰਗ ਜਮਾਂ ਸੰਦੀਪ ਵਰਗੈ।" ਮੈਂ ਖਿਝ ਗਿਆ। ਉਹਨੇ ਕਿਹਾ ਈ ਮੈਨੂੰ ਖਿਝਾਉਣ ਵਾਸਤੇ ਸੀ। ਮੈਨੂੰ ਉਸ ਹਰੇਕ ਉੱਤੇ ਗੁੱਸਾ ਆਉਂਦਾ ਜੋ 'ਉਸ ਘੜਘੁੱਲੋ ਵਰਗੀ' ਨੂੰ ਮਜਾਕ ਕਰਦਾ। ਜਦੋਂ ਕਿ ਅਸੀਂ ਕਦੇ ਇਸ ਲੜਾਈ ਤੋਂ ਪਹਿਲਾਂ ਜਾਂ ਬਾਅਦ 'ਚ ਇਕ ਦੂਜੇ ਨੂੰ ਬੁਲਾਇਆ ਤੱਕ ਨ੍ਹੀਂ। ਬਸ ਮੈਨੂੰ ਸੰਦੀਪ ਚੰਗੀ ਲੱਗਦੀ। ਕਿਉਂਕਿ ਉਹ ਜਮਾਂ ਘੜਘੁੱਲੋ (ਅੰਮ੍ਰਿਤ) ਵਰਗੀ ਸੀ, ਜਿਹੜੀ ਆਪਣੇ ਭਰਾ ਨਾਲ਼ ਸਾਡੇ ਹਾਈ ਸਕੂਲ ਮੂਹਰਦੀ ਪੜ੍ਹਨ ਜਾਂਦੀ ਸੀ। ਜਿਸ ਕੁੜੀ ਦੀ ਵੀ ਉਹਦੇ ਨਾਲ਼ ਸ਼ਕਲ ਮਿਲਦੀ, ਉਹ ਮੈਨੂੰ ਆਪਣੀ-ਆਪਣੀ ਲੱਗਣ ਲੱਗ ਪੈਂਦੀ। ਕਲਕੱਤੇ ਵੀ ਗਾਇਕਾ ਅਲਕਾ ਯਾਗਨਿਕ ਮੈਨੂੰ ਇਸੇ ਕਰਕੇ ਵਧੀਆ ਲੱਗੀ ਸੀ। ਮੈਂ ਉਸਦਾ, ਬਿਨਾਂ ਕੋਈ ਗਾਣਾ ਸੁਣੇ ਈ ਫੈਨ ਬਣ ਗਿਆ ਸੀ।

ਓਦਣ ਰਾਂਚੀ ਵੀ ਮਲ਼ਾਈ ਆਲ਼ਾ ਦੁੱਧ ਪੀਂਦੇ ਗੁਰਪ੍ਰੀਤ ਨੇ ਮਲ਼ਾਈ ਦਾ ਰੰਗ ਜਮਾਂ ਘੜਘੁੱਲੋ ਦੀਆਂ ਗੱਲ੍ਹਾਂ ਵਰਗਾ ਕਹਿ ਕੇ ਖਿਝਾਇਆ ਸੀ। ਕੁਛ ਕਲ਼ਾਂ ਦੇ ਮੂਲ਼ ਗੀਤੀ ਨੇ, ਗੱਲ ਚੱਕ ਲਈ ਸੀ। ਬਸ ਫੇਰ ਮੈਂ ਤੇ ਟਿਵਾਣਾ ਹੋ ਗੇ' ਜੂਡੋਂ-ਜੂੰਡੀ। ਗੀਤੀ ਮੇਰੇ ਵੱਲ ਹੋ ਗਿਆ। ਹੁਣ ਅਸੀਂ ਤਿੰਨੇ ਜਣੇਂ ਘਸੁੰਨ-ਮੁੱਕੀਆਂ ਖਾ ਕੇ ਦੋ ਗਰੁੱਪਾਂ 'ਚ ਸੀ।

ਹਨੇਰਾ ਹੋਰ ਗੂਹੜਾ ਹੋ ਰਿਹਾ ਸੀ। ਟਿਊਬਾਂ ਹੌਲ਼ੀ-ਹੌਲ਼ੀ ਬੁਝਦੀਆਂ-ਬੁਝਦੀਆਂ ਮੱਚਣ ਦੀ ਕੋਸ਼ਿਸ਼ ਕਰ ਰਹੀਆਂ ਸਨ। ਮਲ਼ਾਈ ਖਾਣ ਦੀ ਕਾਹਲ਼ੀ ਨੇ ਸਾਨੂੰ ਉਸ ਚੌਂਕ 'ਤੇ ਲਿਖਿਆ ਵੀ ਪੜ੍ਹਨ ਨਾ ਦਿੱਤਾ ਸੀ। ਜਿੱਥੇ ਸਾਡੀ ਰਿਹਾਇਸ਼ ਸੀ। ਰਸਤਾ ਭੁੱਲ ਕੇ ਅਸੀਂ ਫਸੀਆਂ ਗਟਾਰਾਂ ਵਾਂਗ ਦੇਖੀਏ। ਨਾ ਰਸਤਾ ਪੁੱਛਣਾ ਆਵੇ। ਪੁੱਛਦੇ ਵੀ ਕੀ। ਸਿਰਫ਼ ਐਨਾ ਕੁ ਪਤਾ ਸੀ ਕਿ ਸਕੂਲ ਮੂਹਰੇ ਕੋਈ ਦੇਵਤੇ ਦੀ ਮੂਰਤੀ ਆਲ਼ਾ ਚੌਂਕ ਐ। ਜੇ ਕਿਸੇ ਨੂੰ ਪੁੱਛੀਏ, ਉਹ ਅੱਗੋਂ ਚੱਜ ਨਾਲ਼ ਦੱਸਣ ਈ ਨਾ। ਆਪਣੇ ਪਿੰਡਾਂ ਆਲ਼ੇ ਤਾਂ ਦੱਸਦੇ ਨੇ ਇਕ ਦੂਜੇ ਤੋਂ ਮੂਹਰੇ ਹੋ-ਹੋ ਕੇ। ਬਿਹਾਰੀ ਤਾਂ ਬਸ ਹੋ-ਹੋ ਈ ਕਰੀ ਜਾਣ। ਮੂੰਹ 'ਚ ਉਹਨਾਂ ਦੇ ਪਾਨ, ਸਾਡੀ ਪੰਜਾਬੀ ਉਹਨਾਂ ਤੱਕ ਨਾ ਅੱਪੜੇ ਤੇ ਉਹਨਾਂ ਦੀ ਪਾਨ ਦੇ ਛਿੱਟੇ ਪਾਉਂਦੀ ਭੋਜਪੁਰੀ ਸਾਡੇ ਤੱਕ ਨਾ ਪੁੱਜੇ। ਪ੍ਰੇਸ਼ਾਨੀ ਅਤੇ ਹਨੇਰਾ ਹੋਰ ਵੱਧ ਰਿਹਾ ਸੀ। ਗੀਤੀ ਕਹਿੰਦਾ, "ਟਿਵਾਣਾ ਸਾਲ਼ਾ ਤੇਜ਼ ਐ, ਪਹੁੰਚ ਗਿਆ ਹੋਊ।" ਮੈਂ ਆਖਿਆ, "ਤੇਰਾ ਵਹਿਮ ਐ, ਐਥੀ ਹੋਊ ਭਟਕਦਾ। ਇਹ ਨ੍ਹੀਂ ਪਤਾ ਕਿਸੇ ਨਾਲ਼ ਕਿਹੜੀ ਗੱਲ 'ਤੇ ਰੁੱਸਿਆ ਖੜਾ ਹੋਊ।"

ਟਿਵਾਣੇ ਦੇ ਰੁੱਸਣ ਦੇ ਕਿੱਸੇ ਬਹੁਤ ਮਸ਼ਹੂਰ ਨੇ। ਕਈ ਵਾਰ ਤਾਂ ਉਈਂ ਤਵਾ ਲੱਗ ਜਾਂਦਾ ਸੀ, ਬਈ ਕੱਲ੍ਹ ਇਹ ਸਾਰੀ ਰਾਤ ਦਰਵੱਜੇ ਨਾਲ਼ ਰੁੱਸਿਆ ਖੜ੍ਹਾ ਰਿਹਾ। ਅਖੇ, ਦਰਵੱਜਾ ਇਹਦੇ ਮੋਢੇ 'ਚ ਕਿਉਂ ਵੱਜਿਐ।

ਗੀਤੀ ਕਹਿੰਦਾ, "ਕੋਈ ਟਰੱਕ ਦੇਖ ਪੰਜਾਬ ਦਾ ਨੰਬਰ ਲਿਖਿਆ, ਉਹ ਦੱਸੂ ਆਪਾਂ ਨੂੰ, ਨਹੀਂ ਤਾਂ ਐਥੇ ਈ......।" ਟਰੱਕ ਤਾਂ ਦਿਖਿਆ ਨਾ ਪਰ ਇਕ ਟੈਂਪੂ ਆਲ਼ੇ ਕੋਲ਼ ਟਿਵਾਣਾ ਜ਼ਰੂਰ ਦਿਖ ਗਿਆ, ਸਾਨੂੰ ਹੌਸਲਾ ਹੋ ਗਿਆ। ਟੈਂਪੂ ਆਲ਼ਾ ਉਹਤੋਂ ਬਾਂਹ ਛੁਡਾਵੇ, ਟਿਵਾਣਾ ਛੱਡੇ ਨਾ। ਅਸੀਂ ਟੈਂਪੂ ਓਹਲੇ ਖੜ੍ਹ ਗਏ। ਟਿਵਾਣੇ ਦੇ ਲੋਅਰ ਦੀਆਂ ਜੇਬਾਂ 'ਚ ਪੂਰਾ ਅਸਲਾ, ਮਤਲਬ ਇੱਟਾਂ-ਵੱਟੇ ਥੁੰਨੇ ਹੋਏ। ਅਸੀਂ ਵੀ ਪੂਰੇ ਲੋਅਡ। ਜੋ ਟਿਵਾਣਾ ਬੋਲੇ ਉਹ ਤਾਂ ਸਾਨੂੰ ਸਮਝ ਨਾ ਆਵੇ। ਅਖੇ "ਮੈਂ ਉਧਰ ਗੈਆ ਤੀ, ਉਹ ਬੀਹੀ ਭੋਰਾ ਵੀ ਨਾ ਲੱਭਾ।" ਉਹਨੂੰ ਬਿਹਾਰੀ ਨੂੰ ਦਿੱਤੂਪੁਰੀ ਬੋਲੀ ਦੀ ਕਿੱਥੋਂ ਸਮਝ ਆਉਣੀ ਸੀ।

ਫੇਰ ਜਦੋਂ ਸਾਡੀਆਂ ਤਿੰਨਾਂ ਦੀਆਂ ਅੱਖਾਂ ਮਿਲਕੇ ਛੇ ਹੋਈਆਂ ਤਾਂ ਅਸੀਂ ਖ਼ੁਦ-ਬਾ-ਖ਼ੁਦ ਮੁਸਕਰਾਏ ਅਤੇ ਲੋਅਰਾਂ 'ਚੋਂ ਵੱਟੇ ਕੱਢ ਕੇ ਸੁੱਟੇ। ਜਿਵੇਂ ਦੋ ਦੁਸ਼ਮਣ ਦੇਸ਼ ਯੁੱਧ ਬੰਦੀ ਸਮੇਂ ਕਰਦੇ ਨੇ।

ਕਹਿੰਦੇ, ਜੇ ਲੋੜਾਂ ਇਕ ਹੋਣ ਤਾਂ ਲੋੜਾਂ ਦੀ ਪੂਰਤੀ ਵੱਡੀ ਤੋਂ ਵੱਡੀ ਦੁਸ਼ਮਣੀ ਭੁਲਾ ਦਿੰਦੀ ਹੈ।

ਖਪਦੇ-ਖਪਾਉਂਦੇ ਅਸੀਂ ਇਕ ਪੰਜਾਬੀ ਡਾਈਵਰ ਨੂੰ ਲੱਭਣ 'ਚ ਕਾਮਯਾਬ ਹੋ ਗੇ'। ਯੁੱਧ ਬੰਦੀ ਬੇਸ਼ੱਕ ਹੋ ਚੁੱਕੀ ਸੀ, ਪਰ ਅਸੀਂ ਘੇਰਾ ਬੰਦੀ ਨ੍ਹੀਂ ਸੀ ਛੱਡੀ। ਜਦੋਂ ਤੁਰਦੇ-ਤੁਰਦੇ ਕਿਸੇ ਨੂੰ ਰਸਤਾ ਪੁੱਛ ਕੇ ਅੱਗੇ ਹੁੰਦੇ ਤਾਂ ਟਿਵਾਣਾ ਪੈਰ ਜੇ ਮਲ਼ਦਾ ਸਾਡੇ ਪਿੱਛੇ ਹੋ ਤੁਰਦਾ। ਨਾ ਬਰਾਬਰ ਹੁੰਦਾ ਨਾ ਸਾਥੋਂ ਅੱਗੇ ਹੁੰਦਾ। ਉਹਨੂੰ ਵੀ ਡਰ ਸੀ, ਡਰਦੇ ਅਸੀਂ ਵੀ ਸੀ ਕਿ ਕਿਤੇ ਸਾਲ਼ਾ ਕੁੱਛ ਮਾਰ ਕੇ ਈ ਨਾ ਭੱਜ ਜਾਵੇ। ਗੀਤੀ ਨੇ ਤਾਂ ਇਕ ਰੋੜਾ ਨੇਫੇ 'ਚ ਵੀ ਫਸਾ ਰੱਖਿਆ ਸੀ। ਡਰਾਈਵਰ ਬੇਚਾਰਾ ਸਾਊ ਸੀ। ਇਕ ਉਹ ਊਂ ਸਾਹਨੇਵਾਲ਼ ਤੋਂ, ਗੀਤੀ ਦੇ ਪਿੰਡ ਕੋਲ਼ੋਂ। ਜਦੋਂ ਗੀਤੀ ਨੇ ਆਪਣੇ ਚਾਚੇ ਡੀ. ਐਸ. ਪੀ. ਰਛਪਾਲ ਸਿੰਘ ਤੋਤੇ ਬਾਰੇ ਦੱਸਿਆ ਤਾਂ ਉਹ ਹੋਰ ਵੀ ਅਪਣੱਤ 'ਚ ਆ ਗਿਆ। ਚਾਚੇ ਦੇ ਜਵਾਨੀ ਵੇਲ਼ੇ ਦੇ ਮੈਚਾਂ ਦੀ ਗੱਲ ਕਰਨ ਲੱਗ ਪਿਆ ਕਿ ਕਿਵੇਂ ਬਲਵਿੰਦਰ ਫਿੱਡੂ ਨੂੰ ਫੜਦਾ ਅਤੇ ਕਿੰਨੇ ਜੱਫੇ ਲਾਉਂਦਾ ਸੀ। ਕਿਵੇਂ ਤੋਤਾ ਈ ਤੋਤਾ ਕਰਾ ਛੱਡੀ ਸੀ। ਫੇਰ ਉਹ ਸਾਨੂੰ ਗੱਲਾਂ ਮਾਰਦਾ-ਮਾਰਦਾ ਮੰਜਲ ਤੱਕ ਛੱਡ ਕੇ ਗਿਆ।

***

ਅਸੀਂ ਰਾਤ ਕੱਟੀ ਪਰ ਬਹੁਤ ਮੱਛਰਾਂ 'ਚ। ਪਾਨ ਦੀਆਂ ਪਿਚਕਾਰੀਆਂ ਨੇ ਕੰਧਾਂ ਲਾਲ-ਗ਼ੁਲਾਲ ਕਰ ਰੱਖੀਆਂ ਸਨ। ਜਿਵੇਂ ਪਾਨ ਖਾਣਾ ਉੱਥੇ ਕਲਾਸ ਰੂਮ 'ਚ ਆਮ ਹੋਵੇ।

ਮਾੜੀ ਜਿਹੀ ਅੱਖ ਲੱਗੀ ਪਰ ਯੋਗੀ ਘੱਗੇ ਦੀ ਚੱਪ-ਚੱਪ ਨੇ ਖੋਲ੍ਹਤੀ। 'ਕੱਲਾ ਈ ਬੈਠਾ ਖੋਆ ਖਾਵੇ। ਜਦੋਂ ਮੈਂ ਉੱਠ ਕੇ ਕੋਲ਼ ਗਿਆ, ਪਤੰਦਰ ਨੇ, ਜਿਹੜੀ ਪਿੰਨੀ ਹੱਥ 'ਚ ਸੀ ਉਹ ਮੂੰਹ 'ਚ ਪਾ ਲਈ। ਦਮ ਦੇਣ ਮੈਂ ਖੋਹੀ ਵੀ, ਪਰ ਗੱਲ ਨ੍ਹੀਂ ਬਣੀ। ਕਹਿੰਦਾ, "ਆਹੀ ਤੀ ਮੰਗੇ ਸਹੁੰ ਦਵਾਲੈ।" ਪਰ ਉਹ ਅਟੈਚੀ ਨੂੰ ਸਰਹਾਣੇ ਰੱਖੀਂ ਪਿਆ। ਜਿਵੇਂ ਬਜ਼ੁਰਗ ਔਰਤਾਂ ਟੇਸ਼ਣ 'ਤੇ ਸਮਾਨ ਚੋਰੀ ਹੋਣ ਦੇ ਡਰੋਂ ਪਈਆਂ ਹੁੰਦੀਆਂ ਨੇ। ਬਸ ਫੇਰ ਮੈਨੂੰ ਨਾ ਮੱਛਰਾਂ ਨੇ ਸੌਣ ਦਿੱਤਾ, ਨਾ ਯੋਗੀ ਦੀ ਅਟੈਚੀ ਨੇ। ਮੈਂ ਗੀਤੀ ਨੂੰ ਦੱਸਿਆ ਤਾਂ ਉਹ ਵੀ ਆਏਂ ਬੈਠਾ ਹੋ ਗਿਆ, ਜਿਵੇਂ ਜਾਗਦਾ ਈ ਹੋਵੇ। ਉਹਨੇ ਟਿਵਾਣੇ ਨੂੰ 'ਠਾਲ਼ ਕੇ ਗਿਰੋਹ ਪੂਰਾ ਕਰ ਲਿਆ। ਪਾਲਾ ਹੋਡਲਾ (ਮਰਹੂਮ) ਵੀ ਅੱਖਾਂ ਜੀਆਂ ਮਲ਼ਦਾ ਉੱਠ ਖੜ੍ਹਿਆ। ਕਹਿੰਦਾ, "ਸੌਂ ਜੋ ਯਾਰ... ਮੈਂ ਤਾਂ ਰੇਡਾਂ ਵੀ ਵੱਧ ਪਾਉਣੀਆਂ ਨੇ।" ਜਦੋਂ ਪਿੰਨੀਆਂ ਦੀ ਗੱਲ ਸੁਣੀ, ਜਦੇ ਬਹਿ ਗਿਆ ਪਚੱਕੀ ਮਾਰ ਕੇ। ਗੀਤੀ ਕਹਿੰਦਾ, "ਆਏਂ ਨ੍ਹੀਂ ਇਹਨੇ ਠੀਕ ਆਉਣਾ, ਚਾਦਰ ਪਾਓ ਫੇਰ ਆਊ ਲੋਟ। ਸਾਲ਼ਾ ਝੂਠ ਬੋਲਦਾ ਸੀ ਕਿ ਖ਼ਤਮ ਹੋ ਗੀਆਂ।"

ਚਾਦਰ ਪਾਉਣਾ ਖੇਡਾਂ ਦੀ ਦੁਨੀਆਂ 'ਚ ਇੱਕ ਬਹੁਤ ਭਿਆਨਕ ਹਥਿਆਰ ਹੈ। ਇਹ ਅਕਸਰ ਉਹਦੇ 'ਤੇ ਪਾਈ ਜਾਂਦੀ ਐ, ਜਿਹੜਾ ਜਾਂ ਤਾਂ ਫਾਲਤੂ ਦੀ ਹਵਾ ਕਰਦਾ ਹੋਵੇ ਜਾਂ ਫੇਰ ਕੋਚਾਂ ਕੋਲ਼ ਚੁਗਲੀ ਕਰਦਾ ਹੋਵੇ। ਕਈ ਵਾਰੀ ਇਹਨੂੰ ਨਿੱਜੀ ਰੰਜਸ ਕੱਢਣ ਲਈ ਵੀ ਵਰਤ ਲੈਂਦੇ ਨੇ, ਪਰ ਹੈ ਬਹੁਤ ਭੈੜੀ। ਬੰਦੇ 'ਤੇ ਅਚਾਨਕ ਚਾਦਰ ਪਾ ਕੇ ਉੱਠਣ ਈ ਨ੍ਹੀਂ ਦਿੰਦੇ। ਨਾ ਪਤਾ ਚੱਲਦਾ ਕਿ ਕੌਣ ਐ ਚਾਦਰ ਪਾਉਣ ਆਲ਼ਾ। ਨਾ ਪਤਾ ਲੱਗਦਾ ਕਿ ਕਿਸਨੇ ਕੀ ਮਾਰਿਆ ਤੇ ਕਿੰਨੀਆਂ ਕੁ ਮਾਰੀਆਂ। ਬਸ ਪੈਣ ਦੇ ਜਿੱਥੇ ਪੈਂਦੀ ਐ। ਜੀਹਦੇ ਪੈਂਦੀਆਂ ਉਹ ਚੁੱਪ-ਚਾਪ ਖਾਈ ਜਾਂਦਾ। ਉਸ ਰਾਤ ਯੋਗੀ ਦੀ ਵਾਰੀ ਆ ਗਈ ਸੀ। ਕਮਾਲ ਦੀ ਗੱਲ ਸੀ, ਬਈ ਜਦੋਂ ਯੋਗੀ ਦੀ ਚਾਦਰ ਕੁੱਟ ਹੋ ਰਹੀ ਸੀ, ਓਦੋਂ ਜਿੰਨੇ ਬੰਦੇ ਕਮਰੇ 'ਚ ਸੁੱਤੇ ਪਏ, ਸਾਰੇ ਉੱਠ ਕੇ ਕੁੱਟਣ ਲੱਗ ਪੇ' ਸੀ। ਬਿਨਾਂ ਇਹ ਜਾਣੇਂ ਕਿ ਕਿਉਂ ਕੁੱਟਿਆ ਜਾ ਰਿਹੈ ? ਤੇ ਕੌਣ ਏ ਜੀਹਦੀ ਚਾਦਰ ਕੁੱਟ ਹੋ ਰਹੀ ਹੈ ?

ਚੱਲ ਰਹੀ ਇਸ ਕਰਾਵਾਈ ਵਿੱਚ ਈ ਗੀਤੀ ਨੇ ਯੋਗੀ ਦੀ ਟੈਚੀ ਕੇਸ ਪਰਾਂ ਮਾਰੀ ਵਗਾਹ ਕੇ। ਬੱਲਬ ਬੰਦ ਹੋਣ ਕਰਕੇ ਹਨੇਰੇ 'ਚ ਕਿਸੇ ਨੂੰ ਪਤਾ ਨਾ ਚੱਲਿਆ। ਖੜਕਾ ਤਾਂ ਸਿਰਫ਼ ਥੱਪੜਾਂ ਦਾ ਈ ਹੋ ਰਿਹਾ ਸੀ, ਜਿਹੜੇ ਯੋਗੀ ਦੇ ਵੱਜ ਰਹੇ ਸਨ।

ਇਹ ਕਰਾਵਾਈ ਮਸਾਂ ਤਿੰਨ ਚਾਰ ਮਿੰਟ ਚੱਲੀ ਹੋਊ। ਸਾਰਿਆਂ ਨੇ ਚਾਦਰ, ਯੋਗੀ ਦੇ ਉੱਪਰ ਛੱਡ ਕੇ ਆਪਣੇ-ਆਪਣੇ ਬਿਸਤਰੇ ਮੱਲ ਲਏ। ਯੋਗੀ ਬਥੇਰੀਆਂ ਗਾਲ਼ਾਂ ਕੱਢੇ, ਕੋਈ ਨਾ ਬੋਲੇ। ਉਸਨੇ ਜਦੋਂ ਬੱਲਬ ਮਚਾਇਆ ਤਾਂ ਸਾਰੇ ਆਏਂ ਅੱਖਾਂ ਮਲ਼ਣ, ਜਿਵੇਂ ਹੁਣੇ ਬਸ ਲਾਈਟ ਜਗਣ ਨਾਲ਼ ਈ ਉੱਠੇ ਹੋਣ। ਗੀਤੀ ਨੇ ਛਾਲ ਮਾਰੀ, ਯੋਗੀ ਦੀ ਟੈਚੀ ਕੋਲ਼। ਵਗਾਹ

ਕੇ ਪਰੇ ਮਾਰਨ ਨਾਲ਼ ਟੈਚੀ ਖੁੱਲ੍ਹੀ ਪਈ ਸੀ, ਪਿੰਨੀਆਂ ਰੁੜ੍ਹੀਆਂ ਪਈਆਂ ਸਨ। ਬਸ ਫੇਰ ਕੀ, ਅਸੀਂ ਵੀ ਪੈ ਗਏ ਭੁੱਖੜਾਂ ਵਾਂਗ। ਹੁਣ ਯੋਗੀ ਗਾਲ਼ਾਂ ਕੱਢਣੀਆਂ ਬੰਦ ਕਰਕੇ ਆਪ ਵੀ ਕੁੱਦ ਪਿਆ ਮੈਦਾਨ 'ਚ... ਬਈ ਜੋ ਵੀ ਹੱਥ ਲੱਗੇ ਉਹੀ ਸਹੀ। ਇੱਕ ਪਿੰਨੀ ਤਾਂ ਜਿਵੇਂ ਮੇਰੇ ਮੂੰਹ 'ਚੋਂ ਈ ਕੱਢਲੀ, ਉਹਨੇ। ਐਨੀ ਜੋਰ ਦੀ ਝਪੱਟ ਮਾਰੀ ਸਾਲ਼ੇ ਨੇ ਬੁੱਲ੍ਹਾਂ 'ਚੋਂ ਲਹੂ ਕੱਢਤਾ। ਕਾਫ਼ੀ ਦੇਰ ਘਸਮਾਣ ਪੈਂਦਾ ਰਿਹਾ। ਖੋ-ਖੋ ਆਲ਼ੇ ਕੋਚ ਸਾਹਬ ਦੇ ਘੂਰਨ ਤੋਂ ਬਾਅਦ ਟਿਕੇ ਅਸੀਂ। ਯੋਗੀ ਕਹਿੰਦਾ, "ਭੁੱਲ ਜੋ, ਬਈ ਬਦਲਾ ਨ੍ਹੀਂ ਲਊਂ....।" ਜਿਹੜੇ ਨਾਲ਼ ਹੋ ਜਾਂਦੀ, ਉਹ ਤਾਂ ਸੁਰਖਰੂ ਹੋ ਜਾਂਦਾ, ਪਰ ਜਿਨ੍ਹਾਂ ਨੂੰ ਬਦਲਾ ਲੈਣ ਲਈ ਚੈਂਲਜ ਦਿੱਤਾ ਹੁੰਦਾ, ਉਹਨਾਂ 'ਤੇ ਬਹੁਤ ਸਹਿਮ ਬਣਿਆ ਰਹਿੰਦਾ... ਸਾਡੇ ਨਾਲ਼ ਵੀ ਇਹੋ ਸੀ।



ਆਸ਼ਕੀ ਅਤੇ ਰੰਗੇ ਹੱਥੀਂ

ਪਹਿਲਾ ਮੈਚ ਅਸੀਂ ਮਹਾਰਾਸ਼ਟਰ ਤੋਂ ਆਰਾਮ ਨਾਲ਼ ਜਿੱਤ ਗੇ'। ਮਰਾਠੀ ਤੇਜ਼ ਬਹੁਤ ਸਨ, ਪਰ ਸਾਡੀ ਸਾਡੀ ਟੀਮ 'ਚ ਤਾਲਮੇਲ ਬਹੁਤ ਜਿਆਦਾ ਸੀ। ਸਿਰਫ਼ ਸੰਗਤ ਚਮਕੌਰ ਸਾਹਿਬ ਆਲਾ ਅਤੇ ਗੁਰਪ੍ਰੀਤ ਦਿੜ੍ਹਬਾ ਬਾਹਰਲੇ ਸਨ। ਬਾਕੀ ਅਸੀਂ ਇੱਕੋ ਗਰਾਊਂਡ 'ਚ ਪ੍ਰੈਕਟਿਸ ਕਰਨ ਵਾਲ਼ੇ ਸਾਂ।

ਅਗਲਾ ਮੈਚ ਆਂਧਰਾ ਨਾਲ਼ ਹੋਇਆ। ਜਿਸ 'ਚ ਮੇਰੀ ਚੱਲਦੇ ਮੈਚ 'ਚ ਈ ਕੋਚ ਸਾਹਬ ਤੋਂ ਤਰਪਾਈ ਹੋਈ।

ਬੈਲਾਰੂਸ ਨੂੰ ਛੱਡ ਕੇ ਆਂਧਰਾ ਆਲ਼ੇ ਊਂ ਤਾਂ ਹੌਲ਼ੇ-ਹੌਲ਼ੇ ਈ ਸਨ, ਪਰ ਉਹਨਾਂ ਦਾ ਇੱਕ ਰੇਡਰ ਲੰਬੇ-ਲੰਬੇ ਵਾਲ਼ਾਂ ਆਲ਼ਾ। ਬਾਹਾਂ ਵੀ ਉਹਦੀਆਂ ਕੱਦ ਦੇ ਹਿਸਾਬ ਤੋਂ ਲੰਬੀਆਂ। ਉਹ ਇੱਕ ਵਾਰੀ ਵੀ ਨ੍ਹੀਂ ਸੀ ਫੜਿਆ ਗਿਆ। ਉਹ ਵੀ ਟੂਰਨਾਮੈਂਟ ਦੀ ਸਭ ਤੋਂ ਫੇਵਰੇਟ ਟੀਮ ਤੋਂ। ਬੜੇ ਆਰਾਮ ਨਾਲ਼ ਇਕੱਲਾ ਈ ਰੇਡਾਂ ਪਾਈ ਗਿਆ। ਤੀਜੀ ਰੇਡ ਉਹ ਇੱਕ ਭਾਰੀ ਜਿਹੇ ਤੋਂ ਪਵਾਈ ਜਾਂਦਾ। ਓਦੋਂ ਬੋਨਸ ਨ੍ਹੀਂ ਸੀ ਹੁੰਦੀ, ਤੀਜੀ ਰੇਡ ਹੁੰਦੀ ਸੀ। ਮਤਲਬ ਜੇ ਦੋ ਰੇਡਾਂ ਖਾਲੀ ਤਾਂ ਤੀਜੀ ਰੇਡ 'ਚ ਹੱਥ ਲਾਉਣਾ ਲਾਜ਼ਮੀ ਹੁੰਦਾ ਸੀ, ਨਹੀਂ ਤਾਂ ਨੰਬਰ ਵਿਰੋਧੀ ਨੂੰ ਮਿਲ ਜਾਂਦਾ। ਉਹ ਐਨੀ ਸਪੀਡ ਨਾਲ ਸੈਂਟਰ 'ਚ ਟੱਚ ਮਾਰਦਾ ਕਿ ਪਤਾ ਈ ਨਾ ਲਗਦਾ, ਹੱਥ ਲਾ ਕੇ ਪਤੰਦਰ ਸੈਂਟਰ ਲਾਈਨ 'ਤੇ ਨੂੰ ਮੱਛੀ ਵਾਂਗੂ ਡਾਈਵ ਮਾਰਦਾ।

ਪਹਿਲੇ ਮੈਚ ਤੋਂ ਬਾਅਦ ਬਾਕੀ ਤਾਂ ਕਮਰੇ 'ਚ ਚਲੇ ਗਏ। ਮੈਂ ਤੇ ਗੀਤੀ ਉੱਥੇ ਦਸ ਕਿੱਲੋਮੀਟਰ ਦੂਰ ਐਥਲੈਟਿਕ ਦੇਖਣ ਤੁਰ ਪੇ'। ਮੈਂ ਉੱਥੇ ਈਵੈਂਟ ਤਾਂ ਨ੍ਹੀਂ ਦੇਖੇ, ਮੈਂ ਤਾਂ ਸੰਦੀਪ ਨੂੰ ਦੇਖਣ ਹੀ ਗਿਆ ਸੀ। ਅਸੀਂ ਪੌੜੀਆਂ 'ਚ ਬੈਠ ਕੇ ਆਂਧਰਾ ਪ੍ਰਦੇਸ਼ ਆਲ਼ੇ ਰੇਡਰ ਬਾਰੇ ਗੱਲਾਂ ਕਰਨ ਲੱਗ ਪਏ। ਗੀਤੀ ਬਹੁਤ ਦਿਮਾਗੀ ਐ। ਜਿੱਡਾ ਮਰਜੀ ਰੇਡਰ ਹੋਵੇ, ਇੱਕ ਮੈਚ ਦੇਖਣ ਤੋਂ ਬਾਅਦ ਕੋਈ ਨਾ ਕੋਈ ਕਮਜੋਰੀ ਲੱਭ ਕੇ ਸਾਡੇ ਸਾਹਮਣੇ ਰੱਖ ਦਿੰਦਾ। ਉਹਦੀ ਸਕੀਮ ਕੰਮ ਵੀ ਆਉਂਦੀ। ਗੀਤੀ ਨੇ ਓਦਣ ਵੀ ਉਹਦੀ ਕਮਜ਼ੋਰੀ ਲੱਭ ਲਈ ਸੀ। ਗੀਤੀ ਨੇ ਉਹਦੀ ਕੁੰਡਲੀ ਆਏਂ ਦੱਸੀ।

"ਜਦੋਂ ਉਹ ਅਟੈਕ ਮਾਰਦੈ ਤਾਂ ਪਹਿਲਾਂ ਉਹ ਤਾੜੀ ਮਾਰਦੈ... ਫੇਰ ਦੋਵੇਂ ਹੱਥ ਅੱਗੇ ਨੂੰ ਕਰਕੇ ਡਰਾਉਂਦੈ ਅਤੇ ਨਾਲ਼ ਈ ਸੱਜਾ ਪੈਰ ਪਿੱਛੇ ਨੂੰ ਖੋਲ੍ਹ ਦਿੰਦੈ। ਜਦੋਂ ਦੋਵੇਂ ਕਾਰਨਰ ਪਿੱਛੇ ਹੱਟਦੇ ਨੇ, ਫੇਰ ਤੇਜੀ ਨਾਲ ਸੈਂਟਰ 'ਚ ਅਟੈਕ ਮਾਰਦੈ। ਜਿਆਦਾ ਰੀਚ ਹੋਣ ਕਰਕੇ ਹੱਥ ਉਹ ਪੱਕਾ ਲਾ ਦਿੰਦਾ ਏ। ਤੇ ਜੇ ਕਾਰਨਰ ਪਿੱਛੇ ਨ੍ਹੀਂ ਹਟਦਾ ਫੇਰ ਉਹ ਉਸਨੂੰ ਈ ਟੱਚ ਮਾਰ ਦਿੰਦੈ।"

ਮੈਂ ਆਖਿਆ, "ਇਹ ਤਾਂ ਮੈਨੂੰ ਵੀ ਪਤੈ।" ਕਹਿੰਦਾ, "ਆਪਾਂ ਨਾ ਪਿੱਛੇ ਹਟਣਾ, ਨਾ ਰੁਕਣੈ। ਜਦੋਂ ਉਹਨੇ ਤਾੜੀ ਮਾਰ ਕੇ ਖੰਭ ਜਿਹੇ ਖਿਲਾਰੇ ਉੱਥੇ ਈ ਚੈਨ ਠੋਕ ਦੇਣੀ ਐ। ਜਾਨ

ਉਸ 'ਚ ਐਨੀ ਹੈ ਨ੍ਹੀਂ। ਜੇ ਉਹ ਬੰਦ ਕਰ ਲਿਆ, ਫੇਰ ਮੈਚ ਵੀ ਕਲੀਅਰ ਤੇ ਪੂਲ 'ਚੋਂ ਵੀ...।"

ਸਾਡੇ ਕੋਚ ਸਾਹਬ ਹਮੇਸ਼ਾਂ ਇਹੋ ਸਮਝਾਉਂਦੇ ਰਹੇ ਨੇ ਬਈ ਜੇ ਮੈਚ ਤੋਂ ਪਹਿਲਾਂ ਅਤੇ ਮੈਚ 'ਚ ਤੁਸੀਂ ਕਾਰਨਰ ਟੂ ਕਾਰਨਰ ਅਤੇ ਵਿੰਗ ਟੂ ਵਿੰਗ, ਭਾਵ ਸੱਤ ਦੇ ਸੱਤ ਇੱਕ ਦੂਜੇ ਨਾਲ਼ ਇਸ਼ਾਰਿਆਂ ਨਾਲ਼ ਗੱਲ ਕਰਕੇ ਖੇਡਦੇ ਓ, ਤਾਂ ਕੋਈ ਰੇਡਰ ਨ੍ਹੀਂ ਜਿਹਨੂੰ ਤੁਸੀਂ ਫੜ ਨਾ ਸਕੋਂ।

ਸਾਰਾ ਸਾਲ ਇੱਕੋ ਜਗ੍ਹਾ ਪ੍ਰੈਕਟਿਸ ਕਰਨ ਕਰਕੇ ਤਾਲਮੇਲ ਦੀ ਕੋਈ ਘਾਟ ਨ੍ਹੀਂ ਸੀ। ਮੇਰੇ ਨਾਲ਼ ਦੋ ਨੰਬਰ 'ਤੇ ਫਿੰਡੀਆਂ ਲੱਤਾਂ ਆਲ਼ਾ ਗੁਰਪ੍ਰੀਤ ਦਿੜ੍ਹਬਾ ਬੇਸ਼ੱਕ ਓਦੋਂ ਜਵਾਕ ਈ ਸੀ, ਪਰ ਹੈ ਸੀ ਪੂਰਾ ਕੈਮ। ਜਦੋਂ ਰੇਡਰ ਆਵੇ ਤਾਂ ਕਹੀ ਜਾਵੇ "...ਭਾਅ ਜੀ ਟੰਗਦੋ, ਤਾਰ 'ਤੇ ਗਿੱਲੇ ਕੱਛੇ ਵਾਂਗੂ।"

ਹੋਇਆ ਵੀ ਐਵੇਂ ਈ। ਆਂਧਰਾ ਆਲ਼ਾ ਮੇਨ ਰੇਡਰ ਜਿਸ ਬਾਰੇ ਲੋਕ ਗੱਲਾਂ ਕਰਦੇ ਸੀ, ਬਈ ਇਹ ਇੰਡੀਆ ਖੇਡੂ ਇੱਕ ਦੋ ਸਾਲਾਂ 'ਚ। ਉਹ ਇੱਕ ਵਾਰ ਨਾ ਭੱਜਣ ਦਿੱਤਾ, ਗੀਤੀ ਦਾ ਦਿਮਾਗ ਕੰਮ ਆ ਗਿਆ ਸੀ। ਫੁੱਲ ਚੜ੍ਹਾਈ ਸਾਡੀ, ਮੇਰੇ ਅਤੇ ਗੀਤੀ ਦੀ ਖਾਸ ਕਰਕੇ। ਪਰ ਫੇਰ ਉਹ ਚੜ੍ਹਾਈ ਮੈਚ ਦੇ ਪੰਜ ਮਿੰਟ ਬਾਕੀ ਰਹਿੰਦੇ ਈ ਫੁੱਲ ਉਤਰਾਈ 'ਚ ਬਦਲ ਗੀ'। ਜਿਵੇਂ ਮੇਰਾ ਵਹਿਮ ਐ, ਮੈਨੂੰ ਜਿਆਦਾ ਚੜ੍ਹਾਈ ਹਜ਼ਮ ਨ੍ਹੀਂ ਹੁੰਦੀ।

ਫੇਰ ਪਿਛਲਾ ਇਤਿਹਾਸ ਦੁਹਰਾਇਆ ਗਿਆ। ਬਾਹਰ ਸੋਨਾ ਖੋ-ਖੋ ਆਲ਼ਾ ਤੇ ਬਾਕੀ ਹੋਰ ਕੁੜੀਆਂ ਮੁੰਡੇ, ਗੀਤੀ-ਗੀਤੀ ਗੀਤੀ... ਅਤੇ ਮੰਗਾ, ਮੰਗਾ, ਮੰਗਾ ... ਪੂਰੀ ਇੱਕੋ ਲੈਅ ਵਿਚ ਬੋਲਣ। ਹੁਣ ਪਾਲਾ, ਜੋ ਸਾਡਾ ਮੇਨ ਰੇਡਰ ਸੀ ਉਹ ਬਾਹਰ ਕੱਢ ਲਿਆ ਸੀ, ਆਰਾਮ ਕਰਨੇ ਨੂੰ। ਨੰਬਰਾਂ ਦਾ ਫਰਕ ਵੀ ਬਹੁਤ ਜਿਆਦਾ ਪੈ ਚੁੱਕਿਆ ਸੀ। ਗੀਤੀ ਦੀ ਜਗ੍ਹਾ ਸੰਗਤ ਖੇਡਣ ਲੱਗ ਪਿਆ ਕਾਰਨਰ 'ਤੇ। ਯੋਗੀ ਉਹਦੇ ਨਾਲ਼ ਦੋ ਨੰਬਰ 'ਤੇ ਸੀ। ਦੋ ਵਾਰੀ ਐਵੇਂ ਈ ਹੋਇਆ, ਜਦੋਂ ਮੈਂ ਚੇਨ ਲਗਾਈ ਉਹਨਾਂ ਦੇ ਭਾਰੀ ਜੇ ਰੇਡਰ ਨੂੰ ਤਾਂ ਉਹ ਬੈਲਾਰੂਸ ਵਾਂਗੂ ਸਾਨੂੰ ਨਾਲ਼ ਲੈ ਪਾੜੇ 'ਤੇ ਡਿੱਗ ਪਿਆ। ਸੰਗਤ ਹੋਰੀਂ ਖੜੇ ਦੇਖੀ ਗਏ। ਮੈਂ ਦੇਖਿਆ ਤਾਂ ਕੋਚ ਸਾਹਬ ਵੱਲ ਸੀ। ਪਰ ਖੋ-ਖੋ ਆਲ਼ੇ ਉਪਕਾਰ ਸਰ ਨੂੰ ਪਤਾ ਨ੍ਹੀਂ ਭੁਲੇਖਾ ਪੈ ਗਿਆ, ਪਤਾ ਨ੍ਹੀਂ ਕੀ ਆਇਆ ਦਿਮਾਗ 'ਚ। ਉਹ ਕੋਚ ਸਾਹਬ ਨੂੰ ਕਹਿੰਦੇ, "ਸ਼ੇਰੇ ਇਹਦਾ ਕਾਲੂ ਜੇ ਦਾ ਧਿਆਨ ਕੁੜੀਆਂ ਵੱਲ ਹੋ ਗਿਆ ਏ, ਬਾਹਰ ਨੂੰ ਦੇਖੀ ਜਾਂਦੈਂ।"

ਬਸ ਫੇਰ ਕੀ ਸੀ, ਕੋਚ ਸਾਹਬ ਹੋਰ ਕੁਛ ਤਾਂ ਬਰਦਾਸ਼ਤ ਕਰ ਵੀ ਲੈਂਦੇ, ਆਹ ਆਸ਼ਕੀ ਤਾਂ ਕਦੇ ਵੀ ਨ੍ਹੀਂ। ਉਹਨਾਂ ਨੇ ਟਾਈਮ ਆਊਟ ਲਿਆ। ਸਾਰਿਆਂ ਦੇ ਸਾਹਮਣੇ ਚਾਰ ਪੰਜ ਚਪੇੜਾਂ ਇੱਕੋ ਕੰਨ 'ਤੇ ਮਾਰੀਆਂ। ਜਿਹੜੇ ਮੰਗਾ... ਆ... ਮੰਗਾ... ਕਰ ਰਹੇ ਸਨ, ਉਹ ਹੁਣ ਸ਼ਾਂਤ ਹੋ ਗੇ' ਸੀ। ਚਾਰ ਪੰਜ ਮਿੰਟ ਰਹਿੰਦੇ ਪੰਜ ਚਪੇੜਾਂ ਖਾ ਕੇ ਮੈਂ ਬਾਹਰ ਸਪੇਰਾਂ 'ਚ ਬੈਠ ਗਿਆ। ਸੋਨੇ ਹੋਰੀਂ ਬਥੇਰਾ ਪੁੱਛਣ, ਪਰ ਮੈਥੋਂ ਦੱਸਿਆ ਨਾ ਜਾਵੇ। ਬਸ ਅੰਦਰੋ-ਅੰਦਰੀ ਕੁੜ੍ਹੀ ਗਿਆ, ਦੁਖੀ ਹੋਈ ਗਿਆ।

ਮੈਨੂੰ ਬਾਅਦ 'ਚ ਪਤਾ ਲੱਗਿਆ, ਬਈ ਸੰਗਤ ਸਹਿਯੋਗ ਕਿਉਂ ਨ੍ਹੀਂ ਸੀ ਕਰ ਰਿਹਾ। ਕਿਉਂ ਚਪੇੜਾਂ ਪਈਆਂ। ਅਸਲ 'ਚ ਇਹ ਬੇੜੀ ਯੋਗੀ ਦੀ ਬੈਠੀ ਸੀ। ਉਹਨੇ ਈ ਦੱਸਿਆ ਸੀ ਸੰਗਤ ਨੂੰ, ਬਈ "ਸਵੇਰੇ ਤੇਰਾ ਬੁਰਸ਼ ਮੰਗੇ ਨੇ ਚੋਰੀ ਚੱਕ ਕੇ ਵਰਤਿਐ। ਉਹਤੋਂ ਤੇਰਾ ਬੁਰਸ਼ ਲੈਟਰਿਨ 'ਚ ਡਿੱਗ ਪਿਆ ਸੀ।" ਮੇਰੀ ਈ ਲੁਤਰੋ ਨ੍ਹੀਂ ਸੀ ਖੜ੍ਹੀ। ਹਸਾਉਣ ਦੇ ਮਾਰੇ ਤੋਂ ਮੈਥੋਂ ਯੋਗੀ ਨੂੰ ਦੱਸਿਆ ਗਿਆ ਸੀ ਲੈਟਰਿਨ 'ਚ ਡਿੱਗੇ ਬੁਰਸ਼ ਬਾਰੇ। ਯੋਗੀ ਦੀ ਦੱਸੀ ਗੱਲ ਕਰਕੇ, ਸੰਗਤ ਨੇ ਗੁੱਸੇ 'ਚ ਮੇਰਾ ਇੱਕ ਦੋ ਵਾਰ ਸਹਿਯੋਗ ਨਾ ਕੀਤਾ ਮੈਚ 'ਚ। ਉਹਨੇ ਸੋਚਿਆ ਹੋਊ ਕਿ ਇਹਦੀ ਚੜ੍ਹਾਈ 'ਚ ਮੈਂ ਕਿਉਂ ਹਿੱਸੇਦਾਰ ਬਣਾਂ? ਬੇਚਾਰੇ ਨੂੰ ਵਾਰ-ਵਾਰ ਚੇਤੇ ਆਉਂਦਾ ਹੋਊ ਬੁਰਸ਼। ਸੋਚਦਾ ਹੋਊ ਮੈਚ ਤਾਂ ਉਂ ਵੀ ਅਸੀਂ ਹੀ ਜਿੱਤ ਰਹੇ ਹਾਂ। ਬਸ ਉੱਥੇ ਈ ਉਪਕਾਰ ਸਰ ਭੁਲੇਖਾ ਖਾ ਗਏ ਹੋਣ ਗੇ'। ਸੰਗਤ ਨੇ ਬਦਲਾ ਲਿਆ ਕੋਚ ਸਾਹਬ ਤੋਂ ਕੁੱਟ ਪਵਾ ਕੇ। ਮਤਲਬ ਜੈਸੀ ਕਰਨੀ, ਵੈਸੀ ਭਰਨੀ, ਆਲ਼ੀ ਕਹਾਵਤ।

***

ਦੂਜੇ ਦਿਨ ਮੈਂ, ਸੋਨਾ ਤੇ ਗੁਗਨੀ ਬਜ਼ਾਰ ਘੁੰਮ ਕੇ ਵਾਪਸ ਕਮਰੇ 'ਚ ਨੂੰ ਚੱਲ ਪੇ'। ਜਾਂਦੇ-ਜਾਂਦੇ ਇੱਕ ਅੰਡਿਆਂ ਆਲ਼ੀ ਰੇਹੜੀ 'ਤੇ ਆਮਲੇਟ ਖਾਣ ਲਈ ਖੜ੍ਹਗੇ'। ਇੱਕ ਆਮਲੇਟ ਤਾਂ ਉਹਨੇ ਬਣਾ 'ਤਾ ਮੋਟੇ ਬਈਏ ਨੇ, ਪਰ ਜਮਾਂ ਬੇਸੁਆਦਾ। ਦੂਜਾ ਬਣਾਉਣ ਤੋਂ ਪਹਿਲਾਂ ਉਹ ਖ਼ਤਮ ਹੋਇਆ ਘਿਉ ਲੈਣ ਚਲੇ ਗਿਆ, ਥੋੜ੍ਹੀ ਦੂਰ ਤੋਂ। ਮੇਰਾ ਖੁਰਾਫ਼ਾਤੀ ਦਿਮਾਗ ਉੱਠ ਖੜ੍ਹਿਆ, ਸਲੀਪਰ ਸੈੱਲਾਂ ਦੀ ਤਰਜ 'ਤੇ ਮਿਲਿਆ ਚੋਰੀ ਦਾ ਸਿਗਨਲ... ਆਪਾਂ ਫੜ ਲਿਆ। ਟਰੈਕ ਸੂਟ ਨੂੰ ਲੱਗੇ ਸੇਫਟੀ ਪਿੰਨ ਖੋਲ੍ਹ ਲਏ, ਕੱਚੇ ਅੰਡੇ ਦੇ ਦੋਵੇਂ ਸਿਰਿਆਂ 'ਤੇ ਛੋਟੀਆਂ-ਛੋਟੀਆਂ ਦੋ ਮਘੋਰੀਆਂ ਕੱਢਲੀਆਂ। ਇੱਕ ਉੱਤੇ ਉਂਗਲ ਰੱਖ ਲਈ, ਦੂਜੀ ਮੂੰਹ 'ਚ ਪਾ ਕੇ ਜੋਰ ਦੀ ਅੰਦਰ ਸੜ੍ਹਕੇ ਨਾਲ਼ ਖਿੱਚ ਲਿਆ। ਉੱਪਰਲੀ ਮਘੋਰੀ ਤੋਂ ਉਂਗਲ ਚੱਕ ਲੀ', ਅੰਡੇ ਦਾ ਵਿਚਲਾ ਮਾਲ ਸਿੱਧਾ ਪੇਟ 'ਚ...। ਮੂੰਹ ਵਿੱਚ ਸਵਾਦ ਦੇਣ ਵੀ ਨ੍ਹੀਂ ਰੁਕਿਆ, ਐਨੀ ਰਫ਼ਤਾਰ ਨਾਲ਼ ਅੰਦਰ ਗਿਆ। ਸੋਨੇ ਅਤੇ ਗੁਗਨੀ ਨੇ ਵੀ ਪਾ ਦਿੱਤੀ ਕਾਰਵਾਈ। ਅਸੀਂ ਤਿੰਨ ਕੁ ਮਿੰਟਾਂ 'ਚ ਚਾਰ-ਚਾਰ ਅੰਡੇ ਖਾਲੀ ਕਰਕੇ, ਟਰੇਅ 'ਚ ਉੱਥੇ ਈ ਰੱਖੀ ਗਏ ਜਿੱਥੋਂ ਚੱਕਦੇ ਸੀ।

ਅੰਡੇ ਤਾਂ ਹੁਣ ਦੇਖਣ ਨੂੰ ਸਹੀ ਸਲਾਮਤ ਲੱਗਣ, ਪਰ ਸਾਡਾ ਆਉਣ ਆਲ਼ਾ ਸਮਾਂ ਨ੍ਹੀਂ ਸੀ ਸਲਾਮਤ। ਸੋਨੇ ਨੇ ਲਾਲਚ ਦੇ ਮਾਰੇ ਨੇ ਇੱਕ ਹੋਰ ਅੰਡਾ ਚੱਕ ਲਿਆ। ਉਹ ਵੀ ਓਦੋਂ, ਜਦੋਂ ਰੇਹੜੀ ਆਲ਼ਾ ਭਾਈ ਵਾਪਸ ਸਾਡੇ ਕੋਲ਼ ਪਹੁੰਚ ਰਿਹਾ ਸੀ। ਹੁਣ ਸੋਨੇ ਤੋਂ ਖਾਧਾ ਨਾ ਜਾਵੇ ਤੇ ਰੱਖਿਆ ਵੀ ਨਾ...। ਉਹਨੇ ਕਾਹਲ਼ੀ-ਕਾਹਲ਼ੀ 'ਚ ਅੰਡੇ ਨੂੰ ਲੋਅਰ (ਫਰੈਂਚੀ) 'ਚ ਲੁਕੋ ਲਿਆ। ਮੂੰਹ ਜਿਹਾ ਮੀਚ ਕੇ ਮੈਂ ਆਖਿਆ, "ਤੂੰ ਮਰਾਏਂਗਾ ਤਲੰਗਿਆ ਜਿਆ ਸਾਨੂੰ ਵੀ...।"

ਐਨੇ ਨੂੰ ਇੱਕ ਹੋਰ ਲੋਕਲ ਗਾਹਕ ਆ ਗਿਆ। ਕੰਨ 'ਚ ਉਂਗਲੀ ਜਿਹੀ ਫੇਰਦਾ ਹੋਇਆ ਬੋਲਿਆ, "ਦੂਈ ਅੰਡਾ ਕੀ ਬੁਰਜੀ ਬਨਾਈ, ਮੀ ਤਨਿਕ ਏਕ ਠੋ ਪਾਨਵਾ ਕੀਨ ਕੇ

ਆਵਤ।" ਬੁਰਜੀ ਦਾ ਆਰਡਰ ਕਰ ਕੇ ਉਹ ਪਾਨ ਦੀ ਰੇਹੜੀ ਵੱਲ ਹੋ ਗਿਆ। ਐਧਰ ਅੰਡਿਆਂ ਆਲ਼ੇ ਭਾਈ ਦੀਆਂ ਅੱਖਾਂ ਸੋਨੇ ਦੀਆਂ ਹਰਕਤਾਂ ਵੱਲ ਨੂੰ...ਤੇ ਸੋਨੇ ਦਾ ਧਿਆਨ ਆਪਣੇ ਚੋਰੀ ਦੇ ਮਾਲ ਵੱਲ...। ਘੜੀ-ਮੁੜੀ ਲੋਅਰ ਨੂੰ ਸੈਟ ਜਿਆ ਕਰੀ ਜਾਵੇ। ਉਹਨੇ ਬਾਅਦ 'ਚ ਦੱਸਿਆ ਕਿ ਮੈਨੂੰ ਦੋ ਡਰ ਸਤਾਉਂਦੇ ਸੀ, ਇੱਕ ਸੀ ਫੜੇ ਜਾਣ ਦਾ, ਦੂਜਾ ਕਿਤੇ ਅੰਡਾ ਲੋਅਰ 'ਚੋਂ ਨਿਕਲ਼ਕੇ ਫੁੱਟ ਨਾ ਜਾਵੇ।

ਹੁਣ ਸਾਡੇ ਆਲ਼ੇ ਦੋਵੇਂ ਆਮਲੇਟ ਵੀ ਬਣ ਕੇ ਤਿਆਰ ਹੋ ਗੇ'। ਮੈਂ ਤਾਂ ਆਪਦਾ ਪਹਿਲਾਂ ਈ ਖਾ ਚੁੱਕਿਆ ਸੀ ਤੇ ਆਦਤ ਅਨੁਸਾਰ ਥੋੜ੍ਹਾ ਜਿਆ ਸੋਨੇ ਆਲ਼ੇ 'ਚੋਂ ਚੱਕ ਲਿਆ। ਭੋਰਾ ਕੁ ਗੁਗਨੀ ਨੇ ਆਪ ਈ ਦੇਤਾ, ਬਈ ਇਹ ਵੱਧ ਚੱਕ ਲਊ। ਜਿਉਂ-ਜਿਉਂ ਗੁਗਨੀ ਹੋਰੀਂ ਆਮਲੇਟ ਖਾਈ ਜਾਣ, ਉਹ ਪਿਆਜਾਂ ਨੂੰ ਹੋਰ ਤੇਜ਼ੀ ਨਾਲ਼ ਕੱਟੀ ਜਾਵੇ। ਮੇਰਾ ਦਿਲ ਬੈਠੀ ਜਾਵੇ, ਬਈ ਫਸੇ ਕਿ ਹੁਣ ਫਸੇ।

ਇੱਕ ਵਾਰ ਤਾਂ ਜੀ ਕਰਿਆ ਸ਼ੂਟ ਵੱਟ ਦਿਆਂ। ਫੇਰ ਸੋਚਿਆ, ਮਨਾਂ ਕਾਹਨੂੰ ਕਬੱਡੀ ਆਲ਼ਿਆਂ ਦੀ ਨੱਕ ਵਢਾਉਣੀ ਐ। ਬਾਕੀ ਚਾਦਰ ਪੈਣ ਦਾ ਵੀ ਡਰ ਸੀ। ਉਹਨਾਂ ਨੂੰ ਤਾਂ ਬਹਾਨਾ ਈ ਚਾਹੀਦੈ, ਫੇਰ ਇਹ ਤਾਂ ਬਣਦੀ ਵੀ ਸੀ। ਕਿਉਂਕਿ ਕਬੱਡੀ ਆਲ਼ਿਆਂ ਨੂੰ ਬੜੇ ਤਕੜੇ ਅਤੇ ਦਲੇਰ ਗਿਣਿਆ ਜਾਂਦੈ ਤੇ ਮੈਂ ਭੱਜਣ ਦੀ ਸੋਚ ਰਿਹਾ ਸੀ। ਪਰ ਹੁਣ ਸਥਿਤੀ ਵਿਸਫੋਟ ਹੋਣ ਤੋਂ ਪਹਿਲਾਂ ਆਲ਼ੀ ਬਣ ਰਹੀ ਸੀ ਜਾਂ ਕਹਿਲੋ ਬਣ ਗੀ' ਸੀ। ਜਿਹੜਾ ਲੋਕਲ ਗਾਹਕ ਭੁਰਜੀ ਬਣਾਉਣ ਲਈ ਕਹਿ ਕੇ ਗਿਆ ਸੀ, ਉਹ ਮੂੰਹ ਪਾਨ ਨਾਲ਼ ਥੁੰਨ ਕੇ ਵਾਪਸ ਆ ਗਿਆ। ਉਹਦੇ ਲਈ ਤੜਕਾ ਤਿਆਰ ਸੀ, ਪਰ ਜਦੋਂ ਅੰਡਿਆਂ ਵਾਲ਼ੇ ਭਾਈ ਨੇ ਅੰਡਾ ਚੱਕ ਕੇ, ਖਾਸ ਸਟਾਇਲ 'ਚ ਭੰਨਿਆ ਤਾਂ ਅੰਡਾ ਵਿੱਚੋਂ ਖਾਲੀ। ਉਹਨੇ ਦੂਜਾ ਅੰਡਾ ਚੱਕਿਆ ਤਾਂ ਉਹਨੂੰ ਵਜਨ ਤੋਂ ਈ ਪਤਾ ਚੱਲ ਗਿਆ। ਉਹਨੇ ਹੈਰਾਨ ਜਿਹਾ ਹੋ ਕੇ ਤੀਜਾ ਚੱਕਿਆ ਉਹ ਵੀ ਖਾਲੀ। ਸਾਡੀ ਮਾੜੀ ਕਿਸਮਤ, ਉਹਨੇ ਅੰਡੇ ਚੱਕਣੇ ਓਥੋਂ ਈ ਸ਼ੁਰੂ ਕਰ ਲਏ ਸੀ, ਜਿੱਥੇ ਅਸੀਂ ਕਾਰਵਾਈ ਪਾਈ ਸੀ।

ਗੁਗਨੀ ਕਹਿੰਦਾ, "ਮੁਰਗੀਆਂ ਕਈ ਵਾਰ ਸਾਲੀ ਕਮਾਲ ਹੀ ਕਰ ਦੇਤੀ ਹੈਂ।" ਹੁਣ ਭਾਈ ਨੇ ਚੌਥੇ ਅੰਡੇ ਦੇ ਖਾਲੀ ਨਿੱਕਲ਼ਣ ਤੋਂ ਬਾਅਦ ਪੰਜਵਾਂ ਨ੍ਹੀਂ ਚੱਕਿਆ। ਪਰ ਪੰਜ ਇੰਚ ਆਲ਼ਾ ਚਾਕੂ ਚੱਕ ਕੇ ਕਹਿੰਦਾ, "ਅਰੇ ਉਏ ਪੰਜਾਬੀ, ਸਾਲੇ ਹਰਾਮੀ ਹਮਾਰੇ ਕੋ ਬੁਰਬਕ ਸਮਝਾ ਹੋ... ਤੁਝੇ ਬਿਹਾਰੀ ਕੀ ਮਾਰ ਕਾ ਨਹੀਂ ਪਤਾ... ਮਾਮੂ ਬਨਾਣਤ ਹੋ...।" ਉਹ ਰੇਹੜੀ ਦੇ ਉੱਪਰ ਦੀ ਹੋ ਕੇ ਵਧਿਆ। ਗੁਗਨੀ ਨੇ ਬਚਦਾ ਆਮਲੇਟ ਮੂੰਹ 'ਚ ਥੁੰਨ ਦੇ ਨੇ, "ਤੈਨੂੰ ਗੁਗਨੀ ਕੀ ਸਪੀਡ ਕਾ ਵੀ ਨਹੀਂ ਪਤਾ।" ਖੰਭ ਜਿਹੇ ਖਿਲਾਰ ਕੇ ਖਿੱਚਤੀ ਸਪੀਡ, ਵੱਟਤੀਆਂ ਸ਼ੂਟਾਂ ਤਿੰਨਾਂ ਨੇ। ਸੋਨੇ ਨੇ ਪੰਡਤਾਂ ਦੇ ਸ਼ਰਾਧ ਖਾਣ ਆਲ਼ੀ ਰੀਤ ਵੀ ਪੂਰੀ ਕਰੀ। ਬਈ ਛੱਡ ਕੇ ਕੁੱਛ ਨ੍ਹੀਂ ਜਾਣਾ, ਭੱਜਣ ਲੱਗੇ ਨੇ ਜਿਹੜਾ ਪਲੇਟ 'ਚ ਬਚਿਆ ਸੀ, ਉਹ ਵੀ ਚੱਕ ਲਿਆ।

ਸਭ ਤੋਂ ਪਿੱਛੇ ਮੈਂ, ਫੇਰ ਮੈਥੋਂ ਮੂਹਰੇ ਸੋਨਾ ਅਤੇ ਸਭ ਤੋਂ ਅੱਗੇ ਗੁਗਨੀ। ਗੁਗਨੀ ਤਾਂ ਪਲਾਂ 'ਚ ਈ ਸਾਨੂੰ ਬਹੁਤ ਵਿੱਥ ਦੇ ਗਿਆ ਸੀ। ਉਹ ਖੋ-ਖੋ ਆਲਾ ਹੋਣ ਦੇ ਨਾਲ ਸਟੇਟ ਪੱਧਰ ਦਾ ਦੌੜਾਕ ਵੀ ਸੀ। ਸੋਨਾ ਬੇਚਾਰਾ ਭੱਜਣ ਨੂੰ ਮੇਰੇ ਵਰਗਾ ਈ ਸੀ। ਖੋ-ਖੋ ਖੇਡਦੇ ਵੀ ਸੋਨਾ ਚੇਜ਼ਰ ਤਾਂ ਟੌਪ 'ਤੇ ਸੀ, ਪਰ ਰਨਰ ਉਹ ਪਿਛਲੀ ਟੋਲੀ 'ਚ ਈ ਹੁੰਦਾ।

ਅਸੀਂ ਫੁੱਲ ਸਪੀਡਾਂ 'ਤੇ ਫਾਹੇ ਵੱਢਦੇ ਜਾਈਏ। ਸੋਨੇ ਨੇ ਅੰਡਾ ਫਰੈਂਚੀ 'ਚੋਂ ਕੱਢ ਕੇ ਹੱਥ 'ਚ ਫੜ ਲਿਆ। ਮੈਂ ਚੱਪਲਾਂ ਨੂੰ ਹੱਥਾਂ 'ਚ ਫਸਾ ਲਿਆ। ਉਹ ਦੋਵੇਂ ਸਪਰੋਟਸ ਸ਼ੂ 'ਚ ਸਨ ਮੈਂ ਚੱਪਲਾਂ 'ਚ। ਮੈਥੋਂ ਬੂਟ ਅਣਸਰਦੇ ਨੂੰ ਪੈਂਦੇ ਨੇ। ਸ਼ਾਇਦ ਇਸੇ ਕਰਕੇ ਮੇਰੇ ਪੈਰ ਐਨੇ ਗੰਦੇ ਨੇ। ਦੋਵੇਂ ਅੰਗੂਠਿਆਂ ਦੇ ਨੌਂਹ ਵਧਕੇ ਕੋਰਾਂ 'ਚ ਨੂੰ ਵੜੇ ਹੋਏ ਨੇ ਤਾਂ ਕਰਕੇ ਬੂਟ ਬਹੁਤ ਤਕਲੀਫ਼ ਦਿੰਦੇ ਨੇ। ਜੁੱਤੀ ਤੰਗ ਪਾਉਣ ਕਰਕੇ ਨੌਂਹਾਂ ਦੀ ਬਣਤਰ ਖਰਾਬ ਕਰ ਬੈਠਾ ਸੀ। ਜੁੱਤੀ ਤੰਗ ਤੇ ਜਵਾਈ ਨੰਗ ਆਲੀ ਕਹਾਵਤ ਵਾਂਗੂ। ਬਾਕੀ ਮੇਰੇ ਕੋਲ ਇੱਕੋ ਗੁਰਗਾਬੀ ਸੀ ਉਹ ਉਂ ਨੀ ਸੀ ਵਧੀਆ ਲੱਗਦੀ ਟਰੈਕ ਸੂਟ ਨਾਲ, ਚੱਪਲਾਂ 'ਚ ਫੇਰ ਵੀ ਠੀਕ ਲੱਗਦਾ ਸੀ।

ਕਮਾਲ ਤਾਂ ਉਹ ਬਈਆ ਕਰ ਰਿਹਾ ਸੀ। ਜਿਹੜਾ ਢਿੱਡਲ ਹੁੰਦਾ ਹੋਇਆ ਵੀ, ਕਿੰਨੀ ਦੂਰ ਤੱਕ ਸਾਡੇ ਪਿੱਛੇ ਈ ਭੱਜਿਆ ਆਵੇ। ਪਹਿਲਾਂ ਤਾਂ ਅਸੀਂ ਉੱਥੇ ਸ਼ਾਹਰੁਖ ਖਾਨ ਦੀ ਸ਼ਰਨ ਲਈ। ਉਸਦੀ ਫਿਲਮ ਦਾ ਪੂਰੀ ਸਕਰੀਨ ਜਿੱਡਾ ਹੋਰਡਿੰਗ, ਕੰਧ ਨਾਲ ਖੜ੍ਹਾ ਸੀ। ਜਿਵੇਂ ਬਿਨਾਂ ਸਟੈਂਡ ਆਲੇ ਸਾਈਕਲ ਨੂੰ ਸਹਾਰਾ ਦੇ ਕੇ ਖੜਾਉਂਦੇ ਹਾਂ। ਪਰ ਉੱਥੇ ਅਸੀਂ ਬਸ ਐਨਾ ਕੁ ਈ ਸਮਾਂ ਬਿਤਾਇਆ ਕਿ ਮੈਂ ਹੱਥਾਂ 'ਚੋਂ ਫਸਾਈਆਂ ਚੱਪਲਾਂ ਪੈਰਾਂ 'ਚ ਫਸਾ ਲਈਆਂ ਅਤੇ ਸੋਨੇ ਨੇ ਅੰਡਾ ਫੇਰ ਫ੍ਰੈਂਚੀ 'ਚ ਲਕੋ ਲਿਆ। ਗੁਗਨੀ ਤਾਂ ਪਤਾ ਈ ਨੀਂ ਸੀ ਕਿੱਥੇ ਪੁੱਜ ਗਿਆ।

ਅਸੀਂ ਫੇਰ ਭੱਜ ਲੇ'। ਪਰ ਹੁਣ ਹੌਲੀ-ਹੌਲੀ। ਕਿਉਂਕਿ ਜਿਸ ਤੋਂ ਭੱਜ ਰਹੇ ਸੀ, ਉਹਨੇ ਭੱਜਣਾ ਬੰਦ ਕਰਤਾ ਸੀ। ਜਿਵੇਂ ਮੁੜ ਗਿਆ ਹੋਵੇ। ਹੁਣ ਉਹ ਪਿੱਛੇ ਆਉਂਦਾ ਦਿਖਾਈ ਨੀਂ ਸੀ ਦੇ ਰਿਹਾ। ਅਸੀਂ ਪਤਾ ਨੀਂ ਕੀ ਸੋਚ ਕੇ ਇੱਕ ਹੋਰ ਮੋੜ-ਮੁੜਦੇ ਸਾਰ ਈ ਇੱਕ ਦੁਕਾਨ 'ਚ ਵੜ ਗੇ'। ਉੱਥੇ ਪੰਜਾਬ ਦੇ ਨਾਲ-ਨਾਲ ਬਾਕੀ ਸਟੇਟਾਂ ਦੇ ਬੱਚੇ ਵੀ ਸਨ। ਕੇਰਲਾ ਆਲੀਆਂ ਉਹ ਕੁੜੀਆਂ ਵੀ ਬੈਠੀਆਂ ਸੀ, ਜੋ ਪਿਛਲੇ ਸਾਲ ਕਲਕੱਤੇ ਮੈਨੂੰ ਵੈੱਲ-ਪਲੇਅਡ, ਸੂਗੋ ਮਾਣੋ ਕਹਿ-ਕਹਿ ਛੇੜਦੀਆਂ ਸਨ। ਓਦਣ ਵੀ ਉਹ "ਸੂਗੋ-ਮਾਣੋ ਈਸਟ ਮਾਣੋ" ਬੋਲ ਕੇ ਹੱਸ ਪਈਆਂ।

ਪਰ ਯਾਰ ਹੋਰਾਂ ਨੂੰ ਮਜ਼ਾਕ ਕਿੱਥੇ ਸੁਝਦਾ ਸੀ। ਮਿੱਤਰਾਂ ਦੀ ਤਾਂ ਜਾਨ 'ਤੇ ਬਣੀ ਸੀ। ਰਾਹਾਂ ਗੁਗਨੀ ਵੀ ਉੱਥੇ ਈ ਖੜ੍ਹਾ, ਦੇਖ ਕੇ ਸਾਡੇ ਕੋਲ ਨੂੰ ਹੋ ਗਿਆ। ਹੁਣ ਅਸੀਂ ਗਿਰੋਹ ਦੇ ਮੈਂਬਰ ਪੂਰੇ ਹੋ ਗਏ। "ਬਚ ਗੇ' ਯਾਰ ਅੱਜ ਤਾਂ...।" ਗੁਗਨੀ ਨੇ ਕਿਹਾ ਮੈਂ ਆਖਿਆ "ਗੁਗਨੀ ਬਚੇ ਨੀਂ ਪੁੱਤ, ਉਹ ਦੇਖ ਬਾਹਰ ਗੇਟ ਵੱਲ। ਫੂਫੜ ਤਾਂ ਤੇਰਾ ਐਥੇ ਵੀ ਪਹੁੰਚ ਗਿਆ।" ਦੁਕਾਨ ਵੈਸੇ ਉਹ ਕਾਫ਼ੀ ਵੱਡੀ ਸੀ। ਮਾਲਕ ਵੀ ਮੋਟਾ-ਝਾਹਢਾ ਸਰਦਾਰ। ਕਈ ਨੌਕਰ (ਲੋਕਲ ਮੁੰਡੇ

ਆਪਣੇ-ਆਪਣੇ ਕੰਮੀਂ ਲੱਗੇ ਹੋਏ।

ਕਹਿੰਦੇ ਨੇ ਹਰੇਕ ਦੁਕਾਨ ਜਾਂ ਸੰਸਥਾ ਦੀ ਕਾਮਯਾਬੀ ਪਿੱਛੇ ਇੱਕ ਖਾਸ ਗੱਲ ਹੁੰਦੀ ਐ। ਜੋ ਲੋਕਾਂ 'ਚ ਫੈਲਣ ਕਰਕੇ ਸੰਸਥਾ ਨੂੰ ਮਸ਼ਹੂਰੀ ਤੇ ਕਾਮਯਾਬੀ ਦਿੰਦੀ ਐ।

ਉਸ ਦੁਕਾਨ ਦੀ ਖਿੱਚ ਦਾ ਕੇਂਦਰ ਸਨ ਪੁਰਾਣੇ ਜ਼ਮਾਨੇ ਦੇ ਬਰਤਨ। ਖਾਸ ਕਰਕੇ ਮਿੱਟੀ ਦੇ ਭਾਂਡੇ। ਉਹਨਾਂ ਦਿਨਾਂ 'ਚ ਲਾਲੂ ਯਾਦਵ ਨੇ ਰੇਲਵੇ ਸਟੇਸ਼ਨ 'ਤੇ ਵੀ ਮਿੱਟੀ ਦੇ ਕੁੱਜੇ-ਕੁੱਜੀਆਂ ਲਾਜ਼ਮੀ ਕਰਤੇ ਸੀ। ਆਮ ਦੁਕਾਨਾਂ 'ਤੇ ਮਹਿੰਗੇ ਫੈਂਸੀ ਅਤੇ ਬਾਹਰਲੇ ਮੁਲਖਾਂ ਦੇ ਡਿਜ਼ਾਈਨਰ ਬਰਤਨ ਰੱਖਣ ਤੋਂ ਉਲਟ, ਇਹ ਖਿੱਚ ਦਾ ਕੇਂਦਰ ਬਣੇ ਹੋਏ ਸਨ। ਅਸੀਂ ਵੀ ਸਹਿਜ ਦਿਖਣ ਦੀ ਚਾਲ 'ਚ ਤਿੰਨ ਛੋਟੇ ਕੁੱਜੇ ਚਾਹ ਦੇ ਆਰਡਰ ਕਰ ਦਿੱਤੇ। ਉਸ ਅੰਡਿਆਂ ਆਲੇ ਭਾਈ ਨੇ ਅੰਦਰ ਵੜਦੇ ਸਾਰ ਈ ਕੁਰਸੀ ਖਿੱਚੀ ਤੇ ਧੜੰਮ ਦੇਣੇ ਬਹਿ ਗਿਆ। ਬੈਠਾ ਵੀ ਆਏਂ ਜਿਵੇਂ ਸੋਚ ਰਿਹਾ ਹੋਵੇ, ਬਈ ਐਨਾ ਕਾਹਨੂੰ ਭੱਜਣਾ ਸੀ, ਅੰਡੇ ਈ ਖਾਧੇ ਨੇ, ਮੁਰਗੀ ਤਾਂ ਨੀਂ ਖਾਧੀ ਜਵਾਕਾਂ ਨੇ।

ਮਿੱਟੀ ਦੇ ਕੁੱਜੇ 'ਚੋਂ ਇੱਕ ਘੁੱਟ ਤਾਂ ਮੈਥੋਂ ਫੜਦੇ-ਫੜਾਉਂਦੇ ਈ ਡੁੱਲ੍ਹ ਗੀ'। ਉਂ ਵੀ ਚਾਹ 'ਚ ਮੇਰਾ ਧਿਆਨ ਚਾਹ ਕੇ ਵੀ ਨੀਂ ਸੀ ਲੱਗ ਰਿਹਾ। ਸਾਰਾ ਧਿਆਨ ਤਾਂ ਵੱਡੀ ਗੋਗੜ ਆਲੇ ਉਸ ਬਈਏ ਵੱਲ ਸੀ। ਜੋ ਹੁਣ ਥੋੜ੍ਹਾ ਤਰੋ-ਤਾਜ਼ਾ ਹੋ ਕੇ ਆਏਂ ਐਧਰ-ਉਧਰ ਦੇਖ ਰਿਹਾ ਸੀ ਜਿਵੇਂ ਸੋਚ ਰਿਹਾ ਹੋਵੇ ਬਈ, "ਲੱਭ ਕੇ ਤਾਂ ਛੱਡੂੰ ਅੱਜ ਚਾਹੇ ਸਾਰੀ ਰਾਂਚੀ ਕਿਉਂ ਨਾ ਗਾਹੁਣੀ ਪੈ ਜਾਵੇ।"

ਉੱਥੇ ਪੰਜਾਬ ਆਲੀਆਂ ਕੁੜੀਆਂ ਦੇ ਵੀ 'ਪੰਜਾਬ' ਲਿਖੀਆਂ ਜਰਸੀਆਂ ਪਾਈਆਂ ਹੋਈਆਂ ਅਤੇ ਸਾਡੇ ਵੀ। ਬਸ ਫਰਕ ਸੀ ਕਿ ਅਸੀਂ ਭੱਜੇ ਆਉਂਦਿਆਂ ਨੇ ਉਤਾਰ ਕੇ ਲੱਕ ਨੂੰ ਲਪੇਟ ਲਈਆਂ ਸਨ। ਇਹ ਕਾਰਨ ਵੀ ਸੀ ਉਸਦੇ ਉਸੇ ਦੁਕਾਨ 'ਚ ਵੜਨ ਦਾ। ਹੋ ਸਕਦੈ ਅੰਗਰੇਜ਼ੀ 'ਚ ਲਿਖਿਆ 'ਪੰਜਾਬ' ਪੜ੍ਹ ਲਿਆ ਹੋਵੇ ਜਾਂ ਰੰਗ ਦੇਖ ਕੇ ਅੰਦਰ ਵੜਿਆ ਹੋਵੇ।

ਚਾਹ ਦੀ ਇੱਕ ਘੁੱਟ ਮੈਂ ਪਹਿਲਾਂ ਡੋਲ੍ਹ ਈ ਲਈ ਸੀ। ਦੂਜੀ ਥੋੜ੍ਹੇ ਸਮੇਂ ਬਾਅਦ ਭਰੀ ਉਹ ਜਮਾਂ ਠੰਡੀ ਅਤੇ ਬਾਕੀ ਬਚਦੀ ਮਿੱਟੀ ਦੀ ਬਣੀ ਹੋਣ ਕਰਕੇ ਉਹ ਠੂਠੀ ਨੇ ਚੂਸ ਲੀ'। ਹੁਣ ਜੱਕੋ-ਤੱਕੀ ਵਿੱਚ ਉਹ ਰੇਹੜੀ ਆਲਾ ਭਾਈ ਮੇਰੇ ਕੋਲ ਆ ਕੇ, "ਬੁਰਬਕ ਸਮਝੀ ਹੋ...।" ਕਹਿ ਕੇ ਅੱਖਾਂ ਜੀਆਂ ਕੱਢੇ।

ਫੇਰ ਉਹਨੇ ਕੋਲ ਖੜ੍ਹੇ ਸੋਨੇ ਦੀ ਬਾਂਹ ਮਰੋੜ ਲਈ। ਪੰਜਾਬੀ ਹੋਣ ਕਰਕੇ ਦੁਕਾਨਦਾਰ ਵੀ ਕਾਉਂਟਰ ਛੱਡ ਕੇ ਸਾਡੇ 'ਇਨਕਾਊਂਟਰ' ਵਿੱਚ ਆ ਵੜਿਆ। ਹੁਣ ਸਾਰੇ ਈ ਸਾਡੇ ਵੱਲ ਦੇਖਣ ਲੱਗ ਪਏ। ਉਹ ਮਲਿਆਲੀ ਅਤੇ ਪੰਜਾਬੀ ਕੁੜੀਆਂ ਵੀ ਸਹਿਮ ਜਿਹੀਆਂ ਗਈਆਂ, ਜੋ ਮੈਨੂੰ ਹੁਣੇ ਛੇੜ ਰਹੀਆਂ ਸਨ। ਸਰਦਾਰ ਕਹਿੰਦਾ, "ਯਾਦੂ, ਕਿਆ ਹੂਆ ਯਾਰ, ਬਾਜ਼ੂ ਛੱਡ, ਆਰਾਮ ਸੇ ਬਾਤ ਕਰ, ਬੱਚੇ ਹੈਂ।"

"ਚਾਵਲਾ ਜੀ, ਯੇ ਸਾਲੇ ਚੋਰ ਹੈਂ ਚੋਰ, ਏਕ ਨੰਬਰ ਕੇ।" ਉਹ ਡਰਾ ਰਿਹਾ ਸੀ। ਅਸੀਂ ਹੁਣ ਪੂਰੇ ਡਰ ਗੇ' ਸੀ। ਪਰ ਉਹ ਦੋਵੇਂ ਇੱਕ ਦੂਜੇ ਨੂੰ ਚੰਗੀ ਤਰਾਂ ਜਾਣਦੇ ਸਨ। ਜਿਸ ਤੋਂ ਸਾਨੂੰ ਸਹਾਰਾ ਜਿਆ ਵੀ ਮਿਲਿਆ, ਥੋੜਾ ਹੌਂਸਲਾ ਜਿਆ ਹੋਇਆ।

ਬਈਏ ਨੇ ਪੂਰੀ ਵਾਰਤਾ ਸੁਣਾਤੀ, ਭੋਜਪੁਰੀ, ਹਿੰਦੀ ਅਤੇ ਥੋੜ੍ਹੀ-ਥੋੜ੍ਹੀ ਪੰਜਾਬੀ ਵਰਤ ਕੇ। ਸਰਦਾਰ ਜੀ ਥੋੜ੍ਹਾ ਜਿਆ ਮੁੱਛਾਂ ਜੀਆਂ ਵਿੱਚ ਮੁਸਕਰਾਕੇ ਬੋਲੇ, "ਹੈਂ ਉਏ ਉੱਲੂਓ, ਸੱਚ ਐ...? ਸ਼ਰਮ ਤਾਂ ਨ੍ਹੀਂ ਆਈ ਚੋਰੀ ਕਰਦਿਆਂ ਨੂੰ, ਕੀ ਹੁੰਦੇ ਨੇ ਅੰਡੇ, ਕਿਉਂ ਪੰਜਾਬ ਦਾ ਨਾਮ ਬਦਨਾਮ...।" ਉਸਦੀ ਘੂਰ 'ਚ ਹਮਦਰਦੀ ਮਹਿਸੂਸ ਹੋਈ। ਮੈਨੂੰ ਲੱਗਿਆ ਜਿਵੇਂ ਉਹਨੇ ਸਾਨੂੰ ਬਚਾ ਲਿਆ ਹੋਵੇ।

ਗੁਗਨੀ, ਸੋਨੇ ਵੱਲ ਨੂੰ ਦੇਖ ਕੇ ਕਹਿੰਦਾ, "ਅੰਕਲ ਜੀਹਦਾ ਇਹ ਨਾਮ ਲੈ ਰਿਹੈ, ਇਹ ਤਾਂ ਅੰਡਾ ਮੀਟ ਖਾਂਦਾ ਈ ਨ੍ਹੀਂ।" ਗੁਗਨੀ ਨੂੰ ਇਹ ਸੀ ਬਈ ਹੁਣ ਤੱਕ ਅੰਡਾ ਸੋਨੇ ਕੋਲ਼ ਨ੍ਹੀਂ ਹੋਣੈ, ਉਹ ਤਾਂ ਸੁੱਟਤਾ ਹੋਊ ਭੱਜੇ ਆਉਂਦੇ ਨੇ। ਊਂ ਵੀ ਜਦੋਂ ਲੋਕ ਚੋਰ ਦੇ ਪਿੱਛੇ ਭੱਜਦੇ ਨੇ ਤਾਂ ਸਭ ਤੋਂ ਪਹਿਲਾਂ ਤਾਂ ਉਹ ਚੱਕੀ ਹੋਈ ਚੀਜ ਨੂੰ ਟਿਕਾਣੇ ਲਾਉਂਦਾ ਹੈ।

ਸੋਨਾ ਵੀ ਸਿੱਕਰੀ ਆਲ਼ੇ ਬੁੱਲ੍ਹਾਂ 'ਤੇ ਜੀਭ ਫੇਰ ਕੇ ਕਾਇਮ ਜਿਆ ਹੋ ਕੇ ਕਹਿੰਦਾ, "ਹਾਂ ਜੀ ਅੰਕਲ, ਮੈਂ ਤੇ ਪੰਡਤ ਹਾਂ। ਅਸੀਂ ਤਾਂ ਘਰ ਨ੍ਹੀਂ ਵਾੜਦੇ ਅੰਡਾ-ਮੀਟ।" ਮਾਮਲਾ ਹੁਣ ਧਾਰਮਿਕ ਹੋ ਰਿਹਾ ਸੀ। ਇਹ ਸਾਡੀ ਮੱਕਾਰੀ ਦੀ ਹੱਦ ਸੀ। ਜਮਾਂ ਸਿੱਧੇ ਮੱਥੇ ਕੋਤਵਾਲ ਨੂੰ ਦੋਸ਼ੀ ਸਾਬਤ ਕਰਨ 'ਤੇ ਤੁਲ ਪਏ।

ਹੁਣ ਕਦੇ-ਕਦੇ ਸੋਚ ਕੇ ਹੈਰਾਨ ਹੋਈਦਾ, ਬਈ ਐਨੀ ਛੋਟੀ ਉਮਰ 'ਚ ਕਿੰਨਾਂ ਹਰਾਮੀ ਪੁਣਾ ਦਿਖਾਇਆ ਸੀ। ਉਹ ਵੀ ਓਦੋਂ ਜਦੋਂ ਰੰਗੇ ਹੱਥੀ ਫੜੇ ਜਾਣ ਦੇ ਕਿਨਾਰੇ 'ਤੇ ਖੜ੍ਹੇ ਸੀ ਜਾਂ ਕਹਿਲੋ ਫੜੇ ਗਏ ਸੀ।

ਅਸੀਂ ਧੱਕੇ ਨਾਲ਼ ਈ ਮਨਾ ਰਹੇ ਸੀ ਬਈ, "ਅਸੀਂ ਤਾਂ ਇਹਦੀ ਰੇਹੜੀ ਵੱਲ ਨੂੰ ਗਏ ਈ ਨ੍ਹੀਂ। ਇਹਨੂੰ ਟਰੈਕ ਸੂਟਾਂ ਕਰਕੇ ਭੁਲੇਖਾ ਪੈ ਗਿਆ। ਹੋਰ ਮੁੰਡੇ ਹੋਣਗੇ।"

ਹੁਣ ਉਹ ਦੁਚਿੱਤੀ 'ਚ ਪੈ ਗਿਆ ਕਿ ਖੌਰੇ ਕਿਤੇ ਭੁਲੇਖਾ ਈ ਨਾ ਲੱਗਿਆ ਹੋਵੇ, ਉਹ ਤਿੰਨੇ ਕੋਈ ਹੋਰ ਈ ਨਾ ਹੋਣ। ਉਹ ਮੁੜ ਵੀ ਜਾਂਦਾ ਜਾਂ ਮੰਨ ਵੀ ਜਾਂਦਾ ਜੇ ਮੇਰੀ ਲੁਤਰੋ ਵਾੜੇ-ਵੜੀ ਰਹਿੰਦੀ। ਆਪਣੇ ਝੂਠ ਨੂੰ ਹੋਰ ਪੱਕਿਆਂ ਕਰਦੇ ਮੈਂ ਆਖਿਆ, "ਸੋਨੇ, ਮੈਨੂੰ ਲੱਗਦੈ ਯੋਗੀ ਹੋਰੀਂ ਹੋਣਗੇ ਉਹੀ ਕਹਿੰਦਾ ਸੀ..., ਅੰਡੇ ਖਾਣ ਨੂੰ ਮੈਚ ਤੋਂ ਬਾਅਦ...।"

ਬਈਏ ਨੇ ਮੇਰੀ ਬਾਂਹ ਫੜ ਲੀ', "ਚਾਵਲਾ ਸਾਹਬ, ਯੇਹੀ ਥਾ ਜਿਸਨੇ ਮੇਰੇ ਸੇ ਪੂਛਾ ਥਾ ਕਿਤਨੇ ਕੀ ਟਰੇਅ ਮਿਲਤੀ ਹੈ ਯਹਾਂ।"

ਪਤਾ ਨ੍ਹੀਂ ਕਿਉਂ ਇਹ ਮੇਰੀ ਆਦਤ ਐ ਹਰੇਕ ਤੋਂ ਪੁੱਛਦਾ ਹਾਂ। ਗੱਲਬਾਤ ਕਰਦਾ ਹਾਂ। ਮੇਰੀ ਅਵਾਜ ਫਟੇ ਹੋਏ ਬਾਂਸ ਵਰਗੀ ਹੋਣ ਕਰਕੇ ਅਲੱਗ ਕਿਸਮ ਦੀ ਹੈ। ਜੇ ਇੱਕ ਵਾਰ

ਸੁਣ ਲਏ ਉਹ ਭੁੱਲਦਾ ਨ੍ਹੀਂ।

"ਮੇਰੇ ਕਾਨ ਦੋਖਾ ਨਹੀਂ ਖਾ ਸਕਤੇ।" ਉਹ ਪੂਰੇ ਗੁੱਸੇ ਵਿਚ ਆ ਗਿਆ। ਪੂਰੇ ਰੌਂਅ ਵਿੱਚ ਫੇਰ ਬੋਲਿਆ, "ਯੇ ਸਾਲੇ ਹਮਕੋ ਸੀਧੇ ਹੀ ਮਾਮੂ ਬਨਾਵਤ ਹੈਂ।" ਸਰਦਾਰ ਜੀ ਨੇ ਉਸਤੋਂ ਮੇਰੀ ਬਾਂਹ ਛੁਡਾਈ। ਜਿਵੇਂ ਉਹਨੂੰ ਬੁਰਾ ਲੱਗਿਆ ਹੋਵੇ, ਬਾਈਏ ਦਾ ਸਾਨੂੰ ਸਾਲ਼ਾ ਕਹਿ ਕੇ ਬੋਲਣਾ। ਬਾਂਹ ਛੁਡਾ ਕੇ ਉਹ ਪੂਰੇ ਪੰਜਾਬੀ ਸਟਾਈਲ 'ਚ ਬੋਲਿਆ, "ਯੇ ਸਾਲਾ-ਸਾਲਾ ਕਿਆ ਲਗਾ ਰੱਖੀਆ ਹੈ। ਜਬ ਯੇ ਬੋਲ ਰਹੇ ਹੈਂ, ਵੋ ਯੇ ਨਹੀਂ ਕੋਈ ਔਰ ਥੇ। ਚਲ ਦੱਸ ਕਿਤਨੇ ਪੈਸੇ ਹੈ ਮੈਂ ਦੇਤਾ ਹੂੰ।" ਹੁਣ ਉਹ ਸਿੱਧਮ-ਸਿੱਧਾ ਸਾਡੇ ਹੱਕ 'ਚ ਸੀ। ਰੇਹੜੀ ਆਲ਼ਾ ਭਾਈ ਅਜੇ ਨਰਮ ਪਿਆ ਹੀ ਸੀ ਕਿ ਅੰਡਾ ਸੋਨੇ ਦੀ ਫ੍ਹੈਂਚੀ ਚੋਂ ਨਿੱਕਲ਼ਕੇ ਤੁਰ ਪਿਆ... ਫਰਸ਼ 'ਤੇ। ਫੇਰ ਸੋਨੇ ਦੇ ਪੈਰ ਕੋਲ਼ ਟਿਕਦਾ ਈ ਫਿੱਸ ਗਿਆ। ਜਿਵੇਂ ਟਾਇਰ 'ਚੋਂ ਥੋੜ੍ਹੀ ਜਿਹੀ ਹਵਾ ਘਟ ਗਈ ਹੋਵੇ।

ਅੰਡੇ ਵੱਲ ਅਜੇ ਕਿਸੇ ਦਾ ਧਿਆਨ ਨ੍ਹੀਂ ਸੀ ਗਿਆ, ਸਿਵਾਏ ਮੇਰੇ ਅਤੇ ਸੋਨੇ ਦੇ। ਸ਼ਾਇਦ ਜਾਂਦਾ ਵੀ ਨਾ ਜੇ ਪੈਰ ਨਾਲ਼ ਮੱਲਕ ਦੇਣੇ ਮੇਜ ਥੱਲੇ ਨੂੰ ਕਰ ਦਿੰਦੇ ਜਾਂ ਆਰਾਮ ਨਾਲ਼ ਖੜ੍ਹੇ ਹੀ ਰਹਿੰਦੇ। ਪਰ ਫੇਰ ਉਹ ਮਿੱਥ ਝੂਠੀ ਪੈ ਜਾਂਦੀ ਕਿ ਮੇਰੀ ਚੜ੍ਹਾਈ ਹੋਣ ਤੋਂ ਬਾਅਦ ਉਤਰਾਈ ਹੁੰਦੀ ਈ, ਹੁੰਦੀ ਐ। ਕਿਉਂਕਿ ਸਿੱਧੀ ਚੋਰੀ ਨੂੰ ਅਸੀਂ ਮੱਕਾਰੀ ਭਰੀ ਸੀਨਾ ਜੋਰੀ ਨਾਲ਼ ਦਬਾ ਲਿਆ ਸੀ। ਆਪਣੀ ਪੂਰੀ ਚੜ੍ਹਤ ਬਣਾ ਲਈ ਸੀ। ਟੌਹਰ ਜਿਹੀ 'ਚ ਕੁੜੀਆਂ ਵੱਲ ਵੀ ਦੇਖਣ ਲੱਗ ਪਏ ਸੀ। ਮਾਮਲਾ ਧਾਰਮਿਕ ਰੰਗ ਫੜਨ ਕਰਕੇ ਸਾਡੇ ਹੱਕ 'ਚ ਹੋ ਰਿਹਾ ਸੀ। ਲੋਕ ਵੀ ਜਿਹੜੇ ਦੇਖ ਰਹੇ ਸਨ ਸਾਡੇ ਵੱਲ ਹੋ ਗੇ'।

ਪਰ ਮੈਥੋਂ ਘਬਰਾਏ ਹੋਏ ਤੋਂ ਅੰਡੇ 'ਤੇ ਪੈਰ ਰੱਖਿਆ ਗਿਆ। ਥੋੜ੍ਹਾ ਜਿਆ ਫਿੱਸਿਆ ਬੇਚਾਰਾ ਪੂਰਾ ਈ ਫੁੱਟ ਹੋ ਗਿਆ। ਸਾਡੀ ਕਿਸਮਤ ਵੀ ਤਾਂ ਅੰਡੇ ਦੇ ਫੁੱਟਣ ਨਾਲ਼ ਪੂਰੀ ਫੁੱਟ ਚੁੱਕੀ ਸੀ।

ਆਪਣੇ-ਆਪ ਨੂੰ ਫਸੇ ਦੇਖ ਜਦੋਂ ਅਸੀਂ ਤੇਰ੍ਹਵੀਂ ਵਿੱਦਿਆ, ਜਣੀ ਮੇਰੇ ਗੰਗਾ ਰਾਮ ਬਾਬਾ ਜੀ ਦੀ ਦੱਸੀ ਵਿੱਦਿਆ ਵਰਤ ਕੇ ਭੱਜਣ ਲੱਗੇ ਤਾਂ ਬੈਠੇ ਬੰਦਿਆਂ 'ਚੋਂ ਦੋ ਜਣੇ ਹੋ ਗੇ' ਮੂਹਰੇ ਤੇ ਉਹ ਰੇਹੜੀ ਆਲ਼ਾ ਵੀ। ਹੁਣ ਸਿਵਾਏ ਮਿੰਨਤ ਤਰਲੇ ਦੇ ਕੋਈ ਵਿੱਦਿਆ ਨ੍ਹੀਂ ਸੀ ਬਚੀ ਜੋ ਕੰਮ ਆਉਂਦੀ। ਮੈਨੂੰ ਲੱਗਦੈ ਜਦੋਂ ਸਿੱਧੇ ਮੱਥੇ ਅੜਜੀਏ ਫਿਰ ਤਰਲਾ ਕਰਨਾ ਈ ਚੌਦਵੀਂ ਵਿੱਦਿਆ ਹੋਣੀ ਐ। ਜੋ ਬਿਨਾਂ ਦੱਸੇ ਈ ਸਭ ਨੂੰ ਆਉਂਦੀ ਹੁੰਦੀ ਐ। ਕਿਉਂਕਿ ਫੇਰ ਅੜੀ ਜਿਆਦਾ ਅੜਿੱਕਾ ਬਣ ਸਕਦੀ ਹੈ।

ਪਰ ਉਸ ਦਿਨ ਜਿਵੇਂ ਸਭ ਨੇ ਹਿਸਾਬ ਬਰਾਬਰ ਕਰਨੇ ਹੋਣ। ਮੈਚ ਵਿੱਚ ਸੰਗਤ ਨੇ ਕੁੱਟ ਪਵਾ ਕੇ, ਲੈਟਰਿਨ ਆਲ਼ੇ ਬੁਰਸ਼ ਦਾ ਹਿਸਾਬ ਬਰਾਬਰ ਕੀਤਾ ਅਤੇ ਹੁਣ ਉਪਕਾਰ ਸਰ ਆ ਗਏ ਸੀ ਦੁਕਾਨ 'ਚ ਹਿਸਾਬ ਬਰਾਬਰ ਕਰਨ। ਨਾਲ਼ ਉਹਨਾਂ ਦੇ ਐਥਲੈਟਿਕ ਆਲ਼ੇ ਸਰ। ਉਹ ਬਹੁਤ ਜਲਦੀ-ਜਲਦੀ ਬੋਲੇ "ਚਲੋ ਉਏ ਭੱਜੋ ਐਥੋਂ, ਚਲੋ ਕਮਰੇ ਵਿੱਚ। ਕੱਲ੍ਹ ਨੂੰ ਮੈਚ ਐ, ਖਾ

ਕੇ ਰੋਟੀ ਸੌਂ ਜੋ। ਜੇ ਖੱਪ ਪਾਈ ਰਾਤ ਵਾਂਗੂ, ਤਾਂ ਫੈਂਟਾ ਚੜੂ।" ਪਤਾ ਨ੍ਹੀਂ ਕਿਵੇਂ ਸ਼ਾਇਦ ਉਹ ਸਾਨੂੰ ਜਾਣ ਬੁੱਝ ਕੇ ਬਚਾ ਰਹੇ ਸੀ, ਜਿਵੇਂ ਗਲ਼ਤ ਫਹਿਮੀ ਹੋਣ 'ਤੇ ਕੁੱਟ ਪਵਾਉਣ ਦਾ ਹਿਸਾਬ ਬਰਾਬਰ ਕਰ ਰਹੇ ਹੋਣ।

ਅਸੀਂ ਗੱਲ ਖਤਮ ਹੋਣ ਤੋਂ ਪਹਿਲਾਂ ਈ ਗੇਟ ਤੱਕ ਪਹੁੰਚ ਗੇ। ਉਹ ਰੇਹੜੀ ਆਲ਼ਾ ਭਾਈ ਬੋਲਦਾ-ਬੋਲਦਾ ਬੋਲਿਆ ਈ ਨ੍ਹੀਂ, ਨਾ ਉਪਕਾਰ ਸਰ ਨੇ ਉਹਨੂੰ ਮੌਕਾ ਈ ਦਿੱਤਾ। ਇੱਕ ਉਹ ਹੈ ਵੀ ਛੇ-ਫੁੱਟ ਲੰਬੇ, ਕੁੰਢੀਆਂ ਮੁੱਛਾਂ, ਪੋਚਵੀਂ ਪੱਗ। ਸਾਹਮਣੇ ਆਲ਼ਾ ਅੱਧਾ ਰਹਿ ਜਾਂਦਾ ਦੇਖਣ ਸਾਰ। ਅਸੀਂ ਤਾਂ ਦੌ ਪਈਆਂ, ਕਿੱਧਰ ਗਈਆਂ ਆਲ਼ੀ ਕਹਾਵਤ ਨੂੰ ਸੱਚ ਕਰਕੇ, ਫੇਰ ਲੱਗ ਪਏ ਢੋਲੇ ਦੀਆਂ ਲਾਉਣ। ਉਹਨਾਂ ਨੇ ਪਤਾ ਨ੍ਹੀਂ ਕਿਵੇਂ ਠੰਡਾ ਕਰਿਆ ਹੋਊ, ਗਰਮ ਹੋਏ ਬਈਏ ਨੂੰ।

***

ਦੁਕਾਨ ਮੂਹਰੇ ਟੂਟੀ 'ਤੇ ਪੈਰ ਧੋਣ ਲੱਗਿਆ ਤਾਂ ਅੰਦਰੋ ਅਵਾਜ ਆਈ, "ਹੇ-ਹੇ।" ਨਾਲ਼ੇ ਉਹਨੇ ਹੱਥ ਮਾਰਤਾ, ਬਈ ਅੱਗੇ ਹੋ ਜੋ ਪਾਣੀ ਨ੍ਹੀਂ ਹੈਗਾ। ਪੈਰ ਮੇਰਾ ਚਿੱਪ-ਚਿੱਪ ਕਰੇ। ਜਦੋਂ ਮੈਂ ਅੰਡੇ 'ਤੇ ਪੈਰ ਰੱਖਿਆ ਸੀ ਤਾਂ ਪਤਾ ਨ੍ਹੀਂ ਕਿਉਂ ਰੱਖਣੀ ਸੀ ਚੱਪਲ, ਪਰ ਮਲ਼ਿਆ ਗਿਆ ਸੀ ਪੈਰ ਦੀਆਂ ਉਂਗਲਾਂ 'ਚ...।

ਗੁਗਨੀ, ਸੋਨੇ ਨੂੰ ਕਹਿੰਦਾ, "ਪੰਡਤਾ, ਤੇਰੇ ਤਾਂ ਅੱਜ ਚਾਦਰ ਪਊ, ਭੁੱਖੜਾ ਮਰਾਤੇ ਸੀ ਤੂੰ ਸਾਲ਼ਿਆ ਗੰਗੂਆ।"

ਮੈਂ ਵੀ ਚੁੰਬੜ ਗਿਆ ਸੋਨੇ ਨੂੰ, "ਜਦੋਂ ਮੂੰਹ ਨਾਲ਼ ਖਾਲੇ-ਖਵਾਲੇ ਸੀ ਫੇਰ ... 'ਚ ਕਿਉਂ ਫਸਾਇਆ ਸੀ! ਪੰਡਤਾ ਅੱਜ ਨ੍ਹੀਂ ਪੁੱਤ ਬਚਦਾ ਤੂੰ।" ਮੈਂ ਹਟਿਆ ਤਾਂ ਸੋਨਾ ਬੋਲਿਆ, "ਯਾਰ, ਲਾਲਚ ਐਨੀ ਵੱਧ ਗਈ ਸੀ, ਮੈਂ ਸੋਚਿਆ ਸੀ ਕਿ ਅੰਡੇ ਥੋਆਡੇ ਤੋਂ ਘੱਟ ਨ੍ਹੀਂ ਖਾਣੇ, ਮੈਂ ਵੀ ਚਾਰ ਪੂਰੇ ਕਰੂੰ।" ਉਹਨੇ ਅਪਣੀ ਮਜ਼ਬੂਰੀ ਦੱਸੀ।

"ਰਿਹਾ ਨਾ ਪੰਡਤ ਦਾ ਪੰਡਤ..... ਸ਼ਰਾਧ ਪੂਰਾ ਖਾਊਂ, ਚਾਹੇ ਅਫਰੇਵਾਂ ਹੋ ਕੇ ਬਿਮਾਰ ਪੈ ਜੇ'।" ਗੁਗਨੀ ਕੋਈ ਮੌਕਾ ਨ੍ਹੀਂ ਸੀ ਛੱਡਦਾ, ਸੋਨੇ ਨੂੰ ਠਿੱਠ ਕਰਨ ਦਾ।

ਮੈਨੂੰ ਕਿਤੇ ਨਲ਼ਕਾ ਨ੍ਹੀਂ ਸੀ ਲੱਭ ਰਿਹਾ। ਨਾ ਈ ਸਾਡੇ ਸ਼ਹਿਰਾਂ ਵਾਂਗੂ ਹਰੇਕ ਦੁਕਾਨ ਮੂਹਰੇ ਟੂਟੀ ਦਿਖੇ। ਟਾਵੇਂ ਟੱਲੇ ਨੇ ਈ ਬਸ ਡਰੰਮ ਰੱਖਿਆ ਹੋਇਆ ਸੀ। ਗੁਗਨੀ ਹਟੇ ਨਾ ਸੋਨੇ 'ਤੇ ਤਵਾ ਲਗਾ ਕੇ ਹਸਾਈ ਜਾਵੇ। ਮੇਰੇ ਪੈਰ ਦੀਆਂ ਉਂਗਲਾਂ 'ਚ ਅੰਡੇ ਦੀ ਜੈਲੀ ਮਜ਼ਾ ਕਿਰ-ਕਿਰਾ ਕਰ ਰਹੀ ਸੀ। ਸਾਹਮਣੇ ਪੰਜਾਬ ਆਲ਼ੇ ਮੁੰਡੇ, ਕੁੜੀਆਂ ਗੋਲ਼ ਗੱਪਿਆਂ ਆਲ਼ੀ ਰੇਹੜੀ ਕੋਲ਼ ਖੜ੍ਹੇ ਦਿਖੇ, ਮੰਗੇ ਭਾਅ, ਚੱਲ ਨਾਲ਼ੇ ਥੋੜ੍ਹਾ ਜਿਆ ਮੂੰਹ ਸਲੂਣਾ ਕਰਦੇ ਆਂ, ਨਾਲ਼ੇ ਤੇਰੇ ਪੈਰ ਵੀ ਧੋ ਲਵਾਂਗੇ।" ਸੋਨੇ ਨੇ ਗੱਲ ਦੀ ਸੂਈ ਘੁਮਾਈ। ਮੈਂ ਆਖਿਆ, "ਠੀਕ ਐ।"

ਗੁਗਨੀ ਨੇ ਆਪਣੀ ਨਰਾਜ਼ਗੀ ਜਤਾਈ, "ਭਾਅ ਗਲ਼ਤ ਗੱਲ, ਜਦੋਂ ਮੈਂ ਆਖਿਆ

ਸੀ ਗੋਲ਼-ਗੱਪੇ ਖਾਣ ਲਈ, ਓਦੋਂ ਕਹਿੰਦੇ ਸੀ", ਇਹ ਹੱਥ ਨ੍ਹੀਂ ਧੋਂਦੇ, ਨੌਂਹਾਂ 'ਚ ਮੈਲ਼ ਫਸੀ ਹੋਈ ਐ, ਹੁਣ ਆਪਦੀ ਵਾਰੀ ਨੂੰ....।"

ਅਸੀਂ ਨਰਾਜ਼ਗੀ ਆਈ-ਗਈ ਕਰਕੇ ਹਿਸਾਬ ਲਾਉਣ ਲੱਗਪੇ', ਬਈ ਦਸ ਰੁਪਏ ਦੇ ਲਵਾਂਗੇ, ਜਿੰਨੇ-ਜਿੰਨੇ ਵੰਡਕੇ ਆਏ, ਤੇ ਜੇ ਇੱਕ ਵਧ ਗਿਆ, ਉਹ ਉਹਨੂੰ ਮਿਲੂ ਜਿਹੜਾ ਸੀਨੀਅਰ ਹੈ। ਗੁਗਨੀ ਹੋ ਗਿਆ ਕਾਇਮ। ਕਹਿੰਦਾ "ਮੇਰਾ ਬਰਥ 78 ਦਾ ਮੈਂ ਖਾਊਂ ਜੇ ਇੱਕ ਵਧਿਆ।"

ਮੈਂ ਸਭ ਕੁਛ ਖਾ ਸਕਦੈਂ, ਇੱਥੋਂ ਤੱਕ ਕੱਚੀ ਕਲੇਜੀ ਵੀ ਲੂਣ ਭੁੱਕ ਕੇ ਖਾਧੀ ਐ ਕਈ ਵਾਰੀ। ਪਰ ਗੋਲ਼-ਗੱਪਿਆਂ ਆਲ਼ੇ ਭਾਈ ਦੇ ਅੰਗੂਠੇ ਦੀ ਮੈਲ਼ ਨ੍ਹੀਂ ਪੀਤੀ ਕਦੇ। ਕਈ ਵਾਰੀ ਦੇਖਿਐ, ਮੇਲੇ ਵਗੈਰਾ 'ਤੇ। ਉਹੀ ਅੰਗੂਠਾ ਪਸੀਨੇ ਨਾਲ਼ ਭਿੱਜੀ ਕੱਛ 'ਚ ਫੇਰੀ ਜਾਂਦੇ ਨੇ, ਉਸੇ ਨਾਲ਼ ਨੱਕ ਵਿੱਚੋਂ ਚੂਹੇ ਕੱਢੀ ਜਾਂਦੇ ਨੇ। ਮੈਨੂੰ ਤਾਂ ਲੱਗਦਾ ਹੁੰਦਾ ਕਿ ਉਹਨਾਂ ਨੇ ਅੰਗੂਠੇ ਦਾ ਨੌਂਹ ਇਸੇ ਕਰਕੇ ਵਧਾਇਆ ਹੁੰਦਾ ਬਈ ਖਾਜ਼ ਕਰਨ ਜਾਂ ਸ਼ਿਕਾਰ ਫੜਨ ਵੇਲ਼ੇ ਕੰਮ ਆਊਗਾ। ਨਹੀਂ ਤਾਂ ਗੋਲ਼-ਗੱਪੇ ਭੰਨਣ ਲਈ ਐਡੇ-ਵੱਡੇ ਨੌਂਹ ਦੀ ਕੀ ਲੋੜ!

ਮੇਰੀਆਂ ਕਾਣਤ ਦਵਾਊ ਦਲੀਲਾਂ ਮੂਹਰੇ ਉਹ ਮੰਨ ਗੇ' ਸੀ। ਕਹਿੰਦੇ, "ਨਹੀਂ ਖਾਂਦੇ ਜੇ ਤੂੰ...।"

ਹੁਣ ਜਿਉਂ-ਜਿਉਂ ਅਸੀਂ ਰੇਹੜੀ ਕੋਲ਼ ਨੂੰ ਜਾ ਰਹੇ ਸੀ ਤਿਉਂ-ਤਿਉਂ ਮੈਨੂੰ ਆਏਂ ਲੱਗੇ ਬਈ, "ਮੰਗਿਆ, ਤੇਰਾ ਸੋਢੀਪੁਣਾ ਤਾਂ ਅੱਜ ਗਲ਼ਤ ਜਗ੍ਹਾ ਝਾੜਿਆ ਗਿਆ।" ਉਹਨਾਂ ਕੁੜੀਆਂ 'ਚ ਪੋਲ-ਵਲਟ ਆਲ਼ੀ ਸੰਦੀਪ ਖੜ੍ਹੀ ਸੀ। ਸੋਚਿਆ ਜੇ ਕਾਂਟਾ ਬਦਲਿਆ ਤਾਂ ਇਹ ਭੜਕਣਗੇ। ਹੁਣ ਕੀ ਕਹਿੰਦਾ ਸੀ, ਹੁਣ ਪਲਟੀ ਮਾਰ ਗਿਆ। ਨਾਲ਼ੇ ਮਜਾਕ ਉੱਡੂ ਕਿ ਕੁੜੀ ਪਿੱਛੇ ਪਸੀਨੇ ਆਲ਼ੇ ਗੋਲ਼-ਗੱਪੇ ਖਾ ਕੇ ਆਇਐ। ਰੀਤੀ ਹੋਰੀਂ ਤਾਂ ਜਿਹੜੀ ਰੀਲ ਪਾ ਲੈਣ ਫੇਰ ਘਸਾ ਕੇ ਈ ਕੱਢਦੇ ਨੇ। ਅਣ ਚਾਹੇ ਡਰਾਂ 'ਚ ਉਲਝਿਆ ਤੁਰੀ ਜਾਂਵਾਂ। ਜਦੋਂ ਅਸੀਂ ਰੇਹੜੀ ਪਾਰ ਕਰਨ ਲੱਗੇ ਤਾਂ ਉੱਥੇ ਖੜ੍ਹੇ ਬਿੰਦਰੱਖੀਏ ਹੋਰਾਂ ਨੇ 'ਵਾਜ ਮਾਰਤੀ, "ਆਜੋ ਭਾਅ ਜੀ, ਛੱਕ ਲੋ..।"

ਅੰਨਾ ਕੀ ਭਾਲਦਾ ਹੁੰਦੈ... ਆਪਾਂ ਰੁਕ ਗਏ। ਸੋਨੇ ਹੋਰਾਂ ਦੀ ਜੀਭ ਤਾਂ ਕਦੋਂ ਦੀ ਲਲਚਾ ਰਹੀ ਸੀ।

ਭੀੜ ਜਿਆਦਾ ਹੋਣ ਕਰਕੇ ਸੰਦੀਪ ਦੀ ਵਾਰੀ ਵੀ ਅਜੇ ਦੋ-ਤਿੰਨ ਕੁੜੀਆਂ ਤੋਂ ਬਾਅਦ ਆਉਣੀ ਸੀ। ਮੈਂ ਊਂ ਖੜ੍ਹਿਆ ਉਸ ਘੜਘੁੱਲੋ ਵਰਗੀ ਸੰਦੀਪ ਨੂੰ ਦੇਖਣ ਈ ਸੀ। ਪਰ ਥੋੜ੍ਹੇ ਓਹਲੇ ਜੇ 'ਚ ਨੂੰ ਪਾਰਕ ਦੀ ਕੰਧ 'ਤੇ ਬੈਠ ਗਿਆ, ਰੇਹੜੀ ਵੱਲ ਪਿੱਠ ਕਰਕੇ। ਪਿੱਠ ਕਰਕੇ ਈ ਮੈਂ ਘੜਘੁੱਲੋ ਵੱਲ ਖੜ੍ਹ ਜਾਂਦਾ ਸੀ, ਜਦੋਂ ਉਹ ਸਾਡੇ ਸਕੂਲ ਮੂਹਰੇ ਦੀ ਨਿੱਕਲ਼ਦੀ। ਓਦਣ ਤਾਂ ਚਲੋ ਪੈਰ ਲਿੱਬੜੇ ਹੋਏ ਸੀ। ਪੈਰ ਨਾ ਦਿਖਾਉਣ ਕਰਕੇ ਪਿੱਠ ਕਰੀ ਸੀ। ਉਹਨਾਂ ਕੁੜੀਆਂ ਨੇ

ਗੋਲ-ਗੱਪੇ ਤਾਂ ਖਾ ਲਏ, ਪਰ ਚਾਟ ਪਲੇਟ ਖਾਣ ਲਈ ਰੁਕ ਗਈਆਂ।

ਹੁਣ ਸਾਡੀ ਵਾਰੀ ਸੀ। ਮੈਂ ਆਖਿਆ, "ਬਈਆ, ਮੁਝੇ ਤੋਂ ਜਹਾਂ ਈ ਪਕੜਾ ਦੇ।" ਮੈਂ ਆਪਦੀ ਜਾਣ 'ਚ ਪੂਰੀ ਘੈਂਟ ਹਿੰਦੀ ਬੋਲੀ। ਨਹੀਂ ਜੇ ਕਿਤੇ ਉਹ ਕੁੜੀ ਨਾ ਖੜ੍ਹੀ ਹੁੰਦੀ। ਫੇਰ ਆਪਾਂ ਗੱਲ ਪੂਰੀ ਭਗਵਾਨਪੁਰੀ 'ਚ ਈ ਮੁਕਾਉਣੀ ਸੀ। ਮੈਂ ਲੱਤਾਂ ਘੁਮਾ ਕੇ ਰੇਹੜੀ ਕੋਲ ਕਰਲੀਆਂ। ਮੈਨੂੰ ਪਤਾ ਲੱਗ ਗਿਆ ਸੀ ਕਿ ਮੇਰੇ ਪੈਰ ਸੌਂ ਗਏ ਹਨ।

ਇਹ ਪੈਰ ਸੌਣ ਦੀ ਵੀ ਮੈਨੂੰ ਬਿਮਾਰੀ ਐ। ਚੌਂਕੜੀ ਮਾਰ ਕੇ ਬੈਠਜਾਂ ਫੇਰ ਤਾਂ ਪੱਕਾ ਈ ਐ, ਇਹ ਝੱਟ ਸੌਂ ਜਾਂਦੇ ਨੇ, ਫੇਰ ਛੇਤੀ ਜਾਗਦੇ ਵੀ ਨ੍ਹੀਂ।

ਇੱਕ ਗੋਲ਼-ਗੱਪਾ ਤਾਂ ਮੈਂ ਖਾ ਲਿਆ। ਜਦੋਂ ਦੂਜਾ ਮੂੰਹ 'ਚ ਪਾਉਣ ਲੱਗਿਆ ਤਾਂ ਉਹ ਥੋੜ੍ਹਾ ਵੱਡਾ ਸੀ, ਪਹਿਲੇ ਨਾਲ਼ੋਂ। ਮੇਰੇ ਮੂੰਹ ਦੀ ਵਾਚੀ ਨਾਲ਼ੋਂ ਤਾਂ ਕਾਫ਼ੀ ਵੱਡਾ। ਜਦੋਂ ਸਾਰੀ ਪੂਰੀ ਖੋਲ੍ਹ ਮੂੰਹ 'ਚ ਪਾਇਆ ਤਾਂ ਜਬਾੜੇ ਨੂੰ ਜਿਵੇਂ ਲੌਕ ਲੱਗ ਗਿਆ ਹੋਵੇ। ਮੂੰਹ ਅੱਡਿਆ-ਅਡਾਇਆ ਈ ਰਹਿ ਗਿਆ। ਘਬਰਾਏ ਨੇ ਕੰਧ ਤੋਂ ਉੱਤਰ ਕੇ ਪੈਰ ਥੱਲੇ ਲਾਏ, ਤਾਂ ਸੁੱਤੇ ਹੋਏ ਪੈਰਾਂ ਨੇ ਵਜਨ ਈ ਨ੍ਹੀਂ ਝੱਲਿਆ। ਡਿਗਦੀ ਸਾਰ ਮੂੰਹ ਵਿਚਲੇ ਗੋਲ਼-ਗੱਪੇ ਦਾ ਪਾਣੀ, ਸਾਹ ਆਲ਼ੀ ਨਲ਼ੀ 'ਚ ਚਲੇ ਗਿਆ। ਹੱਥੂ ਨਾਲ਼ ਅੱਖਾਂ ਬਾਹਰ, ਸਾਹ ਰੁਕਿਆ ਪਿਆ। ਜਬਾੜਾ ਅਜੇ ਵੀ ਅੱਡਿਆ ਪਿਆ ਸੀ। ਉਹ ਤਾਂ ਸ਼ੁਕਰ ਐ, ਗੁਗਨੀ ਨੇ ਮੇਰੀ ਠੋਡੀ 'ਤੇ ਹਥੇਲੀ ਮਾਰਤੀ ਸੀ ਤਾਂ ਲੌਕ ਖੁੱਲ੍ਹਿਆ, ਨਹੀਂ ਤਾਂ ਹੋ ਗਿਆ ਸੀ ਪਾਰ। ਮਸਾਂ ਕਿੰਨਾ ਈ ਚਿਰ 'ਚ ਸੈੱਟ ਕੀਤਾ ਆਪਣੇ ਆਪ ਨੂੰ। ਗੋਲ਼-ਗੱਪੇ ਦਾ ਮਿਰਚਾਂ ਤੇ ਕਾਲ਼ੇ-ਛੋਲਿਆਂ ਆਲ਼ਾ ਮਾਲ ਜੋ ਉਸਦੇ ਵਿੱਚ ਪਾਇਆ ਹੁੰਦੈ, ਅੱਧਾ ਕੁ ਤਾਂ ਨੱਕ 'ਚ ਚੜ੍ਹ ਗਿਆ ਸੀ। ਬਹੁਤ ਬੁਰੀ ਹਾਲ਼ਤ ਹੋ ਗੀ' ਸੀ।

ਹੁਣ ਸੋਚ ਕੇ ਹਾਸਾ ਆਉਂਦੈ, ਓਦੋਂ ਬੁਰਾ ਲੱਗਿਆ ਸੀ, ਜਦੋਂ ਸੰਦੀਪ ਨੇ ਸ਼ਰਾਰਤੀ ਹਾਸੀ 'ਚ ਕਿਹਾ ਸੀ।

"...ਵੀਰ ਜੀ ਠੀਕ ਹੋ ਹੁਣ, ਪਾਣੀ ਪੀ ਲੋ।" ਪਰ ਇਹ ਸ਼ੁਕਰ ਰਿਹੈ ਬਈ, ਇਹ ਗੱਲ ਉੱਥੇ ਦੀ ਉੱਥੇ ਈ ਖ਼ਤਮ ਹੋ ਗੀ'...।

ਸੋਨੇ ਨੇ ਭਾਈ ਤੋਂ ਪਾਣੀ ਲੈ ਕੇ ਮੇਰਾ ਮੂੰਹ ਹੱਥ ਅਤੇ ਕੱਚੇ ਅੰਡੇ ਨਾਲ਼ ਲਿੱਬੜਿਆ ਪੈਰ ਧਵਾਇਆ। ਫੇਰ ਮੈਂ ਨਾ ਆਪ ਬੋਲਿਆ, ਕਮਰੇ ਤੱਕ, ਨਾ ਉਹਨਾਂ ਨੂੰ ਬੋਲਣ ਦਿੱਤਾ। ਰਾਹ ਦੋ-ਚਾਰ ਖੰਗੂਰੇ ਜਿਹੇ ਜ਼ਰੂਰ ਮਾਰੇ, ਜਦੋਂ ਖੱਟਾ ਪਾਣੀ ਵਾਪਸ ਗਲ਼ੇ 'ਚ ਨੂੰ ਆਇਆ ਸੀ। ਫੇਰ ਉਹ ਸਵਾਦ ਤਾਂ ਦੋ ਤਿੰਨ ਘੰਟੇ ਮਹਿਸੂਸ ਹੋਈ ਗਿਆ। ਸੋਨਾ ਤਾਂ ਬਾਅਦ 'ਚ ਕਈ ਵਾਰ ਕਹਿ ਚੁੱਕਿਆ ਬਈ, "ਉਸ ਦਿਨ ਗ੍ਰਹਿ ਚੱਕਰ ਉਲਟੇ ਸੀ ਤੇਰੇ ਮੰਗਿਆ।" ਹੁਣ ਵੀ ਜੇ ਕਦੇ ਸੋਨੇ ਨਾਲ਼ ਗੱਲ ਹੁੰਦੀ ਐ ਤਾਂ ਇਹ ਗੱਲ ਜ਼ਰੂਰ ਸਾਂਝੀ ਕਰਦਾ ਏ। ਫੇਰ ਬਹੁਤ ਹੱਸਦੈ।



ਬੇਡਰ ਪਰਿੰਦੇ

ਹਰੀਪੁਰ ਆਲ਼ਾ ਸੰਜੂ ਵੀ ਉੱਥੇ ਸਾਡੇ ਨਾਲ ਈ ਪੜ੍ਹਦਾ ਸੀ। ਉਹ ਮਲਟੀਪਰਪਜ ਵਿੱਚ ਦਸਵੀਂ ਦੇ ਅਤੇ ਮੈਂ ਗਿਆਰਵੀਂ ਦੇ ਪੇਪਰ ਦੇਣੇ ਸਨ। ਅਸੀਂ ਆਪ ਈ ਸਲਾਹ ਬਣਾ ਲਈ ਬਈ ਜੇ ਸੰਜੂ ਨੂੰ ਅਗਲੇ ਸਾਲ ਟੀਮ 'ਚ ਖਿਡਾਉਣਾ ਤਾਂ ਇਹਦੀ ਦਸਵੀਂ ਤਾਂ ਕਢਾਉਣੀ ਪਊ। ਕਿਉਂਕਿ ਹੁਣ ਉਹ ਦਸਵੀਂ 'ਚ ਦਾਖਲਾ ਲੈ ਕੇ ਨਹੀਂ ਸੀ ਖੇਡ ਸਕਦਾ। ਉਹਨੂੰ ਖੇਡਣ ਲਈ ਪਾਸ ਹੋਣਾ ਈ ਪੈਣਾ ਸੀ। ਸੋਚਿਆ ਕਿ ਸੰਜੂ ਨੂੰ ਤਾਂ ਗਾਈਡ ਵੀ ਖੋਲ੍ਹ ਫੜਾਤੀ ਉਸਤੋਂ ਤਾਂ ਵੀ ਤੇਤੀ ਨ੍ਹੀਂ ਟੁੱਟਣੀ। ਸੋ ਮਤਾ ਇਹ ਪੈ ਗਿਆ, ਬਈ ਸੰਜੂ ਦੇ ਪੇਪਰ ਮੈਂ ਦੇਵਾਂਗਾ। ਪਰ ਕੋਲ਼ ਬੈਠਾ ਜੀਤ ਕਹਿੰਦਾ, "ਮੈਥ ਦਾ ਮੇਰੇ ਹਿੱਸੇ ਰਿਹਾ।" ਮੈਂ ਆਖਿਆ, "ਫੇਰ ਮੇਰੇ ਗਿਆਰਵੀਂ ਦੇ ਕੌਣ ਦਿਉ?" ਕਾਲ਼ਾ ਬੱਟੀ ਕਹਿੰਦਾ, "ਸੰਜੂ ਦਿਊ... ਗਿਆਰਵੀਂ ਕਿਹੜਾ ਬੋਰਡ ਦੀ ਏ, ਕਬੱਡੀ ਆਲ਼ਿਆਂ ਨੂੰ ਤਾਂ ਉਂਈਂ ਨ੍ਹੀਂ ਕਦੇ ਫੇਲ੍ਹ ਕਰਦੇ, ਨਾ ਨੌਂਵੀਂ 'ਚੋਂ ਨਾ ਗਿਆਰਵੀਂ 'ਚੋਂ।"

ਅਸੀਂ ਕੋਚ ਸਾਹਬ ਨੂੰ ਬਿਨਾਂ ਦੱਸੇ ਇਹ ਵੱਡਾ ਫੈਸਲਾ ਲਿਆ ਸੀ। ਪੇਪਰ ਦੇਣ ਨੂੰ ਤਾਂ ਹਾਕੀ ਆਲ਼ੇ ਨੂੰ ਵੀ ਤਿਆਰ ਕਰ ਲਿਆ ਸੀ। ਪਰ ਉਹ ਡਰ ਗਿਆ, ਥੋੜ੍ਹਾ ਸ਼ਹਿਰੀ ਜਿਹਾ ਸੀ। ਬਾਕੀ ਮੈਨੂੰ ਮੇਰੇ ਅੰਦਰਲਾ ਘੜੰਮ ਚੌਧਰੀ ਕਦੋਂ ਟਿਕਣ ਦਿੰਦੇ। ਉੱਤੋਂ ਸੰਜੂ ਦੇ ਸਾਊ ਹੋਣ ਕਰਕੇ ਮੈਂ ਤਰਸ ਆਲ਼ੀ ਫੀਲਿੰਗ ਚੱਕ ਗਿਆ।

ਉਸ ਦਿਨ ਮੇਰੇ ਗਿਆਰਵੀਂ ਦੇ ਪਹਿਲੇ ਪੇਪਰ 'ਚ ਸੰਜੂ ਬੈਠਾ ਅਤੇ ਉਹਦੇ ਦਸਵੀਂ ਦੇ 'ਚ ਮੈਂ। ਇਕੋ ਕੈਂਪਸ ਵਿੱਚ ਦੋਵੇਂ ਪੇਪਰ ਆਰਾਮ ਨਾਲ਼ ਚੱਲ ਰਹੇ ਸਨ। ਪੇਪਰ ਦੇਣ ਆਲ਼ੇ ਆਪਣੀ-ਆਪਣੀ ਥਾਂ ਬਦਲ ਚੁੱਕੇ ਸੀ। ਦਸਵੀਂ ਆਲ਼ਾ ਗਿਆਰਵੀਂ ਤੇ ਗਿਆਰਵੀਂ ਆਲ਼ਾ ਦਸਵੀਂ। ਦਸਵੀਂ ਬੋਰਡ ਦੀ ਹੋਣ ਕਰਕੇ ਅੰਦਰ ਅਤੇ ਗਿਆਰਵੀਂ ਬਾਹਰ ਗਰਾਊਂਡ 'ਚ ਸੀ। ਇੰਚਾਰਜ ਖੁਸ਼ਵਿੰਦਰ ਮੈਡਮ, ਗਿਆਰਵੀਂ ਦੇ ਪੇਪਰ 'ਚ ਆ ਕੇ ਕਹਿੰਦੇ, "ਜੁਰਮਾਨੇ ਵਾਲ਼ੇ ਪਹਿਲਾਂ ਜੁਰਮਾਨਾ ਭਰੋ... ਹੋ ਜੋ ਖੜ੍ਹੇ... ਚਾਰ ਸੌ ਚੁਤਾਲੀ ਰੋਲ ਨੰਬਰ ਖੜ੍ਹਾ ਹੋਵੇ।" ਸੰਜੂ ਪਹਿਲਾਂ ਤਾਂ ਬੈਠਾ ਰਿਹਾ, ਬਈ ਫਸ ਗੇ', ਮੈਡਮ ਨੇ ਪਛਾਣ ਲੈਣਾ। ਪਰ ਜਦੋਂ ਮੈਡਮ ਲਾਈਨ ਵਾਈਜ਼ ਚੈੱਕ ਕਰਦੇ-ਕਰਦੇ ਕੋਲ਼ ਆਏ ਤਾਂ ਸੰਜੂ ਖੜ੍ਹਾ ਹੋ ਗਿਆ। ਉਹਦੇ ਬੇਚਾਰੇ ਕੋਲ਼ ਹੋਰ ਕੋਈ ਚਾਰਾ ਨ੍ਹੀਂ ਸੀ ਬਚਿਆ। ਸਾਰੇ ਹੱਸ ਪੇ', ਮੈਡਮ ਹੈਰਾਨ ਹੋ ਕੇ ਕਹਿੰਦੇ, "ਵੇ ਤੂੰ ਮੰਗਿਆ, ਕੱਲ੍ਹ ਤਾਂ ਕਿੰਨਾ ਛੋਟਾ ਸੀ, ਅੱਜ ਕੱਠੇ ਜਿੱਡਾ ਕਿਵੇਂ ਹੋ ਗਿਆ...।" ਇਹ ਸੁਣ ਕੇ ਹੋਰ ਵੀ ਹਾਸਾ ਮੱਚ ਗਿਆ। ਸੰਜੂ ਜਦੋਂ ਹੱਸਦਾ ਹੁੰਦਾ ਸੀ, ਤਾਂ ਵੀ ਲਾਲ-ਗੁਲਾਲ ਤੇ ਜੇ ਗੁੱਸੇ 'ਚ ਹੋਵੇ ਫੇਰ ਤਾਂ ਹੋਣਾ ਈ ਸੀ। ਓਦਣ ਦੋਏ ਚੀਜਾਂ ਇਕੱਠੀਆਂ ਹੋ ਗਈਆਂ। ਚਿੰਤਾ ਵੀ ਤੇ ਹਾਸਾ ਵੀ...। ਮੇਰਾ ਕੱਦ ਮਸਾਂ 5-ਫੁੱਟ 7 ਇੰਚ, ਪਰ ਸੰਜੂ 6 ਫੁੱਟ 2 ਇੰਚ ਲੰਮਾ ਜਵਾਨ। ਸੰਜੂ ਆਲ਼ਾ-ਦੁਆਲ਼ਾ ਦੇਖ ਪੱਤਰੇ ਵਾਚ ਗਿਆ।

ਮੇਰੇ ਤੋਂ ਗਿਆਰਵੀ 'ਚੋਂ ਕਿਸੇ 'ਚੋਂ ਤੇਤੀ ਨ੍ਹੀਂ ਟੁੱਟੀ। ਪ੍ਰਮੋਟਡ ਪਾਸ ਹੋ ਕੇ ਬਾਰਵੀਂ 'ਚ ਪੁੱਜਿਆ। ਬਹੁਤ ਔਖੇ ਦਿੱਤੇ ਸੀ ਮੈਂ ਗਿਆਰਵੀਂ ਦੇ ਬਾਕੀ ਪੇਪਰ। ਮੈਨੂੰ ਕੋਚ ਸਾਹਬ ਨੇ ਆਲੋਵਾਲ਼ ਪੜ੍ਹਨ ਲਾ ਦਿੱਤਾ। ਕਹਿੰਦੇ ਨਾਲ਼ੇ ਉਥੋਂ ਦੀ ਟੀਮ ਤਿਆਰ ਹੋ ਜੂ'। ਓਦੋਂ ਕੋਈ ਚਿੱਠੀ ਵਗੈਰਾ ਆਈ ਸੀ ਕੋਚਾਂ ਨੂੰ। ਬਈ ਇੱਕੋ ਸਕੂਲ 'ਚ ਟੀਮ ਨ੍ਹੀਂ ਬਣਾਉਣੀ। ਹੋਰ ਜਗ੍ਹਾ ਵੀ ਟੀਮਾਂ ਖੜ੍ਹੀਆਂ ਕਰੋ।

ਅਸੀਂ ਹੈਰਾਨ, ਸਾਡੇ ਕੁੱਟ ਪਤਾ ਨ੍ਹੀਂ ਕਿਉਂ ਨ੍ਹੀਂ ਪਈ। ਇਹ ਅੱਜ ਤੱਕ ਸਮਝ ਨ੍ਹੀਂ ਆਈ। ਕੋਚ ਸਾਹਬ ਤਾਂ ਮਾੜੀ ਜਿਹੀ ਗੱਲ 'ਤੇ ਧੌੜੀ ਲਾਹ ਦਿੰਦੇ। ਫੇਰ ਜੇ ਫੜੇ ਜਾਂਦੇ ਜਾਂ ਭੇਦ ਖੁੱਲ੍ਹ ਜਾਂਦਾ ਤਾਂ ਕਿੰਨੀ ਬਦਨਾਮੀ ਹੋਣੀ ਸੀ ਉਹਨਾਂ ਦੀ। ਕਿਸੇ ਨੇ ਮੰਨਣਾ ਨ੍ਹੀਂ ਸੀ, ਬਈ ਅਸੀਂ ਇਹ ਹਰਕਤ ਕਿਸੇ ਵੱਡੇ ਬੰਦੇ ਦੀ ਸ਼ਹਿ ਜਾਂ ਸੁਪਰਡੈਂਟ ਦੀ ਮਿਲੀ ਭੁਗਤ ਤੋਂ ਬਿਨਾਂ ਕੀਤੀ ਹੈ।

***

ਜੇ ਮੈਂ ਆਲੋਵਾਲ਼ ਪੜ੍ਹਦੇ ਸਮੇਂ ਦਾ ਕੁਛ ਲਿਖਣਾ ਹੋਵੇ ਤਾਂ ਕੁਛ ਜਿਆਦਾ ਨ੍ਹੀਂ ਹੈਗਾ। ਹਾਂ ਇੱਕ ਗੱਲ ਹੈ ਜੋ ਹੁਣ ਤੱਕ ਕੰਮ ਆਉਂਦੀ ਐ। ਉਸ ਸਮੇਂ ਜਦੋਂ ਖਿਡਾਰੀ ਜਿਲ੍ਹੇ ਵੱਲੋਂ ਖੇਡਣ ਜਾਂਦਾ ਤਾਂ ਉਸਨੂੰ ਸਕੂਲ 'ਚੋਂ ਡੇਲੀ ਭੱਤਾ ਮਿਲਦਾ। ਭਾਵ ਕੈਂਪ 'ਚ ਰੋਟੀ-ਪਾਣੀ ਦਾ ਖ਼ਰਚਾ ਮਿਲਦਾ ਸੀ।

ਮੈਂ ਦਫ਼ਤਰ 'ਚ ਖੜ੍ਹਾ ਸੀ, ਜਦੋਂ ਕਲਰਕ ਨੇ ਪੈਸੇ ਫੜਾਏ। ਪ੍ਰਿੰਸੀਪਲ ਫਕੀਰੀਆ ਰਾਮ ਜੀ ਬੋਲੇ, "ਓਏ ਤੂੰ ਤਾਂ ਸਾਨੂੰ ਬਹੁਤ ਮਹਿੰਗਾ ਪਿਆ ਮੰਗਿਆ..., ਸਕੂਲ ਨੂੰ ਕੀ ਫਾਇਦਾ ਹੋਇਆ ਤੇਰਾ...?" ਉਹ ਸ਼ਾਇਦ ਨਾਨ ਸਪੋਰਟਸ-ਮੈਨ ਹੋਣ ਕਰਕੇ ਕਹਿ ਰਹੇ ਸੀ। ਜਿਵੇਂ ਕੋਈ ਬਾਣੀਆ ਕਾਰੋਬਾਰੀ 'ਚ ਪਏ ਘਾਟੇ ਬਾਰੇ ਪੁੱਛਦਾ ਹੁੰਦੈ। ਪਰ ਕੋਲ਼ ਖੜ੍ਹੇ ਤਰਲੋਚਨ ਸਰ ਬੋਲੇ, "ਕਿਉਂ ਜੀ, ਮੰਗਾ ਸਾਡੇ ਸਕੂਲ ਦਾ ਨਾਮ ਨੈਸ਼ਨਲ ਪੱਧਰ ਤੱਕ ਲੈ ਕੇ ਗਿਐ। ਮੁੰਡੇ ਦਾ ਹੌਸਲਾ ਵਧਾਓ।" ਮੈਨੂੰ ਜੱਫੀ 'ਚ ਲਿਆ ਅਤੇ ਫੇਰ ਮੇਰੇ ਵਾਲ਼ਾਂ 'ਚ ਹੱਥ ਜਿਹਾ ਮਾਰਿਆ।

"ਲੈ ਨਾਮ" ਕਹਿ ਕੇ ਪ੍ਰਿੰਸੀਪਲ ਸਰ ਪੇਪਰ ਵੇਟ ਨੂੰ ਘੁਮਾਉਂਦੇ ਹੋਏ ਬੋਲੇ, "ਤਰਲੋਚਨ, ਤੁਸੀਂ ਵੀ ਬਹੁਤ ਖੇਡੀ ਐ ਕਬੱਡੀ, ਥੋਨੂੰ ਕੀ ਮਿਲਿਆ। ਨੌਕਰੀ ਤਾਂ ਤੁਸੀਂ ਮੈਥ ਪੜ੍ਹਕੇ ਈ ਲਈ ਸੀ।" ਪ੍ਰਿੰਸੀਪਲ ਸਾਹਿਬ ਨੇ ਤਰਲੋਚਨ ਸਰ ਨੂੰ ਪੁੱਛਿਆ।

"ਨਾ-ਨਾ ਸਰ, ਕਿਉਂ ਨ੍ਹੀਂ ਮਿਲਿਆ..... ਆਹ ਦੇਖੋ ਸਿਹਤ ਜੋ ਦਿੱਤੀ ਐ ਗੇਮ ਨੇ। ਅੱਜ ਵੀ ਪੰਜਾਹ ਕਿੱਲੋ ਦਾ ਥੈਲਾ ਕੋਠੇ 'ਤੇ ਚੱਕ ਕੇ ਚੜ੍ਹ ਜਾਈਦੈ ਜਦੋਂ ਪੀਹਣਾ ਕਰੀਦੈ। ਨਹੀਂ ਤਾਂ ਹੁਣ ਪਟਿਆਲ਼ੇ ਕੌਣ ਚੁਕਾਉਣ ਆਉਂਦੈ...।" ਇਹ ਬੋਲਦੇ ਹੋਏ ਉਹਨਾਂ ਆਪਣਾ ਸਰੀਰ ਅਕੜਾ ਜਿਹਾ ਲਿਆ, ਛਾਤੀ ਬਾਹਰ ਨੂੰ ਕੱਢ ਲਈ ਸੀ।

ਓਦਣ ਤਰਲੋਚਨ ਸਰ ਤੋਂ ਇਹ ਸਿੱਖਿਆ ਮਿਲੀ ਕਿ ਗੇਮ ਸਿਰਫ਼ ਨੌਕਰੀ ਈ ਨ੍ਹੀਂ ਦਿੰਦੀ, ਸਾਨੂੰ ਤੰਦਰੁਸਤ ਸਿਹਤ ਵੀ ਦਿੰਦੀ ਐ। ਜਿਸਦਾ ਕੋਈ ਮੁੱਲ ਨ੍ਹੀਂ। ਹੁਣ ਜਦੋਂ 40-50

ਕਿੱਲੋ ਦਾ ਥੈਲਾ ਪਹਿਲੀ ਮੰਜਲ 'ਤੇ ਚਾੜ੍ਹੀਦੈ ਤਾਂ ਤਰਲੋਚਲ ਸਰ ਦੀ ਯਾਦ ਆਉਂਦੀ ਐ। ਨਹੀਂ ਤਾਂ ਬੰਦਾ ਵੀਹ ਕਿੱਲੋ ਵੀ ਲੋਕਾਂ ਨੂੰ ਅਵਾਜਾਂ ਮਾਰ-ਮਾਰ ਭੜ੍ਹੋਲੀ 'ਚ ਪਵਾਉਂਦੈ।

ਦੂਜੀ ਗੱਲ ਮੈਨੂੰ ਉਹਨਾਂ ਦੀ ਇੱਕ ਬੱਚੇ ਵਾਲ਼ੀ ਜਚੀ ਸੀ। ਉਹ ਪੈਸੇ ਪੱਖੋਂ ਸੌਖੇ ਸਨ। ਪਹਿਲੀ ਬੇਟੀ ਤੋਂ ਬਾਅਦ ਇੱਕ ਹੋਰ ਚਾਂਸ ਲੈ ਸਕਦੇ ਸੀ। ਪਰ ਉਹ ਕਹਿੰਦੇ ਸੀ ਕਿ ਜੇ ਮੇਰੇ ਬੇਟਾ ਹੁੰਦਾ ਤਾਂ ਮੈਂ ਦੂਜਾ ਚਾਂਸ ਨਹੀਂ ਸੀ ਲੈਣਾ, ਫੇਰ ਬੇਟੀ ਹੋਏ ਤੋਂ ਕਿਉਂ ਲਵਾਂ। ਮੈਂ ਵੀ ਲੋਕਾਂ ਨੂੰ ਹੁਣ ਇਹੋ ਜਵਾਬ ਦੇ ਕੇ ਨਿਰਉੱਤਰ ਕਰ ਦਿੰਨਾਂ। ਤੇ ਮਨ ਵਿਚ ਤਰਲੋਚਨ ਸਰ ਦਾ ਸ਼ੁਕਰੀਆ ਵੀ...।

***

ਓਦੋਂ ਤੀਆਂ ਵਰਗੇ ਲੰਘਦੇ ਦਿਨਾਂ 'ਚ ਸੋਗ ਉਸ ਇੱਕ ਬੋਲ ਨੇ ਪਾਇਆ, ਜਿਹੜਾ ਕਾਲ਼ੇ ਬੱਟੀ ਨੇ ਬੋਲਿਆ ਸੀ, "ਮੰਗਿਆ, ਪੱਟੇ ਗਏ ਯਾਰ ਆਪਾਂ ਤਾਂ..... ਪਾਲਾ ਮਰ ਗਿਆ ਯਾਰ...।" ਮੈਂ ਚਹਿਲ ਤੋਂ ਪਿੰਡ ਨੂੰ ਜਾ ਰਿਹਾ ਸੀ।


ਉਹ ਉੱਚੀ-ਉੱਚੀ ਰੋਣ ਲੱਗ ਪਿਆ ਤੇ ਮੈਂ ਜਿਵੇਂ ਸੁੰਨ ਹੋ ਗਿਆ ਸੀ। ਬਸ ਉਹਦੇ ਪਿੱਛੇ ਬੈਠ ਗਿਆ ਤੇ ਬਾਕੀ ਜਣਿਆਂ ਨੂੰ ਸੱਜੂ, ਗਿਆਨੀ, ਗੁਰਪ੍ਰੀਤ, ਲਾਲੀ ਹੋਰਾਂ ਨੂੰ ਲੈਣ ਤੁਰ ਪੇ'। ਫੇਰ ਗੁਰਪ੍ਰੀਤ ਆਲ਼ੀ ਜੀਪ ਵਿੱਚ ਪਾਲੇ ਦੇ ਪਿੰਡ ਹੋਡਲੇ ਨੂੰ ਚੱਲ ਪਏ। ਉਹ ਸਾਰੇ ਰਸਤੇ ਰੋਂਦੇ ਗਏ, ਪਰ ਮੈਥੋਂ ਰੋਇਆ ਨਾ ਜਾਵੇ। ਮੈਂ ਯਕੀਨ ਨ੍ਹੀਂ ਸੀ ਕਰਨਾ ਚਾਹੁੰਦਾ, ਬਈ ਪਾਲਾ ਹੁਣ ਹੈ ਨ੍ਹੀਂ ਇਸ ਦੁਨੀਆਂ 'ਚ...।

ਉਹ ਨੈਸ਼ਨਲ ਖੇਡ ਕੇ ਆਇਆ ਸੀ। ਦੂਜੇ ਦਿਨ ਕਿਸੇ ਪੇਂਡੂ ਮੈਚ ਖੇਡ ਕੇ ਆਉਂਦੇ ਦਾ ਉਹਦਾ ਐਕਸੀਡੈਂਟ ਹੋ ਗਿਆ ਸੀ।

ਮੈਂ ਰਸਤੇ 'ਚ ਸੋਚੀ ਜਾ ਰਿਹਾ ਸੀ, ਬਈ ਉਹ ਪਾਲਾ ਨ੍ਹੀਂ ਹੋਣਾ, ਕੋਈ ਹੋਰ ਹੋਊ। ਪਾਲਾ ਤਾਂ ਜਿਉਂਦੈ, ਉਹ ਨ੍ਹੀਂ ਮਰ ਸਕਦਾ। ਉਹ ਉਵੇਂ ਈ ਆਊ ਖੁੱਲ੍ਹੀ ਮੂਹਰੀ ਦੀ ਪੈਂਟ ਪਾ ਕੇ, ਘੁੰਗਰਾਲੇ ਵਾਲ਼ ਕਰਾ ਕੇ, ਗੁੱਗੂ ਗਿੱਲ ਵਾਂਗੂ ਚੌੜਾ ਹੋਇਆ। ਆ ਕੇ ਆਖੂ, "ਉਏ ਭੈਣ ਦੇਓ ਵੀਰੋ ਮੈਂ ਤਾਂ ਦਿੱਲੀ ਉੱਤਰ ਗਿਆ ਸੀ... ਉਹ ਮੈਂ ਨ੍ਹੀਂ ਮਰਿਆ ਉਹ ਤਾਂ ਕੋਈ ਹੋਰ ਸੀ।"

ਭੈਣ ਦਿਓ ਵੀਰੋ ਉਹਦਾ ਪੈੱਟ ਡਾਇਲਾਗ ਸੀ। ਐਨਾ ਵਧੀਆ ਤਾਂ ਗੁੱਗੂ ਗਿੱਲ ਨ੍ਹੀਂ ਸੀ ਬੋਲਿਆ, ਜਿੰਨਾਂ ਉਹ ਬੋਲਦਾ ਸੀ। ਪਾਲੇ ਦੇ ਨਾ ਮਰਨ ਵਾਲ਼ੀ ਤੇ ਵਾਪਸ ਆਉਣ ਵਾਲ਼ੀ ਧਾਰਨਾ ਐਸੀ ਬਣੀ ਕਿ ਮੈਨੂੰ ਸੁਪਨਾ ਆਉਣ ਲੱਗ ਪਿਆ ਕਿ ਉਹ ਜਿਉਂਦੈ। ਦਰਅਸਲ ਜਦੋਂ ਅਸੀਂ ਪਹੁੰਚੇ ਤਾਂ ਸਸਕਾਰ ਹੋ ਚੁੱਕਿਆ ਸੀ। ਮੈਨੂੰ ਇੱਕ ਪਾਸੇ ਤੋਂ ਪਤਾ ਵੀ ਸੀ ਪਾਲਾ ਹੁਣ ਨਹੀਂ ਰਿਹਾ। ਸੱਚ ਇਹੋ ਸੀ। ਪਰ ਉਹ ਧਾਰਨਾ ਐਨੀ ਪੱਕੀ ਹੋ ਗੀ' ਕਿ ਇੱਕ ਸੁਪਨੇ ਦੇ ਰੂਪ 'ਚ ਥੋੜ੍ਹੇ ਕੁ ਦਿਨਾਂ ਬਾਅਦ... ਅੱਜ ਤੱਕ ਵੀ ਫਿਲਮ ਵਾਂਗੂ ਦਿਖਦੀ ਰਹਿੰਦੀ ਐ।

ਪਾਲਾ ਕੋਈ ਆਮ ਖਿਡਾਰੀ ਨ੍ਹੀਂ ਸੀ। ਜੇ ਨਾ ਮਰਦਾ ਤਾਂ ਕਬੱਡੀ ਦਾ ਧਰੂ ਤਾਰਾ ਬਣ ਕੇ ਚਮਕਦਾ। ਬਹੁਤ ਪਿਆਰਾ ਸੀ। ਅੱਜ ਵੀ ਧਾਹ ਨਿੱਕਲਦੀ ਹੈ ਲਿਖਦੇ ਦੀ... ਮਿਸ ਯੂ ਪਾਲਿਆ ... ਆ ਜਾ ਵੀਰੇ ਖੁੱਲ੍ਹੀ ਮੂਹਰੀ ਦੀ ਪੈਂਟ ਪਾ ਕੇ... ਮੋਢੇ 'ਤੇ ਬੈਗ ਟੰਗਕੇ... ਕਰਦੇ ਇਤਿਹਾਸ ਨੂੰ ਮਿਥਿਹਾਸ... ਆਜਾ ਵੀਰੇ... ਪਾ ਲੈ ਜੱਫੀ ਚੌੜੀਆਂ ਬਾਹਾਂ ਕਰਕੇ... ਭੈਣ ਦਿਆ ਵੀਰਾ ਆਖ ਕੇ।



ਹਵਸ ਦੇ ਭਰੇ ਗੁੱਡੇ

"ਨਾ ਜੇ ਥੋਡੀਆਂ ਕੁੜੀਆਂ ਨੂੰ ਕੋਈ ਦੇਖੇ ਕੱਪੜੇ ਬਦਲਦੀਆਂ ਨੂੰ ? ਨਾ ਥੋਡੇ ਕੁਸ਼ ਜਿਆਦਾ ਈ ਅੱਗ ਲੱਗੀ ਐ ? ਕੀ ਤੁਸੀਂ ਖਿਡਾਰੀ ਬਣੋਂਗੇ।" ਉਹ ਵਾਰੀ-ਵਾਰੀ ਕੁੱਟ ਰਹੇ ਸੀ, ਚੱਪਲ ਨਾਲ। ਅਸੀਂ ਬਾਸਕਿਟ ਬਾਲ ਕੋਰਟ 'ਚ ਖੜ੍ਹੇ ਕੁੱਟ ਖਾ ਰਹੇ ਸੀ। ਸੱਟ ਚੱਪਲ ਦੀ ਘੱਟ, ਉਹਨਾਂ ਦੇ ਇਸ ਬੋਲ ਦੀ ਜਿਆਦਾ ਲੱਗ ਰਹੀ ਸੀ ਕਿ ਜੇ ਥੋਡੀ ਭੈਣ ਨੂੰ ਦੇਖੇ...ਤਾਂ ਜਰ ਲਵੋਂਗੇ। ਪੰਜ-ਛੇ ਘੰਟੇ ਪਹਿਲਾਂ ਦੇ ਹੀਰੋ, ਸਭ ਦੇ ਹਰਮਨ ਪਿਆਰੇ, ਹੁਣ ਗੁੱਡਿਆਂ ਵਾਂਗ ਖੜ੍ਹੇ ਸੀ, ਗੁੱਡੇ ਵੀ ਜਿਵੇਂ ਹਵਸ ਦੇ ਭਰੇ ਪਏ ਹੋਈਏ।

ਕੋਈ ਪੇਸ਼ ਨ੍ਹੀਂ ਸੀ ਜਾ ਰਹੀ। ਚੁੱਪ-ਚਾਪ ਨੀਵੀਂ ਪਾ ਕੇ ਖੜ੍ਹੇ ਸਾਂ। ਉਹਨਾਂ ਦੀ ਸ਼ਰਾਬ ਵੀ ਪੀਤੀ ਹੋਈ ਸੀ। ਗਾਲ਼ ਤੇ ਗਾਲ਼ ਕੱਢ ਰਹੇ ਸਨ। ਬਹੁਤ ਕੁਛ ਚੱਲ ਰਿਹਾ ਸੀ ਦਿਮਾਗ 'ਚ ਕਿ ਭੱਜ ਜਾਂਦੇ ਹਾਂ ਇਨ੍ਹਾਂ ਨੂੰ ਧੱਕਾ ਮਾਰ ਕੇ। ਸ਼ਰਾਬ ਨਾਲ਼ ਤਾਂ ਇਹ ਰੱਜੇ ਪਏ ਨੇ। ਪਰ ਦੂਜਾ ਡਰ ਜੋ ਡਰਾ ਰਿਹਾ ਸੀ ਕਿ ਗੱਲ ਕੋਚ ਸਾਹਬ ਤੱਕ ਪਹੁੰਚ ਜਾਣੀ ਹੈ। ਫੇਰ ਸਭ ਕੁਛ ਖ਼ਤਮ, ਕਬੱਡੀ ਤਾਂ ਕਬੱਡੀ ਉਹਨਾਂ ਨੇ ਮੁੜ ਕੇ ਪਟਿਆਲੇ ਨ੍ਹੀਂ ਵੜਨ ਦੇਣਾ। ਜਦੋਂ ਸਾਡੇ ਖ਼ੁਦ 'ਤੇ ਲੱਗਿਆ ਇਹ ਘਟੀਆ ਇਲਜ਼ਾਮ ਸਾਨੂੰ ਬੇਹੱਦ ਘਟੀਆਪਣ ਦਾ ਅਹਿਸਾਸ ਕਰਾ ਰਿਹੈ, ਆਪਣੇ-ਆਪ ਨੂੰ ਹੀ ਮਾਫ਼ ਨ੍ਹੀਂ ਕਰਨ ਦੇ ਰਿਹਾ। ਫੇਰ ਕੋਚ ਸਾਹਬ ...ਨਹੀਂ ਉਹ ਬਰਦਾਸ਼ਤ ਨਹੀਂ ਕਰਨਗੇ।

ਬਾਕੀ ਸਾਰੇ ਮੁੰਡੇ ਕੁੜੀਆਂ ਰਿਹਾਇਸ਼ੀ ਬਲਾਕਾਂ ਦੇ ਅੱਗੇ ਖੜ੍ਹੇ ਸਨ ਦੋ-ਤਿੰਨ ਝੁੰਡ ਜਿਹੇ ਬਣਾਈਂ। ਉਹ ਐਨੀ ਕੁ ਦੂਰ ਸਨ ਕਿ ਨਾ ਸਾਨੂੰ ਉਹਨਾਂ ਦੀਆਂ ਗੱਲਾਂ ਸੁਣ ਰਹੀਆਂ ਸੀ ਤੇ ਨਾ ਸਾਡੇ ਪੈ ਰਹੀਆਂ ਲਾਹਣਤਾਂ ਉਹਨਾਂ ਨੂੰ ਸੁਣਦੀਆਂ ਸੀ।

***

ਸਾਡਾ ਸਮਰ ਕੋਚਿੰਗ ਕੈਂਪ ਸੀ, ਸੁੰਦਰ ਨਗਰ, ਇੱਕ ਤੋਂ ਵੀਹ ਜੂਨ ਤੱਕ। ਕੋਈ ਤਿੰਨ ਸੌ ਦੇ ਕਰੀਬ ਮੁੰਡੇ ਕੁੜੀਆਂ ਹੋਣਗੇ। ਸਾਡੇ ਲਈ, ਬਿਨਾਂ ਕੋਚ ਸਾਹਬ ਤੋਂ ਇਹ ਪਹਿਲਾ ਕੈਂਪ ਸੀ। ਇਹ ਕੈਂਪ ਇੱਕ ਕਿਸਮ ਦਾ ਮੇਲਾ ਈ ਹੁੰਦਾ ਹੈ। ਬਹੁਤ ਮਜ਼ੇਦਾਰ, ਪ੍ਰੈਕਟਸ ਕਰੋ, ਖਾਓ ਪੀਓ, ਠੰਡੇ ਇਲਾਕੇ 'ਚ ਘੁੰਮੋ।

ਪਰ ਇਹ ਘੁੰਮਣਾ-ਫਿਰਨਾ ਉਹਨਾਂ ਨੂੰ ਈ ਰਾਸ ਆਉਂਦਾ, ਜੋ ਖਿਡਾਰੀ ਹੁੰਦੇ ਜਾਂ ਜਿਨ੍ਹਾਂ ਨੇ ਪਹਿਲਾਂ ਵੀ ਖਾਸਾ ਪਸੀਨਾ ਵਹਾਇਆ ਹੋਂਦਾ। ਨਹੀਂ ਤਾਂ ਜਿਹੜੇ ਸੁਣ-ਸੁਣਾ ਕੇ, ਅਫ਼ਸਰਾਂ ਦੇ ਸਿਫ਼ਾਰਸੀ ਬੱਚੇ ਚਲੇ ਜਾਂਦੇ, ਉਹ ਪਹਿਲੇ ਹਫ਼ਤੇ ਈ ਬਸ ਚੜ੍ਹ ਆਉਂਦੇ ਨੇ। ਉਸ ਵਾਰ ਵੀ ਕੁਛ ਐਵੇਂ ਦਾ ਈ ਹੋਇਆ ਸੀ, ਤਾਂ ਕਰਕੇ ਮੈਨੂੰ ਤੇ ਲਾਲੀ ਨੂੰ ਬੁਲਾਇਆ ਗਿਆ।

ਅਸੀਂ ਪੇਂਡੂ ਮੇਲਾਂ ਦੇ ਲਾਲਚ ਕਰਕੇ ਕੈਂਪ ਦੇ ਟਰਾਇਲ ਨ੍ਹੀਂ ਸੀ ਦਿੱਤੇ।

ਪਹਾੜੀ ਇਲਾਕੇ ਕਰਕੇ ਮੀਂਹ ਆਪਣੇ ਨਾਲੋਂ ਜ਼ਿਆਦਾ ਹੁੰਦੇ, ਪੈਂਦਾ ਵੀ ਪੀਚੈ। ਉਸ ਦਿਨ ਵੀ ਅਸੀਂ ਕਰਾਸ ਕੰਟਰੀ ਲਾਉਣ ਗਏ ਸੀ। ਝੀਲ ਤੋਂ ਦੀ ਹੋ ਕੇ ਉਸ ਰਸਤੇ ਦੇ ਵਾਪਸ ਆ ਰਹੇ ਸੀ, ਜਿਥੇ ਬਾਰੇ ਕਿਹਾ ਜਾਂਦਾ ਕਿ ਜਦੋਂ ਪਾਂਡਵਾਂ ਨੂੰ ਬਨਵਾਸ ਦੌਰਾਨ ਗੁਪਤ ਪਿਆ ਸੀ ਤਾਂ ਉਹ ਇਸੇ ਪਿੰਡ ਲੁਕੇ ਸਨ। ਕਹਿੰਦੇ ਜੇ ਕੌਰਵ, ਪਾਂਡਵਾਂ ਨੂੰ ਲੱਭਣ 'ਚ ਕਾਮਯਾਬ ਹੋ ਜਾਂਦੇ ਤਾਂ ਬਣਵਾਸ ਦਾ ਸਮਾਂ ਹੋਰ ਵੱਧ ਜਾਣਾ ਸੀ। ਇਸੇ ਡਰ ਕਰਕੇ ਉਹ ਉਸ ਪਿੰਡ 'ਚ ਲੁਕੇ। ਉਥੇ ਅਸੀਂ ਇਕ ਘਰ ਵਿੱਚ ਲੱਗੇ ਆੜੂਆਂ ਨੂੰ ਖਾਣ ਰੁਕ ਗਏ। ਗੱਲਾਂ ਕਰੀ ਜਾਈਏ, "ਭੀਮ ਹੋਰੀਂ ਤਾਂ ਹੀ ਐਥੇ ਲੁਕੇ ਰਹੇ ਤੇ ਬਚੇ ਰਹੇ, ਆੜੂ ਤਾਂ ਦੇਖੋ ਕਿੰਨੇ ਮਿੱਠੇ ਨੇ।" ਕੋਈ ਕਹੇ, "ਓਦੋਂ ਤਾਂ ਉਂ ਵੀ ਸੱਤਯੁਗ ਸੀ, ਆੜੂ ਹੋਰ ਵੀ ਮਿੱਠੇ ਹੋਣਗੇ।"

ਉੱਧਰ ਮੀਂਹ ਕਹੇ ਬੰਡਾ ਦੇਣਾ ਕੀ ਐ... ਅੱਜ ਨ੍ਹੀਂ ਰੁਕਦਾ। ਆਲੇ ਦੁਆਲੇ ਉੱਚੀਆਂ-ਉੱਚੀਆਂ ਪਹਾੜੀਆਂ, ਪਤਲੇ-ਪਤਲੇ ਰਸਤੇ। ਮਾਹੌਲ ਬਹੁਤ ਰੋਮਾਂਚਕ ਸੀ। ਡੀ.ਪੀ. ਸਾਹਬ ਪਿੱਛੇ ਆਉਂਦੀਆਂ ਕੁੜੀਆਂ ਨਾਲ਼ ਸਨ। ਜੋ ਅਜੇ ਕਾਫ਼ੀ ਪਿੱਛੇ ਸਨ, ਜਿਵੇਂ ਉਹ ਖੋ ਗਈਆਂ ਹੋਣ।

ਸੱਚੀਉਂ ਉਹ ਰਸਤਾ ਐਨਾ ਘੁੰਮਣ-ਘੇਰੀਆਂ ਆਲਾ ਹੈ ਕਿ ਬੰਦਾ ਲੱਭਣਾ ਔਖਾ ਹੈ। ਓਦੋਂ ਬਹੁਤ ਹਨੇਰਾ ਹੋ ਜਾਂਦਾ ਜਦੋਂ ਮੀਂਹ ਪੈ ਰਿਹਾ ਹੋਵੇ। ਤਿੰਨ ਬੂਟੇ ਅਸੀਂ ਪੰਦਰਾਂ-ਵੀਹ ਜਣਿਆਂ ਨੇ ਮਰੁੰਡ ਸੁੱਟਣੇ ਸੀ ਜੇ ਕਿਤੇ ਕੁੰਡੀ ਖੁੱਲ੍ਹਣ ਦੇ ਖੜਕੇ ਨਾਲ਼ ਭੱਜਣ ਨਾ ਲੱਗਦੇ। ਮੈਂ ਸਭ ਤੋਂ ਮੂਹਰੇ ਸੀ ਜਦੋਂ ਭੱਜੇ। ਉੱਧਰੋਂ ਆਉਂਦੇ ਇਕ ਲੰਮੇ ਸਾਰੇ ਬੰਦੇ ਨੇ ਮੇਰੀ ਬਾਂਹ ਫੜੀ ਅਤੇ ਬੜੀ ਪਿਆਰੀ ਪੰਜਾਬੀ 'ਚ ਕਿਹਾ, "ਕੀ ਗੱਲ ਪਟਿਆਲ਼ੀਆ, ਕਿੱਧਰ ਨੂੰ ?" ਉਹਨੇ ਮੇਰੀ ਟੀ-ਸ਼ਰਟ 'ਤੇ ਲਿਖਿਆ ਪਟਿਆਲ਼ਾ ਪੜ੍ਹ ਲਿਆ ਸੀ।

ਜਦੋਂ ਝਟਕੇ ਨਾਲ਼ ਬਾਂਹ ਛੁਡਾਉਣ ਲੱਗਿਆ ਤਾਂ ਉਹਨੇ ਮੈਨੂੰ ਆਪਣੇ ਕੋਲ਼ ਨੂੰ ਕਰ ਲਿਆ। ਹੱਥ ਨੂੰ ਹੋਰ ਕਸਕੇ ਕਹਿੰਦਾ, "...ਉਹ ਕਾਕਾ ਭੱਜੋ ਨਾ, ਆ ਜੋ ਆਰਾਮ ਨਾਲ਼ ਬੈਠ ਕੇ ਖਾਓ।" ਹੁਣ ਬਾਂਹ ਛੱਡ ਕੇ ਨਾਲ਼ ਤੁਰ ਪਿਆ ਅੰਦਰ ਨੂੰ। ਅਪਣੱਤ ਅਤੇ ਦਿਆਲਤਾ ਸੀ ਓਹਦੇ ਬੋਲ 'ਚ...। ਕੁੰਢੀ ਮੁੱਛ ਤਾਜ਼ੀ-ਤਾਜ਼ੀ ਸ਼ੇਵ ਕਰੀ, ਬਹੁਤ ਰੋਹਬਦਾਰ ਲੱਗੇ। ਜਦੋਂ ਉਹਦੇ ਕਹਿਣ 'ਤੇ ਅਸੀਂ ਵਾਪਸ ਮੁੜੇ ਤਾਂ ਆੜੂਆਂ ਦੀ ਭਰੀ ਟੋਕਰੀ ਕੋਲ਼ ਪਤਲੀ, ਗੋਰੀ ਚਿੱਟੀ ਔਰਤ ਖੜ੍ਹੀ ਸੀ। ਉਹ ਮੁਸਕਰਾਈ।

ਉਸ ਬੰਦੇ ਨੇ ਦੱਸਿਆ ਕਿ, "ਮੈਂ ਪੰਜਾਬੀ ਫੌਜੀ ਹਾਂ ਅਤੇ ਇਹ ਤੁਹਾਡੀ ਆਂਟੀ ਕਸ਼ਮੀਰਨ ਹੈ। ਸਾਡਾ ਬੇਟਾ ਐਨ.ਆਈ.ਐਸ. ਕਰਦੈ ਉਹ ਕਬੱਡੀ ਖਿਡਾਰੀ ਹੈ।" ਸੁਣ ਕੇ ਸਾਨੂੰ ਹੋਰ ਵੀ ਆਪਣਾ-ਪਣ ਲੱਗਿਆ। ਹੁਣ ਜਦੋਂ ਟੋਕਰੀ ਆੜੂਆਂ ਦੀ ਝੰਮ ਕੇ ਤੁਰੇ ਤਾਂ ਹਨੇਰਾ ਹੋਰ ਹੋ ਗਿਆ ਸੀ। ਪਰ ਕੁੜੀ ਇੱਕੋ ਸੀ ਜਲੰਧਰ ਆਲ਼ੀ, ਜਿਸਨੇ ਸਾਨੂੰ ਪਾਰ ਕਰਿਆ

ਸੀ। ਸਾਡੇ 'ਚੋਂ ਕਿਸੇ ਨੇ ਉਸਨੂੰ ਪੁੱਛਿਆ ਵੀ ਨਾ ਕਿ ਕੋਚ ਸਾਹਬ ਅਤੇ ਬਾਕੀ ਕੁੜੀਆਂ ਕਿੰਨੀਆਂ ਕੁ ਪਿੱਛੇ ਨੇ। ਅਸੀਂ ਹੌਲ਼ੀ-ਹੌਲ਼ੀ ਭੱਜਣਾ ਸ਼ੁਰੂ ਕਰਤਾ। ਉਹ ਕੁੜੀ ਰੁਕ ਗਈ ਅਤੇ ਅਸੀਂ ਅੱਗੇ ਨਿੱਕਲਗੇ।

ਮੀਲ ਕੁ ਦੀ ਵਿੱਥ 'ਤੇ ਇਕ ਗੁਫਾ ਨੁਮਾ ਰਸਤੇ 'ਚ ਰੁਕ ਗੇ'। ਮੀਂਹ ਰੁਕ ਗਿਆ। ਖੜੱਪ-ਖੜੱਪ ਦੀ ਅਵਾਜ਼ ਨੇ ਸਾਨੂੰ ਦੱਸਤਾ ਸੀ ਬਈ ਸਾਡੇ ਨਾਲ਼ ਦੀਆਂ ਕੁੜੀਆਂ ਆ ਰਹੀਆਂ ਨੇ। ਖੁਰਾਫ਼ਾਤੀ ਖੋਪੜੇ 'ਚ ਖੁਰਕ ਹੋਈ। ਮਖਿਆਂ, "ਚੁੱਪ ਕਰਜੋ, ਜੇ ਸਰ ਨਾਲ਼ ਨਾ ਹੋਏ ਤਾਂ ਉੱਲੂ ਬਣਾਵਾਂਗੇ ਕੁੜੀਆਂ ਨੂੰ।" ਲਾਲੀ ਕਹਿੰਦਾ, "ਉੱਲੂ ਨੀ ਉੱਲਣੀਆਂ।" ਸੁਣ ਕੇ ਸਾਰੇ ਜਣੇ ਹੱਸ ਪਏ।

ਜਦੋਂ ਉਹ ਉਸ ਹਨੇਰ-ਘੁੱਪ ਰਸਤੇ 'ਚ ਪੁੱਜੀਆਂ ਤਾਂ ਜਿਵੇਂ ਕੁੜੀਆਂ ਡਰਨ ਆਲ਼ੀਆਂ ਅਵਾਜ਼ਾਂ ਕੱਢਦੀਆਂ ਹੁੰਦੀਆਂ ਨੇ..., ਹਾਅ-ਅ-ਅ ਉ ਆ...ਆ... ਇਕ ਦੋ ਵਾਰ ਕਰਕੇ ਫੇਰ ਜਮਾਂ ਸੁੰਨ ਹੋ ਗੀਆਂ।

ਪਿੱਛੇ ਝੀਲ ਕੋਲ਼ ਬਿਜਲੀ ਮਹਿਕਮੇ ਦੀਆਂ ਤਾਰਾਂ ਪਟੜੀ 'ਤੇ ਖਿਲਰੀਆਂ ਪਈਆਂ ਸਨ। ਮੇਰੀ ਸ਼ਰਾਰਤ 'ਚ ਖਿਲਰੀਆਂ ਤਾਰਾਂ ਆਲ਼ਾ ਤੱਤ ਇਕ ਤੱਥ ਬਣ ਗਿਆ। ਮਤਲਬ ਝੂਠੀ ਸ਼ਰਾਰਤ, ਸੱਚੀ ਜਿਹੀ ਲੱਗ ਰਹੀ ਸੀ।

ਨਾਲ਼ ਦਿਆਂ ਨੂੰ ਇਸ਼ਾਰਾ ਕੀਤਾ ਤਾਂ ਉਹ ਪਹਿਲਾਂ ਈ ਸਮਝਦਾਰ ਸਨ। ਇਹ ਸ਼ਰਾਰਤ ਅਸੀਂ ਪਟਿਆਲ਼ੇ ਵੀ ਇਕ ਦੋ ਵਾਰ ਕਰੀ ਹੋਈ ਸੀ। ਮਤਲਬ ਮਜ਼ੇ ਅਤੇ ਦਾਖੇ-ਦਾਣੇ ਪਹਿਲਾਂ ਵੀ ਲਏ ਹੋਏ ਸਨ। ਉਂ ਵੀ ਉਸ ਉਮਰ 'ਚ ਸ਼ਰਾਰਤ ਸਿੱਖਣ ਆਲ਼ੇ ਤੱਤ ਵਾਧੂ ਹੁੰਦੇ ਨੇ ਦਿਮਾਗ 'ਚ। ਇਸ਼ਾਰਾ ਕਰਦੇ ਈ ਐਂਟੀਨਾ ਰੇਂਜ ਫੜ ਲੈਂਦਾ ਹੈ।

ਹੁਣ ਜਦੋਂ ਕੁੜੀਆਂ ਹੌਲ਼ੀ-ਹੌਲ਼ੀ ਤੁਰਨ, ਉੱਥੇ ਚੜ੍ਹਾਈ ਵੀ ਜ਼ਿਆਦਾ ਸੀ ਬੰਦਾ ਕੁਛ ਜ਼ਿਆਦਾ ਈ ਹੌਲ਼ੀ ਹੋ ਜਾਂਦਾ। ਅਸੀਂ ਆਪਣੀ ਸ਼ਰਾਰਤ ਦੇ ਪਲੈਨ ਮੁਤਾਬਕ ਉੱਚੀ-ਉੱਚੀ ਬੋਲਣ ਲੱਗ ਪਏ, "ਓਏ, ਓਏ ਬਚ ਕੇ ਤੁਰ... ਤਾਰਾਂ ਟੁੱਟੀਆਂ ਪਈਆਂ ਨੇ..., ਕਰੰਟ ਲੱਗ ਜੂ', ਛਾਲ਼ ਮਾਰ ਕੇ ਟੱਪ...।"

ਕੁੜੀਆਂ ਨੇ ਬਿਨਾਂ ਦੇਖੇ ਈ ਆਪਣੇ ਦਿਮਾਗਾਂ 'ਚ ਫਿਲਮ ਬਣਾ ਲਈ ਕਿ ਥੱਲੇ ਤਾਰਾਂ ਟੁੱਟੀਆਂ ਪਈਆਂ ਹਨ। ਹਨੇਰਾ ਜ਼ਿਆਦਾ ਸੀ। ਕੁਛ ਪਿੱਛੋਂ ਝੀਲ 'ਤੇ ਪਈਆਂ ਤਾਰਾਂ ਨੇ ਪਕਿਆਈ ਕਰਾਤੀ। ਬਸ ਫੇਰ ਪਹਿਲਾਂ ਤਾਂ ਚੀਕ-ਚੰਗਿਆੜਾ ਪਿਆ, ਇਕ ਦੂਈ ਨੂੰ ਘੁੱਟ-ਘੁੱਟ ਬਾਹਾਂ ਤੋਂ ਫੜਨ... ਕੋਈ ਕਹੇ ਹਾਏ ਮੰਮੀ, ਕੋਈ ਆਖੇ, ਹਾਏ ਦੀਦੀ ਮਰ ਗੀ' ਬਚਾਕੇ। ਗੱਲ ਕੀ ਬਹੁਤ ਮਜ਼ੇਦਾਰ ਦ੍ਰਿਸ਼ ਬਣ ਗਿਆ। ਹਾਸਾ ਅਸੀਂ ਰੋਕਿਆ ਹੋਇਆ ਸੀ। ਜਦੋਂ ਉਹ ਲੰਬੀਆਂ-ਲੰਬੀਆਂ ਡਿੰਘਾਂ ਪੱਟ-ਪੱਟ ਤੁਰਨ, ਜਿਵੇਂ ਆਪਾਂ ਚਿੱਕੜ ਤੋਂ ਬਚਾਅ ਕਰਦੇ ਹੋਏ ਪਜਾਮਾ ਚੱਕ ਕੇ ਡਿੰਘ ਭਰਦੇ ਹੁੰਨੇ ਆਂ। ਬਸ ਉਹਨਾਂ ਨੇ ਖਿਆਲਾਂ 'ਚ ਈ ਬਣਾ ਲਿਆ ਕਿ

ਥੱਲੇ ਤਾਰਾਂ ਪਈਆਂ ਨੇ। ਰਹਿੰਦੀ ਖੂੰਹਦੀ ਕਸਰ ਲਾਲੀ ਨੇ ਕੱਢਤੀ। ਮੱਲਕ ਦੇਣੇ ਉਹਨਾਂ 'ਚ ਰਲ਼ ਗਿਆ। ਊਈਂ ਛਾਲ਼ ਜਿਹੀ ਮਾਰਦਿਆ ਕਰੇ। ਉਹ ਵੀ ਬਿਨਾਂ ਦੇਖੇ ਈ, ਡਰੀਆਂ ਹੋਈਆਂ ਉੱਚੀਆਂ-ਉੱਚੀਆਂ ਛਾਲ਼ਾਂ ਮਾਰਨ 'ਤੇ ਸਾਡਾ ਹਾਸਾ ਕਢਾਈ ਜਾਣ।

ਜਿਵੇਂ-ਜਿਵੇਂ ਉਹਨਾਂ ਨੂੰ ਪਤਾ ਲੱਗੀ ਜਾਵੇ ਸ਼ਰਮਿੰਦਾ ਹੋਈ ਜਾਣ ਕਿ ਇਹ ਤਾਂ ਉੱਲੂ (ਲਾਲੀ ਦਾ ਕਹਾਣਾ ਉੱਲਣੀਆਂ) ਬਣਾ ਰਹੇ ਨੇ। ਬਾਕੀ ਲਾਲੀ ਹੋਰਾਂ ਨੇ ਹੋਰ ਸਿਰੇ ਲਾ ਦਿੱਤੀ। ਉਹਨਾਂ ਵੱਲ ਹੱਥ ਕਰ-ਕਰ ਤਾੜੀਆਂ ਮਾਰਦੇ ਹੋਏ, ਉੱਚੀ-ਉੱਚੀ ਹੱਸ ਕੇ। ਹੁਣ ਉਹਨਾਂ 'ਚੋਂ ਕਈਆਂ ਦੇ ਅੱਖਾਂ 'ਚ ਪਾਣੀ ਸੀ, ਗੁੱਸੇ 'ਚ। ਕਈਆਂ ਨੂੰ ਤਾਂ ਹਾਸਾ ਵੀ ਆ ਰਿਹਾ ਸੀ।

ਬਹੁਤ ਮਜ਼ਾ ਆਇਆ ਸੀ ਉਸ ਦਿਨ। ਪਰ ਕੀ ਪਤਾ ਸੀ ਕਿ ਕੁਟਾਪਾ ਵੀ....।

***

ਵੈਸੇ ਤਾਂ ਸਿੱਖਿਆ ਮੰਤਰੀ ਨੇ ਅਖੀਰਲੇ ਦਿਨ ਆਉਣਾ ਸੀ, ਪਰ ਫਿਰ ਪਤਾ ਨੀਂ ਕਿਉਂ ਦੋ ਦਿਨ ਪਹਿਲਾਂ ਦਾ ਪ੍ਰੋਗਰਾਮ ਬਣ ਗਿਆ। ਪ੍ਰਬੰਧਕਾਂ ਨੇ ਤੱਤ-ਪੜੱਤ 'ਚ ਪ੍ਰੋਗਰਾਮ ਬਣਾ ਲਿਆ ਕਿ ਖੇਡਾਂ ਦੀ ਪ੍ਰੈਕਟਸ ਚੱਲਦੀ ਦਿਖਾਉਣੀ ਹੈ। ਜਿਸ ਤਹਿਤ ਸਾਡਾ ਇੱਕ ਦੋਸਤਾਨਾ ਮੈਚ ਦਿਖਾਇਆ, ਮੈਚ ਸੀ ਫੌਜੀਆਂ ਨਾਲ਼। ਮਨਪ੍ਰੀਤ ਮਾਨਾ ਬਿਮਾਰ ਸੀ। ਮੈਚ ਮੈਂ ਤੇ ਲਾਲੀ ਨੇ ਜਿਤਾਇਆ।

ਸਾਡੀ ਪੂਰੀ ਟੌਹਰ। ਮੇਰੀ ਕੁਛ ਜਿਆਦਾ ਈ, ਕਿਉਂਕਿ ਅਖੀਰਲੀ ਰੇਡ 'ਤੇ ਦੋ ਨੰਬਰ ਚਾਹੀਦੇ ਸੀ, ਜਿੱਤਣ ਲਈ। ਫੌਜੀ ਬਚੇ ਸੀ ਚਾਰ। ਜੇ ਮਾਨਾ ਬਿਮਾਰ ਨਾ ਹੁੰਦਾ ਫੇਰ ਅਸੀਂ ਇੱਕ ਤਰਫਾ ਜਿੱਤ ਜਾਣਾ ਸੀ। ਪਿਛਲੇ ਹਫ਼ਤੇ ਵੀ ਅਸੀਂ ਉਹਨਾਂ ਤੋਂ ਜਿੱਤੇ ਹੋਏ ਸੀ। ਉਸ ਮੈਚ 'ਚ ਲਾਲੀ ਸਾਡੇ ਸਾਰਿਆਂ 'ਚੋਂ ਵਧੀਆ ਖੇਡਿਆ। ਪਰ ਅਖੀਰੀ ਰੇਡ ਮੈਂ ਪਾਈ। ਬੱਕ ਲਾਈਨ ਉੱਤੇ ਉਹਨਾਂ ਨੇ ਮੈਨੂੰ ਢਾਹ ਲਿਆ, ਫੇਰ ਮੈਂ ਲਾਲੀ ਆਲ਼ਾ ਪੈਂਤੜਾ ਵਰਤਿਆ। ਉਹ ਹਮੇਸ਼ਾਂ ਕਹਿੰਦਾ ਰਹਿੰਦੈ, "ਤੀਹ ਸੈਕਿੰਡ ਦੀ ਰੇਡ 'ਚ ਜਿੰਨੇ ਮਰਜ਼ੀ ਬੰਦਿਆਂ ਨੇ, ਜਿੰਨਾਂ ਵੀ ਮਰਜ਼ੀ ਕਸਕੇ ਫੜਿਆ ਹੋਵੇ, ਜਦੋਂ ਤੱਕ ਰੈਫਰੀ ਸੀਟੀ ਨ੍ਹੀਂ ਮਾਰਦਾ, ਓਨੀ ਦੇਰ ਈ ਝੂਟੇ ਮਾਰੋ, ਜਿੰਨੇ ਸੈਕਿੰਡ ਬਾਕੀ ਬਚਦੇ ਨੇ।" ਕਹਿਣ ਤੋਂ ਭਾਵ ਕੋਸ਼ਿਸ਼ ਕਰਦੇ ਰਹੋ, ਕੋਈ ਪਤਾ ਨ੍ਹੀਂ ਵਿਰੋਧੀ ਕਦੋਂ ਢਿੱਲ ਛੱਡ ਦੇਣ, ਤੇ ਤੁਸੀਂ ਸਫ਼ਲ ਹੋਜੋਂ। ਵੈਸੇ ਇਹ ਗੱਲ ਕਹਿਣ ਲਈ ਜਿੰਨੀ ਸੌਖੀ ਹੈ ਕਰਨ ਸਮੇਂ ਉਸ ਤੋਂ ਵੀ ਔਖੀ ਸੀ। ਪਰ ਲਾਲੀ ਐਵੇਂ ਹੀ ਕਰਦਾ ਰਿਹੈ ਤੇ ਉਹ ਬਹੁਤ ਵਾਰੀ ਸਫ਼ਲ ਵੀ ਹੋਇਆ। ਉਹਨੇ ਸਕੂਲ ਸਟੇਟ ਖੇਡਾਂ 'ਚ ਸਪਰੋਟਸ ਸਕੂਲ ਜਲੰਧਰ ਨੂੰ ਇਸੇ ਪੈਂਤੜੇ ਨਾਲ਼ ਮਾਤ ਦਿੱਤੀ ਸੀ।

ਜਦੋਂ ਚਾਰ ਫੌਜੀਆਂ ਨੇ ਢਾਹ ਲਿਆ ਤਾਂ ਮੈਂ ਵੀ ਐਵੇਂ ਤੜਫਿਆ। ਉਹਨਾਂ ਦੀ ਜਕੜ 'ਚ... ਜਿਵੇਂ ਮੱਛੀ ਤੜਫਦੀ ਹੁੰਦੀ ਐ... ਤੇ ਜਮਾਂ ਓਵੇਂ ਈ ਸੈਂਟਰ ਲਾਈਨ 'ਤੇ ਜਾ

ਡਿੱਗਾ, ਜਿਵੇਂ ਕਿਨਾਰੇ ਤੋਂ ਉੱਭੜਕੇ ਮੱਛੀ ਪਾਣੀ 'ਚ ਡਿੱਗੀ ਹੋਵੇ, ਬੰਦੇ ਦੀ ਮੁੱਠੀ 'ਚੋਂ ਨਿੱਕਲ਼ਕੇ।

ਬਸ ਫੇਰ ਕੀ ਸੀ ਤਾੜੀਆਂ, ਕੂਕਾਂ, ਸ਼ਾਬਾਸ਼, ਯਾਰਾਂ ਦੀ ਢੋਲ ਚੜ੍ਹਾਈ ਹੋ ਗੀ' ਸੀ। ਮੰਤਰੀ ਨੇ ਲਾਲੀ ਦੇ ਨਾਲ਼ ਮੈਨੂੰ ਵੀ ਕੋਲ਼ ਬੁਲਾ ਕੇ ਥਾਪੀ (ਸ਼ਾਬਾਸ਼) ਦਿੱਤੀ। ਜਿਹੜੀ ਪਿੱਠ 'ਤੇ ਥਾਪੀ, ਉਸੇ 'ਤੇ ਸ਼ਾਮ ਨੂੰ ਨੀਲੀਆਂ ਲਾਸ਼ਾਂ ਪੈਣਗੀਆਂ, ਓਦੋਂ ਨ੍ਹੀਂ ਸੀ ਪਤਾ।

***

ਕੁੜੀਆਂ ਦਾ ਗਿੱਧਾ ਖਤਮ ਹੋ ਚੁੱਕਿਆ ਸੀ। ਸਾਰੇ ਮੁੰਡੇ ਕੁੜੀਆਂ, ਸਵੇਰ ਦੀ ਸਭਾ ਵਾਂਗੂ ਕਤਾਰਾਂ 'ਚ ਬੈਠੇ ਸਨ। ਅਸੀਂ ਬਸ ਮੰਤਰੀ ਦਾ ਭਾਸ਼ਣ ਸ਼ੁਰੂ ਤੇ ਖ਼ਤਮ ਹੋਣ ਦੀ ਉਡੀਕ 'ਚ ਸੀ। ਭੁੱਖ 'ਚ ਵਾਧਾ ਉਹਨਾਂ ਕਨਸੋਆਂ ਨੇ ਕਰ ਰੱਖਿਆ ਸੀ ਕਿ ਅੱਜ ਖਾਣੇ 'ਚ ਬੱਕਰਾ ਬਣਿਐ। ਮੰਤਰੀ ਸਾਹਬ ਦੇ ਆਉਣ ਕਰਕੇ ਖੀਰ ਵੀ ਸਪੈਸ਼ਲ ਬਣੀ ਸੀ। ਕਹਿੰਦੇ "ਅੱਜ ਤਾਂ ਕਾਜੂ-ਬਦਾਮ, ਦਾਖਾਂ ਵਗੈਰਾ ਸਭ ਪਾਈਆਂ ਨੇ।" ਲੌਂਗਾਂ ਦੀ ਖੁਸ਼ਬੋ ਗਰਾਊਂਡ ਤੱਕ ਆ ਰਹੀ ਸੀ।

ਜਦੋਂ ਮੰਤਰੀ ਜੀ ਬੋਲਣ ਲੱਗੇ, "ਸਾਡੀ ਸਰਕਾਰ ਖੇਡਾਂ ਨੂੰ ਉੱਪਰ ਚੁੱਕਣ ਲਈ ਵਚਨਵੱਧ ਹੈ ....।" ਤਾਂ ਓਥੋਂ ਦਾ ਈ ਸਾਡਾ ਲੋਕਲ ਮਿੱਤਰ, ਜਿਸਨੂੰ ਅਸੀਂ ਡੀ ਸੀ. ਕਹਿ ਕੇ ਬੁਲਾਉਂਦੇ ਸੀ, ਉਹ ਉੱਪਰ ਨੂੰ ਦੇਖਣ ਲੱਗ ਪਿਆ। ਦੋ-ਤਿੰਨ ਹੋਰ ਨੇ ਮੂੰਹ ਅਸਮਾਨ ਵੱਲ ਕਰ ਲੇ'। ਮੈਨੂੰ ਪਤਾ ਨ੍ਹੀਂ ਕੀ ਸੁੱਝੀ, ਪਤਾ ਨ੍ਹੀਂ ਕਿਉਂ ਮੈਥੋਂ ਆਪਣੇ-ਆਪ ਸ਼ਰਾਰਤ ਹੋ ਗੀ' ਜਾਂ ਮੇਰੀ 'ਮਿੱਥ' ਨੇ ਸ਼ਰਾਰਤ ਕਰਵਾ ਦਿੱਤੀ। ਕਿਉਂਕਿ ਮੈਨੂੰ ਚੜ੍ਹਾਈ ਜਿਆਦਾ ਸਮਾਂ ਕਦੇ ਵੀ ਨ੍ਹੀਂ ਪਚੀ। ਬਸ ਇਹ ਇਤਿਹਾਸ ਈ ਰਿਹੈ ਕਿ ਜਦੋਂ ਉਤਰਾਈ ਹੋਈ ਤਾਂ ਜਿਵੇਂ ਬੰਦਾ ਟੀਸੀ ਤੋਂ ਗਿਰ ਜਾਂਦੈ, ਉਹੀ ਹਾਲ ਹੁੰਦਾ ਰਿਹੈ। ਮੈਂ ਉੱਪਰ ਨੂੰ ਮੂੰਹ ਚੱਕ ਲਿਆ ਅਤੇ ਅਸਮਾਨ ਵੱਲ ਉਂਗਲ ਕਰਕੇ ਸ਼ਰਾਰਤ ਕੀਤੀ "ਔਹ ਕੀ ਏ, ਦੇਖੋ ਉਹ ਜਾ ਰਿਹੈ...।"

ਬਸ ਫੇਰ ਕੀ ਸੀ ਸਾਰੇ ਈ ਭੇਡ ਚਾਲ ਵਾਂਗੂ ਲੱਗ ਪੇ' ਉੱਪਰ ਨੂੰ ਦੇਖਣ। ਐਵੇਂ ਈ ਮੱਥੇ 'ਤੇ ਧੁੱਪ ਦੀ ਲਿਸ਼ਕ ਤੋਂ ਬਚਣ ਲਈ ਬੁੜ੍ਹੀਆਂ ਵਾਂਗਰ ਓਟ ਜਿਹੀ ਬਣਾ ਕੇ, ਮਖਿਆਂ.., "ਔਹ ਉੜ ਗਿਆ ਤੋਤਾ, ਉਹ ਜਾ ਰਿਹੈ...।" ਵਲੰਟੀਅਰਾਂ ਦੇ ਰੂਪ 'ਚ ਜਿਹੜੇ ਮਾਸਟਰ/ਕੋਚ ਖੜ੍ਹੇ ਸਨ। ਪਹਿਲਾਂ ਤਾਂ ਉਹ ਵੀ ਸਾਡੇ ਪਿੱਛੇ ਲੱਗ ਕੇ ਅਸਮਾਨ 'ਚ ਉਹਨੂੰ ਲੱਭਣ ਲੱਗੇ, ਜੋ ਹੈ ਈ ਨ੍ਹੀਂ ਸੀ। ਫੇਰ ਪਰੋਟੋਕੋਲ ਯਾਦ ਕਰਕੇ ਸਾਨੂੰ ਅਨੁਸ਼ਾਸ਼ਨ ਬਣਾਈ ਰੱਖਣ ਲਈ ਝਿੜਕ ਕੇ, ਸੈੱਟ ਜਿਹੇ ਹੋ ਗੇ'। ਸਟੇਜ਼ 'ਤੇ ਬੈਠੇ ਬੰਦੇ ਨਾ ਕੁਛ ਬੋਲਣ ਜੋਗੇ ਨਾ ਬੈਠਣ ਜੋਗੇ, ਬਸ ਇੱਕ ਦੂਜੇ ਦੇ ਮੂੰਹਾਂ ਵੱਲ ਦੇਖੀ ਜਾਣ। ਸਭ ਦੇ ਤੋਤੇ ਉੱਡੇ ਪਏ ਸੀ। ਤੋਤਾ ਸਿੰਘ ਮੰਤਰੀ ਦੇ ਤੋਤੇ ਵੀ ਮੂੰਹ ਦੀ ਬਨੇਰ ਮੁੰਨੀ ਕਰ ਚੁੱਕੇ ਸਨ। ਬਹੁਤ ਖਿਝ ਚੁੱਕੇ ਸੀ ਮੰਤਰੀ ਸਾਹਬ।

ਮਸਾਂ ਕਿਤੇ ਸੈਟਿੰਗ ਜਿਹੀ ਕਰਕੇ ਉਸਨੇ ਅਨਪੜ੍ਹ ਹੁੰਦੇ ਹੋਏ ਵੀ ਪੜ੍ਹਾਈ ਦੀਆਂ ਗੱਲਾਂ ਕਰੀਆਂ ਅਤੇ ਖੇਡਾਂ ਦੇ ਲਾਭ ਦੱਸੇ। ਜਿਵੇਂ ਉਹ ਗੋਭੀ ਦੇ ਖੇਤ 'ਚ ਖੜ੍ਹਾ ਹੋਵੇ, ਕੋਈ ਤੁਕ ਨੀਂ ਸੀ, ਕੋਈ ਗੱਲ ਨ੍ਹੀਂ ਸੀ, ਬਸ ਊਈਂ-ਊਈਂ ਡੰਗ-ਟਪਾਊ ਜਿਹੀਆਂ ਚੁੰਜਾਂ ਮਾਰ ਰਿਹਾ ਸੀ।

ਭਾਸ਼ਣ ਤੋਂ ਬਾਅਦ ਬੱਕਰੇ ਨਾਲ਼ ਰੱਜ ਕੇ ਕਮਰੇ 'ਚ ਆ ਗਏ। ਕੋਈ ਕਹੇ ਥੋੜ੍ਹਾ ਕੱਚਾ ਰਹਿ ਗਿਆ ਕੋਈ ਕਹੇ ਤਿਲਵਰਾ ਬਹੁਤਾ ਸੀ। ਕਹਿਣ ਤੋਂ ਭਾਵ, ਖਾਣੇ ਆਲ਼ੇ ਨੂੰ ਸਵਾਦ ਨੀਂ ਆਇਆ, ਜਾਣ ਆਲ਼ਾ ਜਹਾਨ ਤੋਂ ਗਿਆ।

ਜਿਹੜੇ ਕਮਰਿਆਂ 'ਚ ਅਸੀਂ ਰਹਿੰਦੇ ਸੀ, ਉਹਨਾਂ ਬਲਾਕਾਂ 'ਚ ਅੱਠ-ਅੱਠ ਕਮਰੇ ਸਨ। ਚਾਰ ਇੱਕ ਪਾਸੇ, ਚਾਰ ਦੂਜੇ ਪਾਸੇ। ਸਾਡੇ ਆਲ਼ਾ ਅਖੀਰਲਾ ਬਲਾਕ ਸੀ। ਉਸ ਤੋਂ ਬਾਅਦ ਨਿਮਾਣ ਵੱਲ ਨੂੰ ਕੁੜੀਆਂ ਦੇ ਬਲਾਕ ਸ਼ੁਰੂ ਹੁੰਦੇ। ਜਿਹੜਾ ਬਲਾਕ ਥੱਲੇ ਗਰਾਊਂਡ ਨਾਲ਼ ਲੱਗਦਾ, ਉਸਦੀ ਛੱਤ ਅਤੇ ਸਾਡੇ ਆਲ਼ੇ ਦਾ ਫਰਸ਼ ਇੱਕੋ ਲੈਵਲ 'ਚ... ਭਾਵ ਢਲਾਣ ਕਾਹੀ ਸੀ।

ਸਾਡਾ ਸਾਰਿਆਂ ਦਾ ਲੋਕਲ ਮਿੱਤਰ ਉਸ ਆਥਣ ਫੇਰ ਆ ਗਿਆ, ਆਪਣੇ ਦੋ ਗੰਜੇ ਸਾਥੀਆਂ ਨਾਲ਼। ਸਾਡੇ ਨਾਲ਼ ਦੇ ਕਮਰੇ 'ਚ ਬਾਲੀਵਾਲ ਵਾਲ਼ਿਆਂ ਨਾਲ ਉਸਦੀ ਸਾਡੇ ਤੋਂ ਜਿਆਦਾ ਬਣਦੀ ਸੀ। ਸਾਡੇ 'ਚੋਂ ਤਾਂ ਉਹ ਮੇਰੇ ਕੋਲ਼ ਈ ਆਉਂਦਾ ਸੀ, ਥੋੜ੍ਹਾ ਬਹੁਤ। ਉਸ ਰਾਤ ਜਦੋਂ ਉਹ ਸਾਡੇ ਬਲਾਕ 'ਚੋਂ ਗਏ ਤਾਂ ਮੈਨੂੰ ਬਾਹਰ ਮਿਲ ਕੇ ਗਏ ਸੀ। ਜਾਂਦੇ-ਜਾਂਦੇ ਕੋਲ਼ੋਂ ਦੀ ਲੰਘੇ ਜਾਂਦੇ ਬਾਸਕਟਬਾਲ ਆਲ਼ੇ ਕੋਚ ਸਾਹਬ ਕੋਲ਼ ਨੂੰ ਹੋ ਗੇ'। ਮੈਂ ਅੰਦਰ ਚਲੇ ਗਿਆ।

ਸਾਡੇ ਕਮਰੇ 'ਚ ਮੈਂਗਲ ਕੋਚ ਸਾਹਬ ਦਾ ਭਤੀਜਾ ਬੰਟੀ ਬੈਠਾ ਹਸਾਈ ਜਾਵੇ, ਮਹਿਫਲ ਲੱਗੀ ਹੋਈ ਸੀ। ਕਹਿੰਦਾ, " ਮੰਗੇ ਵੀਰ ਜਦੋਂ ਤੂੰ ਅੱਜ ਮੰਤਰੀ ਦੇ 'ਤੋਤੇ' ਉੜਾਏ, ਉਦੋਂ ਸਾਡੇ ਨਾਲ਼ ਤਾਂ ਹੋਰ ਭੈੜੀ ਹੋਈ...।" ਅਸੀਂ ਉਹਦੇ ਮੂੰਹ ਵੱਲ ਨੂੰ ਦੇਖਿਆ। ਮੇਹਰ ਮਿੱਤਲ ਵਾਂਗੂ ਉਸਦੇ ਲੰਬੇ ਕੱਦ ਕਰਕੇ ਕੁੱਬ ਜਿਹਾ ਪਿਆ ਹੋਇਆ, ਮੂੰਹ ਵੀ ਓਡਾ ਈ....। ਗੱਲ ਕਰਨ ਦਾ ਸਟਾਈਲ ਉਸ ਤੋਂ ਵੀ ਵਧੀਆ। ਉਸੇ ਸਾਲ ਇੰਡੀਆ ਕੈਂਪ 'ਚ ਨਾਮ ਹੋਣ ਕਰਕੇ ਉਹਦੀ ਚੜ੍ਹਾਈ ਵੀ ਫੁੱਲ ਸੀ। ਇੰਡੀਆ ਕੈਂਪ ਨੂੰ ਈ ਅਧਾਰ ਬਣਾ ਕੇ, ਉਹ ਰੋਣ ਆਲ਼ਾ ਮੂੰਹ ਬਣਾ-ਬਣਾ ਗੱਲਾਂ ਬਣਾ ਰਿਹਾ ਸੀ। "ਮੰਗੇ ਵੀਰ ਕੀ ਐ... ਆਹ ਡੀ.ਸੀ. ਨੂੰ ਨਾ ਬੁਲਾਇਆ ਕਰ, ਇਹਨੇ ਅੱਜ ਮਰਾਤੇ ਤੀ। ਮੇਰਾ ਤਾਂ ਰੋਲ਼ਤਾ ਤੀ ਇੰਡੀਆ-ਉਡੀਂਆ।" ਲਾਲੀ ਕਹਿੰਦਾ, "ਸਾਲ਼ਿਆ ਤੂੰ ਵੀ ਆਪਦੇ ਚਾਚੇ ਕੋਲ਼ ਈ ਲੋਟ ਆਉਂਦਾ ਤੀ। ਪਹਿਲਾਂ ਮੰਗੇ ਦਾ ਨੌਂ ਲਈ ਜਾਂਦਾ ਤੀ, ਹੁਣੇ ਬਦਲ ਕੇ ਡੀ.ਸੀ. ਕੰਨੀ ਹੋ ਗਿਆ।"

ਮੈਂਗਲ ਕੋਚ ਸਾਹਬ ਨੂੰ ਕੋਈ ਈ ਹੋਊ ਜੋ ਨਹੀਂ ਜਾਣਦਾ। ਸਾਰੇ ਮਹਿਕਮਿਆਂ 'ਚ ਉਹਨਾਂ ਦੇ ਸ਼ਗਿਰਦ ਨੌਕਰੀਆਂ ਕਰਦੇ ਨੇ। ਉਹਨਾਂ ਦੇ ਜਿਉਂਦੇ ਜੀ ਅਮਰਗੜ੍ਹ ਅਮਰ ਈ ਰਿਹਾ ਬਾਲੀਵਾਲ 'ਚ। ਉਸੇ ਸਾਲ ਉਹ ਫੱਕਰ ਜੱਟ..... ਜੱਟਾਂ ਆਲ਼ੀ ਮੂਰਖਤਾ ਦੀ ਭੇਂਟ ਚੜ੍ਹ ਗਿਆ

ਸੀ। ਪਿੰਡ, ਲੜਾਈ 'ਚ ਕਿਸੇ ਨੇ ਗੋਲ਼ੀ ਮਾਰ ਕੇ ਮਾਰਤਾ ਸੀ।

ਬੰਟੀ ਕਹਿੰਦਾ, "ਮੰਗੇ ਵੀਰ, ਜਦੋਂ ਅੱਜ ਸਾਰੇ ਜਾਣੇਂ ਥੋਡੇ ਪਿੱਸੇ ਲੱਗ ਕੇ ਉੱਪਰ ਦੇਖਣ ਲੱਗੇ ਤੀ, ਓਦੋਂ ਫਸਾਤੇ ਤੀ...।"

ਉਸਦੇ ਪਿੱਛੇ ਨੂੰ 'ਪਿੱਸੇ' ਕਹਿਣ 'ਤੇ ਅਸੀਂ ਹੱਸ ਪੇ', ਓਦੋਂ ਇਲਾਕਿਆਂ ਦੀਆਂ ਬੋਲੀਆਂ 'ਚ ਬਹੁਤ ਨੁਕਸ ਕੱਢਦੇ ਤੇ ਹੱਸਦੇ ਰਹਿੰਦੇ।

"ਵੀਰ ਤੁਸੀਂ ਗਲ਼ਤੀਆ ਫੇਰ ਕੱਢਿਓ, ਪਹਿਲਾਂ ਗੱਲ ਛੁਣੋਂ। ਜਦੋਂ ਅੱਜ ਸਾਰੇ ਚੁੱਪ ਕਰਕੇ ਸਿੱਧੇ ਦੇਖਣ ਲੱਗੇ, ਤਾਂ ਸਾਡੇ ਕੋਲ਼ ਕਿਸੇ ਨੇ ਹੌਲ਼ੀ ਕੁ ਦੇਣੇ ਪੀਪਣੀ ਵੱਜਣ ਆਲ਼ੀ ਅਵਾਜ ਕੱਢਤੀ, ਸਾਰੇ ਹਸਾਤੇ।" ਫੇਰ ਉਹ ਹੱਸਦਾ ਹੋਇਆ ਬੋਲਿਆ "ਸਾਰਿਆਂ ਤੋਂ ਵੱਧ ਮੈਂ ਹੱਸਿਆ, ਮੈਂ ਈ ਫਸਿਆ। ਸਾਬੜਾ ਸਾਹਬ ਨੇ ਬਹੁਤ ਘੂਰਿਆ ਕਿ ਜੇ ਨੌਨ ਸੀਰੀਅਸ ਰਹੇਂਗਾ ਫੇਰ ਖੇਡਲਿਆ ਤੂੰ ਇੰਡੀਆ...।"

ਲਾਲੀ ਕਹਿੰਦਾ, "ਸਾਬੜਾ ਨੀ ਛਾਬੜਾ।"

ਉਹਦੀ ਗੱਲ 'ਤੇ ਅਸੀਂ ਸਵਾਦ ਲੈ ਈ ਰਹੇ ਸੀ ਕਿ ਬਾਹਰ ਰੌਲ਼ਾ ਪੈ ਗਿਆ। ਕੁੜੀਆਂ ਦੀਆਂ ਅਵਾਜਾਂ ਆਈਆਂ, "ਉਹ ਗਏ..., ਓਹ ਗਏ.., ਮੈਂ ਵੇਖ ਲਏ ਨੇ ਐਥੇ ਹੀ ਵੜੇ ਨੇ ..।" ਵਗੈਰਾ-ਵਗੈਰਾ।

ਅਸੀਂ ਬਾਹਰ ਨੂੰ ਨਿੱਕਲ਼ੇ ਤਾਂ ਓਥੇ ਰਣਜੀਤ ਸਰ ਖੜ੍ਹੇ। ਨਾਲ਼ ਈ ਖੜ੍ਹੇ ਸੀ ਬਾਸਕਟਬਾਲ ਆਲ਼ੇ ਕੋਚ। ਸਾਡੇ ਨਾਲ਼ ਦੇ ਬਲਾਕ ਦੀਆਂ ਕੁੜੀਆਂ ਵੀ ਕੋਲ਼ ਝੁੰਡ ਬਣਾਈ ਖੜ੍ਹੀਆਂ, ਕੁਛ ਦੱਸ ਰਹੀਆਂ ਸੀ।

ਸਾਨੂੰ ਸਾਰਿਆਂ ਨੂੰ ਬਾਹਰ ਲਾਈਨ 'ਚ ਖੜ੍ਹਾ ਕਰ ਲਿਆ। ਸਭ ਤੋਂ ਮੂਹਰੇ ਨਹਿਰੂ ਗਾਰਡਨ ਜਲੰਧਰ ਆਲ਼ੀ ਬੇਬੀ ਸੀ। ਉਹ ਸਾਡੇ ਤੋਂ ਊਂ ਵੀ ਦੁਖੀ ਸੀ। ਉਹਨਾਂ ਦਿਨਾਂ 'ਚ ਇੱਕ ਗਾਣਾ ਮਸ਼ਹੂਰ ਹੋਇਆ ਸੀ ਹਿੰਦੀ ਫਿਲਮ ਦਾ। ਗਾਣਾ ਸੀ "ਓ... ਬੇਬੀ ਡੌਂਟ ਬਰੇਕ ਮਾਈ ਹਾਰਟ...।"

ਜਦੋਂ ਉਹ ਸਾਡੇ ਕੋਲ਼ ਦੀ ਲੰਘਦੀ... ਤਾਂ ਪਹਿਲਾਂ ਤਾਂ ਜਿਵੇਂ ਹਾਕ ਮਾਰਦੇ ਹੁੰਦੇ ਨੇ "ਬੇਬੀ ...." ਕਹਿਣਾ ਤੇ ਜਦੋਂ ਉਹਨੇ ਸਾਡੇ ਵੱਲ ਕੌੜਾ-ਕੌੜਾ ਦੇਖਣਾ, ਫੇਰ ਅਸੀਂ ਪਰੇ ਨੂੰ ਮੂੰਹ ਕਰਕੇ ਗਾਣਾ ਗੁਣ ਗੁਣਾਉਣ ਲੱਗ ਜਾਣਾ ...ਡੌਂਟ ਬਰੇਕ ਮਾਈ ਹਾਰਟ...।" ਉਹ ਬਹੁਤ ਗੁੱਸੇ ਹੁੰਦੀ... ਬੁੜ-ਬੁੜ ਕਰਦੀ।

ਅਸੀਂ ਸਾਰੇ ਬਲਾਕ ਦੇ ਮੂਹਰੇ ਸੈਮੀ ਸਰਕਲ ਬਣਾਈ ਖੜ੍ਹੇ ਸੀ। ਇਕੱਠ ਹੋਰ ਵਧ ਗਿਆ। ਦੋ-ਤਿੰਨ ਕੋਚ ਹੋਰ ਆ ਗਏ, ਇੱਕ ਦੋ ਨੇ ਤਾਂ ਪੈੱਗ ਵੀ ਸੋਹਣੇ ਲਗਾ ਰੱਖੇ ਸੀ।

ਰਣਜੀਤ ਸਰ ਕਹਿੰਦੇ, "ਦੇਖ ਬੇਬੀ... ਇਨ੍ਹਾਂ 'ਚੋਂ ਤਾਂ ਨ੍ਹੀਂ ਕੋਈ ?"

ਸਾਨੂੰ ਸਮਝ ਈ ਨਾ ਲੱਗੇ ਕਿ ਸਾਡੀ ਪਰੇਡ ਕਿਉਂ ਹੋ ਰਹੀ ਐ। ਕਦੇ ਸੋਚਾਂ, ਕੈਂਪ ਆਲੇ 'ਚ ਬਿਜਲੀ ਦੀਆਂ ਤਾਰਾਂ ਆਲੀ ਸ਼ਰਾਰਤ ਕਰਕੇ ਤਾਂ ਨ੍ਹੀਂ? ਕਦੇ ਮਨ ਤੋਤੇ ਦੇ ਤੋਤੇ ਉਡਾਉਣ ਵੱਲ ਉਡਾਰੀ ਮਾਰੇ।

ਐਨੇ ਨੂੰ ਵਾਲੀਬਾਲ ਆਲੇ ਕੋਚ ਸਾਹਬ ਵੀ ਆ ਗੇ'। ਆਉਂਦੇ ਈ ਕਹਿੰਦੇ, "ਰਣਜੀਤ ਕੀ ਹੋਇਆ?"

"ਹੋਣਾ ਕੀ ਸੀ ਕੋਚ ਸਾਹਬ। ਆਹ ਥੋਡੀਆਂ ਕੁੜੀਆਂ ਨੇ ਦੇਖਿਆ, ਏ ਮੁੰਡੇ ਇਨ੍ਹਾਂ ਨੂੰ ਚੇਂਜ ਕਰਦੀਆਂ ਨੂੰ ਦੇਖਦੇ ਸੀ ਟਾਕੀਆਂ 'ਚੋਂ।"

ਬਹੁਤ ਗੰਦਾ ਇਲਜ਼ਾਮ ਸੀ ਇਹ। ਇਸ ਹਰਕਤ ਨੂੰ ਸ਼ਰਾਰਤ ਨਹੀਂ, ਲੁੱਚ-ਪੁਣਾ ਕਿਹਾ ਜਾ ਸਕਦੈ, ਹੱਦ ਦਰਜੇ ਦਾ ਘਟੀਆਪਣ ਕਿਹਾ ਜਾ ਸਕਦੈ।

"ਸਰ, ਸਿਰ ਤੋਂ ਗੰਜੇ ਸੀ, ਸਾਡੇ ਰੌਲਾ ਪਾਣ 'ਤੇ ਦੌੜ ਕੇ ਇਨ੍ਹਾਂ ਵੱਲ ਵੜੇ ਨੇ...।" ਸਾਡੇ ਵੱਲ ਇਸ਼ਾਰਾ ਸੀ ਉਸਦਾ।

ਉਹ ਹੁਣ ਸਾਡੇ 'ਚੋਂ ਪਛਾਣ ਕਰਨ ਲਈ ਅੱਗੇ ਵਧੀ। ਬੰਟੀ ਨੂੰ ਵੀ ਕਰਾਸ ਕਰ ਗੀ', ਮਾਨੇ ਨੂੰ ਵੀ ਟੱਪ ਗਈ। ਅੱਗੇ ਡਿੱਘ ਪੱਟ ਕੇ ਫਿਰ ਵਾਪਸ ਮੁੜੀ। ਮੇਰੇ ਕੋਲ ਖੜ੍ਹੇ ਲਾਲੀ ਵੱਲ ਵੇਖ ਕੇ ਬੋਲੀ, "ਆਹ ਵਾਲੇ ਭਾਜੀ, ਤੇ ਇੱਕ ਆਹ ਵਾਲੇ ਭਾਜੀ।" ਪਹਿਲੀ ਲਾਲੀ ਵੱਲ ਤੇ ਦੂਜੀ ਉਂਗਲ ਮੇਰੇ 'ਤੇ ਧਰ 'ਤੀ। ਸਾਡੇ ਤਾਂ ਜਿਵੇਂ ਪੈਰਾਂ ਥੱਲਿਓਂ ਧਰਤੀ ਈ ਖਿਸਕਾਤੀ ਹੋਵੇ ਉਹਦੇ "ਆਹ ਵਾਲੇ ਭਾਜੀ" ਦੇ ਬੋਲੇ ਸ਼ਬਦਾਂ ਨੇ।

ਕੋਚਾਂ ਨੇ ਬਾਕੀ ਤਾਂ ਕਮਰਿਆ 'ਚ ਭੇਜਤੇ। ਸਾਨੂੰ ਦੋਹਾਂ ਜਣਿਆਂ ਨੂੰ ਬਾਸਕਿਟਬਾਲ ਦੇ ਕੋਰਟ 'ਚ ਲੈ ਗਏ। ਗੱਲ ਵੀ ਗ਼ਲਤ ਸੀ। ਕੁੜੀਆਂ ਨੂੰ ਕੱਪੜੇ ਬਦਲਦੇ ਦੇਖਣਾ, ਮਾਫ਼ ਕਰਨ ਯੋਗ ਨ੍ਹੀਂ ਹੁੰਦਾ। ਉਹ ਬਥੇਰਾ ਮਨਾਉਣ ਕਿ ਅਸੀਂ ਮੰਨ ਜੀਏ, ਪਰ ਅਸੀਂ ਕਿੱਥੇ। ਪਰ ਹਾਲਾਤ 'ਤੇ ਹਾਲਾਤ ਨੇ ਸਾਨੂੰ ਮੁਜਰਮ ਸਾਬਤ ਕਰ ਈ ਦਿੱਤਾ ਸੀ। ਦਿਨ 'ਚ ਕੀਤੀ ਸ਼ਰਾਰਤ ਅਤੇ ਕੈਂਪ ਰਸਤੇ 'ਚ ਤਾਰਾਂ ਆਲੀ ਹਰਕਤ ਵੀ ਬੇਬੀ ਨੇ ਦੱਸ 'ਤੀ। ਉੱਤੋਂ ਉਹ ਜਿਹੜੇ ਡੀ.ਸੀ. ਦੇ ਦੋਸਤ ਸੀ, ਉਹ ਵੀ ਸਿਰੋਂ ਗੰਜੇ ਹੋਣ ਕਰਕੇ ਸਾਡਾ ਭੁਲੇਖਾ ਪਾ ਗਏ। ਸਾਡੇ 'ਚੋਂ ਮੈਂ ਤੇ ਲਾਲੀ ਈ ਸੀ ਜਿਨ੍ਹਾਂ ਨੇ ਟਿੰਡ ਕਢਾਈ ਹੋਈ ਸੀ।

ਮੈਂ ਨਾਲੇ ਤਾਂ ਕੁੱਟ ਖਾਈ ਜਾਂਵਾਂ ਨਾਲੇ ਆਪਣੀ ਮਿੱਥ ਬਾਰੇ ਸੋਚੀ ਜਾਂਵਾਂ, ਬਈ ਮੈਨੂੰ ਚੜ੍ਹਾਈ ਹਜ਼ਮ ਕਿਉਂ ਨ੍ਹੀਂ ਆਉਂਦੀ। ਐਨਾ ਸ਼ੁਕਰ ਕੋਚਾਂ 'ਚ, ਕੋਚ ਸਾਹਬ ਸਰਦਾਰ ਸ਼ੇਰ ਸਿੰਘ ਜੀ ਨਹੀਂ ਸਨ। ਦੂਜਾ ਸ਼ੁਕਰ ਕੋਈ ਡੰਡਾ ਨ੍ਹੀਂ ਸੀ ਉਹਨਾਂ ਕੋਲ, ਇੱਕੋ ਚੱਪਲ ਸੀ ਚਿੱਟੇ ਰੰਗ ਦੀ, ਪੋਲੀ ਜਿਹੀ। ਜੀਹਦਾ ਖੜਕਾ ਤਾਂ ਕੁੜੀਆਂ ਨੂੰ ਵੀ ਸੁਣਦਾ ਹੋਊ, ਪਰ ਸੱਟ ਸਾਡੇ ਘੱਟ ਈ ਲੱਗ ਰਹੀ ਸੀ।

ਮੈਂ ਬਸ ਐਨਾ ਈ ਕਿਹਾ, "ਬਾਸਕਟਬਾਲ ਆਲੇ ਕੋਚ ਸਾਹਬ ਨੂੰ ਪੁੱਛ ਲੋ', ਉਹ ਮੁੰਡੇ ਡੀ.ਸੀ. ਨਾਲ ਆਏ ਸੀ ਇਹਨਾਂ ਨੂੰ ਵੀ ਮਿਲੇ ਨੇ, ਜਦੋਂ ਉਹ ਮੇਰੇ ਕੋਲ ਖੜ੍ਹੇ ਸਨ... ਤੁਸੀਂ ਏ ਬਾਹਰ।"

ਪਰ ਓਦੋਂ ਤੱਕ ਉਹ ਪੂਰੇ ਟੱਲੀ ਹੋ ਗੇ' ਸੀ। ਪੈਗ ਉਹਨਾਂ ਦੀ ਹੱਥ 'ਚ... ਤੇ ਦੂਜੇ ਹੱਥ ਦਾ ਸਹਾਰਾ ਪੋਲ ਨਾਲ ਲਾਇਆ ਹੋਇਆ ਸੀ। ਰਣਜੀਤ ਸਰ ਕਹਿੰਦੇ, "ਚਲੋ ਮਾਫ਼ ਥੋਨੂੰ ਕਰ ਦਿੰਨੇ ਐ, ਤੁਸੀਂ ਵਧੀਆ ਖਿਡਾਰੀ ਓ। ਪਰ ਅੱਗੇ ਤੋਂ ਕੋਈ ਗੰਦੀ ਹਰਕਤ ਕੀਤੀ ਤਾਂ ਕਢਣਾ ਪੈਣਾ ਕੈਂਪ 'ਚੋਂ।"

ਅਸੀਂ ਬਿਨਾਂ ਕੋਈ ਆਗਿਆ ਲਏ ਕਮਰੇ ਨੂੰ ਤੁਰ ਪਏ। ਗਾਹਾਂ ਮਾਨਾ ਬੈਠਾ ਰੋਵੇ। ਉਹ ਖੇਡਾ ਵੀ ਖੇਡਣ ਨੂੰ ਵੱਡੇ ਦਿਲ ਵਾਲਾ ਹੈ, ਪਰ ਰੋਣ ਨੂੰ ਕੁੜੀਆਂ ਤੋਂ ਵੀ ਵੱਧ ਐ। ਰੋਈ ਜਾਵੇ। ਕਹਿੰਦਾ, "ਹਮੇਂ ਇਵ ਈ ਛਾਬੜਾ ਸਰ ਪਾਸ ਜਾਮਾਂ, ਬੇਕਸੂਰ ਕੁੱਟਾਂ ਦਾਰੂ ਪੀ ਕੇ ਭੇਜ ਦਿਆ... ਨੇ।"

ਉਹ ਉਂ ਤਾਂ ਸਾਡੇ ਨਾਲ ਮਲਵਈ ਬੋਲਦਾ, ਪਰ ਜਦੋਂ ਭਾਵੁਕ ਹੁੰਦਾ, ਫੇਰ ਪੁਆਧੀ ਤੇ ਬਾਂਗਰ ਰਲਮੀਂ-ਮਿਲਮੀਂ 'ਚ ਗੱਲ ਕਰਦਾ। ਪਰ ਹੈ ਬੜਾ ਪਿਆਰਾ ਇਨਸਾਨ। ਅੱਜ ਉਹ ਇੰਡੀਆ ਟੀਮ ਦਾ ਸੈਕੰਡ ਕੋਚ ਐ ਅਤੇ ਪਰੋ-ਕਬੱਡੀ ਲੀਗ 'ਚ ਗੁਜਰਾਤ ਦਾ ਮੁੱਖ ਕੋਚ। ਕਈ ਵਾਰ ਏਸ਼ੀਅਨ ਗੇਮਜ਼ 'ਚ ਕਪਤਾਨੀ ਕਰ ਚੁੱਕਿਐ। ਜਦੋਂ ਵੀ ਮਿਲਦੈ ਜਮਾਂ ਉਵੇਂ, ਜਿਵੇਂ ਓਦੋਂ ਮਿਲਦਾ ਸੀ। ਕੋਈ ਸਟਾਰਾਂ ਆਲੀ ਫੂੰ-ਫੈ ਨ੍ਹੀਂ।

ਇਸ ਤਰਾਂ ਦੇ ਸਨ ਉਹ ਦਿਨ। ਹੁਣ ਉਹ ਦਿਨ ਤਾਂ ਨਹੀਂ ਰਹੇ, ਪਰ ਮੇਰੇ ਯਾਰ ਜੋ ਹੁਣ ਵੀ ਮੇਰੇ ਨਾਲ ਨੇ... ਉਵੇਂ ਦੇ ਉਵੇਂ, ਜਮਾਂ ਕਮਲੇ।



ਮੈਂ ਤੇ ਉਹ

ਪਟਿਆਲੇ ਪ੍ਰੈਕਟਿਸ ਪਤਾ ਨ੍ਹੀਂ ਕਿਉਂ ਬੰਦ ਸੀ। ਮੈਂ ਤੇ ਜੀਤ, ਭੜੀ ਸਕੂਲ 'ਚ ਛੋਟੇ ਵੀਰੇ ਹੋਰਾਂ ਕੋਲ ਸੀ। ਜਦੋਂ ਪਿੰਡ ਹੁੰਦੇ ਤਾਂ ਪੰਜਾਬ ਸਟਾਈਲ ਕਬੱਡੀ ਖੇਡਣ ਚਲੇ ਜਾਂਦੇ। ਉਸ ਦਿਨ ਵੀ ਸੂਏ ਦੇ ਪੁਲ 'ਤੇ ਗੱਲਾਂ ਮਾਰਦੇ ਸੀ, ਬਈ ਕਿੰਨਾ ਨਹਾਏ ਆਂ ਆਪਾਂ ਆਹ ਸੂਏ 'ਚ... ਜਦੋਂ ਉਰੇ ਪੜ੍ਹਦੇ ਹੁੰਦੇ ਸੀ, ਖੇਡਣ ਤੋਂ ਬਾਅਦ... ਕਿੰਨੇ ਪੀਰਡ ਇਸੇ ਸੂਏ 'ਚ ਲੰਘਾ ਦਿੰਦੇ। ਖਾਸਾ ਚਿਰ ਪੁਰਾਣੀਆਂ ਗੱਲਾਂ ਮਾਰਨ ਤੋਂ ਬਾਅਦ, ਮੈਂ ਜੀਤ ਨੂੰ ਕਹਿ ਰਿਹਾ ਸੀ, "ਮੈਨੂੰ ਪਿੰਡ ਤਾਂ ਛੱਡਿਆ ਭਾਈ ਬਣ ਕੇ।" ਉਹ ਕਹਿ ਰਿਹਾ ਸੀ, "ਆਹ ਦੋ ਕਿਲੋਮੀਟਰ 'ਤੇ ਤਾਂ ਭਗਵਾਨਪੁਰਾ ਏ, ਦੋ ਸਪਰਿੰਟਾਂ 'ਚ ਆ ਜਾਣਾ। ਤੂੰ ਮੈਨੂੰ ਜਾਣ ਦੇ।" ਐਨੇ ਨੂੰ ਕੋਲ ਦੀ ਸਕੂਟਰ ਲੰਘਿਆ ਚਹਿਲ ਵੱਲ ਨੂੰ...।

"...ਉਏ, ਤੇਰੀ ਘੜਘੁੱਲੋ ਜਾਂਦੀ ਐ ਆਪਣੇ ਡੈਡੀ ਨਾਲ।" ਜੀਤ ਨੇ ਹੈਰਾਨੀ ਅਤੇ ਮਸ਼ਕਰੀ ਲਹਿਜੇ 'ਚ ਕਿਹਾ।

"ਚੱਲ ਚਹਿਲ ਨੂੰ ਭਜਾ ਲੈ ਸਾਈਕਲ...।" ਮੈਂ ਭੱਜ ਕੇ ਉਹਦੇ ਪਿੱਛੇ ਬੈਠ ਗਿਆ। ਅਸੀਂ ਚਹਿਲ ਪਹੁੰਚ ਗੇ', ਸਿੱਧਾ ਅੱਡੇ 'ਚ ...। ਮੈਨੂੰ ਇੱਕ ਬੱਚੇ ਨੇ ਦੱਸਤਾ ਸੀ, ਬਈ ਉਹ ਬਿਮਾਰ ਐ, ਸਕੂਲ ਨ੍ਹੀਂ ਆਉਂਦੀ ਕਈ ਦਿਨਾਂ ਤੋਂ। ਉਹ ਬੱਚਾ ਉਸਤੋਂ ਕਈ ਸਾਲ ਪਿੱਛੇ ਪੜ੍ਹਦਾ ਸੀ। ਮੈਨੂੰ ਅੱਡੇ 'ਚ ਮਿਲਦਾ-ਗਿਲਦਾ ਦੱਸਦਾ ਰਹਿੰਦਾ।

ਜੀਤ ਤਾਂ ਪਿੱਛੇ ਰੁਕ ਗਿਆ, ਆਪਾਂ ਜੀਤ ਆਲੇ 'ਯਾਮੇ' ਨੂੰ ਐਨ ਦੁਕਾਨ ਦੇ ਮੂਹਰੇ ਖੜ੍ਹਾ ਕਰਤਾ। ਆਪ ਅੰਦਰ ਜਾ ਕੇ ਬੈਠ ਗਿਆ, ਜਮਾਂ ਉਹਦੇ ਮੂਹਰੇ। ਅੰਦਰ ਨਾ ਡਾਕਟਰ ਦਿਖੇ ਨਾ ਕੋਈ ਹੋਰ ਮਰੀਜ਼। ਡੈਡੀ ਸ਼ਾਇਦ ਬਾਹਰ ਡਾਕਟਰ ਨੂੰ ਦੇਖਣ ਗਏ ਸੀ। ਸਾਨੂੰ ਦੋਵਾਂ ਨੂੰ ਸਾਡੀਆਂ ਧੜਕਣਾਂ ਦੀ ਧਕ-ਧਕ ਸੁਣਦੀ ਤੇ ਕੰਧ-ਘੜੀ ਦੀ ਟਿਕ-ਟਿਕ। ਕੰਮ ਤੋਂ ਬਿਨਾਂ ਉੱਥੇ ਮੈਂ ਓਪਰਾ ਜਿਹਾ ਝਾਕੀ ਜਾਂਵਾਂ। ਉਹ ਵੀ ਉਸ ਦਿਨ ਬੁਝੀ-ਬੁਝੀ ਬੈਠੀ ਸੀ ਨੀਵੀਂ ਪਾ ਕੇ। ਕਰਦੀ ਵੀ ਕੀ... ਕਿਹੜਾ ਕਦੇ ਕੋਈ ਗੱਲ ਬਾਤ ਹੋਈ ਸੀ। ਬਸ ਮੇਰਾ ਈ ਵਹਿਮ ਸੀ ਕਿ ਉਹ ਮੈਨੂੰ ਪਸੰਦ ਕਰਦੀ ਹੈ। ਨਾ ਉਹਨੇ ਮੂੰਹ ਉੱਪਰ ਚੱਕਿਆ ਨਾ ਮੈਂ ਆਪਣੀ ਸੰਗ ਚੱਕੀ। ਬੜਾ ਬਹੁਤ ਹਿੰਮਤ ਕਰਕੇ ਐਨਾ ਈ ਪੁੱਛਿਆ, "ਡਾਕਟਰ ਸਾਹਬ?" "ਵੀਰੇ ਪਿੰਡ 'ਚ ਗਏ ਨੇ, ਕਿਸੇ ਨੂੰ ਦੌਰਾ ਪੈ ਗਿਆ, ਉਹਨਾਂ ਦੇ ਘਰ ਗਏ ਨੇ।" ਮੈਂ ਇੱਕ ਦਮ ਭਮੱਤਰ ਗਿਆ। ਫੇਰ ਸੁੰਨ ਹੋ ਗਿਆ। ਫੇਰ ਸਾਹ ਵੀ ਜਿਵੇਂ ਰੁਕ ਗਿਆ। ਜਿਵੇਂ ਕਿਸੇ ਨੇ ਗੋਲੀ ਈ ਮਾਰਤੀ ਹੋਵੇ। ਪਰ ਸੱਚ 'ਚ ਸੀ, ਨਹੀਂ ਇਹ ਨ੍ਹੀਂ ਹੋ ਸਕਦਾ। ਇਹ 'ਵੀਰਾ' ਨ੍ਹੀਂ ਕਹਿ ਸਕਦੀ। ਫੇਰ ਜਦੋਂ ਮੈਂ ਸਿਰ ਉੱਪਰ ਚੱਕ ਕੇ ਅੱਖਾਂ ਨੂੰ ਤੇਜ਼ੀ ਨਾਲ ਆਲੇ ਦੁਆਲੇ ਘੁਮਾਇਆ, ਤਾਂ ਪਤਾ ਲੱਗਿਆ। ਫੇਰ ਸਾਹ 'ਚ ਸਾਹ ਪਿਆ। ਕੋਈ ਕੁੜੀ ਪਿਛਲੇ ਕਮਰੇ 'ਚ ਗਲੂਕੋਜ਼ ਲਵਾਈਂ ਬੋਲ ਰਹੀ ਸੀ।

ਐਨੀ ਮਿਹਨਤ ਵੀ ਕੀਤੀ ਸੀ, ਪਰ ਉਸਦੀ ਅਵਾਜ਼ ਸੁਣਨੀ ਵੀ ਨਸੀਬ ਨਾ ਹੋਈ। ਜਦੋਂ ਡੈਡੀ ਅੰਦਰ ਵੜੇ ਮੈਂ ਬਾਹਰ ਨਿੱਕਲ ਗਿਆ।

ਫੇਰ ਵੀ ਇੱਕ-ਦੋ ਵਾਰ ਕੋਸ਼ਿਸ਼ ਕੀਤੀ, ਪਰ ਨਾ ਉਹ ਬੋਲੀ ਨਾ ਮੈਂ ਹੀ ਬੁਲਾ ਸਕਿਆ। ਸਿਰਫ਼ ਦੇਖਦੇ ਈ ਰਹੇ ਇੱਕ ਦੂਜੇ ਨੂੰ। ਮੈਂ ਮੁਸਕਰਾ ਦਿੰਦਾ ਤੇ ਉਹ ਮੋਟੀਆਂ-ਮੋਟੀਆਂ ਭੂਰੇ ਰੰਗ ਦੀਆਂ ਅੱਖਾਂ ਹੌਲੀ ਕੁ ਦੇਣੇ ਬੰਦ ਕਰ ਲੈਂਦੀ। ਬਸ ਮੈਂ ਆਪਣਾ ਵਹਿਮ ਪੱਕਾ ਕਰ ਲੈਂਦਾ ਕਿ ਸਾਡੇ 'ਚ ਕੁਛ ਹੈ, ਕੁਛ ਪਿਆਰ ਵਰਗਾ...।

ਇੱਕ ਵਾਰ ਮੈਨੂੰ ਪਤਾ ਲੱਗਿਆ ਬਈ ਉਹ ਇੰਦੂਪੁਰ ਆਪਣੇ ਨਾਨਕੇ ਗਈ ਐ। ਉਸਦੇ ਨਾਨੇ ਦਾ ਘਰ ਲਾਲੀ ਕੀ ਬੀਹੀ 'ਚ ਈ ਸੀ। ਉਹਨਾਂ ਦਾ ਆਪਸ 'ਚ ਵਧੀਆ ਆਉਣ-ਜਾਣ ਸੀ। ਮੈਂ ਉੱਥੇ ਵੀ ਗਿਆ। ਓਦਣ ਉਹ ਬੈਠੀ ਵੀ ਲਾਲੀ ਕੇ ਘਰੇ ਈ ਸੀ। ਪਰ ਮੈਨੂੰ ਦੇਖ ਕੇ ਉੱਠ ਕੇ ਚਲੀ ਗਈ। ਬਸ ਐਨਾ ਕੁ ਮਿਲਾਪ ਹੀ ਹੁੰਦਾ ਸੀ ਸਾਡਾ।

***

ਮਾਰਚ 'ਚ ਮੇਰੀ ਛੋਟੀ ਭੈਣ ਸੀਤੀ ਦੇ ਦਸਵੀਂ ਦੇ ਪੇਪਰ ਚੱਲ ਪੇ' ਭਾਦਸੋਂ, ਉੱਥੇ ਵੀ ਮੈਂ ਦੇਖਿਆ ਸੀ ਉਸਨੂੰ। ਓਦਣ ਵੀ ਪੇਪਰ ਦੇਣ ਜਾਂਦੀ ਨੇ ਜਿਵੇਂ ਉਹਨੇ ਮੁੜ ਕੇ ਦੇਖਿਆ ਮੁਸਕਰਾ ਕੇ, ਦੋਵੇਂ ਅੱਖਾਂ ਪਲੀਆਂ ਜਿਹੀਆਂ ਬੰਦ ਕਰ ਕੇ। ਮੈਨੂੰ ਮਹਿਸੂਸ ਹੋਇਆ ਬਈ ਜ਼ਰੂਰ ਕੁਛ ਹੈ। ਜੇ ਵਧੀਆ ਵੀ ਲੱਗਿਆ ਸੀ ਬਹੁਤ। ਬਸ ਐਵੇਂ ਹੀ ਪੇਪਰਾਂ-ਪੇਪਰਾਂ 'ਚ ਇੱਕ ਤਰਫ਼ਾ ਮੁਹੱਬਤਾਂ ਚੱਲਦੀਆਂ ਰਹੀਆਂ।

ਮਹੀਨੇ ਬਾਅਦ ਉਹਨਾਂ ਦਾ ਅਖੀਰਲਾ ਪੇਪਰ ਸੀ। ਸਰਕਾਰੀ ਸਕੂਲਾਂ ਆਲੇ ਤਾਂ ਸਿੱਧਾ ਘਰਾਂ ਨੂੰ ਚਲੇ ਜਾਂਦੇ। ਇਹ ਪੇਪਰ ਤੋਂ ਬਾਅਦ ਆਪਣੀ ਮੈਡਮ ਨਾਲ ਵਾਪਸ ਸਕੂਲ ਜਾਂਦੇ ਸਨ। ਫੇਰ ਅੱਧੇ-ਪੌਣੇ ਘੰਟੇ ਬਾਅਦ ਘਰਾਂ ਨੂੰ ਆਉਂਦੇ। ਮੈਂ ਸੀਤੀ ਨੂੰ ਅਜੇ ਘਰੇ ਉਤਾਰ ਕੇ ਸਕੂਟਰ ਦਾ ਮੂੰਹ ਘੁਮਾਇਆ ਸੀ ਕਿ ਮੇਰੇ ਤਾਏ ਦੇ ਮੁੰਡੇ ਨੇ ਆਪਣਾ ਸਕੂਟਰ ਫੜ ਲਿਆ। ਕਹਿੰਦਾ, "ਮੈਂ ਅਮਲੋਹ ਜਾ ਕੇ ਆਉਣੈ।"

ਮੇਰੇ ਮਨ ਦੀ ਮਨ 'ਚ ਈ ਰਹਿ ਗੀ'। ਉਸ ਦਿਨ ਮੈਂ ਪੂਰਾ ਮਨ ਬਣਾਇਆ ਸੀ, ਬਈ ਅੱਜ ਕਹਿ ਦੇਣਾ। ਕਿਉਂਕਿ ਉਹ ਪੇਪਰਾਂ 'ਚ ਚਹਿਲ ਤੋਂ ਭੜੀ ਤੱਕ 'ਕੱਲੀ ਜਾਂਦੀ ਸੀ। ਆਮ ਦਿਨਾਂ 'ਚ ਤਾਂ ਉਹਦਾ ਭਰਾ ਨਾਲ ਹੁੰਦਾ। ਕਹਿਣ ਤੋਂ ਭਾਵ ਮੇਰੇ ਕੋਲ ਇਹੀ ਮੌਕਾ ਸੀ। ਮੈਂ ਨਾ ਚਾਹੁੰਦੇ, ਵੀਰੇ ਨੂੰ ਸਕੂਟਰ ਫੜਾ 'ਤਾ ਕਰਦਾ ਵੀ ਕੀ, ਵੀਰੇ ਨੇ ਕਿਹੜਾ ਕੰਪੜ ਮਾਰਨ ਲੈਣੇ ਨੇ ਸੋਚਣਾ ਹੁੰਦੈ।

ਪਰ ਕਹਿੰਦੇ ਨੇ ਬਈ ਨੀਤ ਨੂੰ ਮੁਰਾਦ ਮਿਲਦੀ ਐ। ਕਲਜੀਤ ਆਂਟੀ ਕੰਧ ਉੱਤੇ ਦੀ ਬੋਲੀ, "ਮੇਰੀ, ਸਤਵੀਰ ਨੂੰ ਲਿਆ ਦੇ ਸਕੂਲ ਤੋਂ।" ਓਦੋਂ ਉਹ ਦੂਜੀ-ਤੀਜੀ 'ਚ ਪੜ੍ਹਦਾ ਸੀ ਚਹਿਲ ਪਿੰਡ। ਜਿੱਥੇ ਬੱਸ 'ਚੋ ਉੱਤਰ ਕੇ ਅੰਮ੍ਰਿਤ ਨੇ ਆਪਣਾ ਸਾਈਕਲ ਚੱਕਣਾ ਸੀ। ਮੈਂ ਆਖਿਆ, "ਠੀਕ ਐ ਆਂਟੀ ...ਸਕੂਟਰ ਖੜ੍ਹਾ?" ਮੈਨੂੰ ਲੱਗਿਆ ਅੱਜ ਗੱਲ ਬਣੂਗੀ।

"ਸਕੂਟਰ ਤਾਂ ਭਾਈ ਤੇਰਾ ਚਾਚਾ ਲੈ ਕੇ ਗਿਆ, ਸਾਈਕਲ 'ਤੇ ਈ ਲਿਆ।" ਅਮੀ ਨੇ ਮਜਬੂਰੀ ਦੱਸੀ।

ਆਪਾਂ ਖਿੱਚ ਤਾ ਸਤਵੀਰ ਦੇ ਸਕੂਲ ਨੂੰ...। ਸਕੂਲ, ਚਹਿਲ ਪਿੰਡ ਤੋਂ ਭੜੀ ਆਲੇ ਰਸਤੇ 'ਚ ਈ ਸੀ। ਉਸਨੂੰ ਸਾਇਕਲ 'ਤੇ ਬੈਠਾਇਆ। ਓਧਰੋਂ ਅੰਮ੍ਰਿਤ ਆਵੇ ਲਾਲ ਸਾਈਕਲ 'ਤੇ ਲਾਲ ਗੱਲ੍ਹਾਂ ਕਰੀਂ, ਜਮਾਂ ਘੜਘੁੱਲੋ ਵਰਗੀ। ਹੁਣ ਮੇਰੇ ਕੋਲ਼ ਅੱਧਾ ਕਿਲੋਮੀਟਰ ਦਾ ਰੀ ਰਸਤਾ ਸੀ, ਉਸਦੇ ਨਾਲ਼ ਜਾਣ ਲਈ, ਕੁਛ ਕਹਿਣ ਲਈ, ਕੁਛ ਸੁਣਨ ਲਈ। ਸੁਣਨ ਦਾ ਤਾਂ ਮੈਂ ਮਨ ਬਣਾ ਈ ਰੱਖਿਆ ਸੀ ਬਈ ਉਹ ਹਾਂ ਹੀ ਕਹੇਗੀ। ਮੈਂ ਸੂਏ ਦੇ ਪੁਲ਼ ਤੱਕ ਈ ਜਾ ਸਕਦਾ ਸੀ ਉਹਦੇ ਨਾਲ਼। ਓਥੋਂ ਸਾਡੇ ਪਿੰਡਾਂ ਦੇ ਰਸਤੇ ਵੱਖ-ਵੱਖ ਹੋ ਜਾਂਦੇ ਨੇ। ਜਿੱਧਰੋਂ ਪਾਣੀ ਆਉਂਦਾ ਸੂਏ 'ਚ ਨੂੰ... ਸਾਨੂੰ ਉੱਧਰ ਜਾਣਾ ਪੈਣਾ ਸੀ। ਉਹਨੇ ਤਾਂ ਸਿੱਧਾ ਜਿਹੜੀ ਸੜਕ 'ਤੇ ਜਾ ਰਹੇ ਸੀ ਪੁਲ਼ ਪਾਰ ਕਰਕੇ ਅੱਗੇ ਲੰਘਣਾ ਸੀ। ਵੈਸੇ ਚਹਿਲ ਤੋਂ ਇੱਕ ਸਿੱਧਾ ਰਸਤਾ ਵੀ ਪਿੰਡ ਨੂੰ ਜਾਂਦੈ, ਪਰ ਪੁੱਠੇ ਗੇੜ ਚੜ੍ਹਿਆ ਮੈਂ ਸਿੱਧੇ ਰਸਤੇ ਕਿਵੇਂ ਜਾਂਦਾ। ਸਤਵੀਰ ਨੇ ਕਿਹਾ ਵੀ ਸੀ ਪਰ....।

ਜਦੋਂ ਭੜੀ ਆਲ਼ੇ ਰਸਤੇ ਨੂੰ ਸਾਈਕਲ ਤੋਰਿਆ ਤਾਂ ਸਤਵੀਰ ਫੇਰ ਕਹਿੰਦਾ, "ਵੀਰੇ, ਉੱਧਰ ਦੀ ਚੱਲੋ, ਸੂਏ ਦੀ ਪਟੜੀ 'ਤੇ ਦੀ ਦੂਰ ਪਊ, ਪਹੇ ਤੋਂ ਦੀ ਨੇੜੇ ਐ ਪਿੰਡ।"

ਮੈਂ ਉਹਦੀ ਅਣਸੁਣੀ ਕਰ, ਚੁੱਪ-ਚਾਪ ਸਾਈਕਲ ਤੋਰ ਲਿਆ। ਉਹਨੇ ਸਾਨੂੰ ਦੇਖ ਕੇ ਆਪਦੀ ਸਪੀਡ ਵੀ ਘਟਾ ਲਈ, ਉਹ ਵੀ ਸੰਗਦੀ ਸੀ ਤੇ ਡਰਦੀ ਸੀ। ਸੋਚਦੀ ਸੀ, ਬਈ ਪੁਲ਼ ਤੋਂ ਤਾਂ ਇਹਨਾਂ ਨੇ ਭਗਵਾਨਪੁਰੇ ਵੱਲ ਮੁੜ ਈ ਜਾਣੈਂ। ਉਹ ਸਾਨੂੰ ਪਰੇ-ਪਰੇ ਈ ਲੰਘਾਉਣ ਦੀ ਸਕੀਮ 'ਚ ਸੀ, ਤਾਂ ਹੀ ਸਾਈਕਲ ਹੌਲ਼ੀ-ਹੌਲ਼ੀ ਤੋਰ ਰਹੀ ਸੀ।

ਪਰ ਮੈਂ ਸਾਈਕਲ ਰੋਕ ਲਿਆ। ਊਈਂ ਚੈਨ ਦੇਖਣ ਲੱਗ ਪਿਆ ਉੱਤਰ ਕੇ। ਸਤਵੀਰ ਕਹੀ ਜਾਵੇ, "ਚੈਨ ਤਾਂ ਉੱਤਰੀ ਵੀ ਨ੍ਹੀਂ, ਚੱਲ ਜਲਦੀ ਮੈਂ ਕਾਰਟੂਨ ਸ਼ੋਅ ਦੇਖਣੈ।"

ਸਤਵੀਰ ਦੀ ਗੱਲ ਸੁਣ ਕੇ ਹੱਸਦੀ ਹੋਈ ਉਹ ਸਾਨੂੰ ਪਾਰ ਕਰ ਗੀ'। ਮੈਨੂੰ ਲੱਗਿਆ ਜਿਵੇਂ ਉਹਨੇ ਹਾਂ ਕਰਤੀ ਹੋਵੇ, ਕੋਲ਼ੋਂ ਦੀ ਲੰਘਣ ਲੱਗਿਆਂ। ਫੇਰ ਲੱਗਿਆ ਕਿਤੇ ਸਤਵੀਰ ਦੀ ਚੈਨ ਨਾ ਉੱਤਰਨ ਆਲ਼ੀ ਗੱਲ ਤੋਂ ਨਾ ਹੱਸੀ ਹੋਵੇ। ਦਿਮਾਗ 'ਚ ਉਲਝਣ ਸੀ। ਕਈ ਸਾਰੇ ਸਵਾਲ ਸਨ ਪਰ ਜਵਾਬ ਇੱਕੋ ਸੀ।

ਮੈਂ ਹੁਣ ਸਾਈਕਲ ਥੋੜ੍ਹਾ ਜਿਹਾ ਤੇਜ਼ ਕਰਕੇ ਉਹਦੇ ਨਾਲ਼ ਰਲ਼ਾ ਲਿਆ। ਮੋਨੀ ਬਾਬੇ ਦੇ ਡੇਰੇ ਕੋਲ਼ ਪੁੱਜ ਗੇ'। ਪੁਲ਼ ਮਸਾਂ ਪੰਜਾਹ ਮੀਟਰ ਈ ਰਹਿ ਗਿਆ ਸੀ। ਜਿੱਥੋਂ ਵੱਖ ਹੋਣਾ ਸੀ।

ਉਹਦੇ ਬਰਾਬਰ ਕਰਕੇ ਮੈਂ ਬੋਲਣ ਲੱਗਿਆ ਤਾਂ ਉਹਨੇ ਜਿਵੇਂ ਕੁਛ ਕਿਹਾ ਹੋਵੇ, ਕਿਹਾ ਵੀ 'ਹਾਂ' ਹੋਵੇ। ਮੇਰਾ ਸਾਈਕਲ ਆਪਣੇ ਆਪ ਹੌਲ਼ੀ ਹੋ ਗਿਆ, ਉਹ ਅੱਗੇ ਲੰਘ ਗਈ। ਮੈਂ ਉਹਨੂੰ ਜਾਂਦੀ ਨੂੰ ਦੇਖੀਂ ਗਿਆ ਜਮਾਂ ਸੁੰਨ ਹੋਇਆ। ਮੇਰੀ ਸੁੰਨਮ-ਸੁੰਨ ਸੂਏ ਦੇ ਪੁਲ ਤੋਂ ਪਾਣੀ 'ਚ ਗਿਰ ਕੇ ਖੁੱਲ੍ਹੀ, ਧੜੰਮ ਦੇਣੇ ਡਿੱਗੇ ਸੂਏ 'ਚ। ਉਹਨੂੰ ਪਿੱਛੋਂ ਦੇਖਦੇ-ਦੇਖਦੇ ਨੇ ਪੁਲ਼ ਦੇਖਿਆ ਈ ਨਾ...। ਉਹ ਸਾਡੇ ਗਿਰਨ ਦੇ ਖੜਕੇ ਨੂੰ ਸੁਣ ਹੀ ਨਾ ਸਕੀ, ਡਰਦੀ ਮਾਰੀ ਨੇ ਪਿੱਛੇ ਮੁੜ ਕੇ ਵੀ ਨਾ ਦੇਖਿਆ। ਉਹਨੂੰ ਵੀ ਲੱਗਿਆ ਕਿ ਮੈਂ ਉਸਨੂੰ 'ਆਈ ਲਵ ਯੂ' ਕਿਹੈ, ਜਦੋਂ ਕਿ ਕਿਹਾ ਕੁਛ ਮੈਂ ਵੀ ਨ੍ਹੀਂ ਸੀ ਤੇ ਨਾ ਹੀ ਉਹਨੇ ਕੋਈ 'ਹਾਂ' ਕਹੀ ਸੀ। ਬਸ ਮੈਨੂੰ ਆਪਣੇ ਆਪ ਈ ਲੱਗਿਆ ਸੀ ਜਿਵੇਂ ਉਹਨੇ ਹਾਂ ਕਰੀ ਹੋਵੇ।

ਕਿੰਨੀ ਵਧੀਆ ਫੀਲਿੰਗ ਸੀ। ਇੱਕ ਮਹੀਨੇ ਤੋਂ ਮੈਂ ਖੁਸ਼ੀ 'ਚ ਖੀਵਾ ਹੋਇਆ ਫਿਰਦਾ ਰਿਹਾ ਸੀ। ਬਹੁਤ ਆਸ ਸੀ ਮੈਨੂੰ। ਇੱਕ ਦੋ ਵਾਰ ਘਰੇ ਊਂਈ-ਊਂਈ ਗੱਲ ਵੀ ਸੀ ਛੇੜੀ ਬਾਪੂ ਕੋਲ਼, ਉਹਨਾਂ ਦੇ ਟੱਬਰ ਬਾਰੇ। ਮੈਂ ਯਕੀਨ ਕਰਨਾ ਚਾਹੁੰਦਾ ਸੀ ਕਿ ਉੱਥੇ ਰਿਸ਼ਤਾ ਹੋਣ 'ਚ ਕੋਈ ਸਮੱਸਿਆ ਤਾਂ ਨਹੀਂ। ਗੋਤ ਦੀ, ਜਾਂ ਜਾਤ ਦੀ, ਕੋਈ ਰਿਸ਼ਤੇਦਾਰੀ ਵਗੈਰਾ ਦੀ। ਬਸ ਇੱਕ ਫ਼ਿਕਰ ਜਰੂਰ ਸੀ ਥੋੜ੍ਹਾ ਜਿਹਾ ਕਿ ਉਹ ਐਨੇ ਪੜ੍ਹੇ-ਲਿਖੇ, ਆਪਣੀ ਧੀ ਸਾਡੇ ਅਮਲੀਆਂ ਦੇ ਪਿੰਡ ਤੋਰਨਗੇ? ਕਿਉਂਕਿ ਸਾਡਾ ਪਿੰਡ ਨੇੜੇ-ਤੇੜੇ ਦੇ ਏਰੀਏ 'ਚ ਅਮਲੀਆਂ ਦਾ ਪਿੰਡ ਵੱਜਦੈ। ਜਦੋਂ ਕਿ ਅਸਲੀਅਤ 'ਚ ਸਾਡੇ ਪਿੰਡ 'ਚ ਬਾਕੀਆਂ ਪਿੰਡਾਂ ਨਾਲ਼ੋਂ ਨਸ਼ੇੜੀ ਘੱਟ ਨੇ। ਬਸ ਇੱਕ ਭੋਲ਼ੇਭਣ ਕਾਰਨ ਹੋਈ ਬਦਨਾਮੀ ਕਰਕੇ ਅੱਲ ਜਿਹੀ ਪੈ ਗੀ'।

ਮੇਰੇ ਪਿੰਡ ਦੀ ਮਿੱਟੀ ਜਿੰਨੀ ਭੋਲ਼ੀ ਹੈ, ਉਸ ਤੋਂ ਕਿਤੇ ਜਿਆਦਾ ਦਿਆਲੂ ਵੀ ਹੈ। ਕਹਿੰਦੇ, ਹੱਲਿਆਂ ਵੇਲ਼ੇ ਇੱਕ ਸਾਡਾ ਈ ਪਿੰਡ ਸੀ, ਜਿੱਥੇ ਇੱਕ ਵੀ ਵੱਢ-ਟੁੱਕ ਨ੍ਹੀਂ ਸੀ ਹੋਈ। ਨਾ ਈ ਹੋਈ ਸੀ ਕੋਈ ਚੋਰੀ-ਚਕਾਰੀ। ਸਗੋਂ ਗੰਗਾ ਰਾਮ ਬਾਬਾ ਜੀ ਵਰਗਿਆਂ ਨੇ ਕਈ ਜਾਨਾਂ ਬਚਾਈਆਂ ਸਨ। ਜਿਸਦੀ ਗਵਾਹੀ ਪਿੰਡ 'ਚ ਵਸਦੀ ਮੁਸਲਿਮ ਵਸੋਂ ਹੈ। ਨੇੜੇ ਦੇ ਕਈ ਸਿਆਣੇ ਬਜ਼ੁਰਗ ਤਾਂ ਸਾਡੇ ਪਿੰਡ ਰਿਸ਼ਤੇ ਨੂੰ ਤਰਜੀਹ ਵੀ ਦਿੰਦੇ ਨੇ ਕਿ ਐਥੋਂ ਦੇ ਲੋਕ ਦਿਆਲੂ ਨੇ। ਅਮਲੀਆਂ ਦੇ ਪਿੰਡ ਵਜੋਂ ਬਦਨਾਮੀ ਦਾ ਕਾਰਨ ਵੀ ਭੋਲ਼ਾਪਣ ਜਾਂ ਕਹਿਲੋ ਅਨਪੜ੍ਹਤਾ ਸੀ। ਬਸ ਜੇ ਕਿਸੇ ਨੇ ਜ਼ੁਕਾਮ ਵਗੈਰਾ ਦਾ ਬਹਾਨਾ ਬਣਾ ਕੇ ਭੋਰਾ 'ਫੀਮ ਮੰਗ ਲਈ ਤਾਂ ਇਹ ਕਹਿ ਕੇ ਜਵਾਬ ਨਾ ਦਿੰਦੇ ਕਿ ਮੈਂ ਖਾਂਦਾ ਨ੍ਹੀਂ, ਮੇਰੇ ਕੋਲ਼ ਹੈ ਨ੍ਹੀਂ ਜਾਂ ਮੈਂ ਛੱਡ 'ਤੀ। ਬਸ ਅਗਲੇ ਮੂਹਰੇ ਲਿਫਾਫਾ ਕਰ ਦਿੰਦੇ, ਥਾਂ- ਕੁਥਾਂ ਨ੍ਹੀਂ ਸੀ ਦੇਖਦੇ।

ਸੂਏ 'ਤੇ ਡਿੱਗਣ ਕਰਕੇ ਮੇਰੇ ਭਰਵਟੇ 'ਚੋਂ ਖ਼ੂਨ ਨਿੱਕਲ਼ਣ ਨਾਲ਼ ਕੱਪੜੇ ਲਿੱਬੜ ਗੇ'। ਸਤਵੀਰ ਦੇ ਦੰਦਾਂ 'ਚੋਂ ਲਹੂ ਚੱਲ ਪਿਆ। ਰੂਹਾਨੀ ਇਸ਼ਕ ਵੀ ਜਿਸਮਾਨੀ ਮੁਹੱਬਤ ਵਾਂਗ ਮਹਿੰਗਾ ਹੀ ਪਿਆ ਗ਼ਰੀਬ ਨੂੰ।

ਉਹਨੇ ਪਤੰਦਰ ਨੇ ਘਰੇ ਜਾ ਕੇ ਓਵੇਂ ਈ ਦੱਸਤਾ। ਕਹਿੰਦਾ, "ਵੀਰਾ ਇੱਕ ਕੁੜੀ ਕਿੰਨੀ ਦੇਖਦਾ-ਦੇਖਦਾ ਸੂਏ 'ਚ ਡਿੱਗਿਐ, ਨਾਲ਼ੇ ਮੇਰਾ ਮੂੰਹ ਭੰਨਾਤਾ।" ਬਸ ਫੇਰ ਕੁੱਟ ਤੋਂ ਬਿਨਾਂ ਸਭ ਕੁਛ ਪਿਆ। ਗਾਲ਼ਾਂ ਵੀ ਤੇ ਲਾਹਣਤਾਂ ਵੀ। ਬਸ ਆਏਂ ਜੇ ਡਿਗਦੇ ਡਿਗਾਉਂਦੇ ਚੱਲਦੀ ਗਈ ਮੇਰੀ ਇੱਕ ਪਾਸੜ ਮੁਹੱਬਤ।



ਪੈਸੇ ਲੈ ਕੇ ਬੰਦੇ ਕੁੱਟਣੇ

ਕਹਿੰਦੇ ਓਡਾਂ ਦੇ ਪਸ਼ੂ ਜਿੱਧਰ ਨੂੰ ਮੂੰਹ ਹੁੰਦਾ ਤੁਰ ਪੈਂਦੇ ਹਨ। ਪਰ ਅਸੀਂ ਤਾਂ ਉਹਨਾਂ ਤੋਂ ਵੀ ਅਗਾਂਹ ਸੀ। ਉਹਨਾਂ ਦੇ ਤਾਂ ਪਿੱਛੇ ਕੋਈ ਹੁੰਦਾ ਈ ਐ ਜੋ ਸੰਝ ਨੂੰ ਵਾੜੇ ਤਾੜਦੈ। ਪਰ ਸਾਨੂੰ ਤਾਂ ਕੋਈ ਰੋਕ ਟੋਕ ਈ ਨਹੀਂ ਸੀ। ਦਿੱਲੀ ਜੋ ਹੋਇਆ ਉਹ ਇਸੇ ਖੁੱਲ੍ਹੇਪਣ ਦਾ ਨਤੀਜਾ ਸੀ। ਮਰ ਚੱਲੇ ਸੀ... ਫਸ ਗੇ' ਸੀ ਛੋਟੀ ਉਮਰੇ ਗੈਂਗਸਟਰਾਂ ਆਲ਼ੀ ਕਾਲ਼ੀ ਦੁਨੀਆਂ 'ਚ...।

ਅਸੀਂ ਹੁਣ ਸਾਰੇ ਜਣੇਂ ਬਾਰਵੀਂ ਪਾਸ ਕਰਕੇ ਖ਼ਾਲਸਾ ਕਾਲਜ ਪਟਿਆਲੇ ਦਾਖਲ ਹੋ ਗੇ' ਸੀ। ਉੱਥੇ ਤੋਚੀ ਆਲੋਵਾਲ ਅਤੇ ਮੋਹਣਾ ਝੰਬਾਲ਼ੀ ਨਾਲ਼ ਮੇਰਾ ਵਧੀਆ ਜੁੱਟ ਬਣ ਗਿਆ। ਇੱਕ ਦਿਨ ਬਸ-ਸਟੈਂਡ ਖੜ੍ਹੇ ਪਿੰਡ ਨੂੰ ਜਾਣ ਸਮੇਂ, ਮੋਹਣੇ ਨੇ ਇੱਕ ਅਖ਼ਬਾਰ ਦੀ ਕੱਟਿੰਗ ਦਿਖਾਈ। ਇਸ਼ਤਿਹਾਰ 'ਚ ਲਿਖਿਆ ਸੀ "ਦਿੱਲੀ ਦੀ ਲਿਮਟਡ ਕੰਪਨੀ ਨੂੰ ਪੜ੍ਹੇ ਲਿਖੇ ਮੁੰਡੇ-ਕੁੜੀਆਂ ਦੀ ਜ਼ਰੂਰਤ ਹੈ। ਸੁਪਰਵਾਈਜਰ ਲਈ ਯੋਗਤਾ ਬਾਰਵੀਂ ਤੇ ਕਮਾਈ ਪੈਂਤੀ ਸੌ ਪ੍ਰਤੀ ਮਹੀਨਾ।"

ਬਸ ਬਣ ਗੀ' ਸਲਾਹ, ਨਾ ਓਦੋਂ ਫਸਲ ਦੀ ਵਾਢੀ-ਲਵਾਈ ਸੀ, ਨਾ ਖੇਡਾਂ। ਇਟਰ ਕਾਲਜ ਹੋ ਚੁੱਕਿਆ ਸੀ ਤੇ ਇਟਰਵਰਸਿਟੀ 'ਚ ਮੇਰੀ ਸਿਲੈਕਸ਼ਨ ਨ੍ਹੀਂ ਸੀ ਹੋਈ। ਸੋ ਚੜ੍ਹ ਗੇ' ਦਿੱਲੀ ਨੂੰ ਫੜ ਕੇ ਕਿਰਾਇਆ। ਪਰ ਜੋ ਕੁਛ ਦਿੱਲੀ ਹੋਇਆ, ਉਹ ਬਹੁਤ ਡਰਾਉਣਾ ਹੈ। ਬਹੁਤ ਔਖੀ ਜਾਨ ਬਚੀ ਸੀ। ਕਿਵੇਂ ਬਚੇ, ਕਤਲ ਕੇਸ 'ਚੋਂ। ਜਦੋਂ ਹੁਣ ਸੋਚਦੇ ਹਾਂ ਤਾਂ ਇੱਕ ਵਾਰ ਤਾਂ ਕੰਬਣੀ ਛਿੜ ਜਾਂਦੀ ਐ। ਬਈ ਕਿਹੜੇ ਟਰੈਕ 'ਤੇ ਚੜ੍ਹ ਗਏ ਸੀ।

ਅਸੀਂ ਅਖ਼ਬਾਰ ਦੇ ਲਿਖੇ ਪਤੇ 'ਤੇ ਨੋਇਡਾ ਪਹੁੰਚ ਗੇ'। ਪਰ ਹੈਰਾਨ ਬਹੁਤ ਹੋਏ, ਕੰਪਨੀ ਦਾ ਦਫ਼ਤਰ ਦੇਖ ਕੇ। ਸਾਨੂੰ ਤਾਂ ਇਹ ਸੀ ਬਈ ਬਹੁਤ ਵੱਡੀ ਸਾਰੀ ਸੀਸ਼ਿਆਂ ਆਲ਼ੀ ਕੋਈ ਪੰਜ-ਸੱਤ ਮੰਜਲਾ ਇਮਾਰਤ ਹੋਊ। ਬਹੁਤ ਸਾਰੇ ਮੁਲਾਜ਼ਮ, ਟਾਈਆਂ-ਬੈਲਟਾਂ ਲਗਾਈ ਕੈਬਨਾਂ 'ਚ ਕੰਮ ਕਰਦੇ ਹੋਣਗੇ...ਫਿਲਮਾਂ ਵਾਂਗੂ। ਪਰ ਉਹ ਤਾਂ ਇੱਕ ਮੋਟੀ ਜਿਹੀ ਮੈਡਮ ਨੇ ਖੋਲ੍ਹਿਆ ਹੋਇਆ ਸੀ। ਇੱਕ ਵੱਡਾ ਸਾਰਾ ਟੇਬਲ, ਤਿੰਨ ਚਾਰ ਕੁਰਸੀਆਂ ਤੇ ਕੰਧ ਉੱਤੇ ਫੌਜੀ ਅਫ਼ਸਰ ਦੀ ਇੱਕ ਫੋਟੋ ਟੰਗੀ ਸੀ। ਨਾ ਉੱਥੇ ਕੋਈ ਪੀਅਨ ਵਗੈਰਾ।

ਜਦੋਂ ਅਸੀਂ ਗੱਲਬਾਤ ਕਰੀ ਤਾਂ ਉਹਨੇ ਸਾਨੂੰ ਨੌਕਰੀ ਦੇਣ ਦੀ ਥਾਂ, ਨੌਕਰੀ ਦੇਣ ਆਲੇ ਬਣਾਉਣ ਦੀ ਆਫ਼ਰ ਦਿੱਤੀ। "ਆਪ ਪੜ੍ਹੇ ਲਿਖੇ ਹੋ, ਅਪਨੇ ਸ਼ਹਿਰ ਮੇਂ ਕੋਈ ਐਸਾ ਹੀ ਕਮਰਾ ਕਿਰਾਏ ਪੇ ਲੋ, ਔਰ ਹਮਾਰੀ ਕੰਪਨੀ ਕੇ ਨਾਮ ਪਰ ਦਫ਼ਤਰ ਖੋਲ੍ਹੋ, ਅੱਛੇ ਪੈਸੇ ਕਮਾਓ।"

ਅਸੀਂ ਔਰ-ਫੌਰ ਦੇਖੀਏ, ਜ਼ਿਆਦਾ ਸੋਚ ਵਿਚਾਰ ਵੀ ਨਾ ਕਰੀ। ਦੋ ਮਿੰਟ ਬਾਹਰ ਆਏ। ਮੋਹਣਾ ਕਹਿੰਦਾ, "ਸਾਲ਼ਿਆ ਠੀਕ ਐ, ਗੋਬਿੰਦਗੜ੍ਹ ਖੋਲ੍ਹ ਲੈਨੇ ਆਂ।"

"ਦਫ਼ਤਰ ਖੋਲ੍ਹਣ ਜੋਗੇ ਪੈਸੇ ਤਾਂ ਕਮਾ ਲੈ, ਮੈਨੂੰ ਤਾਂ ਆਹ ਪੈਂਤੀ ਸੌ ਈ ਬਹੁਤ ਔਖਾ ਮਿਲਿਐ।" ਮੈਂ ਜੇਬ ਨੂੰ ਹੱਥ ਲਾ ਕੇ ਕਿਹਾ। ਮੋਹਣਾ ਮੰਨ ਗਿਆ ਤੇ ਅਸੀਂ ਦੋ ਮਹੀਨੇ ਦਾ ਸੋਚ ਕੇ ਉੱਥੇ ਨੌਕਰੀ ਕਰ ਲਈ।

ਸਾਡੇ ਤੋਂ ਵਰਦੀ ਅਤੇ ਸਿਕਿਉਰਟੀ ਦੇ ਨਾਮ 'ਤੇ ਤਿੰਨ-ਤਿੰਨ ਹਜ਼ਾਰ ਜਮਾਂ ਕਰਵਾ ਲਏ। ਸਾਨੂੰ ਇੱਕ ਹੋਰ ਜਗ੍ਹਾ ਦਾ ਪਤਾ ਦੇਤਾ ਕਿ ਸਵਰਨ ਪਾਰਕ ਇਲਾਕੇ 'ਚ ਜਾ ਕੇ ਅਕਾਸ਼ ਉਬੱਪਾ ਨਾਮ ਦੇ ਸੁਪਰਵਾਈਜ਼ਰ ਨੂੰ ਮਿਲੋ। ਉਹ ਰਾਤ, ਦਫ਼ਤਰ ਦੇ ਬਾਹਰ ਰਾਹਦਾਰੀ 'ਚ ਹੀ ਗੁਜ਼ਾਰੀ। ਸਾਰੀ ਰਾਤ ਮੋਹਣਾ ਮੇਰੀਆਂ ਲੱਤਾਂ ਘੁੱਟੀ ਗਿਆ। ਗਰਮ ਸਰਦ ਹੋਣ ਕਰਕੇ ਕਈ ਵਾਰ ਬਹੁਤ ਦੁਖਦੀਆਂ ਨੇ। ਛੋਟੇ ਹੁੰਦੇ ਦੀਆਂ ਤਾਂ ਬੀਬੀ ਕੁੱਲਿਆਂ ਕੋਲ਼ੋਂ ਘੁੱਟ ਦਿੰਦੀ ਸੀ, ਵੱਡੀਆਂ ਨਾੜਾਂ ਨੂੰ ਅੰਗੂਠੇ ਨਾਲ਼ ਕੁਛ ਪਲ ਜੋਰ ਨਾਲ਼ ਦੱਬ ਕੇ, ਭਾਫ਼ ਜਿਹੀ ਕੱਢ ਦਿੰਦੀ ਸੀ। ਕੋਸ਼ਿਸ਼ ਤਾਂ ਮੋਹਣੇ ਨੇ ਬਥੇਰੀ ਕਰੀ, ਪਰ ਦਰਦ ਓਨਾ ਨਾ ਘਟਿਆ।

ਉੱਥੇ ਸਾਡੇ ਕੋਲ਼ ਇੱਕ ਵਾਕਮੈਨ ਈ ਸੀ ਮਨੋਰੰਜਨ ਲਈ। ਉਹ ਵੀ ਮੋਹਣਾ ਲੈ ਆਇਆ ਸੀ। ਮੈਂ ਉਸ ਰਾਤ ਪਹਿਲੀ ਵਾਰ ਨੁਸਰਤ ਨੂੰ ਸੁਣਿਆ। ਪਹਿਲਾਂ-ਪਹਿਲਾਂ ਤਾਂ ਮੈਂ ਆਖਿਆ, "ਮੋਹਣੇ ਕੀ ਐ ਯਾਰ, ਕੋਈ ਹੋਰ ਕੈਸਟ ਸੁਣਾ ਚਮਕੀਲੇ ਵਗੈਰਾ ਦੀ। ਇਹ ਕੀ ਰੋਣ- ਪਿੱਟਣ ਲਾਇਆ ਊਈਂ... ਆ..ਏ ਆ...ਆ...।" ਨੁਸਰਤ ਸਾਹਬ ਦੀਆਂ ਗਾਈਆਂ ਹਰਕਤਾਂ ਮੈਨੂੰ ਊਈਂ ਲੱਗੀਆਂ। ਚਮਕੀਲਾ ਸੁਣਨ ਆਲ਼ੇ ਨੂੰ ਸਮਝ ਨ੍ਹੀਂ ਸੀ ਪੈ ਰਹੀ।

ਮੋਹਣਾ ਬੇਸ਼ੱਕ ਦੇਖਣ ਨੂੰ ਭੂਕਰਾ ਟਾਈਪ ਐ, ਪਰ ਉਹਨੂੰ ਕਲਾ ਦੀ ਸਮਝ ਬੜੀ ਡੂੰਘੀ ਐ। ਉਹਦੇ ਕੋਲ਼ ਸਿਰਫ਼ ਨੁਸਰਤ ਦੀਆਂ ਕੈਸਟਾਂ ਜਾਂ ਇੱਕ ਨੂਰਜਹਾਂ ਦੀ ਸੀ। ਮੈਂ ਲੱਤਾਂ ਦਾ ਦਰਦ ਭੁਲਾਉਣ ਲਈ ਮਜ਼ਬੂਰੀ ਵੱਸ ਨੁਸਰਤ ਸੁਣਿਆ ਸੀ। ਕਮਾਲ ਦਾ ਰਸ ਸੀ, ਉਸ ਰੱਬੀ ਰੂਹ 'ਚ... ਪਤਾ ਈ ਨ੍ਹੀਂ ਲੱਗਿਆ ਕਵਾਲੀ ਸੁਣਦੇ-ਸੁਣਦੇ ਕਦੋਂ ਦਰਦ ਗਾਇਬ ਹੋ ਗਿਆ, ਕਦੋਂ ਸਵੇਰ ਹੋ ਗੀ'।

ਸੀਨੀਅਰ ਸੁਪਰਵਾਈਜਰ ਉਬੱਪਾ ਇੱਕ ਨੇਪਾਲੀ ਸ਼ਕਲ ਆਲ਼ਾ, ਛੋਟੇ ਜਿਹੇ ਕੱਦ ਦਾ ਮੁੰਡਾ ਸੀ। ਪਰ ਹੈ ਸੀ ਬੜਾ ਤੇਜ਼-ਤਰਾਰ। ਉਹਨੇ ਸਾਨੂੰ ਬੈਗ, ਨਾਲ਼ ਦੇ ਕਮਰੇ 'ਚ ਰੱਖਣ ਲਈ ਇਸ਼ਾਰਾ ਕੀਤਾ। ਫੇਰ ਆਪਣੇ ਕੋਲ਼ ਆਉਣ ਲਈ ਕਿਹਾ। ਜਿੱਥੇ ਸਾਡੀ ਰਿਹਾਇਸ਼ ਸੀ, ਉਹ ਬਹੁਤ ਛੋਟੇ-ਛੋਟੇ ਦਸ-ਬਾਰਾਂ ਕਮਰਿਆਂ ਦੀ ਇੱਕ 'ਚਾਲ' ਜਿਹੀ ਸੀ। ਜਿਵੇਂ ਬਈਆਂ ਲਈ ਕਵਾਟਰ ਬਣਾਏ ਹੋਣ। ਕਮਰੇ ਜ਼ਿਆਦਾਤਰ ਖ਼ਾਲੀ ਸਨ। ਬਸ ਇੱਕ ਕਮਰੇ 'ਚ ਬੁਰਕੇ ਆਲੀਆਂ ਦੋ ਮਾਵਾਂ ਧੀਆਂ ਰਹਿੰਦੀਆਂ। ਇੱਕ ਸਾਂਝਾ ਗੁਸਲਖਾਨਾ ਅਤੇ ਇੱਕ ਨਲਕਾ। ਲੈ ਦੇ ਕੇ ਇਹੋ ਸਹੂਲਤਾਂ ਸਨ।

ਅਸੀਂ ਰਾਤ ਤੋਂ ਈ ਆਪਣੇ-ਆਪ ਨੂੰ ਠੱਗੇ-ਠੱਗੇ ਮਹਿਸੂਸ ਕਰ ਰਹੇ ਸੀ। ਉੱਤੋਂ ਖਾਣਾ ਵੀ ਇੱਕ ਸਟੋਵ ਉੱਤੇ ਮੈਲ਼ੇ ਜਿਹੇ ਭਾਂਡਿਆਂ 'ਚ ਬਣਾਉਣਾ ਪੈਂਦਾ। ਉਹ ਵੀ ਤਿੰਨਾਂ ਦਾ

ਹੀ ਮੈਨੂੰ। ਰਾਤ ਨੂੰ ਸੁਪਰਵਾਈਜ਼ਰੀ ਦੇ ਨਾਮ 'ਤੇ ਹਰੇਕ ਧੰਧੇ ਨੇ ਮਿੱਲ 'ਚ ਚੌਂਕੀਦਾਰੀ ਕਰਵਾਉਣੀ। ਵਰਦੀ ਪਾ ਕੇ ਛਿਲਿਗਾ ਜਵਾਂ ਨੇਪਾਲੀ ਬਹਾਦਰਾਂ ਆਲੀ ਆਇਆ ਕਰੇ। ਜਿਹੜੇ ਫਿਲਮਾਂ 'ਚ "ਸ਼ਾਬ ਜੀ, ਸ਼ਾਬ ਜੀ' ਕਰਦੇ ਹੁੰਦੇ ਨੇ।

ਰਾਤ ਦੀ ਸ਼ਿਫ਼ਟ 'ਚ ਨੀਂਦ ਪੂਰੀ ਨਾ ਹੁੰਦੀ, ਅਸੀਂ ਦਿਨੇ ਥੋੜ੍ਹਾ ਬਹੁਤਾ ਸੌਂ ਲੈਂਦੇ। ਮੋਹਣੇ ਦੀ ਜਿਮ ਜਾਣ ਕਰਕੇ ਬੌਡੀ ਪੂਰੀ ਮਸਕੂਲਰ ਸੀ, ਮੈਂ ਵੀ ਪੂਰਾ ਫ਼ਿਟ ਸੀ ਉਦੋਂ। ਅਸੀਂ ਨਲਕੇ 'ਤੇ ਨਹਾਉਂਦੇ ਸਮੇਂ ਜਨਾਨੀਆਂ ਨੂੰ ਦੇਖ ਛਾਤੀ ਬਾਹਰ ਨੂੰ ਕਰ ਲੈਣੀ। ਚਾਲ ਦੇ ਬਾਹਰ ਦੁਕਾਨ 'ਤੇ ਖੜ੍ਹੇ ਲੋਕਾਂ ਨੂੰ ਪ੍ਰਭਾਵਿਤ ਕਰਨ ਲਈ ਢਿੱਡ ਹੋਰ ਅੰਦਰ ਨੂੰ ਖਿੱਚ ਲੈਣੇ। ਸਰੀਰ ਅਕੜਾ-ਅਕੜਾ ਕੇ ਤੁਰਨਾ।

ਪਰ ਹੋਇਆ ਉਲਟ, ਨਾ ਬਾਹਰ ਮੁੰਡੇ ਪ੍ਰਭਾਵਿਤ ਹੋਏ ਨਾ ਅੰਦਰ ਉਹ ਕੁੜੀਆਂ। ਪ੍ਰਭਾਵਿਤ ਹੋਏ ਦੋ ਬੰਦੇ, ਇੱਕ ਪੰਜਾਹ ਸਾਲ ਦਾ ਅਧਖੜ ਅਤੇ ਇੱਕ ਪੱਚੀ-ਤੀਹ ਸਾਲ ਦਾ ਜਵਾਨ। ਉਹ ਸਾਡੇ ਨਾਲ ਸੰਪਰਕ ਬਣਾਉਣ ਲੱਗ ਪੇ'। ਪੁੱਛਦੇ ਪੁਛਾਉਂਦੇ ਵਧੀਆ ਨੇੜਤਾ ਹੋਗੀ'। ਮੋਹਣਾ ਤਾਂ ਚੁੱਪ ਰਹਿੰਦਾ ਪਰ ਮੈਂ ਆਪਣੀ ਆਦਤ ਤੋਂ ਮਜਬੂਰ ਨਾਨੀ ਘੜਾਨੀ ਤੱਕ ਪੁੱਜ ਜਾਂਦਾ। ਮੈਂ ਤਾਂ ਮਿਲ 'ਚ ਵੀ ਕੰਪਿਊਟਰ ਆਲੇ ਨਾਲ ਜਾਣ-ਪਛਾਣ ਕੱਢ ਲੀ ਸੀ। ਉਹਦੇ ਨਾਨਕੇ ਘੁਮਿਆਰੇ (ਫ਼ਰੀਦਕੋਟ) ਪਿੰਡ ਸਨ। ਉਹ ਮੋਠੇ ਨੂੰ ਜਾਣਦਾ ਸੀ ਤੇ ਮੇਰਾ ਕਬੱਡੀ ਖੇਡਣ ਕਰਕੇ ਮੇਰਾ ਵਧੀਆ ਆੜੀ ਸੀ।

ਗੱਲਾਂ ਬਾਤਾਂ ਕਰਕੇ ਸਮਾਂ ਚੰਗਾ ਪਾਸ ਹੋ ਜਾਂਦਾ। ਨਹੀਂ ਤਾਂ ਠੱਗੇ ਜਾਣ ਅਲੋਂ ਗਿਲਟ ਬਹੁਤ ਸਤਾਉਂਦੀ। ਕਈ ਵਾਰ ਸੋਚਦਾਂ, ਬਈ ਅਸੀਂ ਤਾਂ ਕਿੰਨੀ ਇੱਜ਼ਤ ਕਰਦੇ ਹਾਂ ਫੈਜ਼ੀਆਂ ਦੀ, ਪਰ ਇਹ ਲੁੱਟ ਰਹੇ ਨੇ। ਲਿਮੀਟਡ ਕੰਪਨੀਆਂ 'ਚ ਨੌਕਰੀਆਂ ਦੇ ਨਾਮ 'ਤੇ ਕਿੰਨਾ ਬੁਰਾ ਕਰਦੇ ਨੇ ਬੇਰੁਜ਼ਗਾਰਾਂ ਨਾਲ। ਖਿਆਲ ਇਹ ਵੀ ਆਉਂਦਾ ਕਿ ਪੰਜਾਬ ਜਾ ਕੇ ਖ਼ਬਰ ਲਵਾਊਂਗਾ ਅਖ਼ਬਾਰ 'ਚ... ਇਹਨਾਂ ਕਰਨਲਾਂ ਦੇ ਧੰਧਿਆਂ ਬਾਰੇ। ਕਿਉਂਕਿ ਇਸ ਤਰ੍ਹਾਂ ਦੀਆਂ ਸਕਿਊਰਟੀ ਕੰਪਨੀਆਂ ਦੇ ਲਾਈਸੈਂਸ ਰੀਟਾਇਰ ਫੌਜੀ ਅਫ਼ਸਰਾਂ ਕੋਲ ਹੀ ਹਨ। ਖ਼ੈਰ।

ਹੁਣ ਉਹ ਬੰਦੇ ਸਾਡੇ ਕੋਲ ਰੋਜ਼ਾਨਾ ਆਉਣ ਲੱਗ ਪੇ' ਸੀ। ਕਦੇ-ਕਦੇ ਤਾਂ ਘੰਟਾ ਸਾਰਾ ਗੱਲਾਂ ਮਾਰੀ ਜਾਂਦੇ। ਕਦੇ ਸਾਨੂੰ ਵੱਧ ਕਮਾਈ ਕਰਨ ਬਾਰੇ ਟੋਹੀ ਜਾਂਦੇ। ਸਾਡੀਆਂ ਗੱਲਾਂ ਤੋਂ ਉਹ ਭਾਂਪ ਗਏ ਕਿ ਸਾਨੂੰ ਪੈਸਿਆਂ ਦੀ ਲੋੜ ਹੈ। ਮੈਂ ਤਾਂ ਦੋ ਦਿਨਾਂ ਤੋਂ ਇੱਕ ਹੋਰ ਕੰਮ ਵੀ ਲੱਭ ਲਿਆ ਸੀ। ਉੱਥੇ ਅਸੀਂ ਦੋਹਾਂ ਸੌ ਰੁਪਈਆ ਲੈਣਾ ਕਰਿਆ ਅਤੇ ਇਹ ਵੀ ਤਹਿ ਕਰ ਲਿਆ ਕਿ ਅਸੀਂ ਬਦਲ ਬਦਲ ਕੰਮ 'ਤੇ ਆਵਾਂਗੇ। ਕੰਮ ਵੀ ਸੌਖਾ ਸੀ ਸਕੂਟਰਾਂ ਦੇ ਸੈੱਟ ਪੇਕ ਕਰਨ ਦਾ। ਬਾਕੀ ਸਭ ਤੋਂ ਜ਼ਰੂਰੀ ਸੀ ਪੈਸੇ। ਉਹ ਵੀ ਬਹੁਤ ਜਲਦੀ। ਕਿਉਂਕਿ ਅਸੀਂ ਓਥੋਂ ਵਾਪਸੀ ਦਾ ਪੱਕਾ ਕਰ ਹੀ ਲਿਆ ਸੀ। ਪਰ ਨਾਲ ਇਹ ਸੀ ਬਈ ਖਾਲੀ ਹੱਥ ਨਾ ਜਾਈਏ। ਥੋੜ੍ਹੇ-ਥੋੜ੍ਹੇ ਪੰਜ ਹਜ਼ਾਰ ਤਾਂ ਲੈ ਕੇ ਹੀ ਮੁੜੀਏ।

ਇਸ਼ਤਿਹਾਰ 'ਚ ਦੱਸੀ ਪੈਂਤੀ ਸੌ ਤਨਖਾਹ, ਕੰਪਨੀ ਆਲੀ ਫੌਜਣ ਨੇ ਘਟਾ ਕੇ ਪੱਚੀ ਸੌ ਕਰਤੀ ਸੀ। ਕਹਿੰਦੀ, "ਪਹਿਲੇ ਤੀਨ ਮੰਥ ਇਤਨੇ ਹੀ ਮਿਲੇਂਗੇ।" ਰੋਦਾਂ ਸੌ ਜੋ ਪਾਰਟ ਟਾਈਮ ਤੋਂ ਮਿਲਣਾ ਸੀ ਉਸ ਤੋਂ ਕੁਛ ਕਿਰਾਇਆ, ਕੁਛ ਅੱਲਮ-ਗੱਲਮ। ਅਸੀਂ ਕੋਈ ਹੋਰ ਜੁਗਾੜ ਬਾਰੇ ਵੀ ਸੋਚਦੇ ਰਹਿੰਦੇ। ਕਦੇ ਧਿਆਨ ਸੁਪਰਵਾਈਜ਼ਰ ਦੀ ਅਟੈਚੀ ਵੱਲ ਜਾਂਦਾ, ਕਦੇ ਸਕੂਟਰਾਂ ਦੇ ਸੈੱਟ ਵੱਲ ਕਿ ਪਟਿਆਲੇ ਜਾ ਕੇ ਵੇਚ ਦਿਆਂਗੇ।

ਕਈ ਦਿਨਾਂ ਦੇ ਮੇਲ-ਜੋਲ ਨਾਲ ਉਹਨਾਂ ਦੋਵਾਂ ਬੰਦਿਆਂ ਨੇ ਗੱਲ ਅੱਗੇ ਵਧਾਈ। ਅੱਧਖੜ ਜਿਹਾ ਬੰਦਾ ਜਿਹੜਾ ਆਪਣਾ ਨਾਮ ਰਾਜਨ ਤਿਆਗੀ ਦੱਸਦਾ ਸੀ। "ਏਕ ਕਾਮ ਹੈ ਮੋਹਨ ਜੀ ਅਗਰ ਕਰੋਗੇ, ਪੂਰੇ ਬੀਸ ਹਜ਼ਾਰ ਕਾ ਹੈ।" ਉਹਨੇ ਗੰਭੀਰ ਜਿਹਾ ਮੂੰਹ ਬਣਾ ਕੇ ਕਿਹਾ ਸੀ। ਮੋਹਣੇ ਨੇ ਪਹਿਲਾਂ ਮੇਰੇ ਵੱਲ ਦੇਖਿਆ ਫੇਰ ਬੋਲਿਆ, "ਕਰੇਗਾ।" ਮੈਂ ਪੁੱਛਿਆ, "ਕਾਮ?" "ਕਾਮ ਤੋਂ ਬਾਈ ਜੈਸੇ ਆਪ ਕੀ ਬੌਡੀ ਹੈ, ਕੁਛ ਭੀ ਨਹੀਂ ਆਪਕੇ ਲੀਏ ਤੋ।" ਉਹਨੇ ਧੌਂਪ ਛਕਾਇਆ ਅਤੇ ਮੋਹਣੇ ਨੇ ਕਮਰੇ 'ਚ ਲੱਗੇ ਸਨੀ ਦਿਓਲ ਦੇ ਪੋਸਟਰ ਵੱਲ ਦੇਖਿਆ।

ਮੋਹਣਾ ਸਨੀ ਦਿਓਲ ਆਲੀ ਫੀਲਿੰਗ ਪਹਿਲਾਂ ਹੀ ਰੱਖਦਾ ਸੀ। ਇਹ ਪੋਸਟਰ ਵੀ ਮੋਹਣੇ ਨੇ ਹੀ ਲਗਾਇਆ ਸੀ। ਮੈਂ ਵੀ ਚੌੜਾ ਹੋ ਗਿਆ। ਨਾਲੇ ਸਮਝ ਗਿਆ ਬਈ ਕਿਸੇ ਨੂੰ ਕੁੱਟਣ ਆਲਾ ਕੰਮ ਐ। ਉਸੇ ਦਿਨ ਉਸ ਬੁਰਕੇ ਆਲੀ ਔਰਤ ਨੇ ਸੁਚੇਤ ਵੀ ਕੀਤਾ ਸੀ, "ਯੇ ਅੱਛੇ ਆਦਮੀ ਨਹੀਂ, ਪੁਲਿਸ ਕੇਸ ਚਲਤੇ ਹੈਂ ਇਨ ਪਰ।" ਇਹ ਇੱਕੋ ਵਾਕ ਸੀ ਜਿਹੜਾ ਉਹਨੇ ਸਾਂਝਾ ਕੀਤਾ ਸੀ ਪੰਦਰਾਂ ਦਿਨਾਂ 'ਚ। ਮੇਰੇ ਵਾਂਗ ਮੋਹਣੇ ਨੇ ਵੀ ਉਹਨਾਂ ਨੂੰ ਸ਼ਾਇਦ ਹੀ ਕਦੇ ਬੁਲਾਇਆ ਹੋਊ। ਬਸ ਦੇਖ-ਦਿਖਾਈ ਹੀ ਚਲਦੀ ਸੀ, ਉਹ ਵੀ ਸੰਗਦੇ-ਸੰਗਦੇ।

ਗੱਲ ਮੁਕਾਓ, ਉਹਨਾਂ ਗੁੰਡਿਆਂ ਨੇ ਸਾਨੂੰ ਬਸੰਤ ਵਿਹਾਰ ਤੋਂ ਅੱਗੇ ਇੱਕ ਬੰਦ ਪਈ ਮਿੱਲ 'ਚ ਬੰਦਾ ਦਿਖਾਤਾ, ਮੋਟਾ ਜਿਹਾ ਲਾਲਾ। ਇਸ ਮਿੱਲ ਦੀ ਸਿਰਫ਼ ਚਾਰ ਦੀਵਾਰੀ ਹੀ ਬਾਕੀ ਰਹਿੰਦੀ ਸੀ। ਬਾਕੀ ਕਰੀਬ-ਕਰੀਬ ਢਹੀ ਪਈ ਸੀ। ਬੰਦਾ ਮੋਟਾ-ਤਾਜ਼ਾ ਸੀ। ਆਪਣੇ 'ਗੋਲਡੀ' ਕੁੱਤੇ ਨਾਲ ਸ਼ਾਮ ਨੂੰ ਸੈਰ ਕਰਨ ਆਉਂਦਾ। ਕੰਮ ਸੀ ਲੱਤਾਂ ਭੰਨਣੀਆਂ। ਮਤਲਬ ਕੁੱਟ-ਮਾਰ ਕਰਨੀ ਸੀ ਜਾਨ ਤੋਂ ਨਹੀਂ ਸੀ ਮਾਰਨਾ। ਇੱਕ ਵਾਰ ਤਾਂ ਅਸੀਂ ਫੇਰ ਸੋਚਣ ਲੱਗ ਪਏ। ਮੋਹਣੇ ਨੇ ਨਾ ਕਰਨ ਦੀ ਸਲਾਹ ਵੀ ਦਿੱਤੀ। ਸ਼ਾਇਦ ਉੱਪਰੋਂ-ਉੱਪਰੋਂ ਹੀ ਦਿੱਤੀ ਸੀ। ਪਰ ਮੇਰੇ 'ਚ ਬੈਠਾ 'ਅਫ਼ੀਮ ਚੌਧਰੀ' ਉੱਠਿਆ ਤੇ ਮੈਨੂੰ ਕਹਿੰਦਾ, "ਯਾਰ ਡਰਦਾ ਕਿਉਂ ਏ। ਫੇਰ ਦਾ ਮੌਕਾ ਤੂੰ... ਕਿਹੜਾ ਦਾ ਥੋੜ੍ਹੀ ਐ।" ਮੈਂ ਹਰ ਵਾਰ ਦੀ ਤਰ੍ਹਾਂ ਹਾਰ ਗਿਆ ਆਪਣੇ ਮਨੋ ਹਾਸ ਅੱਗੇ। ਦੋ ਕੋ [illegible] ਤਿਆਰ ਪੈਸੇ ਲੈ ਕੇ ਗੁੰਡਾ ਗਰਦੀ ਕਰਨ ਲਈ।

ਅੱਧੇ ਪੈਸੇ ਅਸੀਂ ਪਹਿਲਾਂ ਫੜ ਲਏ, ਅੱਧੇ ਕੰਮ ਹੋਣ ਤੋਂ ਬਾਅਦ। ਇੱਕ ਵਾਰ ਤਾਂ ਜਦੋਂ ਉਹਨੇ ਪੈਸੇ ਪਹਿਲਾਂ ਦੇਣ ਦੀ ਗੱਲ ਮੰਨੀ ਤਾਂ ਦਿਮਾਗ 'ਚ ਆਇਆ ਬਈ ਬਿਨਾਂ ਕੁੱਟ-ਮਾਰ ਕਰੇ ਭੱਜ ਜਾਂਦੇ ਹਾਂ। ਮੈਂ ਮੋਹਣੇ ਨੂੰ ਕਿਹਾ ਵੀ ਪਰ ਉਹਨੇ ਅੱਗੋਂ ਡਰਾ ਦਿੱਤਾ। ਕਹਿੰਦਾ,

"ਇਹਨਾਂ ਦੇ ਬੰਦੇ ਆਏਂ ਨ੍ਹੀਂ ਭੱਜਣ ਦਿੰਦੇ। ਰਹਿਣ ਦੇ ਹੋਰ ਕਸੂਤੇ ਫੱਸ ਜਾਂਗੇ।"

ਉਹ ਸਿਆਣਪ ਦਿਖਾਉਂਦਾ ਅੱਗੇ ਬੋਲਿਆ "ਉਹਨਾਂ ਦਾ ਰਿਕਾਰਡ ਹੋਊ, ਪੁਲਿਸ ਕੋਲ। ਆਪਾਂ ਨੂੰ ਕਿਹੜਾ ਕੋਈ ਜਾਣਦੈ ਤਾਂ ਕਰਕੇ ਇਹ ਆਪਣੀਆਂ ਮਿੰਨਤਾਂ ਕਰਦੇ ਨੇ।" ਅਸੀਂ ਚੱਲ ਪੇ'। ਉਹਨਾਂ ਦਾ ਯਾਮਾ ਲੈ ਕੇ ਬੰਦੇ ਨੂੰ ਕੁੱਟਣ। ਤੁਰਨ ਲੱਗਿਆਂ ਦੇ ਪੈਸੇ ਉਹਨੇ ਮੇਰੀ ਕਮੀਜ਼ ਦੀ ਜੇਬ 'ਚ ਪਾ ਤੇ। ਪੈਸਿਆਂ ਨੇ ਦਿਲ ਨਿੱਗਰ ਕਰ ਦਿੱਤੇ। ਫੀਲਿੰਗ ਫਿਲਮੀ ਚੱਕ ਲਈ, ਬਈ ਬਹੁਤ ਪੈਸੇ ਆਲ਼ੇ ਬਣ ਸਕਦੇ ਹਾਂ ਇਸ ਕੰਮ 'ਚ। ਫੇਰ ਸੋਚਦਾ ਨਹੀਂ-ਨਹੀਂ ਮੈਂ ਤਾਂ ਕਬੱਡੀ ਖੇਡਣੀ ਆਂ ਤੇ ਉਸੇ ਬੇਸ 'ਤੇ ਨੌਕਰੀ ਕਰਨੀ ਆਂ। ਬਸ ਐਥੋਂ ਨਿੱਕਲ਼ ਜਾਂਵਾਂ ਇੱਕ ਵਾਰ। ਮੋਹਣੇ ਨੂੰ ਸ਼ਾਰਟ ਕੱਟ ਮੈਥੋਂ ਵੀ ਜ਼ਿਆਦਾ ਪਸੰਦ ਸੀ। ਉਹਨੇ ਤਾਂ ਫੌਜਣ ਦੇ ਦਫ਼ਤਰ ਖੋਲ੍ਹਣ ਦੇ ਆਫਰ ਨੂੰ ਵੀ ਝੱਟ ਕਬੂਲ ਕਰ ਲਿਆ ਸੀ। ਕਹਿੰਦਾ ਸੀ, "ਮੰਗੇ ਕਿੰਨਾਂ ਚਿਰ ਨੌਕਰੀ ਕਰਾਂਗੇ, ਕੁਛ ਨ੍ਹੀਂ ਬਣਨਾ ਚਾਰ-ਪੰਜ ਹਜ਼ਾਰ 'ਚ। ਨੌਕਰੀ ਦੇਣ ਆਲ਼ੇ ਬਣਦੇ ਹਾਂ। ਬਥੇਰੇ ਬੇਰੁਜ਼ਗਾਰ ਨੇ ਪੰਜਾਬ 'ਚ ਪੈਸੇ ਈ ਪੈਸੇ। ਹਰੇਕ ਬੰਦੇ ਮਗਰ ਦੋ ਹਜ਼ਾਰ ਵਿਹਲੇ ਬੈਠਿਆਂ ਨੂੰ ਬਚਣ 'ਤੇ ਐ।" ਜੇ ਮੈਂ ਨਾ ਰੋਕਦਾ ਉਹ ਤਾਂ ਓਦਣ ਵੀ ਤਿਆਰ ਸੀ।

ਅਸੀਂ ਜੇਬ 'ਚ ਪਾ ਕੇ ਪੈਸੇ, ਹੱਥ 'ਚ ਫੜ੍ਹ ਕੇ ਬੇਸਬਾਲ ਸਲੱਗਰ, ਉਸ ਪਾਰਕ ਵਰਗੀ ਮਿਲ 'ਚ ਵੜ ਗੇ'। ਇੱਕ ਤਾਂ ਉੱਥੇ ਤਿੰਨ-ਚਾਰ ਮੁੰਡੇ ਘੁੰਮਣ, ਦੂਜਾ ਉਹਦਾ ਕੁੱਤਾ ਬੜਾ ਨਰੋਆ।

ਹੁਣ ਅਸੀਂ ਉਹਨਾਂ ਮੁੰਡਿਆਂ ਦੇ ਓਥੋਂ ਚਲੇ ਜਾਣ ਦੀ ਉਡੀਕ 'ਚ ਸੀ, ਨਾਲ਼ੇ ਕੁੱਤੇ ਬਾਰੇ ਸੋਚੀਏ। ਬਿਨਾਂ ਕੰਮ ਕਰੇ ਵਾਪਸੀ ਦਾ ਰਸਤਾ ਅਸੀਂ ਉਹਨਾਂ ਕੋਲ਼ ਫੁਕਰੀਆਂ ਮਾਰ ਕੇ ਆਪ ਈ ਬੰਦ ਕਰ ਆਏ ਸੀ। ਬਈ ਇਹੋ ਜਿਹਾ ਲਾਲਾ ਤਾਂ ਅਸੀਂ ਪਟਿਆਲ਼ੇ ਬਿਨਾਂ ਪੈਸਿਆਂ ਤੋਂ ਈ ਕੁੱਟ ਦਿੰਦੇ ਆਂ... ਵਗੈਰਾ-ਵਗੈਰਾ।

ਪਤਾ ਨ੍ਹੀਂ ਕਿਉਂ ਮੈਨੂੰ ਕੁੱਤੇ ਤੋਂ ਡਰਨਾ ਬੜਾ ਬੇਇੱਜ਼ਤੀ ਭਰਿਆ ਲੱਗਦੈ। ਉੱਤੋਂ ਬਾਪੂ ਜੀ ਦੀ ਉਹ ਗੱਲ "ਕਿਤੇ ਸ਼ੇਰ ਦੀ ਰਾਖੀ ਵੀ ਕੁੱਤੇ ਕਰਦੇ ਹੁੰਦੇ ਨੇ!" ਬੜੀ ਦਲੇਰੀ ਦਿੰਦੀ ਰਹਿੰਦੀ ਹੈ।

ਇੱਕ ਵਾਰੀ ਸਾਡੇ ਗੁਆਂਢੀਆਂ ਦੇ ਮੁੰਡੇ ਰਮਜਾਨ ਨੇ, ਬਾਪੂ ਨੂੰ ਪੁੱਛ ਲਿਆ, "ਸ਼ੇਰ ਬਾਪੂ, ਤੁਸੀਂ ਨ੍ਹੀਂ ਕੋਈ ਕੁੱਤਾ ਰੱਖਿਆ ਕਦੇ?" ਉਹ ਬਾਪੂ ਜੀ ਨੂੰ ਬੁਲਾਉਣ ਲੱਗੇ, ਸ਼ੇਰ ਬਾਪੂ ਕਹਿੰਦਾ ਸੀ ਤਾਂ ਬਾਪੂ ਜੀ ਨੇ ਬੜਾ ਸਹਿਜ ਸੁਭਾਅ ਜਵਾਬ ਦਿੱਤਾ ਸੀ, "ਓਏ ਟੌਂਡੇ, ਕੁੱਤੇ ਤਾਂ ਗਿੱਦੜ ਰੱਖਦੇ ਹੁੰਦੇ ਨੇ। ਸ਼ੇਰ ਆਪਦੀ ਰਾਖੀ ਲਈ ਕੁੱਤੇ ਰੱਖਦਾ ਕੀ ਚੰਗਾ ਲੱਗਦੈ।" ਇਹ ਡਾਈਲਾਗ ਮੈਨੂੰ ਬਹੁਤ ਪ੍ਰਭਾਵਿਤ ਕਰਦਾ ਰਿਹਾ। ਮੈਂ ਵੀ ਤਾਂ ਸ਼ੇਰ ਦਾ ਪੁੱਤ ਹਾਂ, ਆਹੀ ਫੀਲਿੰਗ ਚੱਕਦਾ ਰਿਹਾ....।

ਇਸ ਲਈ ਕੁੱਤੇ ਦੀ ਜ਼ੁੰਮੇਵਾਰੀ ਮੈਂ ਲੈ ਲਈ। ਜਦੋਂ ਉਹ ਮੁੰਡੇ ਓਥੋਂ ਖਿਸਕ ਗਏ ਤਾਂ

ਮੈਂ ਤੇ ਮੋਹਣਾ ਮਿੱਲ 'ਚ ਵੜਕੇ ਕੰਧ ਕੋਲ਼ ਖੜ੍ਹ ਗਏ, ਸੈੱਟ ਜਿਹੇ ਹੋ ਕੇ। ਇੱਕ ਦੂਜੇ ਨਾਲ਼ ਕਰਕੇ ਕਰਾਰ ਹੋ ਗੇ' ਤਿਆਰ। ਉਹ ਅਜੇ ਦੂਰ ਸੀ ਸਾਡੇ ਤੋਂ, ਕੋਈ ਪੰਜਾਹ ਸੱਠ ਮੀਟਰ। ਮੈਂ ਆਖਿਆ, "ਮੋਹਣੇ, ਮੈਂ ਕੁੱਤੇ ਦਾ ਪਟਾ ਉਸਤੋਂ ਖੋਹ ਕੇ ਕੰਧ 'ਤੇ ਚੜਜੂੰ, ਆਹ ਪੱਥਰ 'ਤੇ ਪੈਰ ਧਰ ਕੇ। ਫੇਰ ਕੰਧ ਉੱਤੇ ਥੋੜ੍ਹਾ ਪਰੇ ਨੂੰ ਹੋਜੂੰ। ਪਟੇ ਨੂੰ ਕਸ ਕੇ ਰੱਖੂੰ ਨਾ ਤੇਰੇ ਕੋਲ਼ ਆਉਣ ਦੇਣਾ, ਨਾ ਉੱਪਰ ਚੜ੍ਹਨ ਦੇਣਾ। ਤੂੰ ਜਦ ਨੂੰ ਬੁੜ੍ਹਾ ਫੈਂਟਦੀ...।"

ਲਓ ਜੀ ਅਸੀਂ ਕਰਿਆ ਵੀ ਐਵੇਂ ਈ, ਪਰ ਜਦੋਂ ਮੈਂ ਕੁੱਤੇ ਨਾਲ਼ ਕੰਧ 'ਤੇ ਖੜ੍ਹਾ ਜੱਦੋ-ਜਹਿਦ ਕਰ ਰਿਹਾ ਸੀ ਤਾਂ ਉਹਨੂੰ ਖਿੱਚਦਾ-ਖਿੱਚਦਾ ਦੂਜੇ ਪਾਰ ਡਿੱਗ ਪਿਆ। ਪਰ ਕੁੱਤੇ ਦਾ ਪਟਾ ਫੜੀ ਰੱਖਿਆ ਛੱਡਿਆ ਨਾ...। ਉੱਧਰ ਮੋਹਣੇ ਨੇ ਉਸ ਲਾਲੇ ਦੇ ਰਿਗ ਪਾ ਦਿੱਤੇ। ਉਹ ਵੀ ਫਿਲਮੀ ਗੁੰਡਿਆਂ ਵਾਂਗੂ। ਕਮੀਜ਼ ਖੋਲ੍ਹ ਕੇ ਉਹਨੇ ਲੱਕ ਨੂੰ ਬੰਨ੍ਹ ਲਈ। ਨਾਲ਼ੇ ਕੁੱਟੀ ਗਿਆ ਨਾਲ਼ੇ ਆਪਣੀ ਬੌਡੀ ਦੇਖੀ ਗਿਆ। ਲਾਲਾ ਤਾਂ ਬੇਚਾਰਾ ਐਨਾ ਮੋਟਾ ਸੀ ਬਈ ਉਸਤੋਂ ਤਾਂ ਕੋਸ਼ਿਸ਼ ਵੀ ਨ੍ਹੀਂ ਹੋਈ ਭੱਜਣ ਦੀ। ਜਦੋਂ ਮੋਹਣਾ ਬੇਸਬਾਲ ਮਾਰ ਰਿਹਾ ਸੀ ਤਾਂ ਮੈਂ ਬੜਾ ਹੈਰਾਨ, ਬਈ ਉਹ ਇਹ ਕਿਉਂ ਬੋਲ ਰਿਹੈ, "ਹੁਣ ਮਾਰੇਂਗਾ ਸਾਡੇ ਮੁੰਡੇ 'ਚ ਗੱਡੀ, ਹੁਣ ਕੱਢੇਂਗਾ ਗਾਲ਼?" ਮੈਂ ਸੋਚਿਆ ਇਹਦਾ ਕੋਈ ਪੈਂਤਰਾ ਹੋਊ। ਕਿਉਂਕਿ ਉਸਦਾ ਦਿਮਾਗ ਬਹੁਤ ਫਿਲਮੀ ਹੈ।

ਅਸੀਂ ਓਥੋਂ ਨਿੱਕਲ਼ ਆਏ। ਆਉਂਦਾ-ਆਉਂਦਾ ਮੋਹਣਾ ਇੱਕ ਸਲੱਗਰ, ਕੁੱਤੇ ਦੇ ਵੀ ਧਰ ਆਇਆ। ਨਾਲ਼ੇ ਉਹਨੂੰ "ਹੈ... ਆ".. "ਹੁਣ ਕਰ ਚਊਂ-ਚਊਂ।" ਕਹਿ ਕੇ ਮੁੜਿਆ।

ਸਾਡੀ ਫੀਲਿੰਗ ਹੀਰੋਆਂ ਆਲ਼ੀ ਸੀ। ਕਿਤੇ-ਕਿਤੇ ਆਏਂ ਜਿਹਾ ਵੀ ਮਹਿਸੂਸ ਹੁੰਦਾ ਸੀ ਬਈ ਲਾਲਾ ਨਜ਼ਾਇਜ ਕੁੱਟਿਆ ਗਿਆ, ਗਲਤ ਗੱਲ ਐ। ਫੇਰ ਪੈਸੇ ਦੇਖ ਮਨ ਕੈੜਾ ਕਰ ਲੈਂਦੇ। ਘਰੋਂ ਤੁਰਨ ਲੱਗੇ ਬੀਬੀ ਨੇ ਮੈਨੂੰ ਦੱਸਤਾ ਸੀ ਬਈ ਤੇਰਾ ਬਾਪੂ ਪੈਸੇ ਵਿਆਜ 'ਤੇ ਫੜ ਕੇ ਲਿਆਇਆ।

ਪੈਸੇ ਦੀ ਕਮਜ਼ੋਰੀ, ਨੈਤਿਕਤਾ ਆਲ਼ੀ ਚਿੜੀ ਨੂੰ ਦਾਣੇ ਜ਼ਿਆਦਾ ਦੇਰ ਨ੍ਹੀਂ ਪਾਉਂਦੀ ਹੁੰਦੀ।

ਜਦੋਂ ਅਸੀਂ ਆਪਣੇ ਕਮਰੇ ਵੱਲ ਜਾ ਰਹੇ ਸੀ ਤਾਂ ਉਹ ਜਿਹੜਾ ਦੂਜਾ ਥੋੜ੍ਹੀ ਉਮਰ ਦਾ ਮੁੰਡਾ ਸੀ ਤਿਆਗੀ ਦੇ ਨਾਲ਼ ਦਾ, ਉਹ ਸਾਡੇ ਕੋਲ਼ੋਂ ਦੀ ਮੋਟਰਸਾਈਕਲ 'ਤੇ ਲੰਘਦਾ ਹੋਇਆ, "ਰਜਤ ਸਟੀਲ ਮੇਂ ਮਿਲਤੇ ਹੈ" ਕਹਿ ਕੇ, ਅੱਗੇ ਨਿੱਕਲ਼ ਗਿਆ। ਉਂ ਕੰਮ ਮੁਕਾ ਕੇ ਉਹਨਾਂ ਦੇ ਚੁਬਾਰੇ ਮਿਲਣ ਦੀ ਗੱਲ ਹੋਈ ਸੀ। ਮੋਹਣੇ ਨੂੰ ਮੈਂ ਕਿਹਾ, "ਛੱਡ ਪਰੇ, ਦਸ ਹਜ਼ਾਰ ਮਿਲ ਗਿਆ ਘਰ ਨੂੰ ਚੜ੍ਹ ਜਾਨੇ ਆਂ। ਸੱਤ ਵਜੇ ਹਾਵੜਾ ਮੇਲ ਜਾਂਦੀ ਐ ਪੰਜਾਬ ਨੂੰ।" ਪਰ ਕਿੱਥੇ, ਉਹਦੇ ਮਨ 'ਚ ਓਦੋਂ ਅਮੀਰ ਆਦਮੀ ਬਣਨ ਦੀ ਲਾਲਸਾ ਸੀ।

ਉਂ ਉਹ ਕਹਿ ਮੈਨੂੰ ਇਹੋ ਰਿਹਾ ਸੀ ਬਈ ਆਪਾਂ ਹੁਣ ਚਲੇ ਜਾਣਾ ਪੰਜਾਬ। ਪਰ ਅਜੇ

ਤਾਂ ਇਸ ਮੁਸੀਬਤ 'ਚੋਂ ਨਿੱਕਲ਼ਣ ਦਾ ਚੈਲਿੰਜ ਸੀ। ਜਦੋਂ ਅਸੀਂ ਆਪਣੇ ਕਮਰੇ 'ਚੋਂ ਬੈਗ ਚੱਕੇ ਤਾਂ ਉਸ ਬੁਰਕੇ ਆਲ਼ੀ ਜਨਾਨੀ ਨੇ ਦੱਸਿਆ ਕਿ ਰਾਜਨ ਤਿਆਗੀ ਦੇ ਲੱਤ 'ਚ ਗੋਲੀ ਵੱਜੀ। ਸਾਥੋਂ ਪੁੱਛਿਆ ਵੀ ਨਾ ਗਿਆ ਕਿ ਵੱਜੀ ਕਿਵੇਂ। ਅਸੀਂ ਘਬਰਾ ਗਏ ਸੀ।

ਪਰ ਉਹ ਆਪ ਈ ਬੋਲੀ, "ਦੇਸੀ ਕੱਟਾ ਅਪਨੇ-ਆਪ ਚਲ ਗਿਆ। ਸਾਲਾ ਨਮਰਦ ਬਨ ਗਿਆ।" ਉਹਦੇ ਦੱਸਣ ਤੋਂ ਪਤਾ ਚੱਲਦਾ ਸੀ ਕਿ ਉਸਨੂੰ ਗੋਲ਼ੀ ਵੱਜਣ ਦੀ ਖੁਸ਼ੀ ਹੈ।

ਤਿਆਗੀ, ਡੱਬ 'ਚ ਟੰਗਿਆ ਆਪਣਾ ਪਸਤੌਲ ਜਾਣ ਬੁੱਝ ਕੇ ਸਾਨੂੰ ਦਿਖਾਉਂਦਾ ਰਹਿੰਦਾ ਸੀ, ਪੱਲਾ ਜਿਆ ਚੱਕ ਕੇ।

ਅਸੀਂ ਘਬਰਾਏ ਹੋਇਆਂ ਨੇ ਉਥੱਪੇ ਦਾ ਅਟੈਚੀ ਤਾਂ ਚੱਕ ਲਿਆ, ਪਰ ਮੇਰੇ ਆਲ਼ਾ ਬੈਗ ਭੁੱਲ ਆਏ। ਉਹਨਾਂ ਦਾ ਯਾਮਾ ਸਟੇਸ਼ਨ 'ਤੇ ਖੜ੍ਹਾ ਕੇ ਬਿਨਾਂ ਟਿਕਟ ਲਏ ਈ ਚੜ੍ਹ ਗਏ ਹਾਵੜਾ ਮੇਲ। ਚੰਗੀ ਕਿਸਮਤ ਨੂੰ ਗੱਡੀ ਵੀ ਤੁਰ ਪਈ। ਮੋਹਣੇ ਨੇ ਯਾਮੇ ਦੀ ਚਾਬੀ ਵੀ ਮਾਰੀ ਵਗਾਹ ਕੇ। ਇੱਕ ਪੁਲਿਸ ਆਲ਼ੇ ਨੂੰ ਦੇਖ ਕੇ, ਮੈਂ ਅਟੈਚੀ ਵੀ ਮਾਰਿਆ ਪਲੇਟ ਫਾਰਮ ਦੇ ਦੂਜੇ ਪਾਸੇ। ਮਸਾਂ ਜਾਨ ਬਚੀ। ਸੱਚੀਓ, ਜਾਨਵਰਾਂ ਤੋਂ ਵੀ ਵੱਧ ਜਾਨਵਰ ਸੀ ਅਸੀਂ। ਕੋਈ ਮੰਜਲ ਨ੍ਹੀਂ ਬਸ ਤੁਰ ਪੇ' ਜਿੱਧਰ ਮੂੰਹ ਹੋ ਗਿਆ।



ਪਹਿਲਾ ਕਬਜਾ

ਦਿੱਲੀ ਤੋਂ ਨਵੇਂ ਤਜਰਬੇ ਹਾਸਲ ਕਰ ਕੇ ਅਸੀਂ ਸੁੱਖੀ-ਸਾਂਦੀ ਵਾਪਸ ਆ ਗਏ। ਤਜ਼ਰਬੇ ਵੀ ਕਾਹਦੇ, ਜਾਨ ਈ ਬਚੀ ਸੀ। ਸਵੇਰੇ ਪਟਿਆਲ਼ੇ ਤੋਂ ਪਿੰਡ ਤੱਕ ਬੱਸ 'ਚ ਜਾ ਰਹੇ ਸੀ, ਵਿੱਚ ਤੋਚੀ ਬੈਠਾ। ਅਸੀਂ ਪੁੱਛਿਆ, "ਤੂੰ ਸਵੇਰੇ-ਸਵੇਰੇ ਉਰੇ ਨੂੰ ਆਉਣ ਦੀ ਬਿਜਾਏ ਉਰੋਂ ਜਾ ਰਿਹੈਂ? ਐਤਵਾਰ ਨੂੰ ਦੱਸ ਤੇਰਾ ਕਿਹੜਾ ਕਾਲਜ ਲੱਗਦੈ? ਕਿ ਦਿਨ ਭੁੱਲ ਕੇ ਆ ਗਿਆ? ਹੁਣ ਬੰਦ ਕਾਲਜ ਦੇਖ ਕੇ ਵਾਪਸ ਮੁੜਿਐਂ?" ਅਸੀਂ ਸਾਂਝਾ ਠਹੋਰਾ ਮਾਰਿਆ, ਨਾਲ਼ੇ ਉੱਠ ਕੇ ਉਹਨੂੰ ਜੱਫੀ ਪਾ ਕੇ ਮਿਲੇ। ਥੋੜ੍ਹੀ ਬਹੁਤ ਫੇਰ ਬਦਲ ਕਰਕੇ ਆਪਣੀ ਵਿੱਥਿਆ ਸੁਣਾਈ ਤੇ ਗਾਲ਼ਾਂ ਖਾਧੀਆਂ।

ਉਹਨੇ ਰੋਕਿਆ ਬਹੁਤ ਸੀ ਸਾਨੂੰ ਦਿੱਲੀ ਨੂੰ ਜਾਣ ਤੋਂ ਕਿਹਾ ਸੀ, "ਆਂਏਂ ਨੌਕਰੀਆਂ ਧਰੀਆਂ ਨ੍ਹੀਂ ਪਈਆਂ। ਥੋਨੂੰ ਕੋਈ ਊਈਂ ਨਾ ਬੰਨ੍ਹ ਕੇ ਮਜ਼ਦੂਰ ਬਣਾ ਲੇ'।" ਉਹਨੇ ਕਿਡਨੀ ਕੱਢ ਕੇ ਵੇਚਣ ਦਾ ਡਰਾਬਾ ਵੀ ਦਿੱਤਾ ਸੀ। ਮਜ਼ਾਕ ਉਡਾਉਣ ਤੋਂ ਬਾਅਦ ਉਹਨੇ ਸ਼ੁਕਰ ਮਨਾਇਆ ਤੇ ਆਪਣੀ ਗੱਲ ਮੂਹਰੇ ਰੱਖਤੀ, "ਯਾਰ, ਗੁਰਥਲੀ ਆਲ਼ੀ ਜਮੀਨ ਦਾ ਕਬਜਾ ਲੈਣਾ। ਰਾਮ ਵੀਰਾ, ਬਾਪੂ ਹੋਰਾਂ ਨਾਲ਼ ਮੁਲਾਕਾਤ ਕਰਕੇ ਆਇਆ। ਉਹ ਕਹਿੰਦੇ ਵਕੀਲ ਦੀ ਸਲਾਹ ਐ, ਬਈ ਕਬਜਾ ਥੋਡੇ ਕੋਲ਼ ਹੋਣਾ ਚਾਹੀਦੈ। ਉੱਥੇ ਜਿਹੜੇ ਦਰੱਖ਼ਤ ਉੱਗੇ ਹੋਏ ਨੇ ਵੱਢ ਕੇ ਕੋਈ ਫਸਲ ਵਗੈਰਾ ਬੀਜ਼ ਦਿਓ। ਮੈਂ ਤਾਂ ਪੀਰ ਜੈਨ ਆਲ਼ੇ ਸੱਤੇ ਹੋਰਾਂ ਕੋਲ਼ ਜਾ ਕੇ ਆਇਐਂ। ਪਰਸੋਂ ਨੂੰ ਕਰਦੇ ਆਂ ਕੰਮ। ਅਗਲੇ ਹਫ਼ਤੇ ਤਾਂ ਤਰੀਕ ਐ ਕੇਸ ਦੀ ...।" ਉਹਨੇ ਪੂਰੀ ਗੱਲ ਇੱਕੋ ਸਾਹ 'ਚ ਸੁਣਾਈ ਸੀ।

ਤੋਚੀ ਦਾ ਬਾਪੂ ਜੇਲ੍ਹ 'ਚ ਸੀ, ਕਤਲ ਦੇ ਕੇਸ 'ਚ। ਇਸ ਜਮੀਨ ਨੇ ਓਦੋਂ ਤੱਕ ਦੋ ਬੰਦੇ ਮੁਕਾ ਛੱਡੇ ਸੀ। ਅਜੇ ਵੀ ਕਹਾਣੀ ਕਿਹੜਾ ਮੁੱਕੀ ਸੀ। ਤੋਚੀ ਦਾ ਤਾਇਆ ਵੀ ਤਾਂ ਇਸੇ ਰੌਲ਼ੇ 'ਚ ਕਤਲ ਹੋਇਆ ਸੀ। ਪਰ ਹੁਣ ਕਈ ਸਾਲ ਤੋਂ ਉੱਥੇ ਕਿਸੇ ਦਾ ਕਬਜਾ ਨ੍ਹੀਂ ਸੀ। ਕਈ ਦਰੱਖਤ ਉੱਗ ਚੁੱਕੇ ਸਨ। ਝਾੜਾਂ, ਬੰਦੇ ਨਾਲੋਂ ਵੱਡੀਆਂ ਹੋ ਚੁਕੀਆਂ ਸਨ।

ਤੋਚੀ ਹੋਰਾਂ ਬਾਰੇ ਪਿੰਡ 'ਚ ਇੱਕ ਗੱਲ ਮਸ਼ਹੂਰ ਹੈ ਕਿ ਜਿਵੇਂ ਕਿਸੇ ਦਾ ਵੈਲੀ ਮੁੰਡਾ ਆਉਂਦਾ ਦੇਖ, ਸ਼ਰੀਫ ਕੁੜੀਆਂ ਨੀਵੀਂ ਪਾ ਲੈਂਦੀਆਂ ਨੇ, ਓਵੇਂ ਈ ਤੋਚੀ ਕੇ ਘਰ ਦੀ ਕੋਈ ਔਰਤ ਦੇਖ ਕੇ ਬੜੇ-ਬੜੇ ਨਾਢੂ ਖਾਂ ਕਹਾਉਂਦੇ, ਅੱਖ ਨ੍ਹੀਂ ਚੱਕਦੇ। ਐਨਾ ਭੈਅ ਖਾਂਦੇ ਨੇ, ਰਸਤਾ ਛੱਡ ਕੇ ਖੜ੍ਹ ਜਾਂਦੇ ਨੇ।

ਮੈਂ ਤੇ ਮੋਹਣਾ ਦਿੱਲੀ ਤੋਂ ਪਟਿਆਲ਼ੇ ਤੱਕ ਕਿੰਨੀ ਵਾਰ ਕੰਨਾਂ ਨੂੰ ਹੱਥ ਲਾ ਚੁੱਕੇ ਸੀ ਬਈ ਲੜਾਈ-ਭੜਾਈ ਆਲ਼ੇ ਪਾਸੇ ਨ੍ਹੀਂ ਤੁਰਨਾ। ਮਸਾਂ ਤਾਂ ਬਚ ਕੇ ਆਏ ਸੀ, ਨਹੀਂ ਤਾਂ ਗੁੰਡੇ ਬਣ ਚੱਲੇ ਸੀ।

ਪਰ ਤੋਚੀ ਦੀਆਂ ਗੱਲਾਂ ਸੁਣ ਕੇ ਮੇਰੇ ਵਿੱਚਲਾ ਤੱਤ ਤਾਂ ਹੋ ਗਿਆ ਤੱਤਾ। ਮੈਂ ਆਖਿਆ, "ਠੀਕ ਐ ਬਾਈ, ਉਹਨੂੰ ਦੱਸਾਂਗੇ ਕਬਜਾ ਕਿਵੇਂ ਲਈਦੈ। ਸਾਲ਼ਿਆਂ ਨੂੰ ਖੇਤ 'ਚ ਈ ਘੜੀਸਾਂਗੇ।" ਚਮਕੌਰ ਨੇ ਇੱਕ ਬੰਦੇ ਕੋਲ਼ ਸੁਨੇਹਾ ਭੇਜਿਆ ਸੀ ਕਿ ਜੇ ਇੱਕ ਪਿਉ ਦੀ ਔਲਾਦ ਨੇ ਤਾਂ ਜਮੀਨ 'ਚ ਪੈਰ ਧਰ ਕੇ ਦਿਖਾਉਣ। ਚਮਕੌਰ, ਜਿਨ੍ਹਾਂ ਨਾਲ਼ ਝਗੜਾ ਸੀ।

ਘਰ ਪਹੁੰਚ ਕੇ ਮੈਂ ਜਿਆਦਾ ਕੁਛ ਨਾ ਦੱਸਿਆ, ਨਾ ਬੀਬੀ ਹੋਰਾਂ ਨੇ ਪੁੱਛਿਆ। ਬਸ ਜਦੋਂ ਦੱਸਿਆ ਕਿ ਉਹ ਦੁਬਾਰਾ ਬੁਲਾਉਣਗੇ ਮਹੀਨੇ ਤੱਕ ਤਾਂ ਕਹਿੰਦੇ ਕੋਈ ਨਾ। ਨਾ ਅਫ਼ਸੋਸ ਤੇ ਨਾ ਕੋਈ ਚਾਅ ਈ ਚੜ੍ਹਾਇਆ। ਮੈਨੂੰ ਅਜੇ ਹੈਗਾ ਸੀ, ਬਈ ਕੀ ਜਵਾਬ ਦੇਊਂਗਾ? ਪਹਿਲੀ ਈ ਨੌਕਰੀ, ਉਹ ਵੀ ਸਫ਼ਲ ਨ੍ਹੀਂ ਹੋਈ।

ਕਬਜੇ 'ਤੇ ਜਾਣ ਵੇਲ਼ੇ ਮੈਂ ਪਿੰਡੋਂ ਸਿਰਫ ਹੈਰੀ ਨੂੰ ਪੁੱਛਿਆ ਸੀ ਜਾਣ ਲਈ। ਪਰ ਉਹ ਕਿਤੇ ਹੋਰ ਜਾਣ ਲਈ ਤਿਆਰ ਹੋ ਰਿਹਾ ਸੀ।

ਓਦਣ ਅਸੀਂ ਤੋਚੀ ਕੇ ਡੰਗਰਾਂ ਆਲ਼ੇ ਵਾੜੇ 'ਚ ਇਕੱਠੇ ਹੋ ਰਹੇ ਸੀ। ਪੱਚੀ ਤੀਹ ਜਣੇਂ, ਪੀਰ ਜੈਨੀਆ ਸੱਤਾ ਲੈ ਆਇਆ। ਬਾਕੀ ਆਲ਼ੇ-ਦੁਆਲੇ ਤੋਂ, ਕੁੱਲ ਮਿਲਾ ਕੇ ਚਾਲ਼ੀ-ਪੰਤਾਲ਼ੀ ਜਣੇਂ ਹੋਵਾਂਗੇ। ਕੁਛ ਕੁ ਨੇ ਅਫ਼ੀਮ ਘੋਲ਼ ਕੇ ਚਾਹ ਪੀਤੀ ਅਤੇ ਸੱਤੇ ਹੋਰਾਂ ਨੇ ਚਾਹ ਦੇ ਗਿਲਾਸਾਂ 'ਚ ਫੈਂਸੀਆਂ ਪਾ ਕੇ ਅੱਖਾਂ ਖੜ੍ਹੀਆਂ ਕਰੀਆਂ। ਮੈਨੂੰ ਕਈ ਜਣਿਆਂ ਨੇ ਜੋਰ ਪਾਇਆ ਬਈ, "ਹੋ ਜਾ ਕੈਮ ਖਾ ਲੈ ਭੋਰਾ...।" ਸੱਤੇ ਨੇ ਤਾਂ ਇੱਕ ਪਾਸੇ ਨੂੰ ਕਰਕੇ ਇੱਕ ਬੜੀ ਸੀਸ਼ੀ ਫੜਾ ਵੀ ਦਿੱਤੀ ਸੀ। ਮੈਂ ਨਾ ਉਹ ਪੀਤੀ, ਨਾ ਸੁੱਟੀ, ਜੁਰਾਬਾਂ 'ਚ ਲਕੋ ਲਈ।

ਮੇਰਾ ਉਹ ਪਹਿਲਾ ਕਬਜਾ ਸੀ। ਪਰ ਡਰ ਦੀ ਬਿਜਾਏ ਚਾਅ ਚੜ੍ਹਿਆ ਹੋਇਆ ਸੀ। ਕਰੀਬ ਸਾਰੇ ਜਣੇਂ ਇੱਕ ਦੂਜੇ ਦੇ ਚੰਗੇ ਦੋਸਤ। ਹਾਸਾ-ਮਜਾਕ ਓਵੇਂ ਚੱਲ ਰਿਹਾ ਸੀ, ਜਿਵੇਂ ਬਰਾਤ ਚੜ੍ਹਨ ਤੋਂ ਪਹਿਲਾਂ ਇੱਕ ਦੂਜੇ 'ਤੇ ਤਵੇ ਲਗਾ ਹੱਸਦੇ ਹੁੰਦੇ ਨੇ। ਓਦੋਂ ਤੱਕ ਮੈਨੂੰ ਹੋਰ ਨਸ਼ੇ ਬਹੁਤ ਬੁਰੇ ਲੱਗਦੇ ਸਨ। ਸ਼ਰਾਬ ਵੀ ਕਦੇ-ਕਦੇ ਵਿਆਹ ਸ਼ਾਦੀ 'ਚ ਈ ਪੀਂਦਾ ਸੀ। ਫੇਰ ਉਸ ਸ਼ੀਸ਼ੀ ਦਾ ਜੁਰਾਬ 'ਚ ਲਕੋਣਾ ਮੈਨੂੰ ਮੇਰੇ ਈ ਸਮਝ ਨਾ ਆਇਆ। ਜਿਵੇਂ ਨਸ਼ੇ ਪ੍ਰਤੀ ਪਿਆਰ ਜਾਗਿਆ ਹੋਵੇ। ਪਰ ਮੈਂ ਬੇਖ਼ਬਰ ਸੀ।

ਹੁਣ ਅਸੀਂ ਰਾਮ ਬਲਰਾਮ ਵੀਰੇ ਦੀ ਉਡੀਕ 'ਚ ਬੈਠੇ ਸਕੀਮਾਂ ਘੜ ਰਹੇ ਸੀ ਕਿ ਕਿਹੜਾ ਬੰਦਾ ਕਿਹੜੀ ਡਿਊਟੀ ਦਿਊ। ਉਹਨੇ ਭਾਦਸੋਂ ਠਾਣੇਦਾਰ ਨੂੰ ਮਿਲ ਕੇ ਸਾਨੂੰ ਹਰੀ ਝੰਡੀ ਦੇਣੀ ਸੀ। ਮਾੜੀ-ਮੋਟੀ ਲੜਾਈ ਕਬਜੇ ਨੂੰ ਤਾਂ ਤੋਚੀ ਹੋਰੀਂ ਆਪ ਈ ਨਜਿੱਠ ਲੈਂਦੇ। ਪਰ ਉਸ ਦਿਨ ਕਹਿੰਦੇ ਦੂਜੀ ਧਿਰ ਨੇ ਵੀ ਬਾਹਰੋਂ ਕੋਈ 'ਗਿਆਨੀ ਗਰੁੱਪ' ਸੱਦਿਆ ਹੋਇਆ ਸੀ। ਪਾਤੜਾਂ ਤੋਂ, ਅਸਲਾ-ਉਸਲਾ ਵੀ ਵਾਹਵਾ ਇਕੱਠਾ ਕਰ ਰੱਖਿਆ ਸੀ। ਘਰੋਂ ਇੱਕ ਚਾਹ ਦੀ ਕੇਨੀ ਤੇ ਇੱਕ ਡੋਲੂ ਘਰਦੀ ਕੱਢੀ ਸ਼ਰਾਬ ਦਾ, ਦੂਜਾ ਵੀਰਾ ਲੈ ਕੇ ਆ ਗਿਆ। ਬਈ ਕੋਈ ਘਾਟ ਨਾ ਰਹਿ ਜੇ', ਬੰਦੇ ਪੂਰੇ ਕੈਮ ਹੋ ਕੇ ਜਾਣ। ਤੋਚੀ ਦੇ ਵੱਡੇ ਭਰਾ ਰਾਮ-ਬਲਰਾਮ ਜੌੜੇ ਹਨ। ਮੈਨੂੰ

ਅਜੇ ਤੱਕ ਦੋਵਾਂ 'ਚੋਂ ਇਹ ਨ੍ਹੀਂ ਪਤਾ ਲੱਗ ਸਕਿਆ ਕਿ ਰਾਮ ਕੌਣ ਐ ਤੇ ਬਲਰਾਮ ਕਿਹੜੈ? ਮੈਂ ਬੁਲਾਉਣ ਲੱਗਿਆ 'ਰਾਮ-ਬਲਰਾਮ' ਕਹਿਕੇ ਈ ਕੰਮ ਸਾਰਦਾ ਹਾਂ।

ਮੈਂ ਤੇ ਮੋਹਣੇ ਨੇ ਤਾਂ ਗਲ਼-ਗਸਾ ਜਿਹਾ ਕਰਕੇ ਮਾਰਿਆ ਇੱਕ-ਇੱਕ ਅੰਦਰ। ਦਾਰੂ ਕਾਹਦੀ ਸੀ ਨਿਰਾ ਪੈਟਰੌਲ ਈ ਸੀ। ਤੋਚੀ ਨੇ ਕਿਹਾ ਵੀ ਸੀ ਕਿ ਕੱਢੀ ਹੋਈ 'ਚੋਂ ਕੱਢੀ ਹੋਈ ਐ, ਬਚਾ ਕੇ ਪੀਓ। ਇੱਕ ਪੈਗ, ਪਊਏ ਜਿੰਨਾਂ ਕੰਮ ਕਰਦੈ। ਮੋਹਣੇ ਨੇ ਘੁੱਟ ਭਰੀ ਤੇ ਦੋ- ਤਿੰਨ ਧੁਰਤੜੀਆਂ ਲਈਆਂ। ਫੇਰ ਸਿਰ ਜਿਆ ਝਟਕਦਾ ਹੋਇਆ ਬੋਲਿਆ, "ਮੰਗੇ ਤੂੰ ਤਾਂ ਸਾਲ਼ਿਆ ਸ਼ਰਬਤ ਵਾਂਗੂੰ ਪੀ ਗਿਆ ਓਏ ਗਟ-ਗਟ ਕਰਕੇ। ਅੱਖਾਂ ਵੀ ਨ੍ਹੀਂ ਮੀਚੀਆਂ, ਨਾ ਤਿਊੜੀ ਪਾਈ ਐ। ਤੂੰ ਨ੍ਹੀਂ ਬਚਦਾ, ਗੂਹੜਾ ਸ਼ਰਾਬੀ ਬਣੇਂਗਾ।" ਮੈਂ ਜਦੋਂ ਵੀ, ਜਿੰਨੀ ਵੀ ਵਾਰ, ਪੈਗ ਲਾਇਆ ਤਾਂ ਕਦੇ ਤਿਉੜੀ ਜਾਂ ਧੁਰਤੜੀ ਨ੍ਹੀਂ ਆਉਣ ਦਿੱਤੀ। ਐਵੇਂ ਈ ਫੁਕਰੀ ਜਿਹੀ 'ਚ ਕਿਹਾ ਕਰਦਾ ਸੀ, "ਯਾਰ, ਜਿੱਦਣ ਜੱਟ ਨੂੰ ਧੁਰਤੜੀ ਆ ਗਈ, ਓਦਣ ਆਖਰੀ ਪੈੱਗ ਹੋਊ। ਪੀਣੀ ਤਾਂ ਸਵਾਦ ਨਾਲ਼ ਈ ਐ ਜਿੰਨੀ ਦੇਰ ਪੀਣੀ ਐ।" ਉਸ ਵਕਤ ਨ੍ਹੀਂ ਸੀ ਪਤਾ ਕਿ ਇਹ ਬਹਾਦਰੀ ਨਹੀਂ, ਬਰਬਾਦੀ ਹੈ, ਖ਼ੈਰ!

ਬਾਕੀ ਵੀ ਹੁਣ ਗੱਲਾਂ ਸੁਣਾਉਣ। ਰਾਮ-ਬਲਰਾਮ ਵੀਰੇ ਹੋਰਾਂ ਨੇ ਵੀ ਆਪਣੀ ਤਿਆਰੀ ਕਰ ਲੀ'। ਛੇ ਤਾਂ ਟਰੈਕਟਰ ਖੜ੍ਹੇ ਸੀ। ਦੋ ਤਿੰਨ ਜੀਪਾਂ। ਬਾਕੀ ਸਕੂਟਰ ਮੋਟਰ ਸਾਈਕਲ। ਕਿਰਪਾਨਾਂ, ਗੰਡਾਸੇ ਸਭ ਸੈੱਟ ਕਰ ਲਏ। ਇੱਕ ਰਾਈਫਲ ਸੀ, ਜਿਹੜੀ ਸੱਤੇ ਨੇ ਆਪਦੇ ਕਬਜੇ 'ਚ ਲੈ ਲਈ ਸੀ। ਸੱਤਾ ਬੇਸ਼ੱਕ ਸਾਡੇ ਨਾਲ਼ ਇੱਕ ਸਾਲ ਪਟਿਆਲ਼ੇ ਵੀ ਪੜ੍ਹਿਆ ਸੀ, ਪਰ ਉਹਨੂੰ ਲੜਾਈ ਝਗੜਿਆਂ ਦਾ ਤਜ਼ਰਬਾ ਸਾਡੇ ਤੋਂ ਕਿਤੇ ਜਿਆਦਾ ਸੀ। ਸਰਹਿੰਦ 'ਚ ਉਹ ਪੂਰੇ ਮਸ਼ਹੂਰ ਸਨ। 'ਸੁੱਖੀ ਸੌਢਾਂ' ਗਰੁੱਪ ਨਾਲ਼ ਉਹਨਾਂ ਦੀ ਵੱਢ-ਟੁੱਕ ਚੱਲਦੀ ਈ ਰਹਿੰਦੀ। ਕਹਿਣ ਤੋਂ ਭਾਵ ਉਹ ਹੰਢਿਆ ਹੋਇਆ ਬਦਮਾਸ਼ ਸੀ। ਰੰਗ ਦਾ ਗੋਰਾ, ਚਿਹਰਾ ਰਾਜ-ਬਰਾੜ ਵਰਗਾ, ਕੱਦ ਛੇ ਫੁੱਟ, ਮੂੰਹ ਅਤੇ ਸਰੀਰ 'ਤੇ ਕੱਟ ਦੇ ਨਿਸ਼ਾਨ, ਉਹਨੂੰ ਹੋਰ ਪ੍ਰਭਾਵਸ਼ਾਲੀ ਬਣਾਉਂਦੇ।

ਖਲੀਫੇ ਆਲ਼ੀਏ ਜੱਗੀ, ਯਾਦੀ ਹੋਰੀਂ ਬਾਡੀ ਬਿਲਡਰ ਤੇ ਕਬੱਡੀ ਆਲਾ ਬੱਬੂ ਭਲਵਾਨ, ਪੂਰੇ ਨਰੋਏ ਸਨ ਸਾਰੇ। ਸਾਡੀ ਇੱਕ ਗੱਲ ਸਾਂਝੀ ਸੀ ਕਿ ਸਭ ਕਬੱਡੀ ਖੇਡਦੇ ਜਾਂ ਪਹਿਲਾਂ ਖੇਡ ਚੁੱਕੇ ਸੀ। ਰਾਮ-ਬਲਰਾਮ ਤਾਂ ਨੈਸ਼ਨਲ ਪੱਧਰ 'ਤੇ ਚੰਗਾ ਨਾਮ ਖੱਟ ਚੁੱਕੇ ਸਨ। ਸਰੀਰਾਂ 'ਚ ਅੰਨ੍ਹੀ ਜਾਨ ਕਰਕੇ ਈ ਅਸੀਂ ਵੱਧ ਅਸਲੇ ਆਲ਼ੀ ਪਾਰਟੀ ਨਾਲ਼ ਮੱਥਾ ਲਾਉਣ ਚੱਲੇ ਸੀ।

ਐਥੇ ਤੱਕ ਸਾਨੂੰ ਕੁਛ ਨ੍ਹੀਂ ਸੀ ਪਤਾ ਕਿ ਸਾਡੇ ਨਾਲ਼ ਕੀ ਬੀਤਣੀ ਐ। ਪੂਰੇ ਚਾਅ ਚੜ੍ਹੇ ਹੋਏ ਸੀ। ਪਤਾ ਨ੍ਹੀਂ ਕੀ ਸੀ, ਕੀ ਨਹੀਂ, ਡਰ ਹੈ ਈ ਨਹੀਂ ਸੀ, ਕੁਛ ਵੀ ਹੋ ਸਕਦਾ ਸੀ। ਸਾਡੇ ਕੋਲ਼ ਸਿਰਫ਼ ਇੱਕ ਬੰਦੂਕ ਤੇ ਵਿਰੋਧੀਆਂ ਕੋਲ ਕਿੰਨੀਆਂ ਈ ਸੁਣੀਆਂ ਸਨ। ਕੋਈ ਫਿਕਰ ਨ੍ਹੀਂ ਸੀ।

ਸੱਤਾ, ਯਾਦੀ ਨੂੰ ਕਹਿੰਦਾ, "ਯਾਰ ਖਾਜ਼ ਕਰੀਂ ਢੂਹੀਂ 'ਚ...।" ਉਹਨੂੰ ਸ਼ੀਸ਼ੀਆਂ ਦਾ ਨਸ਼ਾ ਚੜ ਰਿਹਾ ਸੀ। ਬੜੇ ਮਜ਼ੇ ਨਾਲ਼ ਕਹਿ ਰਿਹਾ ਸੀ, "ਬਾਈ ਜ਼ੋਰ-ਜ਼ੋਰ ਨਾਲ਼ ਕਰ।" ਜਿਵੇਂ ਉਸਦੇ 'ਝੂੰ' ਉੱਠਦੀ ਹੋਵੇ। ਮੈਂ ਆਖਿਆ, "ਮੇਰੇ ਕੋਲ਼ ਯੰਤਰ ਐ, ਮੈਂ ਕਰਾਂ?" ਕਹਿੰਦਾ, "ਮਜ਼ਾਕ ਨੀਂ ਭਗਵਾਨਪੁਰੀਆ।" ਤੋਚੀ ਹੋਰੀਂ ਹੱਸ ਪਏ। ਕਹਿੰਦੇ, "ਕਰਾ ਲੈ-ਕਰਾ ਲੈ ਅਮਲੀਆਂ ਦੇ ਪਿੰਡ ਦੇ ਯੰਤਰ ਵੀ ਖਾਸ....।" "ਓਏ ਮੈਂ ਸੱਚੀ ਕਹਿਨੈਂ, ਆਹ ਦੇਖ, ਲੈ ਫੜ... ਇਹਦੇ ਨਾਲ਼ ਕਰ।" ਮੈਂ ਹੱਸਦੇ-ਹੱਸਦੇ ਨੇ ਕਿਹਾ। ਦਰਅਸਲ ਪਿੰਡੋਂ ਤੁਰਨ ਲੱਗੇ ਹੈਰੀ ਨੇ ਮੈਨੂੰ ਇੱਕ ਕਿਰਚ ਦਿੱਤੀ ਸੀ। ਜਿਹੜੀ ਉੱਪਰੋਂ ਦੇਖਣ ਨੂੰ ਤਾਂ ਲਾੜੇ ਆਲ਼ੀ ਛਟੀ ਜਿਹੀ ਲੱਗਦੀ, ਪਰ ਜਦੋਂ ਬਾਹਰ ਨੂੰ ਖਿੱਚਦੇ ਤਾਂ ਵਿੱਚੋਂ ਫੁੱਟ ਸਵਾ ਫੁੱਟ ਦੀ ਕਿਰਚ ਨਿੱਕਲ਼ ਆਉਂਦੀ। ਹੈਰੀ ਨੇ ਫੜਾਉਣ ਲੱਗੇ ਕਿਹਾ ਵੀ ਸੀ ਬਈ ਇਹ ਬਹੁਤ ਕੰਮ ਦੀ ਚੀਜ਼ ਹੈ, ਕਿਸੇ ਨੂੰ ਦੇ ਨਾ ਦਵੀਂ।

ਮੈਂ ਪਿੱਛੇ ਢੂਹੀਂ 'ਚੋਂ ਕੱਢ ਕੇ ਸੱਤੇ ਨੂੰ ਫੜਾ'ਤੀ। ਤੋਚੀ ਕਹਿੰਦਾ, "ਇਹ ਕੀ ਮੰਗਿਆ, ਕਿੱਥੇ ਲਕੋਈ ਬੈਠਾਂ ਏ...? ਮੈਨੂੰ ਤਾਂ ਆਏਂ ਸੀ ਆਹ ਜਿਹੜੀ ਪਿੱਛੋਂ ਤੇਰੀ ਕੋਟੀ, ਉੱਪਰ ਉੱਠੀ ਹੋਈ ਐ, ਇਹ ਕਿੱਲੀ 'ਤੇ ਟੰਗਣ ਕਰਕੇ ਉੱਠੀ ਹੋਈ ਐ। ਕਮਾਲ ਐ ਯਾਰ, ਜਮਾਂ ਨੀ ਪਤਾ ਲੱਗਦਾ!"

ਐਨੇ ਨੂੰ ਬਲਰਾਮ ਵੀ ਭਾਦਸੋਂ ਤੋਂ ਆ ਗਿਆ। ਆਉਂਦਾ ਈ ਮੂੰਹ ਜਿਹਾ ਢਿੱਲਾ ਕਰਕੇ ਕਹਿੰਦਾ, "ਯਾਰ ਐਸ.ਐਚ.ਓ ਨੀਂ ਬਾਂਹ ਫੜਾਉਂਦਾ।... ਕਹਿੰਦਾ ਮੇਰੇ ਬਸ ਨੀਂ।" ਫੇਰ ਉਹ ਕਹਿੰਦਾ, "ਤੁਸੀਂ ਦੱਸੋ ਕੀ ਕਰਨੈ..?" ਉਹਨੇ ਗੱਲ ਸਾਡੇ 'ਤੇ ਸੁੱਟ 'ਤੀ।

ਸੱਤਾ ਮੈਨੂੰ ਕਿਰਚ ਫੜਾਉਂਦਾ ਹੋਇਆ ਖੜ੍ਹਾ ਹੋ ਗਿਆ ਮੰਜੇ ਤੋਂ, "ਵੀਰ ਤੂੰ ਸੰਦ ਸਟਾਰਟ ਕਰ, ਮਾਂ.... ਦੀ.... ਐਸ.ਐਚ.ਓ ਦੀ...ਅੱਜ ਪਟਾਕੇ ਦੇਖੀਂ ਕਿਵੇਂ ਪੈਂਦੇ ਨੇ ...।" ਉਹਦੀ ਗਾਲ਼ ਅਤੇ ਗੱਲ 'ਚ ਬਹੁਤ ਰੋਹਬ ਸੀ। ਫੇਰ ਉਹਨੇ ਦੋਨਾਲ਼ੀ ਨੂੰ ਇੱਕ ਚੁੰਮੀ ਦਿੱਤੀ। ਤੋਚੀ ਵੱਲ ਦੇਖ ਕੇ ਕਹਿੰਦਾ, "ਤੋਚੀ, ਫੋਰਡ ਦੀ ਚਾਬੀ ਮੈਨੂੰ ਦੇ ਕੇਰਾਂ।"

ਹੁਣ ਉਹ ਤੇਜੀ ਨਾਲ਼ ਕੋਲ਼ ਖੜ੍ਹੇ ਟਰੈਕਟਰ ਦੀ ਸੀਟ 'ਤੇ ਬੈਠ ਗਿਆ। ਬਾਕੀ ਵੀ ਸਾਰੇ ਹੋ ਗਏ ਕੈਮ। ਕਰ ਲੇ' ਸਿੱਧੇ ਆਪਣੇ-ਆਪਣੇ ਸੰਦ...। ਮੈਂ ਤੇ ਤੋਚੀ ਸੱਤੇ ਆਲ਼ੇ ਫੋਰਡ ਦੀ ਲਿਫਟ 'ਤੇ ਖੜ੍ਹ ਗਏ। ਬੱਬੂ ਨੇ ਬੋਲੇ ਸੋ ਨਿਹਾਲ ਦਾ ਜੈਕਾਰਾ ਛੱਡ ਕੇ, ਛੱਡਤੀ ਜੀਪ ਫੁੱਲ ਸਪੀਡ 'ਤੇ। ਜਦੋਂ ਅਸੀਂ ਕਬਜੇ ਆਲ਼ੀ ਥਾਂ ਨੂੰ ਕੂਚ ਕੀਤਾ ਤਾਂ ਅੱਡੇ 'ਚੋਂ ਲੰਘਦੇ ਮੇਰੇ ਦੋ-ਤਿੰਨ ਜਮਾਤੀ ਮੈਨੂੰ ਦੇਖ ਰਹੇ ਸਨ। ਇੱਕ ਜਮਾਤਣ ਵੀ ਸੰਤ ਈਸ਼ਰ ਸਿੰਘ ਦੀ ਯਾਦ 'ਚ ਬਣੇ ਗੁਰੂ ਘਰ ਵੱਲੋਂ ਆ ਰਹੀ ਸੀ। ਮੈਨੂੰ ਲੱਗਿਆ ਮੇਰੀ ਚੜ੍ਹਾਈ ਹੋ ਰਹੀ ਐ। ਫੇਰ ਮਨ ਨੂੰ ਲੱਗੇ, ਕੁੜੀ ਕੀ ਸੋਚਦੀ ਹੋਊ, ਬਈ ਇਹ ਤਾਂ ਬਦਮਾਸ਼ ਐ। ਇੱਕ ਤਾਂ ਮੈਂ ਤੋਚੀ ਹੋਰਾਂ ਕੋਲ਼ ਪਹਿਲਾਂ ਵੀ ਆਉਂਦਾ ਰਹਿੰਦਾ ਸੀ। ਦੂਜਾ ਕਬੱਡੀ ਖੇਡਣ ਕਰਕੇ ਪਿੰਡ ਦੇ ਲੋਕੀ ਚੰਗੀ ਤਰਾਂ ਜਾਣਦੇ ਸਨ, ਤੀਜਾ ਇੱਕ ਸਾਲ ਮੈਂ ਇਸ ਪਿੰਡ ਪੜ੍ਹਿਆ ਵੀ ਸੀ।

ਉਂ ਮੈਨੂੰ ਆਂਏਂ ਵੀ ਸੀ, ਬਈ ਵੱਧ ਤੋਂ ਵੱਧ ਲੋਕ ਮੈਨੂੰ ਦੇਖਣ ਕਬਜੇ 'ਤੇ ਜਾਂਦੇ ਨੂੰ। ਇਹ ਮੇਰੇ 'ਚ ਇਕ ਨਵਾਂ ਬਦਲਾਅ ਸੀ। ਜਦੋਂ ਕਿ ਇਸ ਤੋਂ ਪਹਿਲਾਂ ਮੈਂ ਖਿਡਾਰੀ ਈ ਅਖਵਾਉਂਦਾ ਸੀ। ਪਰ ਉਸ ਦਿਨ ਬਦਮਾਸ਼ ਆਲ਼ੀ ਫੀਲਿੰਗ 'ਚ ਅਜੀਬ ਜਿਹਾ ਅਨੰਦ ਸੀ।

ਅਸੀਂ ਆਪਣੇ ਲੌਅ-ਲਸ਼ਕਰ ਲੈ ਕੇ ਪਹੁੰਚ ਗੇ' ਕਬਜੇ ਆਲ਼ੀ ਜਮੀਨ 'ਚ। ਸਾਡੇ ਟਰੈਕਟਰ 'ਤੇ ਚੱਲਦਾ ਗਾਣਾ ਜੋਸ਼ ਨੂੰ ਹੋਰ ਦੁੱਗਣਾ ਕਰ ਰਿਹਾ ਸੀ। "ਓ ਬਦਲਾ ਲੈ ਲਈਂ ਜਿਉਣਿਆਂ ਜੇ ਮਾਂ ਦਾ ਜਾਇਆ....।" ਪਰ ਉੱਥੇ ਕੋਈ ਨੀਂ ਸੀ ਜਿਸ ਤੋਂ ਬਦਲਾ ਲਿਆ ਜਾ ਸਕੇ। ਸਾਰੇ ਜਣੇਂ ਚੁੰਬੜਗੇ। ਮਿੰਟਾਂ 'ਚ ਈ ਦਰੱਖ਼ਤ ਵੱਢ-ਵੱਢ ਜ਼ਮੀਨ ਵਾਹੀ ਯੋਗ ਕਰਤੀ। ਸਭ ਤੋਂ ਵੱਧ ਦਰਖ਼ਤ ਬੱਬੂ ਭਲਵਾਨ ਨੇ ਕਤਲ ਕੀਤੇ। ਗਰਮੀ- ਗਰਮੀ ਹੋ ਗਿਆ ਉਹ, ਜਿਵੇਂ ਉਹਨੂੰ ਕੁਛ ਚੜ੍ਹ ਗਿਆ ਹੋਵੇ...।

ਹੁਣ ਟਰੈਕਟਰ ਚੱਲ ਰਹੇ ਨੇ, ਗਾਣੇ ਵੱਜ ਰਹੇ ਨੇ, ਸੁਣਦੇ ਝੂਮਦੇ ਪੂਰੀ ਮਸਤੀ 'ਚ ਮੋਹਣੇ ਨੇ ਟਰਾਲੀ ਦੀ ਟੂਲ 'ਚੋਂ ਘਰਦੀ ਕੱਢੀ ਦਾ ਡੋਲੂ ਕੱਢ ਲਿਆ। ਮੈਨੂੰ ਕਹਿੰਦਾ "ਮੰਗੇ, ਪਾਣੀ ਲਿਆ ਗੁਰਦਵਾਰੇ 'ਚੋਂ।" ਤੋਚੀ ਨੇ ਘੂਰਤਾ, "ਸਾਲ਼ਿਆ ਪਾਪ ਚੜ੍ਹਾਉਣੈ ਸਾਡੇ 'ਤੇ...।" ਉਸ ਜ਼ਮੀਨ ਦੇ ਇੱਕ ਪਾਸੇ ਗੁਰੂ-ਘਰ ਦੀ ਪਿੱਠ ਲੱਗਦੀ ਹੈ। ਬਾਕੀ ਸੱਜੇ-ਖੱਬੇ ਖੁੱਲ੍ਹੇ ਖੇਤ ਅਤੇ ਸਾਹਮਣੇ ਵਿਰੋਧੀਆਂ ਦੀ ਮੋਟਰ ਹੈ।

ਬਲਰਾਮ ਵੀਰੇ ਨੇ ਭੱਜ ਕੇ ਦੋਵੇਂ ਟਰੈਕਟਰਾਂ ਦੇ ਡੈੱਕ ਬੰਦ ਕਰਤੇ। ਕਹਿੰਦਾ, "ਸੱਤੇ ਮਾਰ ਫੈਰ।" ਉਹ ਬਹੁਤ ਤੇਜ਼ੀ 'ਚ ਸੀ। ਸਾਰੇ ਦੇਖਣ ਵੀ ਹੋ ਕੀ ਗਿਆ। ਜਦੋਂ ਦੇਖਿਆ ਤਾਂ ਇਕ ਵਾਰੀ ਤਾਂ ਹਿੱਲ ਜਿਹੇ ਗਏ। ਤਿੰਨੇ ਪਾਸਿਓਂ ਬੰਦੇ ਸਾਡੇ ਵੱਲ ਨੂੰ ਭੱਜੇ ਆਉਣ, ਡਾਂਗਾਂ, ਗੰਡਾਸੇ ਲੈ ਕੇ। ਇੱਕ ਦੋ ਕੋਲ਼ ਤਾਂ ਰਫਲਾਂ ਵੀ ਦਿਖੀਆਂ। ਹੋ ਸਕਦੈ ਅਸੀਂ ਡਰ ਜਾਂਦੇ ਜਾਂ ਭੱਜ ਜਾਂਦੇ, ਜੇ ਕਮਾਂਡ ਸੱਤੇ ਵਰਗੇ ਤਜ਼ਰਬੇਕਾਰ ਬੰਦੇ ਹੱਥ ਨਾ ਹੁੰਦੀ।

ਸੱਤਾ ਕਹਿੰਦਾ, "ਇੱਕ ਲਾਈਨ 'ਚ ਆ ਜੋ, ਉਹਨੇ ਸਾਡਾ ਸੈਮੀ ਸਰਕਲ ਜਿਹਾ ਬਣਾਤਾ, ਅੰਗਰੇਜ਼ੀ ਦੇ ਸੀ ਅੱਖਰ ਵਾਂਗੂ। ਤਾਂ ਕਿ ਬੰਦੇ ਜ਼ਿਆਦਾ ਲੱਗੀਏ ਅਤੇ ਡਰੇ ਹੋਏ ਨਾ ਦਿਖੀਏ। ਬਲਰਾਮ ਵੀਰ ਨੇ ਫੇਰ ਕਿਹਾ, "ਸੱਤੇ ਮਾਰ ਫੈਰ... ਉਹ ਤਾਂ ਆ ਚੜ੍ਹੇ ਯਾਰ..।"


ਸੱਤੇ ਨੇ ਜਦੋਂ ਗੋਲ਼ੀ ਚਲਾਈ ਤਾਂ ਇੱਕ ਫਾਇਰ ਤਾਂ ਨਿੱਕਲ਼ਿਆ ਪਰ ਦੂਜਾ ਫਾਇਰ ਨਾ ਨਿੱਕਲ਼ਿਆ। ਰੌਂਦ ਵਿੱਚ ਈ ਫਸ ਗਿਆ। ਉਹ ਖੋਖਾ ਜਿਆ ਹੁਣ ਨਿੱਕਲ਼ ਨੀਂ ਸੀ ਰਿਹਾ। ਵਿਰੋਧੀ ਜਿਹੜੇ ਰੁਕ ਗਏ ਸੀ, ਉਹ ਫੇਰ ਤੇਜ਼ੀ ਨਾਲ਼ ਸਾਡੇ ਵੱਲ ਵਧੇ। ਅਸੀਂ ਸੱਤੇ ਦੇ ਨੇੜੇ ਨੂੰ ਹੋਣ ਲੱਗੇ ਤਾਂ ਉਹਨੇ ਰੋਕਤੇ। ਕਹਿੰਦਾ, "ਉੱਥੇ ਈ ਖੜ੍ਹੋ ਤੇ ਲਲਕਾਰੇ ਮਾਰੋ। ਉਹਨਾਂ ਨੂੰ ਆਪਾਂ ਡਰੇ ਹੋਏ ਨੀਂ ਲੱਗਣੇ ਚਾਹੀਦੇ।" ਉਹ ਬਹੁਤ ਸਹਿਜ ਸੀ, ਕੋਈ ਘਬਰਾਹਟ ਨੀਂ। ਬਸ ਆਪਣੀ ਕੋਸ਼ਿਸ਼ 'ਚ ਸੀ ਬਈ ਉਹ ਰੌਂਦ ਨਿੱਕਲ਼ ਜਾਵੇ।

ਫੇਰ ਉਹ ਮੈਨੂੰ ਕਹਿੰਦਾ, "ਭਗਵਾਨਪੁਰੀਆ, ਉਹ ਕਿਰਚ ਫੜਾ ਹਨੀ, ਉਹਦੇ ਨਾਲ਼

ਨਿੱਕਲੂ।" ਉਹ ਹਨਾਂ ਸ਼ਬਦ ਦੀ ਜਗਾ 'ਹਨੀ' ਬੋਲਦੇ। ਮੈਂ ਪਿੱਛੋਂ ਗਰਦਨ ਕੋਲ਼ੋਂ ਕੱਢ ਕੇ ਕਿਰਬ ਉਹਨੂੰ ਫੜਾਈ। ਪਤਲੀ ਹੋਣ ਕਰਕੇ ਦੁਨਾਲ਼ੀ ਦੀ ਨਾਲ਼ੀ ਵਿੱਚ ਫਿਰ ਗੀ' ਤੇ ਰੌਂਦ ਨਿੱਕਲ ਗਿਆ। ਰੌਂਦ ਕੱਢ ਕੇ ਸੱਤੇ ਨੇ ਇੱਕ ਭਾਰੀ ਜਿਹੀ ਗਾਲ਼ ਕੱਢੀ, "ਹੁਣ ਆਓ ਥੋਡੀ ਭੈਣ..." ਉਹਨੇ ਦੋ ਫਾਇਰ ਜਮਾਂ ਸਿੱਧੇ ਕਰਕੇ ਮਾਰੇ ਉਹਨਾਂ ਵੱਲ ਨੂੰ। ਦੋ ਤਿੰਨ ਤਾਂ ਡਿੱਗ ਪਏ ਚਾਦਰਿਆਂ ਆਲ਼ੇ ਜਿਹੜੇ ਮੂਹਰੇ ਭੱਜੇ ਆਉਂਦੇ ਸੀ, ਚੀਕਾਂ ਮਾਰਦੇ-ਮਾਰਦੇ। ਅਸੀਂ ਭੱਜ ਕੇ ਉਹਨਾਂ ਵੱਲ ਨੂੰ ਹੋ ਗਏ ਲਲਕਾਰੇ ਮਾਰਦੇ। ਸੱਤੇ ਨੇ ਰੋਕਤੇ। ਕਹਿੰਦਾ, "ਬਸ ਜਿਆਦਾ ਦੂਰ ਪਿੱਛਾ ਨੀਂ ਕਰਨਾ, ਉਹਨਾਂ ਕੋਲ਼ ਪੱਕੀ ਰਫ਼ਲ ਐ।" ਅਸੀਂ ਬੜੇ ਹੈਰਾਨ ਸੀ, ਬਈ ਇਹਨੂੰ ਐਥੇ ਐਨੀ ਦੂਰੀ ਤੋਂ ਕਿਵੇਂ ਪਤਾ ਲੱਗ ਗਿਆ ਪੱਕੀ-ਕੱਚੀ ਦਾ? ਤੋਚੀ ਨੇ ਕਈ ਦਿਨ ਬਾਅਦ 'ਚ ਦੱਸਿਆ ਸੀ ਪੱਕੀ ਰਫ਼ਲ ਬਾਰੇ। ਕਬਜਾ ਅਸੀਂ ਲੈ ਚੁੱਕੇ ਸੀ। ਆਲੋਵਾਲ ਪਿੰਡ 'ਚ ਪੂਰੀ ਵਾਹ-ਵਾਹ ਕਰਾਤੀ ਸੀ।

ਉਸ ਰਾਤ ਮੈਂ, ਮੋਹਣਾ, ਸੱਤਾ ਅਤੇ ਬੱਬੂ ਭਲਵਾਨ ਨੇ ਯਾਦੀ ਦੀ ਮੋਟਰ 'ਤੇ ਰਾਤ ਕੱਟੀ। ਉੱਥੇ ਬਿਸਤਰੇ ਮੱਲੀ ਬੈਠੇ, ਪੈੱਗ ਲਾਈਏ, ਨਾਲ਼ੇ ਕਬਜੇ ਦਾ ਰੀਵੀਓ ਕਰੀਏ। ਊਂ ਵੀ ਭਾਵੇਂ ਮਾੜੀ ਮੋਟੀ ਈ ਲੜਾਈ ਹੋਣੀ, ਤਾਂ ਵੀ ਅਸੀਂ ਕਈ-ਕਈ ਦਿਨ ਘਰੇ ਨਾ ਵੜਨਾ। ਆਂਏਂ ਈ ਯਾਰਾਂ ਦੋਸਤਾਂ ਦੀਆਂ ਮੋਟਰਾਂ 'ਤੇ ਢੋਲੇ ਦੀਆਂ ਲਾਉਣੀਆਂ। ਓਦਣ ਤਾਂ ਫੇਰ ਅਸੀਂ ਕਬਜਾ ਲਿਆ ਸੀ। ਉਹ ਵੀ ਉਸ ਜਮੀਨ ਦਾ ਜੀਹਦੇ ਕਰਕੇ ਦੋ ਕਤਲ ਹੋ ਚੁੱਕੇ ਸਨ। ਉਸ ਕਹਾਵਤ ਵਾਂਗ, "ਬਹੂ ਤਾਂ ਪਹਿਲਾਂ ਈ ਮਾਨ ਨੀਂ ਸੀ... ਹੁਣ ਤਾਂ ਉਹਦੇ ਕੋਲ਼ ਮੁੰਡਾ ਏ।"

ਓਦੋਂ ਕੁਛ ਨੀਂ ਸੀ ਪਤਾ ਕਿ ਇਹ ਢੋਲੇ ਲਾਉਣ, ਗਾਉਣ ਆਲ਼ੀਆਂ ਮਹਿਫ਼ਲਾਂ ਕਿਹੜੀ ਦਲਦਲ ਵੱਲ ਲੈ ਜਾਣਗੀਆਂ।



ਇੱਕੀਆਂ ਦੇ 'ਕੱਤੀ

ਮੇਰੀ ਬੀ.ਏ. ਭਾਗ ਪਹਿਲਾ, ਖ਼ਾਲਸਾ ਕਾਲਜ ਪਟਿਆਲਾ ਤੋਂ ਹੋ ਗਈ। ਹੋਈ ਤਾਂ 50% ਨਾਲ ਈ ਸੀ, ਪਰ ਪਾਸ ਤਾਂ ਹੋ ਈ ਗਿਆ ਸੀ। ਅਸੀਂ ਪਤਾ ਨ੍ਹੀਂ ਕਿਵੇਂ ਇਹ ਸੋਚ ਕੇ ਭਵਾਨੀਗੜ੍ਹ ਕਾਲਜ 'ਚ ਦਾਖਲਾ ਲੈ ਲਿਆ ਕਿ ਉੱਥੇ ਟੀਮ ਬਣਾਵਾਂਗੇ। ਕੋਚ ਸਾਹਬ ਨੌਕਰੀ ਛੱਡ ਕੇ ਅਸਟ੍ਰੇਲੀਆ ਚਲੇ ਗਏ। ਮਲਟੀਪਰਪਜ਼ ਸਕੂਲ ਤਾਂ ਪਾਲੇ ਦੇ ਮਰ ਜਾਣ 'ਤੇ ਈ ਛੁੱਟ ਗਿਆ ਸੀ। ਯਾਦੂ, ਗੁਰਲਾਲ ਘਨੌਰ, ਵਿੱਕੀ, ਗੀਤੀ, ਟਿਵਾਣੇ ਹੋਰਾਂ ਨੇ ਬਠਿੰਡੇ ਦਾਖਲੇ ਲੈ ਲਏ।

ਭਵਾਨੀਗੜ੍ਹ ਵੀ ਪਤਾ ਨ੍ਹੀਂ ਕਿਵੇਂ, ਮੈਂ 'ਕੱਲਾ ਈ ਰਹਿ ਗਿਆ। ਯੋਗੀ ਘੱਗਾ ਤੇ ਲਾਲੀ ਵੀ ਹੋਰ ਅਲੱਗ-ਅਲੱਗ ਕਾਲਜਾਂ 'ਚ ਦਾਖਲ ਹੋ ਗੇ'। ਮਲਟੀਪਰਪਜ਼ ਸਕੂਲ ਆਲ਼ਾ ਸਾਰਾ ਸੈੱਟ ਬਿੱਖਰ ਗਿਆ।

ਉਸ ਵਰ੍ਹੇ ਮੈਂ ਖੇਡਿਆ ਤਾਂ ਬਿਲਕੁਲ ਨਾ, ਪਰ ਲੜਿਆ ਬਹੁਤ। ਕੁੱਟ ਵੀ ਬਹੁਤ ਖਾਧੀ, ਕੁੱਟੇ ਵੀ ਕਈ। ਬਦਮਾਸ਼ੀ ਤੋਂ ਬਿਨਾਂ ਹੋਰ ਕੋਈ ਮਾੜੀ ਆਦਤ ਨ੍ਹੀਂ ਚੁੰਬੜੀ ਜਾਂ ਕਹਿ ਲਵੋ ਪੱਕੀ ਨ੍ਹੀਂ ਸੀ ਚੁੰਬੜੀ। ਕਦੇ-ਕਦੇ ਪੈੱਗ-ਸ਼ੈੱਗ ਜ਼ਰੂਰ ਚੱਲਦਾ ਰਿਹਾ।

ਨਾਭੇ 'ਚ ਮਨਦੀਪ ਗੌੜ (ਲੇਖਕ ਮਸ਼ਹੂਰ ਕਿਤਾਬ ਪ੍ਰੋ. ਕੈਦੀ), ਕਮਲ ਕਾਂਤ ਵਰਗਿਆਂ ਦੁਆਰਾ ਕੀਤੇ ਕਤਲ ਦੀਆਂ ਗੱਲਾਂ ਅਤੇ ਹੋਰ ਲੜਾਈਆਂ ਬਾਰੇ ਸੁਣਨਾ ਵਧੀਆ ਲੱਗਦਾ ਸੀ। ਸ਼ਾਇਦ ਇਹ 'ਤੱਤ' ਮੁੱਢ ਤੋਂ ਈ ਸੀ ਮੇਰੇ 'ਚ। ਮੇਰੇ ਵਿਚਲਾ 'ਸ਼ਰਾਰਤੀ ਤੱਤ' ਜੋ ਕਬੱਡੀ ਨੇ ਹੁਣ ਤੱਕ ਠੰਡਾ ਕਰ ਰੱਖਿਆ ਸੀ। ਉਹ ਕੁਛ ਹੱਦ ਤੱਕ, ਹੁਣ 'ਤੱਤਾ' ਹੋ ਰਿਹਾ ਸੀ। ਚੰਗਾ ਲੱਗਦਾ ਸੀ ਲੜਨਾ।

ਭਵਾਨੀਗੜ੍ਹ ਕਾਲਜ ਦੇ ਤਾਂ ਮੈਨੂੰ ਸਿਰਫ਼ ਪੰਮਾ ਤੇ ਐੱਸ.ਪੀ ਮਰੌੜੀਆ ਈ ਯਾਦ ਹਨ ਜਾਂ ਫੇਰ ਟੋਡਰ ਪੁਰੀਆ ਬਘੇਲ। ਪੰਮਾ ਵੀ ਤਾਂ ਕਰਕੇ, ਉਹਦਾ ਵਿਆਹ ਮੇਰੀ ਸਿੰਘਣੀ ਦੀ ਸਹੇਲੀ ਦਵਿੰਦਰ ਨਾਲ਼ ਹੋਇਆ ਹੈ। ਓਦੋਂ ਉਹ ਦੱਸਦਾ ਹੁੰਦਾ ਸੀ ਦਵਿੰਦਰ ਬਾਰੇ, ਵਿਆਹ ਬਾਅਦ 'ਚ ਹੋਇਐ। ਨਹੀਂ ਤਾਂ ਮੈਂ ਨਾਭਾ ਨ੍ਹੀਂ ਸੀ ਟੱਪਦਾ ਜਾਂ ਮੈਥੋਂ ਟੱਪਿਆ ਨ੍ਹੀਂ ਸੀ ਜਾਂਦਾ। ਮੇਰਾ ਮੁੱਖ ਅੱਡਾ ਹੁਣ ਰਿਪੁਦਮਨ ਕਾਲਜ ਬਣ ਚੁੱਕਿਆ ਸੀ। ਰਿਪੁਦਮਨ 'ਚ ਸਾਡੇ ਇਲਾਕੇ ਦੇ ਕਰੀਬ ਸਾਰੇ ਬੱਚੇ ਈ ਪੜ੍ਹਦੇ ਸਨ। ਉੱਥੇ ਮੈਨੂੰ ਕੋਈ ਓਪਰਾ ਨਾ ਲੱਗਣਾ। ਡਾਇਟ 'ਚ ਮੰਟੂ ਭਾਅ ਜੀ ਹੋਰਾਂ ਕੋਲ਼ ਬੈਠ ਜਾਣਾ ਜਾਂ ਐਧਰ ਹਰਪ੍ਰੀਤ ਹੋਰਾਂ ਨਾਲ਼। ਉਹਨਾਂ ਦੀ ਲੱਗੀ ਕਲਾਸ 'ਚ ਵੀ ਵੜ ਜਾਣਾ। ਉੱਥੇ ਓਦੋਂ ਗਿਣਤੀ ਈ ਐਨੀ ਹੁੰਦੀ ਕਿ ਪ੍ਰੋਫੈਸਰ ਨੂੰ ਪਤਾ ਈ ਨਾ ਲੱਗਦਾ ਕਿ ਕੌਣ ਆਊਟ-ਸਾਈਡਰ ਐ ਤੇ ਕੌਣ...। ਊਂ ਵੀ ਮੈਂ ਰੋਜ਼ਾਨਾ ਤਾਂ ਉੱਥੇ ਈ ਘੁੰਮਦਾ ਰਹਿੰਦਾ। ਹੋ ਸਕਦੈ ਉਹ ਮੈਨੂੰ ਕਾਲਜ ਦਾ ਵਿਦਿਆਰਥੀ ਈ ਸਮਝਦੇ ਹੋਣ।

ਖ਼ੈਰ! ਨਾਭੇ ਜੋ ਨਵੇਂ ਦੋਸਤ ਬਣੇ ਉਹ ਸਨ, ਮਿੱਠਾ ਸਹੌਲੀ, ਬਬਲੀ, ਪਵਿੱਤਰ, ਰਾਜੂ, ਕੀਰਤ ਭੋਜੋਮਾਜਰੀ ਵਰਗੇ। ਪੂਰੇ ਮਸ਼ਹੂਰ ਗਰਮ ਖਿਆਲੀ ਤੱਤ। ਨਿੱਤ ਲੜਾਈ ਝਗੜਿਆਂ 'ਚ ਉਲਝੇ ਰਹਿਣ ਵਾਲ਼ੇ। ਮਿੱਠਾ ਗਰੁੱਪ ਉੱਥੇ, ਪਟਿਆਲ਼ੇ ਵਾਲ਼ੇ ਮੂਸੇ ਵਾਂਗੂ ਮਸ਼ਹੂਰ ਸੀ।

ਨਵੇਂ-ਨਵੇਂ ਪੜ੍ਹਾਕੂ ਜਿਹੇ ਤਾਂ ਮਿੱਠੇ ਹੋਰਾਂ ਨਾਲ਼ ਚਾਹ ਵੀ ਪੀ ਲੈਂਦੇ ਤਾਂ ਬਿਨਾਂ ਕਸੂਰੋਂ ਬਸ ਕੰਡਕਟਰ ਨੂੰ ਫੈਂਟ ਦਿੰਦੇ। ਰਿਪੁਦਮਨ ਕਾਲਜ ਜਿੱਥੇ ਹੋਰ ਗੱਲਾਂ ਕਰਕੇ ਮਸ਼ਹੂਰ ਹੈ, ਉੱਥੇ ਬਸ ਕੰਡਕਟਰ ਕੁੱਟਣ ਕਰਕੇ ਵੀ ਇਹਦੀ ਚੜ੍ਹਾਈ ਰਹੀ ਹੈ। ਮਜ਼ਾਲ ਹੈ ਕੋਈ ਧੰਨੇ ਤੋਂ ਨਾਭੇ ਤੱਕ, ਉਧਰੋਂ ਪਟਿਆਲ਼ੇ ਅਤੇ ਸੰਗਰੂਰ ਤੋਂ ਨਾਭੇ ਤੱਕ, ਕਿਸੇ ਕੰਡਕਟਰ ਨੇ ਕਿਸੇ ਮੁੰਡੇ ਕੁੜੀ ਤੋਂ ਟਿਕਟ ਬਾਰੇ ਪੁੱਛਿਆ ਹੋਵੇ।

ਇਸ ਗਰੁੱਪ 'ਚ ਮੇਰਾ ਦਾਖਲਾ ਇੱਕ ਖਾਸ ਤਰਾਂ ਈ ਹੋਇਆ। ਇੱਕ ਦਿਨ ਪਟਿਆਲਾ ਗੇਟ, ਪੱਪੀ ਚਾਹ ਆਲ਼ੇ ਦੇ ਖੋਖੇ 'ਚ ਬੈਠਾ ਮੈਂ ਬਸ ਉਡੀਕ ਰਿਹਾ ਸੀ। ਸਾਹਮਣੇ ਮਿੱਠੇ ਹੋਰੀਂ ਬੈਠੇ। ਉਹਨਾਂ ਦੇ ਗਰੁੱਪ ਦਾ ਇਹ ਮੁੱਖ ਠਿਕਾਣਾ ਸੀ। ਐਥੇ ਈ ਉਹਨਾਂ ਦੇ ਖੋਖੇ ਦੀ ਛੱਤ ਉੱਪਰ ਕਿਰਪਾਨਾਂ, ਟਕੂਏ ਪਏ ਰਹਿੰਦੇ। ਉਸ ਦਿਨ ਵੀ ਮਿੱਠਾ 'ਕੱਲਾ ਨ੍ਹੀਂ ਸੀ, ਤਿੰਨ ਚਾਰ ਜਣੇਂ ਹੋਰ ਵੀ ਉਹਦੇ ਕੋਲ਼ ਬੈਠੇ ਚਾਹ ਦੀਆਂ ਚੁਸਕੀਆਂ ਲੈ ਰਹੇ ਸੀ। ਉਹ ਆਪਸ ਵਿੱਚ ਹਾਸੇ ਠੱਠੇ ਕਰਦੇ ਪਏ ਸੀ। ਸਾਡੀ ਜਾਣ ਪਛਾਣ ਬਸ ਐਨੀ ਕੁ ਸੀ ਕਿ ਕਬੱਡੀ ਖੇਡਣ ਕਰਕੇ ਮਿੱਠਾ ਮੈਨੂੰ ਮਾੜਾ-ਮੋਟਾ ਜਾਣਦਾ ਸੀ। ਬਸ ਹੈ ਹੈਲੋ-ਹਾਏ ਈ ਸੀ। ਉਹ ਘੈਂਟ ਕਹਾਉਂਦਾ, ਪਰ ਹਾਲ-ਚਾਲ ਬੜਾ ਹੱਸ ਕੇ ਪੁੱਛਦਾ। ਉਹਦੇ ਮੂਹਰੇ ਆਲ਼ੇ ਦੋਵੇਂ ਦੰਦਾਂ 'ਚ ਛਿੱਦ ਜਿਹੀ ਹੈ, ਬਹੁਤ ਭੋਲ਼ੀ ਜਿਹੀ ਮੁਸਕਰਾਹਟ ਦੇ ਕੇ, ਕਹਿੰਦਾ ਹੁੰਦਾ ਸੀ, "ਹੋਰ ਭਲਵਾਨ ਜੀ ਕਿੱਦਾਂ।"

ਘੁੰਗਰਾਲ਼ੇ ਵਾਲ਼, ਰੰਗ ਦਾ ਗੋਰਾ, ਚੰਗੀ ਸਿਹਤ ਉਸ ਨੂੰ ਕਿਸੇ ਪਾਸੇ ਤੋਂ ਵੀ ਬਦਮਾਸ਼ ਨਾ ਦਿਖਣ ਦਿੰਦੀ। ਪਰ ਉਹ ਜਾਲਮ ਐਨਾ ਸੀ ਕਿ ਪੁੱਛੋ ਈ ਨਾ।

ਮੈਂ ਬੱਸ ਦੇਖ ਕੇ ਤੁਰ ਪਿਆ, ਫੇਰ ਦੇਖ ਕੇ ਰੁਕ ਗਿਆ। ਬੁਲਾਇਆ ਉਹਨੇ ਓਦਣ ਵੀ ਸਰਸਰੀ ਜਿਹਾ ਸੀ। ਮੇਰੇ 'ਚ ਵੀ ਇਹ ਘਾਟ ਐ ਕਿ ਮੈਥੋਂ ਬਿਨਾਂ ਮਤਲਬ ਉਹ ਬੰਦਾ ਕਦੇ ਨ੍ਹੀਂ ਬੁਲਾਇਆ ਜਾਂਦਾ ਜੋ ਘੈਂਟ ਹੋਵੇ ਜਾਂ ਘੈਂਟ ਬਣਦਾ ਹੋਵੇ। ਆਹ ਸਿੰਗਰਾਂ-ਫਿੰਗਰਾਂ ਜਾਂ ਨੇਤਾਵਾਂ ਕੋਲ਼ ਮੈਥੋਂ ਕਦੇ ਨ੍ਹੀਂ ਜਾ ਹੋਇਆ, ਫੋਟੋ ਵਗੈਰਾ ਖਿਚਵਾਉਣ ਦਾ ਤਾਂ ਸਵਾਲ ਈ ਨ੍ਹੀਂ...।

ਜਦੋਂ ਮੈਂ ਤੁਰਨ ਲੱਗਿਆ ਰੁਕਿਆ, ਤਾਂ ਅਚਾਨਕ ਦਸ-ਪੰਦਰਾਂ ਜਣੇਂ ਹਾਕੀਆਂ, ਬੇਸਬਾਲ ਸਲੱਗਰਾਂ ਆਲ਼ੇ ਆਏ ਅਤੇ ਕੁੱਟਣ ਲੱਗ ਪੇ' ਉਸਨੂੰ। ਮਿੱਠੇ ਦੀ ਸਭ ਤੋਂ ਵੱਡੀ ਕਮਜੋਰੀ, ਉਹ ਭਲਵਾਨ ਹੋਣ ਕਰਕੇ ਭੋਲ਼ਪਣੇ 'ਚ ਭਰੋਸਾ ਛੇਤੀ ਕਰ ਲੈਂਦਾ। ਓਦਣ ਬੰਦੇ ਸਾਰੇ ਨਵੇਂ ਸਨ, ਇੱਕ ਕਰਮਜੀਤ ਨੂੰ ਛੱਡ ਕੇ। ਉਹ ਮਿੱਠੇ ਨੂੰ 'ਕੱਲਾ ਛੱਡ ਕੇ ਖਿਸਕ ਗਏ। ਮਿੱਠਾ ਉਹਨਾਂ ਨੇ ਕੋਲ਼ ਈ ਰੇਤੇ ਦੀ ਢੇਰੀ 'ਤੇ ਨੂੰ ਸੁੱਟ ਲਿਆ। ਕੋਈ ਠੁੱਡੇ ਮਾਰ ਰਿਹੈ, ਕੋਈ ਹਾਕੀ

ਨਾਲ਼ ਕੁੱਟ ਰਿਹੈ, ਮਿੱਠਾ ਨਾ ਉਹਨਾਂ ਨਾਲ਼ ਮੁਕਾਬਲਾ ਕਰੇ, ਨਾ ਈ ਛੱਡਣ ਲਈ ਮਿੰਨਤਾਂ। ਪਰ ਕੋਈ ਕਿਰਪਾਨ ਨਾਲ਼ ਵਾਰ ਨ੍ਹੀਂ ਸੀ ਕਰ ਰਿਹਾ..। ਸ਼ਾਇਦ ਡਰਦੇ ਹੋਣ, ਬਈ ਜਿੰਨਾਂ ਜਿਆਦਾ ਮਾਰਾਂਗੇ, ਉਨਾਂ ਈ ਫੇਰ ਬਦਲਾ ਲੈਣ ਵੇਲ਼ੇ ਇਹ ਸਾਨੂੰ ਮਾਰੂ। ਕਿਉਂਕਿ ਪਤਾ ਉਹਨਾਂ ਨੂੰ ਵੀ ਸੀ, ਬਈ ਇਹ ਕੋਈ ਆਮ ਪੜ੍ਹਾਕੂ ਤਾਂ ਹੈ ਨ੍ਹੀਂ, ਜਿਹਨੂੰ ਕੁੱਟ ਕੇ ਜਿਵੇਂ ਮਰਜ਼ੀ ਆਸ਼ਕੀ ਗੇੜੀਆਂ ਮਾਰੀ ਜਾਓ। ਸੋ ਉਹ ਬਚਾ-ਬਚਾ ਕੇ ਮਾਰ ਰਹੇ ਸਨ। ਜਦੋਂ ਉਹ ਜਲ਼ਦੀ-ਜਲ਼ਦੀ ਮਿੱਠੇ ਦੇ ਮਾਰ ਕੇ ਉੱਥੋਂ ਤੁਰੇ ਤਾਂ ਉਹ ਵਾਲ਼ਾਂ ਨੂੰ ਝਾੜ ਕੇ ਖੜ੍ਹਾ ਹੁੰਦਾ ਹੋਇਆ ਬੋਲਿਆ, "ਪੂਨੇ, ਹੁਣ ਲੁਕਜੀਂ ਮਾਂ ਦੀ ਕੁੱਛੜ 'ਚ..... ਤੇ ਇਹਨਾਂ ਲੌਂਡਿਆਂ ਨੂੰ ਵੀ ਵਾੜ ਲੀਂ' ਮਾਂ ਦੀ... 'ਚ।"

ਉਸਦੇ ਛਿੱਦੇ ਜਿਹੇ ਦੰਦਾਂ ਚੋਂ ਲਹੂ ਸਿੰਮ ਰਿਹਾ ਸੀ। ਗੁੱਸੇ ਨੇ ਮੂੰਹ ਉਹਦਾ ਹੋਰ ਵੀ ਸੁਰਖ ਕਰਤਾ ਸੀ। ਪੂਨਾ ਵੀ ਪੂਰਾ ਮਸ਼ਹੂਰ ਗੁੰਡਾ ਸੀ ਨਾਭੇ ਦਾ। ਲੁੱਟਾਂ-ਖੋਹਾਂ, ਮਾਰ ਕੁਟਾਈ ਦੇ ਕਿੰਨੇ ਕੇਸ ਚੱਲ਼ਦੇ ਰਹਿੰਦੇ, ਨਸ਼ਾ ਤਸਕਰੀ ਕਰਨ ਵੀ ਕਹਿੰਦੇ, ਉਹ ਛੋਟੀ ਉਮਰ 'ਚ ਈ ਲੱਗ ਗਿਆ ਸੀ।

ਮਿੱਠੇ ਦੀ ਲਲਕਾਰ ਸੁਣ ਕੇ ਉਹ ਪੂਰੀ ਤੇਜ਼ੀ ਨਾਲ਼ ਵਾਪਸ ਆਇਆ ਤੇ ਉਸ ਦੇ ਨਾਲ਼ ਦੇ ਵੀ ਆ ਗਏ। ਹੁਣ ਉਹ ਫੇਰ ਸ਼ੁਰੂ ਹੋ ਗੇ'। ਪਰ ਸਾਰੀ ਕੁਟਾਈ 'ਚ ਮਿੱਠੇ ਦੇ ਮੂੰਹੋਂ ਇਹ ਪਹਿਲੀ ਫਰਿਆਦ ਸੀ, "ਭਲਵਾਨਾ ਆ ਜਾ ਓਏ, ਕਰਪਾਨ ਤਾਂ ਫੜਾ ਦੇ ਖੋਖੇ ਤੋਂ...।" ਉਹ ਮੈਨੂੰ ਭਲਵਾਨ ਕਹਿ ਕੇ ਬੁਲਾਉਂਦਾ ਹੁੰਦਾ ਸੀ।

ਮੈਂ ਮਿੱਠੇ ਵੱਲ ਵਧਿਆ ਉਸਦੇ ਉੱਪਰ ਪੈ ਗਿਆ। ਜਦੋਂ ਉਹਨੇ ਮੈਨੂੰ ਤਲਵਾਰ ਫੜਾਉਣ ਲਈ ਕਿਹਾ ਸੀ ਤਾਂ ਦੋ-ਤਿੰਨ ਜਣੇਂ, ਮੇਰੇ ਵੱਲ ਨੂੰ ਵੀ ਹੋ ਗਏ। ਮੈਥੋਂ ਕਿਰਪਾਨ ਤਾਂ ਫੜਾ ਨ੍ਹੀਂ ਹੋਈ, ਪਰ ਕਾਹਲ਼ੀ-ਕਾਹਲ਼ੀ 'ਚ ਗੰਗਾ ਰਾਮ ਬਾਬਾ ਜੀ ਆਲ਼ੀ ਤੀਜੀ ਵਿੱਦਿਆ ਵਰਤ ਹੋ ਗਈ ਕਿ ਜੇ ਆਪਣੇ ਕਿਸੇ ਨਾਲ਼ਦੇ, ਕੁੱਟ ਪੈਂਦੀ ਹੋਵੇ ਫੇਰ ਖੜ੍ਹ ਕੇ ਨ੍ਹੀਂ ਦੇਖੀਦਾ, ਨਾ ਤੇਰਵੀਂ ਵਿੱਦਿਆ ਭੱਜ ਜਾਣ ਆਲ਼ੀ ਵਰਤੀ ਦੀ ਐ, ਸਗੋਂ ਭੱਜ ਕੇ ਵਿੱਚ ਜਾ ਵੜੀਦਾ। ਤੇ ਵੰਡ ਛਕੋ ਆਲ਼ੀ ਗੁੜਤੀ ਜੋ ਬਾਬੇ ਨਾਨਕ ਨੇ ਦਿੱਤੀ ਸੀ ਕਿਰਤ ਕਰੋ ਪਹਿਲੀ, ਨਾਮ ਜਪੋ ਦੂਜੀ ਅਤੇ ਵੰਡ ਛਕੋ ਤੀਜੀ, ਭਾਵ ਜਿਹੜੀਆਂ ਸੱਟਾਂ ਉਸਦੇ ਇਕੱਲੇ ਦੇ ਵੱਜਣੀਆਂ ਸੀ, ਉਹ ਸਾਡੇ ਦੋ ਜਣਿਆਂ 'ਚ ਵੰਡੀਆ ਗਈਆਂ।

ਉਸ ਦਿਨ ਸੱਟਾਂ ਈ ਨ੍ਹੀਂ ਸੀ ਵੰਡੀਆਂ ਗਈਆਂ, ਜਿੰਦ ਵੀ ਵੰਡੀ ਗਈ। ਐਨੀ ਗੂਹੜੀ ਦੋਸਤੀ ਪੈ ਗਈ ਕਿ ਜਿਵੇਂ ਇੱਕ ਦੂਜੇ ਦੇ ਸਕੇ ਭਰਾ ਹੋਈਏ।

ਪੂਨੇ ਹੋਰੀਂ ਤਾਂ ਕੁੱਟ ਕੇ ਚਲੇ ਗਏ। ਮਿੱਠਾ ਮੈਨੂੰ ਜੱਫੀ 'ਚ ਲੈ ਕੇ, "...ਭਲਵਾਨਾਂ ਤੂੰ ਅੱਜ ਖ਼ਰੀਦ ਲਿਆ ਮੈਨੂੰ। ਬਾਈ ਅੱਜ ਕੁੱਟ ਖਾਧੀ ਦਾ ਦੁੱਖ ਘੱਟ, ਖ਼ੁਸ਼ੀ ਵੱਧ ਹੋ ਰਹੀ ਐ ਕਿ ਹੀਰਾ ਯਾਰ ਮਿਲ ਗਿਆ।" ਬੋਲ ਉਹਨੇ ਮੇਰਾ ਮੱਥਾ ਚੁੰਮਿਆ। ਉਸਦੀਆਂ ਅੱਖਾਂ 'ਚੋਂ ਕੁੱਟ ਖਾਂਦੇ ਪਾਣੀ ਨ੍ਹੀਂ ਸੀ ਨਿੱਕਲ਼ਿਆ, ਪਰ ਹੁਣ ਟਸੂਏ ਡਿੱਗਣ ਲੱਗ ਪੇ'। ਕਹਿੰਦਾ, "ਅੱਜ ਤਾਂ ਪੂਨੇ ਨੂੰ

ਵੀ ਮਾਫ ਕਰਨ ਨੂੰ ਦਿਲ ਕਰਦੈ।" ਉਹ ਮੇਰਾ ਹੱਥ ਘੁੱਟੀ ਜਾਵੇ, ਉਹਦੇ ਮੁੱਖ 'ਤੇ ਪ੍ਰਤਾਪ ਸੀ। ਬਹੁਤ ਖ਼ੁਸ਼ੀ ਵੀ...।ਹੱਥਾਂ 'ਚ ਗਰਮਾਹਟ, ਸਾਹ ਦੀ ਅਵਾਜ ਅਤੇ ਧੜਕਣ ਇੱਕ ਦੂਜੇ ਤੋਂ ਮੂਹਰੇ ਨਿੱਕਲ਼ ਰਹੀਆਂ ਸਨ।

ਮੈਂ ਆਖਿਆ, "ਬਾਈ ਮਾਫ.....!!!।"

ਕਹਿੰਦਾ, "ਦੱਸ ਫੇਰ ਹੁਣੇ ਘੇਰੀਏ, ਅਜੇ ਅੱਡਾ ਨ੍ਹੀਂ ਟੱਪੇ ਹੋਣੇ।" ਫੇਰ ਕਹਿੰਦਾ, "ਚੱਲ ਪਹਿਲਾਂ ਬਬਲੀ ਹੋਰਾਂ ਨੂੰ ਇਕੱਠੇ ਕਰਦੇ ਆਂ। ਇਨ੍ਹਾਂ ਨੂੰ ਤਾਂ ਮੇਰੇ ਸਾਲ਼ਿਆਂ ਨੂੰ ਮੁਹੱਲੇ 'ਚ ਵੜ-ਵੜ ਕੁੱਟਾਂਗੇ।"

ਉਹਨੇ ਕੱਪੜੇ ਝਾੜ ਲਏ ਅਤੇ ਮੈਂ ਵੀ ਬੂਟਾਂ 'ਚ ਫਸਿਆ ਰੇਤਾ ਕੱਢ, ਦੁਬਾਰਾ ਪਾ ਲਏ। ਅਸੀਂ ਬੱਸ ਚੜ੍ਹ ਕੇ ਪਿਛਲੀ ਟਾਕੀ ਦੇ ਨਾਲ਼ ਬੈਠ ਗੇ', ਦੋ ਆਲ਼ੀ ਸੀਟ 'ਤੇ। ਦੋ ਸੀਟਾਂ ਛੱਡ ਕੇ ਤਿੰਨ ਆਲ਼ੀ ਸੀਟ ਉੱਤੇ ਸ਼ੀਸ਼ੇ ਆਲ਼ੇ ਪਾਸੇ ਚੌਧਰੀ ਬੈਠੀ ਸੀ। ਸਾਰੇ ਇਸ ਕੁੜੀ ਨੂੰ ਚੌਧਰੀ-ਚੌਧਰੀ ਕਹਿਕੇ ਗੱਲਾਂ ਕਰਦੇ ਰਹਿੰਦੇ। ਉਹ ਰੱਜ ਕੇ ਸੁਨੱਖੀ ਅਤੇ ਬਹੁਤ ਜਿਆਦਾ ਰੋਹਬਦਾਰ ਦਿਖਦੀ। ਕਿਸੇ ਦੀ ਹਿੰਮਤ ਨਾ ਪੈਂਦੀ ਉਹਦੇ ਵੱਲ ਸਿੱਧਾ ਦੇਖਣ ਦੀ।

ਉਹ ਹੁਣ ਪਿੱਛੇ ਮੁੜ ਕੇ ਦੇਖ ਰਹੀ ਸੀ। ਜਿਵੇਂ ਮਿੱਠੇ ਨੂੰ ਕਹਿ ਰਹੀ ਹੋਵੇ, "ਉਰੇ ਆਓ, ਕੀ ਹਾਲ ਬਣਾਇਆ ਤੁਸੀਂ...।" ਜਿਵੇਂ ਉਹ ਮਿੱਠੇ ਦੇ ਮੁੱਖ 'ਤੇ ਹੱਥ ਰੱਖਣਾ ਲੋਚਦੀ ਹੋਵੇ। ਜਦੋਂ ਮੈਨੂੰ ਤੀਜੇ ਥਾਂ ਪਤਾ ਚੱਲ ਰਿਹਾ ਸੀ ਉਸਦੀ ਝਾਕਣੀ ਤੋਂ...। ਫੇਰ ਮਿੱਠੇ ਨੂੰ ਤਾਂ ਆਂਏਂ ਈ ਲੱਗਿਆ ਹੋਊ ਜਿਵੇਂ ਕੋਈ ਬੋਲ ਕੇ ਬੁਲਾਉਂਦਾ ਹੁੰਦੈ। ਪੂਰੇ ਹੱਕ ਨਾਲ਼।

ਹੁਣ ਦੋਵੇਂ ਤਿੰਨ ਆਲ਼ੀ ਸੀਟ 'ਤੇ ਸੀ ਅਤੇ ਮੈਂ ਉੱਥੇ ਈ ਬੈਠਾ ਉਹਨਾਂ ਵੱਲ ਵੀ ਦੇਖ ਰਿਹਾ ਸੀ, ਨਾਲ਼ੇ ਸੋਚ ਰਿਹਾ ਸੀ ਕਿ ਤੋਚੀ, ਮੋਹਣਾ ਅਤੇ ਕਾਲ਼ਾ ਬੱਟੀ ਕਿੱਥੇ ਮਿਲਣਗੇ? ਕਦੇ ਸੋਚਾਂ ਭੱਦਲ ਥੂਹੇ ਗੋਲੂ ਨੂੰ ਲਵਾਂ ਨਾਲ਼?

ਉਹ ਕੁੜੀ ਮਿੱਠੇ ਦੀ ਸਹੇਲੀ ਸੀ, ਜੋ ਬਾਅਦ 'ਚ ਜਾ ਕੇ ਉਸਦੀ ਘਰਵਾਲ਼ੀ ਬਣੀ। ਉਹਨਾਂ ਦਾ ਵਿਆਹ ਵੀ ਇੱਕ ਕਬਜੇ ਵਾਂਗੂ ਈ ਸੀ।

ਮੈਂ ਮਿੱਠੇ ਨੂੰ ਸਹੌਲੀ ਨਾ ਉੱਤਰਨ ਦਿੱਤਾ, ਇਸ਼ਾਰੇ ਨਾਲ਼ ਬੈਠਾ 'ਤਾ। ਉਹ ਉੱਤਰਨਾ ਵੀ ਨ੍ਹੀਂ ਸੀ ਚਾਹੁੰਦਾ। ਆਖ਼ਰਕਾਰ ਮਸ਼ੂਕ ਜਦੋਂ ਲੱਗੀ ਸੱਟ ਬਾਰੇ ਫਿਕਰ ਕਰਦੀ ਹੈ, ਪਿਆਰ ਨਾਲ਼ ਝਿੜਕਦੀ ਹੈ ਤਾਂ ਬੰਦਾ ਰੱਬ ਨੂੰ ਵੀ ਭੁੱਲ ਜਾਂਦੈ, ਪਿੰਡ ਦਾ ਅੱਡਾ ਕੀ ਚੀਜ਼ ਐ। ਅਸੀਂ ਭਾਦਸੋਂ ਉੱਤਰ ਕੇ ਚੋਏ-ਚੋਏ, ਮੋਹਣੇ ਦੇ ਪਿੰਡ ਨੂੰ ਤੁਰ ਪੇ'। ਚੌਧਰੀ, ਪਟਿਆਲ਼ੇ ਆਲ਼ੀ ਬਸ ਫੜ ਕੇ ਆਲੋਵਾਲ ਨੂੰ...। ਤੁਰੇ ਜਾਂਦੇ ਨੂੰ ਪੁੱਛਿਆ, "ਮਿੱਠੇ, ਕਦੇ ਥੋਨੂੰ ਪਹਿਲਾਂ ਤਾਂ ਦੇਖਿਆ ਨ੍ਹੀਂ ਆਪਸ 'ਚ ਗੱਲਾਂ ਕਰਦਿਆਂ ਨੂੰ।"

"ਯਾਰ ਇਹ ਬੜੀ ਕੌੜ ਐ। ਆਮ ਕੁੜੀਆਂ ਵਰਗੀ ਨ੍ਹੀਂ ਹੈ ਗੀ'। ਇਹਨੇ ਮੈਨੂੰ ਕਿਹਾ ਹੋਇਆ ਕਿ ਮੈਨੂੰ ਕਿਸੇ ਸਾਹਮਣੇ ਨ੍ਹੀਂ ਬੁਲਾਉਣਾ ਕਦੇ ਵੀ। ਭੁੱਖੀ ਸ਼ੇਰਨੀ ਐ ਇਹ।" ਫੇਰ ਛਿੱਦੇ

ਜਿਹੇ ਦੰਦਾਂ 'ਚੋਂ ਮੁਸਕਰਾ ਕੇ ਕਹਿੰਦਾ।

"ਬਸ ਕੁਦਰਤ ਨੇ ਦੇਹੜੀ ਨੂੰ ਦੇਖ ਕੇ ਈ ਚੁਗਾਠ ਘੜੀ ਐ। ਮੇਰੀ ਮਾਂ ਦੀ ਵੀ ਮਾਂ ਏ ਇਹ..., ਜਿਵੇਂ ਓਹਤੋਂ ਡਰ ਲਗਦੈ ਓਕਣੇ ਈ ਇਹਤੋਂ।"

ਮੈਂ ਸੋਚਿਆ ਜਿਸ ਤੋਂ ਸਾਰਾ ਨਾਭਾ ਡਰਦੈ, ਉਹ ਤੀਵੀਆਂ ਤੋਂ ਡਰਦੈ।

ਲੰਬੀਆਂ-ਲੰਬੀਆਂ ਡਿੰਘਾਂ ਨੇ ਰਸਤਾ ਮਿੰਟਾਂ 'ਚ ਤੈਅ ਕਰਤਾ। ਮੋਹਣੇ ਨੇ ਕਿਹੜਾ ਆਂਏਂ ਪੁੱਛਿਆ, ਕਿਸਨੂੰ ਕੁੱਟਣੈ? ਕਿਉਂ ਕੁੱਟਣੈ? ਕਿੱਥੇ ਜਾਣੈ? ਹੋ ਤੁਰਿਆ ਸਾਡੇ ਨਾਲ਼।

ਅਸੀਂ ਹੁਣ ਮਰੌੜੀਏ ਐੱਸ.ਪੀ. ਕੋਲ਼ ਚਲੇ ਗਏ। ਸਕੂਟਰ ਸਹੌਲੀ ਆਲ਼ੇ ਨਿਸ਼ਾਨ ਬਾਈ ਤੋਂ ਫੜ ਲਿਆ ਸੀ। ਇਹ ਐੱਸ. ਪੀ. ਨਾਮ ਦਾ ਮੁੰਡਾ ਮੇਰੇ ਨਾਲ਼ ਭਵਾਨੀਗੜ ਪੜ੍ਹਦਾ ਸੀ। ਫਿਲਮੀ ਹੀਰੋ ਬਣਨ ਦਾ ਭੂਤ ਸਵਾਰ ਸੀ। ਚੰਗੀ ਜਮੀਨ ਦਾ ਮਾਲਕ, ਬਹੁਤ ਸੋਹਣਾ ਸੁਨੱਖਾ। ਆਪਦੀ ਕਾਰ 'ਚ ਬੈਠਾਕੇ ਚੱਲ ਪਿਆ ਆਲੋਵਾਲ ਨੂੰ। ਤੋਚੀ ਦਾ ਇਹ ਦੂਰੋਂ ਰਿਸ਼ਤੇਦਾਰ ਵੀ ਲਗਦੈ। ਪੂਰੇ ਬੁਖ਼ਾਰ ਚੜ੍ਹੇ 'ਚ ਤੋਚੀ ਵੀ ਬੈਠ ਗਿਆ ਪਿਛਲੀ ਸੀਟ 'ਤੇ, ਮੇਰੇ ਨਾਲ਼।

"ਮੰਗੇ, ਮੈਥੋਂ ਬੰਦਾ ਤਾਂ ਨ੍ਹੀਂ ਢਾਹਿਆ ਜਾਣਾ ਅੱਜ ਪਰ ਢਾਹੇ ਹੋਏ ਦੇ ਟੱਕ ਜਰੂਰ ਲਾਊਂ ਇੱਕ ਦੋ?" ਉਹ ਕਾਫ਼ੀ ਬਿਮਾਰ ਸੀ।

ਅਸੀਂ ਪੰਜਾਂ ਨੇ ਨਾਭੇ ਦੀ ਗਲ਼ੀ-ਗਲ਼ੀ ਗਾਹ ਦਿੱਤੀ... ਪਰ ਪੂਨੇ ਹੋਰਾਂ 'ਚੋਂ ਕੋਈ ਨਾ ਮਿਲਿਆ।

ਸ਼ਰਾਬ ਦੀ ਬੋਤਲ ਮਰੌੜੀਏ ਨੇ ਘਰੋਂ ਈ ਰੱਖ ਲਈ ਸੀ। ਤੋਚੀ ਨੇ ਤਾਂ ਮੂੰਹ ਵੀ ਝੂਠਾ ਨਾ ਕੀਤਾ। ਪਰ ਅਸੀਂ ਉਹਦੇ ਨਾਲ਼ ਦੀ ਦੂਜੀ ਬੋਤਲ ਵੀ ਪੌਣੀ ਖਿੱਚ ਗੇ', ਜਿਹੜੀ ਅਲੌਹਰਾਂ ਗੇਟ ਤੋਂ ਖਰੀਦੀ ਸੀ। ਦਾਰੂ ਮੱਤ ਮਾਰ ਦਿੰਦੀ ਹੈ। ਰੱਜੇ ਹੋਏ ਥੱਕ ਹਾਰ ਕੇ ਪੂਨੇ ਦੀ ਐਸ.ਟੀ.ਡੀ. ਦੇ ਸ਼ੀਸ਼ੇ ਭੰਨਣ ਤੁਰ ਪੇ'। ਪਰ ਤੋਚੀ ਨੂੰ ਬੁਖਾਰ ਘਟਣ ਦੀ ਬਜਾਏ ਹੋਰ ਤੇਜ਼ ਹੋ ਰਿਹਾ ਸੀ। ਮਿੱਠਾ ਮੈਨੂੰ ਕਹਿੰਦਾ, "ਭਲਵਾਨਾ, ਇਹੀ ਬਹੁਤ ਐ ਇਹ ਆਪਣੇ ਨਾਲ਼ ਤੁਰ ਪੇ'। ਬਾਈ ਨੂੰ ਬੁਖਾਰ ਤੇਜ਼ ਐ, ਕੱਲ੍ਹ ਸਹੀ... ਹਨੀਂ।"

"ਹਨੀਂ" ਉਹਨੇ ਜਮਾਂ ਪੀਰ ਜੈਨੀਏ ਸੱਤੇ ਵਾਂਗੂ ਕਿਹਾ ਸੀ। ਮੇਰੇ ਸੱਤਾ ਵੀ ਦਿਮਾਗ 'ਚ ਸੀ ਬਈ ਉਹਨੂੰ ਵੀ ਸੁਨੇਹਾ ਲਾ ਸਕਦੇ ਹਾਂ।

ਫੇਰ ਅਸੀਂ ਤੋਚੀ ਤੇ ਮੋਹਣੇ ਨੂੰ ਆਲੋਵਾਲ਼ ਉਤਾਰਤਾ ਅਤੇ ਐਸ. ਪੀ. ਤੇ ਉਸ ਦੀ ਮਰੂਤੀ ਕਾਰ ਨੂੰ ਮਰੌੜ ਪਿੰਡ ਛੱਡ ਦਿੱਤਾ। ਫੇਰ ਥੋੜ੍ਹਾ ਚਿਰ ਸੋਚ ਕੇ ਘਮਰੌਦੇ ਪਿੰਡ ਕਰਮਜੀਤ ਦੇ ਘਰ ਚਲੇ ਗਏ। ਮਿੱਠਾ ਕਹਿੰਦਾ, "ਰਾਤ ਉਹਦੇ ਕੋਲ਼ ਈ ਕੱਟਾਂਗੇ। ਨਾਲ਼ੇ ਉੱਤਰੀ ਹੋਈ ਚਾੜ੍ਹਾਂਗੇ।"

ਮੈਂ ਆਖਿਆ, "ਯਾਰ ਉਹ ਕੋਈ ਬੰਦੈ, ਪੈਂਦੀਆਂ 'ਚ ਅੱਜ ਭੱਜ ਗਿਆ। ਪਹਿਲਾਂ

ਇੱਕ ਪਾਸੇ ਦੂਰ ਖੜ੍ਹਾ ਦੇਖੀ ਗਿਆ ਤੇ ਖਿਸਕ ਗਿਆ।" ਮਿੱਠੇ ਨੇ ਮੇਰੇ ਕੀਤੇ ਰੋਸੇ ਦੇ ਜਵਾਬ 'ਚ ਦਲੀਲ ਦਿੱਤੀ, "ਨਹੀਂ ਨਹੀਂ ਭਲਵਾਨਾ, ਉਹ ਵਧੀਆ ਬੰਦੈ। ਕਈ ਬਾਰੀ ਬੰਦਾ ਘਬਰਾ ਜਾਂਦੈ, ਹੌਲ਼ੀ-ਹੌਲ਼ੀ ਹਾਲ਼ੀ ਨਿੱਕਲ਼ ਆਊ। ਤੂੰ ਚੱਲ, ਨਾਲ਼ੇ ਉਹਦਾ ਪਿਉ ਅਫ਼ਸਰ ਐ। ਕੋਈ ਮਹਿੰਗੀ ਜਿਹੀ ਪਿਆਊ। ਆਂਏਂ ਤਾਂ ਨੀਂਦ ਵੀ ਨ੍ਹੀਂ ਆਉਣੀ। ਸਾਲ਼ਿਆ ਨੇ ਹੱਡ ਪੋਲੇ ਕੀਤੇ ਪਏ ਨੇ।"

ਮੈਂ ਟੈਟ ਹੋਇਆ, ਕਰਮਜੀਤ ਨੂੰ ਨਾਲ਼ੇ ਲਾਹਣਤਾਂ ਪਾਈ ਜਾਂਵਾਂ, ਨਾਲ਼ੇ ਉਹਨੂੰ ਤਿਆਰ ਕਰੀ ਜਾਂਵਾਂ, "ਕੱਲ੍ਹ ਨੂੰ ਸੂਰਜ ਚੜ੍ਹਨ ਤੋਂ ਪਹਿਲਾਂ ਸੋਧਣੇ ਨੇ ਪੂਨੇ ਹੋਰੀਂ। ਨਹੀਂ ਤਾਂ ਮੁੜ ਕੇ ਨਾਭੇ 'ਚ ਨ੍ਹੀਂ ਵੜਨਾ।"

ਅਸੀਂ ਸਵੇਰੇ ਬੋਤਲ ਇੱਕ ਹੋਰ ਖੋਲ੍ਹ ਲਈ। ਬੋਤਲ ਵੀ ਸਿਰੇ ਦੀ ਖੋਲ੍ਹੀ 'ਵਾਈਟ ਮੇਕੀ'। ਕਰਮਜੀਤ ਦੱਸਦਾ ਸੀ ਕਿ ਇਹ ਕੋਈ ਅਕਾਊਟੈਂਟ ਐ ਮਹਿਕਮੇ ਦਾ, ਉਹ ਦੇ ਕੇ ਗਿਆ ਦਿਵਾਲ਼ੀ ਨੂੰ। ਲਾਇਆ ਅਸੀਂ ਇੱਕ-ਇੱਕ ਪੈੱਗ ਈ ਸੀ। ਉਹ ਵੀ ਰਾਤ ਆਲ਼ੀ ਉਤਾਰਨ ਵਾਸਤੇ। ਜਮਾਂ ਅਫ਼ੀਮ ਵਰਗਾ ਨਸ਼ਾ। ਹੁਣ ਸੋਚਦੈਂ ਕਿ ਕਾਸ਼ ਓਦੋਂ ਇਹ ਚੀਜ਼ਾਂ ਨਾ ਵਧੀਆ ਲੱਗਦੀਆਂ, ਤਾਂ ਕਿੰਨੀ ਬਰਬਾਦੀ ਤੋਂ ਬਚ ਜਾਂਦਾ। ਖ਼ੈਰ!

ਹੁਣ ਅਸੀਂ ਪਟਿਆਲਾ ਗੇਟ ਪੁੱਜ ਗੇ' ਤਿੰਨੇ ਜਣੇਂ। ਪੱਪੀ ਦੇ ਖੋਖੇ ਤੋਂ ਇੱਕ ਕਿਰਪਾਨ ਹੋਰ ਚੱਕ ਲਈ, ਦੋ ਤੋਚੀ ਤੋਂ ਰਾਤ ਲੈ ਲਈਆਂ ਸਨ। ਸਾਨੂੰ ਦਲਜੀਤ ਮਾਂਗੇਵਾਲ਼ ਅਤੇ ਰਣਜੀਤ ਮਾਨ ਵੀ ਮਿਲ ਗੇ', ਦੋਵੇਂ ਪੱਕੇ ਬੰਦੇ ਸੀ ਗਰੁੱਪ ਦੇ। ਦਲਜੀਤ ਨੇ ਦੱਸਿਆ ਬਈ ਸਾਰੇ ਨਾਭੇ 'ਚ ਬਦਨਾਮੀ ਹੋਈ ਪਈ ਐ ਗਰੁੱਪ ਦੀ।

ਪੱਪੀ ਕਹਿੰਦਾ, "ਮਿੱਠੂ, ਪੂਨਾ ਰੇਹਟੀ ਦੇ ਪੁਲ਼ਾਂ 'ਤੇ ਬੈਠਾ ਏ, ਭੁੱਕੀ ਲੈਣ ਗਿਆ ਹੋਇਐ। ਮੈਂ ਉੱਥੋਂ ਈ ਆਇਐਂ।" ਪੱਪੀ ਵੀ ਮਿੱਠੇ ਦਾ ਬਹੁਤ ਹੇਜ਼ ਕਰਦਾ ਸੀ।

ਬਸ ਫੇਰ ਕੀ ਸੀ ਅਸੀਂ ਦੋ ਸਕੂਟਰਾਂ 'ਤੇ ਪੰਜ ਜਣੇਂ ਹੋ ਗਏ ਪੁਲ਼ਾਂ ਵੱਲ ਨੂੰ। ਬਿਆਸ ਆਲ਼ੇ ਸਤਸੰਗ ਘਰ ਕੋਲ਼ ਸਾਨੂੰ ਪੂਨਾ ਮਿਲ ਗਿਆ, ਓਧਰੋਂ ਆਉਂਦਾ। ਇਕ ਜਣਾਂ ਹੋਰ ਸੀ ਉਹਦੇ ਨਾਲ਼। ਉਹਨੇ ਮੋਟਰਸਾਈਕਲ ਭਜਾ ਲਿਆ। ਯਾਮਾ ਊਂ ਵੀ ਇੱਕੋ ਦਮ ਤੇਜ਼ ਭੱਜ ਲਿਆ। ਜਦੋਂ ਨੂੰ ਅਸੀਂ ਸਕੂਟਰ ਮੋੜੇ ਓਦੋਂ ਨੂੰ ਉਹ ਬਹੁਤ ਦੂਰ ਨਿੱਕਲ਼ਗੇ। ਅਸੀਂ ਵੀ ਭਜਾ ਲੇ' ਪਿੱਛੇ ਈ। ਜਦੋਂ ਮੁੜ ਕੇ ਅਸੀਂ ਪਟਿਆਲ਼ਾ ਗੇਟ ਪਹੁੰਚੇ ਤਾਂ ਉੱਥੇ ਯਾਮਾ ਗਿਰਿਆ ਪਿਆ...। ਕੋਲ਼ ਖੜ੍ਹੇ ਬੰਦੇ ਗਲ਼ੀ 'ਚ ਨੂੰ ਦੇਖਣ, ਜਿਵੇਂ ਲੋਕ ਅਕਸਰ ਦੇਖਦੇ ਹੁੰਦੇ ਨੇ। ਬਸ ਫੇਰ ਤਾਂ ਤੀਹ ਕੁ ਮੀਟਰ ਈ ਗਏ ਸੀ, ਢਾਹ ਲਏ ਜਾ ਕੇ। ਜਿਹੜਾ ਨਾਲ਼ਦਾ ਸੀ, ਬੇਚਾਰਾ ਇੱਕੋ ਵਾਰ 'ਚ ਡਿੱਗ ਪਿਆ ਨਾਲ਼ੀ 'ਚ... ਮਿੰਨਤਾਂ ਕਰੇ।

"ਵੀਰੇ ਮੈਂ ਤਾਂ... ਨਾਲ਼ ਵੀ ਨ੍ਹੀਂ ਤੀ ਕੱਲ੍ਹ... ਮੈਨੂੰ ਨਾ ਮਾਰੋ ਭਲਵਾਨ ਵੀਰੇ...।"

ਮੈਨੂੰ ਨਾਭੇ 'ਚ ਹੋਰ ਲੋਕ ਵੀ ਭਲਵਾਨ ਕਹਿ ਕੇ ਬੁਲਾਉਂਦੇ ਸੀ ਮਿੱਠੇ ਦੀ ਰੀਸ।

"ਜਾ ਭੱਜ ਜਾ ਐਥੋਂ।" ਦਲਜੀਤ ਨੇ ਉਹਨੂੰ ਭਜਾਤਾ ਤੇ ਮੇਰੇ ਨਾਲ਼ ਪੂਨੇ ਦੇ ਦੁਆਲ਼ੇ ਹੋ ਗਿਆ। ਅਸੀਂ ਵੀ ਇੱਕ-ਦੋ ਟੱਕ ਮਾਰੇ ਖੁੰਢੀਆਂ ਜਿਹੀਆਂ ਤਲਵਾਰਾਂ ਨਾਲ਼। ਫੇਰ ਮਿੱਠੇ ਨੂੰ ਖਿੱਚ ਕੇ ਨਾਲ਼ ਤੋਰਨ ਲੱਗ ਪੇ'। ਪੂਨੇ ਨੂੰ ਉੱਥੇ ਈ ਤੜਫ਼ਦਾ ਛੱਡ ਨਿੱਕਲ਼ਗੇ। ਥੋੜ੍ਹੀ ਦੂਰੋਂ ਮਿੱਠਾ ਫੇਰ ਗਿਆ ਭੱਜ ਕੇ, ਅੱਧ ਮਰੇ ਪਏ ਦੇ ਇੱਕ ਹੋਰ ਜੜ ਆਇਆ ਸਿਰ 'ਚ...। ਕੁੱਟਣ ਵੇਲ਼ੇ ਤਾਂ ਉਹ ਬੁੱਚੜ ਹੀ ਬਣ ਜਾਂਦਾ ਸੀ।

ਅਸੀਂ ਹੁਣ ਸਿੱਧੇ 'ਨਾਨੋਕੀ' ਫਾਰਮ ਚਲੇ ਗਏ। ਮਿੱਠਾ ਕੋਈ ਵੀ ਕੰਮ ਕਰਕੇ ਉਹਨਾਂ ਦੀ ਸ਼ਰਨ 'ਚ ਹੀ ਜਾਂਦਾ ਸੀ। ਉਹ ਵੀ ਸਾਡੇ ਤੋਂ ਬਹੁਤ ਕੰਮ ਲੈ ਲੈਂਦੇ। ਇੱਕ ਗੱਠ ਜੋੜ ਸੀ, ਸਾਡਾ ਉਹਨਾਂ ਨਾਲ਼। ਮੁਸ਼ਟੰਡਿਆਂ ਨੂੰ ਖਾਣ ਪੀਣ ਤੇ ਉਹਨਾਂ ਨੂੰ ਮਸਟੰਡੇ ਵੋਟਾਂ ਵਗੈਰਾ ਵੇਲ਼ੇ ਜਾਂ ਕਬਜਿਆਂ 'ਚ... 'ਇੱਕ ਦੂਜੇ ਦੇ ਪੂਰਕ' ਸੀ ਅਸੀਂ।

ਚੇਅਰਮੈਨ ਅੰਕਲ ਕਿਤੇ ਬਾਹਰ ਗਏ ਹੋਣ ਕਰਕੇ ਔਖਾ ਹੋ ਗਿਆ। ਤਿੰਨ ਚਾਰ ਦਿਨ ਤਾਂ ਅਸੀਂ ਰਾਜੂ ਦੀ ਮੋਟਰ 'ਤੇ ਰਾਇਮਣ ਮਾਜਰੀ ਗੁਜ਼ਾਰੇ। ਇੱਕ ਦੋ ਦਿਨ ਭਾਦਸੋਂ ਆਲ਼ੇ ਰਣਜੀਤ ਮਾਨ ਦੇ ਘਰ ਰਹੇ।

***

ਅਸੀਂ ਥਾਣੇ 'ਚ ਇੱਕ ਬੈਂਚ 'ਤੇ ਬੈਠੇ। ਮਿੱਠੇ ਨੂੰ ਕੋਈ ਈ ਸਿਪਾਹੀ ਜਾਂ ਹੌਲਦਾਰ ਸੀ ਜੋ ਬੁਲਾ ਕੇ ਨਾ ਲੰਘਿਆ ਹੋਵੇ।

ਸਾਡਾ ਕੇਸ ਅਸ਼ੀਸ਼ ਕਪੂਰ ਕੋਲ਼ ਸੀ। ਸਾਨੂੰ ਬੈਠਾ ਕੇ ਅੰਕਲ ਨਿੱਕਲ਼ ਗਏ। ਮੈਂ ਥੋੜ੍ਹਾ ਅਸਹਿਜ਼ ਸੀ। ਊਂ ਮਿੱਠੇ ਨੇ ਬਬਲੀ ਤਿਆਰ ਕਰ ਲਿਆ ਸੀ ਮੇਰੀ ਜਗ੍ਹਾ ਪਰਚੇ 'ਚ ਨਾਮ ਦੇਣ ਨੂੰ। ਅੰਕਲ, ਬਬਲੀ ਨੂੰ ਈ ਲੈਣ ਗਏ ਸਨ। ਥਾਣੇ 'ਚ ਸਰਪੰਚ-ਪੰਚ ਆਉਂਦੇ, ਜਿਨ੍ਹਾਂ ਦਾ ਸਮਝੌਤਾ ਕਰਾਉਂਦੇ ਉਹਨਾਂ ਨੂੰ ਬਾਹਰ ਨੂੰ ਭੇਜ ਦਿੰਦੇ। ਫੇਰ ਥਾਣੇਦਾਰ ਕੋਲ਼ ਰੁਕ ਜਾਂਦੇ ਅਤੇ ਹੱਸਦੇ ਈ ਜਾਂਦੇ।

ਲੀਲਣ ਦੇ ਚਿੱਟੇ ਕੁੜਤੇ ਪਾਜ਼ਾਮੇ 'ਚ ਇੱਕ ਫਿਲਮੀ ਐਕਟਰਾਂ ਵਰਗਾ ਗੋਰਾ ਚਿੱਟਾ ਜਿਹਾ ਮੁੰਡਾ, ਆ ਕੇ ਕੋਲ਼ ਖੜ੍ਹ ਗਿਆ। ਬਹੁਤ ਅਮੀਰ ਜਿਹਾ ਲੱਗ ਰਿਹਾ ਸੀ। ਇੱਕ ਹੱਥ ਕੜਾ ਤੇ ਦੂਜੇ 'ਚ ਰੇਬਨ ਦੀ ਐਨਕ ਫੜੀਂ, ਉਹ ਸ਼ੌਂਕੀਨ ਵੀ ਪੂਰਾ ਦਿਸੇ। ਉਹਦੇ ਕੋਲ਼ ਇੱਕ ਮੁਲਾਜ਼ਮ ਹੋਰ ਖੜ੍ਹਾ ਸੀ। ਮੈਂ ਉਹਨੂੰ ਪੁੱਛਿਆ, "ਬਾਈ ਜੀ, ਸਾਡਾ ਕੇਸ ਇੰਚਾਰਜ ਕੌਣ ਐਂ।" ਮੁਲਾਜ਼ਮ ਦੇ ਬੋਲਣ ਤੋਂ ਪਹਿਲਾਂ ਈ ਉਹ ਸ਼ੌਕੀਨ ਜਿਹਾ ਮੁੰਡਾ ਬੋਲਿਆ, "ਛੋਟੇ ਭਾਈ, ਕੋਈ ਅਸ਼ੀਸ਼ ਕਪੂਰ ਏ।"

"ਅੱਛਾ ਅਸ਼ੀਸ਼ ਕਪੂਰ, ਉਹ ਬਾਣੀਆ ਜਿਆ।" ਮੇਰੇ ਮੂੰਹੋਂ ਨਿੱਕਲ਼ਿਆ।

ਮਿੱਠੇ ਨੇ ਸਿਗਰੇਟ ਬਾਲ਼ ਲਈ। ਨਾਲ਼ੇ ਕਹਿੰਦਾ, "ਬਾਈ, ਸਾਲ਼ਾ ਕੁੱਟਦਾ ਵੀ ਬਹੁਤ ਐ। ਮੈਂ ਤਾਂ ਸੁਣਿਆ ਸਿਫਾਰਸ਼ ਵੀ ਨ੍ਹੀਂ ਮੰਨਦਾ।"

ਮੈਂ ਓਦੋਂ ਬਹੁਤ ਘੱਟ ਸਿਗਰੇਟ ਪੀਤੀ ਹੋਊ। ਕੀ ਕਹਿਣੈ ਕਦੇ ਪੈੱਗ-ਸ਼ੈੱਗ ਲੱਗਿਆਂ 'ਚ, ਉਹ ਵੀ ਕਦੇ ਇੱਕ ਅੱਧੀ। ਮੈਨੂੰ ਡਰ ਜਿਹਾ ਵੀ ਲੱਗੇ ਕਿ ਮਿੱਠਾ ਥਾਣੇ 'ਚ ਈ ਸਿਗਰਟ ਖਿੱਚੀ ਜਾਂਦੈ। ਪਰ ਉਹਦਾ ਜਿਵੇਂ ਉੱਥੇ ਆਉਣ-ਜਾਣ ਹੋਵੇ, ਉਹ ਜਮਾਂ ਸਹਿਜ ਸੀ।

ਜਦੋਂ ਮਿੱਠੇ ਨੇ ਕਿਹਾ ਕਿ ਉਹ ਥਾਣੇਦਾਰ ਬਹੁਤ ਅੜਬ ਐ। ਤਾਂ ਮੈਂ ਆਖਿਆ, "ਕੁੱਟ ਕੇ ਘਰ ਤਾਂ ਜਾਊਗਾ ਈ। ਭੈਣ... ਰੱਖਦਾਂਗੇ... ਮੁੜ ਕੇ ਪੁੱਤ ਮੇਰਾ ਸੁਪਨੇ 'ਚ ਵੀ ਜੀ-ਜੀ ਕਰਦਾ ਫਿਰੂ।" ਜਲਦੀ-ਜਲਦੀ ਕਸ਼ ਖਿੱਚ ਕੇ ਮਿੱਠਾ ਕਹਿੰਦਾ, "ਭਲਵਾਨਾ, ਐਨੀ ਜੁਰਤ ਨੀਂ ਕਿਸੇ ਦੀ ਜਿਹੜਾ ਮੇਰੇ ਹੁੰਦੇ, ਤੈਨੂੰ ਹੱਥ ਲਾ ਜੂ'।" ਮੈਂ ਵੈਸੇ ਕਦੇ ਫੁਕਰੀਆਂ ਮਾਰਦਾ ਨੀਂ, ਪਰ ਉਸਦੀ ਟੌਹਰ ਦੇਖ ਕੇ ਮੈਂ ਪ੍ਰਭਾਵ ਪਾਉਣ ਦੇ ਚੱਕਰ 'ਚ ਹੱਦੋਂ ਵੱਧ ਈ ਬੋਲ ਗਿਆ ਕਿ ਉਹਨੂੰ ਅਸੀਂ ਉਹਨਾਂ ਵਰਗੇ ਨਾ ਲੱਗੀਏ, ਜਿਨ੍ਹਾਂ ਨੂੰ ਚੋਰੀ ਦੇ ਮਾਮਲੇ 'ਚ, ਥਾਣੇਦਾਰ ਤੇ ਇੱਕ ਹੋਰ ਸਿਪਾਹੀ ਸਾਡੇ ਸਾਹਮਣੇ ਈ ਕੁੱਟ ਰਹੇ ਸਨ। ਉਹ ਨਸ਼ੇੜੀ ਜਾਪਦੇ ਸੀ, ਚੇਨਾਂ ਝਪਟਣ ਵਾਲ਼ੇ। ਬੇਚਾਰੇ ਜਿਵੇਂ ਕਦੇ ਨਾਹਤੇ-ਧੋਤੇ ਈ ਨਾ ਹੋਣ।

ਜਦੋਂ ਉਹ ਸਾਡੀਆਂ ਬੜ੍ਹਕਾਂ ਸੁਣ ਕੇ ਉੱਥੋਂ ਚਲਾ ਗਿਆ ਤਾਂ ਮੈਂ ਮਿੱਠੇ ਵੱਲ ਦੇਖ ਕੇ ਮੁਸਕਰਾਇਆ, ਜਿਵੇਂ ਕੋਈ ਵੱਡਾ ਕੰਮ ਕਰਿਆ ਹੋਵੇ।

"ਚੇਅਰਮੈਨ ਅੰਕਲ ਤੋਂ ਬਿਨਾਂ ਨੀਂ ਜਾਣਾ ਅੰਦਰ, ਫੋਨ-ਫੂਨ ਨੂੰ ਇਹ ਭੈਣ ਦੇ... ਕੁੱਝ ਨੀਂ ਗਿਣਦੇ।" ਉਹਦਾ ਤਜ਼ਰਬਾ ਸਾਨੂੰ ਰੋਕ ਰਿਹਾ ਸੀ। ਪਰ ਸਿਪਾਹੀ ਫੇਰ ਆ ਗਿਆ, "ਥੋਨੂੰ ਸੁਣਿਆ ਨੀਂ ਓਏ, ਫੇਰ ਪਟੇ 'ਤੇ ਚੜਾਂਗੇ' ਰਾਮ ਆਊ।"

"ਬੜੇ ਭਾਈ ਪੰਜ ਮਿੰਟ ਰੁਕਜਾ, ਬਾਈ ਬਣ ਕੇ। ਚੇਅਰਮੈਨ ਅੰਕਲ ਨੂੰ ਆ ਲੈਣ ਦੇ।" ਮਿੱਠੇ ਨੇ ਉਸਨੂੰ ਵਢਿਆਉਣਾ ਚਾਹਿਆ।

ਉਹ ਤਾਂ ਖੜ੍ਹਾ ਸੁਣੀ ਗਿਆ। ਪਰ ਅੰਦਰੋਂ ਉਹੀ ਗੋਰਾ ਜਿਹਾ ਮੁੰਡਾ ਤੇਜ਼ੀ ਨਾਲ਼ ਸਾਡੇ ਵੱਲ ਨੂੰ ਆਇਆ। ਮੇਰੇ ਇੱਕ ਮਾਰਿਆ ਡੰਡਾ ਢੂਖੜੇ 'ਚ... ਦੋ ਮਾਰੇ ਲੱਤਾਂ ਲਮਕਾਈ ਬੈਠੇ ਮਿੱਠੇ ਦੇ ਗਿੱਟਿਆਂ 'ਤੇ। "ਪਾਓ ਇਹਨਾਂ ਨੂੰ ਲੰਮੇ ਬਣਾਈਏ ਬੰਦੇ ਦੇ ਪੁੱਤ, ਬੜੇ ਬਦਮਾਸ਼ਾਂ ਨੂੰ।" ਉਹ ਬਹੁਤ ਗੁੱਸੇ ਸੀ।

ਹੁਣ ਹੁੱਜਤ ਅਸੀਂ ਵੀ ਨੀਂ ਕਰੀ। ਬਸ ਮਹੌਲ ਦੇ ਹਿਸਾਬ ਨਾਲ਼ ਮੂਧੇ ਪੈ ਗਏ। ਤੇ ਜਲਦੀ ਈ ਸਮਝਗੇ, ਬਈ ਇਹ ਜੀਹਦੇ ਕੋਲ਼ ਫ਼ੁਕਰੀਆਂ ਮਾਰ ਕੇ ਨੰਬਰ ਬਣਾਉਂਦੇ ਸੀ, ਇਹ ਫਿਲਮੀ ਹੀਰੋ ਜਿਹਾ ਅਸਲ 'ਚ ਐੱਸ. ਆਈ. ਅਸ਼ੀਸ਼ ਕਪੂਰ ਈ ਐ। ਸਿਵਲ ਕਪੜਿਆਂ ਕਰਕੇ ਅਸੀਂ ਭੁਲੇਖਾ ਖਾ ਗਏ ਹਾਂ।

ਕਈ-ਕਈ ਪਟੇ ਸਾਡੇ ਲੱਗ ਚੁੱਕੇ ਸਨ। ਕਈ-ਕਈ ਗਾਲ਼੍ਹਾਂ ਅਸੀਂ ਖਾ ਚੁੱਕੇ ਸੀ। ਹੁਣ ਬਸ ਖੜਕਾ ਈ ਸੁਣਦਾ ਸੀ, ਚਮੜੀ ਤਾਂ ਸੁੰਨ ਸੀ।

ਜਦੋਂ ਨੂੰ ਚੇਅਰਮੈਨ ਅੰਕਲ ਅੰਦਰ ਆਏ, ਓਦੋਂ ਨੂੰ ਉਹਨੇ ਕੁੱਟ ਆਲ਼ੀ ਝੱਟ ਪੂਰੀ ਕਰ


ਲਈ ਸੀ।

ਐਥੇ ਕਮਾਲ ਦੀ ਗੱਲ ਇਹ ਹੋਈ, ਬਈ ਕਿੱਥੇ ਤਾਂ ਕਹਿੰਦੇ ਸੀ 'ਛੱਬੀ' ਬਣੂ, ਕਿੱਥੇ ਸਾਨੂੰ ਮੁੜ ਕੇ ਕਿਸੇ ਨੇ ਬੁਲਾਇਆ ਤੱਕ ਨੀਂ। ਕੋਈ ਪੁੱਛ-ਗਿੱਛ ਨੀਂ, ਕੋਈ ਪੇਸ਼ੀ ਨੀਂ। ਸ਼ਾਇਦ ਚੇਅਰਮੈਨ ਅੰਕਲ ਦਾ ਪ੍ਰਭਾਵ ਈ ਐਨਾ ਜਿਆਦਾ ਸੀ ਓਦੋਂ।

***

ਮੈਂ ਮਸਾਂ ਇੱਕ ਅੱਧੀ ਵਾਰੀ ਈ ਗਿਆ ਸੀ ਉਹਨਾਂ ਦੇ ਫਾਰਮ ਹਾਊਸ 'ਤੇ। ਕੋਈ ਹੀ ਮੰਤਰੀ ਹੋਊ ਜੋ ਉੱਥੇ ਬੋਟਿੰਗ ਕਰਕੇ ਨਾ ਗਿਆ ਹੋਊ। ਜਾਂ ਜਿਸਨੇ ਫਿਸ਼ਿੰਗ ਨੀਂ ਕੀਤੀ ਹੋਊ। ਇੱਕ ਕਿਸਮ ਦਾ ਟੂਰਿਸਟ ਪੁਆਇੰਟ ਜਿਹਾ ਸੀ ਨਾਨੋਕੀ ਫਾਰਮ। ਮੇਰਾ ਜਾਣ ਨੂੰ ਤਾਂ ਬੜਾ ਦਿਲ ਕਰਦਾ, ਪਰ ਉੱਥੇ ਸ. ਮੇਜਰ ਸਿੰਘ ਭੜੀ, ਮੇਨ ਬੰਦਿਆਂ 'ਚ ਹੁੰਦੇ ਸਨ। ਜਿਵੇਂ ਉਹਨਾਂ ਦੇ ਈ ਸਕੇ ਭਰਾ ਹੋਣ। ਇਹ ਮੇਜ਼ਰ ਸਿੰਘ, ਘੜਘੁੱਲੋ (ਅੰਮ੍ਰਿਤ) ਦੇ ਪਿਤਾ ਜੀ ਹਨ। ਬਸ ਮੈਨੂੰ ਆਪਣਾ ਪਾਲ਼ਾ ਖਾਈ ਜਾਂਦਾ। ਕਿਤੇ ਉਹ ਮੈਨੂੰ ਵੀ ਮਿੱਠੇ ਹੋਰਾਂ ਵਾਂਗੂ ਬਦਮਾਸ਼ ਟਾਈਪ ਨਾ ਸਮਝ ਲੈਣ। ਮੈਨੂੰ ਇੱਕ ਵਹਿਮ ਜਿਹਾ ਸੀ ਕਿ ਮੇਰਾ ਰਿਸ਼ਤਾ ਉਸੇ ਕੁੜੀ ਨਾਲ਼ ਹੋਵੇਗਾ। ਜਦੋਂ ਕਿ ਉਹਦੇ ਯਾਦ ਚੇਤੇ ਵੀ ਨੀਂ ਸੀ ਓਦੋਂ। ਇਸ ਲਈ ਮੈਂ ਨਾਨੋਕੀ ਆਲ਼ੇ ਫਾਰਮ ਹਾਊਸ ਤੋਂ ਦੂਰ ਈ ਰਿਹਾ। ਹਾਂ ਇੱਕ ਵਾਰ ਮੈਨੂੰ ਮਿੱਠੇ ਵਰਗੇ ਧੱਕੇ ਨਾਲ਼ ਲੈ ਗੇ' ਸੀ, ਜਦੋਂ ਉੱਥੇ ਪ੍ਰਕਾਸ਼ ਸਿੰਘ ਬਾਦਲ ਆਇਆ ਹੋਇਆ ਸੀ। ਉੱਥੇ ਬਾਦਲ ਸਾਹਬ ਨੂੰ ਉਹਨਾਂ ਦੇ ਜਵਾਕਾਂ ਨੂੰ ਗੋਦੀ ਚੱਕ-ਚੱਕ ਫੋਟੋਆਂ ਖਿਚਵਾਉਂਦਾ, ਮੈਂ ਆਪ ਦੇਖਿਐ। ਉਹਨਾਂ ਜਵਾਕਾਂ 'ਚ ਇੱਕ ਅੱਜ ਦਾ ਪੰਜਾਬੀ ਫਿਲਮਾਂ ਦਾ ਪ੍ਰਸਿੱਧ ਲੇਖਕ ਮੌਲੀ (ਯਸ਼ ਗਰੇਵਾਲ) ਵੀ ਸੀ ਜਮਾ ਭੋਲੂ ਕਾਕੇ ਵਰਗਾ।

ਮਿੱਠਾ ਮੈਨੂੰ ਕਹਿੰਦਾ, "ਭਲਵਾਨਾ, ਕਿਸਮਤ ਤਾਂ ਇਨ੍ਹਾਂ ਮੌਲੀ ਹੋਰਾਂ ਦੀ ਐ। ਦੇਖਲੈ ਕਿੱਡੇ-ਕਿੱਡੇ ਲੀਡਰ ਗੋਦੀ ਚੱਕਦੇ ਨੇ। ਸਾਨੂੰ ਸਾਲ਼ਾ ਪਿੰਡ ਦਾ ਸਰਪੰਚ ਵੀ ਨੀਂ ਜਰਦਾ ਦੇਖ ਕੇ।" ਅਸੀਂ ਹੱਸੇ ਬਹੁਤ। ਗੱਲ ਵੀ ਸਹੀ ਸੀ।



ਜਿੰਦਾ ਹੋਈ ਲਾਸ਼

ਘਰ ਤੋਂ ਕਾਲਜ ਨੂੰ ਤਿਆਰ ਹੋ ਕੇ ਜਾਣਾ, ਫੇਰ ਨਾਭੇ ਘੁੰਮਦੇ-ਘੁਮਾਉਂਦੇ ਲੜਦੇ-ਝਗੜਦੇ ਰਹਿਣਾ, ਕਈ-ਕਈ ਦਿਨ ਘਰੇ ਨਾ ਮੁੜਨਾ, ਹੁਣ ਆਮ ਜਿਹੀ ਗੱਲ ਸੀ। ਘਰ ਵਾਪਸ ਨਾ ਆਉਣ ਦਾ ਸੁਨੇਹਾ ਵੀ ਕਦੇ ਲੱਗ ਜਾਂਦਾ। ਕਦੇ ਵਾਪਸ ਜਾ ਕੇ ਈ ਦੱਸਦੇ ਕਿ ਮੈਨੂੰ ਕੰਮ ਪੈ ਗਿਆ ਸੀ। ਫੋਨ ਓਦੋਂ ਹੁੰਦਾ ਨ੍ਹੀਂ ਸੀ। ਪੰਚਾਇਤੀ ਫੋਨ ਘੱਟ ਈ ਚੱਲਦਾ ਸੀ। ਹਾਂ ਸਾਡੇ ਪਿੰਡ ਆਲ਼ੇ ਮੋਦੇ ਚਾਚੇ ਨੂੰ ਜ਼ਰੂਰ ਕਹਿ ਦਿੰਦਾ ਮੈਂ ਕਿ ਘਰੇ ਦੱਸਦੀਂ, ਬਈ ਅੱਜ ਆਉਣਾ ਨ੍ਹੀਂ। ਮੋਦਾ ਚਾਚਾ ਉਮਰੇ ਤਾਏ ਦਾ ਭਤੀਜਾ ਹੈ। ਉਹ ਬੇਲਦਾਰ ਦੀ ਨੌਕਰੀ ਕਰਨ ਕਰਕੇ ਸਹੌਲੀ ਪਿੰਡ ਦੇ ਨੇੜੇ-ਤੇੜੇ ਮਿਲ ਜਾਂਦਾ ਸੀ।

ਜਦੋਂ ਅਸੀਂ ਕਿਸੇ ਨਾਲ਼ ਲੜਦੇ, ਕੁੱਟਦੇ ਜਾਂ ਕੁੱਟ ਖਾਂਦੇ ਤਾਂ ਮਿੱਠਾ ਦਾਰੂ ਪੀ ਕੇ ਇੱਕ ਗੱਲ ਜ਼ਰੂਰ ਸਾਂਝੀ ਕਰਦਾ ਤੇ ਰੋਂਦਾ ਕਿ ਜਿਨ੍ਹਾਂ ਚਿਰ ਮੇਰੇ ਪਿਓ ਦਾ ਕਾਤਲ ਜੈਲਾ ਜਿਉਂਦੈ, ਓਨੀ ਦੇਰ ਮੇਰੀ ਮਾਂ ਸੁਪਨੇ 'ਚ ਮੈਨੂੰ ਮਿਹਣੇ ਮਾਰਦੀ ਰਹਿੰਦੀ ਐ ਕਿ ਕੀ ਲੰਡੂਆਂ ਆਲ਼ੇ ਕੰਮ ਕਰਦਾ ਰਹਿਨੈ, ਜੇ ਗੈਰਤ ਹੈ ਤਾਂ ਪਿਓ ਦਾ ਬਦਲਾ ਲੈ...। ਜੇ ਅਸੀਂ ਪੁੱਛਣਾ, "ਤੈਨੂੰ ਸੱਚੀ-ਮੁੱਚੀਂ ਵੀ ਕਦੇ ਮਿਹਣਾ ਮਾਰਿਆ, ਬੀਬੀ ਨੇ?"

"ਨਹੀਂ ਯਾਰ, ਊਈਂ ਸਾਲ਼ੇ ਲੋਕ ਭਕਾਈ ਮਾਰਦੇ ਨੇ। ਬੀਬੀ ਤਾਂ ਸਗੋਂ ਝੂਰਦੀ ਰਹਿੰਦੀ ਐ। ਤਾਂ ਹੀ ਐਨਾ ਘੂਰਦੀ ਐ, ਬਈ ਕਿਤੇ ਮੇਰੇ ਕੋਈ ਸੱਟ ਫੇਟ ਨਾ ਲੱਗੇ, ਮੈਂ ਕਿਸੇ ਨਾਲ਼ ਲੜ ਨਾ ਪਵਾਂ। ਪਰ ਸੁਪਨੇ 'ਚ ਜ਼ਰੂਰ ਲਾਹਣਤਾਂ ਪਾਉਂਦੀ ਐ। ਖਾਸ ਕਰਕੇ ਉਸ ਰਾਤ ਤਾਂ ਇਹ ਸੁਪਨਾ ਆਉਂਦਾ ਹੀ ਆਉਂਦੈ, ਜਿੱਦਣ ਆਪਾਂ ਕੋਈ ਕੁੱਟ-ਕੁਟਾਪਾ ਕਰਦੇ ਆਂ।"

ਭਾਵੁਕ ਹੋ ਕੇ ਅਸੀਂ ਸਲਾਹਾਂ ਬਣਾਉਂਦੇ ਕਿ ਕਿੱਥੇ ਹੈ, ਕਿਵੇਂ ਮਿਲੂ? ਫੇਰ ਕਿਵੇਂ ਮਾਰ ਕੇ, ਲਾਸ਼ ਦਾ ਕੀ ਕਰਨੈ? ਪਤਾ ਕਰਦੇ ਅੱਜ ਕੱਲ੍ਹ ਰਹਿੰਦਾ ਕਿੱਥੇ ਹੈ? ਕਈ ਵਾਰ ਤਾਂ ਨਾਕਾ ਵੀ ਲਾਇਆ। ਪਰ ਅਸਾਨੀ ਨਾਲ਼ ਉਹ ਹੱਥ ਆਉਣ ਆਲ਼ਿਆਂ 'ਚੋਂ ਨ੍ਹੀਂ ਸੀ।

ਪਤਾ ਲੱਗਿਆ ਜਰਨੈਲ, ਮੋਰਿੰਡੇ ਲਾਗੇ ਕਿਸੇ ਪਿੰਡ ਕੋਲ਼ ਗੁਰੂ-ਘਰ 'ਚ ਸੇਵਾ ਕਰਦਾ ਹੈ।

ਜੈਲਾ ਵਿਆਹਿਆ-ਵਰਿਆ ਤਾਂ ਹੈ ਨ੍ਹੀਂ ਸੀ। ਕਹਿੰਦੇ, ਉਸਨੇ ਹੋਰ ਵੀ ਇੱਕ ਦੋ ਕਤਲ ਕੀਤੇ ਸਨ। ਇੱਕ ਮੁੰਡਾ ਤਾਂ ਸੁਣਦੇ ਸੀ ਬਈ ਚਨਾਰਥਲ ਪਿੰਡ ਦਾ ਸੁਧੇ ਟਰੱਕ ਗਾਇਬ ਕਰਤਾ ਸੀ। ਉਹਦਾ ਘਰੋਂ ਤੁਰੇ ਰਹਿਣ ਦਾ ਇਹ ਵੀ ਕਾਰਨ ਸੀ। ਉਹਨੂੰ ਡਰ ਲੱਗਾ ਰਹਿੰਦਾ ਕਿ ਕੋਈ ਬਦਲਾ ਨਾ ਲੈ ਲਵੇ...। ਜਾਨੋਂ ਨਾ ਮਾਰ ਦੇਵੇ। ਉਹ ਜਿਹੜੇ ਰਸਤਿਓਂ ਇੱਕ ਵਾਰੀ ਜਾਂਦਾ, ਵਾਪਸ ਉਸੇ ਰਸਤਿਓਂ ਨਹੀਂ ਸੀ ਮੁੜਦਾ। ਜੇ ਮੁੜਦਾ ਤਾਂ ਕੱਪੜੇ ਬਦਲਕੇ ਮੁੜਦਾ ਸੀ।

ਦੋ-ਤਿੰਨ ਵਾਰੀ ਅਸੀਂ ਉਸਨੂੰ ਉਡੀਕਦੇ ਰਹੇ ਸਾਰੀ-ਸਾਰੀ ਰਾਤ, ਪਰ ਹੱਥ ਨਾ

ਲੱਗਾ...। ਸਾਡੇ ਨਾਲ਼ ਕੀਰਤ ਭੋਜੋ ਮਾਜਰੀ ਵੀ ਹੁੰਦਾ। ਕੀਰਤ ਅਸਲ 'ਚ ਤਾਂ ਰਾਇਮਣ ਮਾਜਰੀ ਆਲ਼ੇ ਰਾਜੂ ਦਾ ਦੋਸਤ ਸੀ। ਪਰ ਮੇਰਾ ਉਸ ਨਾਲ਼ ਪਤਾ ਨ੍ਹੀਂ ਕਿਉਂ ਬਹੁਤ ਜ਼ਿਆਦਾ ਪਿਆਰ ਪੈ ਗਿਆ। ਮੈਂ ਉਸਦੀ ਸਿੱਖੀ ਦਾ ਫੈਨ ਸੀ, ਉਹ ਮੇਰੀਆਂ ਕਮਲ਼ੀਆਂ ਗੱਲਾਂ ਦਾ...। ਮਿੱਠੇ ਨਾਲ਼ ਵੀ ਉਹ ਮੇਰੇ ਕਰਕੇ ਈ ਜੁੜਿਆ ਸੀ। ਉਹਦਾ ਅਸਲ ਗਰੁੱਪ ਹੋਰ ਸੀ ਜੋ ਹੁਣ ਕਈ ਕਾਰਨਾਂ ਕਰਕੇ ਖਿੰਡ-ਪੁੰਡ ਗਿਆ ਸੀ। ਫੇਰ ਉਸਦੀ ਮਿੱਠੇ ਨਾਲ਼ ਬਣਨੋਂ ਹਟ ਗੀ'। ਉਹ ਦਾਰੂ, ਸਿਗਰਟਾਂ ਨੂੰ ਨਫ਼ਰਤ ਕਰਦਾ ਤੇ ਮਿੱਠਾ ਬੁਝਣ ਨ੍ਹੀਂ ਸੀ ਦਿੰਦਾ। ਦੂਜਾ, ਪੈਸੇ ਲੈ ਕੇ ਕੰਮ ਕਰਨਾ ਉਹ ਪਸੰਦ ਨ੍ਹੀਂ ਸੀ ਕਰਦਾ। ਉਸਦੀ ਸਿੱਖੀ ਉਸਨੂੰ ਰੋਕਦੀ ਰਹਿੰਦੀ।

ਉਸ ਰਾਤ ਮੈਂ ਤੇ ਮਿੱਠਾ ਦੋਵੇਂ ਸੀ। ਸਰਦੀਆਂ ਦੇ ਦਿਨ, ਮੱਲੀ ਹੋਈ ਕਣਕ ਨੂੰ ਪਾਣੀ ਲੱਗ ਰਿਹਾ ਸੀ। ਅਖੀਰੀ ਜ਼ੋਰ ਮਾਰਦੀ ਧੁੰਦ, ਲੌਢੇ ਵੇਲ਼ੇ ਨੂੰ ਬੱਗੀ-ਬੱਗੀ ਚਿਟਿਆਈ 'ਚ ਬਦਲ ਰਹੀ ਸੀ।

ਅਸੀਂ ਸਕੂਟਰ ਪਟੜੀ ਦੇ ਨਾਲ਼ ਲੰਬਾ ਪਾ ਕੇ ਪਰਾਲ਼ੀ ਨਾਲ਼ ਢਕ ਦਿੱਤਾ।

ਪੂਰਾ ਪਤਾ ਕਰ ਲਿਆ ਸੀ ਕਿ ਉਹ ਕਿਹੜੇ ਰਸਤੇ ਗਿਆ, ਵਾਪਸ ਕਿੱਧਰੋਂ ਆ ਸਕਦੈ।

ਉਹ ਪਿੰਡ 'ਚ ਡਾਲੀ 'ਕੱਠੀ ਕਰਨ ਜਾਂਦਾ ਸੀ, ਪਰ ਰੋਜ਼ਾਨਾ ਨਹੀਂ ਕਦੇ-ਕਦੇ। ਉਸ ਪਿੰਡ ਵਿੱਚ ਇੱਕ ਮਜ੍ਹਬੀਆਂ ਦਾ ਮੁੰਡਾ ਰਹਿੰਦਾ ਸੀ, ਉਹੀ ਸਾਨੂੰ ਮਾੜੀ ਮੋਟੀ ਜਾਣਕਾਰੀ ਦਿੰਦਾ ਸੀ। ਉਸ ਦਿਨ ਵੀ ਉਹਨੇ ਈ ਦੱਸਿਆ ਕਿ ਅੱਜ ਕਿਸੇ ਦੇ ਘਰ ਅਖੰਡਪਾਠ ਪ੍ਰਕਾਸ਼ ਕਰਾਇਆ ਹੋਇਆ। ਜਾਣਕਾਰੀ ਵੀ ਉਹ ਤਾਂ ਕਰਕੇ ਦਿੰਦਾ, ਕਿਉਂਕਿ ਉਸਦੇ ਜੀਜੇ ਨੂੰ ਗੁਰੂ ਘਰੋਂ ਜਰਨੈਲ ਨੇ ਹੀ ਕਢਵਾਇਆ ਸੀ। ਭਨਿਆਰੇ ਆਲ਼ੇ ਸਾਧ ਦਾ ਚੇਲਾ ਹੋਣ ਦਾ ਇਲਜਾਮ ਲਗਾ ਕੇ। ਉਹ ਮੁੰਡਾ ਬਹੁਤ ਖਾਰ ਖਾਂਦਾ ਸੀ ਉਸਤੋਂ, ਪਰ ਕਮਜ਼ੋਰ ਹੋਣ ਕਰਕੇ ਡਰਦਾ ਸੀ। ਓਹਤੋਂ ਡਰਨਾ ਵੀ ਜਾਇਜ ਹੀ ਸੀ। ਲਾਲ ਅੱਖਾਂ, ਅੱਖਾਂ 'ਚ ਜਿਵੇਂ ਸਾਫ਼ ਲਿਖਿਆ ਹੋਵੇ ਕਿ ਮਾਰ ਕੇ ਦੱਬਦੂੰ ਧਰਤੀ 'ਚ। ਕਿਸੇ ਨੂੰ ਖਬਰ ਵੀ ਨ੍ਹੀਂ ਲੱਗਣੀ।

ਗੁਰੂ ਘਰ ਪਿੰਡੋਂ ਸਵਾ ਕੁ ਮੀਲ ਦੂਰ ਚੜ੍ਹਦੀ ਵੱਲ ਸੀ। ਗੁਰਦੁਆਰੇ ਨੂੰ ਪਿੰਡੋਂ ਇੱਕ ਕੱਚੀ ਜਿਹੀ ਦੋ ਕੁ ਗੱਠੇ ਦੀ ਸੜਕ ਜਾਂਦੀ ਸੀ। ਬਾਕੀ ਇੱਕ-ਦੋ ਚੌੜੀਆਂ-ਚੌੜੀਆਂ ਵੱਟਾਂ ਆਉਂਦੀਆਂ ਸਨ, ਨਾਲ਼ ਦੀਆਂ ਮੋਟਰਾਂ ਤੋਂ।

ਅਸੀਂ ਪਿੰਡੋਂ ਆਉਂਦਿਆਂ ਖੱਬੇ ਹੱਥ ਰਸਤੇ 'ਚ ਐਨ ਵਿਚਕਾਰੋਂ ਜਿਹੇ, ਦੋ ਕੁ ਸੌ ਮੀਟਰ 'ਤੇ ਨਾਕਾ ਲਗਾ ਲਿਆ। ਮੋਟਰ ਤੱਕ ਇੱਕ ਪਹੀ ਪਿੰਡੋਂ ਇੱਕ ਦੋ ਮੋਟਰਾਂ ਤੋਂ ਹੁੰਦੀ ਹੋਈ ਇੱਕ ਮੋਟਰ ਨੂੰ ਲਗਦੀ। ਓਥੋਂ ਅੱਗੇ ਗੁਰੂ ਘਰ ਦੇ ਐਨ ਕੋਲ਼ ਪਿੱਛਲੇ ਗੇਟ ਤੱਕ ਚੌੜੀ ਜਿਹੀ ਵੱਟ ਜਾਂਦੀ ਸੀ। ਸਾਨੂੰ ਉਸ ਮੁੰਡੇ ਨੇ ਸਾਰਾ ਨਕਸ਼ਾ ਸਮਝਾ ਦਿੱਤਾ ਸੀ ਕਿ ਉਹ ਜਦੋਂ ਸੜਕ 'ਤੋਂ ਦੀ ਪਿੰਡ ਜਾਂਦੈ ਤਾਂ ਵਾਪਸ ਆਏਂ ਇਸ ਰਸਤਿਓ ਆਉਂਦੈ। ਅਸੀਂ ਮੂਰਖ ਬਿਨਾਂ ਕਿਸੇ ਖੇਸੀ-

ਚਾਦਰ ਤੋਂ ਪਰਾਲ਼ੀ ਦੇ ਗਰੇ ਨੂੰ ਢੂੰਹ ਲਾ ਕੇ ਬੈਠ ਗੇ'। ਠੰਡ 'ਚ ਪਰਾਲ਼ੀ ਦੀ ਗਰਮਾਹਟ ਜਿਹੀ ਥੋੜ੍ਹਾ ਅਰਾਮ ਦੇਵੇ। ਦਾਰੂ ਮੈਂ ਮਿੱਠੇ ਨੂੰ ਪੀਣ ਨਾ ਦਿੱਤੀ। ਉਹਨੇ ਇੱਕ ਦੋ ਵਾਰੀ ਲੱਕ 'ਤੇ ਲੱਗਿਆ ਅਧੀਆ ਪੀਣਾ ਵੀ ਚਾਹਿਆ, ਪਰ ਮੈਂ ਮਨ੍ਹਾਂ ਕਰਤਾ। ਮੈਨੂੰ ਇਹ ਸੀ ਕਿ ਮਿੱਠਾ ਤਾਂ ਬਿਨਾਂ ਪੀਤੀ ਤੋਂ ਈ ਬਹੁਤ ਔਖਾ ਤੁਰਦੈ, ਮੁੜ-ਮੁੜ ਮਾਰਨ ਲੱਗ ਜਾਂਦੈ ਅਗਲੇ ਦੇ। ਓਦਣ ਤਾਂ ਫੇਰ ਪਿਉ ਦਾ ਬਦਲਾ ਲੈਣਾ ਸੀ। ਮੈਂ ਪੀਣ ਨਾ ਦਿੱਤੀ।

ਠੰਡ ਲੱਗੇ, ਸੋਚੀਏ ਧੂਣੀ ਬਾਲ਼ ਲਈਏ। ਫੇਰ ਦਿਮਾਗ 'ਚ ਆਵੇ, ਕਿਤੇ ਦੂਰੋਂ ਕਿਸੇ ਨੂੰ ਦਿਖ ਨਾ ਜਾਈਏ। ਇੱਕ ਵਾਰ ਤਾਂ ਕੋਠੇ ਦੇ ਓਹਲੇ ਜਿਹੇ ਕਰਕੇ ਥੋੜ੍ਹਾ ਚਿਰ ਸੇਕ ਵੀ ਲਿਆ, ਫੇਰ ਬੁਝਾ ਵੀ ਜਲਦੀ ਦਿੱਤੀ।

ਸਮਾਂ ਕੋਈ ਬਾਰਾਂ, ਸਾਢੇ ਬਾਰਾਂ, ਦਾ ਹੋਊ। ਸਾਨੂੰ ਕੁਛ ਖੜਕਾ ਸੁਣਿਆ, ਜਿਵੇਂ ਕੋਈ ਆਉਂਦਾ ਹੋਵੇ। ਦਬੇ ਪੈਰੀਂ ਗਰੇ ਦੇ ਦੂਜੇ ਬੰਨੇ ਹੋ ਕੇ ਲੱਗ ਪੇ' ਬਿੜਕਾਂ ਭੰਨਣ। ਮੈਂ ਕੁਹਾੜੀ ਨੂੰ ਬਾਹੋਂ ਕੋਲ਼ੋਂ ਚਾਰ ਉਂਗਲਾਂ ਦੀ ਵਿੱਥ ਛੱਡ ਕੇ ਫੜ ਲਿਆ। ਫੇਰ ਸਾਹ ਜਿਹਾ ਅੰਦਰ ਨੂੰ ਖਿੱਚ ਕੇ ਬੁੱਲ੍ਹਾਂ ਕੋਲ਼ੋਂ ਤੇਜੀ ਨਾਲ਼ ਸਾਹ ਬਾਹਰ ਨੂੰ ਛੱਡਿਆ। ਫੇਰ ਹੱਥ ਢਿੱਲੇ ਕਰਕੇ ਬਾਹੋਂ ਨੂੰ ਦੁਬਾਰਾ ਜਕੜ ਲਿਆ ਅਤੇ ਬਾਹਾਂ, ਡੌਲ਼ੇ ਸਭ ਇੱਕ ਸ਼ੇਪ 'ਚ ਕਰਲੇ। ਮਿੱਠੇ ਨੇ ਵੀ ਕਿਰਪਾਨ ਨੂੰ ਦੋਵੇਂ ਹੱਥਾਂ ਨਾਲ਼ ਹਿਲਾ ਕੇ ਜੇ ਦੇਖਿਆ, ਜਿਵੇਂ ਬੰਦਾ ਜੋਹ ਕੇ ਦੇਖਦਾ ਹੋਵੇ, ਬਈ ਕਿਤੇ ਮਾਰਨ ਲੱਗੇ ਧੋਖਾ ਤਾਂ ਨ੍ਹੀਂ ਮਿਲੂ।

ਮੇਰੀਆਂ ਲੱਤਾਂ ਤਾਂ ਨਾ ਕੰਬੀਆਂ, ਪਰ ਧੜਕਣ ਪੂਰੀ ਤੇਜ਼ ਹੋ ਗੀ'। ਸਭ ਕੁਛ ਅੱਖਾਂ ਮੂਹਰੇ ਘੁੰਮ ਗਿਆ। ਮਿੱਠੇ ਦੇ ਪਿਓ ਸ. ਹਰਦਮ ਸਿੰਘ ਭਲਵਾਨ ਦਾ ਧੋਖੇ ਨਾਲ਼ ਕੀਤਾ ਕਤਲ। ਕਿਵੇਂ ਜੈਲੇ ਨੇ ਉਸਦੇ ਪੈਰਾਂ ਭਾਰ ਬੈਠੇ ਦੇ ਪਿੱਛੋਂ ਖੜ੍ਹ ਕੇ, ਕੁਹਾੜੀ ਨਾਲ਼ ਵਾਰ ਕੀਤਾ ਸੀ। ਇਹ ਸਭ, ਮੇਰੀ ਦੋਸਤੀ ਅਤੇ ਅੰਦਰ ਬੈਠੇ ਅਣਖੀ ਤੱਤਾਂ ਨੂੰ ਜਗਾ ਰਿਹਾ ਸੀ ਕਿ ਕੀ ਕਰਨੈ ਇਹੋ ਜਿਹੀ ਜ਼ਿੰਦਗੀ ਦਾ, ਜੋ ਨਿਰਦੋਸ਼ ਦਾ ਬਦਲਾ ਨ੍ਹੀਂ ਲੈ ਸਕਦੀ, ਦੋਸਤ ਨਾਲ਼ ਨ੍ਹੀਂ ਖੜ੍ਹ ਸਕਦੀ।

ਪਰ ਦੂਜਾ ਦ੍ਰਿਸ਼ ਵੀ ਨਾਲ਼ ਦੀ ਨਾਲ਼ ਅੱਖਾਂ ਸਾਹਮਣੇ ਆ ਗਿਆ। ਮੇਰੇ 'ਤੇ ਈ ਤਾਂ ਸੰਸਾਰ ਖੜ੍ਹਾ ਮੇਰੇ ਮਾਂ ਪਿਉ ਦਾ, ਮੇਰੀਆਂ ਭੈਣਾਂ ਦਾ..., ਪਿੰਡ ਦੇ ਲੋਕ ਕੀ ਕਹਿਣਗੇ, ਕਿਵੇਂ ਧੋਇਆ ਜਾਊ ਜੇਲ੍ਹ ਕੱਟਣ ਦਾ ਕਲੰਕ। ਮੈਂ ਤਾਂ ਨੌਕਰੀ ਕਰਨ ਦੇ ਸੁਪਨੇ ਸੰਜੋਏ ਨੇ, ਤੇ ਘਰਦਿਆਂ ਨੂੰ ਕੀ ਜਵਾਬ ...।ਮਾਂ ਨੇ ਇਸ ਤਰ੍ਹਾਂ ਦੇ ਕੰਮਾਂ ਲਈ ਨ੍ਹੀਂ ਜੰਮਿਆ ਮੈਨੂੰ।

ਇਹ ਸਭ ਕੁਛ ਮੈਨੂੰ ਜਿਵੇਂ ਵਰਜ ਵੀ ਰਿਹਾ ਹੋਵੇ, ਕਿ ਨਾ ਕਰ... ਤੂੰ ਇਸ ਲਈ ਪੈਦਾ ਨਹੀਂ ਹੋਇਆ।

ਬੀਬੀ ਦੀਆਂ ਦੱਸੀਆਂ ਸਾਰੀਆਂ ਗੱਲਾਂ ਚੇਤੇ ਆ ਰਹੀਆਂ ਸੀ। ਹੁਣ ਮਿੱਠੇ ਨੇ ਮੈਥੋਂ ਕੁਹਾੜੀ ਫੜ ਲੀ' ਤੇ ਕਿਰਪਾਨ ਫੜਾ 'ਤੀ। ਮੈਂ ਸਮਝ ਗਿਆ ਸੀ ਕਿ ਇਹ ਅੱਜ ਵੀਹ ਸਾਲ ਪੁਰਾਣਾ ਇਤਿਹਾਸ ਦੁਹਰਾਉਣ ਲਈ ਹਥਿਆਰ ਬਦਲ ਰਿਹੈ। ਮੈਂ ਵੀ ਸ਼ਸ਼ੋਪੰਜ 'ਚੋਂ ਬਾਹਰ

ਨਿੱਕਲਣ ਲਈ ਉਸਦੇ ਲੱਕ 'ਚੋਂ ਅਧੀਆ ਕੱਢਿਆ ਤੇ ਅੱਧਾ ਨਿਘਾਰ ਲਿਆ। ਦਿਲ ਜਿਹਾ ਕੈੜਾ ਹੋ ਗਿਆ ... ਮਿੱਠਾ ਆਂਏਂ ਨਾਂਹ ਦੇ ਇਸ਼ਾਰੇ 'ਚ ਸਿਰ ਹਿਲਾਉਂਦਾ ਕਹਿੰਦਾ, "ਇਹਨੂੰ ਸਿੱਟ ਦੇ ਭਲਵਾਨਾ... ਕੈਮ ਹੋ ਜਾ... ਸ਼ਿਕਾਰ ਤਾਂ ਆ ਗਿਆ ਸਮਝ... ਘਬਰਾਈਂ ਨਾ... ਤੇਰਾ ਨੌਂ ਨ੍ਹੀਂ ਆਉਣ ਦਿੰਦਾ, ਸਾਰਾ ਕੇਸ ਆਪਦੇ ਸਿਰ ਪਵਾਊਂ।" "ਮਿੱਠੇ ਬਾਈ, ਇਹ ਕੋਈ ਚੋਰੀ ਡਾਕੇ ਦਾ ਕੇਸ ਨ੍ਹੀਂ, ਇਹ ਤਾਂ ਅਣਖ ਆਲ਼ੀ ਗੱਲ ਐ...। ਮੈਂ ਨ੍ਹੀਂ ਭੱਜਦਾ।" ਊਂ ਮੈਂ ਬਾਕੀ ਝਗੜਿਆਂ 'ਚ ਨਾਮ ਨ੍ਹੀਂ ਸੀ ਆਉਣ ਦਿੰਦਾ। ਮੇਰੀ ਜਗ੍ਹਾ ਬਬਲੀ ਵਰਗੇ ਨਾਮ ਲਿਖਵਾ ਦਿੰਦੇ ਸਨ।

ਮੈਨੂੰ ਇਸ ਗੱਲ 'ਤੇ ਯਕੀਨ ਵੀ ਸੀ। ਪਹਿਲਾਂ ਵੀ ਛੋਟੀਆਂ-ਮੋਟੀਆਂ ਰਿਪੋਰਟਾਂ, ਕੇਸਾਂ 'ਚ, ਉਹ ਮੈਨੂੰ ਪਾਰਟੀ ਨਹੀਂ ਸੀ ਬਣਨ ਦਿੰਦੇ।

ਪਰ ਉਹ ਜਿਸ ਦੀ ਬਿੜਕ ਆਈ ਸੀ, ਉਹ ਤਾਂ ਮੋਟਰ ਦਾ ਮਾਲਕ ਸੀ। ਉਹਨੇ ਨਾਲ਼ ਦੀ ਮੋਟਰ, ਜਿਹੜੀ ਉਸ ਗੁਰੂ ਘਰ ਨੂੰ ਜਾਂਦੀ ਸੜਕ ਦੇ ਐਨ ਉੱਤੇ ਸੀ, ਕਿਸੇ ਭਈਏ ਨੌਕਰ ਨੂੰ ਅਵਾਜ ਮਾਰੀ, "ਉਏ ਰਾਮੂ, ਚੂਨੇ ਦਾ ਭੋਰਾ ਦੇ ਕੇ ਜਾਈਂ ਪੁੜੀ 'ਚ ਹੈ ਈ ਨ੍ਹੀਂ, ਸਾਲ਼ੇ ਬੇਈਮਾਨਾਂ ਨੇ ਜਰਦਾ 'ਕੱਲਾ ਈ ਭਰਤਾ ਮਾਂ ਦੇ... 'ਚ।" ਉਹ ਹਾਕ ਮਾਰਦਾ ਹੋਇਆ ਸਾਨੂੰ ਪਾਰ ਕਰ ਗਿਆ। ਅਸੀਂ ਓਧਰ ਨੂੰ ਤੁਰ ਪੇ' ਜਿੱਧਰੋਂ ਉਹ ਆਇਆ ਸੀ। ਪਰ ਤੁਰਦੇ ਰਹੇ ਸੀ ਕਣਕੋ-ਕਣਕ ਕਿ ਕਿਤੇ ਉਹ ਜੱਟ ਪਹੀ 'ਚ ਨੂੰ ਨਾ ਦੇਖ ਲਵੇ ਜਾਂ ਕੋਈ ਹੋਰ ਨਾ ਆ ਜਾਵੇ ਨੌਕਰ ਵਗੈਰਾ।

ਅਗਲੀ ਮੋਟਰ ਦੇ ਕੋਠੇ ਕੋਲ਼ ਪੁੱਜ ਗੇ'। ਉਸ ਤੋਂ ਥੋੜ੍ਹੀ ਦੂਰ ਇੱਖ ਦੇ ਕਿਆਰੇ 'ਚੋਂ ਗੱਲਾਂ ਕਰਨ ਦੀਆਂ ਅਵਾਜਾਂ ਆਉਣ। ਹੁਣ ਇਹ ਕੌਣ ਨੇ ? ਇਹ ਨਵੀਂ ਮੁਸੀਬਤ ਸੀ। ਭਾਰੀ ਜਿਹੀ ਅਵਾਜ ਆਲ਼ਾ ਭਾਈ ਬੋਲ ਰਿਹਾ ਸੀ, "ਸ਼ਾਮੇ, ਫਾਇਰ ਸਿੱਧਾ ਛਾਤੀ 'ਚ ਮਾਰਨੈਂ। ਨਹੀਂ ਤਾਂ ਤੇਰੇ ਸਿਰ 'ਚ ਖੋਲ੍ਹੂੰ ਬਰਸਟ ਪੂਰੇ ਦਾ ਪੂਰਾ...।" "ਭਾਊ, ਜੇ ਉਹ ਸਿੱਧਾ ਈ ਮੰਨ ਗਿਆ ਫੇਰ ਤਾਂ ਕੋਈ ਲੋੜ ਨ੍ਹੀਂ।" ਦੂਜੇ ਨੇ ਥੋੜ੍ਹਾ ਡਰਿਆ ਹੋਇਆ ਜਵਾਬ ਦਿੱਤਾ। "ਫੇਰ ਤਾਂ ਕੋਈ ਲੋੜ ਨ੍ਹੀਂ" ਤੋਂ ਬਾਅਦ ਸਾਨੂੰ ਕੁਛ ਨਾ ਸੁਣਿਆ। ਸਾਡੇ ਪੈਰ ਭਿੱਜ ਗੇ'... ਕਿਆਰੇ 'ਚ ਪਾਣੀ ਪਹੁੰਚ ਗਿਆ ਸੀ, ਜਿਸਦੀ ਵੱਟ 'ਤੇ ਅਸੀਂ ਬੈਠੇ ਸੀ। ਪਾਣੀ ਬੂਟਾਂ 'ਚ ਵੜ ਗਿਆ ਸੀ।

ਪਰ ਕੋਸਾ-ਕੋਸਾ ਜਿਹਾ ਸੀ। ਇੱਖ 'ਚੋਂ ਆਈ ਅਵਾਜ ਤੋਂ ਅਸੀਂ ਡਰ ਗੇ' ਸੀ। ਡਰਨਾ ਸੁਭਾਵਿਕ ਸੀ। ਬੇਸ਼ੱਕ ਓਦੋਂ ਸਤੱਨਵੇਂ-ਅਠੱਨਵੇਂ 'ਚ ਖਾੜਕੂ ਲਹਿਰ ਮੱਠੀ ਹੋਈ ਪਈ ਸੀ। ਪਰ ਛੋਟੇ ਹੁੰਦਿਆਂ ਨੇ ਗੱਲਾਂ ਈ ਐਨੀਆਂ ਸੁਣੀਆਂ ਹੋਈਆਂ ਸਨ ਕਿ ਹੌਲ ਪਵੇ। ਮਿੱਠਾ ਕਹਿੰਦਾ, "ਇਹ ਵੀ ਤਾਂ ਯਾਰ ਧੱਕੇ ਸ਼ਾਹੀਆਂ ਦੇ ਬਦਲੇ ਲੈ ਰਹੇ ਨੇ। ਆਪਾਂ ਵੀ.... ਜੇ ਪਤਾ ਲੱਗ ਗਿਆ, ਤਾਂ ਵੀ ਕੀ ਹੁੰਦੈ।"

ਮੈਂ ਆਖਿਆ, "ਤੂੰ ਨ੍ਹੀਂ ਸੁਣਿਆ, ਬਈ ਸਿੰਘ ਸ਼ਰਾਬੀ ਨੂੰ ਤਾਂ ਜਮਾਂ ਨ੍ਹੀਂ ਬਖ਼ਸ਼ਦੇ।

ਹੌਲੀ-ਹੌਲੀ ਮੋਟਰ ਦੇ ਕੋਠੇ 'ਚ ਜਾ ਵੜਦੇ ਹਾਂ। ਅੰਦਰੋਂ ਕੁੰਡਾ ਲਗਾ ਲਾਂਗੇ। ਜੇ ਉਹ ਦਰਵਾਜ਼ਾ ਤੋੜਨਗੇ ਤਾਂ ਵੀ ਸਮਾਂ ਮਿਲ ਜੂ'...। ਆਪਣੀ ਗੱਲ ਕਹੀ ਜਾਊ, ਕਿ ਅਸੀਂ ਬਾਪ ਦੇ ਕਤਲ ਦਾ ਬਦਲਾ ਲੈਣ ਆਏ ਹਾਂ।"

"ਤੂੰ ਰੁਕ ਮੈਂ ਦੇਖਦੈਂ।" ਉਹ ਥੋੜ੍ਹੀ ਦੂਰ ਤੱਕ ਗਿਆ, ਪਰ ਉਹਨੀਂ ਪੈਰੀਂ ਵਾਪਸ ਆ ਗਿਆ। ਬਹੁਤ ਡਰਿਆ ਹੋਇਆ। ਬੋਲ ਨਾ ਨਿੱਕਲੇ ਉਸਦਾ, ਕੰਬੀ ਜਾਵੇ।

ਮੇਰੇ ਪੁੱਛਣ 'ਤੇ ਮਸਾਂ ਬੋਲਿਆ। ਕਹਿੰਦਾ, "ਯਾਰ, ਗੇਟ 'ਚ ਤਾਂ ਲਾਸ਼ ਪਈ ਐ। ਮਿੱਥੇ ਨੀਂ ਅੰਦਰ ਜਾ ਹੋਣਾ।" ਮਿੱਠਾ ਐਨਾ ਡਰਿਆ ਹੋਇਆ ਸੀ ਕਿ ਅਵਾਜ਼ ਮੂੰਹ ਦੀ ਬਜਾਏ ਢਿੱਡ 'ਚੋਂ ਆਈ। ਮੈਂ ਵੀ ਘਬਰਾ ਗਿਆ। ਸਾਨੂੰ ਲੱਗਿਆ ਜੇ ਹੁਣ ਐਥੋਂ ਉੱਠ ਕੇ ਜਾਣ ਦੀ ਸੋਚੀ ਤਾਂ ਕਿਤੇ ਤੁਰੇ ਜਾਂਦਿਆਂ ਦੇ ਪਿੱਛੋਂ ਗੋਲੀ ਈ ਨਾ ਮਾਰ ਦੇਣ। ਸਾਨੂੰ ਵੀ ਲਾਸ਼ ਈ ਨਾ ਬਣਾ ਦੇਣ।

ਮੈਂ ਆਖਿਆ, "ਜੇ ਆਪਾਂ ਲਾਸ਼ ਦੇ ਉਪਰੋਂ ਦੀ ਟੱਪ ਜੀਏ।" "ਯਾਰ ਤੂੰ ਉਪਰੋਂ ਟੱਪਣ ਦੀ ਸੋਚਦੈਂ। ਮਿੱਥੇ ਕਿਸੇ ਨੂੰ ਸਸਕਾਰ ਤੋਂ ਪਹਿਲਾਂ ਨਹਾਉਂਦਿਆਂ ਨੀਂ ਦੇਖਿਆ ਜਾਂਦਾ।" ਉਹਨੇ ਝੁਰਝੁਰੀ ਜਿਹੀ ਲਈ।

ਕਮਾਲ ਸੀ ਮਿੱਠੇ ਦਾ ਵੀ। ਜਿਹੜਾ ਕਿਸੇ ਨੂੰ ਲਾਸ਼ ਬਣਾਉਣ ਲਈ ਕਾਹਲਾ ਹੋਇਆ ਪਿਆ ਸੀ। ਜਿਸ ਤੋਂ ਕਹਿੰਦੇ-ਕਹਾਉਂਦੇ ਬਦਮਾਸ਼ ਥਰ-ਥਰ ਕੰਬਦੇ ਸਨ, ਉਹ ਇੱਕ ਅਣਪਛਾਤੀ ਲਾਸ਼ ਤੋਂ ਕੰਬ ਰਿਹਾ ਸੀ।

ਇੱਕ ਮੈਂ ਸੀ ਜਿਸ ਤੋਂ ਲੋਕ ਵੀ ਨੀਂ ਕੰਬਦੇ ਸਨ ਤੇ ਨਾ ਮੈਂ ਕਿਸੇ ਲਾਸ਼ ਤੋਂ ਕਦੇ ਕੰਬਿਆ। ਮੈਂ ਤਾਂ ਕਦੇ ਛੋਟਾ ਹੁੰਦਾ ਵੀ ਨੀਂ ਸੀ ਡਰਿਆ। ਮੁਰਦੇ 'ਚ ਇੱਕ ਦੋ ਵਾਰੀ ਸਿੱਧਾ ਵਾਸਤਾ ਪੈ ਚੁਕਿਆ ਸੀ। ਮੈਨੂੰ ਤਾਂ ਲੱਗਦਾ ਹੁੰਦੈ, ਜੇ ਆਹ ਨੌਕਰੀ ਨਾ ਮਿਲਦੀ ਤਾਂ ਮੈਂ ਜਲਾਦ ਜ਼ਰੂਰ ਬਣ ਜਾਣਾ ਸੀ। ਕਹਿੰਦੇ ਹਨ ਕਿ ਅੱਜ ਕੱਲ੍ਹ ਕੋਈ ਜਲਾਦ ਬਣਨ ਵਾਸਤੇ ਤਿਆਰ ਨੀਂ ਹੁੰਦਾ। ਸਾਰੀਆਂ ਪੋਸਟਾਂ ਖਾਲੀ ਪਈਆਂ ਨੇ।

ਇੱਕ ਵਾਰੀ ਅਸੀਂ ਇੱਕ ਲਾਲ ਗੱਠੜੀ ਦੇਖ ਲੀ', ਤੈਰਦੀ ਹੋਈ ਸੂਏ 'ਚੋਂ। ਸੱਤਵੀਂ-ਅੱਠਵੀਂ 'ਚ ਹੋਵਾਂਗੇ। ਸੋਚਿਆ ਕੂੜਾ ਕਰਿਆ ਹੋਇਆ ਹੋਊ। ਨਾਰੀਅਲ ਦੇ ਗੁੱਟ ਭੰਨ ਕੇ ਖਾਂਦੇ ਹਾਂ। ਪਰ ਜਦੋਂ ਗੰਢ ਖੋਲ੍ਹੀ ਤਾਂ ਵਿੱਚ ਬੱਚੇ ਨੂੰ ਟੋਟੇ ਕਰਕੇ ਧਰਿਆ ਪਿਆ। ਉਸਦਾ ਪਤਾ ਨੀਂ ਤਾਂ ਚੱਲਿਆ ਈ ਐਨੇ ਸੀ ਜਾਂ ਫੇਰ ਉਸੇ ਝੱਲਪੁਣਾ ਭਾਰੀ ਸੀ, ਕਿਸੇ ਨੂੰ ਨੀਂ ਦੱਸਿਆ। ਗੰਢ ਮਾਰ ਕੇ ਗਠੜੀ ਪਾਣੀ 'ਚ ਰੋੜ੍ਹ ਤੀ। ਸਾਨੂੰ ਨੀਂ ਕਰਾਹਤ ਆਈ। ਜਿਵੇਂ ਮੋਰਚਰੀ ਵਿਭਾਗ ਆਲਿਆਂ ਦੇ ਜਵਾਕ ਹੋਈਏ।

ਮੈਂ ਮਿੱਠੇ ਨੂੰ ਕਿਹਾ, "ਤੂੰ ਇੱਕ ਪਾਸੇ ਹੋ, ਮੈਂ ਕਰਦਾਂ ਖਿੱਚ ਕੇ ਇੱਕ ਪਾਸੇ।"

ਉੱਥੇ ਤੰਬਾਕੂ ਜਾਂ ਚਿਲਮ ਪੀਣ ਦੀ ਗੰਧ ਵੀ ਆ ਰਹੀ ਸੀ। ਅਸੀਂ ਆਪਸ 'ਚ ਇਹ

ਗੱਲ ਵੀ ਸਾਂਝੀ ਕੀਤੀ ਕਿ ਬੀੜੀ ਕੌਣ ਪੀ ਰਿਹੈ?

"ਓਏ ਤੂੰ ਸੰਵਾਰਕੇ ਦੇਖਿਆ ਵੀ ਐ, ਬਈ ਉਹ ਲਾਸ਼ ਐ?" ਮੈਂ ਹੌਲੀ ਦੇਣੇ ਪੁੱਛਿਆ।

ਇੱਕ ਦੂਜੇ ਨੂੰ ਸਾਡੀ ਅਵਾਜ ਨੀਂ ਸੀ ਸੁਣ ਰਹੀ, ਪਰ ਗੱਲ ਸਮਝ ਆ ਰਹੀ ਸੀ। ਜਿਵੇਂ ਸਮਝਣ ਸ਼ਕਤੀ ਵੀ ਤੇਜ਼ ਹੋ ਗੀ' ਹੋਵੇ। ਧੜਕਣਾਂ ਦੇ ਨਾਲ਼-ਨਾਲ਼, ਪਰੇਸ਼ਾਨ ਬੀੜੀ ਦੀ ਗੰਧ ਵੀ ਕਰੀ ਜਾਵੇ। ਉਹ ਵੀ ਭੈੜਾ ਆਲ਼ੀ। ਹੁਣ ਮੈਂ ਕੈਮ ਜਿਹਾ ਹੋ ਕੇ ਬਚਪਨ ਦੇ ਤਜ਼ਰਬੇ ਕਰਕੇ ਯਾਦ... ਕੋਡਾ-ਕੋਡਾ, ਹੌਲੀ-ਹੌਲੀ, ਬੋਚ-ਬੋਚ ਪੱਬ ਧਰਦਾ, ਚਲੋ ਗਿਆ ਲਾਸ਼ ਕੋਲ। ਪਾ ਲਿਆ ਸੀ ਲੱਤ ਨੂੰ, ਹੱਥ ਖਿੱਚ ਲੈਣਾ ਸੀ ਮੋਰਚਰੀ ਆਲਿਆਂ ਵਾਂਗੂ, ਜੇ ਮਿੱਠੇ ਦੇ "ਸੱਪ ਓਏ" ਕਹਿਣ ਦੀ ਅਵਾਜ ਕੰਨੀ ਨਾ ਪੈਂਦੀ। ਮੈਂ ਤੇਜੀ ਨਾਲ਼ ਮਿੱਠੇ ਕੋਲ ਗਿਆ। ਲਾਸ਼ ਨੂੰ ਤਾਂ ਬਸ ਮੇਰਾ ਹੱਥ ਈ ਲੱਗਿਆ ਸੀ। ਉਹ ਵੀ ਇੱਕ ਪਲ ਲਈ। ਲੱਤ ਮੈਨੂੰ ਗਰਮ-ਗਰਮ ਲੱਗੀ ਸੀ।

ਮਿੱਠਾ ਕਹਿੰਦਾ, "ਸਾਲਿਆ ਮਰ ਗਿਆ ਤੀ। ਪੈਰ 'ਤੇ ਆ ਚੜ੍ਹਿਆ ਤੀ। ਬਚ ਗਿਆ, ਡੰਗਿਆ ਗਿਆ ਤੀ ਮੈਂ ਤਾਂ।" ਘਬਰਾਇਆ ਹੋਇਆ ਉਹ ਹੋਰ ਡਰ ਗਿਆ। ਪੈਰ ਨੂੰ ਡੱਕਾ ਵੀ ਲੱਗੇ ਤਾਂ ਝਟਕਾ ਮਾਰਿਆ ਕਰੇ ਸੱਪ ਸਮਝਕੇ।

ਅਸੀਂ ਕਰੀਬ-ਕਰੀਬ ਗਿੱਲੇ ਹੋ ਗੇ' ਸੀ। ਪਰ ਕਮਾਲ ਦੀ ਗੱਲ ਇਹ ਸੀ ਕਿ ਸਾਡੀ ਠੰਡ ਪੂਰੀ ਤਰ੍ਹਾਂ ਗਾਇਬ ਸੀ। ਜਿਵੇਂ ਕਹਿੰਦੇ ਨੇ, ਠੰਡ, ਗਰਮੀ ਤੇ ਬੇਸ਼ਰਮੀ ਮੰਨਣ ਦੀ ਹੁੰਦੀ ਐ। ਮਹਿਸੂਸ ਕਰਨ ਦੀ ਹੁੰਦੀ ਐ। ਮਹਿਸੂਸ ਤਾਂ ਮੌਤ ਹੋ ਰਹੀ ਸੀ। ਸਾਰੀ ਰਾਤ ਉੱਥੇ ਰੱਬ-ਰੱਬ ਕਰਕੇ ਗੁਜਾਰੀ। ਘੰਟੇ ਤੱਕ ਉਹ ਇੱਥ ਆਲੇ ਭਾਈ ਵੀ ਚਲੇ ਗਏ। ਬੀੜੀ ਦੀ ਗੰਧ ਆਉਣੀ ਬੰਦ ਹੋ ਗਈ ਸੀ। ਪਰ ਡਰ ਨੇ ਜੋ ਗਰਮਾਇਸ਼ ਪੈਦਾ ਕੀਤੀ ਸੀ, ਉਹ ਅਜੇ ਕਾਫ਼ੀ ਹੱਦ ਤੱਕ ਕਾਇਮ ਸੀ।

ਜਿਸ ਦੀ ਉਡੀਕ ਲਈ ਨਾਕਾ ਲਾਇਆ, ਉਸਨੂੰ ਤਾਂ ਭੁੱਲ ਈ ਗਏ। ਜਦੋਂ ਸਵੇਰੇ ਥੋੜ੍ਹਾ ਚਾਨਣਾ ਹੋਇਆ ਤਾਂ ਲੱਤਾਂ ਸਿੱਧੀਆਂ ਕਰੀਆਂ। ਖੜ੍ਹੇ ਹੋਏ ਤੇ ਮੋਟਰ ਵੱਲ ਨੂੰ ਹੋ ਕੇ ਦੇਖਿਆ ਤਾਂ ਇੱਕ ਬੰਦਾ ਤੁਰਿਆ ਜਾਵੇ ਪਿੰਡ ਨੂੰ, ਡਿੱਕ-ਡੋਲੇ ਖਾਂਦਾ। ਜਦੋਂ ਉਹ ਖਾਸੀ ਦੂਰ ਚਲੇ ਗਿਆ ਤਾਂ ਅਸੀਂ ਮੋਟਰ ਕੋਲ ਪਹੁੰਚ ਗਏ। ਆਲੇ ਦੁਆਲੇ ਦੇਖਿਆ, ਮੱਧਮ ਦਿਖ ਰਿਹਾ ਸੀ। ਧੁੰਦ ਰਾਤ ਨਾਲੋਂ ਘੱਟ ਸੀ। ਹੁਣ ਫੇਰ ਵੀ ਦਿਖ ਰਿਹਾ ਸੀ। ਦਿਖੀ ਨੀਂ ਸੀ ਲਾਸ਼, ਜਿਸ ਤੋਂ ਡਰ ਕੇ ਮਿੱਠਾ ਡਰੀ ਗਿਆ ਸੀ।

ਅਸਲ 'ਚ ਉਹ ਲਾਸ਼ ਹੈ ਵੀ ਨੀਂ ਸੀ। ਉਹ ਤਾਂ ਦਾਰੂ ਨਾਲ ਟੱਲੀ ਹੋਇਆ ਜੱਟ ਸੀ। ਜੋ ਜ਼ਿਆਦਾ ਪੀਣ ਕਰਕੇ ਦਰਵੱਜੇ ਵਿਚਕਾਰ ਈ ਪਿਆ ਰਿਹਾ।

ਮਿੱਠਾ ਮੰਨੇ ਨਾ, ਉਹਨੂੰ ਡਰ ਸੀ ਕਿ ਹੁਣ ਤਵਾ ਨੀਂ ਲਾਉਣੋਂ ਹਟਣਾ, ਮੰਗੇ ਨੇ। ਮੈਂ ਤਾਂ ਬਿਨਾਂ ਗੱਲ ਤੋਂ ਈ ਗੱਲ ਬਣਾ ਕੇ ਠਿੱਠ ਕਰਨ 'ਚ ਮਾਹਰ ਸੀ। ਇਹ ਤਾਂ ਫੇਰ ਪੂਰੀ ਮਸਾਲੇਦਾਰ ਗੱਲ ਸੀ। ਉਹ ਹੱਸੀ ਜਾਵੇ ਨਾਲ਼ੇ ਕਹੀ ਜਾਵੇ, "ਭਲਵਾਨਾ, ਚੱਕਰ ਕੋਈ ਹੋਰ ਐ।

ਜਾਂ ਤਾਂ ਕੋਈ ਭੂਤ ਪ੍ਰੇਤ ਜਾਂ ਫੇਰ ਉਹ ਅੱਤਵਾਦੀ ਲੈ ਗੇ' ਚੱਕ ਕੇ, ਲਾਸ਼ ਤਾਂ ਹੈ ਗੀ' ਸੀ।"

ਮੇਰਾ ਹਾਸਾ ਨਿੱਕਲ਼ੀ ਜਾਵੇ।

ਅਸੀਂ ਡਰਦੇ-ਡਰਦੇ ਇੱਖ 'ਚ ਵੀ ਜਾ ਵੜੇ। ਜਿੱਥੇ ਬੀੜੀ ਆਲ਼ੀ ਬੁਝਾਰਤ ਵੀ ਹੱਲ ਹੋ ਗਈ। ਬੁਝਾਰਤ ਹੱਲ ਹੁੰਦੀ-ਹੁੰਦੀ ਖਾੜਕੂਆਂ ਦੀ ਅਸਲੀਅਤ ਵੀ ਦਿਖਾ ਗਈ..। ਉੱਥੇ ਜ਼ਰਦੇ ਦੀ ਖਾਲ੍ਹੀ ਪੁੜੀ ਅਤੇ ਟੁੱਟੀ ਹੋਈ ਚਿਲਮ ਪਈ ਸਾਰੀ ਫਿਲਮ ਸਾਫ ਦਿਖਾ ਰਹੀ ਸੀ। ਦਰਅਸਲ, ਉਹ ਕੋਈ ਖਾੜਕੂ ਸਿੰਘ ਨ੍ਹੀਂ ਸੀ ਹੈ ਗੇ'। ਉਹ ਤਾਂ ਲੁੱਟਾਂ-ਖੋਹਾਂ ਕਰਨ ਵਾਲ਼ਾ ਕੋਈ ਗਿਰੋਹ ਸੀ।

ਅਸੀਂ ਹੱਸਦੇ-ਹੱਸਦੇ ਸਕੂਟਰ ਕੋਲ਼ ਆ ਗਏ, ਸ਼ਰਮਿੰਦਾ ਹੋਏ। ਰਾਤ ਉਹਨੂੰ ਪਤੰਦਰ ਨੂੰ ਲੰਮਾ ਪਾਉਣ ਲੱਗੇ ਤੋਂ ਚੇਤਾ ਭੁਲ ਗਿਆ, ਬਈ ਤੇਲ ਬੰਦ ਕਰਨਾ ਹੈ। ਓਵਰ ਹੋਇਆ ਉਹ ਸਟਾਰਟ ਨਾ ਹੋਵੇ। ਮਸਾਂ ਕਿਤੇ ਧੂੰਆਂ ਮਾਰਦਾ ਹੋਇਆ ਸਟਾਰਟ ਹੋਇਆ।

ਸਟਾਰਟ ਕਰਕੇ ਫੇਰ ਬੰਦ ਕਰ ਲਿਆ। "ਤੂੰ ਰੁਕ, ਮੈਂ ਹੁਣੇ ਆਇਆ। ਤੈਨੂੰ ਸੌਂਹ ਲੱਗੇ ਮੇਰੀ, ਜੇ ਤੂੰ ਹਿੱਲੇਂ।" ਮਿੱਠਾ ਤੇਜੀ ਨਾਲ਼, ਬਹੁਤ ਤੇਜ਼ੀ ਨਾਲ਼, ਕੁਛ ਪਲਾਂ 'ਚ ਈ ਗੁਰੂ-ਘਰ ਅੱਪੜ ਗਿਆ, ਮੈਂ ਡਰ ਗਿਆ। ਮੈਂ ਸੋਚਿਆ ਜਾਂ ਤਾਂ ਇਹ ਮਾਰੂ, ਨਹੀਂ ਮਰੂ। ਜਦੋਂ ਮੈਂ ਉਸਦੀ ਤਾਜ਼ੀ ਦਿੱਤੀ ਕਸਮ ਤੋੜ, ਭੱਜ ਕੇ ਗੁਰੂ ਘਰ ਕੋਲ਼ ਪੁੱਜਿਆ ਤਾਂ ਸਿਰ ਜਿਆ ਮਾਰਦਾ, ਬੁੜ-ਬੁੜ ਕਰਦਾ ਵਾਪਸ ਆਵੇ।

"ਇਹਦੀ ਵਧੀ ਹੋਈ ਐ ਭੈਣ ਦੇ... ਦੀ... ਕੋਈ ਨਾ ਕਿੰਨਾ ਚਿਰ...।" ਕਹਿਕੇ ਉਹਨੇ ਕਿੱਕ ਮਾਰ ਲਈ ਤੇ ਮੈਨੂੰ ਇਸ਼ਾਰੇ ਨਾਲ਼ ਬੈਠਣ ਨੂੰ ਕਹਿਕੇ ਸਕੂਟਰ ਤੋਰ ਲਿਆ। ਮੈਂ ਪੁੱਛਿਆ "ਕੱਲਾ ਕਿਉਂ ਗਿਆ ਸੀ ?"

"ਯਾਰ ਭਲਵਾਨਾ, ਦਿਨ ਚੜ੍ਹਨ ਕਰਕੇ ਤੈਨੂੰ ਨਾਲ਼ ਨ੍ਹੀਂ ਲੈ ਗਿਆ। ਅਹੀ ਜੀ ਕੋਈ ਗੱਲ ਨ੍ਹੀਂ, ਰਾਤ ਵੀ ਤਾਂ ਤੂੰ ਨਾਲ਼ ਈ ਤੀ।"

ਬਹੁਤ ਗੂਹੜੀ ਯਾਰੀ ਪੈ ਗਈ ਸੀ ਸਾਡੀ। ਪਰ ਹੁਣ ਵਕਤ ਨੇ ਐਸਾ ਗੇੜ ਖਾਧਾ ਹੈ ਕਿ ਰੋਜਾਨਾਂ ਮਿਲਣ ਵਾਲ਼ੇ, ਇੱਕ ਦੂਜੇ ਕੋਲ਼ ਸਾਲਾਂ ਬੱਧੀ ਗੇੜਾ ਨ੍ਹੀਂ ਮਾਰਦੇ।

ਹੁਣ ਸੋਚਦੈਂ ਇੱਕ ਪੂਰਾ ਦਿਨ ਗੁਜਾਰ ਕੇ ਆਊਂ, ਦਿਲ ਭਰਕੇ ਗੱਲਾਂ ਸੁਣੂੰ ਕਿ ਕਿਵੇਂ ਬੀਤੀ ਜੇਲ੍ਹ 'ਚ ਵੀਹ ਸਾਲੀ ? ਹੁਣ ਕਿਵੇਂ ਰਹਿਨੈਂ ਤੇ ਕੀ ਕਰਦੈਂ ... ?



ਪੁਲਸੀਆ ਜੁਰਮ

ਸਾਰੇ ਕਣਕ ਦੀ ਬਿਜਾਈ 'ਚ ਰੁੱਝੇ ਹੋਏ। ਮੈਂ ਵੀ ਸੁਹਾਗਾ ਫੇਰ ਰਿਹਾ ਸੀ। ਸਾਡੇ ਖੂਹ ਉੱਤੇ ਇੱਕ ਕਲੀਨ ਸ਼ੇਵ ਮੁੰਡਾ ਆ ਕੇ ਰੁਕਿਆ। ਰਾਮੂ ਮੇਰੇ ਕੋਲ਼ ਆ ਕੇ ਕਹਿੰਦਾ, "ਤੇਰੀ ਕੋਈ ਬੀਰ, ਆੜੀ ਆਈ ਹੈ।" ਮਖਿਆਂ, "ਆੜੀ ਆਈ ਨ੍ਹੀਂ, ਆਇਆ ਏ।" ਉਹ ਹੱਸ ਪਿਆ।

ਮੈਂ ਟਰੈਕਟਰ ਬੰਦ ਕਰਤਾ ਤੇ ਚਮਕੀਲੇ ਦੀ ਕੈਸਟ ਵੀ ਕੱਢ ਲਈ। ਬਾਪੂ ਜੀ ਆਪਣੇ-ਆਪ ਈ ਆ ਗਏ ਕੋਲ਼ ਨੂੰ। ਉਹਨਾਂ ਨੇ ਟਰੈਕਟਰ ਹੱਕ ਲਿਆ ਤੇ ਕੈਸਟ ਵੀ ਸਦੀਕ ਦੀ ਪਾ ਲਈ। ਮੈਂ ਉਸ ਮੁੰਡੇ ਕੋਲ਼ ਚਲੇ ਗਿਆ। ਉਹਨੇ ਬਹੁਤ ਪੋਲਾ ਜਿਹਾ ਹੱਥ ਮਿਲਾਇਆ, ਤੇ ਥੋਥੀ ਜਿਹੀ ਮੁਸਕਰਾਹਟ ਬਿਖੇਰਦੇ ਨੇ ਮੇਰੇ ਤੋਂ ਅੱਖਾਂ ਘੁਮਾ ਲਈਆਂ। ਫੇਰ ਇੱਕ ਦਮ ਗੰਭੀਰ ਚਿਹਰਾ ਬਣਾ ਕੇ, ਸਕੂਟਰ ਸਟਾਰਟ ਕਰਦਾ, "ਘਰ ਚੱਲ ਦਿਐਂ।" ਮੂੰਹ 'ਚ ਦੰਦਾਂ ਨੂੰ ਮੀਚ ਕੇ ਜੇ ਬੋਲਿਆ। ਮੈਂ ਬਿਨਾਂ ਪਛਾਣੇ ਉਹਦੇ ਪਿੱਛੇ ਬੈਠ ਗਿਆ, ਪਿੰਡ ਨੂੰ ਹੋ ਤੁਰੇ। ਨਾ ਉਹ ਕੁਛ ਬੋਲਿਆ ਨਾ ਮੈਂ ਪੁੱਛਿਆ ਕਿ ਤੂੰ ਕੌਣ ਏਂ ? ਮੇਰੇ ਨਾਲ਼ ਇਹ ਅਕਸਰ ਹੁੰਦੈ, ਮੈਂ ਭੁੱਲ ਜਾਨੈਂ ਤੇ ਸੰਗ ਦਾ ਮਾਰਾ ਉਲਟਾ ਕੇ ਵੀ ਨ੍ਹੀਂ ਪੁੱਛਦਾ, ਬਈ ਤੁਸੀਂ ਕੌਣ ਹੋ ? ਮੈਨੂੰ ਹੁੰਦਾ ਕਿ ਅਗਲਾ ਸ਼ਰਮਿੰਦਗੀ ਮਹਿਸੂਸ ਨਾ ਕਰੇ।

ਘਰ ਪੁੱਜ ਗੇ'। ਬੀਹੀ ਦੇ ਨਾਲ਼ ਲੱਗਦੀ ਸਵਾਤ 'ਚ ਉਹਨੂੰ ਬੈਠਾ 'ਤਾ। ਮੈਂ ਬੀਬੀ ਨੂੰ ਓਧਰੋਂ ਤਾਈ ਜੀ ਹੋਰਾਂ ਕੋਲ਼ੋਂ ਬਲਾਉਣ ਚਲੇ ਗਿਆ। ਮੈਂ ਉਲਝਿਆ ਪਿਆ ਸੀ, ਬਈ ਬੰਦਾ ਕੌਣ ਐ ? ਜਿੰਨੀ ਸਹਿਜਤਾ ਨਾਲ਼ ਉਹ ਅੰਦਰ ਮੰਜੇ 'ਤੇ ਬੈਠਿਆ, ਲੱਗਦਾ ਸੀ ਜਿਵੇਂ ਕੋਈ ਬਹੁਤ ਨੇੜੇ ਦਾ ਦੋਸਤ ਹੈ। ਬੀਬੀ ਮੇਰੇ ਨਾਲ਼ ਈ ਆ ਗਈ, ਲਸਣ ਵੀ ਚੱਕ ਲਿਆਈ। ਬੀਬੀ ਜਦੋਂ ਚਾਚੀ ਹੋਰਾਂ ਕੋਲ਼ ਬੈਠੀ ਗੱਲਾਂ ਮਾਰਦੀ, ਤਾਂ ਜਾਂ ਤਾਂ ਆਪਦਾ ਲਸਣ ਛਿੱਲਦੀ ਜਾਂ ਚਾਚੀ-ਤਾਈ ਹੋਰੀਆਂ ਫੜਾ ਦਿੰਦੀਆਂ ਕਿ ਦਿਆਲੋ ਬੀਬੀ, ਆਹ ਅਣਖਿੜ ਜਿਆ ਕੰਮ ਤਾਂ ਤੂੰ ਈ ਕਰਿਆ ਕਰ। ਮੈਂ ਹੋਰ ਵੀ ਹੈਰਾਨ ਹੋਇਆ ਜਦੋਂ ਉਸਨੇ "ਬੀਬੀ, ਸਾਸਰੀਕਾਲ" ਕਹਿਕੇ ਪੈਰੀਂ ਹੱਥ ਲਾਏ। ਬੀਬੀ ਨੇ ਉੱਤੋਂ ਹੋਰ ਵੀ ਹੈਰਾਨ ਕਰਤਾ।

"ਵੇ ਤੂੰ ਤਾਂ ਕੀਰਤ ਐਂ ? ਕੀ ਸ਼ਕਲ ਬਣਾਈ ਐ ? ਤੇਰੇ ਤਾਂ ਕਿੱਡੀ-ਕਿੱਡੀ ਦਾਹੜੀ ਤੀ!"

"ਬਸ ਬੀਬੀ......।"

ਕੀਰਤ ਨੇ ਹੌਂਕਾ ਲਿਆ। ਬੀਬੀ ਨੇ ਉਹਨੂੰ ਨੇੜੇ ਨੂੰ ਲਾ ਲਿਆ, ਜਿਵੇਂ ਉਹਦੇ ਹੌਂਕੇ ਨੇ ਸਾਰੀ ਕਹਾਣੀ ਦੱਸਤੀ ਹੋਵੇ। ਤੇ ਬੀਬੀ ਨੇ ਹੌਸਲਾ ਦਿੱਤਾ ਹੋਵੇ ਕਿ "ਕੋਈ ਨਾ ਰੱਬ ਸਜ਼ਾ ਦਿਊ ਜਾਲਮਾਂ ਨੂੰ।" ਮੈਂ ਹੈਰਾਨ ਸਾਂ ਕਿ ਮੇਰਾ ਦੋਸਤ ਐ, ਮੈਨੂੰ ਪਛਾਣ ਨ੍ਹੀਂ ਆਇਆ ਤੇ ਬੀਬੀ ਨੂੰ ਉਹਦਾ ਦੁੱਖ ਵੀ ਪਤਾ ਲੱਗ ਗਿਆ। ਉਹਨੇ ਕੀਰਤ ਨੂੰ ਆਪਣੇ ਕੋਲ਼ ਐਵੇਂ ਲਾਇਆ ਸੀ ਜਿਵੇਂ ਉਹਨੂੰ ਕੀਰਤ ਦੇ ਦੁੱਖ ਦਾ ਪਤਾ ਲੱਗ ਗਿਆ ਹੋਵੇ।

ਮੈਂ ਆਖਿਆ, "ਬੀਬੀ, ਦੁੱਧ ਈ ਗਰਮ ਕਰਲੀਂ।"

ਉਹ ਬਿਨਾਂ ਕੁਛ ਕਹੇ ਰਸੋਈ ਵੱਲ ਨੂੰ ਚਲੇ ਗਈ ਤੇ ਮੈਂ ਕੀਰਤ ਨੂੰ ਜੱਫੀ 'ਚ ਲੈ ਲਿਆ, "ਬਾਈ ਇਹ ਕੀ ? ਤੂੰ ਤੇ ਕੀਰਤ ਐਂ ਯਾਰ। ਮੇਰੇ ਤਾਂ ਸੌਂਹ ਲੱਗੇ ਤੂੰ ਪਛਾਣ ਈ ਨੀ ਆਇਆ! ਉਂ ਮੈਨੂੰ ਭੁਣ ਜਿਹੀ ਜਰੂਰ ਪਈ ਸੀ, ਉਹ ਵੀ ਤੇਰੇ ਦੰਦਾਂ ਵਿਚਲੀ ਬਿਰਲ ਦੇਖਕੇ... ਪਰ...।" ਉਹਦਾ ਇੱਕ ਦੰਦ ਟੁੱਟਿਆ ਹੋਇਆ ਹੈ। ਉਹ ਮੇਰੀ ਜੱਫੀ 'ਚੋਂ ਬਾਹਰ ਨੂੰ ਨਿੱਕਲੇ ਜਿਵੇਂ ਉਸਦੇ ਦਰਦ ਹੋਇਆ ਹੋਵੇ, ਕੋਈ ਸੱਟ ਦੁਖ ਗਈ ਹੋਵੇ। ਉਹ ਚੀਸ ਜਿਹੀ ਵੱਟ ਕੇ ਪਿੱਛੇ ਹੱਟ ਗਿਆ। ਫੇਰ ਉਹਨੇ ਮੈਨੂੰ ਪੂਰੇ ਜੋਸ਼ ਨਾਲ ਘੁੱਟ ਲਿਆ ਜੱਫੀ 'ਚ, ਜਿਵੇਂ ਉਸਨੂੰ ਆਰਾਮ ਮਿਲਿਆ ਹੋਵੇ।

"ਪੂਰਾ ਜਬਾੜਾ ਵੀ ਨ੍ਹੀਂ ਖੁੱਲ੍ਹਦਾ ਯਾਰ। ਬਾਈ ਤੂੰ ਅਏਂ ਇਹ ਸਟੋਰੀ ਨਾ ਪੁੱਛ, ਤੈਨੂੰ ਆਰਾਮ ਨਾਲ਼ ਦੱਸੂੰ। ਹੁਣ ਤਾਂ ਡਰ ਲੱਗਦੈ, ਕਿਤੇ ਕੋਈ ਬਾਹਰ ਬੀਹੀ 'ਚ ਨਾ ਖੜ੍ਹਾ ਹੋਵੇ ਜੀਪ ਭਰੀਂ। ਆਪਾਂ ਕਿਤੇ ਇਹੋ ਜਿਹੀ ਜਗ੍ਹਾ ਜਾਨੇ ਆਂ, ਜਿੱਥੋਂ ਦੂਰ-ਦੂਰ ਤੱਕ ਸਭ ਕੁਛ ਦਿਖੇ। ਪਰ ਆਪਾਂ ਉਹਲੇ 'ਚ ਹੋਈਏ।" ਦੱਸਦੇ ਦੀ ਉਹਦੀ ਕਾਂਓਂ ਅੱਖ ਬਾਹਰ ਦੇਖ ਰਹੀ ਸੀ।

"ਬਾਈ ਤੂੰ ਡਰਦਾ ਕਿਉਂ ਐਂ, ਸੋਚ ਤਾਂ ਸਹੀ ਖੜ੍ਹਾ ਕਿੱਥੇ ਐਂ।" ਮੈਂ ਹੌਂਸਲਾ ਦੇਣ ਲਈ ਕਿਹਾ। "ਮੰਗੇ ਯਾਰ, ਪੁਲਸ ਮੂਹਰੇ ਕੋਈ ਪੇਸ਼ ਨ੍ਹੀਂ ਚੱਲਦੀ, ਨਾਲ਼ੇ ਉਰੋਂ ਚੱਲ। ਬੀਬੀ ਨੂੰ ਕਹਿ ਦੁੱਧ ਠੰਡਾ ਈ ਲਿਆ। ਤੈਨੂੰ ਤਾਂ ਸਾਰੇ ਜਾਣਦੇ ਨੇ ਵੀ ਤੂੰ ਮੇਰਾ ਆੜੀ ਐਂ, ਪੁਲਸ ਐਥੇ ਵੀ ਆ ਜੂ"...। ਚਲ ਕੇਰਾਂ ਨਿੱਕਲ਼ ਚੱਲ, ਕੋਈ ਸਲਾਹ ਕਰਨੀ ਐ।" ਜਦੋਂ ਉਹਨੇ ਪੁਲਸ ਦਾ ਨਾਮ ਲਿਆ ਤਾਂ ਮੈਂ ਸਮਝ ਗਿਆ, ਬਈ ਮਾਮਲਾ ਜਿਆਦਾ ਖਰਾਬ ਹੈ। ਵਿਰੋਧੀ ਜੁੰਡਲੀ ਦੀ ਕੁੱਟ ਮਾਰ ਆਲ਼ਾ ਨ੍ਹੀਂ ਹੈਗਾ।

ਉਹ ਬਹੁਤ ਗੰਭੀਰ ਅਤੇ ਡਰਿਆ ਹੋਇਆ ਸੀ। ਜਿਵੇਂ ਬਹੁਤ ਜ਼ੁਲਮ ਸਹਿ ਕੇ ਆਇਆ ਹੋਵੇ। ਓਦਣ, ਮੌਤ ਆਈ ਕਿ ਆਈ ਵਾਂਗੂ ਹੋਰ ਈ ਤਰਾਂ ਲੱਗ ਰਿਹਾ ਸੀ। ਜਿਵੇਂ ਸਭ ਕੁਛ ਜੋ ਹੋਣ ਵਾਲ਼ਾ ਸੀ, ਉਸਦਾ ਉਹਨੂੰ ਪਤਾ ਹੋਵੇ।

ਅਸੀਂ ਭੜੀ ਆਲ਼ੇ ਕਾਲ਼ੇ ਬੱਟੀ ਦੀ ਮੋਟਰ 'ਤੇ ਚਲੇ ਗਏ। ਫੇਰ ਜੋ ਕਹਾਣੀ ਉਹਨੇ ਦੱਸੀ, ਮੈਨੂੰ ਤਾਂ ਸੁੰਨ ਈ ਕਰਤਾ। ਅਜੇ ਦਸ ਦਿਨ ਪਹਿਲਾਂ ਪੇਸ਼ੀ ਭੁਗਤ ਕੇ ਆਏ ਸੀ। ਆਈ.ਟੀ.ਆਈ. ਕਰਦੇ ਦੀ ਉਹਦੀ ਬਜਰੰਗ ਦਲੀਆਂ ਨਾਲ਼ ਲੜਾਈ ਹੋ ਗਈ ਸੀ, ਸਿਗਰਟ ਦੇ ਧੂੰਏਂ ਪਿੱਛੇ।

ਮੈਂ ਸੋਚ ਰਿਹਾ ਸੀ ਬਈ ਇਨ੍ਹਾਂ ਦਸ ਦਿਨਾਂ 'ਚ ਕਿੰਨਾਂ ਜ਼ੁਲਮ ਹੋਇਆ ਮੇਰੇ ਯਾਰ ਉੱਤੇ। ਇਹ ਤਾਂ ਉਹਨੇ ਮੇਰੇ ਨਾਲ਼ ਪਹਿਲਾਂ ਵੀ ਕਈ ਵਾਰ ਗੱਲ ਕੀਤੀ ਸੀ ਕਿ ਉਸਦੀ ਆਪਣੇ ਰਿਸ਼ਤੇਦਾਰ ਨਾਲ਼ ਨ੍ਹੀਂ ਬਣਦੀ।

ਕੀਰਤ, ਆਈ.ਟੀ. ਆਈ. ਕਰਨ ਤੋਂ ਬਾਅਦ ਨਾਭੇ ਹੌਰਲਿਕਸ ਫੈਕਟਰੀ 'ਚ

ਨੌਕਰੀ ਕਰਦਾ ਸੀ। ਓਦੋਂ ਉਹ ਪੱਕਾ ਹੋਣ ਦੇ ਜਮਾਂ ਨੇੜੇ ਸੀ। ਨਾਭੇ ਰਹਿੰਦੀ ਆਪਣੀ ਭੈਣ ਲਈ ਪਿੰਡੋਂ ਦੁੱਧ ਲੈ ਜਾਂਦਾ। ਜੀਜਾ ਜੀ ਉਹਦੇ ਸਰਕਾਰੀ ਅਧਿਆਪਕ ਸਨ। ਪਰ ਜਿਵੇਂ ਘਰਾਂ 'ਚ ਹੁੰਦੈ, ਕਿਸੇ ਗੱਲ ਨੂੰ ਲੈ ਕੇ ਅਣ-ਬਣ ਹੋ ਗਈ। ਗੱਲ ਕੀਰਤ ਦੇ ਸਹੁਰਿਆਂ ਤੱਕ ਪੁੱਜ ਗੀ'। ਉਹਦਾ ਸਾਲ਼ਾ ਕਿਸੇ ਪਤਵੰਤੇ ਸੱਜਣ ਨੂੰ ਨਾਲ਼ ਲੈ ਕੇ ਘਰ ਆ ਗਿਆ, ਰੌਲ਼ਾ ਨਿਪਟਾਉਣ। ਉੱਥੇ ਕਿਸੇ ਗੱਲੋਂ ਕੀਰਤ ਨੇ ਭਜਾਤੇ ਸੀ ਉਹ। ਉਹ ਸ਼ਾਇਦ ਉਵੇਂ ਦੀਆਂ ਗੱਲਾਂ ਬੋਲ ਗਏ ਇੱਕ ਦੋ, ਜੋ ਨਹੀਂ ਬੋਲਣੀਆਂ ਚਾਹੀਦੀਆਂ ਸੀ। ਫੇਰ ਇੱਕ ਦੂਜੇ ਦੇ ਆਉਣਾ ਜਾਣਾ ਬੰਦ ਹੋ ਗਿਆ। ਕਲ਼ੇਸ ਵਧ ਗਿਆ। ਕਹਿੰਦੇ, ਉਸ ਪਤਵੰਤੇ ਸੱਜਣ ਨੇ, ਗਾਜੇਵਾਸ (ਨੇੜੇ ਸਮਾਣਾ) ਦਾ ਕੋਈ ਸਿੰਘ ਵੀ ਮਰਵਾਇਆ ਸੀ, ਮੁਖਬਰੀ ਕਰਕੇ।

ਇੱਕ ਵਾਰ ਅਸੀਂ ਉਹਦਾ ਨੰਬਰ ਲਾਉਣ ਵੀ ਗਏ ਸੀ। ਪਰ ਸਾਡੀ ਵੈਨ ਦਾ ਡਰਾਈਵਰ ਡਰ ਗਿਆ, ਵੈਨ ਕਿਰਾਏ 'ਤੇ ਸੀ। ਜਦੋਂ ਅਸੀਂ ਕਿਰਪਾਨਾਂ ਫੜ ਕੇ ਉੱਤਰਨ ਲੱਗੇ ਤਾਂ ਡਰਾਈਵਰ ਕਹਿੰਦਾ, "ਮੰਗੇ ਤੂੰ ਤਾਂ ਗਲਤ ਬੰਦੈ... ਯਾਰ ਤੂੰ ਮੈਨੂੰ ਗੱਲ ਤਾਂ ਪੂਰੀ ਦੱਸੀ ਨ੍ਹੀਂ। ਮੈਂ ਨ੍ਹੀਂ... ਤੁਸੀਂ ਉੱਤਰੋ ਚਾਹੇ ਬੈਠੋ, ਮੈਂ ਚੱਲਿਆਂ।"

ਤਾਂ ਕਰਕੇ ਉਹ ਬਚ ਗਿਆ ਨਹੀਂ ਤਾਂ ਇਤਿਹਾਸ ਕੁਛ ਹੋਰ ਹੋਣਾ ਸੀ। ਪਤਵੰਤਾ ਚਾੜ੍ਹ ਦੇਣਾ ਸੀ ਗੱਡੀ। ਸ਼ਾਇਦ ਮੈਂ ਕੁਛ ਹੋਰ ਲਿਖ ਰਿਹਾ ਹੁੰਦਾ ਜਾਂ ਸ਼ਾਇਦ ਲਿਖਣ ਜੋਗਾ ਰਹਿੰਦਾ ਈ ਨਾ, ਕੁਛ ਵੀ ਹੋ ਸਕਦਾ ਸੀ।

ਪਰ ਆਹ ਜਿਹੜੀ ਕਹਾਣੀ ਕੀਰਤ ਨੇ ਉੱਥੇ ਮੋਟਰ 'ਤੇ ਸੁਣਾਈ। ਬਈ ਥਾਣੇਦਾਰ ਚੱਕ ਕੇ ਲੈ ਗਿਆ। ਗਾਜੇਵਾਸ ਪਿੰਡ ਦੇ ਕਿਸੇ ਖਾੜਕੂ ਬਾਰੇ ਪੁੱਛੀ ਜਾਵੇ। ਕਦੇ ਬਠਿੰਡੇ ਆਲੇ ਕੇਸ ਨੂੰ ਕਿਸੇ ਖਾੜਕੂ ਐਕਸ਼ਨ ਨਾਲ਼ ਜੋੜ ਕੇ ਅਵਾ-ਤਵਾ ਬੋਲੀ ਜਾਵੇ। ਰੱਜਿਆ ਹੋਇਆ ਜਦੋਂ ਭੈਣ ਬਾਰੇ ਗਲ਼ਤ ਬੋਲਣ ਲੱਗਿਆ ਤਾਂ ਕੀਰਤ ਕਹਿੰਦਾ, "ਮੈਂ ਅੱਖਾਂ 'ਚ ਅੱਖਾਂ ਪਾ ਕੇ ਕਿਹਾ। ਜਾਂ ਤਾਂ ਹੁਣ ਪਾਰ ਬੁਲਾ ਦੇ, ਨਹੀਂ ਫੇਰ ਬਾਹਰ ਨਾ ਮਿਲੀਂ ਕਦੇ।"

ਫੇਰ ਉਹ ਕਹਿੰਦਾ, "ਇੱਕ ਵਾਰ ਤਾਂ ਰੁਕ ਗਏ..." ਪਰ ਫੇਰ ਮੰਗੇ ਯਾਰ, ਸਾਲ਼ਿਆਂ ਨੇ ਬਹੁਤ ਕੁੱਟਿਆ। ਧੱਕੇ ਨਾਲ਼ ਦਾਰੂ ਦੀ ਬੋਤਲ ਖੋਲ੍ਹਤੀ ਮੂੰਹ 'ਚ। ਹੱਥ ਪਿੱਛੇ ਬੰਨ੍ਹਤੇ। ਦੋ ਜਣਿਆਂ ਨੇ ਗਲ਼ ਤੋਂ ਪਿੱਛੋਂ ਦੀ ਫੜ੍ਹਿਆ ਹੋਇਆ ਸੀ। ਯਾਰ, ਜੀ ਕਰੇ ਕਿ ਇਹ ਮਾਰ ਦੇਣ, ਨਹੀਂ ਤਾਂ ਸੰਤਾਲ਼ੀ ਚੱਕੇ ਤੋਂ ਬਿਨਾਂ ਅੱਖ ਨ੍ਹੀਂ ਚੱਕ ਹੋਣੀ...। ਸਾਲ਼ੇ ਨੇ ਖੁਰਪੇ ਨਾਲ਼ ਈ ਜੂੜਾ ਵੱਢਤਾ ਬਾਈ। ਅੱਧੀ ਦਾਹੜੀ ਤਾਂ... ਭੈਣ ਦਿਆਂ... ਨੇ ਹੱਥਾਂ ਨਾਲ਼ ਈ ਪੱਟ ਤੀ.... ਮੈਥੋਂ ਪਤਾ ਨ੍ਹੀਂ ਕਿਵੇਂ... ਕਿੱਥੋਂ ਜ਼ੋਰ ਆ ਗਿਆ..... ਜ਼ੋਰ ਨਾਲ਼ ਵੱਜੀ ਲੱਤ ਸੂਤਾਂ 'ਤੇ।"

ਹੌਂਕਾ ਜਿਆ ਲੈ ਕੇ ਕਹਿੰਦਾ, "ਸਾਲ਼ੇ ਦੇ ਸੂਤਾਂ 'ਤੇ ਪਈ ਫੇਰ ਹੋ ਗਿਆ 'ਕੱਠਾ।" ਫੇਰ ਪਤਾ ਨ੍ਹੀਂ ਕੀ ਹੋਇਆ, ਕੀਰਤ ਬੋਲਦਾ-ਬੋਲਦਾ ਲੰਘ ਰਹੇ ਬੰਦੇ ਵੱਲ ਦੇਖਕੇ ਚੁੱਪ ਜਿਹਾ ਹੋ ਗਿਆ। ਮਖਿਆਂ, "ਫੇਰ ?"

ਉਹਨੇ ਚੁੱਪੀ ਤੋੜੀ "ਛੱਡ ਕੇ ਚਲੇ ਗਏ ਮੰਗੇ, ਹੱਥ ਵੀ ਖੋਲ੍ਹਗੇ। ਬਾਈ ਮੇਰੇ ਅੰਦਰੋਂ ਜਿਹੜਾ ਦਾਰੂ ਦਾ ਗੰਦਾ ਡਕਾਰ ਆਇਆ, ਉਹਨੇ ਪਤਾ ਨ੍ਹੀਂ ਕੀ ਸੁਝਾਈ। ਮੈਂ ਘੜੇ 'ਤੇ ਪਏ ਕੌਲੇ ਨਾਲ਼ ਛਿਪਕਲੀ ਮਾਰ ਕੇ ਨਘ੍ਹਾਰ ਗਿਆ। ਸਿਪਾਹੀ ਨੇ ਦੇਖ ਲਿਆ ਖਾਂਦੇ ਨੂੰ। ਉਹਨੇ ਰੌਲ਼ਾ ਪਾਤਾ। ਫੇਰ ਆ ਗੇ' ਮੇਰੇ ਸਾਲ਼ੇ।" ਮੈਂ ਗਰਦਨ ਘੁਮਾ ਕੇ ਦੇਖਿਆ। ਕੀਰਤ ਹੁਣ ਲਾਲ ਹੋ ਗਿਆ ਸੀ ਗੱਲ ਸੁਣਾਉਂਦਾ-ਸੁਣਾਉਂਦਾ। ਕਹਿੰਦਾ "ਬਾਈ, ਚੱਲ ਆਪਾਂ ਪਟਿਆਲ਼ੇ, ਅੱਜ ਅਖ਼ਬਾਰ ਆਲ਼ਿਆਂ ਕੋਲ਼, ਨਾਲ਼ੇ ਕੱਲ੍ਹ ਨੂੰ ਅਕਾਲ ਤਖ਼ਤ ਸ਼ਿਕਾਇਤ ਕਰਨੀ ਐ, ਤੈਨੂੰ ਰਸਤੇ 'ਚ ਸੁਣਾਊਂ ਬਾਕੀ ਗੱਲ।"

"ਆਪਾਂ ਕੱਪੜੇ ਬਦਲੀਏ ਪਿੰਡੋਂ, ਨਾਲ਼ੇ ਬੀਬੀ ਨੂੰ ਦੱਸਦੀਏ ਖਬਰੇ ਕਿੰਨੇ ਦਿਨ ਲੱਗ ਜਾਣੇਂ।" ਕੁਛ ਬੜਾ ਹੋਣ ਦੀ ਅਸ਼ੰਕਾ ਹੋ ਰਹੀ ਸੀ। ਮੈਨੂੰ ਇਹ ਸੀ ਕਿ ਇਹ ਇੱਕ ਦੋ ਦਿਨਾਂ 'ਚ ਨ੍ਹੀਂ ਨਿਬੜਣਾ।

ਅਸੀਂ ਪਿੰਡੋਂ ਹੋ ਕੇ ਪਟਿਆਲ਼ੇ ਨੂੰ ਚੱਲ ਪਏ। ਪਰ ਪਿੰਡਾਂ 'ਚੋਂ ਦੀ ਗਏ। ਡਰਦੇ ਸੀ ਪੁਲਿਸ ਨਾ ਫੜ ਲਵੇ। ਕਿਉਂਕਿ ਹੁਣ ਗਿਰਫ਼ਤਾਰੀ ਨ੍ਹੀਂ ਸੀ ਹੋਣੀ, ਸਿੱਧੀ ਗੋਲ਼ੀ ਮਾਰ ਕੇ ਖ਼ਬਰ ਬਣਾ ਛੱਡਣੀ ਸੀ, ਖਾੜਕੂ ਮੁਕਾਬਲੇ ਦੀ।

"ਫੇਰ ਛਿਪਕਲੀ ਖਾਣ ਤੋਂ ਬਾਅਦ ?" ਮੈਂ ਅੱਗੇ ਸੁਣਨ ਲਈ ਪੁੱਛਿਆ।

ਕਹਿੰਦਾ, "ਕੀ ਹੋਣਾ ਸੀ, ਖਾਧੀ ਤਾਂ ਮਰਨ ਲਈ ਸੀ ਪਰ ਮਰਿਆ ਨਾ। ਹਾਂ ਸਾਲ਼ਿਆਂ ਨੇ ਮਰਨ ਬਰਾਬਰ ਜਰੂਰ ਕਰਤਾ। ਚੱਕ ਕੇ ਹਸਪਤਾਲ 'ਚ ਲੈ ਗਏ। ਸ਼ਾਇਦ ਪ੍ਰਾਈਵੇਟ ਡਾਕਟਰ ਸੀ ਕੋਈ। ਇੱਕ ਦੋ ਉਲਟੀਆਂ ਤਾਂ ਥਾਣੇ 'ਚ ਆ ਗੀਆਂ। ਬਾਕੀ ਇੱਕ ਬਹੁਤ ਕੌੜੀ ਜਿਆਂ ਜਹਿਰ ਵਰਗੀ ਜਾ ਕੇ ਕਲੀਨਿਕ 'ਚ ਆਈ। ਡਾਕਟਰ ਨੇ ਭਰੋਸਾ ਦਿੱਤਾ ਕਿ ਇਹ ਠੀਕ ਹੈ। ਤਾਂ ਉਹ ਮੈਨੂੰ ਵਾਪਸ ਥਾਣੇ ਲਿਜਾਣ ਦੀ ਬਜਾਏ 'ਮੈਸ ਬੀੜ' (ਨਾਭਾ ਕੋਲ ਇਹ ਇੱਕ ਜੰਗਲ ਹੈ) ਲੈ ਗੇ'।"

ਜਦੋਂ ਅਸੀਂ ਪਟਿਆਲੇ ਨੂੰ ਜਾ ਰਹੇ ਸੀ ਤਾਂ ਰਸਤੇ 'ਚ ਇੱਕ ਸਿਪਾਹੀ ਖੜ੍ਹਾ ਵਰਦੀ ਪਾਈਂ, ਸ਼ਾਇਦ ਪਿਸ਼ਾਬ ਕਰਨ ਕਰਕੇ ਰੁਕਿਆ ਹੋਊ।

"ਮੰਗੇ, ਰੋਕ ਸਕੂਟਰ ਉਹਨੂੰ ਲੰਘ ਜਾਣਦੇ।"

ਸੋਚ ਕੇ ਜੇ, ਫੇਰ ਕਹਿੰਦਾ, "ਵਿੱਚ ਮਾਰੀਂ ਸਾਲ਼ੇ ਦੇ, ਜੇ ਹੱਥ ਦਿਊ। ਸਮਾਨ ਮੇਰੇ ਡੱਬ 'ਚ ਲੱਗਿਆ ਹੋਇਐ।" ਕੀਰਤ ਦੰਦ ਪੀਹ ਕੇ ਬੋਲਿਆ ਸੀ।

ਉਹ ਕਦੇ ਤਾਂ ਬਹੁਤ ਡਰਿਆ ਪ੍ਰਤੀਤ ਹੋਵੇ। ਕਦੇ ਲੱਗੇ ਇਹ ਕੋਈ ਖਾੜਕੂ ਯੋਧਾ ਹੈ, ਹੁਣ ਬਦਲਾ ਲੈ ਕੇ ਈ ਘਰ ਮੁੜੂਗਾ। ਪਰ ਨਾ ਉਸ ਪੁਲਿਸ ਵਾਲ਼ੇ ਨੇ ਸਾਨੂੰ ਰੋਕਿਆ, ਨਾ ਦੇਖਿਆ, ਅਸੀਂ ਅਗਾਂਹ ਲੰਘ ਗਏ। ਉਸ ਦਿਨ ਮੈਥੋਂ ਇੱਕ ਵੀ ਹੋਰ ਗੱਲ ਨ੍ਹੀਂ ਹੋਈ। ਮੈਂ ਫੇਰ ਲੜੀ ਜੋੜਨ ਲਈ ਪੁੱਛ ਲਿਆ, "ਫੇਰ ਬੀੜ 'ਚ ?"

"ਬੀੜ 'ਚ ਤਾਂ ਉਹਨਾਂ ਨੇ ਡਰਾਈਵਰ ਨੂੰ ਗੰਨ ਫੜਾ 'ਤੀ ਤੇ ਮੈਨੂੰ ਬੰਨ੍ਹਤਾ ਕਿੱਕਰ ਨਾਲ਼। ਡਰਾਈਵਰ ਨੂੰ ਕਹਿੰਦੇ, "ਅੱਜ ਤੂੰ ਕਰ ਇਹ ਕੰਮ, ਮਾਰ ਗੋਲ਼ੀ ਲੈ ਤਰੱਕੀ, ਅੱਤਵਾਦੀ ਨੂੰ ਮਾਰਨ ਦੀ।" ਪਰ ਉਹ ਭਲਾਮਾਣਸ ਮੰਨੇ ਨਾ। ਨਾਂਹ ਨੁਕਰ ਜਿਹੀ ਕਰੀ ਜਾਵੇ। ਅਖੇ, "ਇਹ ਪਾਪ ਨ੍ਹੀਂ ਮੈਥੋਂ ਹੋਣਾ, ਯਾਰ ਐਡਾ ਦਿਲ ਨ੍ਹੀਂ ਮੇਰਾ।"

ਫੇਰ ਪਤਾ ਨ੍ਹੀਂ ਡਰਾਈਵਰ ਦੇ ਦਿਮਾਗ 'ਚ ਕੀ ਆਇਆ। ਕਹਿੰਦਾ, "ਬੰਨ੍ਹ ਕੇ ਨ੍ਹੀਂ ਮਾਰਨਾ। ਕੋਈ ਆ ਸਕਦੈ। ਹੁਣ ਉਹ ਮਾਹੌਲ ਨਹੀਂ ਪੱਤਰਕਾਰ ਬਹੁਤ ਤੇਜ਼ ਨੇ। ਆਪਾਂ ਇਹਨੂੰ ਖੋਲ੍ਹ ਕੇ ਮਾਰਦੇ ਆਂ।" ਥੋੜ੍ਹਾ ਰੁਕ ਕੇ ਕੀਰਤ ਫੇਰ ਦੱਸਣ ਲੱਗਾ।

"ਜਦੋਂ ਉਹ ਮੈਨੂੰ ਖੋਲ੍ਹਣ ਲੱਗਿਆ ਤਾਂ ਹੌਲ਼ੀ ਕੁ ਦੇਣੇ ਕਹਿੰਦਾ, "ਯਾਰ, ਭੱਜ ਜਾ ਜੇ ਭੱਜ ਹੁੰਦੈ, ਮੈਨੂੰ ਪਾਪਾਂ ਦਾ ਭਾਗੀ ਬਣਨ ਤੋਂ ਬਚਾ ਲੈ।" ਜਦੋਂ ਉਹ ਮੈਨੂੰ ਖੋਲ੍ਹ ਰਿਹਾ ਸੀ ਤਾਂ ਉਸਦੇ ਹੱਥ ਕੰਬ ਰਹੇ ਸਨ। ਬੱਦਲ਼ਾਂ ਨੇ ਹਨੇਰਾ ਹੋਰ ਗੂਹੜਾ ਕਰਤਾ। ਪਰ ਉਹ ਭਲਾ ਮਾਣਸ ਡਰਾਇਵਰ ਮੈਨੂੰ ਇੱਕ ਕਿਰਨ ਤੋਂ ਪੂਰਾ ਸੂਰਜ ਜਾਪਣ ਲੱਗਾ। ਹੁਣ ਵੀ ਯਕੀਨ ਨ੍ਹੀਂ ਆ ਰਿਹਾ, ਬਾਈ ਜਿਵੇਂ ਸੁਪਨਾ ਚੱਲ ਰਿਹਾ ਹੋਵੇ। ਹਵਾ ਤੇਜ਼ ਚੱਲ ਪਈ। ਅਚਾਨਕ ਹਨੇਰੀ ਆ ਗਈ। ਉਹਨੇ ਖੋਲ੍ਹਤਾ...। ਮੈਂ ਭੱਜਣ ਲੱਗਿਆ। ਬਾਕੀ, ਗੱਡੀ 'ਚੋਂ ਦਾਰੂ ਪਾਣੀ ਪੀਣ ਲੱਗੇ ਹੋਏ ਸਨ। ਮੈਨੂੰ ਭੱਜਣ ਲੱਗੇ ਨੂੰ ਉਹ ਬਾਹੋਂ ਫੜ ਕੇ ਕਹਿੰਦਾ, "ਗੱਡੀ ਆਲ਼ੇ ਪਾਸੇ ਨੂੰ ਭੱਜ... ਓਹਦੀ ਮੰਨ ਮੈਂ ਹਵਾ ਦੇ ਵਿਰੁੱਧ ਭੱਜ ਲਿਆ। ਘਾਹ-ਫੂਸ ਐਨਾ ਉੜਿਆ ਕਿ ਕੁਛ ਦਿਖਾਈ ਨ੍ਹੀਂ ਦਿੱਤਾ। ਨਾ ਮੈਨੂੰ, ਨਾ ਉਹਨਾਂ ਪੁਲਿਸ ਆਲ਼ਿਆਂ ਨੂੰ। ਹਨੇਰਾ ਵੀ ਬਹੁਤ ਤੀ। ਪਿੱਛੋਂ ਕਈ ਗੋਲ਼ੀਆਂ ਚੱਲੀਆਂ। ਬਹੁਤ ਹਿੰਮਤ ਆ ਗਈ ਤੀ ਮੇਰੇ 'ਚ।"

"ਫੇਰ ਤੂੰ ਨਿੱਕਲ਼ਿਆ ਕਿੱਥੇ ? ਰਿਹਾ ਕਿੱਥੇ ਐਨੇ ਦਿਨ ? ਇਹ ਤਾਂ ਹਫ਼ਤੇ ਪੁਰਾਣੀ ਗੱਲ ਹੈ! ਕਿ ਬੀੜ 'ਚ ਈ ਲੁਕਿਆ ਰਿਹਾ।" ਉਤਸੁਕਤਾ 'ਚ... ਮੈਂ ਕਈ ਸਵਾਲ ਲਗਾਤਾਰ ਕੀਤੇ।

ਜਦੋਂ ਅਸੀਂ ਕਿਸੇ ਦੀ ਗੱਲ ਸੁਣਦੇ ਹਾਂ, ਖਾਸ ਕਰ ਜਿਸ ਵਿੱਚ ਸਸਪੈਂਸ ਹੋਵੇ ਤਾਂ ਗੱਲ ਸੁਣਨ ਦੇ ਨਾਲ਼ ਦੀ ਨਾਲ਼ ਦਿਮਾਗ ਵਿੱਚ ਸਵਾਲ ਖੜ੍ਹੇ ਹੋਈ ਜਾਂਦੇ ਹਨ। ਤੇ ਕਾਹਲ਼ ਵੀ ਹੋ ਜਾਂਦੀ ਐ ਗੱਲ ਦਾ ਅੰਤ ਜਾਣਨ ਦੀ।

ਅਸੀਂ ਹੁਣ ਯੂਨੀਵਰਸਿਟੀ ਰੋਡ 'ਤੇ ਚੜ੍ਹਦੀਕਲਾ ਅਖ਼ਬਾਰ ਦੇ ਦਫ਼ਤਰ ਮੂਹਰੇ ਪਹੁੰਚਗੇ'। ਜਿਸ ਬੰਦੇ ਨੂੰ ਅਸੀਂ ਖ਼ਬਰ ਲਗਵਾਉਣ ਦੇ ਸਬੰਧ 'ਚ ਮਿਲਣਾ ਸੀ, ਉਸਨੂੰ ਮਿਲਣ ਬਾਰੇ ਸੋਚਣ ਲੱਗੇ।

ਕੀਰਤ ਇਸ ਘਟਨਾਕ੍ਰਮ 'ਚੋਂ ਬਚ ਕੇ ਨਿੱਕਲ਼ ਚੁੱਕਿਆ ਸੀ। ਕਿਉਂਕਿ ਮੇਰੇ ਉਹ ਕੋਲ ਸੀ, ਪਰ ਉਸ ਪੂਰੇ ਸਮੇਂ ਬਾਰੇ ਮੈਨੂੰ ਉਤਸੁਕਤਾ ਵੱਧ ਰਹੀ ਸੀ, ਜੋ ਉਸ ਉੱਤੇ ਬੀਤਿਆ। ਉਤਸੁਕਤਾ 'ਕੱਲੀ ਨਹੀਂ ਸੀ, ਨਾਲ਼ ਡਰ ਵੀ ਵਧ ਰਿਹਾ ਸੀ। ਡਰ ਸੀ ਪੁਲਿਸ ਦਾ। ਜਦੋਂ ਅਸੀਂ

ਪੱਤਰਕਾਰ ਬਾਰੇ ਗੱਲ ਕੀਤੀ ਸੀ ਤਾਂ ਕੀਰਤ ਦੇ ਜੀਜੇ ਨੇ ਦੱਸਿਆ ਸੀ ਕਿ ਤੁਸੀਂ ਬੋੜ੍ਹਾ ਬਚ ਕੇ ਰਿਹੋ, ਜਿੰਨੀ ਦੇਰ ਹਾਈਕੋਰਟ ਤੋਂ ਪੱਕੀ ਜਮਾਨਤ ਨ੍ਹੀਂ ਮਿਲਦੀ। ਉਹ ਕੁਛ ਵੀ ਕਰ ਸਕਦੇ ਨੇ।

ਜੀਜਾ ਜੀ ਨੇ ਉਸ ਪੱਤਰਕਾਰ ਦੇ ਘਰ ਫੋਨ ਕਰਤਾ, ਕਿ ਕੀਰਤ ਹੋਰੀਂ ਦਫ਼ਤਰ ਮੂਹਰੇ ਤੈਨੂੰ ਉਡੀਕ ਰਹੇ ਹਨ। ਉਸਦੇ ਕਹੇ 'ਤੇ ਈ ਅਸੀਂ ਕਚਹਿਰੀਆ 'ਚੋਂ ਡਰਦੇ-ਡਰਦੇ ਤਿੰਨ-ਚਾਰ ਐਫੀਡੇਵਟ ਬਣਵਾ ਕੇ ਲਿਆਏ। ਨਹੀਂ ਤਾਂ ਉਹ ਕਹਿੰਦੇ ਕਿਸੇ ਨੇ ਮੂੰਹ ਜੁਬਾਨੀ ਖ਼ਬਰ ਨ੍ਹੀਂ ਲਾਉਣੀ। ਕਿਉਂਕਿ ਹੁਣ ਮਹਿਜ ਇਹ ਇੱਕ ਖ਼ਬਰ ਨ੍ਹੀਂ ਸੀ ਰਹੀ। ਇਹ ਤਾਂ ਸ਼ਰਆਮ ਇਲਜਾਮ ਸਨ ਪੁਲਿਸ ਪ੍ਰਸ਼ਾਸ਼ਨ ਉੱਤੇ। ਉਹ ਵੀ ਝੂਠੇ ਮੁਕਾਬਲੇ 'ਚ ਮਾਰਨ ਦੀ ਕੋਸ਼ਿਸ਼ ਅਤੇ ਕੇਸਾਂ ਦੀ ਬੇਅਦਬੀ ਕਰਨ ਦੇ। ਮਾਮਲਾ ਬਹੁਤ ਭਖਣ ਵਾਲ਼ਾ ਸੀ। ਉਸ ਥਾਣੇਦਾਰ ਦੀ ਨੌਕਰੀ ਜਾ ਸਕਦੀ ਸੀ ਤੇ ਸਾਡੀ ਜਾਨ ਵੀ...।

ਅਸੀਂ ਐਫੀਡੇਵਟ ਬਣਾ ਕੇ ਫੇਰ ਅਖ਼ਬਾਰ ਦੇ ਦਫ਼ਤਰ ਚਲੇ ਗਏ। ਪਰ ਅੰਦਰ ਵੜਨ ਦੀ ਬਿਜਾਏ ਬਾਹਰ ਇੱਕ ਕਾਰ ਦੇ ਉਹਲੇ ਬੈਠ ਗੇ'। ਮੈਂ ਫੇਰ ਗੱਲ ਪੂਰੀ ਸੁਣਨ ਲਈ ਕੀਰਤ ਨੂੰ ਪੁੱਛਿਆ।

"ਬੀੜ 'ਚੋਂ ਨਿੱਕਲ਼ਕੇ ਫੇਰ ਕੀਹਦੇ ਕੋਲ਼ ਗਿਆ? ਮੇਰੇ ਕੋਲ਼ ਕਿਉਂ ਨ੍ਹੀਂ ਆਇਆ?"

"ਮੰਗੇ ਵੀਰ, ਤੇਰੇ ਤੋਂ ਵੱਧ ਮੇਰਾ ਕੌਣ ਐ? ਰੱਬ ਜਿਨਾਂ ਭਰੋਸਾ ਵੀਰ ਤੇਰੇ 'ਤੇ... ਮੈਨੂੰ ਲੱਗਿਆ ਤੇਰੇ ਘਰ ਤਾਂ ਸਭ ਤੋਂ ਪਹਿਲਾਂ ਪਹੁੰਚਣਗੇ। ਮੈਂ ਤਾਂ ਵੀਰ ਧੱਕੇ ਖਾਂਦਾ ਹਰਿਆਣੇ 'ਚ ਪਹੁੰਚ ਗਿਆ, ਦੂਜੇ ਦਿਨ ਕਲੀਨ ਸ਼ੇਵ ਹੋ ਕੇ। ਪਰ ਪਤਾ ਨ੍ਹੀਂ ਕੀਹਨੇ ਸੀ. ਆਈ.ਡੀ. ਕਰਤੀ, ਸਾਲ਼ਿਆਂ ਨੇ ਓਥੋਂ ਵੀ ਚੱਕ ਲਿਆਂਦਾ। ਪਰ ਜੀਜਾ ਜੀ ਨੇ ਤੇ ਭਾਪਾ ਜੀ ਹੋਰਾਂ ਨੇ ਪੰਚਾਇਤ ਇਕੱਠੀ ਕਰਕੇ ਥਾਣੇ 'ਚੋਂ ਛੁਡਾ ਲਿਆ। ਹਰਿਆਣੇ ਆਲ਼ਾ ਮੁੰਡਾ ਮੇਰੇ ਪਿੱਛੇ ਈ ਆ ਗਿਆ ਆਪਣੇ ਬਾਪੂ ਜੀ ਨਾਲ਼। ਉਹਦੇ ਕਰਜ਼ਦਾਰ ਹਾਂ ਵੀਰ ਆਪਾਂ।"

ਮੈਂ ਇੱਕ ਵਾਰ ਫੇਰ ਉਸਨੂੰ ਜੱਫੀ 'ਚ ਲਿਆ ਤੇ ਕਿਹਾ, "ਕੋਈ ਨਾ ਬਾਈ ਅਹਿਸਾਨ ਸਾਰਿਆਂ ਦਾ ਚੁਕਾਵਾਂਗੇ। ਉਸ ਡਰਾਇਵਰ ਦਾ ਵੀ ਤੇ ਹਰਿਆਣੇ ਆਲ਼ੇ ਦਾ ਵੀ। ਜਾਨ ਹਾਜ਼ਰ ਐ ਇਨ੍ਹਾਂ ਫਰਿਸ਼ਤਿਆਂ ਵਾਸਤੇ। ਬਾਕੀ ਭਾਜੀ ਥਾਣੇਦਾਰ ਦੀ ਵੀ ਮੋੜਾਂਗੇ। ਉਹ ਵੀ ਵਾਧਾ ਕਰਕੇ, ਆਏਂ ਨ੍ਹੀਂ ਛੱਡਦੇ ਮੇਰੇ ਸਾਲ਼ੇ .....ਨੂੰ।"

ਇੱਕ ਸਿਰਫ਼ ਚੜ੍ਹਦੀਕਲਾ ਆਲ਼ਿਆਂ ਨੇ ਹਾਮੀ ਭਰੀ ਖ਼ਬਰ ਲਾਉਣ ਦੀ, ਤੇ ਉਹਨਾਂ ਲਾਈ ਵੀ ਸੀ। ਬੇਸ਼ੱਕ ਛੋਟੀ ਜਿਹੀ ਡੱਬੀ ਬਣਾ ਕੇ ਲਾਈ। ਆਹ ਪੰਥਕ ਕਹਾਉਂਦੇ ਬਾਕੀ ਕਿਸੇ ਅਖਬਾਰ ਨੇ ਤਾਂ ਹਾਮੀ ਵੀ ਨ੍ਹੀਂ ਸੀ ਭਰੀ।

ਹੁਣ ਪਿੰਡ ਨੂੰ ਤੁਰ ਪੇ'। ਰਾਤ ਨ੍ਹੀਂ ਸੀ ਹੋਈ, ਪਰ ਹਨੇਰਾ ਪੂਰਾ ਹੋ ਗਿਆ ਸੀ। ਰੱਬ-ਰੱਬ ਕਰ ਰੰਨੋ ਪਹੁੰਚੇ। ਰੰਨੋ ਪਿੰਡ ਕੀਰਤ ਦੇ ਮਾਮੇ ਦੀ ਮੋਟਰ ਨਾਲ਼, ਇੱਕ ਹੋਰ ਮੋਟਰ ਐ ਉੱਥੇ ਮੰਜਾ ਵੀ ਪਿਆ ਰਹਿੰਦਾ, ਉੱਥੇ ਚਲੇ ਗਏ। ਸੌਣ ਦੀ ਕੋਸ਼ਿਸ਼ ਕੀਤੀ। ਪਰ ਸਾਰੀ ਰਾਤ ਅੱਖ

ਝਪਕਣ ਜਿੰਨੀ ਵੀ ਨੀਂਦ ਨਾ ਆਈ। ਜੇ ਅੱਖ ਲੱਗੇ ਤਾਂ ਪੁਲਿਸ ਆਲ਼ੇ ਆ ਜਿਆ ਕਰਨ ਸੁਪਨੇ 'ਚ...। ਮਾਹੌਲ ਈ ਐਵੇਂ ਦਾ ਸੀ, ਸਵੇਰ ਤੋਂ। ਮੌਤ ਦੇ ਡਰ ਨੇ ਡਰਾ ਕੇ ਰੱਖਤੇ ਸੀ। ਉਂ ਤਾਂ ਪਤਾ ਨ੍ਹੀਂ ਕੀ ਐ ਮੇਰੇ 'ਚ... ਪਤਾ ਨ੍ਹੀਂ ਦੋਸਤੀ ਖਾਤਰ, ਪਤਾ ਨ੍ਹੀਂ ਹੋਛਾਪਣ ਐ ਜਾਂ ਫੇਰ ਉਹ ਫੀਲਿੰਗ ਕਿ ਮੈਂ ਕਿਹੜਾ ਡਰਦੈਂ ਕਿਸੇ ਤੋਂ, ਨਾ ਮੈਂ ਮਰ ਸਕਦੈਂ। ਜਨਮ ਸਮੇਂ ਦੀਆਂ ਭੀਰੇ ਮਾਮੇ ਦੀਆਂ ਕਹੀਆਂ ਅਤੇ ਬਾਅਦ 'ਚ ਦਿੱਤੀਆਂ ਬਾਪੂ ਦੀਆਂ ਦਲੇਰੀਆਂ ਕਰਕੇ, ਦਿਲ ਕੈੜਾ ਕਰੀ ਰੱਖਿਆ। ਨਹੀਂ ਤਾਂ ਮਾੜਾ ਬੰਦਾ ਹੁੰਦਾ, ਦੌਰਾ ਪੈ ਜਾਂਦਾ ਡਰਦੇ ਮਾਰੇ ਦੇ। ਕਿਉਂਕਿ ਪਟਿਆਲ਼ੇ ਤੋਂ ਬਾਹਰ ਨਿੱਕਲ਼ਕੇ ਜਦੋਂ ਅਸੀਂ ਭਾਦਸੋਂ ਰੋਡ 'ਤੇ ਆ ਰਹੇ ਸੀ ਤਾਂ ਸਿੱਧੂਵਾਲ਼ ਤੋਂ ਰਾਇਮਣ ਮਾਜਰੀ ਤੱਕ, ਵੀਹ-ਬਾਈ ਕਿੱਲੋਮੀਟਰ ਕਿਨੀ ਵਾਰ ਈ ਸਕੂਟਰ ਸੁੱਟ ਕੇ ਖੇਤਾਂ 'ਚ ਨੂੰ ਭੱਜੇ ਸੀ।

ਕਣਕ ਲਈ ਵਾਹੀ ਚੱਲਦੀ ਸੀ। ਜਦੋਂ ਟਰੈਕਟਰ ਸੜਕ ਕੋਲ਼ ਆ ਕੇ ਮੋੜਾ ਕੱਟਿਆ ਕਰਨ ਤਾਂ ਆਂਏਂ ਲੱਗਿਆ ਕਰੇ ਜਿਵੇਂ ਪੁਲਿਸ ਦੀ ਗੱਡੀ ਪਹਿਲਾਂ ਬੰਦ ਖੜ੍ਹੀ ਸੀ, ਹੁਣ ਸਾਨੂੰ ਦੇਖਕੇ ਸਟਾਰਟ ਹੋਈ ਹੈ ਤੇ ਹੁਣ ਸਾਡੇ ਕੋਲ਼ ਨੂੰ ਆ ਰਹੀ ਐ। ਟਰੈਕਟਰ ਦੀਆਂ ਲਾਈਟਾਂ ਮੁੜਨ ਵੇਲ਼ੇ, ਇੱਕੋ ਦਮ ਅੱਖਾਂ 'ਚ ਪਿਆ ਕਰਨ। ਅਸੀਂ ਦੋ-ਤਿੰਨ ਵਾਰ ਸਕੂਟਰ ਸੁੱਟ ਕੇ ਭੱਜੇ, ਪਰ ਗਨੀਮਤ ਰਹੀ, ਉਹ ਸਾਡੇ ਵਹਿਮ ਈ ਸਨ।

ਫੇਰ ਅਕਾਲ ਤਖ਼ਤ ਵੀ ਗਏ, ਪਰਚਾ ਵੀ ਹੋਇਆ। ਥਾਣੇਦਾਰ, ਪਿੰਡ 'ਚ ਲੋਕਾਂ ਦੀਆਂ ਮਿੰਨਤਾਂ ਵੀ ਕਰਕੇ ਗਿਆ ਕਿ ਕੋਈ ਸਮਝੌਤਾ ਕਰਵਾ ਦੇਵੇ ਜਾਂ ਕੋਈ ਲਿਖ ਦੇਵੇ ਕਿ ਕੀਰਤ ਨੇ ਪਹਿਲਾਂ ਵੀ ਕੇਸ ਕਟਵਾਏ ਨੇ ਬਚਪਨ 'ਚ...। ਪਰ ਕਿਸੇ ਨੇ ਨਾ ਲਿਖਿਆ। ਬੜਾ ਲੰਮਾ ਚੱਲਿਆ ਇਹ ਕਲ਼ੇਸ਼, ਬਹੁਤ ਨੁਕਸਾਨ ਕਰ ਗਿਆ।

ਕੀਰਤ, ਜੀਹਨੇ ਕਦੇ ਦਾਰੂ ਦੀ ਘੁੱਟ ਧੱਕੇ ਨਾਲ਼ ਮੂੰਹ 'ਚ ਜਾਣ 'ਤੇ, ਮਰਨਾ ਪਸੰਦ ਕਰਿਆ ਸੀ, ਉਹ ਸ਼ਰਾਬ ਪੀਣ ਲੱਗ ਪਿਆ। ਕਿਉਂਕਿ ਉਸਨੂੰ ਬਠਿੰਡੇ ਆਲ਼ੇ ਕੇਸ 'ਚ ਜੇਲ੍ਹ ਕੱਟਣੀ ਪਈ। ਫੇਰ ਸੰਦੀਪ ਬਾਣੀਏ ਨਾਲ਼ ਹੋਈ ਲੜਾਈ 'ਚ ਵੀ ਇਰਾਦਾ ਕਤਲ ਦਾ ਪਰਚਾ ਹੋ ਗਿਆ। ਹੋਰ ਵੀ ਬਹੁਤ ਕੁਛ ਹੋਇਆ ਮੇਰੇ ਯਾਰ ਨਾਲ਼। ਪਰ ਹੁਣ ਕਹਿੰਦੇ ਸਭ ਠੀਕ ਹੈ। ਕੀਰਤ ਦਾ ਬੇਟਾ ਜਵਾਨ ਹੋ ਗਿਆ ਹੈ ਅਤੇ ਹੈ ਵੀ ਬਹੁਤ ਲਾਇਕ।



ਨਾ ਭੁਲਣ ਵਾਲ਼ੀ ਪੀੜ

ਜਿੱਥੇ ਉਸ ਦਿਨ ਫਸੇ ਸੀ, ਓਥੋਂ ਨਿੱਕਲ਼ ਪਤਾ ਨ੍ਹੀਂ ਕਿਵੇਂ ਆਏ। ਜੇ ਕਿਤੇ ਕੋਈ ਬੱਚਾ ਵੀ ਸ਼ਰਾਰਤ ਕਰ ਦਿੰਦਾ, ਤਾਂ ਬਚਣਾ ਮੁਸ਼ਕਲ ਹੋ ਜਾਣਾ ਸੀ। ਮਾਰ ਦਿੰਦੇ ਪਿੰਡ ਦੇ ਲੋਕ, ਕਿੰਨੀਆਂ ਈ ਜ਼ਿੰਦਗੀਆਂ ਲਾਸ਼ਾਂ ਬਣਾ ਦਿੰਦੇ।

ਇੱਕ ਦਿਨ ਮੈਂ ਆਹੀ ਇੱਕੀ-ਬਾਈ ਸਾਲ ਪੁਰਾਣੀ ਘਟਨਾ, ਮਾਜਰੀ ਆਲ਼ੇ ਰਾਜੂ ਨਾਲ ਸਾਂਝੀ ਕਰੀ। ਸੁਣ ਕੇ ਕਹਿੰਦਾ, "ਰਹਿਣ ਦੇ ਮਾਸਟਰਾ, ਯਾਦ ਨਾ ਕਰਾ। ਹੁਣ ਤਾਂ ਸੋਚ ਕੇ ਵੀ ਰੂਹ ਕੰਬਦੀ ਐ। ਓਦੋਂ ਤਾਂ ਕਈ ਵਾਰ ਸੁਪਨੇ 'ਚ ਵੀ ਲੱਗਿਆ, ਜਿਵੇਂ ਗਰਦਨਾਂ ਵੱਢਤੀਆਂ ਆਪਣੀਆਂ।"

***

ਉਹਨਾਂ ਦਿਨਾਂ 'ਚ ਨਾਭੇ ਕਚਹਿਰੀਆਂ ਆਲ਼ਾ ਸਾਈਕਲ ਸਟੈਂਡ, ਸੰਦੀਪ ਬਾਣੀਏ ਹੋਰਾਂ ਨੇ ਲੈ ਲਿਆ ਸੀ। ਬੜਾ ਰਿਵਾਜ਼ ਜਿਆ ਸੀ ਓਦੋਂ। ਜਿਹੜਾ ਸਿਰੇ ਦਾ ਗੁੰਡਾ ਹੁੰਦਾ ਉਹਦੇ ਕੋਲ਼ ਸ਼ਰਾਬ ਦੇ ਠੇਕੇ ਹੁੰਦੇ ਜਾਂ ਸਾਈਕਲ ਸਟੈਂਡ ਹੁੰਦਾ। ਨਾਭੇ ਆਲ਼ਾ ਸਟੈਂਡ ਤਾਂ ਠੇਕੇ 'ਤੇ ਵੀ ਕਾਹਦਾ ਸੀ। ਦੂਜੇ ਬੰਨੇ ਬੋਲੀ ਦੇਣ ਆਲ਼ਾ, ਅਸੀਂ ਕੋਈ ਖੜ੍ਹਾ ਈ ਨ੍ਹੀਂ ਸੀ ਹੋਣ ਦਿੱਤਾ।

ਓਦੋਂ ਅਸੀਂ ਇਸੇ ਨੂੰ ਬੜੀ ਪ੍ਰਾਪਤੀ ਸਮਝਦੇ ਸੀ ਕਿ ਅਸੀਂ ਬਹੁਤ ਘੈਂਟ ਹਾਂ, ਡਰਦੇ ਨ੍ਹੀਂ ਕਿਸੇ ਤੋਂ। ਉਹ ਉਮਰ ਈ ਐਵੇਂ ਦੀ ਸੀ। ਗੁੰਡਿਆਂ ਵਾਂਗੂ ਖਾਣ-ਪੀਣ ਲਈ ਲੋਕਾਂ ਨਾਲ਼ ਤੁਰੇ ਰਹਿੰਦੇ।

ਅਸੀਂ ਸੰਦੀਪ ਤੋਂ ਦਾਰੂ-ਮੁਰਗੇ ਦੇ ਪੈਸੇ ਲੈ ਲਏ ਅਤੇ ਪਟਿਆਲ਼ਾ ਗੇਟ ਅਹਾਤੇ 'ਚ ਬੈਠ ਗੇ', ਜਿੱਥੇ ਅਕਸਰ ਬੈਠਦੇ ਸੀ। ਪਾਰਟੀ ਕਰਦੇ ਇੱਕ ਦੂਜੇ 'ਤੇ ਤਵੇ ਲਾ ਰਹੇ ਸੀ। ਫੇਰ ਇੱਕ ਸਲਾਹ ਬਣ ਗੀ', ਬਈ ਕੋਈ ਜਾਣਾ ਅਮਲੋਹ ਕਚਹਿਰੀਆਂ ਆਲ਼ੇ ਸਟੈਂਡ ਦੀ ਬੋਲੀ ਪਤਾ ਕਰੋ, ਕਦੋਂ ਐਂ, ਆਪਾਂ ਉਹ ਵੀ ਲੈ ਲੈਂਦੇ ਹਾਂ।

ਨਵੇਂ-ਨਵੇਂ ਠੇਕੇਦਾਰ ਵੀ ਤਿਆਰ ਹੋ ਗੇ'। ਇੱਕ ਪਤਲਾ ਜਿਹਾ ਮੁੰਡਾ ਹੁੰਦਾ ਸੀ ਸਾਡੇ ਨਾਲ ਦੁਲੱਦੀ ਆਲਾ ਭੀਮ ਤੇ ਦੂਜਾ ਨਾਨੋਵਾਲ ਆਲ਼ਾ ਭਾਊ। ਗੱਲਾਂ-ਗੱਲਾਂ 'ਚ ਈ ਦੋਵੇਂ ਕਾਇਮ ਹੋ ਗੇ'।

ਅਮਲੋਹ ਕਚਹਿਰੀਆਂ ਦਾ ਠੇਕਾ ਵੀ ਕਿਸੇ ਤਰ੍ਹਾਂ ਸਾਡੇ ਬੰਦਿਆਂ ਨੂੰ ਮਿਲ ਗਿਆ। ਐਥੇ ਗੱਲ ਕਰਦੇ ਆਂ ਇੱਕ ਬਦਮਾਸ਼ੀ ਦੀ। ਇੱਕ ਹਮਲੇ ਦੀ। ਜੋ ਬਹੁਤ ਕੁਛ ਸਿਖਾ ਗਿਆ ਸੀ। ਜਿਸਦਾ ਪਛਤਾਵਾ ਉਸ ਸਮੇਂ ਤਾਂ ਜਿਆਦਾ ਮਹਿਸੂਸ ਨ੍ਹੀਂ ਸੀ ਹੋਇਆ, ਪਰ ਹੁਣ ਜਦੋਂ ਉਮਰ ਦੇ ਇਸ ਪੜਾਅ 'ਤੇ ਆਪਣੀ ਪੜਚੋਲ ਕਰਦੈਂ ਤਾਂ ਬਹੁਤ ਕਸੂਰਵਾਰ ਮਹਿਸੂਸ ਕਰਦੈਂ।

ਓਦਣ ਮੌਕਾ ਜਿਹਾ ਤਾੜਕੇ ਸੰਦੀਪ ਬਾਣੀਆਂ ਕਹਿੰਦਾ, "ਯਾਰ, ਇੱਕ ਕੰਮ ਐ। ਸਾਡੀ ਇੱਕ ਰਿਸ਼ਤੇਦਾਰ ਹੈ, ਉਸਦਾ ਘਰ ਛੁਡਵਾਉਣਾ। ਉਹਨੇ ਬਹੁਤ ਵਾਰ ਕਿਹਾ, ਬੰਦੇ ਬਹੁਤ ਤੰਗ ਕਰਦੇ ਨੇ। ਇੱਕ ਵਾਰ ਕਿਰਾਏ 'ਤੇ ਲਿਆ ਸੀ, ਹੁਣ ਕਬਜ਼ਾ ਨ੍ਹੀਂ ਦਿੰਦੇ।"

ਮੈਨੂੰ ਲੱਗੀ ਜਾਂਦਾ ਸੀ ਬਈ ਐਨੀ ਅਪਣੱਤ ਕਿਉਂ ਦਿਖਾ ਰਿਹੈ! ਕੋਈ ਤਾਂ ਗੜਬੜ ਹੈ। ਅਸੀਂ ਇਨ੍ਹਾਂ ਸ਼ਹਿਰੀਆਂ ਨੂੰ ਮਤਲਬੀ ਲੋਕਾਂ 'ਚ ਈ ਗਿਣਦੇ ਸੀ। ਫੇਰ ਵੀ ਅਸੀਂ ਭਾਵੁਕ ਹੋ ਕੇ, ਹੋ ਗੇ' ਤਿਆਰ। ਦੂਜੇ ਦਿਨ ਸਵੇਰੇ ਨੌਂ ਵਜੇ ਨਾਭੇ ਕਚਹਿਰੀਆਂ 'ਚੋਂ ਤੁਰਨ ਦਾ ਪ੍ਰੋਗਰਾਮ ਬਣਾ ਲਿਆ। ਜਾਣਾ ਸੀ ਦੁੱਗਰੀ ਪਿੰਡ। ਬਬਲੀ ਕਹਿੰਦਾ, "ਨਾਲ਼ੇ ਚਮਕੀਲੇ ਦੀ ਸਮਾਧ ਦੇਖ ਆਵਾਂਗੇ।"

ਅਸੀਂ ਕਿਰਾਏ ਦੀਆਂ ਕਾਰਾਂ 'ਚ ਸਵਾਰ ਹੋ ਕੇ ਦੁੱਗਰੀ ਨੂੰ ਰਵਾਨਾ ਹੋ ਗੇ'। ਪਰ ਇਹ ਚਮਕੀਲੇ ਆਲਾ ਦੁੱਗਰੀ ਪਿੰਡ ਨ੍ਹੀਂ ਸੀ। ਇਹ ਤਾਂ ਜੌੜੇ ਪੁਲ਼ਾਂ ਵੱਲ ਇੱਕ ਛੋਟਾ ਜਿਹਾ ਪਿੰਡ ਸੀ। ਸੰਦੀਪ ਕੋਲ਼ ਆਪਦੀ ਕਾਰ ਸੀ, ਉਹਦੇ 'ਚ ਉਸਦੇ ਨਿੱਜੀ ਈ ਬੈਠੇ ਸਨ। ਇਹ ਸਾਡਾ ਕੋਈ ਪੱਕਾ ਯਾਰ ਬੇਲੀ ਨ੍ਹੀਂ ਸੀ ਹੈਗਾ। ਹਾਂ ਗਾਹਾਂ ਤੋਂ ਗਾਹਾਂ ਮੇਲ ਮਿਲਾਪ ਵਧੀਆ ਸੀ। ਸਾਨੂੰ ਇਹ ਸ਼ਹਿਰੀ ਤੰਗ ਦਿਲੇ ਜੇ ਹੋਣ ਕਰਕੇ ਜਿਆਦਾ ਸੂਤ ਨ੍ਹੀਂ ਸੀ ਆਉਂਦੇ।

ਹੁਣ ਅਸੀਂ ਉਸ ਘਰ 'ਚ ਪੁੱਜ ਗੇ', ਜਿੱਥੇ ਮੱਦਦ ਕਰਨ ਗਏ ਸੀ, ਰੋਬਿਨ-ਹੁੱਡ ਬਣ ਕੇ। ਉੱਥੇ ਜਾਂਦੇ ਸਾਰ ਈ ਗ਼ਲਤ ਜਿਹੀ ਭਾਵਨਾ ਮਹਿਸੂਸ ਹੋਈ। ਪਰ ਕਿਸੇ ਨੇ ਗੌਰ ਈ ਨਾ ਕੀਤਾ, ਉਹ ਉਮਰ ਈ ਐਵੇਂ ਦੀ ਸੀ। ਮਾਹੌਲ ਹੀ ਹੋਰ ਤਰਾਂ ਦਾ ਸੀ। ਬਦਮਾਸ਼ੀ ਆਲੀ ਫੀਲਿੰਗ ਜਿਆਦਾ ਚੰਗਾ ਸੋਚਣ ਤੋਂ ਰੋਕ ਦਿੰਦੀ। ਭੱਦਲ ਥੂਹੇ ਆਲ਼ੇ ਗੋਲੂ ਨੇ ਤਾਂ ਕਿਹਾ ਵੀ ਸੀ, "ਮੰਗੇ, ਇਹ ਸੰਦੀਪ ਬਾਣੀਆ ਏ... ਇਹ ਦੂਰ ਦੀ ਰਿਸ਼ਤੇਦਾਰੀ ਤਾਂ ਕੀ ਇਹ ਤਾਂ ਨੇੜੇ ਲਈ ਵੀ ਐਨਾ ਨ੍ਹੀਂ ਸੋਚ ਸਕਦਾ। ਤੂੰ ਜਾਣਦਾ ਨ੍ਹੀਂ ਵੀਰੇ, ਮਿੱਠਾ ਤੇ ਤੂੰ ਤਾਂ ਦਾਰੂ 'ਤੇ ਈ ਡੁੱਲ ਜਾਨੇ ਓ।"

"ਗੋਲੂ ਗੱਲ ਤੇਰੀ ਸਹੀ ਆ। ਇੱਕ ਬਾਣੀਏ ਦੇ ਰਿਸ਼ਤੇਦਾਰਾਂ ਦੇ ਘਰ ਪੀਰ ਦੀ ਮਜ਼ਾਰ ਸਮਝ ਤੋਂ ਬਾਹਰ ਐ।" ਮੈਂ ਕਿਹਾ।

"ਹੋਰ ਕੀ ਮੈਂ ਉੜਦੂ ਬੋਲ ਰਿਹੈਂ।" ਗੋਲੂ ਨੇ ਅੱਖਾਂ ਜੀਆਂ ਕੱਢ ਕੇ ਮੇਰੇ ਵੱਲ ਦੇਖਦੇ ਨੇ ਕਿਹਾ ਅਤੇ ਉਸ ਜਨਾਨੀ ਵੱਲ ਇਸ਼ਾਰਾ ਕਰਿਆ, ਜਿਸਨੂੰ ਸੰਦੀਪ ਇੱਕ ਅਬਲਾ-ਗਰੀਬ ਦੱਸ ਕੇ ਸਾਨੂੰ ਉੱਥੇ ਲੈ ਕੇ ਗਿਆ ਸੀ।

ਉਹ ਕਿਸੇ ਪਾਸਿਉਂ ਮਜ਼ਲੂਮ ਨਹੀਂ ਸੀ ਲੱਗ ਰਹੀ। ਹੋਰ ਵੀ ਦੋ-ਤਿੰਨ ਕੁੜੀਆਂ ਫਿਰਦੀਆਂ ਸੀ ਜੋ ਪੂਰੀਆਂ ਮੌਡਰਨ ਸਨ। ਕਹਿਣ ਤੋਂ ਭਾਵ ਗਰੀਬ ਨਹੀਂ ਸੀ ਲੱਗਦੀਆਂ।

ਲੰਬਾ ਸਾਰਾ ਘਰ ਸੀ ਉਹ, ਜਿਸ 'ਚੋਂ ਕਿਰਾਏਦਾਰਾਂ ਨੂੰ ਕੱਢਣ ਗਏ ਸੀ। ਛਿਪਦੀ ਵੱਲ ਮੂੰਹ, ਦੋ ਗੇਟ ਸਨ ਬਰਾਬਰ-ਬਰਾਬਰ। ਵਿਚਕਾਰੋਂ ਦੀ ਇੱਕ ਕੰਧ ਨੇ ਘਰ ਨੂੰ ਵੰਡਿਆ ਹੋਇਆ ਸੀ। ਪਰ ਦੂਜੇ ਪਾਸੇ ਟੁੱਟੀ ਜਿਹੀ ਟੋਕੇ ਆਲ਼ੀ ਮਸ਼ੀਨ, ਕੱਚਾ ਫਰਸ਼, ਬਿਨਾਂ ਪਲੱਸਤਰ

ਤੋਂ ਮਕਾਨ, ਭਾਵ ਗਰੀਬੀ ਸਾਫ-ਸਾਫ ਦਿਖ ਰਹੀ ਸੀ। ਮਤਲਬ, ਜਿਹਨਾਂ ਨੂੰ ਬੇਘਰ ਕਰਨਾ ਸੀ, ਉਹ ਗਰੀਬ ਸਨ ਤੇ ਜਿਹੜੇ ਕਰਵਾ ਰਹੇ ਸੀ, ਉਹ ਅਮੀਰ।

ਵੀਹ-ਪੱਚੀ ਮਿੰਟ ਈ ਹੋਏ ਹੋਣਗੇ ਕਿ ਹੋ ਗੀ' ਲਾ ਲਾ, ਲਾ ਲਾ, ਲੱਗ ਪੇ' ਕੰਧ ਢਾਹੁਣ। ਚੱਕ-ਚੱਕ ਬਾਹਰ ਮਾਰਿਆ ਸਮਾਨ। ਉੱਥੇ ਸਮਾਨ ਕੋਈ ਬਹੁਤ ਕੀਮਤੀ ਨ੍ਹੀਂ ਸੀ, ਪਰ ਪੁਰਾਣਾ ਸੀ। ਤੇ ਘਰਦਿਆਂ ਨੂੰ ਪਿਆਰਾ ਵੀ ਸੀ। ਜਦੋਂ ਅਸੀਂ ਸਮਾਨ ਕੱਪੜੇ ਚੱਕ ਕੇ ਬਾਹਰ ਸੁੱਟਦੇ ਤਾਂ ਘਰਦੇ ਜੀਅ ਮਰ-ਮਰ ਜਾਂਦੇ। ਪਰ ਜਦੋਂ ਕੋਈ ਉਹਨਾਂ ਦੇ ਮਾਰਦਾ, ਪਰੇ ਹਟਾਉਣ ਲਈ ਤਾਂ ਉਹ ਓਨਾ ਨਾ ਰੋਂਦੇ, ਨਾ ਜ਼ਿਆਦਾ ਤਕਲੀਫ਼ ਮੰਨਦੇ... ਜਿੰਨੀ ਸਮਾਨ ਦੀ ਟੁੱਟ-ਭੱਜ ਨਾਲ਼ ਮੰਨਦੇ।

ਇੱਕ ਪੰਜ-ਛੇ ਸਾਲ ਦੀ ਮੈਲ਼ੇ ਜਿਹੇ ਕੱਪੜਿਆਂ ਪਰ ਬਹੁਤ ਗੋਰੀ ਚਿੱਟੀ ਭੂਰੇ ਵਾਲ਼ਾਂ ਵਾਲੀ ਕੁੜੀ, ਮੇਰੀ ਲੱਤ ਫੜ ਕੇ ਖੜ੍ਹ ਗੀ'। ਮੇਰੇ ਵੱਲ ਉੱਤੇ ਨੂੰ ਮੂੰਹ ਕਰਕੇ ਉਹ ਰੋਈ ਜਾਵੇ...। ਉਸਦੀਆਂ ਗੱਲਾਂ 'ਤੇ ਹੰਝੂ ਚੋ-ਚੋ, ਮੈਲ਼ ਦੇ ਧੱਬੇ ਜਿਹੇ ਬਣੇ ਹੋਏ। "ਵੀਲੇ ਇਹ ਨਾ ਤੋਲੀਂ... ਮੇਲੇ ਮਿੱਠੂ ਦੈ ਇਹ ਤਾਂ।" ਮੇਰੇ ਹੱਥ 'ਚ ਇੱਕ ਲੋਹੇ ਦਾ ਪਿੰਜਰਾ ਜਿਹਾ ਸੀ।

ਬੱਚੀ ਦੀਆਂ ਅੱਖਾਂ 'ਚ ਦੇਖ ਮੈਨੂੰ ਆਂਏਂ ਲੱਗਿਆ ਜਿਵੇਂ ਕਾਲਜੇ 'ਚੋਂ ਰੁੱਗ ਭਰ ਲਿਆ ਹੋਵੇ। ਪਰ ਮੈਥੋਂ ਨਰਮ ਦਿਲੀ ਦਿਖਾ ਕੇ ਡਰਪੋਕ ਨ੍ਹੀਂ ਸੀ ਬਣਿਆ ਗਿਆ। ਓਦੋਂ ਮੇਰਾ ਪ੍ਰਭਾਵ ਕਾਫੀ ਹੱਦ ਤੱਕ ਇੱਕ ਧੱਕੜ ਤੇ ਦਲੇਰਾਨਾ ਬਣਿਆ ਹੋਇਆ ਸੀ। ਭੀਮ ਨੇ ਉਸਨੂੰ ਮੇਰੀ ਲੱਤ ਕੋਲ਼ੋਂ ਪਰੇ ਹਟਾਇਆ, "ਬਾਈ, ਇਹਨੂੰ ਪਵਿਤਰ ਦੇ ਰਿਸ਼ਤੇਦਾਰ ਨੂੰ ਰੋਕ... ਸਾਲ਼ਾ ਪਿੰਡ ਦਿਆਂ ਨਾਲ਼ ਪੰਗੇ ਲੈ ਰਿਹੈ, ਦੇਖ ਕੀ ਲੱਛਣ ਕਰਦੈ।" ਕਹਿਕੇ ਉਹ ਮਿੱਠੇ ਕੋਲ਼ ਨੂੰ ਹੋ ਗਿਆ।

ਉਹ ਸੱਚੀਉਂ ਮਰਵਾਉਣ ਦੇ ਹੀਲੇ ਕਰ ਰਿਹਾ ਸੀ। ਪੂਰੇ ਫ਼ਿਲਮੀ ਸਟਾਈਲ 'ਚ ਮੋਢੇ 'ਤੇ ਕਿਰਪਾਨ ਰੱਖਕੇ ਕੋਠਿਆਂ 'ਤੇ ਖੜ੍ਹੇ ਲੋਕਾਂ ਨੂੰ ਕਹਿੰਦਾ, "ਓਏ ਭੱਜੋ ਐਥੋਂ... ਕੋਈ ਤਮਾਸ਼ਾ ਚੱਲ ਰਿਹੈ... ਅਪਦੇ-ਅਪਦੇ ਘਰਾਂ ਨੂੰ ਵਗਜੋ... ਨਹੀਂ ਤਾਂ...।"

ਮੈਂ ਉਹਨੂੰ ਸਕੀਮ ਲਗਾ ਕੇ ਥੱਲੇ ਉਤਾਰਿਆ। ਮਸਾਂ ਠੰਡਾ ਕਰਿਆ। ਨਹੀਂ ਤਾਂ ਮਰਵਾ ਦੇਣੇ ਸੀ। ਸਾਰੇ ਆਪਣੇ- ਆਪਣੇ ਕੰਮਾਂ 'ਚ ਲੱਗੇ ਹੋਏ ਸਨ... ਕੋਈ ਘਰ ਦੇ ਜੀਆਂ ਨੂੰ ਖਿੱਚ ਕੇ ਬਾਹਰ ਕੱਢ ਰਿਹੈ... ਕੋਈ ਮੇਰੇ ਵਰਗਾ ਸਮਾਨ ਚੱਕ-ਚੱਕ ਬਾਹਰ ਸੁੱਟ ਰਿਹੈ। ਕਈ ਜਣੇਂ ਢਾਹੀ ਹੋਈ ਕੰਧ ਦੀਆਂ ਇੱਟਾਂ ਚੱਕ ਕੇ ਇੱਕ ਚੱਠੇ ਦੇ ਰੂਪ 'ਚ ਸੈੱਟ ਕਰ ਰਹੇ ਨੇ। ਭੱਦਲ਼ ਥੂਹੇ ਆਲ਼ਾ ਗੋਲੂ ਤੇ ਦੁਲੱਦੀ ਆਲਾ ਭੀਮ, ਉਸ ਮੁੱਖ ਗੇਟ ਨੂੰ ਬੰਦ ਕਰ ਰਹੇ ਸੀ ਤਾਂ ਜੋ ਬਾਅਦ 'ਚ ਲੋਕਾਂ ਨੂੰ ਜਾਂ ਪੁਲਿਸ ਨੂੰ ਆਂਏਂ ਲੱਗੇ ਜਿਵੇਂ ਐਥੇ ਕੋਈ ਰਹਿੰਦਾ ਈ ਨਾ ਹੋਵੇ। ਭਾਵ ਕਬਜ਼ਾ ਉਹਨਾਂ ਦਾ ਪੁਰਾਣਾ ਦਿਖੇ, ਜਿਹਨਾਂ ਦੀ ਅਸੀਂ ਮੱਦਦ ਕਰਨ ਗਏ ਸੀ।

ਬਬਲੀ ਦੀ ਡਿਊਟੀ ਸੀ ਬਾਹਰ ਕਾਰਾਂ ਦੀ ਨਿਗ੍ਹਾ ਰੱਖਣ ਦੀ। ਕਿਉਂਕਿ ਇਹੋ ਜਿਹੇ

ਵਕਤ ਜੇ ਕੋਈ ਡਰਾਈਵਰ ਈ ਡਰ ਕੇ ਭੱਜ ਜਾਵੇ, ਫੇਰ ਜਾਣ ਵੇਲ਼ੇ ਬਹੁਤ ਮੁਸ਼ਕਲ ਹੋ ਜਾਂਦੀ ਹੈ। ਊਂ ਵੀ ਜੇ ਕੋਈ ਟਾਇਰਾਂ ਦੀ ਫੂਕ ਕੱਢ ਦੇਵੇ ਫੇਰ ਔਖਾ ਹੋ ਸਕਦੈ। ਓਦਣ ਤਾਂ ਕੰਮ ਹੋਰ ਵੀ ਜ਼ੋਖਮ ਭਰਿਆ ਸੀ।

ਕੋਠੇ 'ਤੇ ਲੋਕਾਂ ਦੀ ਭੀੜ ਵਧ ਰਹੀ ਸੀ। ਘੁਸਰ-ਮੁਸਰ ਸਾਡੇ 'ਚ ਇਹ ਚੱਲ ਪੀ' ਕਿ ਰਿਵਾਲਵਰ ਹੈ ਨ੍ਹੀਂ ਸੰਦੀਪ ਕੋਲ਼... ਉਹ ਤਾਂ ਝੂਠ ਬੋਲ ਕੇ ਲਿਆਇਆ ਕਿ ਅਸਲਾ ਹੈਗਾ।

ਪਰ ਅਸੀਂ ਹੁਣ ਆਪਣਾ ਕੰਮ ਲੱਗਭੱਗ ਨਬੇੜ ਲਿਆ ਸੀ। ਦਰਵੱਜੇ ਨੂੰ ਬੰਦ ਕਰਦੀ ਟੇਢੀ-ਮੇਢੀ ਕੰਧ ਵੀ ਕਰਤੀ ਸੀ।

ਸਹੌਲੀ ਆਲ਼ਾ ਬਬਲੀ ਭੱਜਿਆ-ਭੱਜਿਆ ਆਇਆ। ਕਹਿੰਦਾ, "ਗੱਡੀਆਂ ਆਲ਼ੇ ਤਾਂ ਚੱਲੇ... ਮਰ ਗੇ'... ਹੁਣ ਆਪਾਂ ਕਿਵੇ ਜਾਮਾਂਗੇ।" ਉਹ ਹੜਿਆ- ਹੜਿਆ ਮਿੱਠੇ ਨੂੰ ਲੱਭ ਰਿਹਾ ਸੀ ਨਾਲ਼ੇ ਬੋਲ ਰਿਹਾ ਸੀ, "ਬਾਈ ਮਿੱਠਾ ਕਿੱਥੇ ਆ, ਮਰ ਗੇ' ਭੈਣ ਚੋਂ...।"

ਇਹ ਵੀ ਇੱਕ ਸਚਾਈ ਹੈ ਕਿ ਔਖੇ ਵੇਲ਼ੇ ਬੰਦਾ ਸਭ ਤੋਂ ਵੱਧ ਮਹਿਫ਼ੂਜ਼ ਜਗਾਹ ਦੀ ਭਾਲ ਕਰਦੈ। ਗੋਲੂ ਮੇਰੇ ਕੋਲ਼ ਨੂੰ ਹੋ ਗਿਆ। ਕੋਠੇ 'ਤੇ ਖੜ੍ਹੇ ਕਿਸੇ ਬੱਚੇ ਨੇ ਚੰਘਿਆੜ ਮਾਰੀ ਤਾਂ ਸਾਨੂੰ ਲੱਗਿਆ ਜਿਵੇਂ ਹੁਣ ਲੋਕ ਇੱਟਾਂ ਮਾਰਨੀਆਂ ਸ਼ੁਰੂ ਕਰਨਗੇ। ਇੱਕੋ ਦਮ ਖਿਆਲ ਆਇਆ ਕਿ ਸ਼ਾਇਦ ਡਰਾਈਵਰ ਵੀ, ਪਿੰਡ ਵਾਲ਼ਿਆਂ ਨੇ ਹੀ ਕਿਸੇ ਸਕੀਮ ਨਾਲ਼ ਭਜਾਏ ਨੇ।

ਘੁਸਰ-ਮੁਸਰ ਜਿਹੀ ਕਰਕੇ ਅਸੀਂ ਓਥੋਂ ਖਿਸਕਣ ਲੱਗ ਪੇ'। ਸੁੱਖ-ਸਾਂਦ ਨਾਲ਼ ਪਿੰਡ 'ਚੋਂ ਨਿੱਕਲ਼ਗੇ'। ਅੱਗੇ ਇੱਕ ਪਿੰਡ ਤੋਂ ਦੂਜੇ ਪਿੰਡ ਜਾਂਦੇ-ਜਾਂਦੇ ਹਨੇਰਾ ਹੋ ਗਿਆ।

ਉਹਨਾਂ ਦਿਨਾਂ 'ਚ ਕਾਲ਼ੇ ਕੱਛਿਆਂ ਆਲ਼ਿਆਂ ਦਾ ਬਹੁਤ ਰੌਲ਼ਾ ਸੀ। ਅਸੀਂ ਦੋ ਗਰੁੱਪਾਂ 'ਚ ਵੰਡੇ ਗਏ। ਇੱਕ ਸ਼ਹਿਰੀ ਜਿਹੇ ਜਿਹੜੇ ਕਾਰ 'ਚ ਨਹੀਂ ਬੈਠ ਸਕੇ ਚਾਰ ਪੰਜ ਜਣੇਂ, ਇੱਕ ਅਸੀਂ। ਉਹ ਸਾਡੇ ਤੋਂ ਅਲੱਗ ਤੁਰਨ, ਅਸੀਂ ਅਲੱਗ ਤੁਰੀਏ। ਪਿੰਡਾਂ ਦੇ ਨਾਮ ਮੈਨੂੰ ਯਾਦ ਨਹੀਂ, ਪਰ ਹੈ ਕਾਫੀ ਨੇੜੇ-ਨੇੜੇ ਸਨ।

ਪੰਜ ਸੱਤ ਮੁੰਡੇ ਕੱਛਿਆਂ-ਬਨੈਣਾਂ 'ਚ ਭੱਜੇ ਆਉਣ ਇੱਕ ਪਾਸਿਉਂ...। ਉਹਨਾਂ ਨੂੰ ਦੇਖ ਕੇ ਸ਼ਹਿਰੀ ਡਰ ਗੇ'... ਬਈ ਕਿਤੇ ਕਾਲ਼ੇ ਕੱਛੇ ਵਾਲ਼ੇ ਨੇ... ਉਹ ਭੱਜ ਲੇ'...। ਹਾਕਾਂ ਮਾਰਦੇ ਹੋਏ ਅਸੀਂ ਵੀ ਉਹਨਾਂ ਦੇ ਪਿੱਛੇ, "ਰੁਕਜੋ-ਰੁਕਜੋ ਇਹ ਉਹ ਨਹੀਂ... ਇਹ ਤਾਂ ਕਬੱਡੀ ਆਲ਼ੇ ਮੁੰਡੇ ਨੇ... ਸਾਡੇ ਰੁਕਣ ਕਰਕੇ ਉਹ ਮੁੰਡੇ ਮੇਰੇ ਤੇ ਗੋਲੂ ਕੋਲ਼ ਰੁਕ ਗੇ'। ਪਰ ਸਾਡੇ ਨਾਲ਼ ਦੇ ਨੀ ਰੁਕੇ। ਮਿੱਠੇ ਹੋਰੀਂ ਉਹਨਾਂ ਤੋਂ ਥੋੜ੍ਹਾ ਅੱਗੇ ਸਨ। ਅਸੀਂ ਇੱਕ ਦੋ ਗੱਲਾਂ ਕੀਤੀਆਂ, ਉਹ ਜਮਾਂ ਨਵੇਂ -ਨਵੇਂ ਅਤੇ ਲਵੇ- ਲਵੇ ਸਨ। ਪਿੰਡ ਦੇ ਹੀ ਕਿਸੇ ਪੁਰਾਣੇ ਖਿਡਾਰੀ ਦੀ ਨਿਗਰਾਨੀ 'ਚ ਪ੍ਰੈਕਟਿਸ ਕਰਦੇ ਸਨ। ਉਹਨਾਂ ਤੋਂ ਹੀ ਪਤਾ ਲੱਗਿਆ ਬਈ ਪੁਲਿਸ ਦੀ ਜੀਪ ਹੁਣੇ-ਹੁਣੇ ਉਹਨਾਂ ਕੋਲ਼ੋਂ ਗਈ ਹੈ।

ਅਸੀਂ ਹੁਣ ਅਗਲੇ ਪਿੰਡ 'ਚ ਇੱਕ ਬੱਸ ਆਲ਼ੇ ਨੂੰ ਮਿਲਣਾ ਸੀ ਜੋ ਕਿਸੇ ਪ੍ਰਾਈਵੇਟ ਸਕੂਲ 'ਚ ਆਪਣੀ ਬੱਸ ਚਲਾਉਂਦਾ ਸੀ। ਇਹਦੇ ਬਾਰੇ ਸਾਨੂੰ ਪਿਛਲੇ ਪਿੰਡ ਦੇ ਇੱਕ ਬਜ਼ੁਰਗ ਨੇ ਦੱਸਿਆ ਸੀ ਕਿ ਉਹ ਕਿਰਾਏ 'ਤੇ ਵੀ ਲਾ ਦਿੰਦਾ, ਜੇ ਸਵਾਰੀਆਂ ਮਿਲ ਜਾਣ।

ਮੈਂ ਤੇ ਗੋਲੂ ਸਭ ਤੋਂ ਪਿੱਛੇ ਸੀ, ਬਾਕੀ ਥੋੜ੍ਹੀ ਦੂਰ ਨਿੱਕਲ਼ਗੇ। ਗੋਲੂ ਕਹਿੰਦਾ, "ਚੱਲ ਸੌ-ਸੌ ਮੀਟਰ ਦੀਆਂ ਸ੍ਰਪਿੰਟਾਂ ਲਾਉਂਦੇ ਹਾਂ।"

ਅਸੀਂ ਭੱਜੇ ਜਾਈਏ, ਇੱਕ ਦੂਜੇ ਨੂੰ ਕੱਟਣ ਲਈ ਜ਼ੋਰ ਲਾਇਆ ਪਿਆ, ਸਾਹੋ-ਸਾਹੀ। ਫੇਰ ਇੱਕ ਪਾਸਿਓਂ ਪਤਾ ਈ ਨ੍ਹੀਂ ਲੱਗਾ ਕਦੋਂ ਜੀਪ ਕੋਲ਼ ਆ ਕੇ ਖੜ੍ਹ ਗੀ'। ਸਾਡੀਆਂ ਪੈਂਟਾਂ ਗੋਡਿਆਂ ਤੱਕ ਚੜ੍ਹਾਈਆਂ ਹੋਈਆਂ ਦੇਖ ਕੇ ਸਿਪਾਹੀ ਕਹਿੰਦਾ, "ਕਿੱਧਰ ਡਾਕਾ ਮਾਰਨ ਚੱਲੇ ਓ ਓਏ...।"

ਫੇਰ ਕਹਿੰਦਾ, "ਕਿਹੜੇ ਗਿਰੋਹ 'ਚੋਂ ਓ ਤੁਸੀਂ... ?"

ਭੱਜਣ ਕਰਕੇ ਸਾਹ ਨਾਲ਼ ਸਾਹ ਪਹਿਲਾਂ ਈ ਨਾ ਰਲ਼ੇ। ਸ਼ੁਕਰ ਐ ਸਾਡੇ ਕੋਲ਼ ਕੋਈ ਹਥਿਆਰ ਨ੍ਹੀਂ ਸੀ। ਇੱਕ ਮੋਟੇ ਜਿਹੇ ਸਿਪਾਹੀ ਨੇ ਰੁੱਕਾ ਮਾਰਿਆ ਤੇ ਮੇਰਾ ਨਾਮ ਪੁੱਛਿਆ ਮਖਿਆਂ, "ਜੀ, ਮੰਗਾ ਸਿੰਘ।" "ਕਿਹੜਾ ਇਲਾਕਾ ?" ਉਹਨੇ ਘੂਰਕੇ ਪੁੱਛਿਆ। ਮੇਰੇ ਮੂੰਹ 'ਚੋਂ ਨਿੱਕਲ਼ਿਆ, "ਭੜੀ ਪਨੈਚਾਂ ਜੀ, ਅਸੀਂ ਨਾਲ਼ ਦੇ ਪਿੰਡ ਖੇਡਕੇ ਆਏ ਆਂ ਕਾਰ ਖਰਾਬ ਹੋ ਗੀ'।" ਇੱਕ ਹੋਰ ਬੋਲਿਆ, "ਕਿਹੜੇ ਪਿੰਡ ?" ਮੈਨੂੰ ਕੋਈ ਪਿੰਡ ਦਾ ਨਾਮ ਨਾ ਸੁੱਝੇ। ਫੇਰ ਉਹ ਦੂਜਾ ਮੋਟਾ ਜਿਆ ਕਹਿੰਦਾ, "ਝੰਡੇ ਨੂੰ ਜਾਣਦੇ, ਜੱਗੀ ਨੂੰ... ?"

ਮਖਿਆਂ, "ਹਾਂਜੀ।" ਕਹਿੰਦਾ, "ਮੈਂ ਤੈਨੂੰ ਵੀ ਪਛਾਣ ਲਿਆ, ਤੇਰੀ ਅਵਾਜ ਤੋਂ।" ਸਾਡੇ ਮਸਾਂ ਸਾਹ 'ਚ ਸਾਹ ਪਏ। ਉਹ ਕਬੱਡੀ ਖੇਡਦਾ ਸੀ, ਝੰਡੇ ਵੀਰੇ ਹੋਰਾਂ ਦਾ ਚੰਗਾ ਜਾਣੂੰ ਸੀ।

ਹੁਣ ਉਹ ਕਹਿਣ, "ਬੈਠੋ ਜੀਪ 'ਚ, ਅਸੀਂ ਤੁਹਾਨੂੰ ਤੁਹਾਡੇ ਨਾਲਦਿਆਂ ਕੋਲ਼ ਛੱਡ ਦਿੰਨੇ ਹਾਂ।" ਅਸੀਂ ਬਚੀਏ ਬਈ ਕਿਤੇ ਪੋਲ ਨਾ ਖੁੱਲ੍ਹ ਜੇ। ਕਿਉਂਕਿ ਖੇਡ ਕੇ ਆਉਣ ਆਲੀ ਝੂਠੀ ਗੱਲ ਸਿਰਫ਼ ਸਾਨੂੰ ਹੀ ਪਤਾ ਸੀ। ਚੰਗੀ ਕਿਸਮਤ ਨੂੰ ਪਿੱਛੋਂ ਟਰੈਕਟਰ ਆ ਗਿਆ। ਟਰੈਕਟਰ ਨੇ ਉਸੇ ਪਿੰਡ ਜਾਣਾ ਸੀ ਜਿੱਥੇ ਹੁਣ ਤੱਕ ਮਿੱਠੇ ਹੋਰੀਂ ਪਹੁੰਚਗੇ ਸੀ।

ਟਰੈਕਟਰ 'ਤੇ ਬੈਠੇ ਹੋਏ ਨਾਲ਼ੇ ਤਾਂ ਅਸੀਂ ਝੰਡੇ ਵੀਰੇ ਹੋਰਾਂ ਦਾ ਧੰਨਵਾਦ ਕਰੀਏ, ਨਾਲ਼ੇ ਕਬੱਡੀ ਦਾ। ਜਿਸ ਕਰਕੇ ਜਾਨ ਬਚੀ। ਨਹੀਂ ਤਾਂ ਕੀ ਪਤਾ, ਕੀ ਕਰਦੇ ਪੁਲਸ ਆਲ਼ੇ। ਮੈਨੂੰ ਲੱਗਦਾ ਹੈ ਕਿ ਜੇ ਮੈਂ ਕਬੱਡੀ ਨਾ ਖੇਡਦਾ ਤਾਂ ਕੁਛ ਵੀ ਨਾ ਹੁੰਦਾ। ਮਾਸਟਰ ਤਾਂ ਬਿਲਕੁਲ ਵੀ ਨਾ ਹੁੰਦਾ।

ਸਕੂਲ ਬੱਸ 'ਚ ਛੀਟਾਂ ਵਾਲ਼ਾ, ਕਕਰਾਲਾ ਵਰਗੇ ਪਿੰਡਾਂ 'ਚ ਦੀ ਹੁੰਦੇ ਹੋਏ ਨਾਭੇ ਪਹੁੰਚਗੇ ਅਤੇ ਨਾਭੇ ਤੋਂ ਅੱਗੇ ਆਪਣੇ ਆਪਣੇ ਟਿਕਾਣਿਆਂ 'ਤੇ। ਮੈਂ, ਰਾਜੂ, ਗੋਲੂ ਤਾਂ ਤੁਰਕੇ

ਕੀਰਤ ਦੇ ਪਿੰਡ ਭੋਜੋਮਾਜਰੀ ਪੁੱਜ ਗੇ'। ਓਥੋਂ ਸਕੂਟਰ ਚੱਕ ਕੇ ਰਾਜੂ ਦੇ ਪਿੰਡ ਰਾਇਮਣ ਮਾਜਰੀ ਆ ਕੇ ਅਰਾਮ ਕਰਿਆ।

ਫੇਰ ਕਾਫੀ ਕਲੇਸ਼ ਵੀ ਕਰਿਆ ਸੰਦੀਪ ਨਾਲ਼। ਸਾਨੂੰ ਸ਼ੱਕ ਪਹਿਲਾਂ ਈ ਸੀ ਕਿ ਕੋਈ ਗੜਬੜ ਹੈ। ਫੇਰ ਵਿੱਚੋਂ ਦੱਸਣ ਆਲ਼ਿਆਂ ਦੱਸ ਵੀ ਦਿੱਤਾ ਸੀ ਕਿ ਉਹਨੇ ਜਨਾਨੀ ਤੋਂ ਪੈਸੇ ਲਏ ਸੀ, ਗਰੀਬਾਂ ਨੂੰ ਘਰੋਂ ਕੱਢਣ ਦੇ। ਸੁਣਿਆ ਤਾਂ ਇਹ ਵੀ ਐ ਕਿ ਉਹਨੇ ਕੁਛ ਪੈਸੇ ਸਾਡੇ ਬੰਦਿਆਂ ਨੂੰ ਵੀ ਦੇਤੇ ਸੀ।

ਇਨ੍ਹਾਂ ਕੰਮਾਂ 'ਚ ਫਸਿਆ ਮੈਂ ਇੱਕ ਕੰਮ ਚੰਗਾ ਕਰੀ ਗਿਆ ਕਿ ਜੇ ਹੋਰ ਨ੍ਹੀਂ ਤਾਂ ਥੋੜ੍ਹੇ-ਬਹੁਤੇ ਪੇਂਡੂ ਮੈਚ ਖੇਡੀ ਗਿਆ। ਕਦੇ ਭੜੀ 'ਚ, ਕਦੇ ਦਿੱਤੂਪੁਰ 'ਚ ਲਾਲੀ ਹੋਰਾਂ ਨਾਲ਼। ਨਹੀਂ ਤਾਂ ਜਿਵੇਂ ਦੇ ਹਾਲਾਤ ਸਨ ਜਾਂ ਉਸਤੋਂ ਬਾਅਦ 'ਚ ਜੋ ਹਾਲਾਤ ਵਿਗੜੇ, ਓਥੋਂ ਵਾਪਸੀ ਔਖੀ ਸੀ। ਮੇਰੀ ਮਾਂ ਖੇਡ ਕਬੱਡੀ ਇੱਕ ਧਿਰ ਬਣ ਕੇ ਮੇਰੇ ਦਿਮਾਗ ਨਾਲ਼ ਲੜਦੀ ਰਹੀ ਐ। ਇੱਕ ਚਿਣਗ ਜਗਾਉਂਦੀ ਰਹੀ ਐ ..ਜਿਵੇਂ ਇੱਕ ਮਾਂ ਅਪਣੇ ਬੱਚੇ ਲਈ ਲੜਦੀ ਹੈ, ਖੜ੍ਹਦੀ ਹੈ।

ਦੂਜੀ ਉਹ ਕੁੜੀ, ਜੋ ਓਦਣ ਮੇਰੇ ਪੱਟ ਨੂੰ ਚੁੰਬੜੀ ਸੀ, ਉਹ ਵੀ ਬਹੁਤ ਤੰਗ ਕਰਦੀ ਐ, ਮਾਨਸਿਕ ਪੀੜਾ ਦਿੰਦੀ ਹੈ। ਪਰ ਓਦੋਂ ਘੈਂਟਪੁਣੇ ਦਾ ਨਸ਼ਾ ਕੁਛ ਸੋਚਣ ਈ ਨ੍ਹੀਂ ਸੀ ਦਿੰਦਾ।



ਕਬੱਡੀ ਨੇ ਮੈਨੂੰ ਜਿਵੇਂ ਬਚਾਉਣਾ ਹੀ ਸੀ... ਬੰਦਾ ਬਣਾਉਣਾ ਹੀ ਸੀ। ਗ਼ਲਤ ਰਸਤੇ 'ਚੋਂ ਬਾਹਰ ਕੱਢਣਾ ਹੀ ਸੀ।

ਦੂੱਗਰੀ ਆਲ਼ੇ ਕਬਜੇ ਤੋਂ ਬਾਅਦ ਮਿੱਠੇ ਕੋਲ਼ ਹੋਰ ਸੁਨੇਹੇ ਆਉਣ ਲੱਗ ਪੇ', ਇਹੋ ਜਿਹੇ ਕੰਮਾਂ ਦੇ। ਪੈਸੇ ਲੈ ਕੇ ਕੰਮ ਕਰਨ ਦਾ ਲਾਲਚ ਵਧ ਰਿਹਾ ਸੀ। ਤੇ ਸਾਡਾ ਕਾਫਲਾ ਵੀ ਵੱਡਾ ਹੋ ਰਿਹਾ ਸੀ। ਜਿਸਦੀ ਅਗਲੀ ਮੰਜਲ ਯਕੀਨਨ ਜੇਲ੍ਹ ਸੀ ਜਾਂ ਫੇਰ ਮੌਤ। ਖ਼ੈਰ! ਓਦੋਂ ਇਹ ਦਲਦਲ ਦਿਖਦੀ ਨ੍ਹੀਂ ਸੀ... ਦਿਖਦਾ ਸੀ ਤਾਂ ਬਸ ਘੈਂਟਪੁਣਾ, ਵੈਲੀ ਪੁਣਾ।

ਓਦਣ ਪੇਂਡੂ ਖੇਡਾਂ 'ਤੇ ਪੁਰਾਣੇ ਬੇਲੀ ਯਾਦੂ ਬੋੜਾਵਾਲ, ਵਿੱਕੀ ਘਨੌਰ, ਗੁਰਲਾਲ ਘਨੌਰ, ਗੁਰਪ੍ਰੀਤ ਟਿਵਾਣੇ ਵਰਗੇ ਮਿਲ ਗੇ'। ਉਹਨਾਂ ਦਿਨਾਂ 'ਚ ਗੁਰਲਾਲ ਘਨੌਰ ਦਾ ਐਡਾ ਵੱਡਾ ਨਾਮ ਨ੍ਹੀਂ ਸੀ, ਪਰ ਉਂ ਤਕੜੇ ਸੀ ਸਾਰੇ। ਬਸ ਓਦੋਂ ਇੱਕ ਸ਼ੁਰੂਆਤ ਹੋ ਰਹੀ ਸੀ ਕਬੱਡੀ ਦੇ ਧਰੂ-ਤਾਰੇ ਬਣਨ ਦੀ।

ਖਾਸੇ ਚਿਰ ਬਾਅਦ ਮਿਲਣ ਕਰਕੇ ਬਹੁਤ ਗੱਲਾਂ ਹੋਈਆਂ ਸਾਡੇ 'ਚ... ਖੁੱਲ੍ਹ ਕੇ ਹਾਸੇ ਮਜ਼ਾਕ ਹੋਏ। ਮੇਰੇ ਪੈਰਾਂ ਦੀ ਖੁਸ਼ਕੀ ਨੂੰ ਲੈ ਕੇ ਬੜਾ ਠਿੱਠ ਕਰਦੇ ਰਹੇ। ਫੇਰ ਕਹਿੰਦੇ "ਤੁਸੀਂ ਯਾਰ, ਲਾਲੀ, ਯੋਗੀ ਹੋਰੀਂ ਉਈਂ ਖਿੰਡ ਗੇ'। ਇੱਕ ਈ ਜਗ੍ਹਾ ਰਹਿਣਾ ਸੀ ਸਭ ਨੇ।"

ਯਾਦੂ ਕਹਿੰਦਾ, "ਮੰਗੇ ਤੂੰ ਯਾਰ ਸਾਡੇ ਕੋਲ਼ ਈ ਆ ਜਾ ਬਠਿੰਡੇ, ਨਾਲ਼ੇ ਗਲਤ ਕੰਮਾਂ ਤੋਂ ਬਚੇਂਗਾ। ਨਾਲ਼ੇ ਆਏਂ ਦੱਸ, ਬੂਥੀ ਐਧਰ ਨੂੰ ਕਰਕੇ, ਤੂੰ ਸਾਲ਼ਿਆ ਕੋਈ ਇਲੈਕਸ਼ਨ ਲੜਨੀ ਐ। ਜਿਹੜਾ ਬਦਮਾਸ਼ਾਂ ਨਾਲ਼ ਯਾਰੀ ਪਾਈਂ ਫਿਰਦੈਂ। ਸਾਨੂੰ ਸਾਰੀ ਖ਼ਬਰ ਐ। ਬੰਦਾ ਬਣਕੇ ਬਠਿੰਡੇ ਆ ਜਾ, ਨਾਲ਼ੇ ਆਪਦੀ ਪੜ੍ਹਾਈ ਪੂਰੀ ਕਰਲੀਂ। ਖ਼ਰਚੇ ਦਾ ਐਡਾ ਕੋਈ ਰੌਲ਼ਾ ਨ੍ਹੀਂ, ਅਸੀਂ ਹੈਗੇ ਆਂ। ਮੈਚਾਂ 'ਚੋਂ ਵੀ ਨਿੱਕਲ਼ੀ ਜਾਊ ਥੋੜ੍ਹਾ ਬਹੁਤਾ।"

ਉਹਦੀਆਂ ਗੱਲਾਂ 'ਚ ਆਪਣਾਪਣ ਸੀ। ਘੂਰ ਊਂ ਉਹ ਆਂਏਂ ਰਿਹਾ ਸੀ, ਜਿਵੇਂ ਬੜਾ ਭਰਾ ਹੋਵੇ।

ਆਪਾਂ ਦਸ ਕੁ ਦਿਨਾਂ ਬਾਅਦ ਈ ਬਠਿੰਡੇ ਪੁੱਜ ਗੇ'। ਉੱਥੇ ਉਹੀ ਪੁਰਾਣਾ ਮਲਟੀਪਰਪਜ਼ ਸਕੂਲ ਆਲ਼ਾ ਮਾਹੌਲ ਬਣ ਗਿਆ। ਸਵੇਰੇ ਪਰੈਕਟਿਸ, ਫੇਰ ਫੌਜੀ ਚੌਂਕ 'ਚ ਅਮਰੀਕ ਦੇ ਪਰੌਂਠੇ। ਆਥਣੇ ਫੇਰ ਜੋਰ ਨਾਲ਼ ਪ੍ਰੈਕਟਿਸ ਕਰਨੀ। ਗੁਰਪ੍ਰੀਤ ਟਿਵਾਣੇ ਦੀਆਂ ਅੱਧੀ ਰਾਤ ਤੱਕ ਜਜ਼ਬਾਤੀ ਗੱਲਾਂ ਸੁਣਨੀਆਂ। ਜਿਵੇਂ ਉਹਨੇ ਕਹਿਣਾ, "ਕਿੱਥੇ ਯਾਰ ਕਿੰਨੀ ਦੂਰ ਬੈਠੇ ਹਾਂ ਘਰ ਤੋਂ... ਵਗੈਰਾ-ਵਗੈਰਾ...।"

ਗੀਤੀ ਨਾਲ਼ ਮਿਲ ਕੇ ਗੁਰਲਾਲ 'ਤੇ ਵਿੱਕੀ ਹੋਰਾਂ 'ਤੇ ਤਵੇ ਲਾਉਣੇ। ਸਾਰਿਆਂ ਨੂੰ ਤੰਗ ਕਰਨਾ। ਗੱਲ ਮੁਕਾਓ ਪੂਰੀ ਗੱਲ ਬਾਤ ਵਾਪਸ ਆ ਗਈ ਸੀ। ਜਿਹੜੀ ਪਾਲੇ ਦੀ ਮੌਤ ਤੋਂ ਬਾਅਦ ਖੁੱਸ ਚੁੱਕੀ ਸੀ।

ਬਸ ਇੱਕ ਚੀਜ਼ ਜਿਹੜੀ ਪਟਿਆਲ਼ੇ ਤੋਂ ਵੀ ਜਿਆਦਾ ਮਿਲੀ। ਉਹ ਸੀ ਸੂਰਾਂ ਦੀ ਭਰਮਾਰ। ਉਹ ਵੀ ਜਮ੍ਹਾਂ ਕਾਲ਼ੇ। ਕਾਲਜ 'ਚ ਟੋਭਾ ਹੋਣ ਕਰਕੇ, ਉਹ ਆਮ ਈ ਘੁੰਮਦੇ ਰਹਿੰਦੇ। ਪਹਿਲਾਂ ਪਹਿਲ ਤਾਂ ਅਸੀਂ ਕਾਣਤ ਜਿਹੀ ਕਰਦੇ ਅਤੇ ਲੋਕਲ ਖਿਡਾਰੀਆਂ ਨੂੰ ਮਜ਼ਾਕ ਵੀ ਕਰਦੇ। ਫੇਰ ਹੌਲ਼ੀ-ਹੌਲ਼ੀ ਸੂਰ ਵੀ ਆਪਣੇ ਲੱਗਣ ਲੱਗ ਪੇ'। ਕਈ ਵਾਰੀ ਅਸੀਂ ਇੱਕ ਦੂਜੇ ਨੂੰ ਖਿਝਾਉਣ ਲਈ ਉਹਨਾਂ ਨੂੰ ਭਜਾਉਂਦੇ ਤਾਂ ਨਾਲ਼ਦਿਆਂ ਦੇ ਨਾਮ ਲੈਂਦੇ ਭਜਾਉਂਦੇ। ਜਿਵੇਂ ਜੇ ਕੋਈ ਮੋਟਾ ਜਿਹਾ ਹੁੰਦਾ ਤਾਂ "ਹਟ ਓਏ...ਹੋ-ਹੋ ...ਵਿੱਕੀ ਭੱਜ ਉਰੇ ਤੋਂ।" ਕਹਿ ਕੇ ਹੱਸ ਪੈਂਦੇ।

ਐਵੇਂ ਈ ਵਿੱਕੀ ਹੋਰੀਂ, ਮੋੜਵੇਂ ਜਵਾਬ 'ਚ ਸਾਡਾ ਨਾਮ ਲੈ ਕੇ ਬੋਲਦੇ। ਪ੍ਰੈਕਟਿਸ ਕਾਰਨ ਆਈ ਥਕਾਨ ਨੂੰ ਅਸੀਂ ਐਵੇਂ ਈ ਮਜ਼ਾਕ 'ਚ ਉਤਾਰ ਦਿੰਦੇ।

ਡੀ.ਏ.ਵੀ. ਕਾਲਜ ਬੀਬੀ ਵਾਲ਼ਾ ਰੋਡ ਦੇ ਉੱਤੇ ਮੋੜ ਮੁੜਦੇ ਈ ਹੈ। ਮੋੜ 'ਤੇ ਈ ਐ ਕਾਲਜ ਦਾ ਪਹਿਲਾ ਗੇਟ। ਗੇਟ 'ਤੇ ਇੱਕ ਫੌਜੀ, ਸਕਿਓਰਟੀ ਗਾਰਡ ਡਿਊਟੀ 'ਤੇ ਹੁੰਦਾ ਸੀ। ਸਵਾ ਛੇ ਫੁੱਟ ਕੱਦ ਸੀ ਉਹਦਾ। ਚੱਕੀ ਦੇ ਪੁੜ ਵਰਗੀ ਛਾਤੀ, ਗੱਲ੍ਹਾਂ ਜਮਾਂ ਕਸ਼ਮੀਰੀ ਸਿਓ ਵਰਗੀਆਂ। ਨਾਮ ਸੀ ਕਰਨੈਲ ਸਿੰਘ ਪਹੇ ਵਾਲ਼ਾ। ਬਹੁਤ ਗੱਲਾਂ ਸੁਣਾਉਂਦਾ ਹੁੰਦਾ ਸੀ ਪੁਰਾਣੇ ਸਮੇਂ ਦੀਆਂ। ਅਸੀਂ ਉਹਨੂੰ ਪੁੱਛਿਆ, "ਪਹੇ ਵਾਲ਼ੇ ਕਿਹੜੇ ਜੱਟਾਂ ਦਾ ਗੋਤ ਹੈ?"

ਉਹਨੇ ਬੜੀ ਹਾਸੇ ਆਲੀ ਗੱਲ ਸੁਣਾਈ। ਕਹਿੰਦਾ, "ਗੋਤ ਤਾਂ ਸਾਡਾ ਚਹਿਲ ਆ। 'ਪਹੇ ਆਲ਼ੇ' ਤਾਂ ਸਾਡੇ ਟੱਬਰ ਦੀ ਅੱਲ ਪਾਈ ਹੋਈ ਹੈ।"

ਉਹ ਬੜੇ ਫ਼ਕਰ ਨਾਲ਼ ਦਸਦਾ, ਕਿ "ਕੇਰਾਂ ਸਾਡੀ ਪੜਦਾਦੀ ਬੁਢਲਾਡੇ ਤੋਂ ਪਿੰਡ ਨੂੰ ਆਉਂਦੀ ਤੀ, ਬਿਸਕੁਟ ਕਰਾ ਕੇ। ਟਾਂਗਾ ਹੋ ਗਿਆ ਖਰਾਬ। ਬਾਕੀ ਸਵਾਰੀਆਂ ਤਾਂ ਰੁਕਗੀਆਂ, ਪਰ ਸਾਡੀ ਬੁੜ੍ਹੀ ਪੀਪਾ ਸਿਰ 'ਤੇ ਰੱਖ ਹੋ ਚੱਲੀ ਪਿੰਡ ਨੂੰ। ਮਹੀਨਾ ਸ਼ੁਰੂ ਹੋਇਆ ਤੀ ਨੌਵਾਂ, ਪੂਰੇ ਦਿਨ ਸਨ। ਦਰਦਾਂ ਸਹਾਰਦੀ ਹੋਈ ਮਾਂ ਦੀ ਧੀ ਨੇ ਦਾਦੇ ਹੁਕਮ ਸਿੰਘ ਨੂੰ ਪਹੇ 'ਚ ਹੀ ਜਨਮ ਦੇਤਾ। ਲਾ ਕੇ ਗੋਦੀ ਘਰ ਜਾ ਵੜੀ। ਪਹੇ 'ਚ ਜੰਮਣ ਕਰਕੇ ਮੇਰੇ ਦਾਦੇ ਨੂੰ ਉਸਦੇ ਹਾਣੀ 'ਹੁਕਮਾ ਪਹੇ ਆਲ਼ਾ' ਕਹਿਕੇ ਚਿੜਾਉਂਦੇ। ਹੌਲ਼ੀ-ਹੌਲ਼ੀ 'ਪਹੇ ਆਲ਼ੇ' ਸਾਡੇ ਟੱਬਰ ਦੀ ਅੱਲ ਪੈ ਗਈ।"

ਉਹ ਹੋਰ ਗੱਲਾਂ ਵੀ ਦੱਸਦਾ ਹੁੰਦਾ ਸੀ ਤੇ ਅਸੀਂ ਆਪਦੀਆਂ ਦੱਸਦੇ ਰਹਿੰਦੇ। ਮੈਂ ਗੰਗਾ ਰਾਮ ਬਾਬਾ ਜੀ ਅਤੇ ਉਮਰੇ ਤਾਏ ਦੇ ਕਿੱਸੇ ਸੁਣਾਉਂਦਾ, ਗੀਤੀ ਹੋਰੀਂ ਆਪਦੇ ਪਿੰਡਾਂ ਦੇ।

ਕਾਲਜ ਗੇਟ ਤੋਂ ਅੰਦਰ ਨੂੰ ਵੜਦੇ ਹੋਏ ਕਾਫੀ ਢਲਾਣ ਜਿਹੀ ਐ। ਢਲਾਣ ਦੇ ਖੱਬੇ ਹੱਥ ਇੱਕ ਨੀਵਾਂ ਜਿਹਾ ਪਾਰਕ। ਥੋੜ੍ਹਾ ਅੱਗੇ ਜਾ ਕੇ ਥੱਲੇ ਨੂੰ ਉੱਤਰ ਕੇ ਖੱਬੇ ਹੱਥ ਪ੍ਰਿੰਸੀਪਲ ਦਫ਼ਤਰ, ਨੇੜੇ ਈ ਕੰਪਿਊਟਰ ਡਿਪਾਰਟਮੈਂਟ। ਓਥੇ ਕੰਪਿਊਟਰ ਦੀਆਂ ਜਮਾਤਾਂ ਸ਼ਾਮ ਨੂੰ ਵੀ ਲੱਗਦੀਆਂ। ਬੱਚੇ ਪੜ੍ਹਨ ਆਉਂਦੇ ਰਹਿੰਦੇ। ਸ਼ਾਇਦ ਸ਼ਨੀਵਾਰ ਤੇ ਐਤਵਾਰ ਨੂੰ ਵੀ ਲੱਗਦੀਆਂ ਹੋਣ। ਕਿਉਂਕਿ ਸ਼ਨੀਵਾਰ ਨੂੰ ਸ਼ਾਮ ਸਾਡੀ ਪ੍ਰੈਕਟਿਸ ਬੰਦ ਹੁੰਦੀ ਸੀ।

ਉਸ ਦਿਨ ਅਸੀਂ ਕਰਨੈਲ ਸਿੰਘ ਪਰੋ ਵਾਲੇ ਦੀਆਂ ਗੱਲਾਂ ਸੁਣ ਕੇ ਅੰਦਰ ਵੜਨ ਲੱਗੇ ਤਾਂ ਸ਼ਰਾਰਤ ਸੁਝ ਗੀ'। ਮੈਂ ਪਾਰਕ ਆਲੇ ਪਾਸੇ ਨੀਵੇਂ 'ਚ ਨੂੰ ਹੋ ਕੇ ਖੜ੍ਹ ਗਿਆ, ਗੀਤੀ ਸੜਕ ਦੇ ਦੂਜੇ ਬੰਨੇ। ਉਹ ਆਪਣੇ ਹੱਥਾਂ ਨੂੰ ਐਵੇਂ ਕਰੀ ਜਾਵੇ, ਜਿਵੇਂ ਪਤੰਗ ਕਟ ਜਾਣ ਤੇ ਬਾਅਦ ਡੋਰ 'ਕੱਠੀ ਕਰਦਾ ਹੋਵੇ। ਮੈਂ ਐਕਟਿੰਗ ਕਰ ਰਿਹਾ ਸੀ ਡੋਰ ਨੂੰ ਖਿੱਚ ਕੇ ਸਿੱਧੀ ਕਰਕੇ, ਜਿਵੇਂ ਉਹਦੇ ਵੱਲ ਛੱਡਦਾ ਹੋਵਾਂ। ਡੋਰ ਛੱਡਣ ਆਲੀ ਐਕਟਿੰਗ ਮੈਂ ਕਰ ਰਿਹਾ ਸੀ 'ਤੇ 'ਕੱਠੀ ਕਰਨ ਦੀ ਗੀਤੀ।

ਅਸੀਂ ਇਸ ਸ਼ਰਾਰਤ ਨੂੰ 'ਧਾਗਾ ਲਾਉਣਾ' ਆਖਦੇ। ਇਹ ਬੜੀ ਮਸ਼ਹੂਰ ਸ਼ਰਾਰਤ ਸੀ। ਪਰ ਜਿੱਥੇ ਇੱਕ ਵਾਰੀ ਕਰਤੀ ਉੱਥੇ ਦੁਬਾਰਾ ਕਰਨ 'ਤੇ ਫੜੇ ਜਾਣ ਦਾ ਡਰ ਰਹਿੰਦਾ। ਇਸ ਗੇਟ 'ਤੇ ਇੱਕ ਵਾਰ ਗੀਤੀ ਪਹਿਲਾਂ ਵੀ ਕਰ ਚੁੱਕਿਆ ਸੀ। ਐਥੇ ਲੋਕ ਜਿਆਦਾ ਉਲਝਦੇ ਕਿਉਂਕਿ ਜਿਆਦਾ ਮੁੰਡੇ-ਕੁੜੀਆਂ ਕੰਪਿਊਟਰ ਦੀ ਜਮਾਤ ਲਾਉਣ ਸਾਈਕਲ 'ਤੇ ਆਉਂਦੇ 'ਤੇ ਗੇਟ ਤੋਂ ਅੰਦਰ ਨੂੰ ਨਿਵਾਣ ਜਿਆਦਾ ਹੋਣ ਕਰਕੇ, ਇੱਕ ਦਮ ਤੇਜ਼ ਹੋ ਜਾਂਦੇ। ਬੇਚਾਰੇ ਸਾਡੇ ਜਾਲ਼ 'ਚ ਫਸ ਜਾਂਦੇ।

ਅਸੀਂ ਬਹੁਤ ਮਜ਼ੇ ਕਰ ਰਹੇ ਸੀ। ਜਦੋਂ ਕੋਈ ਕੁੜੀ ਮੁੰਡਾ ਅੰਦਰ ਨੂੰ ਉਤਰਨ ਲੱਗਿਆ ਕਰੇ ਕਾਲਜ 'ਚ ਨੂੰ... ਤਾਂ ਗੀਤੀ ਡੋਰ ਛੱਡਣ ਦਾ ਡਰਾਮਾ ਕਰਦਾ ਬੋਲਿਆ ਕਰੇ, "ਮੰਗੇ, ਧਾਗਾ ਥੱਲੇ ਕਰਲੈ, ਥੱਲੇ... ਗਲ਼ 'ਚ ਨਾ ਫਸ ਜੇ'...।" ਮੈਂ ਜਾਣ ਬੁੱਝ ਕੇ ਕਦੇ ਉੱਪਰ ਨੂੰ ਚੱਕ ਲਿਆ ਕਰਾਂ ਹੱਥ ਨੂੰ, ਜਿਵੇਂ ਆਪਾਂ ਬਿਜਲੀ ਦੀ ਤਾਰ ਨੂੰ ਡੰਡੇ ਨਾਲ਼ ਉੱਪਰ ਚੱਕ ਕੇ ਤੂੜੀ ਆਲੀ ਟਰਾਲੀ ਲਗਾਉਂਦੇ ਹੁੰਨੇ ਆਂ। ਜਦੋਂ ਮੈ ਹੱਥ ਉੱਪਰ ਕਰਿਆ ਕਰਾਂ ਤਾਂ ਗੀਤੀ ਬੋਲਦਿਆ ਕਰੇ, "ਓ ਥੱਲੇ ਕਰ, ਥੱਲੇ ਕਰ...।" ਕੁੜੀਆਂ ਗਰਦਨ ਨੀਵੀਂ ਜਿਹੀ ਕਰਕੇ ਲੰਘ ਜਾਇਆ ਕਰਨ। ਨਿਵਾਣ ਜਿਆਦਾ ਹੋਣ ਕਰਕੇ ਸਾਈਕਲ ਤੇਜ਼ ਹੋ ਜਾਂਦੇ ਸੀ, ਰੁਕ ਕੇ ਕੋਈ ਦੇਖਦਾ ਨੀਂ ਸੀ। ਜਿਹੜੇ ਪੈਦਲ ਤੁਰ ਕੇ ਆਉਂਦੇ ਉਹਨਾਂ ਦੀ ਵਾਰੀ ਅਸੀਂ ਆਂਏਂ ਐਕਟਿੰਗ ਕਰਦੇ ਜਿਵੇਂ ਦੋਏ ਜਣੇਂ ਧਾਗਾ ਥੱਲੇ ਜ਼ਮੀਨ 'ਤੇ ਲੰਬਾ ਪਾ ਕੇ ਲੰਘਣ ਲਈ ਕਹਿੰਦੇ ਹੁੰਦੇ ਨੇ। ਬਈ ਦੇਖਿਓ, ਪੈਰਾਂ 'ਚ ਨਾ ਉਲਝ ਜਾਵੇ। ਉਹ ਉਚੇ-ਉੱਚੀ ਡਿੰਘਾਂ ਭਰਕੇ ਲੰਘਦੇ ਕਿ ਕਿਤੇ ਡੋਰ ਪੈਰਾਂ 'ਚ ਨਾ ਫਸ ਜੇ'।

ਧਰਮ ਨਾਲ਼ ਯਾਦ ਕਰਕੇ ਹੁਣ ਲਿਖਦੇ ਸਮੇਂ ਵੀ ਜੀਅ ਕਰਦੈ ਕਿ ਗੀਤੀ ਨੂੰ ਫੋਨ ਕਰਕੇ ਸ਼ਰਾਰਤ ਸਾਂਝੀ ਕਰਾਂ। ਤੇ ਇਸਤੋਂ ਅਗਲੀ ਗੱਲ ਵੀ ਸਾਂਝੀ ਕਰਾਂ ਜਦੋਂ ਸਾਨੂੰ ਪਤਾ ਈ ਨੀਂ ਲੱਗਾ ਕਿ ਅਸੀਂ ਬੱਚਿਆਂ ਦੇ ਭੁਲੇਖੇ ਸ਼ਰਾਰਤ ਕੰਪਿਊਟਰ ਟੀਚਰ ਨਾਲ਼ ਵੀ ਕਰ ਬੈਠੇ।

ਅਸਲ 'ਚ ਇਹ ਕੰਪਿਊਟਰ ਅਧਿਆਪਕ ਸ਼ਾਮ ਦੀ ਜਮਾਤ ਲਾਉਣ ਸਾਈਕਲ 'ਤੇ ਈ ਆਉਂਦਾ। ਉਹਨੂੰ ਸ਼ੱਕ ਓਦਣ ਦਾ ਪਿਆ ਹੋਇਆ ਸੀ, ਜਿੱਦਣ ਗੀਤੀ ਨੇ ਪਹਿਲਾਂ ਕਰੀ ਸੀ ਇਹ ਸ਼ਰਾਰਤ। ਉਹਦੀ ਉਮਰ ਦਾ ਪਤਾ ਨੀਂ ਸੀ ਲੱਗਦਾ। ਇੱਕ ਤਾਂ ਉਹ ਬਜ਼ੁਰਗ ਨੀਂ ਸੀ, ਉੱਤੋਂ ਫਿੱਟ ਸੀ। ਆਂਏਂ ਈ ਲਗਦਾ ਸੀ, ਜਿਵੇਂ ਵਿਦਿਆਰਥੀ ਹੋਵੇ। ਹੁਣ ਜਦੋਂ ਉਹ ਅੰਦਰ ਵੜਿਆ ਸਾਈਕਲ 'ਤੇ ਚੜ੍ਹਿਆ ਤਾਂ ਉਹਦੇ ਮੂਹਰੇ ਈ ਥੋੜ੍ਹਾ ਸਮਾਂ ਪਹਿਲਾਂ ਅਸੀਂ ਆਪ ਹੱਸ ਰਹੇ ਸੀ। ਐਵੇਂ ਈ ਸੂਰ ਦੇ ਨਾਲ਼ ਧਾਗੇ ਆਲਾ ਮਜ਼ਾਕ ਕਰਦੇ ਹੋਏ। ਗੀਤੀ ਕਹਿੰਦਾ, "ਸਾਲਾ ਜਾਦੂ ਆਂਗੂ ਧੌਣ ਜੀ ਸਿੱਟ ਕੇ ਭੱਜੀ ਜਾਂਦੈ, ਰੋਕ-ਰੋਕ ਇਹਨੂੰ... ਡੋਰ ਤੋੜਦੂ ਆਪਣੀ।"

ਉਸ ਕੰਪਿਊਟਰ ਟੀਚਰ ਨੂੰ ਦਿਖ ਵੀ ਰਿਹਾ ਸੀ ਤੇ ਭੁਲੇਖਾ ਵੀ ਲੱਗ ਰਿਹਾ ਸੀ ਜਿਵੇਂ ਸੂਰ ਦੇ ਪੈਰਾਂ 'ਚ ਸੱਚੀਓਂ ਧਾਗਾ ਫਸਿਆ ਹੋਵੇ। ਅਸੀਂ ਧਾਗਾ ਕੱਢਣ ਦੀ ਕੋਸ਼ਿਸ਼ ਕਰਦੇ ਹੋਈਏ। ਕਿਉਂਕਿ ਉਹ ਕੁਛ ਪਲ ਸਕਿਓਰਿਟੀ ਗਾਰਡ ਕੋਲ਼ ਰੁਕਿਆ ਸੀ, ਅੰਦਰ ਵੜਨ ਤੋਂ ਪਹਿਲਾਂ। ਹੁਣ ਉਹ ਅੰਦਰ ਵੜ ਗਿਆ। ਮੈਂ ਧਾਗਾ ਥੱਲੇ ਕਰ ਲਿਆ... ਗੀਤੀ ਨੇ ਉੱਪਰ ਚੱਕ ਲਿਆ... ਪੂਰੇ ਮਜ਼ੇ 'ਚ ਇੱਕ ਦੂਜੇ ਨੂੰ ਕਿਹਾ, "ਉਹ ਦੇਖੀਂ-ਦੇਖੀਂ ਗਲ਼ 'ਚ ਨਾ ਫਸਜੇ... ਟੈਰ 'ਚ ਫਸਜੂ... ਟੁੱਟ ਜੂ... ਉੱਪਰ ਚੱਕ ਲੈ ਉੱਪਰ ...।"

ਸਾਡੀ ਸ਼ਰਾਰਤ ਦੇ ਜਾਲ 'ਚ ਫਸ ਕੇ ਉਹ ਲੰਘ ਚੁੱਕਿਆ ਸੀ। ਪਰ ਉਸਦੇ ਵਿਦਿਆਰਥੀ ਅਜੇ ਵੀ ਸਾਡੇ ਸ਼ਿਕਾਰ ਹੋ ਰਹੇ ਸਨ। ਜਿਨ੍ਹਾਂ ਨੂੰ ਪਤਾ ਵੀ ਲੱਗ ਜਾਂਦਾ ਕਿ ਅਸੀਂ ਉਹਨਾਂ ਨੂੰ ਮੂਰਖ ਬਣਾਉਂਦੇ ਹਾਂ, ਮਜ਼ਾਕ ਕਰਦੇ ਹਾਂ, ਤਾਂ ਵੀ ਕੁਛ ਨਾ ਬੋਲਦੇ। ਬੇਚਾਰੇ ਪੜ੍ਹਾਕੂ ਜਿਹੇ ਹੁੰਦੇ ਸੀ। ਇੱਕ ਤਾਂ ਪਾਰਕ 'ਚ ਘੁੰਮਦਾ -ਘੁੰਮਦਾ, ਮੇਰੇ ਕੋਲ ਆ ਕੇ ਦੇਖ ਵੀ ਗਿਆ। ਪਰ ਮੈਨੂੰ ਜੰਡ ਨੂੰ ਇਹ ਸੀ, ਬਈ ਆਉਂਦਾ, ਆਈ ਜਾਵੇ ਸਾਨੂੰ ਕੀ।

ਅਸੀਂ ਪੂਰੀ ਮਸਤੀ 'ਚ ਲੱਗੇ ਰਹੇ। ਕੋਈ ਪਤਾ ਨੀ ਲੱਗਿਆ ਕਿ ਕੌਣ ਦੇਖ ਰਿਹੈ? ਕੌਣ ਚੈੱਕ ਕਰਕੇ ਗਿਆ?

ਐਤਵਾਰ ਤੋਂ ਬਾਅਦ ਤੀਜੇ ਦਿਨ, ਬ੍ਰੇਕ ਫਾਸਟ ਕਰਦਿਆਂ ਨੂੰ ਕੋਚ ਸਾਹਬ ਸ਼੍ਰੀ ਮਦਨ ਲਾਲ ਜੀ ਦਾ ਸੁਨੇਹਾ ਆ ਗਿਆ। ਪੀਅਨ ਸਾਡੇ ਕੋਲ਼ ਆ ਕੇ ਕਹਿੰਦਾ, "ਕਬੱਡੀ ਆਲ਼ੇ ਸਾਰੇ ਜਣੇਂ ਪ੍ਰਿੰਸੀਪਲ ਦਫਤਰ ਪਹੁੰਚੋ।"

ਪਹੁੰਚ ਗੇ' ਦਫਤਰ... ਇੱਕ ਦੂਜੇ ਤੋਂ ਪਿੱਛੇ ਮੂਹਰੇ ਹੁੰਦੇ। ਉੱਥੇ ਪਹਿਲਾਂ ਤਾਂ ਅਸੀਂ ਮੰਨੇ ਨੀਂ ਕਿ ਅਸੀਂ ਕੋਈ ਸ਼ਰਾਰਤ ਕੀਤੀ ਐ। ਸਾਡੇ ਵੱਲੋਂ ਗੱਲਬਾਤ ਯਾਦੂ ਕਰ ਰਿਹਾ ਸੀ। ਉਸਨੂੰ ਅਸੀਂ ਦੱਸਿਆ ਵੀ ਨੀਂ ਸੀ ਸ਼ਰਾਰਤ ਬਾਰੇ। ਯਾਦੂ ਕਹੀ ਜਾਵੇ, "ਸਰ ਮੈਂ ਗਰੰਟੀ ਲੈਨਾਂ ਜੀ ਕਬੱਡੀ ਆਲ਼ਿਆਂ 'ਚੋਂ ਨੀਂ ਸੀ ਕੋਈ। ਅਸੀਂ ਤਾਂ ਸਾਰੇ ਮਾਰਕਿਟ ਗਏ ਹੋਏ ਸੀ ਸ਼ਾਮ ਨੂੰ।"

ਇੱਕ ਤਾਂ ਜੀ ਕਰੇ ਦੱਸ ਦੇਵਾਂ, ਕਿਉਂਕਿ ਜਿਹੜਾ ਉਹ ਮੁੰਡਾ ਓਦਣ ਮੇਰੇ ਕੋਲ਼ ਪਾਰਕ ਆਲ਼ੇ ਪਾਸੇ ਤੋਂ ਗੇੜੀ ਜਿਹੀ ਮਾਰ ਕੇ ਗਿਆ ਸੀ, ਉਹ ਬਾਹਰ ਖੜ੍ਹਾ ਸੀ ਕਿਸੇ ਮੈਡਮ ਕੋਲ਼। ਮੈਨੂੰ ਲੱਗੀ ਜਾਵੇ ਉਸੇ ਨੇ ਹੀ ਦੱਸਿਆ ਹੋਊ।

ਪਰ ਯਾਦੂ ਦੀਆਂ ਦਲੀਲਾਂ ਨੇ ਬਾਜ਼ੀ ਸਾਡੇ ਵੱਲ ਕਰਤੀ ਸੀ। ਸੋ ਮੈਂ ਚੁੱਪ ਰਹਿਣਾ ਹੀ ਸਹੀ ਸਮਝਿਆ। ਗੀਤੀ ਵੀ ਖੜ੍ਹਾ ਰਿਹਾ। ਕੋਚ ਸਾਹਿਬ ਕਹਿੰਦੇ, "ਨਹੀਂ ਜੀ ਪ੍ਰਿੰਸੀਪਲ ਸਾਹਬ,

ਇਹ ਨੀਂ ਹੋਣੇ, ਇਨ੍ਹਾਂ ਕਰਕੇ ਤਾਂ ਸਗੋਂ ਮਾਹੌਲ ਠੀਕ ਹੋਇਆ। ਚਿਲਮਾਂ-ਫੈਂਸੀਆਂ ਦਿਸਣੀਆਂ ਬੰਦ ਹੋ ਗੀਆਂ, ਨਹੀਂ ਤਾਂ ਛੁੱਟੀ ਤੋਂ ਬਾਅਦ ਨਸ਼ੇੜੀ ਸਕੂਲ ਵਾਲ਼ੇ ਪਾਸਿਓਂ ਵੜ ਜਾਂਦੇ ਸੀ।"

"ਸਕੂਲ ਵੱਲੋਂ? ਮਦਨ ਲਾਲ ਜੀ ਓਧਰ ਵੀ ਤਾਂ ਉਹਨਾਂ ਦਾ ਗਾਰਡ ਹੁੰਦੈ ਗੇਟ 'ਤੇ।" ਪ੍ਰਿੰਸੀਪਲ ਸਰ ਨੇ ਬੜਾ ਹੈਰਾਨ ਜਿਹਾ ਸਵਾਲ ਕੀਤਾ ਅਤੇ ਉੱਤਰ ਵੀ ਆਪ ਹੀ ਦੇਤਾ ਸੀ।

ਯਾਦੂ ਬੋਲਿਆ, "ਸਰ ਦਮਨੇ ਦੇ ਨਾਲ਼ ਦੇ ਹੁੰਦੇ ਸੀ, ਉਹਨੂੰ ਕੋਈ ਨੀਂ ਰੋਕਦਾ ਸੀ। ਪਰ ਹੁਣ ਨੀਂ ਆਉਂਦੇ ਉਹ ਆਪਣੇ ਅੱਲ, ਜਿੱਦਣ ਦਾ ਅਸੀਂ ਮਨ੍ਹਾਂ ਕਰਿਐ।"

ਦਮਨਾ ਇੱਕ ਵਿਗੜਿਆ ਹੋਇਆ ਮੁੰਡਾ ਸੀ ਪੂਰਾ ਬਦਮਾਸ਼। ਉਹਦੀ ਮਾਂ ਡੀ.ਏ.ਵੀ. ਸਕੂਲ ਦੀ ਪ੍ਰਿੰਸੀਪਲ ਸੀ। ਬੜੇ ਘਰ ਦਾ ਅਤੇ ਬਦਮਾਸ਼ ਹੋਣ ਕਰਕੇ ਸਕਿਓਰਟੀ ਗਾਰਡ ਤਾਂ ਕੀ, ਉਸਨੂੰ ਕੋਈ ਪੁਲਿਸ ਆਲ਼ਾ ਵੀ ਨੀਂ ਸੀ ਰੋਕਦਾ। ਪਰ ਉਹਨੇ ਸਾਡੇ 'ਤੇ ਨੀਂ ਸੀ ਕਦੇ ਹਵਾ ਕਰੀ। ਉਹਦਾ ਕਾਰਨ ਇਹ ਵੀ ਕਿ ਕਬੱਡੀ ਆਲ਼ਿਆਂ ਤੋਂ ਊਂ ਵੀ ਸਾਰੇ ਡਰਦੇ ਸਨ। ਦੂਜਾ, ਉਹਨੂੰ ਕੇਰਾਂ ਮਲੋਟ ਆਲ਼ੇ ਗਰੁੱਪ ਨੇ ਕਾਲਜ 'ਚ ਈ ਘੇਰ ਲਿਆ ਸੀ। ਜਿਹੜੇ ਇੱਕ ਦੋ ਨਾਲ਼ ਦੇ ਸੀ ਉਹ ਛੱਡ ਕੇ ਭੱਜ ਗੇ'। ਓਦਣ ਉਹ ਭੱਜਕੇ ਸਾਡੇ ਕਮਰੇ 'ਚ ਹੀ ਲੁਕਿਆ ਸੀ। ਜਿਹੜੇ ਉਹਨੂੰ ਲੱਭ ਰਹੇ ਸਨ ਉਹਨਾਂ ਨੂੰ ਪਤਾ ਵੀ ਲੱਗ ਗਿਆ, ਪਰ ਉਹ ਅੰਦਰ ਨਹੀਂ ਸੀ ਵੜੇ। ਇਸੇ ਮੱਦਦ ਕਰਕੇ ਵੀ ਦਮਨਾ ਸਾਡਾ ਸਤਿਕਾਰ ਕਰਦਾ ਰਿਹਾ ਤੇ ਅਹਿਸਾਨ ਮੰਨਦਾ ਰਿਹਾ।

ਦਫਤਰ 'ਚ ਮਾਹੌਲ ਹੁਣ ਸਾਡੇ ਪੱਖ 'ਚ ਹੋ ਗਿਆ। ਜਾਂ ਕਹਿਲੋ ਸ਼ਿਕਾਇਤ ਇੱਕ ਕਿਸਮ ਦੀ ਰੁਲ਼ ਗਈ। ਪਰ ਆਖਰ ਕਿੰਨਾਂ ਚਿਰ... ਉਹ ਮੁੰਡਾ ਹੁਣ ਅੰਦਰ ਵੜ ਆਇਆ, ਜਿਹੜਾ ਦੱਬੇ ਪੈਰੀਂ ਪਾਰਕ 'ਚ ਮੇਰੇ ਕੋਲ਼ ਆਇਆ ਸੀ ਡੋਰ ਚੈੱਕ ਕਰਨ।

ਮੇਰੇ ਹੌਲ ਪੈ ਗਿਆ। ਅਸਲ 'ਚ ਉਹ ਤਾਂ ਸਟਾਫ ਮੈਂਬਰ ਨਿੱਕਲ਼ਿਆ, ਕੰਪਿਊਟਰ ਟੀਚਰ। ਮੈਂ ਗੀਤੀ ਵੱਲ ਨੂੰ ਦੇਖਿਆ, ਮੇਰੀ ਦੇਖਣੀ ਦੇਖ ਕੇ ਗੀਤੀ ਵੀ ਔਰ-ਭੌਰ ਜਿਹਾ ਦੇਖਣ ਲੱਗ ਪਿਆ।

ਪ੍ਰਿੰਸੀਪਲ ਸਰ ਉਸ ਕੰਪਿਊਟਰ ਆਲ਼ੇ ਵੱਲ ਦੇਖ ਕੇ ਬੁੱਲ੍ਹਾਂ ਨੂੰ ਘੁੱਟ ਕੇ, ਨਾਂਹ ਕਰਨ ਦੇ ਇਸ਼ਾਰੇ 'ਚ... ਸਿਰ ਦੋ ਵਾਰ ਖੱਬੇ-ਸੱਜੇ ਮਾਰ ਕੇ ਬੋਲੇ, "ਇਹਨਾਂ ਚੋਂ ਨੀਂ ਕੋਈ, ਹੋਰ ਕਰੋ ਪੜਤਾਲ... ਬੰਦੇ ਫੜਨੇ ਜਰੂਰ ਨੇ...।"

"ਕਮਾਲ ਕਰਦੇ ਓ ਸਰ ਤੁਸੀਂ, ਆਹ ਦੋਵੇਂ ਤਾਂ ਖੜ੍ਹੇ ਨੇ।"

ਕੰਪਿਊਟਰ ਆਲ਼ੇ ਸਰ, ਮੂੰਹ ਕੋਚ ਸਾਹਬ ਵੱਲ ਕਰਕੇ ਬੋਲੇ।

ਮੈਂ ਤੇ ਗੀਤੀ ਗੁਰਲਾਲ ਦੇ ਪਿੱਛੇ ਨੂੰ ਹੋਈ ਜਾਈਏ। ਪਰ ਸਾਨੂੰ ਮੂਹਰੇ ਆਉਣਾ ਈ ਪੈਣਾ ਸੀ। ਸੋ ਅਸੀਂ ਹੋ ਗਏ ਨੀਵੀਆਂ ਪਾ ਕੇ ਸਭ ਤੋਂ ਅੱਗੇ। ਬਾਕੀ ਸਾਰੇ ਜਣੇਂ ਪਿੱਛੇ ਹਟ ਗੇ', ਸੋਫੇ ਕੋਲ਼ ਨੂੰ ਹੋ ਕੇ ਖੜ੍ਹ ਗਏ।

"ਜੇ ਕਹੋਂ ਤਾਂ ਸਕਿਓਰਟੀ ਗਾਰਡ ਨੂੰ ਬੁਲਾ ਲੈਨੇਂ ਹਾਂ। ਇਹ ਸੈਚਰਡੇ ਦੀ ਹੀ ਗੱਲ ਨਹੀਂ। ਇਹ ਤਾਂ ਜਿਹੜਾ ਥੋਡੇ ਅੱਲ ਨੂੰ ਦੇਖ ਰਿਹੈ ਲੰਮਾ ਜਿਹਾ... ਇੱਕ ਦਿਨ ਪਹਿਲਾਂ ਵੀ ਖੜ੍ਹਾ ਤੰਗ ਕਰਦਾ ਸੀ ਕੁੜੀਆਂ ਨੂੰ।" ਉਹਨਾਂ ਨੇ ਗੀਤੀ ਵੱਲ ਇਸ਼ਾਰਾ ਕਰਦਿਆਂ ਨੇ, ਨਿਗ੍ਹਾ ਯਾਦੂ ਹੋਰਾਂ ਵੱਲ ਵੀ ਮਾਰੀ। ਸ਼ਾਇਦ ਉਹ ਕਿਸੇ ਹੋਰ ਨੂੰ ਵੀ ਪਛਾਨਣਾ ਚਾਹੁੰਦੇ ਸਨ।

ਬਸ ਫੇਰ ਬਾਕੀ ਤਾਂ ਭੇਜਤੇ ਵਾਪਸ। ਯਾਦੂ ਦੇ ਵੀ ਬਹੁਤ ਝਿੜਕਾਂ ਪਈਆਂ। ਸਾਡੇ ਨਾਲ਼ ਤਾਂ ਜਿਹੜੀ ਬਣੀ, ਉਹ ਸਾਨੂੰ ਈ ਪਤੈ। ਦਫਤਰ 'ਚ ਕੁੱਤੇ-ਖਾਣੀ ਤੋਂ ਬਾਅਦ ਯਾਦੂ ਹੋਰਾਂ ਨੇ ਵੀ ਬਹੁਤ ਕੁਛ ਬੋਲਿਆ। ਅਸੀਂ ਮਾੜਾ ਮੋਟਾ ਜਿਆ ਵਿਰੋਧ ਕੀਤਾ ਕਿ ਤੁਸੀਂ ਕਿਹੜਾ ਕਦੇ ਇੱਲਤ ਨੀਂ ਕੀਤੀ। ਥੋਡੇ ਕਿਹੜਾ ਕਦੇ ਛਿੱਤਰ ਨੀਂ ਪਏ।

ਜਿਵੇਂ ਦੇ ਵੀ ਸਨ, ਉਹ ਦਿਨ ਬਹੁਤ ਵਧੀਆ ਹੁੰਦੇ ਸੀ। ਅੱਗੇ-ਅੱਗੇ ਤਾਂ ਬਹੁਤ ਭੂਚਾਲ ਆਏ... ਜ਼ਿੰਦਗੀ 'ਚ ਐਨੀ ਉਥਲ-ਪੁਥਲ ਹੋਈ ਕਿ ਨਰਕ ਤੋਂ ਵੀ ਭੈੜੀ ਲੱਗਣ ਲੱਗ ਪੀ' ਸੀ। ਕੁਛ ਕੁ ਲੋਕ ਤਾਂ ਹੁਣ ਤੱਕ ਇਹ ਮੰਨੀ ਬੈਠੇ ਹੋਣਗੇ ਕਿ ਮੰਗਾ ਕਦੋਂ ਦਾ ਮਰ ਗਿਆ ਹੋਊ।



ਵੈੱਲਕਮ ਬੈਕ ਪਟਿਆਲ਼ੇ ਵੱਲੋਂ

"ਓਹੋ ਬਹੁਤ ਖਰਾਬ ਹੈ, ਕੰਮ ਤਾਂ.....।" ਹੈਰਾਨੀ ਜਿਹੀ 'ਚ ਬੋਲਿਆ ਸੀ ਡਾਕਟਰ।

"ਕੀ ਹੋਇਆ ਡਾਕਟਰ ਸਾਹਬ?" ਮੈਂ ਪੈਰ ਨੂੰ ਹਿਲਾਉਂਦੇ ਨੇ, ਫਿਕਰ 'ਚ ਪੁੱਛਿਆ। ਡਾਕਟਰ ਕੁੰਦਰਾ ਬੰਦੇ ਨੂੰ ਐਨਾ ਡਰਾ ਦਿੰਦਾ ਕਿ ਬੰਦਾ ਹੀਲ-ਹੁੱਜਤ ਨਾ ਕਰਦਾ ਪੈਸੇ ਦਿੰਦਾ। ਪਰ ਇਲਾਜ ਵਧੀਆ ਹੈ।

ਪੈਰ 'ਚੋਂ ਪੀਕ ਨੂੰ ਥੋੜਾ ਦਬਾ ਕੇ ਕੱਢਦਾ ਹੋਇਆ ਕਹਿੰਦਾ, "ਕਾਕਾ, ਪੈਰ ਤਾਂ ਤੇਰਾ ਵੱਢਣਾ ਪੈਂਦਾ ਜੇ ਦੋ ਦਿਨ ਹੋਰ ਲੰਘ ਜਾਂਦੇ। ਗਲ਼ ਗਿਆ, ਅੰਦਰੋਂ ਹੱਡੀ ਖੁਰਨੀ ਸ਼ੁਰੂ ਹੋ ਗੀ'।" ਉਹਦੇ ਭੂਰੀਆਂ-ਭੂਰੀਆਂ ਮੁੱਛਾਂ 'ਚੋਂ ਦੰਦ ਨਹੀਂ ਸਨ ਦਿਖੇ। ਜਦੋਂ ਉਸਨੇ ਨਾਂਹ ਕਰਨੇ ਦੇ ਇਸ਼ਾਰੇ 'ਚ ਚਿੱਚ-ਚਿੱਚ ਕਰਿਆ। ਜਿਵੇਂ ਬੰਦਾ ਬਹੁਤ ਮਾੜੀ ਹਾਲਤ ਦੇਖ ਕੇ ਕਰਦਾ ਹੁੰਦੈ।

ਮੈਂ ਪੈਰ ਪਿੱਛੇ ਨੂੰ ਖਿੱਚ ਕੇ ਕਿਹਾ, "ਮੇਰੇ ਤਾਂ ਅਗਲੇ ਹਫ਼ਤੇ ਟ੍ਰਾਇਲ ਨੇ ਜੀ ਕਾਲਜ 'ਚ...।" ਦਰਦ ਵੀ ਹੋਇਆ ਸੀ ਜਖਮ 'ਚ ਟਸ-ਟਸ ਕਰ ਰਿਹਾ ਸੀ।

"ਟ੍ਰਾਇਲ!!!" ਉਹ ਹੈਰਾਨ ਹੋਇਆ ਅਤੇ ਫੇਰ ਬੋਲਿਆ, "ਤੈਨੂੰ ਤੁਰਨਾ ਵੀ ਨ੍ਹੀਂ ਚਾਹੀਦਾ।"

***

ਪਟਿਆਲ਼ੇ ਫਿਜ਼ੀਕਲ ਕਾਲਜ ਦੇ ਟ੍ਰਾਈਲ ਹੋਣ 'ਚ ਅਜੇ ਮਹੀਨਾ ਕੁ ਰਹਿੰਦਾ ਸੀ। ਬਠਿੰਡਾ ਮੈਂ ਛੱਡ ਚੁੱਕਿਆ ਸੀ ਜਾਂ ਗੁਰਪ੍ਰੀਤ ਨੇ ਹਿਪਨੋਟਾਈਜ਼ ਕਰਕੇ ਛੁਡਵਾਤਾ ਸੀ।

ਉਹਨਾਂ ਦਿਨਾਂ 'ਚ ਪੇਂਡੂ ਮੈਚ ਵੀ ਘੱਟ ਈ ਹੁੰਦੇ ਹਨ। ਬਾਪੂ ਨਾਲ਼ ਖੇਤੀਬਾੜੀ 'ਚ ਲੱਗਿਆ ਰਹਿੰਦਾ। ਹਾਂ ਕਦੇ-ਕਦੇ ਹੈਰੀ ਨਾਲ਼ ਬੜੈਚਾਂ ਦੀ ਕ੍ਰਿਕਟ ਟੀਮ 'ਚ ਮੈਚ ਖੇਡਣ ਚਲੇ ਜਾਂਦਾ। ਊਂ ਕ੍ਰਿਕਟ ਮੇਰੀ ਪੰਸੀਦਦਾ ਖੇਡ ਕਦੇ ਵੀ ਨ੍ਹੀਂ ਬਣੀ। ਪਰ ਮਾੜਾ-ਮੋਟਾ ਖੇਡ ਲੈਂਦਾ, ਜਿੱਥੇ ਜਿਆਦਾ ਸਖਤਾਈ ਆਲ਼ੀ ਅੰਪਾਇਰਿੰਗ ਨਾ ਹੁੰਦੀ। ਸਪਿੰਨ ਵਧੀਆ ਕਰਵਾ ਲਈਦੀ ਸੀ। ਜੇ ਅੰਪਾਇਰ ਥੋੜ੍ਹੇ ਟੈਕਨੀਕਲ ਮਿਲ ਜਾਂਦੇ, ਉਹ ਵੱਟਾ ਬਾਲ ਕਹਿਕੇ ਨੋ-ਬਾਲ ਕਰਾਰ ਦੇ ਦਿੰਦੇ ਸੀ। ਫੇਰ ਤਾਂ ਆਪਾਂ ਫੀਲਡਿੰਗ ਈ ਕਰਦੇ, ਬੈਟਿੰਗ ਮੈਥੋਂ ਕਦੇ ਹੋਈ ਨ੍ਹੀਂ ਚੱਜ ਨਾਲ਼।

ਉਸ ਦਿਨ ਵੀ ਅਸੀਂ ਕ੍ਰਿਕਟ ਖੇਡਕੇ ਈ ਜਾ ਰਹੇ ਸੀ, ਬੜੈਚਾਂ ਪਿੰਡ ਜੱਗੀ ਨੂੰ ਛੱਡਣ। ਮੈਚ ਜਿੱਤਣ ਦੀ ਖੁਸ਼ੀ 'ਚ ਅਸੀਂ ਪੈੱਗ-ਸ਼ੈੱਗ ਲਗਾ ਕੇ ਸਕੂਟਰ 'ਤੇ ਗੀਤ ਗਾਉਂਦੇ ਈ ਜਾ ਰਹੇ ਸੀ। ਪੂਰੀਆਂ ਹੇਕਾਂ ਲੱਗ ਰਹੀਆ ਸੀ, ਗੀਤ ਸੀ ਬਿੰਦਰੱਖੀਏ ਦਾ, "ਕੰਨੀ ਝੁੰਮਕੇ ਪਾਏ ਹੋਏ ਨੇ.....ਸਾਡੇ ਨਾਲੋਂ ਬਟਨ ਚੰਗੇ ਜਿਹੜੇ ਹਿੱਕ ਨਾਲ਼ ਲਾਏ ਹੋਏ ਨੇ....।"

ਇੱਕ ਖੜਾਕਾ ਹੋਇਆ, ਅਸੀਂ ਤਾਜ਼ੀ-ਤਾਜ਼ੀ ਲੱਗੀ ਜ਼ੀਰੀ 'ਚ (ਝੋਨਾ) ਜਾ ਡਿੱਗੇ। ਉਸਦਾ ਸਾਰਾ ਦੁੱਧ ਡੁੱਲ੍ਹ ਗਿਆ। ਮੇਰਾ ਪੈਰ ਜਿਵੇਂ ਟੁੱਟ ਗਿਆ ਹੋਵੇ। ਖੜ੍ਹਾ ਹੋਇਆ... ਫੇਰ

ਡਿੱਗ ਪਿਆ...। ਮੋਟਾ-ਡਾਹਢਾ ਦੋਧੀ ਆਪਣੇ ਦੁੱਧ ਆਲ਼ੇ ਢੋਲ਼ ਸਮੇਟ ਦਾ, ਮੋਟਰ ਸਾਈਕਲ ਨੂੰ ਖੜ੍ਹਾ ਕਰਦਾ, "ਥੋਨੂੰ ਭੈਣ ਚੋਂ... ਦਿਖਦਾ ਨ੍ਹੀਂ, ਸਾਰਾ ਦੁੱਧ ਡਲ੍ਹਾਤਾ... ਭੈਣ ਦੇ... ਨੇ।" ਗਾਲ਼ ਕੱਢ ਕੇ ਆਪਣਾ ਪਰਨਾ ਸੈੱਟ ਕਰਨ ਲੱਗ ਪਿਆ।

ਉਹਦਾ ਹਜ਼ਾਰ-ਪੰਦਰਾਂ ਸੌ ਦਾ ਦੁੱਧ ਡੁੱਲ੍ਹ ਗਿਆ ਸੀ। ਗਾਲ਼ਾਂ ਕੱਢਦਾ ਸਾਡੇ ਵੱਲ ਨੂੰ ਵਧਿਆ ਗੁੱਸੇ 'ਚ। ਜਦੋਂ ਸਾਡੇ ਕੋਲ਼ ਆਇਆ ਤਾਂ ਜੱਗੀ ਨੇ ਵੱਟ ਕੇ ਮਾਰੀ ਚੁਪੇੜ। ਅੱਧਾ ਕੁ ਛਹਿਆ ਪਰਨਾ ਗਿਆ ਜ਼ੀਰੀ 'ਚ...। ਨਾਲ਼ੇ ਜੱਗੀ ਕਹਿੰਦਾ, "ਸਾਲ਼ਿਆ, ਮੇਰੇ ਭਾਈ ਦੀ ਲੱਤ ਤੋੜਤੀ, ਉੱਤੋਂ ਗਾਲ਼ ਕੱਢਦੈਂ, ਤੈਨੂੰ ਪਤਾ ਵੀ ਐ ਕੌਣ ਐਂ ਅਸੀਂ।"

ਮੈਂ ਫੇਰ ਬੈਠ ਗਿਆ ਖੜ੍ਹਾ ਹੁੰਦਾ-ਹੁੰਦਾ। ਹੈਰੀ ਵੀ ਮੈਨੂੰ ਛੱਡ ਕੇ ਜੱਗੀ ਦੇ ਨਾਲ਼ ਲੱਗ ਪਿਆ...। ਊਂ, ਭਾਈ ਪੂਰਾ ਨਰੋਆ ਸੀ। ਹੈਰੀ ਤੇ ਜੱਗੀ ਨੂੰ ਦੱਬੀ ਫਿਰੇ। ਜਿੱਥੇ ਮੈਂ ਹੌਲ਼ੀ-ਹੌਲ਼ੀ ਖੜ੍ਹਾ ਹੋਣ ਦੀ ਕੋਸ਼ਿਸ਼ ਕਰ ਰਿਹਾ ਸੀ, ਉੱਥੇ ਹੁਣ ਇੱਕੋ ਦਮ ਦਰਦ ਨੂੰ ਭੁੱਲ ਕੇ ਖੜ੍ਹਾ ਹੋ ਗਿਆ ਫੜ ਲਿਆ ਉਸਨੂੰ... ਤਾਂ ਉਹਨੇ ਜੱਗੀ ਦੀ ਘੰਡੀ ਛੱਡੀ, ਨਹੀਂ ਤਾਂ ਜਿਵੇਂ ਘੁੱਟ ਈ ਦੇਣ ਲੱਗਿਆ ਸੀ। ਕਿੰਨਾਂ ਚਿਰ ਅਸੀਂ ਚਾਰੇ ਜਣੇਂ ਗੁੱਥਮ-ਗੁੱਥਾ ਹੁੰਦੇ ਰਹੇ। ਫੇਰ ਨੇੜਲੇ ਪਿੰਡ ਦੇ ਦੋ-ਤਿੰਨ ਬੰਦਿਆਂ ਨੇ ਆ ਕੇ ਛੁਡਾਇਆ। ਤਾਜ਼ੀ-ਤਾਜ਼ੀ ਜੀਰੀ ਲੱਗੀ ਹੋਣ ਕਰਕੇ ਪੂਰਾ ਖੌਰੂ ਪਾਇਆ ਪਿਆ ਸੀ ਅਸੀਂ।

ਉਸ ਰਾਤ ਦਾਰੂ ਹੋਰ ਪੀ ਲਈ ਤਾਂ ਕਰਕੇ ਦਰਦ ਦਾ ਘੱਟ ਪਤਾ ਚੱਲਿਆ। ਪਰ ਫੇਰ ਦੂਜੇ ਤੀਜੇ ਦਿਨ ਪੈਰ ਸੁੱਜ ਕੇ ਭੜੋਲੇ ਵਰਗਾ ਹੋ ਗਿਆ। ਦੁੱਧ ਆਲ਼ੇ ਢੋਲ ਦੀ ਪੱਤੀ ਬੂਟ ਪਾੜ ਕੇ ਲੱਗੀ ਸੀ। ਦਿਖਣ ਨੂੰ ਤਾਂ ਝਰੀਟ ਜਿਹੀ, ਪਰ ਨੁਕਸਾਨ ਐਨਾ ਕਰਗੀ ਕਿ ਮਹੀਨਾ ਭਰ ਲੰਗੜਾ ਕੇ ਤੁਰਦਾ ਰਿਹਾ। ਠੀਕ ਨਾ ਹੋਇਆ। ਜਿੱਥੇ ਪਹਿਲਾਂ ਝਰੀਟ ਜਿਹੀ ਸੀ, ਉੱਥੇ ਹੁਣ ਦੋ ਇੰਚ ਡੂੰਘੀ ਖੱਡ ਜਿਹੀ ਬਣ ਗੀ', ਗਿੱਟੇ ਵੱਲ ਨੂੰ... ਬਹੁਤ ਬੁਰਾ ਹਾਲ ਸੀ।

***

ਐਕਸੀਡੈਂਟ ਤੋਂ ਮਹੀਨੇ ਬਾਅਦ ਮੈਂ ਡਾਕਟਰ ਕੁੰਦਰੇ ਦੀ ਦੁਕਾਨ 'ਚ ਸੀ ਚਹਿਲ ਅੱਡੇ 'ਚ। ਪਟਿਆਲੇ ਟ੍ਰਾਇਲਾਂ 'ਤੇ ਜਾਣ ਤੋਂ ਪਹਿਲਾਂ ਪੱਟੀ ਕਰਾ ਰਿਹਾ ਸੀ। ਡਾਕਟਰ ਸਾਹਬ ਬਥੇਰਾ ਸਮਝਾਉਣ, "ਬਈ ਟ੍ਰਾਇਲ ਵਾਲ਼ਾ ਪੰਗਾ ਨਾ ਲਵੀਂ।" ਉਹ ਸਹੀ ਵੀ ਸਨ। ਤੁਰਿਆ ਮੈਥੋਂ ਸਿੱਧਾ ਨ੍ਹੀਂ ਸੀ ਜਾਂਦਾ, ਤੇ ਉਹ ਪੈਂਤੀ ਸਕਿੰਟ 'ਚ ਐਨਾ ਔਖਾ ਟੈਸਟ ਪਾਸ ਕਰਨਾ ਕੋਈ ਖਾਲਾ ਜੀ ਦਾ ਵਾੜਾ ਨ੍ਹੀਂ ਹੁੰਦਾ। ਪਰ ਮੈਂ ਪੁੱਜ ਗਿਆ ਕਾਲਜ ਵਿੱਚ... ਉੱਥੇ ਤਿੰਨ ਚਾਰ ਜਗ੍ਹਾ ਮਾਰਕ ਕੀਤਾ ਹੋਇਆ ਸੀ ਜਿੱਥੇ ਉਹ ਟੈਸਟ ਲੈ ਰਹੇ ਸਨ।

ਓਦੋਂ ਉੱਥੇ ਕਿਸੇ ਨਾਲ਼ ਜਾਣ-ਪਛਾਣ ਹੈ ਨ੍ਹੀਂ ਸੀ। ਹੌਸਲਾ ਜਿਆ ਕਰਕੇ ਮੈਂ ਪ੍ਰਿੰਸੀਪਲ ਨੂੰ ਵੀ ਮਿਲਿਆ ਕਿ ਜੇ ਮੈਨੂੰ ਟ੍ਰਾਇਲਾਂ ਤੋਂ ਛੋਟ ਮਿਲ ਜੇ'। ਤਾਂ ਜੋ ਖਰਾਬ ਹੋਣ ਜਾ ਰਿਹਾ ਸਾਲ ਬਚ ਜਾਵੇ। ਪਰ ਉਹਨਾਂ ਸਾਫ ਮਨ੍ਹਾਂ ਕਰਤਾ। ਕਹਿੰਦੇ, "ਬੇਟਾ ਇਹ ਨਹੀਂ ਹੋ

ਸਕਦਾ, ਪਰਸੋਂ ਨੂੰ ਲਿਸਟ ਲੱਗਣੀ ਹੈ। ਅਸੀਂ ਵੱਧ ਤੋਂ ਵੱਧ ਕੱਲ੍ਹ ਤੱਕ ਦਾ ਸਮਾਂ ਦੇ ਸਕਦੇ ਹਾਂ।"

ਮੈਥੋਂ ਤਾਂ ਤੁਰਿਆ ਵੀ ਮਸਾਂ ਜਾ ਰਿਹਾ ਸੀ। ਭਟਕਦੇ ਫਿਰਦੇ ਦਾ ਡੋਲ ਪੈ-ਪੈ ਕੇ ਪੈਰ ਹੋਰ ਸੁੱਜ ਗਿਆ। ਦਰਦ ਨਾਲ਼ ਵੀ ਟਸ-ਟਸ ਕਰੀ ਜਾਵੇ।

ਪੁਰਾਣੇ ਸਾਥੀਆਂ 'ਚੋਂ ਅਸੀਂ ਕਈ ਜਣੇਂ ਹੋ ਗੇ' ਟ੍ਰਾਇਲ ਦੇਣ ਆਲ਼ੇ। ਲਾਲੀ, ਜੋਗੀ ਘੱਗਾ, ਅਮਰੀਕ ਪੇਧਣ, ਟਿਵਾਣਾ, ਇੱਕ ਦੋ ਹੋਰ। ਟਰੈਕ ਦੇ ਨਾਲ਼ ਬੈਠੇ ਅਸੀਂ ਸਕੀਮਾਂ ਘੜੀਏ। ਕੋਈ ਕਹੇ, "ਕਿਸੇ ਐਮ. ਐਲ. ਏ. ਤੋਂ ਫੋਨ ਕਰਾ ਦੇ।" ਕੋਈ ਆਖੇ, "ਕੁਛ ਨੀਂ ਹੁੰਦਾ, ਭਾਗੂ ਮਾਜਰੇ ਪੰਦਰਾਂ ਦਿਨਾਂ ਤੱਕ ਟਰਾਇਲ ਹੋਣੇ ਨੇ ਉੱਥੇ ਸਹੀ।"

ਗੁਰਪ੍ਰੀਤ ਕਹਿੰਦਾ, "ਜੇ ਕੋਈ ਹੱਲ ਨਾ ਬਣਿਆ, ਤਾਂ ਮੈਂ ਵੀ ਨ੍ਹੀਂ ਦਾਖਲਾ ਲੈਂਦਾ ਉਰੇ। ਆਪਾਂ ਭਾਗੋ ਮਾਜਰੇ ਚੱਲਾਂਗੇ।" ਉਹਦੀ ਗੱਲ ਸੁਣ ਕੇ ਜੋਗੀ ਤੇ ਲਾਲੀ ਨੇ ਵੀ ਹਾਮੀ ਭਰ ਤੀ'।

ਫੇਰ ਟਿਵਾਣਾ ਕਹਿੰਦਾ, "ਜਿਵੇਂ ਤੂੰ ਸੱਜੂ ਦੇ ਪੇਪਰਾਂ 'ਚ ਬੈਠ ਗਿਆ ਤੀ, ਐਥੇ ਕਿਸੇ ਤੋਂ ਟਰਾਇਲ ਦਵਾ ਦਿੰਨੇ ਆਂ।"

ਉਹਦੀ ਗੱਲ ਸਾਨੂੰ ਜਚ ਗਈ। ਬੰਦਾ ਵੀ ਲੱਭ ਗਿਆ। ਮੈਂ ਇੱਕ ਮੁੰਡਾ ਪਾਸ ਕਰਾਇਆ ਸੀ। ਉਹ ਕਬੱਡੀ ਖੇਡਣ ਕਰਕੇ ਫਿੱਟ ਵੀ ਪੂਰਾ ਸੀ, ਨਾਂਹ ਵੀ ਨ੍ਹੀਂ ਸੀ ਕਰ ਸਕਦਾ। ਪਰ ਫੇਰ ਪਤਾ ਚੱਲਿਆ ਵੀ ਉਹ ਤਾਂ ਪਿੰਡਾਂ ਦੇ ਮੈਚ ਖੇਡਣ ਤੁਰਿਆ ਰਹਿੰਦੈ। ਕੌਣ ਲੱਭਕੇ ਲਿਆਊ। ਨਾ ਉਹਦੇ ਘਰ ਦਾ ਕੋਈ ਟੈਲੀਫੋਨ ਨੰਬਰ ਈ ਸੀ। ਸਾਡੇ ਕੋਲ਼ ਹੁਣ ਬੰਦੇ ਬਚੇ ਜਿਹੜੇ ਕੋਲ਼ ਬੈਠੇ ਸਨ। ਉਹਨਾਂ 'ਚੋਂ ਵੀ ਜੋਗੀ ਈ ਸੀ ਜਿਸ ਦੀ ਮੇਰੇ ਨਾਲ਼ ਸ਼ਕਲ ਮਿਲਦੀ ਤੇ ਕੱਦ ਕਾਠ ਵੀ। ਉਹ ਆਪ ਈ ਹੋ ਗਿਆ ਉੱਠਕੇ ਖੜ੍ਹਾ। "ਮੰਗਿਆ, ਸਮਝ ਹੋ ਗਿਆ ਤੇਰਾ ਕੰਮ..... ਪਹਿਲਾਂ ਮੈਨੂੰ ਆਪਦੇ ਨਬੇੜ ਲੈਣ ਦੇ... ਬਸ ਕਰਦੇ ਆਂ ਕੋਈ ਜੁਗਾੜ।" ਉਹਨੇ ਖੱਬੇ ਹੱਥ ਨਾਲ਼ ਥਾਪੀ ਮਾਰ ਕੇ ਕਿਹਾ ਸੀ। ਇਹ ਥਾਪੀ ਉਹ ਖੇਡਦਾ ਹੋਇਆ ਵੀ ਪੂਰੇ ਜ਼ੋਰ ਨਾਲ਼ ਮਾਰਦਾ। ਕਮਾਲ ਦਾ ਹੌਸਲਾ ਸੀ ਉਹਦੇ ਕੋਲ਼। ਚਾਹੇ ਸਾਰੀਆਂ ਕੌਡੀਆਂ ਫੜਿਆ ਜਾਵੇ, ਪਰ ਮਾਂ ਦੇ ਪੁੱਤ ਨੇ ਥਾਪੀ ਓਨੇ ਈ ਜ਼ੋਰ ਨਾਲ਼ ਮਾਰਨੀ। ਇਹ ਉਹਦਾ ਇੱਕ ਤਰਾਂ ਨਾਲ਼ ਸਟਾਇਲ ਈ ਬਣ ਗਿਆ ਸੀ। ਲੋਕ ਗੱਲਾਂ ਕਰਦੇ, "ਥਾਪੀ ਤਾਂ ਘੱਗੇ ਆਲ਼ਾ ਜੋਗੀ ਮਾਰਦੈ।" ਕਿਸੇ ਨੂੰ ਪਤਾ ਨਾ ਚੱਲਿਆ ਵੀ ਉਲਟ ਫੇਰ ਕੀ ਹੋਇਆ, ਲੰਗ ਮਾਰਦਾ ਈ ਮੈਂ ਟਰਾਇਲ ਪਾਸ ਕਰ ਗਿਆ।

***

ਹੁਣ ਅਸੀਂ ਫਿਜ਼ੀਕਲ ਕਾਲਜ ਪਟਿਆਲ਼ਾ ਦੇ ਵਿਦਿਆਰਥੀ ਬਣ ਗੇ' ਸੀ।

ਮੋਟੀਆਂ-ਮੋਟੀਆਂ ਪੁਰਾਣੀਆਂ ਕੰਧਾਂ ਦੀ ਉਸਾਰੀ 'ਤੇ ਟਿਕਿਆ ਹੋਸਟਲ, ਸਾਡਾ ਨਵਾਂ ਘਰ ਬਣ ਚੁੱਕਿਆ ਸੀ।

ਮੈਂ, ਟਿਵਾਣਾ, ਅਮਰੀਕ ਪੇਧਣ ਅਤੇ ਮਸਤੂਆਣੇ ਕਾਲਜ ਦੀ ਟੀਮ ਦਾ ਮੁੱਖ ਕਬੱਡੀ ਖਿਡਾਰੀ ਸਿਕੰਦਰ ਸਿੰਘ, ਸਾਡਾ ਚੌਥਾ ਰੂਮ ਮੇਟ ਸੀ। ਚਾਰੇ ਜਣੇਂ ਕਬੱਡੀ ਆਲ਼ੇ ਅਤੇ ਪਹਿਲਾਂ ਤੋਂ ਜਾਣਦੇ ਹੋਣ ਕਰਕੇ ਖ਼ੂਬ ਮਜ਼ੇ ਕਰਦੇ।

ਉੱਥੇ ਸਵੇਰੇ ਛੇ ਤੋਂ ਅੱਠ ਵਜੇ ਤੱਕ ਦੋ ਘੰਟੇ ਕਾਲਜ ਦੀਆਂ ਗਰਾਊਂਡਾ ਵਿੱਚ ਐਕਟੀਵਿਟੀ ਲੱਗਦੀ ਅਤੇ ਫੇਰ ਦਸ ਤੋਂ ਇੱਕ ਵਜੇ ਤੱਕ ਥਿਊਰੀ ਜਮਾਤਾਂ ਲੱਗਦੀਆਂ। ਸ਼ਾਮ ਨੂੰ ਚਾਰ ਤੋਂ ਛੇ ਵਜੇ ਤੱਕ ਉਹੀ ਸਵੇਰੇ ਵਾਂਗੂ ਗਰਾਊਂਡ ਵਿੱਚ ਵੱਖ-ਵੱਖ ਖੇਡਾਂ ਦੇ ਪੀਰਡ ਲੱਗਦੇ। ਕਹਿਣ ਤੋਂ ਭਾਵ ਪੂਰਾ ਆਰਮੀ ਆਲ਼ਾ ਮਾਹੌਲ ਸੀ। ਅਸੀਂ ਵੀ ਜ਼ਿੱਦ ਕਰਨੀ, ਪ੍ਰੋਫੈਸਰਾਂ ਨੇ ਵੀ ਜਿਆਦਾ ਪ੍ਰਕੈਟਿਸ ਕਰਾਉਣੀ, ਬਈ ਇਨ੍ਹਾਂ ਦੀ ਨਾਂਹ ਕਰਾਈ ਜਾਵੇ, ਤਾਂ ਜੋ ਇਹ ਗੰਭੀਰ ਹੋ ਕੇ ਕਾਲਜ ਮਾਹੌਲ 'ਚ ਢਲ਼ ਜਾਣ। ਖਾਸ ਕਰਕੇ ਜਿਮਨਾਸਟਿਕ ਆਲ਼ੇ ਪ੍ਰੋ. ਰਿਪੁਦਮਨ ਜੀ ਨੇ ਸਾਡੇ ਤਿੰਨ-ਚਾਰ ਗੇੜੇ ਪੂਰੀ ਤੇਜ਼ ਸਿੱਧੇ ਲਵਾ ਕੇ, ਮੁੜ ਕੇ ਬੈਕ-ਰੇਸ ਦੇ ਲਵਾ ਦੇਣੇ। ਅਸੀਂ ਪਿੱਛੇ ਨੂੰ ਭੱਜਣਾ ਤੇ ਉਹਨਾਂ ਸਿੱਧਾ, ਜਿਹੜਾ ਹੌਲ਼ੀ ਹੁੰਦਾ ਉਸਨੂੰ ਘੂਰ ਦਿੰਦੇ ਜਾਂ ਅਣਫਿਟ ਹੋਣ ਦਾ ਤਾਅਨਾ ਮਾਰਦੇ। ਸਿੱਧੀ ਦੌੜ ਤਾਂ ਬੰਦਾ ਔਖਾ ਸੌਖਾ ਦੌੜ ਲੈਂਦਾ। ਪਰ ਪੁੱਠਾ... ਪਿੱਛੇ ਨੂੰ ਭੱਜਣਾ ਬਹੁਤ ਔਖਾ ਹੁੰਦੈ, ਉਹ ਵੀ ਚਾਰ ਸੌ ਮੀਟਰ ਦੇ ਚਾਰ-ਪੰਜ ਗੇੜੇ। ਜਦੋਂ ਰੁਕਦੇ ਤਾਂ ਪੱਟ ਆਂਏਂ ਭਾਰੀ-ਭਾਰੀ ਮਹਿਸੂਸ ਹੁੰਦੇ, ਜਿਵੇਂ ਘੁਲਾੜੀ ਦੇ ਬੇਲਣਿਆਂ ਵਾਂਗੂ ਬਹੁਤ ਮੋਟੇ-ਮੋਟੇ ਹੋ ਗੇ' ਹੋਣ।

ਪਰ ਅਸੀਂ ਕਬੱਡੀ ਆਲ਼ਿਆਂ 'ਚੋਂ, ਕਦੇ ਜੋਗੀ ਘੱਗੇ ਨੇ ਥਾਪੀ ਮਾਰ ਦੇਣੀ, ਕਦੇ ਮੈਂ ਜਾਂ ਫੇਰ ਟਿਵਾਣੇ ਨੇ। ਜਦੋਂ ਸਾਰੇ ਜਣੇਂ ਮਸਾਂ ਆਪਣੀ ਦੌੜ ਪੂਰੀ ਕਰਦੇ ਡਿਗਦੇ ਫਿਰਦੇ ਤਾਂ ਰਿਪੁਦਮਣ ਸਰ ਖੁਸ਼ ਹੁੰਦੇ ਅੰਦਰੋ-ਅੰਦਰੀ। ਪਰ ਥਾਪੀ ਫੇਰ ਵੀ ਵੱਜਦੀ, ਉਹ ਸਾਡੀ ਮਾਰੀ ਥਾਪੀ ਨੂੰ ਆਪਣੀ ਬੇਇੱਜਤੀ ਮੰਨਦੇ ਅਤੇ ਇੱਕ ਗੇੜਾ ਚਾਰ-ਸੌ ਮੀਟਰ ਹੋਰ ਲਗਾਉਣ ਲਈ ਕਹਿੰਦੇ। ਗੇੜਾ ਫੇਰ ਸਿੱਧਾ ਦੌੜਕੇ ਜਾਂ ਪੁੱਠਾ ਦੌੜਕੇ ਨਾ ਲਵਾਂਉਂਦੇ, ਸਗੋਂ ਫਾਰਵਡ ਰੋਲਾਂ ਨਾਲ਼ ਲਵਾਉਂਦੇ, ਬਹੁਤ ਔਖਾ ਹੁੰਦਾ ਚਾਰ ਸੌ ਮੀਟਰ ਲੋਟ ਪੋਟਣੀਆਂ ਖਾਣੀਆਂ। ਮੋਢੇ-ਮੌਰ ਰਗੜੇ ਜਾਂਦੇ। ਪਰ ਅਸੀਂ ਖਾਂਦੇ ਲੋਟ-ਪੋਟਣੀਆਂ, ਬੇਸ਼ੱਕ ਬੇਹੋਸ਼ੀ ਦੀ ਹਾਲਤ ਤੱਕ ਪੁੱਜਦੇ।

ਇੱਕ ਦੋ ਵਾਰੀ ਤਾਂ ਕਈਆਂ ਨੇ ਸਟੇਡੀਅਮ ਆਲ਼ੀਆਂ ਪੌੜੀਆਂ 'ਚੋਂ ਚਾਬੀ ਦੇਵਣੀ ਵੀ ਮੁਨਾਸਿਬ ਨਾ ਸਮਝੀ।

ਇੱਕ ਵਾਰੀ ਮਾਨਸਾ ਆਲ਼ਾ ਖਾਨ... ਰਿਪੁਦਮਨ ਸਰ ਦੇ ਪੀਰੀਅਡ ਤੋਂ ਬਾਅਦ ਟਰੈਕ ਦੇ ਬਾਹਰ ਪਿਆ। ਅਸੀਂ ਕਿਹਾ, "ਆ ਚੱਲੀਏ।" ਕਹਿੰਦਾ, "ਕਿੱਥੇ ਚੱਲਣਾ ਬਾਈ ? ਮੈਨੂੰ ਤਾਂ ਲੱਗਦੈ ਮੈਂ ਚੱਲ ਈ ਜਾਊਂ ਅੱਜ। ਸਰੀਰ ਫਟਣ ਨੂੰ ਤਿਆਰ ਹੋਇਆ ਪਿਆ।" ਕੋਲੋਂ ਲੰਘਦੀਆਂ ਕੁੜੀਆਂ ਨੇ ਪਾਣੀ ਪੁੱਛਿਆ, "ਅਸੀਂ ਹੋਸਟਲ 'ਚੋਂ ਪਾਣੀ ਲਿਆ ਦਿੰਦੀਆਂ ਹਾਂ ਭਾਅ ਜੀ। ਕੋਈ ਦਰਦ ਵਗੈਰਾ ਦੀ ਦਵਾਈ ਲਿਆਉਣੀ ਐ ਤਾਂ ਦੱਸਦੇ ਜੇ ਲੋੜ ਐ.....।"

"ਨਾ ਭੈਣੇ, ਦਵਾਈ ਲੈਣ ਜੋਗੀ ਜਾਨ ਵੀ ਨ੍ਹੀਂ ਹੈ ਗੀ'।" ਖਾਨ ਜਿਵੇਂ ਟੁੱਟ ਚੁੱਕਿਆ ਸੀ।ਅਸੀਂ ਨਾਲੇ ਹੱਸ ਰਹੇ ਸੀ ਨਾਲੇ ਤਰਸ ਖਾ ਰਹੇ ਸੀ।

ਕੱਲੇ ਖਾਨ ਨਾਲ਼ ਨ੍ਹੀਂ, ਇਹ ਬਹੁਤ ਨਾਲ਼ ਹੁੰਦਾ। ਟਰੈਕ ਦੇ ਖੂੰਜੇ ਤੋਂ ਸਿੱਧਾ ਹੋਸਟਲ ਨੂੰ ਜਾਣ ਦੀ ਤਰਜੀਹ ਦਿੰਦੇ। ਚਾਬੀ ਚੱਕਣ ਪੌੜੀਆਂ ਤੱਕ ਨਾ ਪੁੱਜਦੇ। ਜੇ ਉੱਥੇ ਲੌਅਰ 'ਚ ਪਈ ਹੁੰਦੀ, ਤਾਂ ਲੌਅਰ ਵੀ ਥਿਊਰੀ ਦੀਆਂ ਕਲਾਸਾਂ ਸਮੇਂ ਈ ਚੱਕ ਦੇ। ਪਰ ਸਿਰੜੀ ਐਨੇ, ਨੀਵੇਂ ਨਾ ਹੁੰਦੇ। ਦੂਜੇ ਦਿਨ ਫੇਰ ਥਾਪੀ 'ਤੇ ਥਾਪੀ। ਫੇਰ ਬੇਹੋਸ਼ੀਆਂ ਹੁੰਦੀਆਂ ਪਰ ਕੋਈ ਟੱਸ ਤੋਂ ਮੱਸ ਨਾ ਹੁੰਦਾ। ਥਿਊਰੀ ਸਮੇਂ ਮਾਹੌਲ ਤੀਆਂ ਦੇ ਮੇਲੇ ਵਰਗਾ ਹੁੰਦਾ ਸੀ ਤੇ ਹੋਸਟਲ 'ਚ ਜਾ ਕੇ ਤਾਂ ਮਾਹੌਲ ਤੀਆਂ ਤੋਂ ਵੀ ਵਧੀਆਂ ਹੋ ਜਾਂਦਾ। ਜਿਵੇਂ ਵਿਆਹ ਦੇ ਮੇਲ਼ 'ਚ ਹੋਈਏ।



ਠੱਗਾਂ ਦਾ ਟੋਲਾ

ਕਾਲਜ ਦਾ ਹੋਸਟਲ ਅੰਗਰੇਜ਼ੀ ਦੇ 'ਯੂ' ਅੱਖਰ ਦੇ ਨਕਸ਼ੇ ਵਾਂਗ ਦੋ ਮੰਜਲਾਂ ਦਾ ਬਣਿਆ ਹੋਇਆ ਹੈ। ਸੜਕ ਤੋਂ ਤਿੰਨ ਗੇਟ ਲੱਗਦੇ ਨੇ। ਦੋ ਗੇਟ ਹੋਸਟਲ ਦੇ ਬੱਚਿਆਂ ਲਈ ਅਤੇ ਤੀਜਾ ਗੇਟ ਹੋਸਟਲ ਵਾਰਡਨ ਦੇ ਘਰ ਦੇ ਬਾਹਰ, ਜੋ ਸੱਜੇ ਹੱਥ ਕੋਨੇ 'ਤੇ ਹੋਸਟਲ ਦੇ ਕਮਰਿਆਂ ਦੀ ਸੈਟਿੰਗ ਕਰਕੇ, ਫਲੈਟ ਟਾਈਪ ਜਿਆ ਬਣਾਇਆ ਹੋਇਆ ਹੈ। ਵਾਰਡਨ ਸਰ ਦੇ ਘਰ ਦੀਆਂ ਖਿੜਕੀਆਂ ਅੰਦਰਲੇ ਪਾਸੇ ਨੂੰ ਵੀ ਖੁੱਲ੍ਹਦੀਆਂ ਨੇ, ਪਰ ਕਿਸੇ ਵਾਰਡਨ ਨੇ ਕਦੇ ਖੋਲ੍ਹੀਆਂ ਨਹੀਂ ਜਮਾਂ ਬੰਦ ਕਰਕੇ ਰੱਖਦੇ ਹਨ।

ਵਿਚਕਾਰ ਖਾਲੀ ਥਾਂ 'ਤੇ ਖਾਣੇ ਆਲ਼ੀ ਮੈੱਸ ਹੈ ਅਤੇ ਮੈੱਸ ਤੋਂ ਪਹਿਲਾਂ ਟੀ.ਵੀ. ਰੂਮ... ਜਿਹੜਾ ਕੈਂਚੀ ਗੇਟ ਤੋਂ ਅੰਦਰ ਵੜਦੇ ਸਾਰ ਬਰਾਂਡਾ ਪਾਰ ਕਰਕੇ ਹੈ।

ਸ਼ੁਰੂ ਦੇ ਦਿਨ ਸਨ। ਉਥੇ ਮੁੰਡੇ ਬਾਥਰੂਮਾਂ ਵਿੱਚੋਂ ਨਾਹ ਕੇ ਅਲਫ ਨੰਗੇ ਤੁਰੇ ਜਾ ਰਹੇ ਸੀ, ਆਪਣੇ-ਆਪਣੇ ਕਮਰਿਆਂ 'ਚ ਨੂੰ। ਕੋਈ ਉੱਚੀ-ਉੱਚੀ ਗਾਲ੍ਹਾਂ ਕੱਢ ਰਿਹੈ, ਕੋਈ ਕਿਸੇ ਦੇ ਪਿੱਛੇ ਭੱਜਿਆ ਫਿਰਦਾ ਆਪਣੀ ਸਾਬਣ ਲੈਣ ਲਈ, ਬਹੁਤ ਖੁੱਲ੍ਹਾ ਮਾਹੌਲ ਸੀ।

ਜਮਾਂ ਨੰਗੇ ਤੁਰੇ ਆਉਂਦੇ ਇੱਕ ਗੋਰੇ ਜਿਹੇ ਮੁੰਡੇ ਨੂੰ ਮੈਂ ਵਾਟਰ ਕੂਲਰ ਬਾਰੇ ਪੁੱਛਿਆ, ਤਾਂ ਉਹਨੇ ਮੈੱਸ 'ਚ ਕੰਮ ਕਰਦੇ ਇੱਕ ਭਈਏ ਨੂੰ ਅਵਾਜ ਮਾਰ ਕੇ ਪਾਣੀ ਮੰਗਵਾ ਦਿੱਤਾ। ਮੈਨੂੰ ਬੜੀ ਅਪਣੱਤ ਜਿਹੀ ਲੱਗੀ। ਲੱਗਦਾ ਉਹ ਸ਼ਹਿਰੀ ਜਿਹਾ ਸੀ ਛੋਟੇ-ਛੋਟੇ ਵਾਲ਼, ਤਿੱਖਾ ਨੱਕ, ਪਤਲੇ-ਪਤਲੇ ਬੁੱਲ੍ਹ, ਪਰ ਅਵਾਜ ਉਹਨੇ ਜਮਾਂ ਪਿੰਡਾਂ ਆਲ਼ੀ ਮਾਰੀ ਸੀ। ਪਤਾ ਨ੍ਹੀ ਕਿਉਂ ਉਹ ਮੈਨੂੰ ਸਾਡੇ 'ਚੋਂ ਈ ਲੱਗਿਆ।

ਖੁੱਲ੍ਹੇ 'ਚ ਨੰਗੇ ਨਹਾਉਣ ਦੀ ਆਦਤ ਸਾਨੂੰ ਸਕੂਲ ਦੇ ਦਿਨਾਂ ਤੋਂ ਈ ਸੀ। ਉੱਥੇ ਖੁੱਲ੍ਹਾਪਣ ਹੋਰ ਵਧ ਗਿਆ।

ਸਿਕੰਦਰ ਤਾਂ ਸਾਡੇ ਤੋਂ ਵੀ ਗਾਹਾਂ ਸੀ, ਕੋਈ ਲੁਕ-ਲਪੇਟ ਨ੍ਹੀਂ। ਅਸੀਂ ਨੀ ਮੁੜਕੇ ਕਦੇ ਤੌਲੀਏ ਜਾਂ ਬੁਰਸ਼ ਵਗੈਰਾ ਦੀ ਮੇਰ ਤੇਰ ਕਰੀ। ਨਾ ਕਦੇ ਕੱਪੜੇ ਲੀੜੇ ਦੀ। ਮੇਰੇ ਆਲ਼ੇ ਤਾਂ ਉਹਦੇ ਐਡੇ ਵੱਡੇ ਦੇ ਕਿੱਥੋਂ ਆਉਣੇ ਸਨ, ਪਰ ਮੈਂ ਉਹਦੀ ਕਮੀਜ਼ ਵਗੈਰਾ ਧੱਕੇ-ਧੁੱਕੇ ਨਾਲ਼ ਬਾਹਾਂ-ਬੂਹਾਂ ਮੋੜ ਕੇ ਪਾ ਲੈਂਦਾ। ਸਾਨੂੰ ਰੂਮ ਨੰ .7 ਅਲਾਟ ਹੋ ਗਿਆ ਸੀ ਪਹਿਲੀ ਮੰਜ਼ਲ ਉੱਤੇ।

***

ਵੀਹ ਕੁ ਦਿਨ ਬੀਤ ਚੁੱਕੇ ਸਨ। ਵਾਰਡਨ ਗੋਸਾਈ ਸਰ ਰਾਊਂਡ 'ਤੇ ਆਏ ਮੈਨੂੰ ਰੋਕ ਕੇ ਕਹਿੰਦੇ, "ਤੂੰ ਉਸਤੋਂ ਦੂਰ ਰਹੀਂ, ਉਹ ਬਦਮਾਸ਼ ਐ ਪਟਿਆਲੇ ਦਾ।" "ਜੀ ਕੀਹਦੇ ਕੋਲ਼ੋਂ ਕਹਿੰਦੇ ਓ ?" "ਜੀਹਦੇ ਕੋਲ਼ ਖੜ੍ਹਾ ਸੀ ਬਾਹਰ, ਛੋਟੇ-ਛੋਟੇ ਵਾਲਾਂ ਵਾਲੇ 'ਬੌਸ' ਕੋਲ਼।"

ਉਹਨਾਂ ਦਾ ਇਸ਼ਾਰਾ ਬਲਰਾਜ ਠੱਗ ਵੱਲ ਸੀ। ਬਲਰਾਜ ਸਿੰਘ ਸੰਧੂ ਉਦੋਂ ਬੀ.ਪੀ. ਐਡ. ਤੀਜੇ ਭਾਗ 'ਚ ਸੀ। ਹੈਂਡਬਾਲ 'ਚ ਆਲ ਇੰਡੀਆ ਗੋਲਡ ਮੈਡਲ, ਤੇਜ਼ ਤਰਾਰ, ਫਰਾਟੇ- ਦਾਰ ਅੰਗਰੇਜ਼ੀ ਬੋਲਣ ਵਾਲ਼ਾ, ਸੋਹਣਾ ਸੁਨੱਖਾ, ਸਾਰੇ ਕਾਲਜ ਦੀ ਖਿੱਚ ਦਾ ਕੇਂਦਰ। ਪਰ ਉਹਨੂੰ ਕੋਈ ਬਲਰਾਜ ਕਹਿਕੇ ਨ੍ਹੀਂ ਸੀ ਬੁਲਾਉਂਦਾ, ਸਾਰੇ 'ਠੱਗ' ਕਹਿਕੇ ਬੁਲਾਉਂਦੇ। ਪਹਿਲੀ ਮੁਲਾਕਾਤ ਵੀ ਇਸੇ ਗੋਰੇ ਚਿੱਟੇ ਮੁੰਡੇ ਨਾਲ਼ ਹੋਈ ਸੀ, ਜਿਸਨੇ ਮੈੱਸ 'ਚੋਂ ਪਾਣੀ ਮੰਗਵਾ ਕੇ ਪਿਲਾਇਆ ਸੀ।

ਓਦਣ ਵੀ ਜਦੋਂ ਮੇਰੀ ਚੌਥੀ ਪੰਜਵੀਂ ਮੁਲਾਕਾਤ ਹੋਈ ਸੀ ਤਾਂ ਉਹ ਕਿਸੇ ਸੀਨੀਅਰ ਦਾ ਤੌਲੀਆ ਲਪੇਟੀ ਆਉਂਦਾ ਸੀ। ਤੌਲੀਏ ਨੂੰ ਉਹਨੇ ਮੇਰੇ ਕੋਲ਼ ਆਉਂਦੇ-ਆਉਂਦੇ ਨੇ ਉਤਾਰ ਕੇ ਮੋਢੇ 'ਤੇ ਰੱਖ ਲਿਆ ਅਤੇ ਉਸ ਅੰਮ੍ਰਿਤਧਾਰੀ ਮੁੰਡੇ ਨੂੰ ਕਹਿੰਦਾ, "ਲਓ ਭਾਅ ਜੀ, ਮੈਂ ਤਾਂ ਭੁਲੇਖੇ ਨਾਲ਼ ਚੱਕ ਲਿਆਇਆ, ਮੈਨੂੰ ਲੱਗਿਆ ਕਿਤੇ ਮੇਰਾ ...।"

ਉਹ ਅੱਗੋਂ ਪੂਰਾ ਗਿਆਨੀ, "ਨਹੀਂ-ਨਹੀਂ ਵੀਰ ਰੱਖ ਤੂੰ, ਮੇਰੇ ਕੋਲ਼ ਹੋਰ ਹੈਗਾ।" ਉਹਨੇ ਵਰਤਿਆ ਤੌਲੀਆ ਲੈਣ ਤੋਂ ਮਨ੍ਹਾਂ ਕਰਤਾ। ਮੇਰੇ ਸਾਹਮਣੇ 'ਠੱਗ ਸਟਾਈਲ' ਜੀਵਨ ਦਾ ਇਹ ਪਹਿਲਾ ਨਮੂਨਾ ਸੀ। ਬਾਅਦ 'ਚ ਅਸੀਂ ਇਹ ਸਟਾਈਲ ਬਹੁਤ ਵਾਰੀ ਵਰਤਿਆ। ਪੰਦਰਾਂ ਵੀਹ ਦਿਨਾਂ 'ਚ ਹੀ ਅਸੀਂ ਇੱਕ ਦੂਜੇ ਦੇ ਪੂਰੇ ਗੂਹੜੇ ਮਿੱਤਰ ਬਣ ਗੇ'। ਰੂਮ 'ਚ ਵੀ ਉਹਦੇ ਆਲ਼ੇ 'ਚ ਸ਼ਿਫਟ ਹੋ ਗੇ' ਸੀ। ਉਹਦੇ ਕੋਲ਼ ਛੱਬੀ ਨੰਬਰ ਕਮਰੇ 'ਚ ਪਟਿਆਲ਼ੇ ਦਾ ਕੋਈ ਹੀ ਗੁੰਡਾ ਸੀ ਜੋ ਚੌਂਕੀ ਨ੍ਹੀਂ ਸੀ ਭਰਦਾ। ਰਾਜੂ-ਰਾਜਪੂਤ, ਵਿਪਨ ਪੰਡਤ, ਬਾਈ ਨੰਬਰੀਏ ਲੱਕੀ-ਮੱਖੀ, ਢਿੱਲੋਂ ਹੋਰੀਂ ਸਾਰੇ ਉਹਦੇ ਯਾਰ ਬੇਲੀ ਸਨ।

ਜਦੋਂ ਮੈਂ ਉਹਨੂੰ ਪੁਛਿਆ "ਭਾਅ ਜੀ, ਥੋਡਾ ਨਾਮ ਠੱਗ ਕਿਉਂ ਪਿਆ ?" ਤਾਂ ਪਹਿਲੀ ਗੱਲ ਤਾਂ ਉਹਨੇ ਇਹ ਕਹੀ, "ਮੈਂ ਤੇਰੇ ਲਈ ਕੋਈ ਭਾਜੀ-ਭੂਜੀ ਨੀ। ਆਪਾਂ ਭਾਈ ਆਂ। ਮੈਨੂੰ ਤੂੰ ਮੇਰੇ ਵਰਗਾ ਈ ਲੱਗਦੈਂ। ਤਾਂ ਤੈਨੂੰ ਲੱਭਦਾ ਰਹਿਨੈ। ਤੂੰ ਮੈਨੂੰ ਠੱਗ ਕਹਿਣੈ ... ਸਿਰਫ਼ ਠੱਗ।"

ਓਦਣ ਦੂਜਾ ਮਹੀਨਾ ਸ਼ੁਰੂ ਹੋਇਆ ਹੋਊ ਸਾਡਾ ਹੋਸਟਲ 'ਚ। ਸ਼ਾਮ ਦੀ ਐਕਟੀਵਿਟੀ ਲਾ ਕੇ ਆਉਂਦੇ ਨੇ 'ਠੱਗ' ਨਾਮ ਕਿਵੇਂ ਪਿਆ ਬਾਰੇ ਫੇਰ ਪੁੱਛਿਆ "ਫੇਰ ਵੀ ਦੱਸਤਾ ਸਹੀ, ਤੂੰ ਦੱਸਦਾ ਕਿਉਂ ਨ੍ਹੀਂ ?"

ਕਹਿੰਦਾ, "ਦੱਸੀਂ ਨਾ ਕਿਸੇ ਨੂੰ, ਚੱਲ ਦੱਸ ਵੀ ਦੇਈਂ ...। ਮੈਨੂੰ ਸਕੂਲ 'ਚ ਪੜ੍ਹਦੇ ਨੂੰ ਸੰਸਕ੍ਰਿਤ ਆਲ਼ੀਆਂ ਕੁੜੀਆਂ 'ਪੰਛੀ' ਤੋਂ 'ਖੱਗ' ਕਹਿਕੇ ਬਲਾਉਂਦੀਆਂ ਸੀ, ਮੈਂ ਛੋਟਾ ਹੁੰਦਾ ਗੋਲ਼-ਮਟੋਲ਼ ਜਿਆ ਉਨ੍ਹਾਂ ਨੂੰ ਪਿਆਰਾ ਲੱਗਦਾ, ਤੇ ਉਹ ਮੇਰੀਆਂ ਗੱਲ੍ਹਾਂ ਪੱਟੀ ਜਾਂਦੀਆਂ... ਨਾਲ਼ੇ ਚੁੰਮੀ ਜਾਂਦੀਆਂ... ਬਾਕੀ ਵੀ ਮੈਨੂੰ 'ਪੰਛੀ' ਤੋਂ 'ਖੱਗ' ਕਹਿਣ ਲੱਗ ਪੇ'। ਪੰਛੀ ਨੂੰ ਸੰਸਕ੍ਰਿਤ 'ਚ 'ਖੱਗ' ਕਹਿੰਦੇ ਨੇ। ਮੇਰੀਆਂ ਪੁੱਠੀਆਂ ਸਿੱਧੀਆਂ ਹਰਕਤਾਂ ਕਰਕੇ ਅਤੇ ਲੜਾਕੇ ਸੁਭਾਅ ਕਰਕੇ, ਮੈਂ 'ਖੱਗ' ਤੋਂ ਠੱਗ ਬਣ ਗਿਆ।" ਮੈਂ ਆਖਿਆ, "ਜਿਹੜੀ ਕਹਾਣੀ ਜੱਗੋ

ਭਾਅ ਜੀ ਹੋਰੀਂ ਦੱਸਦੇ ਨੇ ਕਿ ਤੂੰ ਜਿਹੜੀ ਕੁੜੀ ਉੱਤੇ ਸੈਂਟੀ ਹੁੰਦਾ ਸੀ, ਉਹਨੂੰ ਹੋਰ ਅਮੀਰੀ ਸ਼ੋ ਕਰਨ ਲਈ ਆਪਣੇ ਨਾਲ਼ ਦੇ ਬਾਣੀਆਂ ਦੇ ਮੁੰਡੇ ਨੂੰ ਡਰਾ ਕੇ, ਗੇਅਰਾਂ ਆਲ਼ਾ ਮਹਿੰਗਾ ਸਾਈਕਲ ਆਪ ਚਲਾਉਂਦਾ ਅਤੇ ਉਹਨਾਂ ਦੀ ਤਿੰਨ ਮੰਜ਼ਲੀ ਕੋਠੀ ਦੇ ਬਾਹਰ ਖੜ੍ਹ ਜਾਂਦਾ, ਜਿਵੇਂ ਬੈੱਲ ਮਾਰ ਕੇ ਗੇਟ ਖੁੱਲ੍ਹਣ ਦੀ ਉਡੀਕ 'ਚ ਖੜ੍ਹਦੇ ਹੁੰਦੇ ਨੇ। ਤੇ ਜਦੋਂ ਉਹ ਕੁੜੀ, ਅੱਗੇ ਨਿੱਕਲ਼ ਜਾਂਦੀ ਤਾਂ ਵਾਪਸ ਆਪਣੇ ਘਰ ਆ ਜਾਂਦਾ।" ਸੁਣ ਕੇ ਹੱਸ ਪਿਆ। ਕਹਿੰਦਾ, "ਇਹ ਵੀ ਹੈ।"

ਮੈਨੂੰ ਉਹਨੇ ਬਾਅਦ 'ਚ ਉਹ ਕੋਠੀ ਵੀ ਦਿਖਾਈ ਸੀ ਅਤੇ ਆਪਣੀ ਸਹੇਲੀ ਵੀ ਮਿਲਾਈ। ਉਹ ਬਹੁਤ ਹੱਸਦੀ ਠੱਗ ਦੀਆਂ ਗੱਲਾਂ ਦੱਸ-ਦੱਸ। ਕਹਿੰਦੀ, "ਮੈਨੂੰ ਸਭ ਪਤਾ ਸੀ ਠੱਗ ਸੱਚੀਉਂ ਠੱਗੀ ਮਾਰਦੈ। ਕਿਉਂਕਿ ਕੋਠੀ ਆਲ਼ਿਆਂ ਦੀ ਕੁੜੀ ਮੇਰੇ ਨਾਲ਼ ਟਿਊਸ਼ਨ ਪੜ੍ਹਦੀ ਸੀ, ਮੈਨੂੰ ਸਭ ਪਤਾ ਸੀ। ਪਰ ਫੇਰ ਵੀ ਵੱਜਦੀ ਠੱਗੀ ਵਧੀਆ ਲੱਗਦੀ ....।"

ਫੇਰ ਉਹ ਹੱਸਦੀ ਹੋਈ ਹੋਰ ਗੱਲ ਵੀ ਸੁਣਾਉਂਦੀ ਹੁੰਦੀ ਕਿ, "ਇੱਕ ਵਾਰ ਠੱਗ ਹੋਰਾਂ ਨੇ ਅੱਠਵੀਂ 'ਚ ਪੜ੍ਹਦਿਆਂ ਨੇ ਸਕੂਲ 'ਚੋਂ ਕੰਪਿਊਟਰ ਚੱਕ ਕੇ ਲੁਧਿਆਣੇ ਲਿਜਾ ਕੇ ਵੇਚ ਤੇ ... ਉਦੋਂ ਸਕੂਲਾਂ 'ਚ ਨਵੇਂ-ਨਵੇਂ ਆਉਣ ਕਰਕੇ ਇਹ ਬਹੁਤ ਮਹਿੰਗੇ ਲੱਗਦੇ ਹੁੰਦੇ ਸਨ।"

ਜਦੋਂ ਮੈਂ ਇਹ ਗੱਲ ਠੱਗ ਤੋਂ ਪੁੱਛੀ ਤਾਂ ਉਹ ਕਹਿੰਦਾ, "ਮੰਗੇ, ਉਦੋਂ ਕਿਹੜਾ ਪਤਾ ਸੀ। ਸਾਲ਼ੇ ਤਿੰਨੇ-ਚਾਰੇ ਮਨੀਟਰ ਸਕਰੀਨ ਈ ਚੱਕ ਕੇ ਲੈ ਗੇ'। ਗਾਹਾਂ ਉਹ ਕਿਸੇ ਨੇ ਪੁੱਛੇ ਨਾ। ਅਸੀਂ ਉੱਥੇ ਸਿੱਟ ਕੇ ਕਿਰਾਇਆ ਪੱਟ ਕੇ ਮੁੜ ਆਏ।"

ਅਸੀਂ ਸੋਚਦੇ ਹੁੰਦੇ ਬਈ ਠੱਗ ਸਟਾਈਲ ਊਈਂ ਮਸ਼ਹੂਰ ਨ੍ਹੀਂ। ਊਈਂ ਨ੍ਹੀਂ ਲੋਕ ਇਹਤੋਂ ਡਰਦੇ ਜਾਂ ਐਨਾ ਪਿਆਰ ਕਰਦੇ, ਠੱਗ 'ਚ ਗੱਲਬਾਤ ਸੀ। ਉਸਨੇ ਲੋਕਾਂ ਨਾਲ਼ ਪੈਸੇ ਦੀ ਠੱਗੀ ਤਾਂ ਕਦੇ ਨਾ ਮਾਰੀ, ਪਰ ਦਿਲ ਬਹੁਤ ਠੱਗੇ। ਜਿਹੜਾ ਇੱਕ ਵਾਰੀ ਉਹਦੇ ਲਿੰਕ 'ਚ ਆਇਆ, ਉਹ ਬਸ ਉਹਦਾ ਈ ਬਣ ਗਿਆ।

ਆਂਏਂ ਤਾਂ ਕਹਿੰਦੇ ਉਹਨੇ ਇੱਕ ਕਾਰ ਵੀ ਚੋਰੀ ਕਰੀ ਸੀ। ਮੁੜ ਕੇ ਨਾ ਤਾਂ ਨਾਲ਼ ਦੇ ਮੰਨਣ ਕਾਰ ਨੂੰ ਘਰ ਲਿਜਾਣ ਲਈ। ਨਾ ਉਹ ਆਪ ਲਿਜਾ ਸਕਦਾ ਸੀ, ਬਾਪੂ ਤੋਂ ਡਰਦਾ। ਉਹਦੇ ਬਾਪੂ ਦੀ ਸਖਤੀ ਸਾਰੇ ਸੰਗਰੂਰ 'ਚ ਮਸ਼ਹੂਰ ਐ। ਪਤੰਦਰਾਂ ਨੇ ਕਾਰ ਸੂਏ 'ਚ ਸੁੱਟ ਕੇ ਮਾਲਕ ਨੂੰ ਚਿੱਠੀ ਭੇਜਤੀ ਸੀ। ਤਾਂ ਕਿਤੇ ਮਾਲਕ ਨੂੰ ਕਾਰ ਮਿਲੀ।

ਮਖਿਆਂ, "ਐਥੇ ਕਿਸੇ ਨੂੰ ਨ੍ਹੀਂ ਪਤਾ ਇਸ ਸੰਸਕ੍ਰਿਤ ਆਲ਼ੀ ਕਾਹਣੀ ਦਾ।" ਕਹਿੰਦਾ, "ਨਹੀਂ ਸਿਰਫ ਡਾਕਟਰ ਨੂੰ ਪਤੈ।"

***

ਹਰਿੰਦਰ ਸਿੰਘ ਉਰਫ 'ਡਾਕਟਰ' ਵੀ ਸੰਗਰੂਰ ਤੋਂ ਈ ਸੀ। ਤਿੰਨ ਸਾਲ ਦੇ ਯੂ-ਐਮ ਸੀ ਕੇਸ ਤੋਂ ਬਾਅਦ ਉਹ ਦੁਬਾਰਾ ਬੀ.ਪੀ. ਐਡ 'ਚ ਸਾਡੇ ਨਾਲ਼ ਦਾਖਲ ਹੋਇਆ ਸੀ। ਉਹ

ਬੜੀ ਚੀਜ ਸੀ। ਠੱਗ ਦਾ ਆੜੀ ਹੋਣ ਕਰਕੇ ਉਹਨੂੰ ਪਟਿਆਲ਼ੇ 'ਚ ਕੋਈ ਹੱਥ ਨ੍ਹੀਂ ਸੀ ਪਾਉਂਦਾ।ਪੂਰਾ ਤੰਗ ਕਰਦਾ ਸੀ ਲੋਕਾਂ ਨੂੰ।

ਇਹਨਾਂ ਸ਼ੁਰੂ ਦੇ ਦਿਨਾਂ ਦੀ ਈ ਗੱਲ ਐ। ਡਾਕਟਰ ਆਪਦੇ ਪਰਖੇ-ਪਰਤਿਆਏ ਪੈਂਤੜੇ ਉੱਤੇ ਹੋਸਟਲ ਦੀ ਮੈੱਸ ਦੇ ਬਾਹਰ ਬੈਠਾ, ਪਰੈੱਸ ਕਰਨ ਆਲ਼ੇ ਤਖ਼ਤਪੋਸ਼ ਤੇ ਲੱਤਾਂ ਲਮਕਾਈਂ।ਮਾਣਕ ਦੀ ਕਲੀ ਗੁਣ-ਗਣਾ ਰਿਹੈ, 'ਚੰਦਨ ਗੇਲੀ ਜਿਓਂ ਨਾਗਾਂ-ਕੁੰਡਲੀ ਮਾ... ਰੀ... ਈ...।'

ਸ਼ਾਮ ਦੀ ਐਕਟੀਵਿਟੀ ਲਾ ਕੇ ਆਪਣੇ ਕਮਰਿਆਂ ਨੂੰ ਬਾਅਦ 'ਚ ਵੜਦੇ, ਪਹਿਲਾਂ ਮੈੱਸ 'ਚ ਲੱਗੇ ਵਾਟਰ-ਕੂਲਰ 'ਚੋਂ ਪਾਣੀ ਪੀਂਦੇ। ਮੈਂ ਵੀ ਵਾਟਰ ਕੂਲਰ ਵੱਲ ਜਾ ਰਿਹਾ ਸੀ। "ਹੋਰ ਕਬੱਡੀ ਆਲ਼ਿਆ ਕਿਵੇਂ ਐਂ ਭਲਵਾਨਾ? ਕੋਈ ਤੰਗ-ਤੁੰਗ ਤਾਂ ਨ੍ਹੀਂ ਕਰਦਾ?" ਡਾਕਟਰ ਨੇ ਮੈਨੂੰ ਪੁੱਛਿਆ।

ਉਹ ਪੁੱਛਦਾ-ਪੁੱਛਦਾ ਕੋਲ਼ੋਂ ਦੀ ਲੰਘੇ ਜਾਂਦਿਆਂ ਵੱਲ ਮੂੰਹ ਕਰਕੇ ਆਂਏਂ ਵੀ ਕਹਿ ਦਿਆ ਕਰੇ, "ਪੱਚੀ ਰੁਪਏ ਘਟਦੇ ਨੇ, ਬਸ ਪੱਚੀ।"

ਮੈਂ ਉਹਦੀ ਪੱਚੀ ਰੁਪਏ ਘਟਦੇ ਆਲ਼ੀ ਗੱਲ ਸੁਣ ਕੇ ਪੁੱਛਿਆ "ਪੱਚੀ ਕਾਹਦੇ 'ਚੋਂ ਘਟਦੇ ਨੇ, ਕੀ ਚੱਕਰ ਐ ਇਹ ਡਕਟਰਾ....?"

"ਤੂੰ ਦੇਖਦਾ ਜਾਅ ਭਲਵਾਨਾ, ਕੋਈ ਨਾ ਕੋਈ ਫਸਿਆ ਲੈ।" ਕਹਿ ਕੇ ਮੀਸਣਾ ਜਿਹਾ ਹੱਸ ਪਿਆ।

ਮੈਂ ਉਹਦੀ ਕਾਰਸਤਾਨੀ ਦੇਖਣ ਲਈ ਉੱਥੇ ਈ ਖੜ੍ਹ ਗਿਆ। ਥੋੜ੍ਹੀ ਦੇਰ ਬਾਅਦ ਮੈਂ ਆਖਿਆ, "ਮੈਥੋਂ ਲੈ-ਲੈ ਜੇ ਵੀਹ-ਪੰਜਾਹ ਦੀ ਲੋੜ ਐ।"

"ਰੁਕ ਤਾਂ ਸਹੀ, ਯਾਰ ਤੂੰ ਤਾਂ ਆਪਣਾ ਬੰਦੈ... ਤੈਥੋਂ ਨ੍ਹੀਂ...।"

ਅਸਲ 'ਚ ਉਹ ਐਵੇਂ ਈ ਕਰਦਾ ਸੀ ਕਿ ਅਗਲੇ ਨੂੰ ਭੁਲੇਖਾ ਪੈ ਜਾਵੇ, ਬਈ ਬੋਤਲ 'ਚੋਂ ਪੱਚੀ ਰੁਪਏ ਘਟਦੇ ਨੇ। ਜਦੋਂ ਕਿ ਘਟਦੇ ਹੁੰਦੇ ਪਊਏ 'ਚੋਂ। ਭਾਵ ਉਹਦੇ ਕੋਲ਼ ਪੰਜ ਰੁਪਈਏ ਆਪਦੇ ਹੁੰਦੇ। ਪੱਚੀ ਤੀਹ ਅਗਲੇ ਤੋਂ ਲੈ ਕੇ, ਬੋਤਲ ਲੈ ਕੇ ਆਉਣ ਦਾ ਲਾਰਾ ਲਾ ਕੇ ਚਲੇ ਜਾਂਦਾ। ਗੇਟ-ਕੀਪਰ ਦਾ ਫੜਦਾ ਸਾਇਕਲ ਤੇ ਇੱਕ ਉਬਲੇ ਹੋਏ ਅੰਡੇ ਨਾਲ਼ ਪਊਆ ਪੀ ਕੇ, ਮਾਣਕ ਦੀਆਂ ਕਲੀਆਂ ਲਾਉਂਦਾ ਈ ਆਉਂਦਾ। ਬੋਲ ਉਹਨੂੰ ਕੋਈ ਸਕਦਾ ਨ੍ਹੀਂ ਸੀ, ਠੱਗ ਦਾ ਦੋਸਤ ਹੋਣ ਕਰਕੇ। ਹੁਣ ਤਾਂ ਖ਼ੈਰ! ਸਾਡੇ ਵਰਗੇ ਕਿੰਨੇ ਈ ਠੱਗ ਰਲ਼ ਗੇ' ਸੀ। ਠੱਗਾਂ ਦਾ ਟੋਲਾ ਸੀ ਪੂਰਾ।

ਡਾਕਟਰ ਨਾਮ ਵੀ ਉਹਨੇ ਆਪਦੇ ਪਿਉਂ ਨੂੰ ਐਮ. ਬੀ.ਬੀ. ਐੱਸ ਦੱਸ ਕੇ ਰੱਖਿਆ ਸੀ। ਜਮਾਂ ਜਚਕੇ ਝੂਠ ਬੋਲਦਾ, ਕੋਈ ਫ਼ਰਕ ਨ੍ਹੀਂ ਸੀ ਪੈਂਦਾ ਉਹਨੂੰ ਕਿ ਸਾਹਮਣੇ ਆਲ਼ੇ ਨੂੰ ਪਤਾ ਕਿ ਉਹ ਗੱਪ ਮਾਰ ਰਿਹੈ। ਪਤੰਦਰ ਕੰਪਾਊਡਰ ਪਿਉ ਨੂੰ ਐਮ.ਬੀ.ਬੀ.ਐੱਸ ਦੱਸੀ ਗਿਆ। ਬਸ

ਜਿਹੜੀਆਂ ਗੱਲਾਂ ਇੱਕ ਵਾਰ ਮੂੰਹੋਂ ਕੱਢਤੀਆਂ ਉਹਨਾਂ 'ਤੇ ਕਾਇਮ ਰਹਿੰਦਾ। ਮਿਹਨਤੀ ਲੋਕ ਬੂਟ ਪਾਲ਼ਸ ਕਰਦੇ ਹੋਣਗੇ, ਪਾਪੀ ਪੇਟ ਲਈ, ਪਰ ਡਾਕਟਰ ਬੂਟਾਂ ਦੀ ਜਗ੍ਹਾ ਝੂਠਾਂ ਨੂੰ ਪਾਲ਼ਸ਼ ਕਰਦਾ।

ਕੇਰਾਂ ਅਸੀਂ ਬਡਬਰੀਏ ਸੰਦੀਪ ਦੀ ਦਾਦੀ ਦੇ ਭੋਗ ਤੋਂ ਵਾਪਸ ਆਉਂਦੇ ਹੋਏ ਡਾਕਟਰ ਦੇ ਘਰ ਰੁਕ ਗੇ'। ਸਿਕੰਦਰ ਕਹਿੰਦਾ, "ਚੱਲ ਅੱਜ ਡਾਕਟਰ ਦੀ ਦਸ ਵਿੱਸਵੇ 'ਚ ਬਣੀ ਕੋਠੀ ਦੇਖਦੇ ਆਂ, ਨਾਲ਼ੇ ਜਿਹੜੀਆਂ ਉਹ ਧਨੌਲੇ ਮੰਡੀ ਤੋਂ ਖਰੀਦੀਆਂ ਵੀਹ-ਪੱਚੀ ਕੁੰਢੀਆਂ ਮੱਝਾਂ ਬਾਰੇ ਦੱਸਦਾ ਹੁੰਦੈ ਉਹ ਦੇਖਦੇ ਹਾਂ।" ਪਤਾ ਤਾਂ ਸਾਨੂੰ ਹੈਗਾ ਈ ਸੀ, ਬਈ ਡਾਕਟਰ ਦੀ ਹਾਲਤ ਕੀ ਐ। ਪਰ ਫੇਰ ਵੀ ਹੱਸਣ ਦੇ ਮਾਰੇ ਅਤੇ ਮਿਲਣ ਦੇ ਮਾਰੇ ਚਲੇ ਗਏ। ਡਾਕਟਰ ਨੂੰ ਪਿਆਰ ਵੀ ਸਾਰੇ ਬਹੁਤ ਕਰਦੇ ਹਾਂ, ਉਹ ਮਨ ਦਾ ਬੇਈਮਾਨ ਨ੍ਹੀਂ ਹੈਗਾ, ਬਸ ਸ਼ਰਾਰਤੀ ਜਾਂ ਕਹਿਲੋ ਜੌਲੀ ਸੁਭਾਅ ਦਾ ਮਾਲਕ ਐ।

ਜਦੋਂ ਅਸੀਂ ਘਰ ਪਹੁੰਚੇ ਤਾਂ ਸਿਕੰਦਰ ਕਹਿੰਦਾ, "ਕੋਠੀ ਕਿੱਧਰ ਐ? ਉੱਧਰ ਨ੍ਹੀਂ ਲੈ ਕੇ ਜਾਂਦਾ ਸਾਨੂੰ?"

"ਬਾਦਸ਼ਾ ਜੀ, ਚਾਬੀ ਡੈਡੀ ਹੋਰਾਂ ਕੋਲ਼ ਐ। ਉਹ ਭੁੱਲ ਕੇ ਨਾਲ਼ ਲੈ ਗੇ' ਦਿੱਲੀ ਨੂੰ, ਕੋਈ ਐਮਰਜੈਂਸੀ ਆ ਗਈ ਤੀ।"

ਅਸੀਂ ਬੜੇ ਹੱਸੇ, ਬਈ ਇਹ ਨ੍ਹੀਂ ਪੈਰਾਂ 'ਤੇ ਪਾਣੀ ਪੈਣ ਦਿੰਦਾ। ਮਖਿਆਂ "ਮੱਝਾਂ?"

"ਆਹ ਟਾਇਮ ਤਾਂ 'ਪਾਲ਼ੀ' (ਨੌਕਰ) ਚਾਰਨ ਲੈ ਕੇ ਗਿਆ ਹੁੰਦੈ।"

ਉਹ ਜਮਾਂ ਸਹਿਜ ਹੋ ਕੇ ਜਵਾਬ ਦਿੰਦਾ ਰਿਹਾ, ਅਸੀਂ ਹੱਸਦੇ ਰਹੇ। ਸਿਕੰਦਰ ਕਹਿੰਦਾ, "...ਚੱਲ ਮੱਝਾਂ ਦੇ ਕਿੱਲੇ ਈ ਦਿਖਾਦੇ ਜਿੱਥੇ ਬੰਨ੍ਹਦਾ ਹੁੰਨੈ।"

"...ਯਾਰ ਤੁਸੀਂ ਇਨਕਵਾਰੀ ਕਰਨ ਆਏ ਓ, ਕਿ ਮਿਲਣ? ਮੈਂ ਸਾਲ਼ਿਆਂ ਨੂੰ ਚਾਹ ਦੀ ਘੁੱਟ ਵੀ ਨ੍ਹੀਂ ਪਿਆਉਣੀ। ਬੰਦੇ ਬਣਕੇ ਚਾਹ ਝੁਲਸੋ ਤੇ ਮੈਨੂੰ ਨਾਲ਼ ਲੈ ਕੇ ਜਾਇਓ। ਮੈਂ ਕਾਹਨੂੰ ਕੱਲ੍ਹ ਨੂੰ ਕਰਾਇਆ ਪੱਟੂੰ।" ਕਹਿ ਕੇ ਹੱਸ ਪਿਆ।

ਕੱਦ-ਕਾਠ ਤੋਂ ਛੋਟਾ, ਪਰ ਬੜੀਆਂ-ਬੜੀਆਂ ਮੁੱਛਾਂ ਰੱਖਦਾ। ਬੜਾ ਹਸਾਉਂਦਾ ਰਿਹਾ ਸਾਨੂੰ।

***

ਬੀ.ਪੀ. ਐੱਡ ਭਾਗ ਪਹਿਲਾ ਤੱਕ ਸਾਡੀ ਜੁੰਡਲੀ ਦੇ ਦੋ ਅਹਿਮ ਸਾਥੀ ਹੋਰ ਸਨ। ਸੰਦੀਪ ਬਡਬਰ, ਜਿਸ ਦੀ ਦਾਦੀ ਦੇ ਭੋਗ ਤੋਂ ਉਸ ਦਿਨ ਆਏ ਸੀ। ਸੰਦੀਪ ਮੇਰੇ ਤੋਂ ਇੱਕ ਸਾਲ ਸੀਨੀਅਰ ਸੀ ਅਤੇ ਦੂਜਾ ਸੁੱਖੀ ਮਾਨਸਾ ਉਰਫ ਲੰਗੜਾ।

ਜ਼ਾਅਲੀ ਵਿਆਹ ਅਤੇ ਕਮੀਨੇ ਯਾਰ

ਓਦੋਂ ਬਹੁਤ ਵਧੀਆ ਚੱਲ ਰਿਹਾ ਸੀ। ਜ਼ਿੰਦਗੀ ਪਟੜੀ 'ਤੇ ਦੌੜਨ ਲੱਗ ਪਈ ਸੀ। ਸਵੇਰੇ ਸ਼ਾਮ ਪ੍ਰੈਕਟਿਸ, ਨੌਕਰੀ ਲਈ ਕੋਰਸ 'ਚ ਦਾਖਲਾ, ਵਧੀਆ ਦੋਸਤ, ਕੋਈ ਨਸ਼ੇ ਵਗੈਰਾ ਦੀ ਗੁਲਾਮੀ ਨ੍ਹੀਂ। ਸਭ ਕੁਛ ਸਹੀ। ਨੱਚਦੇ-ਖੇਡਦੇ, ਖ਼ਰਮਸਤੀਆਂ ਕਰਦੇ, ਨਿੱਤ ਮੀਟ-ਮੱਛੀ ਖਾਂਦੇ ਵਧੀਆ-ਵਧੀਆ ਪਕਵਾਨ ਜਮਾ ਮੁਫ਼ਤ। ਕੋਈ ਦਿਨ ਹੀ ਹੁੰਦਾ ਜਿੱਦਣ ਅਸੀਂ ਰਾਤ ਆਲ਼ੀ ਰੋਟੀ ਮੈੱਸ 'ਚ ਖਾਂਦੇ। ਉਹ ਵੀ ਉਸ ਦਿਨ ਮਜ਼ਬੂਰੀ 'ਚ ਖਾਂਦੇ, ਜਿਸ ਦਿਨ ਮੈਰਜ ਪੈਲਸਾਂ 'ਚ ਵਿਆਹ ਨਾ ਹੁੰਦੇ। ਨਹੀਂ ਤਾਂ ਸਜ-ਫ਼ਬ ਕੇ ਜਾਂਦੇ, ਰੱਜ ਕੇ ਖਾਂਦੇ ਅਤੇ ਆਉਂਦੇ ਹੋਏ ਆਈਸ ਕਰੀਮਾਂ ਖਾਂਦੇ ਤੁਰੇ ਆਉਂਦੇ।

ਪਹਿਲਾਂ ਇੱਕ ਜਣਾਂ ਸਾਈਕਲ ਜਾਂ ਸਕੂਟਰ ਉੱਤੇ ਗੇੜੀ ਮਾਰ ਕੇ ਆਉਂਦਾ ਕਿ ਕਿਹੜੇ-ਕਿਹੜੇ ਪੈਲਸ 'ਚ ਨਾਨ-ਵੈੱਜ ਖਾਣਾ ਹੈ ਤੇ ਕਿਹੜੇ 'ਚ ਵੈੱਜ। ਫੇਰ ਆਪਣੇ-ਆਪਣੇ ਹਿਸਾਬ ਨਾਲ਼ ਜਾ ਵੜਦੇ, ਮੰਗਵੇਂ ਕੋਟ-ਪੈਂਟ ਪਾ ਕੇ।

ਹਰੇਕ ਸੀਜਨ 'ਚ ਇੱਕ-ਦੋ ਫਸ ਵੀ ਜਾਂਦੇ। ਉਹ ਵੀ ਉਹ, ਜਿਹੜੇ ਸੰਦੀਪ ਵਰਗੇ ਲਾਲਚ 'ਚ ਜਿਆਦਾ ਪੀ ਲੈਂਦੇ।

ਇੱਕ ਵਾਰੀ ਮੈਂ, ਸੰਦੀਪ ਅਤੇ ਸਿਕੰਦਰ ਸਾਡੇ ਹੋਸਟਲ ਦੇ ਨੇੜੇ ਮਹਾਰਾਜਾ ਪੈਲਸ 'ਚ ਵੜ ਗੇ', ਸ਼ਹਿਰੀ ਸਰਦਾਰਾਂ ਦਾ ਵਿਆਹ। ਮੀਟ-ਮੱਛੀ ਕਈ ਤਰਾਂ ਦੀ, ਦਾਰੂ ਵੀ ਮਹਿੰਗੀ ਤੋਂ ਮਹਿੰਗੀ, ਫੁੱਲ ਨਜ਼ਾਰੇ ਲਈਏ। ਸੰਦੀਪ ਬੀਚੁਰ ਗਿਆ, ਲੱਗ ਪਿਆ ਨੱਚਣ। ਭੰਗੜਾ ਉਹ ਵਧੀਆ ਪਾ ਲੈਂਦਾ, ਉੱਤੋਂ ਪਤੰਦਰ ਕਿਸੇ ਵੇਟਰ ਨੂੰ ਲੰਘਣ ਈ ਨਾ ਦੇਵੇ। ਤਿੰਨ-ਤਿੰਨ ਪੈੱਗ ਇੱਕ ਗਲਾਸ 'ਚ ਕਰ-ਕਰ ਮਾਰਿਆ ਕਰੇ ਅੰਦਰ। ਇੱਕ ਦੋ ਵਾਰੀ ਸਿਕੰਦਰ ਨੇ ਸਮਝਾਇਆ ਵੀ ਬੋਚ ਕੇ ਜੇ। ਪਰ ਉਹ ਨਸ਼ਿਆਇਆ ਬਹੁਤ ਤੰਗ ਕਰਦੈ। ਕੁਛ ਉਹਨੂੰ ਉੱਥੇ ਦੋ ਤਿੰਨ ਕੁੜੀਆਂ ਨੱਚਦੀਆਂ-ਨੱਚਦੀਆਂ ਨੋਟਸ ਕਰਨ ਲੱਗ ਪਈਆਂ। ਬਸ ਫੇਰ ਉਹ ਕਿੱਥੋਂ ਸੀ ਰੁਕਣ ਵਾਲ਼ਾ। ਸਟੇਜ 'ਤੇ ਬੈਠੀ ਵਿਉਲ੍ਹੀ ਜੋੜੀ ਨੂੰ ਲੱਗ ਪਿਆ ਨਚਾਉਣ। ਉੱਥੇ ਵਿਆਹ ਆਲ਼ੇ ਘਰਦੇ ਮੁੰਡਿਆਂ ਦੀ ਅੱਖ 'ਚ ਤਾਂ ਉਹ ਪਹਿਲਾਂ ਈ ਰੜਕ ਰਿਹਾ ਸੀ। ਸਟੇਜ਼ 'ਤੇ ਚੜ੍ਹੇ ਨੂੰ ਤਾਂ ਸਭ ਨੇ ਨੋਟ ਕਰ ਲਿਆ।

ਜਦੋਂ ਮੈਂ ਤੇ ਸਿਕੰਦਰ ਬਾਥਰੂਮ ਜਾ ਕੇ ਵਾਪਸ ਆਏ ਤਾਂ ਨਾਚ-ਗਾਣਾ ਬੰਦ ਹੋ ਚੁੱਕਿਆ ਸੀ...। ਸੰਦੀਪ ਦੀ ਕਮੀਜ, ਪੈਂਟ ਤੋਂ ਅੱਧੀ ਬਾਹਰ। ਉਹਦੀਆਂ ਬਾਹਾਂ ਦੋ ਸਰਦਾਰ ਮਰੋੜੀ ਖੜ੍ਹੇ ਸਨ। ਸੰਦੀਪ ਰੱਜਿਆ ਹੋਇਆ ਨਾਲ਼ੇ ਅੱਧੀਆਂ ਕੁ ਅੱਖਾਂ ਮੀਚ ਲਿਆ ਕਰੇ, ਨਾਲ਼ੇ ਡਿੱਕ-ਡੋਲੇ ਜਿਹੇ ਖਾਈ ਜਾਵੇ। ਬਾਂਹ ਜਿਹੀ ਛੁਡਾਉਂਦਾ ਹੋਇਆ, "...ਉਏ ਮੈਂ ਕੋਈ ਚੋਰ ਥੋੜ੍ਹਾਂ..., ਮੇਰੇ ਡੈਡੀ, ਏ.ਐੱਸ.ਆਈ. ਨੇ ਬਹਾਦਰਗੜ੍ਹ...।" ਕਹਿਕੇ ਮਿਚਦੀਆਂ ਅੱਖਾਂ ਖੋਲ੍ਹੀ ਜਾਵੇ, ਪਰ ਅੱਖਾਂ ਖੁੱਲ੍ਹਣ ਨਾ....।

ਉਹਨੂੰ ਕੋਈ ਪੁੱਛੇ, ਭਲਾਂ ਉਹਨਾਂ ਨੂੰ ਕਾਹਦਾ ਡਰਾਬਾ, ਤੇਰੇ ਪਿਉ ਦਾ। ਸਿਕੰਦਰ ਮੈਨੂੰ ਕਹਿੰਦਾ, "ਤਿਆਰ ਹੋ ਜਾ ਤੇਰੇ ਗੰਗਾ ਰਾਮ ਬਾਬੇ ਆਲ਼ੀਆਂ ਦੋਵੇਂ ਵਿਦਿਆਵਾਂ ਵਰਤਣ ਨੂੰ।" ਉਹਦੇ ਕਹਿਣ ਦਾ ਭਾਵ ਸੀ, ਜੇ ਤਾਂ ਸੰਦੀਪ ਦੇ ਪੈਣ ਲੱਗੀਆਂ ਤਾਂ ਤੀਜੀ ਵਿੱਦਿਆ ਵਰਤਾਂਗੇ, ਭਾਵ ਪੈਂਦੀਆਂ 'ਚ... ਵਿੱਚ ਜਾਂ ਵੜਾਂਗੇ, ਸੱਟਾਂ ਵੰਡ ਹੋ ਜਾਣਗੀਆਂ ਤੇ ਜੇ ਆਪਾਂ ਛੁਡਾਉਣ 'ਚ ਸਫ਼ਲ ਹੋ ਗੇ' ਫੇਰ 'ਤੇਰਵੀਂ ਵਿੱਦਿਆ' ਭਾਵ ਭੱਜਾਂਗੇ।

"ਤੂੰ ਰੁਕ।" ਕਹਿਕੇ ਸਿਕੰਦਰ ਨੇ ਉਹਨਾਂ ਕੋਲ਼ ਜਾ ਕੇ ਪੁਲਿਸ ਆਲ਼ਿਆਂ ਵਾਂਗੂ ਰੁੱਕਾ ਮਾਰਿਆ, "ਇਹਨੂੰ ਮੈਨੂੰ ਫੜਾਓ। ਮੈਂ ਚਾੜ੍ਹਦਾਂ ਥਾਣੇ ਲਜਾ ਕੇ ਪਟਾ। ਇਹ ਸਾਲ਼ੇ ਚੈਨੀਆਂ ਵੀ ਝਪਟਾਂ ਮਾਰ ਕੇ ਭੱਜਦੇ ਨੇ, ਸਮੈਕੀਏ ਨੇ ਇਹ...।"

ਉਹਨਾਂ ਭਲੇ ਮਾਣਸਾਂ ਨੇ, ਸੰਦੀਪ ਨੂੰ ਬਿਨਾਂ ਕੋਈ ਹੀਲ-ਹੁੱਜਤ ਕਰੇ ਈ ਸਿਕੰਦਰ ਹਵਾਲੇ ਕਰਤਾ। ਸਿਕੰਦਰ ਨੇ ਉਹਦੀ ਬਾਂਹ ਮਚੋੜੀ ਅਤੇ ਸੰਦੀਪ ਨੂੰ ਇਸ਼ਾਰੇ ਨਾਲ਼ ਚੁੱਪ ਰਹਿਣ ਨੂੰ ਕਹਿਤਾ। ਅਸੀਂ ਆਂਏਂ ਈ ਡਰਾਮਾ ਜਿਹਾ ਕਰਦੇ ਕਿ ਉਹਨੂੰ ਫੜ ਕੇ ਥਾਣੇ ਲੈ ਕੇ ਜਾ ਰਹੇ ਹਾਂ, ਪੈਲਸ ਤੋਂ ਬਾਹਰ ਆ ਗਏ। ਮੁੱਖ ਗੇਟ ਉੱਤੇ ਵਿਆਹ ਆਲ਼ੇ ਸਰਦਾਰ ਸਾਨੂੰ ਦੇਖ ਰਹੇ ਸੀ। ਥੋੜ੍ਹਾ-ਥੋੜ੍ਹਾ ਸਾਡੇ ਵੱਲ ਨੂੰ ਤੁਰਦੇ ਪਏ ਸੀ। ਓਥੋਂ ਸਾਡਾ ਹੋਸਟਲ ਕੋਈ ਸੌ-ਡੇਢ-ਸੌ ਮੀਟਰ ਦੀ ਵਿੱਥ 'ਤੇ ਹੈ।

ਸਿਕੰਦਰ ਕਹਿੰਦਾ, "ਭੱਜ ਲੈ ਬਡਬਰੀਆ...।" ਅਸੀਂ ਭੱਜ ਲੇ'...। ਸੰਦੀਪ ਨੂੰ ਸਿਕਦਰ ਖਿੱਚ ਕੇ ਈ ਭਜਾ ਰਿਹਾ ਸੀ ਟੈਟ ਹੋਏ ਨੂੰ। ਉਹ ਵਿਆਹ ਆਲ਼ੇ, ਸਾਡੇ ਪਿੱਛੇ ਭੱਜੇ ਆਉਣ। ਦੇਖੋ-ਦੇਖੀ ਉਹ ਕਈ ਜਣੇਂ ਭੱਜ ਲੇ'। ਜਦੋਂ ਸੰਦੀਪ ਨੂੰ ਲੈ ਕੇ ਹੋਸਟਲ ਕੋਲ਼ ਪਹੁੰਚੇ ਤਾਂ ਆਪਣੇ ਏਰੀਏ ਆਲ਼ੀ ਫੀਲਿੰਗ 'ਚ ਉਹ ਫੇਰ ਬੀਚੁਰ ਗਿਆ। ਪੈਰ ਅੜਾ ਕੇ ਖੜ੍ਹ ਗਿਆ। ਫੇਰ ਬਾਂਹ ਛੁਡਾ ਕੇ ਉਹਨਾਂ ਵਿਆਹ ਆਲ਼ਿਆਂ ਵੱਲ ਨੂੰ ਗਾਲ਼ਾਂ ਕੱਢਦਾ-ਕੱਢਦਾ ਹੋ ਲਿਆ। ਹੋਸਟਲ ਦੇ ਬਾਕੀ ਮੁੰਡੇ ਵੀ ਸੰਦੀਪ ਦੇ ਨਾਲ਼ ਉਹਨਾਂ ਪਿੱਛੇ ਭੱਜ ਲਏ, ਅਸੀਂ ਵੀ ਪੈ ਗਏ ਉਹਨਾਂ ਪਿੱਛੇ। ਹੁਣ ਉਹ ਜਿਹੜੇ ਸਾਨੂੰ ਫੜ੍ਹਨ ਲਈ ਸਾਡੇ ਪਿੱਛੇ ਭੱਜੇ ਸੀ, ਉਹ ਸਾਥੋਂ ਡਰਦੇ ਆਪ ਪਿੱਛੇ ਨੂੰ ਭੱਜਣ। ਸੁੱਖੀ ਲੰਗੜਾ ਤਾਂ ਉਹਨਾਂ ਤੱਕ ਪਹੁੰਚ ਵੀ ਗਿਆ ਸੀ, ਮਸਾਂ ਮੋੜਿਆ।

ਸੁੱਖੀ ਹੁਣ ਆਸਟਰੇਲੀਆ ਸੈਟਲ ਹੈ। ਉਹਨੇ ਵੀ ਕਦੇ ਪਿੱਠ ਨ੍ਹੀਂ ਦਿਖਾਈ ਅੱਜ ਤੱਕ। ਯਾਰਾਂ ਦਾ ਯਾਰ ਹੈ ਸੁੱਖੀ ਵੀ...। ਲੰਬਾ ਕੱਦ, ਘੁੰਗਰਾਲ਼ੇ ਵਾਲ਼, ਇਹ ਪਹਿਲੇ ਸਾਲ ਤਾਂ ਬੌਬੀ ਅੰਮ੍ਰਿਤਸਰੀਏ ਨਾਲ਼ ਰਿਹਾ। ਪਰ ਫੇਰ ਸਾਡਾ ਈ ਹੋ ਕੇ ਰਹਿ ਗਿਆ। ਮੈਨੂੰ ਨ੍ਹੀਂ ਲੱਗਦਾ ਇਹਨੂੰ ਕਦੇ ਨੀਂਦ ਆਈ ਹੋਊ... ਜਦੋਂ ਸਾਡੀ ਕਿਸੇ ਨਾਲ਼ ਲੜਾਈ ਹੋਈ। ਨੀਂਦ ਆਉਣ ਵਾਲ਼ੀ ਗੱਲ ਵੀ ਕਮਾਲ ਦੀ ਐ। ਬਹੁਤ ਹੱਸਦੇ ਸੀ ਅਸੀਂ, ਜਦੋਂ ਬੌਬੀ ਨੂੰ ਪੁੱਛਣਾ, "ਓਏ ਤੂੰ ਕੱਲ੍ਹ ਨ੍ਹੀਂ ਦਿਖਿਆ... ਜਦੋਂ ਲੜਾਈ ਹੋਈ ਸੀ ?"

ਤਾਂ ਬੌਬੀ ਦਾ ਹਰ ਵਾਰੀ ਇਹੋ ਜਵਾਬ, "ਭਾਅ ਜੀ ਮੈਨੂੰ ਥਕਾਨ ਵਾਧੂ ਹੋ ਗੀ' ਹੀ.....

ਗਾੜ੍ਹੀ ਪੱਖਾ ਚੱਲੇ, ਆਪਾਂ ਤੇ ਰਮਾਨ ਨਾਲ਼ ਸੌਂਗੇ ਆਣਕੇ। ਨਈਂ ਤੇ ਆਪਾਂ ਕਿਤੇ ਪਿਛਾਂਹ ਹੋਣਾ ਸੀ ਭਰਾਵਾਂ ਤੋਂ।" ਊਂ ਹੋਰ ਸਾਰੇ ਕੰਮਾਂ 'ਚ ਉਹ ਸਾਡੇ ਨਾਲ਼ ਰਿਹਾ, ਪਰ ਲੜਾਈ ਵੇਲੇ ਮੈਂ ਜਾਂਦਾ ਸੀ। ਵਧੀਆ ਸੀ ਉਹ ਵੀ, ਅੱਜ ਕੱਲ੍ਹ ਚੀਨ 'ਚ ਕੱਪੜੇ ਦਾ ਵਪਾਰੀ ਬਣਿਆ ਹੋਇਆ ਹੈ।

ਬਹੁਤ ਵਧੀਆ ਹੁੰਦੇ ਸੀ ਉਹ ਦਿਨ, ਜਮਾਂ ਤੀਆਂ ਵਰਗੇ। ਤੇ ਕਮਾਲ ਸੀ ਸਿਕੰਦਰ ਦੀ ਸਮਝਦਾਰੀ... ਅਸਲ 'ਚ ਉਹਦਾ ਵੱਡਾ ਕੱਦ-ਕਾਠ ਅਤੇ ਪੁਲਸ ਆਲ਼ਿਆਂ ਵਾਂਗੂ ਭਾਰਾ ਜਿਹਾ ਢਿੱਡ, ਜਮਾਂ ਪੁਲਿਸੀਆ ਦਿੱਖ ਬਣਾ ਦਿੰਦਾ ਸੀ। ਜਦੋਂ ਸਾਰਿਆਂ ਨੇ ਸਪੋਰਟਸ ਸ਼ੂ ਪਾਉਣੇ ਜਾਅਲੀ ਵਿਆਹ ਜਾਣ ਲਈ ਤਾਂ ਸਿਕੰਦਰ ਨੇ ਚੇਰੀ ਰੰਗ ਦੀ ਜੁੱਤੀ ਪਾਉਣੀ। ਅਸੀਂ ਕਹਿਣਾ, "ਇਹਦੇ 'ਚ ਭੱਜੇਂਗਾ ਕਿਵੇਂ ਜੇ ਲੋੜ ਪੈ ਗੀ'?" ਤਾਂ ਉਹਨੇ ਆਖਣਾ, "ਇਹ ਤਾਂ ਕੰਮ ਆਊਗੀ ਤੁਸੀਂ ਦੇਖਿਓ। ਨਾਲ਼ੇ ਬਾਦਸ਼ਾ ਸਿਕੰਦਰ ਭੱਜਿਆ ਕੀ ਚੰਗਾ ਲੱਗੂ...।" ਹੋਰ ਵੀ ਕਈ ਜਗ੍ਹਾ ਖੇਡਿਆ ਸੀ ਅਸੀਂ ਇਹ ਪੱਤਾ। ਸੰਦੀਪ ਤਾਂ ਹੁਣ ਪੁਲਸ 'ਚ ਭਰਤੀ ਹੋ ਕੇ ਵੀ ਬਹੁਤ ਧੰਨਵਾਦ ਕਰਦਾ ਰਹਿੰਦਾ ਸਿਕੰਦਰ ਦਾ...।

***

ਮਾਨਸਾ ਅਤੇ ਪਟਿਆਲ਼ੇ 'ਚ ਸੁੱਖੀ ਮਾਨਸਾ ਇੱਕ ਨਾਮ ਸੀ। ਬਹੁਤ ਰੋਹਬ ਸੀ ਸੁੱਖੀ ਦਾ। ਪਰ ਉਸਦਾ ਇਹ ਬਦਮਾਸ਼ਾਂ ਵਾਲ਼ਾ ਨਾਮ ਲੋਕਾਂ ਲਈ ਸੀ। ਸਾਡੇ ਵਾਸਤੇ ਤਾਂ ਇਹ ਲੰਗੜਾ ਸੁੱਖੀ ਹੀ ਸੀ। ਖ਼ਾਸ ਕਰ ਮੇਰੇ ਲਈ, ਕਿਉਂਕਿ ਮੈਂ ਉਸ ਕਾਂਡ ਤੋਂ ਬਾਅਦ ਇਹਦਾ ਇਹੋ ਨਾਮ ਲੈਂਦਾ ਰਿਹਾ ਹਾਂ।

ਸੁੱਖੀ ਨੂੰ ਓਦੋਂ ਨਵਾਂ-ਨਵਾਂ ਭੂਤ ਸਵਾਰ ਹੋਇਆ ਸੀ, ਸਾਫ਼ਟਬਾਲ ਖੇਡਣ ਦਾ...। ਗੋਰੀਆਂ-ਚਿੱਟੀਆਂ, ਸਲਿੱਮ-ਡਰਿਮ ਕੁੜੀਆਂ ਸਾਫਟਬਾਲ ਖੇਡਦੀਆਂ। ਮਹਿੰਗੇ-ਮਹਿੰਗੇ ਕੱਪੜੇ, ਅੰਗਰੇਜ਼ੀ ਬੋਲਦੀਆਂ ਖਿੱਚ ਪਾਉਂਦੀਆਂ। ਸੁੱਖੀ ਵੀ ਖਿੱਚਿਆ ਗਿਆ। ਅਸੀਂ ਟਰੈਕ 'ਚ ਰਨਿੰਗ ਕਰ ਰਹੇ ਸੀ। ਸੁੱਖੀ ਦਾ ਧਿਆਨ ਵਾਰ-ਵਾਰ ਉਹਨਾਂ ਵੱਲ ਜਾਈਂ ਜਾਵੇ। ਕਈ ਦਿਨ ਐਵੇਂ ਈ ਚੱਲਦਾ ਰਿਹਾ।

ਚੰਡੀਗੜ੍ਹੀਏ ਹੈਰੀ ਨੇ ਪਤਾ ਨ੍ਹੀਂ ਤਾਂ ਐਵੇਂ ਈ ਕਹਿਤਾ ਸੀ ਝੂਠੀ-ਮੂਠੀ ਕਿ ਸਾਫਟ-ਬਾਲ ਆਲ਼ੀਆਂ ਕੁੜੀਆਂ ਤੇਰੇ ਬਾਰੇ ਗੱਲ ਕਰਦੀਆਂ ਸੀ। ਹੋ ਸਕਦਾ ਕਰਦੀਆਂ ਈ ਹੋਣ। ਪਰ ਹੈਰੀ ਸਿਰੇ ਦਾ ਚਾਲਬਾਜ਼ ਸੀ, ਉਹ ਝੂਠ ਵੀ ਕਹਿ ਸਕਦਾ ਸੀ। ਸੁੱਖੀ ਵੀ ਦੇਖਣ-ਪਾਖਣ ਨੂੰ ਐਕਟਰਾਂ ਵਰਗਾ ਸੀ। ਕਹਿ ਵੀ ਦਿੱਤਾ ਹੋਣਾ ਕੋਈ ਬੜੀ ਗੱਲ ਨ੍ਹੀਂ।

ਇੱਕ ਵਾਰੀ ਇੱਕ ਹੋਰ ਕੁੜੀ ਨੇ ਵੀ ਕਿਹਾ ਸੀ ਬਈ ਤੂੰ ਆਪਣੀ ਕੰਪਣੀ ਬਦਲ ਲੈ। ਤੂੰ ਵਧੀਆ ਮੁੰਡਾ ਏਂ। ਮੰਗੇ ਹੋਰੀਂ ਤਾਂ ਖਰਾਬ ਨੇ, ਗੁੰਡੇ ਨੇ ... ਨਸ਼ੇ ਕਰਨ ਲਗਾ ਦੇਣਗੇ।

ਇੱਕ ਦੋ ਦਿਨ ਸੁੱਖੀ ਨੇ ਕੋਸ਼ਿਸ਼ ਵੀ ਕਰੀ ਸੀ, ਅਸੀਂ ਸਾਥ ਵੀ ਦਿੱਤਾ ਸੀ ਕਿ ਘੱਟ-

ਘੱਟ ਕਾਲਜ ਸਮੇਂ ਇਹਨੂੰ ਨਾ ਬੁਲਾਈਏ। ਪਰ ਸਫਲਤਾ ਨ੍ਹੀਂ ਮਿਲੀ। ਤੀਜੇ ਕੁ ਦਿਨ ਈ ਬੈਠ ਗਿਆ ਸੀ ਜੁੰਡਲੀ 'ਚ। ਮੁੜ ਕੇ ਨ੍ਹੀਂ ਬੁਲਾਇਆ ਓਸ ਕੁੜੀ ਨੇ।

ਵੈਸੇ ਕੁੜੀਆਂ ਕੱਤਰੀਆਂ ਆਲ਼ੇ ਪਾਸਿਓਂ ਅਸੀਂ ਕਮਜ਼ੋਰ ਈ ਰਹੇ। ਇੱਕ ਵਾਰੀ ਠੱਗ ਨੂੰ ਇੱਕ ਕੁੜੀ ਬੁਲਾਉਣ ਲੱਗ ਪਈ ਸੀ। ਕਈ ਦਿਨ ਉਹ ਵੇਰਕਾ-ਵਾਰ 'ਤੇ ਬੈਠਦੇ ਰਹੇ। ਇਹ ਕੋਈ ਅਜੂਬੇ ਤੋਂ ਘੱਟ ਨ੍ਹੀਂ ਸੀ। ਕੁੜੀ ਵੀ ਉਹ ਸੀ ਜੀਹਦੇ ਵੱਲ ਬੰਦਾ ਇੱਕ ਵਾਰੀ ਦੇਖਦਾ ਤਾਂ ਦੇਖਦਾ ਈ ਰਹਿ ਜਾਂਦਾ ਸੀ। ਪਰ ਹਫਤੇ ਕੁ ਪਿੱਛੋਂ ਹੀ ਉਹ ਪਿੱਛੇ ਹੱਟ ਗੀ' ਸੀ।

ਮੈਨੂੰ ਵੀ ਇੱਕ ਕੁੜੀ ਨੇ '143' ਲਿਖ ਕੇ ਮਤਲਬ ਪੁੱਛਿਆ ਸੀ। ਪਹਿਲਾਂ ਮੈਨੂੰ ਸਮਝ ਨਾ ਆਇਆ। ਜਦੋਂ ਕਿਸੇ ਨੇ ਦੱਸਿਆ ਕਿ ਇਸਦਾ ਮਤਲਬ ਇਹ ਹੁੰਦੈ ਤਾਂ ਮੈਂ ਫੀਲਿੰਗ ਚੱਕ ਗਿਆ, ਸੱਚੇ ਇਸ਼ਕ ਆਲ਼ੀ। ਅਖੇ ਮੈਂ ਅੰਮ੍ਰਿਤ ਤੋਂ ਨਾ ਪਹਿਲਾਂ ਅਤੇ ਨਾ ਬਾਅਦ...ਹੋਰ ਕਿਸੇ ਬਾਰੇ ਸੋਚ ਈ ਨ੍ਹੀਂ ਸਕਦਾ, ਅੱਗੇ ਵਧ ਈ ਨ੍ਹੀਂ ਸਕਦਾ। ਮੈਨੂੰ ਇਹ ਪਾਪ ਵਰਗਾ ਲੱਗਿਆ ਸੀ, ਜਦੋਂ ਉਸ 143 ਆਲ਼ੀ ਕੁੜੀ ਬਾਰੇ ਮੈਂ ਉਸ ਤਰ੍ਹਾਂ ਸੋਚਿਆ, ਜਿਵੇਂ ਦਾ ਅੰਮ੍ਰਿਤ ਬਾਰੇ ਸੋਚਦਾ ਸੀ। ਹਾਂ ਊਂ ਹਰੇਕ ਉਹ ਕੁੜੀ ਮੈਨੂੰ ਵਧੀਆ ਲੱਗਦੀ, ਜੀਹਦੀ ਸ਼ਕਲ ਅੰਮ੍ਰਿਤ ਨਾਲ਼ ਮਿਲਦੀ। ਜਦੋਂ ਕਿ ਓਦੋਂ ਸਾਡੇ 'ਚ ਕੋਈ ਗੱਲ ਵੀ ਨ੍ਹੀਂ ਹੋ ਰਹੀ ਹੁੰਦੀ। ਦੇਖਿਆਂ ਵੀ ਸਾਲ-ਸਾਲ ਲੰਘ ਜਾਂਦਾ ਸੀ ਅੰਮ੍ਰਿਤ ਨੂੰ। ਖੈਰ!

ਸੁੱਖੀ ਨਾਲ਼ ਬਹੁਤ ਭੈੜੀ ਹੋਈ। ਸਾਫਟਬਾਲ ਨੂੰ ਕੈਚ ਕਰਦਾ ਪੈਰ ਤੁੜਵਾ ਬੈਠਾ। ਜਿਵੇਂ ਕਹਿੰਦੇ ਹੁੰਦੇ ਨੇ ਕਿ ਆਸ਼ਕੀ 'ਚ ਲੱਤਾਂ ਟੁੱਟ ਜਾਂਦੀਆਂ ਹਨ। ਸੁੱਖੀ ਬਹੁਤ ਔਖਾ ਸੀ, ਦਰਦ ਬਹੁਤ ਹੋ ਰਿਹਾ ਸੀ। ਮੈਂ ਤੇ ਮੰਨੂ ਭਾਟੀਆ ਉਹਨੂੰ ਦੇਸੀ ਭਲਵਾਨਾਂ ਕੋਲ਼ ਲੈ ਗੇ' ਸਕੂਟਰ 'ਤੇ ਲੱਦ ਕੇ। ਇਹ ਭਲਵਾਨ ਲੱਤਾਂ-ਬਾਹਾਂ, ਗੋਡੇ-ਮੋਢੇ ਚੜ੍ਹਾਉਣ ਦਾ ਕੰਮ ਕਰਦੇ ਨੇ। ਖਾਲਸਾ ਕਾਲਜ ਕੋਲ਼ ਪੱਲੀਆਂ ਵਿਛਾਈਂ ਬੈਠੇ ਮਾਲਸ਼ ਵਗੈਰਾ ਵੀ ਵਧੀਆ ਕਰ ਲੈਂਦੇ ਹਨ।

ਮੈਂ ਹੀ ਲੈ ਕੇ ਗਿਆ ਸੀ। ਖਾਲਸਾ 'ਚ ਪੜ੍ਹਦੇ ਸਮੇਂ ਦਾ ਯਾਦ ਸੀ ਮੈਨੂੰ। ਸਾਨੂੰ ਓਦੋਂ ਇਹ ਹੁੰਦਾ ਸੀ ਕਿ ਪੈਸੇ ਬਚਣ, ਤੇ ਅਸੀਂ ਉਹ ਪੈਸੇ ਮੀਟ-ਦਾਰੂ ਦੀ ਪੂਰਤੀ ਲਈ ਵਰਤੀਏ। ਤਾਂ ਕਰਕੇ ਕੰਮ ਚਲਾਊ ਬੰਦੇ ਕੋਲ਼ ਚਲੇ ਗਏ ਤਾਂ ਕਿ ਐਸ਼ ਪ੍ਰਸਤੀ ਆਲ਼ਾ ਕੰਮ ਨਾ ਰੁਕੇ। ਓਥੋਂ ਕਾਲਜੋਂ ਤੁਰਨ ਲੱਗੇ ਉਹਨਾਂ ਕੁੜੀਆਂ ਤੋਂ ਈ ਪੰਜ ਸੌ ਰੁਪੱਈਆ ਫ਼ੜ ਕੇ ਲੈ ਗੇ', ਜਿਨ੍ਹਾਂ ਕਰਕੇ ਲੱਤ ਤੁੜਵਾਈ ਸੀ।

ਅਸੀਂ ਦਸਾਂ ਮਿੰਟਾਂ 'ਚ ਖਾਲਸਾ ਕਾਲਜ ਰੋਡ 'ਤੇ ਪਹੁੰਚਗੇ ਸੀ। ਰੁਕਦੇ-ਰੁਕਦੇ ਅਸੀਂ ਸਭ ਤੋਂ ਤਕੜੇ ਭਲਵਾਨ ਕੋਲ਼ ਰੁਕੇ। ਉਹਨੇ ਗਿੱਟੇ ਨੂੰ ਹਿਲਾ ਕੇ ਦੇਖਿਆ। ਕਹਿੰਦਾ, "ਮੂਧਾ ਪੈ ਜਾ।" ਗੱਲ ਤਾਂ ਉਹ ਭਲਵਾਨ ਸਾਡੇ ਨਾਲ਼ ਕਰ ਰਿਹਾ ਸੀ, ਪਰ ਦੇਖਦਾ ਸੁੱਖੀ ਦੇ ਪੈਰ ਵੱਲ ਸੀ।

ਐਵੇਂ ਦੇ ਦੇਸੀ ਡਾਕਟਰ ਹਰੇਕ ਦੂਜੇ-ਤੀਜੇ ਪਿੰਡਾਂ 'ਚ ਮਿਲ ਜਾਂਦੇ ਨੇ। ਮਾੜਾ-ਮੋਟਾ

ਹਿਸਾਬ-ਕਿਤਾਬ ਆ ਜਾਂਦੈ, ਤਜ਼ਰਬੇ ਨਾਲ਼ ਮੋਚ ਵਗੈਰਾ ਠੀਕ ਕਰ ਦਿੰਦੇ ਨੇ। ਪਰ ਕਈ ਵਾਰ ਇਹ ਨੁਕਸਾਨ ਬਹੁਤ ਕਰ ਦਿੰਦੇ ਹਨ।

ਜਦੋਂ ਉਹਨੇ ਸੁੱਖੀ ਨੂੰ ਮੂਧਾ ਪਾਇਆ ਤਾਂ ਸੁੱਖੀ ਤਖ਼ਲੀਫ ਮੰਨੇ, "ਹਾਏ-ਹਾਏ ਭੈਣ ਦੇ..." ਬੋਲ ਰਿਹਾ ਸੀ। ਗਾਲ੍ਹਾਂ ਮੁਤਾਬਕ ਵੀ ਸਨ, ਦਰਦ ਬਹੁਤ ਹੋ ਰਿਹਾ ਸੀ। ਭਾਟੀਆ ਕਹਿੰਦਾ," ਖਲੋ ਜੇ... ਭਲਵਾਨ ਜੀ, ਇੱਕ ਮਿੰਟ ਮੈਡੀਸਨ ਲੈ ਲੈਣ ਦੋ...।"ਉਹ ਉੱਥੇ ਸੜਕ 'ਤੇ ਈ ਹੋ ਗਿਆ ਸ਼ੁਰੂ। ਭਲਵਾਨ ਕਹਿੰਦਾ,"ਇਹ ਕਾਹਦੀ ਦਵਾਈ ਐ?" "ਧੰਧ ਦੀ ਭਲਵਾਨ ਜੀ, ਮਾਸਾ ਦਰਦ ਤੋਂ ਵੀ ਰਾਮ ਮਿਲੂ।" ਕਹਿ ਕੇ ਉਹਨੇ ਸਿਗਰਟ ਵੀ ਬਾਲ਼ ਲਈ, ਅੱਖਾਂ ਸੁਰਖ਼ ਹੋ ਗਈਆਂ, ਕੁਛ ਉਹ ਪਹਿਲਾਂ ਵੀ ਸੈੱਟ ਸੀ। ਇੱਕ ਬੰਦਾ ਹੋਰ ਉੱਥੇ ਬੈਠਾ ਸੀ ਗੋਡਾ ਨੰਗਾ ਕਰੀਂ। ਟਰੱਕ ਡਰਾਈਵਰਾਂ ਵਾਂਗੂ ਦਾਹੜੀ ਦਾ ਖਤ ਕਢਾਇਆ ਹੋਇਆ ਸੀ ਉਹਨੇ, ਕੋਈ ਵਾਲ਼ ਵੱਧ-ਘੱਟ ਨ੍ਹੀਂ ਸੀ। ਜਮਾਂ ਜਿਵੇਂ ਕੰਪਿਊਟਰ ਨਾਲ਼ ਬਣਵਾਇਆ ਹੋਵੇ। ਪੈਰ 'ਤੇ ਬੰਨ੍ਹੀ ਗਰਮ ਪੱਟੀ ਦੱਸਦੀ ਸੀ ਕਿ ਉਹ ਮੋਚ ਤੋਂ ਵੀ ਪ੍ਰੇਸ਼ਾਨ ਹੈ।

ਭਲਵਾਨ ਨੇ ਸੁੱਖੀ ਮੂੰਹ ਭਰਨੇ ਪਾ ਲਿਆ। ਗਿੱਟੇ ਨੂੰ ਰੱਸੀ ਦੇ ਤਿੰਨ-ਚਾਰ ਵਲ਼ ਦੇ ਕੇ ਕੋਡਾ ਹੋ ਖੜ੍ਹ ਗਿਆ, ਰੱਸੀ ਫ਼ੜ ਕੇ। ਜਿਵੇਂ ਟਰੈਕਟਰ ਨੂੰ ਪੁਲੀ ਨਾਲ਼ ਸਟਾਰਟ ਕਰਨ ਵੇਲੇ ਰੱਸਾ ਫ਼ੜ ਕੇ ਖੜ੍ਹਦੇ ਹੁੰਨੇ ਆਂ। ਮੈਂ ਪੱਟਾਂ ਤੇ ਬੈਠ ਗਿਆ, ਭਾਟੀਏ ਨੇ ਸੁੱਖੀ ਨੂੰ ਮੌਰਾਂ ਕੋਲ਼ੋਂ ਫੜ ਲਿਆ, ਜਮਾਂ ਜਕੜ ਲਿਆ ਸੀ।

ਭਲਵਾਨ ਨੇ ਐਨੇ ਜੋਰ ਨਾਲ਼ ਝੂਟਾ ਮਾਰਿਆ ਕਿ ਸੁੱਖੀ ਦੀ ਚੰਘਿਆੜ ਨਿੱਕਲਗੀ, ਜੋ ਕਾਲਜ ਤੱਕ ਸੁਣੀ। ਕੱਢੀ ਸੀ ਮੋਚ ਪਰ ਨਿੱਕਲ਼ਗੀ ਸੀ ਲੇਰ। ਸੁੱਖੀ ਸਾਨੂੰ ਮਾਵਾਂ ਭੈਣਾਂ ਦੀਆਂ ਗਾਲ੍ਹਾਂ ਦੇਵੇ। ਲੰਘੇ ਜਾਂਦੇ ਲੋਕ ਖੜ੍ਹ-ਖੜ੍ਹ ਦੇਖਣ ਜਿਵੇਂ ਅਸੀਂ ਬੱਕਰਾ ਹਲਾਲ ਕਰਦੇ ਹੋਈਏ।

ਆਉਂਦੇ ਹੋਏ ਤਾਂ ਲੰਗ ਈ ਮਾਰਦਾ ਸੀ, ਪਰ ਭਲਵਾਨ ਦੇ ਇਲਾਜ ਤੋਂ ਬਾਅਦ ਲੇਰਾਂ ਮਾਰਦਾ ਜਾਵੇ। ਵਾਪਸ ਤਾਂ ਲੈ ਕੇ ਵੀ ਆਟੋ 'ਚ ਗਏ ਸੀ। ਸਕੂਟਰ 'ਤੇ ਤਾਂ ਬੈਠ ਵੀ ਨ੍ਹੀਂ ਸੀ ਸਕਿਆ। ਆਟੋ ਵੀ ਨ੍ਹੀਂ ਸੀ ਕੋਈ ਰੋਕ ਰਿਹਾ। ਉਹ ਤਾਂ ਉਸ ਬੰਦੇ, ਗਰਮ ਪੱਟੀ ਵਾਲੇ ਨੇ ਰੋਕਿਆ ਤਾਂ ਅਸੀਂ ਸੁੱਖੀ ਲੱਦਿਆ।

ਦਰਅਸਲ ਉਹ ਬੰਦਾ ਪੁਲਸ ਮੁਲਾਜ਼ਮ ਸੀ। ਮੈਨੂੰ ਭਾਟੀਆ ਇੱਕ ਪੁਲਸ ਆਲ਼ੇ ਦੇ ਮੂਹਰੇ ਬੈਠ ਕੇ ਈ ਸਮੈਕ ਪੀ ਹਟਿਆ ਸੀ। ਓਦੋਂ ਹਰੇਕ ਮੁਲਾਜ਼ਮ ਨੂੰ ਨਹੀਂ ਸੀ ਪਤਾ ਕਿ ਸਮੈਕ ਪੀਂਦੇ ਹੁੰਦੇ ਨੇ ਕਿ ਖਾਂਦੇ ਹੁੰਦੇ ਨੇ।

ਕੇਰਾਂ ਸਾਨੂੰ ਨਾਕੇ 'ਤੇ ਘੇਰ ਲਿਆ। ਖੜ੍ਹਿਆ ਸਾਥੋਂ ਜਾਵੇ ਨਾ। ਰੱਜਿਆਂ ਹੋਇਆਂ ਨੂੰ ਇੱਕ ਹੌਲਦਾਰ ਪੁੱਛੀ ਜਾਵੇ ਕਿ ਕਿੱਥੋਂ ਲੈ ਕੇ ਖਾਧੀ ਏ ਸਮੈਕ? ਬਹੁਤ ਹਸਾਇਆ ਸੀ ਸਿਕੰਦਰ ਨੇ। ਕਦੇ ਕੁਛ ਬੋਲਦਿਆ ਕਰੇ, ਕਦੇ ਕੁਛ। ਖ਼ੈਰ!

ਫੇਰ ਅਸੀਂ ਆਟੋ ਸਿੱਧਾ ਡਾਕਟਰ ਕਲੇਰ ਦੇ ਰੋਕਿਆ। ਡਾਕਟਰ ਤੋਂ ਚੈੱਕਅੱਪ ਕਰਾਇਆ ਤਾਂ ਗਿੱਟਾ ਦੋ ਥਾਵਾਂ ਤੋਂ ਟੁੱਟਿਆ ਪਿਆ ਸੀ। ਹੋਸਟਲ ਜਾ ਕੇ ਹੁੱਬ-ਹੁੱਬ ਦੱਸਦੇ ਫਿਰੀਏ ਕਿ ਮੈਨੂੰ ਭਾਟੀਆ ਤਾਂ ਬਹੁਤ ਘੈਂਟ ਐ। ਪੁਲਿਸ ਆਲ਼ੇ ਸਾਹਮਣੇ ਸਮੈਕ ਪੀਤੀ ਹੈ। ਓਦੋਂ ਨਹੀਂ ਸੀ ਪਤਾ ਕਿ ਅਸੀਂ ਇੱਕ ਦਲ-ਦਲ 'ਚ ਫਸਣ ਜਾ ਰਹੇ ਹਾਂ, ਜਿੱਥੋਂ ਹਰੇਕ ਦੇ ਵੱਸ ਨ੍ਹੀਂ ਹੁੰਦਾ ਵਾਪਸ ਨਿਕਲਣਾ। ਜਿਆਦਾ ਨੂੰ ਤਾਂ ਮੌਤ ਤੋਂ ਬਾਅਦ ਈ ਛੁਟਕਾਰਾ ਮਿਲਦੈ। ਹੋਇਆ ਵੀ ਇਉਂ ਈ... ਖ਼ੈਰ!

ਸੁੱਖੀ, ਹੈ ਯਾਰਾਂ ਦਾ ਯਾਰ। ਵੀਹ ਕੁ ਦਿਨ ਬਾਅਦ ਸਾਡੀ ਹੋਸਟਲ 'ਚ ਈ ਲੜਾਈ ਹੋ ਗੀ'। ਪਤੰਦਰ ਨੇ ਚਾਲ਼ੀ ਦਿਨਾਂ ਦਾ ਪਲੱਸਤਰ ਵੀਹਵੇਂ ਦਿਨ ਈ ਖੋਲ੍ਹਤਾ ਸੀ। ਆਪ ਈ ਵੱਢ ਦਿੱਤਾ ਸੀ ਆਰੀ ਦੇ ਬਲੇਟ ਨਾਲ਼। ਲੰਗ ਮਾਰਦਾ ਈ ਆ ਵੜਿਆ ਸੀ ਲੜਦਿਆਂ 'ਚ।

ਪ੍ਰਿੰਸੀਪਲ ਨੇ ਹੋਸਟਲ 'ਚ ਪੁਲਸ ਬੁਲਾ ਲਈ। ਬਹੁਤ ਕੁਛ ਹੋਇਆ ਸੀ ਓਦਣ ਹੋਸਟਲ 'ਚ। ਬਹੁਤ ਫ਼ਿਲਮੀ ਤਰੀਕੇ ਨਾਲ਼ ਚਕਮਾ ਦਿੱਤਾ ਸੀ ਪੁਲਸ ਨੂੰ। ਜਮਾਂ ਠੱਗ ਸਟਾਈਲ 'ਚ... ਬੜਾ ਰੌਚਕ ਵਾਕਿਆ ਏ, ਇਹ ਵੀ ਸੁਣਾਊਂ, ਪਰ ਐਥੇ ਨ੍ਹੀਂ।

ਅਸੀਂ ਮਸਾਂ ਕਿਤੇ ਜਾ ਕੇ ਲੁਕਦੇ-ਲੁਕਦੇ ਮਹਿੰਦਰਾ ਹੋਸਟਲ ਪਹੁੰਚਕੇ ਰਾਤ ਕੱਟੀ। ਮੁੜ ਕੇ ਉਹ ਕੱਚਾ ਖੋਲ੍ਹਿਆ ਪਲੱਸਤਰ, ਦੁਬਾਰਾ ਫੇਰ ਦੋ ਮਹੀਨੇ ਦਾ ਲਵਾਉਣਾ ਪਿਆ।

ਉਸ ਲੜਾਈ 'ਚ ਅਸੀਂ ਮਹੀਨਾ ਸਾਰਾ ਸਸਪੈਂਡ ਰਹੇ। ਪ੍ਰਿੰਸੀਪਲ ਨੇ 'ਕੱਲੇ-'ਕੱਲੇ ਦੇ ਘਰਦੇ ਬੁਲਾ ਕੇ ਬਹਾਲ ਕੀਤੇ ਸੀ। ਉਹ ਕੱਚਾ ਖੋਲ੍ਹਿਆ ਪਲੱਸਤਰ, ਸੁੱਖੀ ਦੀ ਲੰਗ ਵੀ ਪਕਾ ਗਿਆ ਤੇ ਪੱਕਾ ਹੁੰਦਾ-ਹੁੰਦਾ ਨਾਮ ਵੀ ਪਕਾ ਗਿਆ। ਨਾਮ ਪੱਕਾ ਹੋਇਆ ਸੀ 'ਲੰਗੜਾ ਸੁੱਖੀ'...।



ਸਦਮਾ

ਮੇਰੇ ਲਈ ਕਾਲਜ ਤੋਂ ਛੁੱਟੀਆਂ 'ਚ ਪਿੰਡ ਜਾਣਾ ਜਿੰਨਾਂ ਔਖਾ ਰਿਹੈ, ਉਸ ਤੋਂ ਵੀ ਔਖਾ ਹੁੰਦਾ ਸੀ ਛੁੱਟੀ ਨੂੰ ਘਰੋਂ ਬਾਹਰ ਬਿਤਾਉਣਾ। ਘਰ ਦਾ ਅਤੇ ਖੇਤਾਂ ਦਾ ਮੋਹ ਪਿੰਡ ਨੂੰ ਖਿੱਚਦਾ, ਠੱਗ ਵਰਗੇ ਕਮੀਨੇ ਯਾਰਾਂ ਦਾ ਸਾਥ ਜਾਣ ਨਾ ਦਿੰਦਾ। ਇਨ੍ਹਾਂ ਵਿਆਹ ਵਰਗੇ ਦਿਨਾਂ 'ਚ ਸਭ ਠੀਕ ਸੀ। ਦਸੰਬਰ 1999 ਤੱਕ ਕੋਈ ਯਾਦ ਨ੍ਹੀਂ ਸੀ ਕਿ ਮੇਰੇ ਚਿਹਰੇ ਦੀ ਰੌਣਕ, ਫਿਕਰਾਂ 'ਚ ਬਦਲ ਜਾਵੇਗੀ। ਇਕ ਦਮ ਬਦਲ ਜਾਵੇਗਾ ਸੋਚਣ ਦਾ ਅਤੇ ਰਹਿਣ ਦਾ ਢੰਗ। ਨਹੀਂ ਪਤਾ ਸੀ ਕਿ ਪਟੜੀ ਤੋਂ ਲਹਿੰਦੀ, ਕਦੇ ਚੜ੍ਹਦੀ ਗੱਡੀ, ਹੁਣ ਜਮਾਂ ਕੱਚੇ ਵੱਲ ਹੋ ਤੁਰੇਗੀ।

ਵੀਹ-ਬਾਈ ਦਸੰਬਰ ਨੂੰ ਛੁੱਟੀਆਂ ਹੋਣ ਕਰਕੇ ਮੈਂ ਪਿੰਡ ਚਲੇ ਗਿਆ। ਬਾਪੂ ਜੀ ਨੂੰ ਕਦੇ ਬੁਖਾਰ ਵੀ ਚੜ੍ਹਿਆ ਹੋਊ ਸਾਨੂੰ ਯਾਦ ਨ੍ਹੀਂ। ਭਲਵਾਨਾਂ ਵਰਗੇ ਪੱਟ, ਸਡੌਲ ਸਰੀਰ। ਹਾਂ, ਹੁਣ ਕਈ ਸਾਲਾਂ ਤੋਂ ਥੋੜ੍ਹਾ ਪੇਟ ਬਾਹਰ ਨੂੰ ਜਰੂਰ ਆ ਗਿਆ ਸੀ। 31 ਦਸੰਬਰ ਤੱਕ ਕੱਖ-ਕੰਡਾ ਮੈਂ ਈ ਕੀਤਾ। ਉਹਨਾਂ ਦੀ ਛਾਤੀ 'ਚ ਮਾਮੂਲੀ ਇਨਫੈਕਸ਼ਨ ਸੀ। ਇਹ ਕੋਈ ਬਹੁਤ ਪੁਰਾਣੀ ਬਿਮਾਰੀ ਤਾਂ ਹੈ ਨਹੀਂ ਸੀ, ਪਰ ਜਦੋਂ ਮੈਂ ਪਹਿਲੀ ਜਨਵਰੀ ਨੂੰ ਕਾਲਜ ਜਾਣ ਲਈ ਤਿਆਰ ਹੋਇਆ ਤਾਂ, "ਮੰਗੇ, ਤੂੰ ਅਗਲੇ ਹਫ਼ਤੇ ਚਲੇ ਜਾਈਂ, ਮੈਂ ਠੀਕ ਨ੍ਹੀਂ ਅਜੇ।" ਆਂਏਂ ਬੋਲੇ, ਜਿਵੇਂ ਜਿਆਦਾ ਔਖੇ ਹੋਣ।

ਉਹ ਕਦੇ ਮੇਰਾ ਸਹੀ ਨਾਮ ਨ੍ਹੀਂ ਸੀ ਲੈਂਦੇ। ਜੇ ਨਾਮ ਨਵਾਂ ਨ੍ਹੀਂ ਸੀ ਲੈਂਦੇ ਤਾਂ 'ਓਏ' ਕਹਿਕੇ ਬੁਲਾਉਂਦੇ। ਪੱਕਾ ਨਾਮ ਤਾਂ ਬਹੁਤ ਘੱਟ ਲਿਆ ਉਹਨਾਂ ਨੇ। ਉਸ ਦਿਨ 'ਮੰਗਾ' ਨਾਮ ਸੁਣ ਮੇਰੇ ਹੌਲ ਜਿਹਾ ਪਿਆ। ਮੈਂ ਬੈਗ ਰੱਖਤਾ। ਬੀਬੀ ਕਹਿੰਦੀ, "ਜਾ ਤੋਤੇ ਕੇ ਘਰੋਂ ਬਿੰਦਰ (ਮਾਮੇ ਦੇ ਡਾਕਟਰ ਮੁੰਡੇ) ਨੂੰ ਫੋਨ ਕਰਕੇ ਪੁੱਛ, ਕਿਹੜੇ ਹਸਪਤਾਲ ਦਖਾਈਏ ਇਹ ਤਾਂ ਔਖੈ...।"

ਮੈਂ ਬਿੰਦਰ ਨੂੰ ਫੋਨ ਕਰਿਆ ਤਾਂ ਉਹ ਕਹਿੰਦਾ, "ਖੰਨੇ ਆ ਜਾ ਫੁੱਫੜ ਨੂੰ ਲੈ ਕੇ ਡਾ. ਅਮਰਵੀਰ ਦੇ, ਮੈਂ ਉੱਥੇ ਈ ਆਉਨੈ।"

ਅਸੀਂ ਅਮਰਵੀਰ ਤੋਂ ਦਵਾਈ ਲਈ ਅਤੇ ਬਿੰਦਰ ਦੇ ਜੋਰ ਪਾਉਣ 'ਤੇ ਰਤਨਹੇੜੀ ਗੀ ਚਲੇ ਗਏ। ਉਹ ਕਹਿੰਦਾ, "ਉੱਥੇ ਸਾਡੇ ਕੋਲ਼ ਰਹੂ ਫੁੱਫੜ, ਤੂੰ ਜਾਣਾ ਤਾਂ ਜਾਹ, ਤੇਰਾ ਕਾਲਜ ਖੁੱਲ੍ਹ ਗਿਆ ਹਊ।" ਜਿਵੇਂ ਕੋਈ ਵੱਡਾ ਭਰਾ ਹੱਕ ਜਤਾ ਰਿਹਾ ਹੋਵੇ।

ਮੈਂ ਕਾਲਜ ਤਾਂ ਕੀ ਜਾਣਾ ਸੀ, ਹਾਂ, ਇਲਾਜ ਉਥੇ ਰਹਿਕੇ ਈ ਕਰਵਾਇਆ। ਉਹਨਾਂ ਨੇ ਪੂਰੀ ਸੰਭਾਲ ਕੀਤੀ। ਮਾਮੀ ਬੋਲਣ ਨੂੰ ਤਾਂ ਔਖੜਵੀਂ ਐ, ਪਰ ਦਿਲ ਦੀ ਬਹੁਤ ਨਰਮ ਐ। ਬਹੁਤ ਸੇਵਾ ਕਰੀ ਓਦੋਂ। ਪਰ ਬਾਪੂ ਜੀ ਕਹਿੰਦੇ, "ਅੱਜ ਨੌਂ ਦਿਨ ਹੋ ਗੇ' ਚੱਲ ਘਰ ਚੱਲੀਏ ... ਮੇਰਾ ਜੀ ਨ੍ਹੀਂ ਲੱਗਦਾ ਉਰੇ।"

ਮੈਂ ਮਨ੍ਹਾਂ ਕਰਿਆ ਤਾਂ ਮੈਨੂੰ ਭੱਜ ਕੇ ਪੈ ਗਏ, "ਤੈਨੂੰ ਸੁਣਦਾ ਨ੍ਹੀਂ।" ਉਹ ਆਂਏਂ ਬੋਲੇ ਜਿਵੇਂ ਕਾਹਲ਼ੀ 'ਚ ਹੋਣ।

ਅਸੀਂ ਅਮਰਵੀਰ ਤੋਂ ਚੈੱਕਅੱਪ ਕਰਾਇਆ ਤਾਂ ਉਹਨਾਂ ਆਪਣੀ ਤਸੱਲੀ ਕਰੀ। ਫੇਰ ਮੇਰੀ ਵੀ ਕਰਾਈ। ਕਹਿੰਦੇ, "ਹੁਣ ਜਮਾਂ ਠੀਕ ਨੇ ਤੁਸੀਂ ਘਰ ਲੈ ਜੋ। ਬਾਕੀ ਡਾਕਟਰ ਚਾਹਲ (ਬਿੰਦਰ) ਨਾਲ਼ ਗੱਲ ਕਰਕੇ ਜੇ ਲੋੜ ਪਈ ਤਾਂ ਦਿਖਾ ਦਿਓ।"

ਬਾਪੂ ਜੀ ਬਹੁਤ ਖੁਸ਼ ਹੋਏ, ਡਾਕਟਰ ਦੀ ਗੱਲ ਸੁਣਕੇ। ਜਿਵੇਂ ਬੰਦਾ ਜੇਲ੍ਹ ਕੱਟਣ ਤੋਂ ਬਾਅਦ ਘਰ ਦੇਖਣ ਨੂੰ ਕਾਹਲ਼ਾ ਹੋਵੇ। "ਚੱਲ ਚੱਲੀਏ" ਕਹਿ ਕੇ ਉਹ ਸਕੂਟਰ ਨੂੰ ਸਟੈਂਡ ਤੋਂ ਉਤਾਰਨ ਲੱਗੇ। ਮੈਂ ਜਾ ਕੇ ਸਕੂਟਰ ਹੱਥ 'ਚੋਂ ਫੜ੍ਹਿਆ।

ਪਿੰਡ ਨੂੰ ਜਾਂਦੇ ਹੋਏ ਜੇਬ੍ਹ 'ਚੋਂ ਪੈਸੇ ਕੱਢ ਕੇ ਮੇਰੀ ਪੈਂਟ ਦੀ ਜੇਬ੍ਹ 'ਚ ਪਾ ਦਿੱਤੇ। ਮੈਂ ਆਖਿਆ, "ਇਹ ਕੀ! ਕਿੱਥੋਂ ਲਏ ਨੇ? ਪੈਸੇ ਤਾਂ ਥੋਡੇ ਕੋਲ਼ ਹੈ ਨ੍ਹੀਂ ਸੀ!"

ਕਿਉਂਕਿ ਪੈਸੇ ਤਾਂ ਉਹਨਾਂ ਨੇ ਜਿਹੜਾ ਤਿੰਨ-ਚਾਰ ਸੌ ਸੀ, ਉਹ ਮੈਨੂੰ ਫੜਾਤਾ ਸੀ ਕਈ ਦਿਨ ਪਹਿਲਾਂ।

ਕਹਿੰਦੇ, "ਬਿੰਦਰ ਨ੍ਹੀਂ ਹਟਿਆ, ਉਹਨੇ ਧੱਕੇ ਨਾਲ਼ ਫੜਾਤੇ।"

ਮੈਂ ਸੋਚਦਾ ਸੀ ਕਿ "ਸਭ ਦੇ ਮਾਮੇ ਦੇ ਮੁੰਡੇ ਐਨੇ ਵਧੀਆ ਹੁੰਦੇ ਹੋਣਗੇ? ਕੀ ਮੈਂ ਵੀ ਆਪਣੀ ਭੂਆ ਦੇ ਟੱਬਰ ਲਈ ਐਨਾ ਸੋਚਦੈਂ। ਨਹੀਂ, ਹਰੇਕ ਦੇ ਨਾਨਕੇ ਐਨੇ ਚੰਗੇ ਨ੍ਹੀਂ ਹੋਣੇ?"

ਅਸੀਂ ਘਰ ਵੜੇ ਹੋਵਾਂਗੇ ਪੌਣੇ ਕੁ ਤਿੰਨ ਵਜੇ। ਉਸ ਦਿਨ 9 ਜਨਵਰੀ ਦੀ ਉਹ ਅਭਾਗੀ ਤਰੀਕ ਸੀ, ਜੋ ਮੈਥੋਂ ਕਦੇ ਨਾ ਭੁੱਲ ਹੋਈ। ਨਾ ਕਦੇ ਚਾਹ ਕੇ ਵੀ ਭੁੱਲ ਸਕਦਾ ਹਾਂ।

ਬਰਾਂਡੇ ਤੋਂ ਬਾਹਰ ਕੰਧ ਦੀ ਓਟ ਜਿਹੀ 'ਚ ਧੁੱਪੇ ਬੀਬੀ ਅਤੇ ਬਸ਼ੀਰਾਂ ਚਾਚੀ (ਗਵਾਂਢਣ) ਬੈਠੀਆਂ ਸਨ। ਬਾਪੂ ਜੀ ਤੋਂ ਚਾਚੀ ਘੁੰਡ ਕੱਢਦੀ, ਪਰ ਆਖਦੀ ਬਾਪੂ ਈ ਸੀ ਬਾਕੀਆਂ ਵਾਂਗ। ਬਾਪੂ ਜੀ ਘੁੰਡ ਕੱਢਣ ਆਲ਼ੀ ਤੀਵੀਂ ਕੋਲ਼ ਉਵੇਂ ਨ੍ਹੀਂ ਸੀ ਬੈਠਦੇ, ਜਿਵੇਂ ਉਸ ਦਿਨ ਮੰਜੇ 'ਤੇ ਬੈਠ ਗੇ' ਸੀ। ਜਿਵੇਂ ਉਹ ਅੰਦਰ ਤੱਕ ਤੁਰ ਨਾ ਸਕੇ ਹੋਣ। ਚੁੰਨੀ ਦਾ ਪੱਲਾ ਮੂੰਹ 'ਚ ਫੜੀਂ ਬਸ਼ੀਰਾਂ ਚਾਚੀ, "ਮੰਗੇ ਤੂੰ ਕਹਿਨੈ, ਬਾਪੂ ਠੀਕ ਐ। ਪਰ ਬਾਪੂ ਜੀ ਤਾਂ ਪੀਲ਼ੇ ਜ਼ਰਦ ਹੋਏ ਪਏ ਨੇ! ਤੂੰ ਮਲੇਰਕੋਟਲੇ ਦਿਖਾ।" ਕਹਿ ਚਲੀ ਗਈ ਮੇਰੇ ਵੱਲ ਦੇਖਦੀ ਹੋਈ।

"ਕਾਲ਼ੇ, ਯਾਰ ਪਾਣੀ ਲਿਆ ਗਲਾਸ ਭਰਕੇ।"

ਬਾਪੂ ਜੀ ਦੇ ਮੂੰਹੋਂ 'ਕਾਲ਼ਾ' ਨਾਮ ਸੁਣ ਕੇ ਮੈਨੂੰ ਅਜੀਬ ਲੱਗਿਆ। ਮੰਗਾ ਤਾਂ ਚਲੋ ਫੇਰ ਵੀ ਮੰਨਿਆ ਕਿ ਕਦੇ ਕਹਿਤਾ ਹੋਊ, ਪਰ ਬਚਪਨ ਦਾ ਨਾਮ ਉਹ ਵੀ ਐਨੀ ਸਹਿਜਤਾ ਨਾਲ਼, ਮਨ ਉਚਾਟ ਹੋ ਗਿਆ ਸੀ। ਕਈ ਦਿਨ ਬਿਮਾਰ ਹੋਏ ਬਾਪੂ ਜੀ ਕਰਕੇ ਮੈਨੂੰ ਡਰ ਲੱਗਣਾ ਸੁਭਾਵਿਕ ਸੀ। ਬੀਬੀ ਮੇਰੇ ਵੱਲ ਵੀ ਦੇਖੇ ਤੇ ਬਾਪੂ ਜੀ ਵੱਲ ਵੀ। ਬਸ਼ੀਰਾਂ ਚਾਚੀ ਉੱਠ ਕੇ ਜਾ ਚੁੱਕੀ ਸੀ। ਬਾਪੂ ਜੀ ਨੇ ਇੱਕ ਦੀ ਬਜਾਏ ਦੋ ਗਲਾਸ ਪੀਤੇ ਠੰਡੇ ਪਾਣੀ ਦੇ। ਜਿਵੇਂ ਅੰਦਰ ਕੁਛ

ਧੁੱਖਦਾ ਹੋਵੇ। ਜਿਵੇਂ ਮੱਚਦੀ ਅੱਗ ਨੂੰ ਸ਼ਾਂਤ ਕੀਤਾ ਹੋਵੇ।

ਬੀਬੀ ਕਹਿੰਦੀ, "ਤੂੰ ਜਾਣਾ ਅੱਜ ਪਟਿਆਲ਼ੇ ?"

"ਹੁਣ ਠੀਕ ਆਂ।" ਬਾਪੂ ਜੀ ਵਿੱਚੋਂ ਹੀ ਬੋਲ ਪੇ'।

ਮੈਂ ਅਣਮੰਨੇ ਮਨ ਨਾਲ਼ ਗੁਸਲਖਾਨੇ ਨਹਾਉਣ ਵੜ ਗਿਆ। ਬਾਪੂ ਜੀ ਅੰਦਰ ਪੇਟੀ ਕੋਲ਼ ਮੰਜੇ 'ਤੇ ਪੈ ਗਏ। ਬੀਬੀ ਨੇ ਤਸਲੇ 'ਚ ਅੱਗ ਦੇ ਕੋਲੇ ਪਾ ਕੇ ਰੱਖਤੇ ਕਿ ਥੋੜ੍ਹੀ ਗਰਮਾਇਸ਼ ਰਹੇ।

ਨਹਾਉਂਦੇ ਸਮੇਂ ਮਨ 'ਚ ਪਤਾ ਨ੍ਹੀਂ ਕਿਉਂ ਬਾਪੂ ਜੀ ਦੀਆਂ ਕਈ ਗੱਲਾਂ ਘੁੰਮਣ ਲੱਗ ਪਈਆਂ। ਜਿਵੇਂ ਮੋਟਰ 'ਤੇ ਮੈਨੂੰ ਦੋ-ਦੋ ਭਈਆਂ ਨਾਲ਼ ਘਲ਼ਾਉਂਦੇ। ਜਦੋਂ ਮੈਂ ਦੋਵਾਂ ਨੂੰ ਢਾਹ ਲੈਣਾ ਤਾਂ ਤੀਜੇ ਨਾਲ਼ ਜ਼ੋਰ ਕਰਾਉਂਦੇ। ਸਾਰੇ ਔਖੇ ਕੰਮ ਮੈਥੋਂ ਕਰਵਾਉਂਦੇ। ਜੇ ਮੈਂ ਇਹੋ ਗੱਲ ਬੀਬੀ ਨੂੰ ਦੱਸਣੀ ਤਾਂ ਬੀਬੀ ਨੇ ਕਹਿਣਾ, "ਮੈਨੂੰ ਦੱਸਦਾ ਤੀ ਤੇਰਾ ਪਿਓ, ਬਹੁਤ ਖੁਸ਼ ਤੀ। ਕਹਿੰਦਾ, ਇਨੂ ਖੁਰਾਕ ਦਿਆ ਕਰ, ਦੁੱਧ ਬੇਚਣ ਦਾ ਲਾਲਚ ਘੱਟ ਕਰਿਆ ਕਰ।"

ਉਹ ਨੇੜੇ-ਤੇੜੇ ਦੇ ਪਿੰਡਾਂ 'ਚ ਮੇਰੇ ਮੈਚ ਦੇਖਣ ਜਾਂਦੇ ਰਹਿੰਦੇ ਅਤੇ ਮੇਰੇ ਜਿੱਤੇ ਇਨਾਮ ਖੁੰਢ ਕੋਲ਼ ਤਾਸ਼ ਖੇਡਦਿਆਂ ਨੂੰ ਚਾਈਂ-ਚਾਈਂ ਦਿਖਾਉਂਦੇ। ਮੈਂ ਬੜਾ ਹੱਸਦਾ। ਸਾਧੂ ਬਾਬੇ ਹੋਰਾਂ ਨੂੰ ਮੇਰੇ ਖੇਡਾਂ 'ਚ ਮਿਲੇ ਸਰਟੀਫਿਕੇਟ ਵੀ ਦਿਖਾਉਂਦੇ। ਬਹੁਤ ਚਾਅ ਸੀ ਉਹਨਾਂ ਨੂੰ ਕਿ ਮੈਂ ਤਕੜਾ ਹੋਵਾਂ। ਉਹ ਮੈਥੋਂ ਜੋਰ ਆਲ਼ਾ ਕੰਮ ਕਰਾਉਂਦੇ।

"ਮੰਗੇ-ਮੰਗੇ ਦੇਖੀਂ ਬਾਪੂ ਤੇਰਾ ਬੋਲ ਨ੍ਹੀਂ ਰਿਹਾ... ਮੈਂ ਕਈ ਵਾਰ ਬੁਲਾਇਆ।" ਬੀਬੀ ਬਹੁਤ ਡਰੀ ਹੋਈ ਸੀ।

"ਬੀਬੀ.. ਤੂੰ ਊਈਂ ਨਾ ਪੁੱਠਾ ਸਿੱਧਾ ਸੋਚ। ਖੰਘ ਹਟਣ ਕਰਕੇ ਗੂਹੜੀ ਨੀਂਦ ਆਗੀ ਹੋਣੀ ਐਂ।" ਮੇਰਾ ਜਵਾਬ ਸੁਣ ਬੀਬੀ ਵਾਪਸ ਮੁੜ ਗਈ ਅਤੇ ਮੈਂ ਛੇਤੀ-ਛੇਤੀ ਸਾਬਣ ਲਗਾ ਲਿਆ। ਜਿਵੇਂ ਅਚੇਤ ਮਨ 'ਚ ਕੋਈ ਗਲ਼ਤ ਖਿਆਲ ਆ ਰਿਹਾ ਹੋਵੇ, ਬਈ ਜਲ਼ਦੀ ਕਰ ਅੰਦਰ ਜਾ ਕੇ ਦੇਖ, ਬਾਪੂ ਜੀ ਕਿਤੇ...।

ਪਰ ਹੁਣ ਦੀ ਵਾਰੀ ਬੀਬੀ ਕੁਛ ਜਿਆਦਾ ਜੋਰ ਨਾਲ਼ ਦਰਵਾਜੇ 'ਤੇ ਹੱਥ ਮਾਰਦੀ ਹੋਈ। ਬੋਲੀ, "ਤੂੰ ਆਉਨੈ -ਕ-ਨਹੀਂ ਬਾਹਰ ਕਿ ਮੈਂ ਰੌਲ਼ਾ ਪਾ ਕੇ ਕਿਸੇ ਹੋਰ ਨੂੰ ਬੁਲਾਵਾਂ। ਮੈਂ ਨੱਕ ਬੰਦ ਕਰਕੇ ਦੇਖਿਆ, ਉਹ ਤਾਂ ਹਿੱਲਦਾ ਵੀ ਨ੍ਹੀਂ।" ਬੀਬੀ ਦੀ ਘਬਰਾਹਟ ਨੇ ਮੈਨੂੰ ਹੋਰ ਡਰਾਤਾ, ਬਹੁਤ ਜ਼ਿਆਦਾ। ਖਿਆਲ ਪਹਿਲਾਂ ਹੀ ਮਾੜੇ-ਮਾੜੇ ਆ ਰਹੇ ਸੀ। ਸਰੀਰ ਇੱਕ ਦਮ ਝੂਠਾ ਜਿਆ ਪੈ ਗਿਆ, ਜਿਵੇਂ ਬੁੱਲਾ ਜਿਆ ਨਿੱਕਲ ਗਿਆ ਹੋਵੇ। ਸਾਹ-ਸਤ ਉੱਡ ਗਏ ਸੀ। ਇੱਕ ਲੋਤ ਬਹੁਤ ਜ਼ੋਰ ਨਾਲ਼ ਕੰਬ ਰਹੀ ਸੀ।

ਮੈਂ ਸਾਬਣ ਲੱਗੇ-ਲੱਗੇ 'ਚ ਈ ਤੋਲੀਆ ਬੰਨ੍ਹ ਕੇ ਬਾਹਰ ਆ ਗਿਆ। ਬਾਪੂ ਜੀ ਦਾ ਸਾਹ ਤਾਂ ਚੱਲੇ, ਪਰ ਬੁਲਾਏ ਤੋਂ ਹਿਲਾਏ ਤੋਂ ਕੋਈ ਜਵਾਬ ਨਾ ਦੇਣ। ਮੈਂ ਦੰਦਲ ਪਈ ਸਮਝਕੇ,

ਉਂਗਲ ਪਾ ਕੇ ਜ਼ਬਾੜਾ ਖੋਲ੍ਹਣ ਦੀ ਕੋਸ਼ਿਸ਼ ਕੀਤੀ ਤਾਂ ਕੁਛ ਵੀ ਹਿੱਲ-ਜੁੱਲ ਨਾ ਹੋਈ। ਫੇਰ ਕਾਹਲ਼ੀ-ਕਾਹਲ਼ੀ 'ਚ ਬੀਬੀ ਤੋਂ ਚਮਚਾ ਫੜ ਕੇ ਦੰਦਲ ਪੱਟਣ ਲੱਗਿਆ ਤਾਂ ਦੰਦ ਟੁੱਟ ਗਿਆ, ਮੂੰਹ ਨਾ ਖੁੱਲ੍ਹਿਆ। ਜਿਵੇਂ ਕੋਈ ਦਰਦ ਈ ਨਾ ਹੋਇਆ ਹੋਵੇ। ਉਹ ਹਿੱਲੇ ਵੀ ਨਾ, ਪਰ ਸਰੀਰ ਅਜੇ ਗਰਮ ਸੀ।

ਹੁਣ ਉਹ ਹੈ ਨਹੀਂ ਸਨ, ਛੱਡ ਕੇ ਜਾ ਚੁੱਕੇ ਸੀ ਸਾਨੂੰ ਅਨਾਥ ਕਰਕੇ । ਫੇਰ ਕਿਵੇਂ-ਤਿਵੇਂ ਅਸੀਂ ਖੰਨੇ ਡਾ. ਅਮਰਵੀਰ ਦੇ ਲੈ ਗਏ। ਉਹਨੇ ਪੁਸ਼ਟੀ ਕਰਤੀ। ਤੋਤੇ ਹੋਰੀਂ ਬਾਹਰ ਖੜ੍ਹੇ ਸਨ। ਮੈਂ ਅਤੇ ਨਾਹਰੀ ਚਾਚਾ (ਸੀਰੀ) ਹੀ ਅੰਦਰ ਸੀ। ਉਹ ਵੀ ਮੈਨੂੰ ਲੈਣ ਈ ਅੰਦਰ ਵੜਿਆ ਸੀ। ਜਦੋਂ ਮੈਂ ਗੁੱਸੇ 'ਚ ਡਾਕਟਰ ਦਾ ਗਲ਼ਾਮਾ ਫੜ੍ਹਿਆ, "ਆਂਏਂ ਕਿਵੇਂ ਹੋ ਗਿਆ ? ਤੂੰ ਹੁਣ ਘੰਟਾ ਪਹਿਲਾਂ ਤਾਂ ਕਿਹਾ ਸੀ ਬਿਲਕੁਲ ਠੀਕ ਨੇ, ਫੇਰ ਹੁਣ ਕਿਉਂ ਭੈਣ 'ਚੋ...।" ਗੁੱਸੇ 'ਚ ਪਤਾ ਨ੍ਹੀਂ ਲੱਗ ਰਿਹਾ।

ਮੈਂ ਰੋ ਪਿਆ, ਪਰ ਡਾਕਟਰ ਕੁਛ ਨਾ ਬੋਲਿਆ। ਮੇਰੀ ਤਹਿਜੀਬ ਪਤਾ ਨ੍ਹੀਂ ਕਿੱਥੇ ਚਲੀ ਗਈ ਸੀ। ਕਈ ਗਾਲ਼ਾਂ ਵੀ ਨਿੱਕਲੀਆਂ, ਪਰ ਉਹ ਚੁੱਪ ਰਹੇ। ਫੇਰ ਸਰੀਰ ਝੂਠਾ-ਝੂਠਾ ਜਿਹਾ ਪੈਣ ਲੱਗ ਪਿਆ। ਅਸੀਂ ਘਰ ਆ ਗਏ, ਕੁੱਛ ਨ੍ਹੀਂ ਸੀ ਸੁੱਝ ਰਿਹਾ। ਮੈਨੂੰ ਲਗਦੈ ਮੈਂ ਪਹਿਲੀ, ਦੂਜੀ ਵਾਰੀ ਰੋਇਆ ਹੋਊਂ ਆਪਣੀ ਜ਼ਿੰਦਗੀ 'ਚ। ਰੋਣ ਰੁਕ ਈ ਨ੍ਹੀਂ ਰਿਹਾ ਸੀ। ਪਤਾ ਨ੍ਹੀਂ ਸਾਰੇ ਕੰਮ-ਕਾਜ ਕਿਵੇਂ ਹੋ ਰਹੇ ਸੀ। ਜੇ ਚੁੱਪ ਹੋਵਾਂ ਤਾਂ ਗੁੰਮ-ਸੁੰਮ ਹੋ ਜਿਆ ਕਰਾਂ। ਦੋਵੇਂ ਭੈਣਾਂ ਤੇ ਮੈਂ, ਮੇਰੀ ਮਾਂ ਨੇ ਤਾਂ ਬੁਰਾ ਹਾਲ ਕਰਨਾ ਈ ਸੀ ਰੋ-ਰੋ ਕੇ, ਬਾਕੀ ਵੀ ਕਰੀਬ-ਕਰੀਬ ਸਾਰੇ ਈ ਸਦਮੇ 'ਚ ਸਨ। ਓਦਣ, ਜਿਵੇਂ ਕਹਿੰਦੇ ਹੁੰਦੇ ਨੇ ਕਿ ਪਿੰਡ ਦੇ ਸਾਰੇ ਚੁੱਲ੍ਹੇ ਠੰਡੇ ਰਹੇ।

ਸਸਕਾਰ ਦੂਜੇ ਦਿਨ ਕਰਨਾ ਸੀ। ਰਾਤ ਭਰ ਮੈਂ ਮੰਜੇ 'ਤੇ ਪਏ ਬਾਪੂ ਜੀ ਕੋਲ਼ ਬੈਠਾ ਰਿਹਾ। ਟਿਵਾਣਾ, ਲਾਲੀ ਅਤੇ ਭੜੀ ਆਲ਼ਾ ਕਾਲ਼ਾ ਬੱਟੀ ਵੀ ਆ ਗਏ ਸਨ।

ਫੇਰ ਸਸਕਾਰ, ਫੁੱਲ ਪਾਉਣੇ, ਮਕਾਣਾਂ ਅਤੇ ਭੋਗ, ਸਾਰੇ ਕਾਰਜ ਨੀਮ ਬੇਹੋਸ਼ੀ ਦੀ ਹਾਲ਼ਤ 'ਚ ਨਿੱਕਲ਼ੇ। ਮੈਂ ਅਤੇ ਛੋਟੀ ਭੈਣ ਜੀਤੀ ਤਾਂ ਕੋਈ ਛੇ ਮਹੀਨੇ ਬਾਅਦ ਸੌਂਏ ਹੋਵਾਂਗੇ। ਪਤਾ ਨਾ ਲੱਗਦਾ ਸਵੇਰੇ ਸੌਂ ਕੇ ਉੱਠੇ ਹਾਂ ਜਾਂ ਜਾਗਦੇ ਸੀ।

ਬਾਪੂ ਜੀ ਦਾ ਛੱਡ ਕੇ ਜਾਣਾ ਜਿੱਥੇ ਮੇਰੀ ਖੇਡ ਛੁਡਵਾ ਗਿਆ, ਉੱਥੇ ਮੇਰੇ ਲਈ ਨਵੀਂ ਅਲਾਹਮਤ ਲਈ ਬੂਹਾ ਵੀ ਖੋਲ੍ਹ ਗਿਆ।

ਹੁਣ ਜਿਵੇਂ ਦੀ ਵੀ ਸੀ ਲਾਣੇਦਾਰੀ ਮੇਰੇ ਹੱਥ 'ਚ ਸੀ। ਬਾਪੂ ਜੀ ਆਲ਼ੀ ਛਤਰੀ ਸਿਰ ਤੋਂ ਉੱਠ ਚੁੱਕੀ ਸੀ। ਬਹੁਤ ਨਵੇਂ ਤਜਰਬੇ ਹੋਏ, ਇੱਕੋ ਦਮ ਜਿੰਮੇਵਾਰੀ ਪੈ ਗਈ। ਉਮਰ ਘੱਟ ਹੋਣ ਕਰਕੇ ਬਹੁਤ ਖਿਝਣ ਲੱਗ ਪਿਆ। ਸਭ ਕੁਛ ਬਿਖਰ ਗਿਆ ਸੀ। ਪਰ ਇਹਨਾਂ ਦਿਨਾਂ 'ਚ ਦੋਸਤਾਂ ਨੇ ਬੜਾ ਸਾਥ ਦਿੱਤਾ। ਕਿਸੇ ਵੀ ਛੁੱਟੀ 'ਚ ਪਿੰਡ ਮੈਨੂੰ 'ਕੱਲ਼ੇ ਨੂੰ ਨ੍ਹੀਂ ਸੀ ਜਾਣ ਦਿੰਦੇ। ਕੋਈ ਨਾ ਕੋਈ ਨਾਲ਼ ਜਾਂਦਾ। ਕਈ ਵਾਰੀ ਤਾਂ ਠੱਗ, ਸਿਕੰਦਰ ਵਰਗਿਆਂ ਨੇ ਘਰ ਦੇ ਸੌਦਿਆਂ

ਵਾਸਤੇ ਪੈਸੇ ਵੀ ਦਿੱਤੇ। ਗੁਰਪ੍ਰੀਤ ਟਿਵਾਣੇ ਦੇ ਡੈਡੀ ਤੋਂ ਤਾਂ ਮੈਂ ਬੇਝਿਜਕ ਪੈਸੇ ਮੰਗ ਲੈਂਦਾ ਸੇ ਕਦੇ ਫੀਸ ਵਗੈਰਾ ਨੂੰ ਥੁੜਦੇ।

***

ਮੇਰੀ ਛੋਟੀ ਭੈਣ ਜੀਤੀ ਦਾ ਵਿਆਹ। ਖੇਤੀ ਠੇਕੇ 'ਤੇ ਦੇ 'ਤੀ ਸੀ। ਆੜ੍ਹਤੀਆਂ ਨਾਲ਼ ਵੀ ਲੈਣ-ਦੇਣ ਖ਼ਤਮ ਹੋ ਗਿਆ ਸੀ। ਪਰ ਭੈਣ ਦੇ ਸਹੁਰੇ ਚੰਗੇ ਮਿਲੇ। ਵੱਡੀ ਭੈਣ ਨੇ ਆਪਣੇ ਘਰ ਵਾਲ਼ੇ ਦੇ ਮਾਮੇ ਦੇ ਮੁੰਡੇ ਨੂੰ ਰਿਸ਼ਤਾ ਕਰਾਇਆ ਸੀ। ਇਸ ਕਰਕੇ ਉਹਨਾਂ ਦਾਜ ਦਹੇਜ ਕੋਈ ਮੂੰਹ ਪਾੜ ਕੇ ਨ੍ਹੀਂ ਸੀ ਮੰਗਿਆ। ਨਹੀਂ ਤਾਂ ਜਿੰਨੀ ਉਹਨਾਂ ਦੀ ਆਰਥਿਕ ਹਾਲਤ ਮਜ਼ਬੂਤ ਹੈ, ਬਹੁਤ ਔਖਾ ਹੋ ਜਾਂਦਾ ਜੇ ਕੋਈ ਲੋਭੜ ਹੁੰਦਾ।

ਫੇਰ ਵੀ ਖਾਸੇ ਪੈਸੇ ਚਾਹੀਦੇ ਹੁੰਦੇ ਨੇ। ਮੈਂ ਇੱਕ ਦਿਨ ਭੜੀ ਆਲ਼ੇ ਕਾਲ਼ੇ ਬੱਟੀ ਦੇ ਤਾਏ ਕੋਲ਼ ਵਿਆਜੂ ਪੈਸਿਆਂ ਨੂੰ ਗਿਆ। ਰਸਤੇ 'ਚ ਕਾਲ਼ਾ ਬੱਟੀ ਮੋਟਰ ਤੋਂ ਆਉਂਦਾ ਮਿਲ ਗਿਆ। ਕਹਿੰਦਾ, "ਲਾਣੇਦਾਰ ਕੋਲ਼ ਚੱਲਿਐਂ ?"

"ਹਾਂ।" ਮੈਂ ਚੱਲਿਆ ਕੀ ਕਰਨ ਸੀ ਉਹ ਵੀ ਉਹਨੂੰ ਪਤਾ ਸੀ, ਕਿਉਂਕਿ ਓਥੋਂ ਪੈਸੇ ਮਿਲ ਜਾਂਦੇ ਸਨ। "ਕਿੰਨੇ ਚਾਹੀਦੇ ਨੇ ? ਕਿੰਨੇ ਕੁ ਨਾਲ਼ ਸਰਜੂ ?" ਕਾਲ਼ੇ ਨੇ ਪੁੱਛਿਆ।

"ਬਾਈ, ਢਾਈ ਤਿੰਨ ਲੱਖ ਨਾਲ਼ ਸਰਜੂ। ਬਾਕੀ ਠੇਕੇ-ਠੂਕੇ ਆਲ਼ੇ ਅਤੇ ਸੰਦ-ਸੰਦੇ 'ਚੋਂ ਹਿਸਾ ਕਢਾਇਆ, ਉਹ ਹੈ ਗੇ'।"

"ਤੇਰਾ ਕੰਮ ਹੋ ਗਿਆ ਸਮਝ, ਤੂੰ ਕਿਸੇ ਤੋਂ ਨ੍ਹੀਂ ਮੰਗਣੇ।" ਮੈਂ ਉਸਦੇ ਬੋਲਣ ਤੋਂ ਸਮਝ ਗਿਆ ਸੀ, ਬਈ ਪੈਸੇ ਉਹ ਆਪ ਦੇਵੇਗਾ। ਉਹਨੇ ਦੱਸਿਆ ਵੀ ਸੀ, ਤੇ ਮੈਨੂੰ ਆਪ ਨੂੰ ਵੀ ਪਤਾ ਸੀ ਬਈ ਵਿਆਜ਼ 'ਤੇ ਪੈਸੇ ਦੇਣ ਆਲ਼ੇ ਬੰਦੇ ਪੈਸੇ ਵਾਪਸ ਨ੍ਹੀਂ ਮੰਗਦੇ ਹੁੰਦੇ। ਉਹਨਾਂ ਨੂੰ ਜਮੀਨ ਜਿਆਦਾ ਵਧੀਆ ਲੱਗਦੀ ਹੈ। ਕਾਲ਼ੇ ਬੱਟੀ ਨੇ ਐਨ ਮੌਕੇ ਸਿਰ ਮੱਦਦ ਕੀਤੀ ਅਤੇ ਜਦੋਂ ਸਮੇਤ ਰਕਮ ਮੈਂ ਵਿਆਜ ਦੇਣ ਗਿਆ ਤਾਂ ਗੁੱਸਾ ਵੀ ਬਹੁਤ ਕੀਤਾ। ਕਹਿੰਦਾ, "ਰਹਿ ਗਿਆ ਨਾ ਭਗਵਾਨਪੁਰੀਆ ਈ। ਵਿਆਜ ਨੂੰ ਸਾਲ਼ਿਆ ਮੈਂ ਜੈ ਦੇਵ ਆੜਤੀਆ ਆਂ ਨਾਭੇ ਆਲ਼ਾ।" ਇਸ ਆੜਤੀਏ ਦੇ ਪੈਸੇ ਸਾਡੇ ਕਈ ਪਿੰਡਾਂ 'ਚ ਵਿਆਜ 'ਤੇ ਚੱਲਦੇ ਸਨ। ਜੇ ਕੋਈ ਆਮ ਬੰਦਾ ਪੈਸਿਆਂ ਦੀ ਫੁਕਰੀ ਮਾਰਦਾ ਤਾਂ ਉਹਨੂੰ ਕਹਿੰਦੇ, "ਜਾਣਦੇ ਆਂ ਤੈਨੂੰ ਬੜੇ ਜੇ ਦੇਵ ਨੂੰ।"

ਮੇਰੇ ਨਾਲ਼ ਬਹੁਤ ਕੁਛ ਗਲ਼ਤ ਵੀ ਹੋਇਆ ਜਾਂ ਹੋਰ ਵੀ ਹੋ ਸਕਦੈ। ਪਰ ਜ਼ਿੰਦਗੀ ਜ਼ਿੰਦਾ ਦਿਲੀ ਨਾਲ਼ ਭਰੀ ਪਈ ਹੈ। ਇਹ ਸਭ ਕਾਲ਼ੇ ਬੱਟੀ ਵਰਗੇ ਯਾਰਾਂ ਦੀ ਵਜਾਹ ਕਰਕੇ ਹੈ। ਕੋਈ ਨ੍ਹੀਂ ਐਸਾ ਨਿੱਕਲ਼ਿਆ ਜੀਹਨੇ ਕਦੇ ਧੋਖਾ ਦਿੱਤਾ ਹੋਵੇ। ਕੋਈ ਨ੍ਹੀਂ ਜੋ ਮਾੜੇ ਵਕਤ ਨਾਲ਼ ਨਾ ਖੜ੍ਹਿਆ ਹੋਵੇ। ਬਾਪੂ ਜੀ ਦੀ ਮੌਤ ਤੋਂ ਬਾਅਦ ਬੜਾ ਸਾਥ ਮਿਲਿਆ।

"ਲਵ ਯੂ ਦੋਸਤੋ ਟਰੱਕ ਭਰ ਕੇ।"

ਮੈਂ ਕਦੇ-ਕਦੇ ਸੋਚਦੈਂ, ਬਈ ਆਖਰ ਕੀ ਕਾਰਨ ਸਨ ਕਿ ਹਾਲਾਤ ਸੁਧਰਨ ਦੀ

ਬਿਜਾਏ ਐਨੇ ਵਿਗੜਦੇ ਚਲੇ ਗਏ। ਬਾਅਦ 'ਚ ਆ ਕੇ ਜਿਹੜਾ ਤਿੰਨ-ਚਾਰ ਸਾਲ ਬਾਅਦ ਮਿਲਦਾ ਸੀ, ਉਹ ਬੜਾ ਹੈਰਾਨ ਹੁੰਦਾ "ਬਈ ਤੂੰ ਜਿਉਂਦੈ ਅਜੇ!"

ਕੇਰਾਂ ਮੈਨੂੰ ਰੂਪਾ ਸੈਣੀ ਮੈਡਮ (ਅਰਜਨਾ ਅਵਾਰਡੀ) ਮਿਲ ਗੇ'। ਕਹਿੰਦੇ, "ਤੂੰ ਹੈਗਾ ਵੇ ਅਜੇ....!" ਬਹੁਤ ਹੈਰਾਨ ਹੋਏ। ਕਿੰਨਾਂ ਈ ਚਿਰ ਮੈਨੂੰ ਜੱਫੀ 'ਚ ਲੈ ਕੇ ਰੱਖਿਆ ਉਹਨਾਂ ਨੇ।

ਬੀ. ਪੀ. ਐਡ ਭਾਗ ਪਹਿਲਾ 'ਚ ਉਹ ਸਾਡੇ ਇੰਚਾਰਜ ਸਨ। ਪਿੰਡ, ਬਾਪੂ ਜੀ ਦੇ ਭੋਗ 'ਤੇ ਵੀ ਆਏ ਸੀ। ਮੈਨੂੰ ਹਮੇਸ਼ਾਂ ਰੋਕਦੇ ਰਹਿੰਦੇ ਕਿ "ਤੂੰ ਕੰਪਨੀ ਬਦਲ ਲੈ, ਤੂੰ ਮੈਨੂੰ ਠੀਕ ਲੱਗਦੈਂ...।"

❖❖❖❖❖

ਚੌੜ ਵੀ ਸੀ ਤੇ ਯਾਰੀ ਦਾ ਨਿੱਘ ਵੀ ਬਹੁਤ ਸੀ। ਰਸਤੇ ਗਲ਼ਤ ਮਿਲਦੇ ਰਹੇ, ਪਰ ਓਦੋਂ ਸਹੀ ਲੱਗਦੇ ਸਨ। ਹੁਣ ਸ਼ਰਾਬ ਦੇ ਸ਼ੁਗਲ ਨਾਲ ਦੂਜੇ ਨਸ਼ੇ ਵੀ ਗਰੁੱਪ ਵਿੱਚ ਦਾਖਲ ਹੋਣ ਲੱਗ ਪਏ। ਅਸੀਂ ਤਾਂ ਜਿਵੇਂ ਦਰਵਾਜੇ ਖੋਲ੍ਹੀ ਹੀ ਬੈਠੇ ਸੀ ਕੋਈ ਰੋਕ ਨੀਂ ਸੀ।

ਓਦਣ ਮੈਂ, ਸੰਦੀਪ ਅਤੇ ਮੇਰਾ ਭਤੀਜਾ ਦਾਰਾ, ਵਿਆਹ 'ਤੇ ਗਏ ਹੋਏ ਸੀ। ਹੋਰ ਵੀ ਸੀ ਕਈ ਸਾਡੇ ਕਾਲਜ 'ਚੋਂ, ਪਰ ਭਾਗੂਮਾਜਰੇ ਤੋਂ ਮੁੰਡੇ ਕਾਫੀ ਜ਼ਿਆਦਾ ਆਏ ਹੋਏ ਸਨ। ਗੁਰਦੀਪ ਦੋ ਸਾਲ ਉੱਥੇ ਵੀ ਲਾ ਕੇ ਆਇਆ ਸੀ। ਜਿਹੜੀ ਜਗ੍ਹਾ ਵਿਆਹ ਦਾ ਪ੍ਰੋਗਰਾਮ ਸੀ ਉਹ ਕੋਈ ਮੈਰਿਜ ਪੈਲਸ ਨੀਂ ਸੀ ਹੈਗਾ, ਉਹ ਤਾਂ ਗੁਰਦੀਪ ਦੇ ਸਹੁਰਿਆਂ ਦੀ ਕੰਬਾਈਨ ਬਣਾਉਣ ਵਾਲ਼ੀ ਬੰਦ ਪਈ ਵਰਕਸ਼ਾਪ ਸੀ। ਜੀਹਨੂੰ ਹੁਣ ਇੱਕ ਮੈਰਿਜ ਪੈਲਸ ਦੇ ਤੌਰ 'ਤੇ ਵਰਤਿਆ ਜਾ ਰਿਹਾ ਸੀ।

ਜਸਪਾਲ ਜੱਸੀ ਦਾ ਅਖਾੜਾ ਚੱਲੇ। ਸੰਦੀਪ ਪੂਰੀ ਮਸਤੀ 'ਚ ਨੱਚ ਰਿਹਾ ਸੀ। ਸਟੇਜ ਸੈਕਟਰੀ ਸੀ ਹਾਸਰਸ ਕਲਾਕਾਰ ਨਿਰੰਜਣ ਨੰਜਾ। ਉਹ ਸਾਡੇ ਕਾਲਜ ਪੜ੍ਹੇ ਹੋਣ ਕਰਕੇ ਸਟੇਜ ਤੋਂ ਐਵੇਂ ਈ ਸਾਡੇ ਨਾਮ ਲਈ ਜਾਵੇ। ਜਦੋਂ ਕਿ ਅਸੀਂ ਕੋਈ ਪੈਸਾ ਨੀਂ ਸੀ ਦਿੱਤਾ। ਉਹ ਕਿਹਾ ਕਰੇ, "ਮਸ਼ਹੂਰ ਕਬੱਡੀ ਖਿਡਾਰੀ ਫਿਜ਼ੀਕਲ ਕਾਲਜ ਦੇ ਹੀਰੋ ਮੰਗਾ ਸਿੰਘ, ਇੱਕੀ ਸੌ ਰੁਪਈਏ ਦਾ ਮਾਣ ਕਰ ਰਹੇ ਨੇ।" ਇਵੇਂ ਈ ਉਹ ਸੰਦੀਪ ਦਾ ਨਾਮ ਲੈ ਦਿਆ ਕਰੇ।

ਸਾਡੀ ਫੁੱਲ ਚੜ੍ਹਾਈ ਹੋ ਰਹੀ ਸੀ, ਪਰ ਗੁਰਦੀਪ ਦੇ ਭਾਗੂਮਾਜਰੇ ਆਲ਼ੇ ਉਹ ਦੋਸਤ ਖਿਝ ਗਏ। ਉਹ ਪੈਸੇ ਸੁੱਟਦੇ ਅਤੇ ਗਾਉਣ ਆਲ਼ੇ ਨੂੰ ਵੀ ਦਿੰਦੇ, ਪਰ ਚੜ੍ਹਾਈ ਸਾਡੀ ਹੋਈ ਜਾਵੇ। ਓਦੋਂ ਅੱਲ੍ਹੜ ਉਮਰ ਸੀ ਇਨ੍ਹਾਂ ਗੱਲਾਂ ਨੂੰ ਈ ਆਪਦੀ ਟੌਹਰ ਸਮਝ ਚੌੜੇ ਹੋਈ ਜਾਂਦੇ।

ਉਹਨਾਂ 'ਚੋਂ ਕਿਸੇ ਮੁੰਡੇ ਨੇ ਗਾਣੇ ਦੀ ਫਰਮਾਇਸ਼ ਕਰਤੀ। ਗਾਣਾ ਸ਼ੁਰੂ ਵੀ ਹੋ ਗਿਆ। ਪਰ ਅਸੀਂ ਡੱਕੇ ਹੋਏ ਦਾਰੂ ਨਾਲ਼ ਸਿੰਗਰ ਨੂੰ ਕਹਿਣ ਲੱਗ ਪਏ," ਓਹ ਮਸ਼ੂਕ ਆਲ਼ਾ ਗਾਣਾ ਲਾ...।" ਓਹਦਾ ਇੱਕ ਗਾਣਾ ਹਿੱਟ ਹੋਇਆ ਹੋਇਆ ਸੀ,"ਕੀਹਨੂੰ ਹਾਲ ਸੁਣਾਵਾਂ ਲੋਕੋ ਦਿਲ ਦੇ, ਮਸ਼ੂਕ ਧੋਖੇਬਾਜ਼ ਹੋ ਗਈ...।" ਨੰਜੇ ਭਾਅ ਜੀ ਦੇ ਕਹਿਣ 'ਤੇ ਉਹਨੇ ਗਾਣਾ ਬਦਲਤਾ। ਲੋਕ ਵੀ ਹੋਰੂੰ ਜੇ ਦੇਖਣ ਬਈ ਮਾਹੌਲ ਖੁਸ਼ੀ ਦਾ ਤੇ ਗਾਣਾ ਸੈਡ ਮੂਡ ਵਾਲ਼ਾ...। ਬਸ ਫੇਰ ਪੈ ਗਿਆ ਘਸਮਾਣ। ਅਸੀਂ ਟੈਂਟ 'ਚੋਂ ਬਾਹਰ ਆ ਗਏ ਇੱਕ ਪਾਸੇ ਨੂੰ। ਉਹ ਦਸ-ਪੰਦਰਾਂ ਜਣੇਂ, ਅਸੀਂ ਤਿੰਨ। ਜਿਹੜੇ ਇੱਕ ਦੋ ਸਾਡੇ ਕਾਲਜ ਆਲ਼ੇ ਹੋਰ ਸੀ, ਉਹ ਸ਼ਾਇਦ ਪਹਿਲਾਂ ਨਿੱਕਲ਼ਗੇ।

ਪਹਿਲਾਂ ਤਾਂ ਉਹ ਹਾਵੀ ਰਹੇ, ਅਸੀਂ ਪਿੱਛੇ ਨੂੰ ਹਟੀਂ ਗਏ। ਸਾਡੇ ਮੂੰਹ ਉਹਨਾਂ ਵੱਲ ਅਤੇ ਪਿੱਠ ਓਧਰ ਨੂੰ ਸੀ ਜਿੱਧਰ ਲੋਹੇ ਦਾ ਸਮਾਨ ਪਿਆ ਸੀ। ਫੇਰ ਦਾਰੇ ਨੇ ਓਥੋਂ ਇੱਕ ਪੱਤੀ

ਚੱਕ ਲਈ ਚਾਰ-ਪੰਜ ਫੁੱਟ ਲੰਬੀ, ਘੁਮਾ ਦਿੱਤੀ ਉਹਨੇ। ਇੱਕ ਦੇ ਲੱਗੀ ਜਿਹੜਾ ਮੂਹਰੇ ਆਉਂਦਾ ਸੀ ਸਾਡੇ 'ਤੇ ਨੂੰ ਚੜ੍ਹਿਆ। ਬਸ ਫਿਰ ਖਿੰਡ ਗੇ' ਸਾਰੇ। ਅਸੀਂ ਵੀ ਚੱਕਲੀਆਂ ਛੋਟੀਆਂ-ਵੱਡੀਆਂ ਪੱਤੀਆਂ, ਜਿਵੇਂ ਕਮਾਣੀਆਂ ਹੁੰਦੀਆਂ ਨੇ ਟਰੱਕ ਦੀਆਂ, ਜਮਾਂ ਕਿਰਪਾਨਾਂ ਦਾ ਕੰਮ ਦੇਣ। ਅਸੀਂ ਉਹਨਾਂ 'ਤੇ ਪੂਰਾ ਫੈਂਟਾ ਚਾੜ੍ਹਿਆ। ਚਾਰ-ਪੰਜ ਮਿੰਟ 'ਚ ਈ ਸਭ ਖਿੱਲਰ ਗਿਆ। ਵਿਆਹ ਖਰਾਬ ਹੋ ਚੁੱਕਿਆ ਸੀ। ਇੱਕ ਦੋ ਰਿਸ਼ਤੇਦਾਰ ਵੀ ਆ ਗਏ ਸੀ ਲਪੇਟ 'ਚ।

ਬੇਚਾਰੇ ਗੁਰਦੀਪ ਨੂੰ ਆਉਣਾ ਪਿਆ ਕੁਰਸੀ ਤੋਂ ਉੱਠ ਕੇ। ਗਰੀਬਾਂ ਵਾਂਗੂ ਹੱਥ ਬੰਨ੍ਹੀ ਖੜ੍ਹਾ ਵਾਸਤੇ ਪਾਵੇ, "ਘਰ ਨੂੰ ਚੱਲੋ, ਓਥੇ ਬੈਠ ਕੇ ਸੁਲ੍ਹਾ ਕਰਾਉਂਦੇ ਹਾਂ ਸੋਡੀ, ...ਯਾਰ ਮੰਗੇ, ਮੇਰਾ ਵਿਆਹ ਨਾ ਖਰਾਬ ਕਰੋ ਬਾਈ ਬਣ ਕੇ...।"

ਲੋਕ ਫੇਰ ਬੈਠਣ ਲੱਗ ਪਏ ਆਪਣੀ-ਆਪਣੀ ਜਗ੍ਹਾ। ਮਾਹੌਲ ਸ਼ਾਂਤੀ ਆਲ਼ਾ ਹੋ ਚੱਲਿਆ ਸੀ। ਪਰ ਸਾਨੂੰ ਮਹਿਸੂਸ ਹੋਇਆ ਕਿ ਜੇ ਬਰਾਤ ਨਾਲ਼ ਵਾਪਸ ਮੁੜੇ ਤਾਂ ਗੜਬੜ ਹੋ ਸਕਦੀ ਐ। ਸਾਰੇ ਬਰਾਤੀ ਸਾਥੋਂ ਔਖੇ ਹੋ ਚੁੱਕੇ ਸਨ। ਇੱਕ ਤਾਂ, ਉਹ ਬੰਦੇ ਜਿਆਦਾ, ਦੂਜਾ, ਸਾਡੇ ਤੋਂ ਜਿਹੜੇ ਇੱਕ ਦੋ ਰਿਸ਼ਤੇਦਾਰ ਕੁੱਟੇ ਗਏ, ਉਹਨਾਂ ਦਾ ਡਰ ਸੀ। ਤੀਜਾ, ਉਸਤੋਂ ਦੂਜੇ ਦਿਨ ਸਾਡੇ ਇੰਟਰ ਕਾਲਜ ਦੇ ਮੈਚ ਸਨ, ਭਾਗੂਮਾਜਰੇ ਜਾਣਾ ਸੀ।

ਅਸੀਂ ਬਾਹਰ ਆ ਕੇ ਗੁਰਦੀਪ ਆਲ਼ੀ ਜੀਪ ਸਟਾਰਟ ਕਰ ਲਈ, ਬਿਨਾਂ ਚਾਬੀ ਤੋਂ ਡੈਨਬੋ ਨੂੰ ਅਰਥ ਕਰਕੇ। ਜਦੋਂ ਮੈਂ ਤੋਰਨ ਲੱਗਿਆ ਤਾਂ ਸੰਦੀਪ ਕਹਿੰਦਾ, "ਤੇਲ ਵਾਸਤੇ ਰਾਹਦਾਰੀ (ਪੈਸੇ) ਤਾਂ ਲਿਆ ਗੁਰਦੀਪ ਤੋਂ ...।" ਤੇਲ, ਜੀਪ 'ਚ ਹੈ ਨੀਂ ਸੀ ਮਸਾਂ ਪੰਪ ਤੱਕ ਜਾਣ ਹੀ ਜੋਗਾ ਸੀ। ਸਾਡੇ ਇਹ ਰਿਵਾਜ਼ ਈ ਸੀ ਜਿਸਦੇ ਵਿਆਹ ਜਾਂਦੇ ਉਸੇ ਤੋਂ ਕਿਰਾਇਆ ਭਾੜਾ ਲੈ ਕੇ ਆਉਂਦੇ, ਨਾਲ਼ੇ ਖਾਣ-ਪੀਣ। ਇਸਨੂੰ 'ਰਾਹਦਾਰੀ' ਦਾ ਨਾਮ ਦਿੱਤਾ ਹੋਇਆ ਸੀ।

ਸੋਚਿਆ ਜੇ ਗੁਰਦੀਪ ਤੋਂ ਪੈਸੇ ਮੰਗੇ ਤਾਂ ਉਹਨੇ ਕਹਿਣੈ, "ਤੁਸੀਂ ਘਰ ਜਾਣਾ ਸਾਡੇ, ਅੱਜ ਪਟਿਆਲੇ ਨੀਂ ਜਾਣ ਦਿੰਦਾ ਮੈਂ...।" ਉਹ ਬੰਦਾ ਸਾਊ ਐਨਾ ਸੀ ਕਿ ਜਵਾਬ ਨੀਂ ਸੀ ਦੇ ਹੋਣਾ। ਮੈਨੂੰ ਨੰਜੇ ਭਾਅ ਜੀ ਦਾ ਖਿਆਲ ਆਇਆ, ਉਹ ਸਟੇਜ 'ਤੇ ਸੀ। ਉਹਦੇ ਕੋਲ਼ ਜਾ ਕੇ, "ਭਾਅ ਜੀ, ਪੈਸੇ ਚਾਹੀਦੇ ਨੇ, ਬਸ ਸੌ ਰੁਪਈਆ ਦੇ ਦੋ।" ਮੈਂ ਸਾਊ ਜਿਆ ਮੂੰਹ ਬਣਾ ਕੇ ਕਿਹਾ।

"ਉਹ ਮੁੰਡਾ ਬੈਠਾ, ਉਹਤੋਂ ਲੈ ਲੈ।" ਉਹਨੇ ਪਿੱਛੇ ਨੂੰ ਹੱਥ ਕਰਕੇ ਮੈਨੂੰ ਭੇਜ ਦਿੱਤਾ। ਮੈਂ ਸਟੇਜ ਪਿੱਛੇ ਉਸ ਲੰਬੇ-ਲੰਬੇ ਵਾਲ਼ਾਂ ਆਲ਼ੇ ਮੁੰਡੇ ਨੂੰ ਜਾ ਕੇ ਓਹਤੋਂ ਇੱਕ ਨੋਟ ਮੰਗ ਲਿਆ। ਉਹਨੇ ਭਾਅ ਜੀ ਵੱਲ ਦੇਖਿਆ ਤਾਂ ਉਹਨਾਂ ਸਟੇਜ ਤੋਂ ਇੱਕ ਉਂਗਲੀ ਖੜ੍ਹੀ ਕਰਤੀ। ਆਪਾਂ ਚਲਾਕੀ ਵਰਤੀ, "ਵੀਰੇ, ਬਸ ਇੱਕੋ ਨੋਟ ਚਾਹੀਦੈ ਪੰਜ ਸੌ ਆਲ਼ਾ।" ਆਪਾਂ ਫੜਕੇ ਨੋਟ, ਦੇਖਿਆ ਵੀ ਨੀਂ ਪਿੱਛੇ ਮੁੜ ਕੇ। ਗੱਲ ਸੌ ਦੀ ਹੋਈ ਸੀ, ਲੈ ਲਿਆ ਸੀ ਪੰਜ ਸੌ ਚਲਾਕੀ ਨਾਲ਼।

ਇਹ ਤਰੀਕਾ ਅਸੀਂ ਬਾਅਦ 'ਚ ਵੀ ਵਰਤਿਆ। ਸਿਕੰਦਰ ਦੇ ਵਿਆਹ ਨੂੰ ਵੀ ਗੱਲ ਪੰਜ ਸੌ ਦੀ ਹੋਈ ਸੀ, ਉਹਦੇ ਭਰਾ ਤੋਂ ਫੜ ਕੇ ਅਸੀਂ ਪੰਜ ਹਜ਼ਾਰ ਲੈ ਗੇ' ਸੀ। ਸਿਕੰਦਰ ਨੇ ਸਟੇਜ਼

ਤੋਂ ਪੰਜ ਸੌ ਦਾ ਇਸ਼ਾਰਾ ਕੀਤਾ ਸੀ ਪਰ ਅਸੀਂ ....।

ਖ਼ੈਰ! ਜਦੋਂ ਮੈਂ ਪੈਲਸ ਤੋਂ ਬਾਹਰ ਆਇਆ ਤਾਂ ਸੰਦੀਪ ਕਹਿੰਦਾ, "ਜੀਪ ਮੈਂ ਚਲਾਊਂ ਤੂੰ ਨਾਲ਼ ਦੀ ਸੀਟ 'ਤੇ ਬੈਠ।" "ਸਵੇਰੇ ਤਾਂ ਤੂੰ ਕਹਿੰਦਾ ਸੀ, ਮੈਨੂੰ ਚਲਾਉਣੀ ਨੀਂ ਆਉਂਦੀ।" ਮੈਂ ਉਹਨੂੰ ਸਵੇਰੇ ਦੀ ਗੱਲ ਯਾਦ ਕਰਵਾਈ। "ਬਾਈ ਦਾਰੇ, ਕਹਿ ਤੇਰੇ ਚਾਚੇ ਨੂੰ ਨਾਲ਼ ਦੀ ਸੀਟ 'ਤੇ ਬੈਠੇ।" ਸੰਦੀਪ ਨੇ ਦਾਰੇ ਨੂੰ ਕਿਹਾ। ਉਹਦੀ ਗਰਾਰੀ ਬਹੁਤ ਭੈੜੀ ਐ। ਮੈਂ ਚੁੱਪ ਕਰਕੇ ਬੈਠ ਗਿਆ। ਸੋਚਿਆ 'ਜਹਾਂ ਤੁਮ ਲਟਕੇ ਬਹਾਂ ਹਮ ਲਟਕੇ'। ਨਸ਼ਿਆਇਆ ਸੰਦੀਪ, ਬਹੁਤ ਔਖਾ ਕਰਦਾ ਸੀ।

ਜੀਪ 'ਚ ਤੇਲ ਹੈ ਨ੍ਹੀਂ ਸੀ। ਲਾਈਟਾਂ ਵੀ ਨ੍ਹੀਂ ਸੀ ਮੱਚਦੀਆਂ। 'ਡਰਾਈਵਰ' ਨੇ ਵੀ ਪਹਿਲੀ ਵਾਰ ਹੀ ਸਟੇਰਿੰਗ ਫੜਿਆ ਸੀ। ਤੇਲ ਕਦੇ ਕਿਸੇ ਪਿੰਡੋਂ ਪਵਾ ਲਈਏ... ਕਦੇ ਕਿਸੇ ਪਿੰਡੋਂ। ਕੋਈ ਨਾ ਕੋਈ ਜਾਣ-ਪਛਾਣ ਮਿਲਦੀ ਰਹੀ, ਗੱਡੀ ਚੱਲਦੀ ਰਹੀ। ਇੱਕ ਵਾਰੀ ਤਾਂ ਖੇਤ 'ਚੋਂ ਚੱਲ ਰਹੇ ਇੰਜਣ 'ਚੋਂ ਈ ਕੱਢ ਕੇ ਪਾਇਆ। ਜਿਹੜੇ ਤੇਲ ਨੂੰ ਫੜੇ ਸਨ, ਉਹਨਾਂ ਦੀ ਦਾਰੂ ਖਰੀਦਕੇ ਪੀ ਰਹੇ ਸੀ ਆਉਂਦੇ-ਆਉਂਦੇ। ਗਰਾਰੀ ਵੀ ਫਸੀ ਹੋਈ ਸੀ, ਬਈ ਅੱਜ ਤੇਲ ਪੈਸਿਆਂ ਦਾ ਨ੍ਹੀਂ ਪਵਾਉਣਾ।

ਚਲੋ ਜੀ ਮੌਤ ਨੂੰ ਮਖੌਲਾਂ ਕਰਦੀ ਘੁੰਮਦੀ ਘੁਮਾਉਂਦੀ ਜੀਪ ਪਟਿਆਲੇ ਪੁੱਜ ਗੀ। ਠੇਕੇ ਤੋਂ ਇੱਕ ਬੋਤਲ ਹੋਰ ਖਰੀਦਲੀ', ਜਮਾਂ ਡੱਕ ਕੇ ਸੌਂਗੇ। ਟਿਵਾਣਾ ਇੱਕ ਲੜਿਆ ਨੀ ਸਾਡੇ ਨਾਲ਼ ਜਾਂ ਕਹਿਲੋ ਥੱਪੜ ਨ੍ਹੀਂ ਮਾਰੇ ਬਸ, ਪਰ ਗੁੱਸੇ ਬਹੁਤ ਹੋਇਆ।

ਉਹਨੇ ਬਥੇਰਾ ਰੋਕਿਆ "ਮੰਗੇ, ਬੰਦਾ ਬਣਜਾ, ਅੱਜ ਨਾ ਪੀ... ਕੱਲ੍ਹ ਮੈਚ ਐ, ਗਾਹਾਂ ਟੀਮਾਂ ਬਹੁਤ ਵਧੀਆ ਨੇ, ਫੇਰ ਖੜ੍ਹਿਆ ਵੀ ਨ੍ਹੀਂ ਜਾਣਾ...।" ਪਰ ਮੈਂ ਸੁਣੀ ਨ੍ਹੀਂ ਤੇ ਦੱਬ ਪੀ ਬੈਠਾ।

ਸਵੇਰੇ ਟਿਵਾਣਾ ਮੈਨੂੰ ਉਠਾਈ ਜਾਵੇ ਤੇ ਮੈਥੋਂ ਬੈਠ ਵੀ ਨਾ ਹੋਵੇ, ਬੈੱਡ ਘੁੰਮੀ ਜਾਵੇ। ਉਹਨੇ ਨਾਲ਼ੇ ਇੱਕ ਗਾਲ਼ ਕੱਢੀ ਨਾਲ਼ੇ ਖੇਸੀ ਉਤਾਰ ਕੇ ਉਹ ਮਾਰੀ ਚਲਾ ਕੇ। "ਮੈਂ ਕਿਹਾ ਤੀ ਨਾ... ਬਈ ਨਾ ਝੁਲਸ। ਜਦੋਂ ਖੇਡਣਾ ਈ ਨ੍ਹੀਂ ਤੀ ਫੇਰ ਟੀਮ ਧਾਰਾਂ ਲੈਣ ਨੂੰ ਬਣਾਈ ਤੀ। ਬਾਏ ਬਣਕੇ ਉੱਠ ਖੜ੍ਹ, ਕਬੱਡੀ ਆਲ਼ੇ ਤਾਂ ਪਹਿਲਾਂ ਹੀ ਪੂਰੇ ਨ੍ਹੀਂ ਹੈਗੇ... ਮੈਂ ਅਰ ਯੋਗੀ ਦੋਏ ਜਣੇ ਕੀ-ਕੀ ਕਰਾਂਗੇ...।" ਉਹ ਬਹੁਤ ਗੁੱਸੇ 'ਚ ਸੀ ਕਦੇ ਕੁਛ ਬੋਲੇ ਕਦੇ ਕੁਛ।

ਐਨੇ ਨੂੰ ਸਾਡੇ ਕਮਰੇ 'ਚੋਂ ਚੱਪਲ ਪਾਉਣ ਮੰਨੂ ਭਾਟੀਆ ਆ ਗਿਆ। "ਕੀ ਹੋਇਆ ਮੰਗੇ ਭਾਅ...?" ਉਹ ਚੱਪਲ ਪਾਉਂਦਾ ਹੋਇਆ, ਟਿਵਾਣੇ ਨੂੰ ਗੁੱਸੇ 'ਚ ਬੋਲਦਾ ਸੁਣ ਕੇ, ਮੈਨੂੰ ਬੋਲਿਆ ਸੀ। ਟਿਵਾਣਾ ਤੇ ਸਿਕੰਦਰ ਆਂਡਿਆਂ ਦੀ ਭੁਰਜੀ ਬਣਾ ਕੇ ਖਾ ਚੁੱਕੇ ਸਨ। ਸਿਕੰਦਰ ਵੀ ਉਹਦੇ ਨਾਲ਼ ਲੱਗ ਗਿਆ ਸੀ ਮੱਤਾਂ ਦੇਣ।

"ਮੰਨੂ ਵੀਰੇ, ਰਾਤ ਜ਼ਿਆਦਾ ਪੀ ਹੋ ਗੀ'। ਹੁਣ ਤੱਕ ਚੜ੍ਹੀ ਪਈ ਐ। ਉੱਠਣ ਨੂੰ ਦਿਲ ਨ੍ਹੀਂ ਕਰਦਾ।" ਮੈਂ ਮਜ਼ਬੂਰੀ ਦੱਸੀ।

"ਚੱਲ ਹੋ ਖੜ੍ਹਾ, ਮੇਰੇ ਰੂਮ 'ਚ ਆ ਜਾ...।" ਮੈਨੂੰ ਲੱਗਿਆ ਇਹ 'ਥਰੋਅਰ' ਐ, ਇਹਦੇ ਕੋਲ ਕੋਈ ਮੈਡੀਸਨ ਹੋਊ। ਪਰ ਜਦੋਂ ਗਿਆ ਤਾਂ ਉਹਨੇ ਰੋਟੀਆਂ ਪੈਕ ਕਰਨ ਆਲ਼ਾ ਫੋਇਲ ਪੇਪਰ ਕੱਢਿਆ ਅਤੇ ਛੇ-ਸੱਤ ਇੰਚ ਲੰਬਾ ਟੁਕੜਾ ਪਾੜ ਕੇ, ਫੇਰ ਰੋਲ ਅਲਮਾਰੀ 'ਚ ਲਕੋਤਾ।

ਇਹ ਪਹਿਲਾ ਦਿਨ ਸੀ ਜਦੋਂ ਮੈਂ ਦਲ ਦਲ 'ਚ ਫਸਣ ਜਾ ਰਿਹਾ ਸੀ। ਮੈਂ ਪੁੱਛਿਆ, "ਇਹ ਸਮੈਕ ਐ ਨਾ?" ਮੈਂ ਪਹਿਲਾਂ ਵੀ ਇੱਕ ਵਾਰੀ ਦੇਖਿਆ ਸੀ ਉਹਨੂੰ ਸਮੈਕ ਪੀਂਦੇ ਨੂੰ ਜਿੱਦਣ ਸੁੱਖੀ ਦਾ ਪੈਰ ਟੁੱਟਿਆ ਸੀ।

"ਤੁਹੀਂ ਕਿਹੜਾ ਡੇਲੀ ਪੀਣੀ ਜੇ...ਦੋ ਲਾਈਨਾਂ ਲਾ ਕੇ ਦੇਖ, ਸਰੀਰ ਵੇਖੀਂ ਕਿੱਤਰਾਂ ਉੱਡਦਾ ਈ...।"

ਇਹ ਕਹਿੰਦਿਆਂ ਉਸਨੇ, ਉਸ ਫੋਇਲ ਪੇਪਰ 'ਤੇ ਇੱਕ ਛੋਟੀ ਜਿਹੀ ਪੁੜੀ 'ਚੋਂ ਕੁਛ ਢੇਰੀ ਕਰ ਦਿੱਤਾ। ਫੇਰ ਥੱਲੇ ਮਾਚਿਸ ਦੀ ਤੀਲੀ ਨਾਲ਼ ਸੇਕ ਦੇਤਾ ਅਤੇ ਦਸ ਦੇ ਨੋਟ ਨੂੰ ਪਾਈਪ ਬਣਾ ਕੇ ਮੂੰਹ ਨਾਲ਼ ਉਸਦਾ ਧੂੰਆਂ ਖਿੱਚਿਆ। ਧੂੰਆਂ ਖਿੱਚ ਕੇ ਕਿੰਨੀ ਦੇਰ ਅੰਦਰ ਈ ਰੱਖਿਆ। ਮੈਨੂੰ ਜਿਆਦਾ ਔਖਾ ਨਾ ਲੱਗਿਆ ਇਹ ਸਭ ਕਰਨੇ ਨੂੰ। ਦੋ ਦੀ ਬਜਾਏ ਚਾਰ ਸੂਟੇ (ਲਾਈਨਾਂ) ਖਿੱਚੇ। ਉਹ ਕਹਿੰਦਾ, "...ਇੱਕ ਸਿਗਰਟ ਦਾ ਕਸ਼ ਵੀ ਲਾ ਲੈ...।"

ਸਿਗਰਟ ਪੀਣੀ ਕਦੀ ਖਾਸ ਵਧੀਆ ਨ੍ਹੀਂ ਲੱਗੀ। ਪਰ ਉਸ ਦਿਨ ਮੈਂ ਦੋ ਸੂਟੇ ਉਹਦੇ ਵੀ ਲਾ ਲਏ। ਨਾਲ਼ੇ ਸਭ ਪਤਾ ਸੀ ਇਹ ਮਾੜੀ ਚੀਜ਼ ਹੈ, ਸਮੈਕ ਵੀ ਤੇ ਸਿਗਰਟ ਵੀ। ਪਰ ਆਂਏਂ ਸੀ ਕਿ ਮੈਨੂੰ ਕਿਹੜਾ ਆਦਤ ਏ, ਮੈਂ ਕਿਹੜਾ ਪੱਕੀ ਪੀਣ ਲੱਗਣੈ।

ਮੇਰੀ ਰਾਤ ਦੀ ਪੀਤੀ ਜਿਹੜੀ ਉੱਤਰ ਨ੍ਹੀਂ ਸੀ ਰਹੀ, ਹੁਣ ਪਤਾ ਨ੍ਹੀਂ ਕਿੱਥੇ ਗਈ! ਸਰੀਰ ਫੁੱਲ ਵਰਗਾ ਹੋ ਗਿਆ ਸੀ। ਇੱਕ ਅਜੀਬ ਜਿਹਾ ਅਹਿਸਾਸ ਹੋਇਆ। ਪਰ ਓਦੋਂ ਨਹੀਂ ਸੀ ਪਤਾ ਕਿ ਇਹ ਸੁਖਦ ਅਹਿਸਾਸ ਨਰਕ ਦੀ ਪੌੜੀ ਹੈ।

ਅਸੀਂ ਭਾਗੂ ਮਾਜਰੇ ਪਹੁੰਚ ਗਏ। ਬਾਰਾਂ ਜਣਿਆਂ 'ਚੋਂ ਛੇ ਜਣੇਂ ਕਬੱਡੀ ਆਲ਼ੇ ਤੇ ਬਾਕੀ ਹੋਰ ਖੇਡਾਂ ਆਲ਼ੇ। ਮਤਲਬ ਪਲੇਇੰਗ ਸੈੱਟ 'ਚ ਵੀ ਇੱਕ ਜਣਾਂ ਅਣਜਾਣ ਸੀ। ਜਿਵੇਂ ਹੁਸ਼ਿਆਰਪੁਰੀਆ ਗੋਲਡੀ। ਉਹ ਵੀ ਵੇਟ-ਲਿਫਟਿੰਗ ਦਾ ਹੋਣ ਕਰਕੇ ਕਾਇਮ ਸੀ, ਨਹੀਂ ਤਾਂ ਕਬੱਡੀ ਖੇਡਣ ਤੋਂ ਬਾਕੀ ਖੇਡਾਂ ਆਲ਼ੇ ਡਰਦੇ ਈ ਬਹੁਤ ਹਨ।

ਅਸੀਂ... ਮੈਂ, ਯੋਗੀ, ਗੁਰਪ੍ਰੀਤ ਅਤੇ ਅਮਰੀਕ ਪੇਧਣ ਪਹਿਲਾਂ ਵੀ ਸਕੂਲਾਂ 'ਚ 'ਕੱਠੇ ਖੇਡੇ ਹੋਏ ਸੀ। ਲੀਗ ਦਾ ਮੈਚ ਸੀ ਡੀ. ਏ. ਵੀ. ਕਾਲਜ ਬਠਿੰਡੇ ਨਾਲ਼। ਉਹਨਾਂ 'ਚ ਯਾਦੂ, ਮਾਨਾ, ਗੁਰਲਾਲ ਘਨੌਰ, ਵਿੱਕੀ, ਗੀਤੀ ਤੇ ਬੱਲੀ ਭਾਅ ਜੀ ਹੋਰੀਂ ਸੱਤ ਦੇ ਸੱਤ ਜਮਾਂ ਚੋਟੀ ਦੇ ਖਿਡਾਰੀ। ਪਿਛਲੇ ਸਾਲ ਦੀ ਆਲ- ਇੰਡੀਆ ਇੰਟਰ ਵਰਸਿਟੀ ਦੇ ਗੋਲਡ ਮੈਡਲਿਸਟ।

ਉਹਨਾਂ ਨਾਲ਼ ਜੇ ਕਿਸੇ ਦਾ ਮੈਚ ਫਸਿਆ ਸੀ ਤਾਂ ਸਾਡਾ ਹੀ ਫਸਿਆ ਸੀ। ਨਹੀਂ ਤਾਂ ਉਹ ਇੱਕ ਤਰਫਾ ਈ ਜਿੱਤਦੇ ਰਹੇ।

ਚੱਲਦੇ ਮੈਚ 'ਚ ਮੈਂ, ਟਿਵਾਣਾ ਅਤੇ ਵੇਟ ਲਿਫਟਿੰਗ ਆਲ਼ਾ ਗੋਲਡੀ ਰਹਿ ਗੇ' ਤਿੰਨੇਂ ਜਣੇਂ। ਓਧਰੋਂ ਰੇਡ 'ਤੇ ਸੀ ਮਨਪ੍ਰੀਤ ਮਾਨਾ। ਮੈਂ ਦੋਵੇਂ ਲੱਤਾਂ ਫੜ ਲਈਆਂ, ਜਦੋਂ ਉਹਨੇ ਬਾਹਾਂ ਜਿਹੀਆਂ ਖਿਲਾਰਕੇ ਮੇਰੇ 'ਤੇ ਅਟੈਕ ਮਾਰਿਆ ... ਉੱਤੋਂ ਗੁਰਪ੍ਰੀਤ ਨੇ ਸਾਂਭ ਲਿਆ...। ਉਹ ਲੰਬਾ ਤੇ ਭਾਰਾ ਹੋਣ ਕਰਕੇ ਸੈਂਟਰ ਲਾਈਨ 'ਤੇ ਨੂੰ ਡਿੱਗ ਪਿਆ, ਪਰ ਹੱਥ ਨਾ ਲੱਗੇ...। ਉਹ ਜ਼ੋਰ ਜਿਆ ਮਾਰੇ, ਅਸੀਂ ਉਹਨੂੰ ਘੁੱਟ ਕੇ ਫੜਿਆ ਹੋਇਆ ਸੀ। ਪੂਰਾ ਦੱਬਿਆ ਪਿਆ ਸੀ। ਪਰ ਰੈਫਰੀ ਨੇ ਜਦੋਂ ਸੀਟੀ ਮਾਰ ਕੇ "ਰੇਡਰ ਸੇਫ... ਇੱਕ ਆਊਟ" ਕਿਹਾ ਤਾਂ ਅਸੀਂ ਹੈਰਾਨ ਰਹਿ ਗੇ'। ਸਾਰੇ ਰੈਫਰੀ ਵੱਲ ਦੇਖੀਏ, ਉਸਤੋਂ ਵੀ ਹੈਰਾਨ ਗੋਲਡੀ ਨੂੰ ਦੇਖ ਕੇ ਹੋਏ। ਪਤੰਦਰ ਦੂਜੇ ਪਾੜੇ 'ਚ ਮਾਨੇ ਹੋਰਾਂ ਦੇ ਪਾਸੇ ਜਾ ਖੜ੍ਹਿਆ। ਰੈਫਰੀ ਨੇ ਤਾਂ ਆਊਟ ਦੇਣਾ ਹੀ ਸੀ।

ਲੋਕ ਹੱਸ-ਹੱਸ ਦੂਹਰੇ ਹੋ ਗੇ'। ਜਦੋਂ ਅਸੀਂ ਪੁੱਛਿਆ "ਬਈ ਤੂੰ ਓਧਰ ਕੀ ਕਰਨ ਗਿਆ ਸੀ?" ਪੂਰੇ ਜੋਸ਼ 'ਚ ਉਹ ਬੋਲਿਆ, "ਮੈਂ ਤਾਂ ਯਾਰ, ਤਾਂ ਖੜ੍ਹਾ ਸੀ, ਬਈ ਜੇ ਉਹ ਸੈਂਟਰ ਲਾਈਨ ਨੂੰ ਹੱਥ ਲਾਊ ਤਾਂ ਮੈਂ ਹੱਥ ਫੜ ਲਊਂ।"

ਉਹਨੂੰ ਬੇਚਾਰੇ ਨੂੰ ਕਬੱਡੀ ਦੇ ਪੂਰੇ ਨਿਯਮ ਨ੍ਹੀਂ ਸੀ ਪਤਾ। ਇਹ ਮੈਚ ਅਸੀਂ ਹਾਰ ਗਏ।

ਬਾਕੀ ਮੈਚ ਦੂਜੇ ਦਿਨ ਹੋਣੇ ਸਨ। ਦੂਜੀ ਸਵੇਰ ਵੀ ਮੈਨੂੰ ਲੱਗੇ ਜੇ ਕਿਤੇ ਮੰਨੂ ਭਾਟੀਆ ਆਜੇ ਤਾਂ ਗੱਲ ਈ ਬਣ ਜੇ'। ਸਮੈਕ ਦੇ ਸੂਟੇ ਦਾ ਝੂਟਾ ਯਾਦ ਆਵੇ। ਸਰੀਰ ਟੁੱਟਿਆ ਪਿਆ ਸੀ। ਅਸਲ 'ਚ ਪਹਿਲੀ ਰਾਤ ਮੈਂ ਤੇ ਸਿਕੰਦਰ ਨੇ ਚੌੜ-ਚੌੜ 'ਚ ਬਿਨਾਂ ਪਾਣੀ ਪਾਏ ਹੀ ਅਧੀਆ-ਅਧੀਆ ਸ਼ਰਾਬ ਦਾ ਪੀ ਲਿਆ ਸੀ। ਊਈਂ ਬਸ ਗਰਾਰੀ ਜਿਹੀ ਫਸ ਗੀ'। ਉੱਥੇ ਕਿਸੇ ਮੁੰਡੇ ਦੇ ਕਮਰੇ 'ਚ ਗਾਣਾ ਚੱਲਦਾ ਸੁਣ ਲਿਆ, "ਇੱਕੋ ਸਾਹ 'ਚ ਅਧੀਆ ਲੰਘਾਤਾ ਸ਼ੇਰ ਨੇ।" ਮੁਹੰਮਦ ਸਦੀਕ ਦਾ ਸੁੱਚੇ ਸੂਰਮੇ 'ਤੇ ਸੀ ਕੋਈ ਗਾਣਾ। ਜੋਸ਼ ਨਾਲ਼ ਗਾਇਆ ਗਾਣਾ ਸੁਣ ਅਸੀਂ ਹੋਸ਼ ਭੁਲਾਉਣ ਲੱਗ ਪੇ'।

ਸਿਕੰਦਰ ਕਹਿੰਦਾ, "ਸੋਚਣ ਆਲੀ ਗੱਲ ਐ ਬਈ ਜਦੋਂ ਸੁੱਚਾ ਇੱਕੋ ਸਾਹ 'ਚ ਪੀ ਸਕਦੈ, ਫੇਰ ਆਹ ਸੂਰਮੇ ਕਿੰਨੀ ਜਲਦੀ ਤੇ ਕਿੰਨੀ ਜਿਆਦਾ ਪੀ ਸਕਦੇ ਨੇ।" ਆਪਦੇ ਅਤੇ ਮੇਰੇ ਵੱਲ ਇਸ਼ਾਰਾ ਸੀ ਉਸਦਾ।

ਸਿਕੰਦਰ ਦਾ ਇਹ ਪੈੱਟ ਡਾਇਲਾਗ ਹੁੰਦਾ ਸੀ। ਜੇ ਕਿਸੇ ਨੇ ਕਹਿਣਾ 'ਮੇਰਾ ਅੰਕਲ ਥਾਣੇਦਾਰ ਏ' ਤਾਂ ਸਿਕੰਦਰ ਨੇ ਜਵਾਬ 'ਚ ਇਹ ਜਰੂਰ ਕਹਿਣਾ ਹੁੰਦਾ ਸੀ, "ਬਈ ਤੂੰ ਸੋਚ ਕੇ ਦੇਖ, ਜੇ ਤੇਰਾ ਅੰਕਲ ਥਾਣੇਦਾਰ ਐ, ਫੇਰ ਸਾਡਾ ਕੀ ਹੋਊ?" ਅਸੀਂ ਬੜਾ ਹੱਸਦੇ ਸੀ ਉਹਦੀਆਂ ਗੱਲਾਂ ਸੁਣ-ਸੁਣ ਕੇ। ਜੇ ਕੋਈ ਉਹਨੂੰ ਫਿਲਮ ਦੇਖਣ ਨਾਲ਼ ਲੈ ਜਾਂਦਾ ਤਾਂ ਉਹਨੇ ਕਹਿਣਾ, "ਅਮਰੀਕ ਨੂੰ ਵੀ ਨਾਲ਼ ਲੈ ਕੇ ਚੱਲੋ। ਮੈਨੂੰ ਇੱਕ ਬੰਦਾ ਦੱਸਣ ਆਲ਼ਾ ਵੀ ਚਾਹੀਦੈ ਕਿ

ਜਿਹੜਾ ਸੀਨ ਨਿੱਕਲ਼ ਗਿਆ ਉਸ 'ਚ ਕੀ ਹੋਇਐ?" ਲੋਕ ਤਾਂ ਪੁੱਛਣਗੇ ਅੱਗੇ ਕੀ ਹੋਊਗਾ, ਪਰ ਸਿਕੰਦਰ ਪੁੱਛਦਾ ਹੁੰਦਾ ਸੀ, "ਪਿੱਛੇ ਕੀ ਹੋਇਆ?" ਉਹਨੇ ਅੱਜ ਤੱਕ 'ਕੱਲੇ ਨੇ ਕੋਈ ਫਿਲਮ ਨ੍ਹੀਂ ਦੇਖੀ। ਕਹਿੰਦਾ ਸੀ, "ਲੋਕ ਕੀ ਆਖਣਗੇ ਸਿਕੰਦਰ 'ਕੱਲਾ ਈ... ਆਪ ਈ ਫਿਲਮ ਦੇਖ ਰਿਹੈ।" ਇੱਕ ਉਹ ਹੋਰ ਗੱਲ ਵੀ ਕਹਿੰਦਾ ਰਹਿੰਦਾ ਸੀ ਅਖੇ, "ਓਏ ਮੇਰੇ ਬੂਟ ਪਾ।" ਪੈਰਾਂ ਨੂੰ ਅਗਲੇ ਵੱਲ ਕਰਕੇ ਫੇਰ ਕਹਿਣਾ, "ਨਹੀਂ ਫੇਰ ਦਰਵਾਜਾ ਭੇੜ ਦੇ।" ਅਸੀਂ ਕਹਿਣਾ, "ਕਿਉਂ?" ਉਹਨੇ ਕਹਿਣਾ, "ਜੇ ਕਿਸੇ ਨੇ ਦੇਖ ਲਿਆ... ਅਗਲਾ ਕੀ ਕਹੂ, ਕਿੱਡਾ ਵੱਡਾ ਬਾਦਸ਼ਾਹ ਸਿਕੰਦਰ, ਆਪ ਈ ਬੂਟ ਪਾਉਂਦੈ।" ਜੇ ਵਿਆਹ ਸ਼ਾਦੀ 'ਚ ਕਿਸੇ ਨੇ ਨੱਚਣ ਲਈ ਕਹਿਣਾ ਤਾਂ ਉਹਦਾ ਫੇਰ ਇਹੋ ਜਵਾਬ, "ਲੈ ਲੋਕ ਕੀ ਆਖਣਗੇ ਸਿਕੰਦਰ ਆਪ ਈ ਨੱਚ ਰਿਹੈ। ਥੋਡੇ 'ਚੋਂ ਕਰੋ ਕੋਈ ਸੇਵਾ, ਜਾਓ ਨੱਚੋ ਮੇਰੇ ਨਾਂ ਦਾ...।"

ਅਮਰੀਕ ਨੂੰ ਤਾਂ ਉਹ ਛੇੜਨ ਦਾ ਮਾਰਾ ਹਰੇਕ ਗੱਲ 'ਚ ਈ ਕਹਿੰਦਾ ਰਹਿੰਦਾ। ਅਮਰੀਕ ਬੇਚਾਰਾ ਨਾਲ਼ੇ ਗੁੱਸਾ ਦਿਖਾਉਂਦਾ ਨਾਲ਼ੇ ਮੁਸਕਰਾ ਪੈਂਦਾ।

ਸਿਕੰਦਰ ਬਾਈ, ਬਲਰਾਜ ਠੱਗ ਤੋਂ ਬਾਅਦ ਮੈਂ ਦੂਜਾ ਬੰਦਾ ਦੇਖਿਐ, ਜਿਹੜਾ ਕਦੇ ਵੀ, ਕਿਸੇ ਵੀ ਸਮੇਂ ਢਹਿੰਦੀ ਕਲਾ 'ਚ ਨ੍ਹੀਂ ਗਿਆ। ਬਹੁਤ ਜਿੰਦਾਜਿਲ ਇਨਸਾਨ ਹੈ।

ਓਦਣ ਵੀ ਰਾਤ ਵੇਲ਼ੇ ਰੋਟੀ ਖਾ ਕੇ ਸੌਣ ਦੀਆਂ ਸਕੀਮਾਂ ਬਣਾ ਰਹੇ ਸੀ। ਜਦੋਂ ਇੱਕੋ ਸਾਹੇ ਅਧੀਆ ਸ਼ਰਾਬ ਦਾ ਪੀਣ ਆਲ਼ੀ ਗਰਾਰੀ ਫਸੀ। ਅਸੀਂ ਤੁਰੇ-ਤੁਰੇ ਪਹਿਲਾਂ ਖਰੜ ਤੋਂ ਦੋ ਅਧੀਏ ਫੜ ਕੇ ਲਿਆਏ। ਫੇਰ ਹੋਸਟਲ ਦੇ ਬਾਹਰ ਨਲ਼ਕੇ 'ਤੇ ਇੱਕੋ ਸਾਹੇ ਅੱਧੀਆ-ਅੱਧੀਆ ਖਿੱਚ ਕੇ 'ਸੁੱਚੇ ਸੂਰਮੇ' ਦੀ ਬਰਾਬਰੀ ਕਰੀ।

ਪਰ ਇਹੋ ਜਿਹੀਆਂ ਬਰਾਬਰੀਆਂ ਨੇ ਕੁਛ ਵੀ ਬਰਾਬਰ ਨਹੀਂ ਰਹਿਣ ਦਿੱਤਾ। ਅੱਗੇ ਜਾ ਕੇ ਬਹੁਤ ਗੜਬੜਾਂ ਹੋਈਆਂ। ਇਹ ਸਿੱਧੀਆਂ ਮਖੌਲਾਂ ਸਨ ਮੌਤ ਨੂੰ। ਖ਼ੈਰ!

ਊਂ ਅਜੇ ਸਭ ਕੰਟਰੌਲ 'ਚ ਸੀ। ਅਜੇ ਗੁਲਾਮੀ ਨੇ ਐਨਾ ਗੁਲਾਮ ਨਹੀਂ ਸੀ ਬਣਾਇਆ... ਪੰਛੀ ਆਜ਼ਾਦ ਸਨ... ਕਦੇ -ਕਦੇ ਪਿੰਜਰੇ 'ਚੋਂ ਚੁਗਕੇ ਉੱਡ ਜਾਂਦੇ। ਪਰ ਸਾਡਾ ਸਾਰ਼ਾ ਗਰੁੱਪ ਹੀ ਮੌਤ ਦੀ ਅਜਿਹੀ ਮੌਣ 'ਤੇ ਖੜ੍ਹਾ ਸੀ, ਜਿਸਦੇ ਇੱਕ ਪਾਸੇ ਅਡਿਕਸ਼ਨ ਰੂਪੀ ਦਲ ਦਲ ਤੇ ਦੂਜੇ ਪਾਸੇ ਜੁਰਮ ਦਾ ਖੂਹ ਸੀ। ਪਰ ਪਤਾ ਨ੍ਹੀਂ ਕਿਵੇਂ ਰੋਕੀ ਰੱਖਿਆ ਸੀ ਐਨਾ ਚਿਰ। ਜਦੋਂ ਕਿ ਸਾਡੇ ਵੱਲੋਂ ਕੋਈ ਕਸਰ ਨ੍ਹੀਂ ਸੀ ਆਪਣੇ-ਆਪ ਨੂੰ ਬਰਬਾਦ ਕਰਨ ਦੀ। ਰਿਸਕ ਲੈਣਾ ਤਾਂ ਜਿਵੇਂ ਸੁਭਾਅ ਈ ਬਣ ਗਿਆ ਸੀ।



ਠੱਗ ਸਟਾਈਲ

ਹਰੇਕ ਜਗ੍ਹਾ ਜਾਂ ਗਰੁੱਪ ਦੀ ਕੋਈ ਨਾ ਕੋਈ ਗੱਲ ਮਸ਼ਹੂਰ ਹੁੰਦੀ ਹੈ। ਸਾਡੇ ਮਸ਼ਹੂਰ ਸੀ ਜ਼ਿੰਦਗੀ ਜਿਊਣ ਦਾ ਸਟਾਈਲ। ਮਤਲਬ 'ਠੱਗ ਸਟਾਈਲ'। ਹਰੇਕ ਮਸਲੇ ਨੂੰ ਹਾਸੇ 'ਚ ਹੱਲ ਕਰਨਾ ਜਮ੍ਹਾ ਬੇਪ੍ਰਵਾਹੇ ਹੋ ਕੇ।

26 ਨੰਬਰ ਕਮਰੇ 'ਚ ਬੈਠੇ ਅਸੀਂ ਗੱਪਾਂ ਮਾਰ ਰਹੇ ਸੀ। ਇੱਕ ਦੋ ਨੇ ਤਾਂ ਕੱਪੜੇ ਬਦਲ ਲਏ। ਕੁਝ ਮੇਰੇ ਵਰਗੇ ਘਰ ਜਾਣ ਆਲ਼ੇ ਉਵੇਂ ਹੀ ਬੈਠੇ ਸੀ। ਵਰਦੀ ਉਦੋਂ ਸਾਡੀ ਪੁਰਾਣੀਆਂ ਫ਼ਿਲਮਾਂ ਦੀ ਡਰੈਸ ਵਰਗੀ ਸੀ। ਚਿੱਟੀ ਪੈਂਟ-ਕਮੀਜ਼ ਅਤੇ ਕਾਲ਼ੇ ਬੂਟ, ਜਿਹੋ ਜਿਹੀ ਸੰਨ ਪਝੰਤਰ ਤੋਂ ਨੱਬੇ ਤੱਕ ਦੀਆਂ ਜਤਿੰਦਰ ਵਰਗਿਆਂ ਦੀਆਂ ਫ਼ਿਲਮਾਂ 'ਚ ਹੁੰਦੀ ਸੀ। ਮੂਹਰੇ ਤਿੰਨ ਛੁੱਟੀਆਂ ਆਉਂਦੀਆਂ ਦੇਖ, ਅਸੀਂ ਪਿੰਡ ਜਾਣ ਦੀ ਤਿਆਰੀ ਕਰ ਰਹੇ ਸੀ। ਸਲਾਹਾਂ ਕਰਦੇ ਸੀ ਕਿ ਗ੍ਰਾਮ ਕੁ 'ਸਮਾਨ' ਲੈ ਕੇ ਆਈਏ ਪੈਸੇ ਪਾ ਕੇ। ਕਾਇਮ ਹੋ ਕੇ ਘਰ ਨੂੰ ਜਾਈਏ।

ਸਲਾਹਾਂ ਬਣਾਉਂਦੇ ਸੀ, ਐਨੇ ਨੂੰ ਸੁੱਖੀ ਆ ਗਿਆ ਸੇਬ ਤਿਆਰ ਕਰਕੇ। ਸਮੈਕ ਅਜੇ ਬੇਸ਼ੱਕ ਐਨੀ ਨ੍ਹੀਂ ਸੀ ਪੀਣ ਲੱਗੇ, ਪਰ ਸੁਲਫਾ, ਗਾਂਜਾ ਪੂਰਾ ਝੁਲਸਦੇ ਸੀ। ਪੱਗ ਦੇ ਪੇਚ ਸੈੱਟ ਕਰਨ ਆਲ਼ੇ ਬਾਜ ਨਾਲ਼ ਸੇਬ 'ਚ ਇੱਕ ਗਲ਼ੀ ਕੱਢ ਲੈਂਦੇ ਅੱਧ ਤੱਕ, ਆਰ-ਪਾਰ ਨ੍ਹੀਂ ਸੀ ਕਰਦੇ। ਫੇਰ ਆਲ਼ੇ-ਦੁਆਲੇ ਤੋਂ ਚਾਰ-ਪੰਜ ਗਲ਼ੀਆਂ ਹੋਰ ਕੱਢਕੇ ਉਸ ਨੂੰ ਮੇਨ ਗਲ਼ੀ ਨਾਲ਼ ਜੋੜ ਲੈਂਦੇ ਅਤੇ ਉਹਨਾਂ 'ਚ ਸੁਲਫ਼ੇ-ਗਾਂਜੇ ਦੀਆਂ ਭਰੀਆਂ ਸਿਗਰਟਾਂ ਫਿੱਟ ਕਰ ਲੈਂਦੇ ਅਤੇ ਮੇਨ ਗਲ਼ੀ ਰਾਹੀਂ ਕੱਠੀਆਂ ਪੰਜ-ਪੰਜ ਸਿਗਰਟਾਂ ਨੂੰ ਪੀਂਦੇ। ਕਹਿਣ ਤੋਂ ਭਾਵ, ਸਰੀਰਾਂ ਨੂੰ ਤਜ਼ਰਬੇ ਕਰਨ ਵਾਲ਼ਾ ਭਾਂਡਾ ਬਣਾਇਆ ਹੋਇਆ ਸੀ। ਮੌਤ ਦਾ ਕੋਈ ਡਰ ਨ੍ਹੀਂ ਸੀ ਕਿ ਐਨੇ ਸੁਲ਼ਫ਼ੇ ਨਾਲ਼ ਮੌਤ ਵੀ ਹੋ ਸਕਦੀ ਹੈ ਜਾਂ ਬੰਦਾ ਪਾਗ਼ਲ ਵੀ ਹੋ ਜਾਂਦਾ ਹੈ।

ਓਦਣ ਵੀ ਪੀ ਕੇ ਸੇਬ ਆਲ਼ਾ ਸੁਲਫ਼ਾ, ਅੱਖਾਂ ਜਮ੍ਹਾਂ ਸੁਰਖ਼ ਹੋ ਗਈਆਂ ਸੀ। ਸੇਬ ਰਾਹੀਂ ਸੁਲਫ਼ਾ ਪੀਂਦੇ ਆਪਦੇ-ਆਪ ਨੂੰ ਤਸੱਲੀਆਂ ਵੀ ਦਿੰਦੇ ਕਿ ਇਸਦੇ ਹਾਨੀਕਾਰਕ ਤੱਤ ਸਾਡੇ ਅੰਦਰ ਨ੍ਹੀਂ ਜਾਂਦੇ, ਸਗੋਂ ਸੇਬ 'ਚ ਈ ਚਿਪਕ ਜਾਂਦੇ ਹਨ। ਪਰ ਹੈਰਾਨੀ ਹੁੰਦੀ ਕਿ ਬਾਅਦ 'ਚ ਉਸੇ ਸੇਬ ਨੂੰ ਵੀ ਖਾ ਲੈਂਦੇ ਕਿ ਭੋਰਾ ਹੋਰ ਨਸ਼ਾ ਹੋ ਜੇ'।

ਪਰ ਇਹ ਉਹ ਸਮਾਂ ਸੀ ਜਦੋਂ ਸਮੈਕ ਅਜੇ ਚੌੜ 'ਚ ਈ ਪੀਂਦੇ ਸੀ, ਪੱਕੇ ਨ੍ਹੀਂ ਸੀ ਹੋਏ। ਅਸਲ 'ਚ ਸਾਡੇ ਸੂਤ ਆਇਆ ਹੋਇਆ ਸੀ, ਖ਼ਾਸ ਕਰਕੇ ਮੇਰੇ। ਉਦੋਂ ਇੱਕ ਸਸਪੈਂਡ ਹੋਇਆ ਪੁਲਸ ਆਲ਼ਾ ਸਮੈਕ ਵੇਚਣ ਲੱਗਿਆ ਸੀ, ਫੈਕਟਰੀ ਏਰੀਏ 'ਚ। ਹਰੇਕ ਨੂੰ ਨ੍ਹੀਂ ਸੀ ਦਿੰਦਾ ਉਹ। ਦਿੰਦਾ ਮੈਨੂੰ ਵੀ ਨ੍ਹੀਂ ਸੀ, ਮੈਨੂੰ ਤਾਂ ਉਹਦੀ ਬੇਟੀ ਦੇ ਦਿੰਦੀ। ਕਈ ਵਾਰ ਬਿਨਾਂ ਪੈਸਿਆਂ ਤੋਂ ਫੜਾ ਦਿੰਦੀ ਚੋਰੀ ਤੋਂ। ਜਿਨ੍ਹਾਂ ਨੂੰ ਉੱਥੋਂ ਮਿਲਦਾ ਨਾ, ਉਹ ਮੇਰੇ ਰਾਹੀਂ ਲੈਂਦੇ।

ਬਾਕੀ ਤਾਂ ਉਹਨੂੰ ਪੁਲਸੀਏ ਨੂੰ ਉਡੀਕਦੇ ਕਿ ਕਦੋਂ ਘਰ ਆਊਗਾ, ਮੈਂ ਉਸਦੇ ਘਰੋਂ ਜਾਣ ਦੀ ਉਡੀਕ ਕਰਦਾ। ਬਹੁਤ ਨਜ਼ਾਰਾ ਆਉਂਦਾ ਫਰੀ ਦੀ ਪੀ ਕੇ। ਇੱਕ ਦੋ ਦਿਨ ਬਾਅਦ ਕੋਈ ਨਾ ਕੋਈ ਫਸ ਜਾਂਦਾ, ਮੇਰੇ ਕੋਲ਼। ਪਰ ਕੀ ਪਤਾ ਸੀ ਕਿ ਇਹ ਮੁਫ਼ਤ ਦਾ ਮਾਲ ਇੱਕ ਦਿਨ ਗਲ਼ੇ ਦਾ ਰੱਸਾ ਬਣ ਜੂ'। ਓਦਣ ਵੀ ਇੱਕ ਗਾਹਕ ਨੂੰ ਲਿਆ ਕੇ ਦੇਣਾ ਸੀ। ਉਹ ਹੋਸਟਲ ਦੇ ਬਾਹਰ ਖੜ੍ਹਾ ਉਡੀਕਦਾ ਸੀ। ਨਸ਼ੇ ਪੱਤੇ ਆਲ਼ੇ ਬਾਹਰਲੇ ਮੁੰਡੇ ਟਿਵਾਣੇ ਤੋਂ ਡਰਦੇ ਛੇਤੀ ਕਿਤੇ ਅੰਦਰ ਨ੍ਹੀਂ ਸੀ ਵੜਦੇ।

ਸਾਡੇ 'ਚ ਜੱਸਾ ਵੀ ਬੈਠਾ ਸੀ। ਸਮਰਾਲੇ ਕੋਲ਼ ਦਾ ਸੀ ਉਹ ਪਤਲਾ ਜਿਹਾ ਮੁੰਡਾ। ਉਸਦੀ ਭੈਣ, ਸੰਦੀਪ ਦੀ ਜਮਾਤਣ ਹੋਣ ਕਰਕੇ, ਉਹ ਸੰਦੀਪ ਦਾ ਵਧੀਆ ਦੋਸਤ ਬਣ ਗਿਆ। ਇਸੇ ਕਰਕੇ ਉਸ ਕੁੜੀ ਨੂੰ ਸੰਦੀਪ ਦੇ ਨਾਲ ਰਲ਼ਕੇ ਅਸੀਂ ਭੈਣ ਈ ਕਹਿੰਦੇ। ਉਹ ਕੁਛ-ਕੁਛ ਸਾਡੇ ਵਰਗਾ ਈ ਸੀ, ਜਮਾਂ ਬੇਫ਼ਿਕਰਾ ਜਿਹਾ। ਭੈਣ ਦੱਸਦੀ ਹੁੰਦੀ ਸੀ, "ਬਹੁਤ ਉਲ੍ਹਾਮੇ ਆਉਂਦੇ ਰਹਿੰਦੇ ਨੇ। ਮਸਟੈਂਡਪੁਣਾ ਕਰਦਾ, ਲੜਦਾ-ਭਿੜਦਾ ਰਹਿੰਦੈ।' ਨਸ਼ੇ ਪੱਤੇ ਵੀ ਕਰਨ ਲੱਗ ਪਿਆ ਸੀ। ਓਦਣ ਸਾਡੇ ਕੋਲ਼ ਬੈਠਾ ਵੀ ਗਾਂਧੀ ਗਰੁੱਪ ਦੀਆਂ ਗੱਲਾਂ ਸੁਣਾ ਰਿਹਾ ਸੀ।

ਠੱਗ ਆਇਆ ਬਾਹਰੋਂ। ਕਹਿੰਦਾ, "ਮੰਗੇ ਤੂੰ ਤਾਂ ਕੋਈ ਕਰਿਮਨਲ ਰਿਹਾ ਹੋਵੇਂਗਾ ਯਾਰ...।" ਮਖਿਆਂ, "ਹੋਰ ਨਾ ਕੁਝ!" ਫੇਰ ਗੰਭੀਰ ਜਿਹੇ ਅੰਦਾਜ਼ 'ਚ ਬੋਲਿਆ, "ਸੱਤ ਨੰਬਰ 'ਚ ਦੇਖ, ਕੂਕੇ ਜੇਹੇ ਬੈਠੇ ਨੇ ਬੰਦੂਕਾਂ ਫੜੀਂ.... ਕੋਈ ਭਸੂੜੀ ਐ ਦੱਸ। ਇੱਕ ਉਹ ਮੋਨੂੰ ਜਿਆ ਵੀ ਫਿਰਦੈ, ਉਹਨੂੰ ਜ਼ਿਆਦਾ ਮੂੰਹ ਨਾ ਲਾ...। ਇਹ ਸ਼ਹਿਰੀ ਜਿਹੇ ਜਿਆਦਾ ਵਧੀਆ ਨ੍ਹੀਂ ਹੁੰਦੇ।" ਓਦੋਂ ਪਟਿਆਲ਼ੇ ਜੇਲ੍ਹ 'ਚ ਸਨ ਮਿੱਠਾ ਤੇ ਕੀਰਤ ਅਤੇ ਉਹਨਾਂ ਨੂੰ ਜੇਲ੍ਹ 'ਚ ਹੀ ਰਾਜੂ-ਰਾਜਪੂਤ ਵਰਗੇ ਮਿਲ ਪਏ ਸੀ। ਰਾਜੂ ਨੇ ਬਾਹਰ ਆ ਕੇ ਠੱਗ ਹੋਰਾਂ ਨੂੰ ਦੱਸਿਆ ਕਿ ਮੰਗੇ ਹੋਰਾਂ ਦੀ ਬਹੁਤ ਚੜ੍ਹਾਈ ਰਹੀ ਹੈ ਨਾਭੇ 'ਚ...। ਤਾਂ ਕਰਕੇ ਠੱਗ ਕਹਿੰਦਾ ਸੀ ਕਿ ਮੰਗੇ ਤੂੰ ਤਾਂ ਕੋਈ ਕਰਿਮਨਲ ਰਿਹੈਂ....। ਮੈਂ ਸੋਚਿਆ, "ਪਹਿਲਾਂ ਕਮਰੇ 'ਚ ਆਇਆਂ ਨੂੰ ਨਬੇੜਦੈਂ, ਫੇਰ ਜਿਹੜਾ ਕਮਰੇ ਦੇ ਬਾਹਰ ਖੜ੍ਹੇ ਉਹਨੂੰ ਮਿਲਦੈਂ।"

ਜਦੋਂ ਜਾ ਕੇ ਦੇਖਿਆ ਤਾਂ ਗੁਰਧਨਪੁਰੀਆ ਹਰਪ੍ਰੀਤ ਬੈਠਾ ਆਪਣੀ ਆਦਤ ਅਨੁਸਾਰ ਤਿੰਨ ਚਾਰ ਚੇਲਿਆਂ ਨਾਲ਼। ਆਪਦੇ ਨਾਲ਼ ਅਮਲੋਹ ਤੋਂ ਇੱਕ ਫਾਇਨੈਂਸਰ ਵੀ ਲਈਂ ਫਿਰੇ। ਬਾਹਰ ਖੜ੍ਹੇ ਮੁੰਡੇ ਤੋਂ ਤਾਂ ਮੈਂ ਤਿੰਨ ਸੌ ਰੁਪਈਆ ਲੈ ਕੇ ਤੋਰਤਾ। ਓਦੋਂ ਨੂੰ ਠੱਗ ਹੋਰੀਂ ਵੀ ਆ ਗਏ ਕਮਰੇ 'ਚ। ਸ਼ਾਇਦ ਉਹਨਾਂ ਨੂੰ ਇਹ ਸੀ ਕਿ ਕੋਈ ਸਮੱਸਿਆ ਨਾ ਆ ਜਾਵੇ। ਹਰਪ੍ਰੀਤ ਨੇ ਸਾਰਿਆਂ ਨੂੰ ਮਿਲਾਇਆ ਅਤੇ ਮੇਰੇ ਬਾਰੇ ਦੱਸਿਆ। ਸਹੌਲ਼ੀ ਆਲ਼ੇ ਮਿੱਠੇ ਹੋਰਾਂ ਦਾ ਜ਼ਿਕਰ ਵੀ ਕੀਤਾ। ਪੂਰਾ ਪ੍ਰਭਾਵ ਬਣਾਇਆ ਮੇਰਾ। ਦਰਅਸਲ ਉਹ ਪਟਿਆਲੇ ਆਏ ਸੀ ਕਿਸੇ ਕੋਲ਼ੋਂ ਪੈਸੇ ਲੈਣ, ਪਰ ਉਹ ਬੰਦਾ ਰਾਹ ਨ੍ਹੀਂ ਸੀ ਦੇ ਰਿਹਾ। ਕੋਈ ਨਾ ਕੋਈ ਬਹਾਨਾ ਮਾਰ ਕੇ ਤੋਰ ਦਿੰਦਾ ਸੀ।

ਸਾਡੇ ਇੱਕ ਜੂਨੀਅਰ ਨੇ ਕੁਝ ਜ਼ਿਆਦਾ ਵਧਾ ਚੜ੍ਹਾ ਕੇ ਦੱਸਤਾ ਸੀ, 'ਠੱਗ ਸਟਾਈਲ' ਬਾਰੇ। ਉਹ ਜੂਨੀਅਰ ਮੁੰਡਾ ਅਮਲੋਹ ਤੋਂ ਸੀ। ਜੀਹਨੇ ਇਹ ਸਾਡੇ ਕੋਲ਼ ਭੇਜੇ ਸਨ। ਓਦੋਂ ਮਸ਼ਹੂਰ ਵੀ ਬਹੁਤ ਹੋ ਗਿਆ 'ਠੱਗ ਸਟਾਈਲ'। ਜੇ ਕੋਈ ਵੀ ਅੜਿਆ ਕੰਮ ਕੱਢ ਲੈਂਦੇ ਤਾਂ ਉਸਦੀ 'ਠੱਗ ਸਟਾਈਲ' ਕਹਿਕੇ ਵਡਿਆਈ ਕਰਦੇ। ਉਸ ਫਾਇਨੈਂਸਰ ਨੇ ਹਰਪ੍ਰੀਤ ਕੋਲ ਗੱਲ ਕਰੀ ਸੀ ਮੇਰੇ ਬਾਰੇ। ਹਰਪ੍ਰੀਤ ਮੇਰਾ ਯਾਰ ਬੇਲੀ ਸੀ। ਉਹ ਓਦਣ ਮੇਰੇ ਕੋਲ਼ ਲੈ ਆਇਆ ਉਹਨੂੰ। ਹੁਣ ਅਸੀਂ ਬੈਠ ਗੇ'। ਕੁਛ ਗੱਲਾਂ ਬਾਤਾਂ ਹੋਈਆਂ, ਆਲ਼ੇ-ਦੁਆਲ਼ੇ ਬਾਰੇ ਪੁੱਛਿਆ ਇੱਕ ਦੂਜੇ ਨੂੰ। ਮੈੱਸ ਆਲ਼ੇ ਠੇਕੇਦਾਰ ਨੇ ਚਾਹ ਭੇਜ 'ਤੀ।

"ਮੰਗੇ ਯਾਰ! ਕਰ ਕੋਈ ਹੀਲਾ। ਢਾਈ ਲੱਖ ਰੁਪਈਐ! ... ਲਾ ਕੋਈ ਜੁਗਾੜ!!" ਹਰਪ੍ਰੀਤ ਨੇ ਚਾਹ ਦਾ ਕੱਪ ਚੱਕਦੇ ਨੇ ਗੱਲ ਅੱਗੇ ਤੋਰੀ। "ਬੰਦਾ ਕੌਣ ਐ? ਕਿੱਥੇ ਰਹਿੰਦੈ?" ਉਹਨੇ ਘਰ ਦਾ ਪਤਾ ਦੱਸਿਆ, "ਡੀ.ਸੀ. ਡਬਲਿਊ. ਕਲੋਨੀ ਕੋਲ਼ ਆ ਤੇ ਨੌਕਰੀ ਕਰਦੈ ਅਮਲੋਹ ਐਸ.ਡੀ.ਐੱਮ. ਦਫ਼ਤਰ।"

ਹਰਪ੍ਰੀਤ ਮੈਨੂੰ ਬਾਹਰ ਲੈ ਗਿਆ ਕਮਰੇ 'ਚੋਂ। ਮੈਂ ਠੱਗ ਨੂੰ ਵੀ ਆਵਾਜ਼ ਮਾਰ ਲਈ...। ਕਹਿੰਦਾ, "ਮੰਗੇ ਦਸ-ਪੰਦਰਾਂ ਹਜ਼ਾਰ ਖ਼ਰਚਾ ਦੇਣ ਨੂੰ ਵੀ ਤਿਆਰ ਐ।" ਮੇਰੇ ਕੁਝ ਬੋਲਣ ਤੋਂ ਪਹਿਲਾਂ ਈ ਠੱਗ ਬੋਲਿਆ, "ਬਾਈ, ਦੇਖ ਤੁਸੀਂ ਇਹਦੇ ਇਲਾਕੇ ਤੋਂ ਆਏ ਓਂ, ਇਹਦੇ ਮਿੱਤਰ ਓ ਤਾਂ ਟੈਨਸ਼ਨ ਨਾ ਲਵੋ। ਕੰਮ ਵੀ ਹੋਊ ਤੇ ਹੋਊ ਵੀ ਫਰੀ। ਨਾਲ਼ੇ ਵੀਰ ਅਸੀਂ ਕਿਹੜਾ ਕੋਈ ਗੁੰਡੇ ਆਂ। ਇਹ ਤਾਂ 'ਤੜਾਕ ਐ।"

ਅਸੀਂ ਸਲਾਹ ਬਣਾ ਲਈ ਕਿ ਅਸੀਂ ਜਾ ਕੇ ਆਵਾਂਗੇ ਅੱਜ ਸ਼ਾਮ ਨੂੰ। ਨਹੀਂ ਫੇਰ ਸੋਮਵਾਰ ਨੂੰ ਤਾਂ ਪੱਕਾ। ਉਹ ਜਾ ਆਏ ਸੀ, ਪਰ ਬੰਦੇ ਨੇ ਉਹਨਾਂ ਨੂੰ ਬੇਰੰਗ ਮੋੜ ਦਿੱਤਾ ਸੀ।

ਠੱਗ ਦਾ 'ਠੱਗ ਸਟਾਈਲ' ਕੋਈ ਐਵੇਂ ਈ ਮਸ਼ਹੂਰ ਨ੍ਹੀਂ ਸੀ ਹੋਇਆ, ਉਹਦੇ 'ਚ ਗੱਲ ਸੀ। ਕਹਿੰਦਾ, "ਹੁਣੇ ਚੱਲਦੇ ਆਂ, ਵਰਦੀਆਂ ਪਾ ਲਵੋ ਜੀਹਨੇ ਉਤਾਰਤੀਆਂ।" ਮਖਿਆਂ, "ਉਹ ਕਿਉਂ?" ਕਹਿੰਦਾ, "ਦੇਖਦਾ ਜਾਹ ਬਾਈ! ਨਾਲ਼ੇ ਇਨ੍ਹਾਂ ਰਾਈਫ਼ਲਾਂ ਨੂੰ ਖ਼ਾਲੀ ਕਰਕੇ ਸਾਨੂੰ ਫੜਾਓ। ਤੁਸੀਂ ਗੱਡੀਆਂ 'ਚ ਈ ਬੈਠੇ ਰਿਹੋ।" ਰਫ਼ਲਾਂ ਆਲ਼ੀ ਗੱਲ ਉਹਨੇ ਹਰਪ੍ਰੀਤ ਨੂੰ ਕਹੀ ਸੀ। ਸੰਦੀਪ ਨੂੰ ਵੀ ਕਹਿਤਾ ਸੀ, "ਇਹਨੂੰ ਜੱਸੇ ਨੂੰ ਜਾਂ ਤਾਂ ਨਾਲ਼ ਲੈ ਕੇ ਨ੍ਹੀਂ ਜਾਣਾਂ! ਜੇ ਗਿਆ ਤਾਂ ਕਾਰ 'ਚ ਬੈਠਾਦੀਂ।"... ਹਰਪ੍ਰੀਤ ਕਹਿੰਦਾ, "ਠੀਕ ਆ ਬਾਈ!" ਸੰਦੀਪ ਨੇ ਵੀ ਜੱਸੇ ਦੀ ਹਾਮੀ ਭਰ ਦਿੱਤੀ। ਉਹਨਾਂ ਨੇ ਅਨਲੋਡ ਕਰਕੇ ਅਸਲਾ ਸਾਨੂੰ ਫੜਾਤਾ।

ਅਸੀਂ ਉਸ ਭਾਈ ਦੇ ਘਰ ਅੱਪੜਗੇ ਜੀਹਤੋਂ ਪੈਸੇ ਲੈਣੇ ਸੀ। ਕਮਰੇ ਛੋਟੇ ਸਨ ਪਰ ਹੈ ਪੂਰੇ ਤਿਆਰ। ਸਭ ਕੁਛ ਸੀ ਘਰ 'ਚ ਜੋ ਹੋਣਾ ਚਾਹੀਦੈ।

ਸਾਡੀਆਂ ਅੱਖਾਂ ਲਾਲ, ਨੌਂ ਦਸ ਜਣੇਂ ਚਿੱਟੀਆਂ ਪੈਂਟਾਂ-ਕਮੀਜ਼ਾਂ 'ਚ ਦੜ-ਦੜ ਕਰਦੇ

ਵੜ ਗੇ' ਅੰਦਰ। ਉਹਦਾ ਬੇਟਾ-ਬੇਟੀ ਖੇਡ ਰਹੇ ਸਨ। ਘਰਵਾਲ਼ੀ ਕੇਸ ਸੁਕਾਉਣ ਲਈ ਕੁਰਸੀ 'ਤੇ ਬੈਠੀ। ਬਹੁਤ ਸਨੁੱਖੀ ਔਰਤ ਸੀ ਉਹ। ਲੱਗਦੀ ਵੀ ਪੜ੍ਹੀ ਲਿਖੀ ਸੀ। ਠੱਗ ਨੇ ਕਾਰ 'ਚ ਈ ਸਮਝਾਤਾ ਸੀ। ਕਿ "ਸੁੱਖੀ, ਪਹਿਲਾ ਰੁੱਕਾ ਤੂੰ ਮਾਰਨੈ। ਤੇਰਾ ਬੋਲ ਭਾਰੈ।"

ਅਸੀਂ, ਦੋ 'ਕੱਠੇ ਹੋਣ ਆਲ਼ੇ ਮੰਜੇ ਡਾਹ ਲਏ, ਤੇ ਕੁਰਸੀਆਂ ਖਿੱਚ ਕੇ ਆਏਂ ਬੈਠ ਗੇ', ਜਿਵੇਂ ਕਾਰਸੇਵਾ ਆਲ਼ੇ ਬੈਠਦੇ ਹੁੰਦੇ ਨੇ ਧੱਕੇ ਨਾਲ਼।

"ਕਿੱਥੇ ਐ ਬਦਮਾਸ਼? ਲਿਆ ਕੱਢ ਬਾਹਰ!" ਸੁੱਖੀ ਨੇ ਪੱਟ ਤੋਂ ਬੰਦੂਕ ਚੱਕ ਕੇ ਮੁੱਠੇ ਆਲ਼ਾ ਪਾਸਾ ਫਰਸ਼ 'ਤੇ ਰੱਖਦੇ ਨੇ ਕਿਹਾ। ਉਹ ਔਰਤ ਕੁਰਸੀ ਤੋਂ ਉੱਠਕੇ ਖੜ੍ਹੀ ਹੋ ਗਈ ਅਤੇ ਦਰਵੱਜਾ ਵੀ ਭੇੜ ਆਈ। "ਉਹ ਤਾਂ ਜੀ ਬਾਹਰ ਗਏ ਨੇ।" ਬੋਲਦੀ ਦਾ ਉਹਦਾ ਮੂੰਹ ਉੱਡ ਗਿਆ ਸੀ। ਹੱਥ ਅੱਧੇ ਕੁ ਜੁੜ ਗਏ ਸੀ ਡਰੀ ਹੋਈ ਦੇ। ਉਹਦੀਆਂ ਅੱਖਾਂ ਵਾਰ-ਵਾਰ ਗੁਸਲਖ਼ਾਨੇ ਵੱਲ ਘੁੰਮ ਰਹੀਆਂ ਸਨ।

ਮੈਂ ਹੌਲ਼ੀ ਕੁ ਦੇਣੇ ਕਿਹਾ, "ਠੱਗ, ਉਹ ਬੰਦਾ ਕਿਤੇ ਨ੍ਹੀਂ ਗਿਆ। ਗੁਸਲ਼ਖ਼ਾਨੇ 'ਚ ਆ।" "ਮੈਨੂੰ ਪਤੈ, ਤੂੰ ਮੇਰੀ ਗੱਲ 'ਚ ਗੱਲ ਮਿਲਾਈਂ।" ਠੱਗ ਹੋ ਗਿਆ ਸ਼ੁਰੂ, "ਆਂਏਂ ਕਰ ਮੰਗੇ, ਜਵਾਕ ਚੱਕ ਦੇਵੇਂ। ਹੋਰ ਕੋਈ ਚੀਜ਼ ਤਾਂ ਹੈ ਨ੍ਹੀਂ ਮਤਲਬ ਦੀ...।" ਮੈਂ ਕੁਛ ਬੋਲਦਾ, ਉਸਤੋਂ ਪਹਿਲਾਂ ਸੁੱਖੀ ਨੇ ਕਮਾਨ ਸੰਭਾਲ ਲਈ, "ਬਾਈ ਇੱਥ 'ਚ ਨ੍ਹੀਂ ਰੱਖੇ ਜਣੇਂ ਬੱਚੇ! ਗੰਨਾ ਛੋਟਾ ਅਜੇ.... ਬੰਦਾ ਤੁਰਿਆ ਫਿਰਦਾ ਦਿਖਦੈ।" ਮਖਿਆਂ, "ਕੈਥਲ ਠੀਕ ਰਹੂ.... ਨਾਲੇ ਦੋ ਦਿਨ ਦੀ ਗੱਲ ਐ।" ਅਸੀਂ ਜਾਣ-ਬੁੱਝ ਕੇ ਐਨਾ ਕੁ ਉੱਚੀ ਬੋਲ ਰਹੇ ਸੀ ਕਿ ਉਸਨੂੰ ਬਾਥਰੂਮ 'ਚ ਵੀ ਸੁਣ ਜਾਵੇ। ਪਰ ਨਾਟਕ ਐਵੇਂ ਕੀਤਾ, ਬਈ ਜਿਵੇਂ ਆਪਸ 'ਚ ਗੱਲ ਕਰਦੇ ਹੋਈਏ।

"ਬੀਬੀ, ਹੁਣ ਮੌਕਾ ਸਾਂਭ ਲੈ। ਹੁਣ ਪੈਸੇ, ਫਾਇਨੈਂਸਰ ਨ੍ਹੀਂ ਮੰਗ ਰਿਹਾ। ਉਹਨੂੰ ਤਾਂ ਅਸੀਂ...। ਬਾਕੀ ਤੇਰੀ ਮਰਜੀ!" ਪੂਰੀ ਸਹਿਜਤਾ ਨਾਲ਼ ਕਹਿ, ਠੱਗ ਉੱਠਕੇ ਖੜ੍ਹਾ ਹੋ ਗਿਆ। ਅਸੀਂ ਚੁੱਪ-ਚਾਪ ਵਾਪਸ ਆ ਗਏ। ਉਸੇ ਸ਼ਾਮ ਨੂੰ ਫਾਇਨੈਂਸਰ ਕੋਲ਼ ਫ਼ੋਨ ਚਲੇ ਗਿਆ ਅਤੇ ਤੀਜੇ ਦਿਨ ਪੈਸੇ ਪਹੁੰਚਗੇ।

ਕਮਾਲ ਦਾ ਸੀ ਠੱਗ ਦਾ 'ਠੱਗ ਸਟਾਈਲ'।

ਜਦੋਂ ਅਸੀਂ ਵਾਪਸ ਆ ਰਹੇ ਸੀ ਤਾਂ ਜੱਸਾ ਬੜਾ ਪ੍ਰਭਾਵਿਤ ਹੋਇਆ, ਸਾਡੇ ਤੋਂ। ਬਾਕੀ ਰਹਿੰਦੀ-ਖੂੰਹਦੀ ਕਸਰ ਸੰਦੀਪ ਨੇ ਪੂਰੀ ਕਰ ਦਿੱਤੀ। ਜਦੋਂ ਉਸ ਫਾਇਨੈਂਸਰ ਨੇ ਕਿਹਾ, "ਮੰਗੇ ਵੀਰ, ਪੈਸੇ ਬੇਸ਼ੱਕ ਨਾ ਮੋੜੇ ਉਹ...। ਪਰ ਥੋਡਾ ਤਰੀਕਾ ਬਹੁਤ ਘੈਂਟ ਆ।" ਸੰਦੀਪ ਨੇ ਨਾਲ਼ ਈ ਇੱਕ ਹੋਰ ਗੋਲ਼ਾ ਦਾਗ ਦਿੱਤਾ, "ਵੀਰ ਅਸੀਂ ਐਂ ਈ ਕਰਦੇ ਆਂ, ਕਦੇ ਕਿਸੇ ਤੋਂ ਪੈਸੇ ਨ੍ਹੀਂ ਲਏ, ਕੰਮ ਕਰਨ ਦੇ।" ਉਹਨੇ ਫੇਰ ਹੋਰ ਚਲਾਕੀ ਖੇਡੀ, "ਓਦਣ ਵੀ ਠੱਗਾ, ਲਾਡੀ ਬਾਈ ਨੂੰ ਅਸੀਂ ਸਾਫ਼ ਕਹਿਤਾ ਤੀ, ਪੈਸੇ-ਪੂਸੇ ਨ੍ਹੀਂ ਲੈਣੇ। ਉਹ ਪਤੰਦਰ ਫੇਰ ਵੀ ਜੂਸ ਆਲ਼ੇ ਨੂੰ ਦੇ

ਗਿਆ ਦਸ ਹਜ਼ਾਰ। ਹੁਣ ਤਾਂ ਬਸ ਪੰਜ ਕੁ ਹਜ਼ਾਰ ਮਸਾਂ ਹੈਗਾ ਮਾਸੜ ਦਾ।" ਅਸੀਂ ਊਈਂ ਜੂਸ ਆਲ਼ੇ ਬਜ਼ੁਰਗ ਨੂੰ ਮਾਸੜ ਕਹਿ ਦਿੰਦੇ। ਜਿਵੇਂ ਮੈੱਸ ਆਲ਼ੇ ਠੇਕੇਦਾਰ ਨੂੰ ਚਾਚਾ ਕਹਿਣ ਲੱਗ ਪਏ। ਹੁਣ ਵੀ ਮੁੰਡੇ ਸਾਡੀ ਰੀਸ ਮਾਸੜ-ਚਾਚਾ ਈ ਆਖਦੇ ਨੇ ਉਹਨਾਂ ਨੂੰ।

ਹਰਪ੍ਰੀਤ ਗੁਰਧਨਪੁਰ ਨੇ ਪੰਜ ਹਜ਼ਾਰ ਦਵਾ ਦਿੱਤੇ, ਫਾਇਨੈਂਸਰ ਤੋਂ ਜੂਸ ਆਲ਼ੇ ਨੂੰ। ਬਨਾਨਾ ਸ਼ੇਕ ਪੀਂਦਾ ਹੋਇਆ ਉਹ ਫ਼ਾਇਨੈਂਸਰ, ਠੱਗ ਨੂੰ ਪੁੱਛਦੈ, "ਵੀਰ ਜੇ ਥੋਨੂੰ ਪਤਾ ਲੱਗ ਗਿਆ ਤੀ ਉਹ ਬਾਥਰੂਮ 'ਚ ਲੁਕਿਆ ਹੋਇਐ, ਫੇਰ ਕੱਢਿਆ ਕਿਉਂ ਨੀਂ ਬਾਹਰ ਸਾਲ਼ੇ ਨੂੰ।" ਸੁੱਖੀ ਕਹਿੰਦਾ, "ਇਹੀ ਤਾਂ ਸਾਡਾ ਸਟਾਈਲ ਆ।" ਠੱਗ ਨੇ ਗੱਲ ਹੋਰ ਸਾਫ਼ ਕੀਤੀ, "ਬਾਈ, ਡਰ ਜ਼ਿਆਦਾ ਖ਼ਤਰਨਾਕ ਹੁੰਦੈ ਕੁੱਟਣ ਨਾਲੋਂ। ਤੇਰੇ ਪੈਸੇ ਮਿਲ ਜਾਣਗੇ ਬਸ, ਹੋਰ ਸੁਣਾਓ ਕੀ ਸੇਵਾ ਕਰੀਏ?"

***

ਮੈਂ ਪਿੰਡ ਸੀ ਜਿਸ ਦਿਨ ਜੱਸੇ ਨੇ ਫ਼ੋਨ ਕੀਤਾ, "ਬਾਈ, ਹੁਣੇ ਆ ਜਾ, ਜੇ ਆ ਸਕਦੈਂ, ਇੱਕ ਬੰਦੇ ਦਾ ਨੰਬਰ ਲਾਉਣੈ।" ਉਦੋਂ ਅਸੀਂ ਜੇ ਕਿਸੇ ਨੂੰ ਕੁੱਟਣਾ ਹੁੰਦਾ ਤਾਂ ਉਸਨੂੰ 'ਨੰਬਰ ਲਾਉਣਾ' ਆਖਦੇ। ਜੱਸੇ ਨੇ ਸ਼ਾਇਦ ਇਹ ਲਫ਼ਜ਼ ਸਾਡੇ ਤੋਂ ਈ ਸੁਣਿਆ ਸੀ। ਮਖਿਆਂ "ਕਿੰਨੇ ਵਜੇ? ਕਿੱਥੇ?" ਕਹਿੰਦਾ, "ਸਮਰਾਲੇ ਆ ਕੇ ਫੋਨ ਕਰ ਦਿਓ।" ਮੈਂ ਭੱਦਲ ਥੂਹੇ ਆਲ਼ੇ ਗੋਲੂ ਨੂੰ ਘਰੋਂ ਨਾਲ਼ ਲਿਆ ਤੇ ਹੋ ਗਿਆ ਸਿੱਧਾ। ਉਹਨੇ ਮਾਂ ਦੇ ਪੁੱਤ ਨੇ ਕਦੇ ਨੀਂ ਸੀ ਪੁੱਛਿਆ ਕਿ ਕਿੱਧਰ ਜਾਣਾਂ? ਕੀ ਕਰਨ ਚੱਲੇ ਆਂ? ਯਾਰਾਂ ਦਾ ਯਾਰ ਸੀ ਗੋਲੂ।

ਅਸੀਂ ਪਹਿਲਾਂ ਸਿੱਧੇ ਜੱਸੇ ਦੇ ਘਰ ਪੁੱਜੇ। ਫੇਰ ਸਮਰਾਲ਼ੇ ਤੋਂ ਦੋ-ਦੋ ਸ਼ੀਸ਼ੀਆਂ ਪੀ ਕੇ ਲੱਗ ਪਏ ਲੱਭਣ। ਫੇਰ ਲਾ ਲਿਆ ਨਾਕਾ, ਜਿੱਥੋਂ ਉਸਦੇ ਆਉਣ ਦੀ ਉਮੀਦ ਸੀ। ਪਰ ਨਾ ਆਇਆ। ਹੈ ਉਹ ਵੀ ਜੱਸੇ ਦੇ ਪਿੰਡ ਦਾ ਈ ਸੀ। ਖੰਨੇ, ਗਾਂਧੀ ਬਾਈ ਹੋਰਾਂ ਕੋਲ਼ ਜਾਂਦਾ ਹੋਣ ਕਰਕੇ, ਪੂਰਾ ਖੱਬੀ-ਖਾਨ ਕਹਾਉਂਦਾ ਸੀ। ਥੱਕ ਹਾਰ ਕੇ ਹੇਡੋਂ ਕੋਲ਼ ਇੱਕ ਢਾਬੇ ਉੱਤੇ ਰੋਟੀ ਖਾਣ ਚਲੇ ਗਏ। ਅਸੀਂ ਹੁਣ ਸਿਰਫ਼ ਤਿੰਨ ਜਣੇਂ ਈ ਰਹਿ ਗੇ' ਸੀ। ਜਿਹੜੇ ਦੋ ਜਣੇਂ ਜੱਸੇ ਦੇ ਦੋਸਤ ਸੀ, ਉਹ ਚਲੇ ਗਏ ਸੀ। ਦਾਰੂ ਦੀ ਬੋਤਲ ਖੋਲ੍ਹ ਅਸੀਂ ਅਫ਼ਸੋਸ 'ਚ ਪੈੱਗ ਲਗਾ ਰਹੇ ਸੀ। ਗੋਲੂ ਕਹਿੰਦਾ, "ਮੰਗੇ, ਪਰਸੋਂ ਨੂੰ ਸਹੀ, ਆਪਾਂ ਫੇਰ ਆਜਾਂਗੇ।" ਅਸਲ 'ਚ ਗੋਲੂ ਹੋਰਾਂ ਦੀ ਜ਼ਮੀਨ ਦਾ ਰੌਲਾ ਚੱਲ ਰਿਹਾ ਸੀ। ਦੂਜੇ ਦਿਨ ਤਰੀਕ ਸੀ। ਓਦਣ ਵੀ ਵਕੀਲ ਨੂੰ ਮਿਲਣ ਜਾਣਾ ਸੀ, ਪਰ ਉਹ ਮੈਨੂੰ ਨਾਂਹ ਨੀਂ ਸੀ ਕਰ ਸਕਿਆ।

ਜਿਹੜੇ ਢਾਬੇ 'ਤੇ ਅਸੀਂ ਬੈਠੇ ਸੀ, ਉਹ ਓਦਣ ਈ ਖੁੱਲ੍ਹਿਆ ਸੀ। ਸਵੇਰੇ ਉਦਘਾਟਨ ਵੀ ਜੱਸੇ ਦਾ ਡੈਡੀ ਈ ਕਰਕੇ ਗਿਆ ਸੀ। ਜੱਸਾ ਬਹੁਤ ਰੱਜੇ-ਪੁੱਜੇ ਪਰਵਾਰ 'ਚੋਂ ਸੀ। ਡੈਡੀ ਉਹਦਾ ਚੇਅਰਮੈਨ ਸੀ ਮਾਰਕਿਟ ਕਮੇਟੀ ਦਾ । ਵਧੀਆ ਇੱਜਤ ਸੀ ਉਹਨਾਂ ਦੀ ਇਲਾਕੇ 'ਚ।

ਅਸੀਂ ਲੱਭਦੇ-ਲਭਾਉਂਦੇ ਥੱਕ ਕੇ ਰੋਟੀ-ਪਾਣੀ ਛੱਕ ਰਹੇ ਸੀ। ਸਾਨੂੰ ਪਤਾ ਵੀ ਲੱਗ ਗਿਆ ਸੀ ਕਿ ਉਹ ਬੰਦਾ ਬਜ਼ਰੀ ਦੀ ਟਰਾਲੀ ਲੈਣ ਗਿਆ ਹੋਇਐ। ਪਰ ਹੁਣ ਉਹਦੇ ਟੱਕਰਨ ਦੀ ਉਮੀਦ ਨਹੀਂ ਸੀ ਬਚੀ। ਜਦੋਂ ਤੁਰਨ ਲੱਗੇ, ਮਖਿਆਂ, "ਜੱਸੇ, ਹੁਣ ਚਾਹ ਵੀ ਬਣਵਾ ਲੈ ਨਾਲ਼ੇ ਭੋਰਾ-ਭੋਰਾ ਮਾਲ ਖ਼ਾਨੇ ਐਂ।" ਮੈਨੂੰ ਇਹ ਸੀ ਕਿ ਕੀ ਪਤੈ ਉਹ ਆ ਈ ਜਾਵੇ, ਜੀਹਨੂੰ ਉਡੀਕਦੇ ਹਾਂ। ਪੰਜ ਸੱਤ ਮਿੰਟ ਹੋਰ ਸਹੀ। ਉੱਥੇ ਪੁਲਸ ਚੌਂਕੀ ਨੇੜੇ ਹੋਣ ਕਰਕੇ ਇੱਕ ਮੁਲਾਜ਼ਮ ਵੀ ਬੈਠਾ ਸੀ, ਰੋਟੀ ਖਾਣ ਆਇਆ ਹੋਇਆ ਵਰਦੀ ਪਾਈਂ। ਉਹ ਵੀ ਚਲੇ ਗਿਆ ਉੱਠ ਕੇ। ਅਸੀਂ ਵੀ ਬਸ ਹੁਣ ਜਾਣਾਂ ਈ ਸੀ। ਉੱਥੇ ਦੋ ਜਣੇਂ ਕੁੜਤੇ ਪਜ਼ਾਮਿਆਂ 'ਚ ਹੋਰ ਸੀ ਬਸ।

ਚਾਹ ਦੀ ਇੱਕ-ਇੱਕ ਘੁੱਟ ਈ ਭਰੀ ਹੋਣੀ ਐ। ਅਜੇ ਮੂੰਹ ਵੀ ਕੌੜਾ ਈ ਸੀ। ਦੋ ਟਰੈਕਟਰ-ਟਰਾਲੀਆਂ ਆ ਕੇ ਰੁਕੀਆਂ। ਜੱਸਾ ਵਾਸ਼ਰੂਮ ਗਿਆ ਹੋਇਆ ਸੀ। ਗੋਲੂ ਕਹਿੰਦਾ, "ਆਹੀ ਨੇ ਮੰਗੇ ਹੋ ਜਾ ਕੈਮ।" ਉਹਨੇ ਚਾਹ ਰੱਖਤੀ। ਮਖਿਆਂ, "ਤੈਨੂੰ ਕਿਵੇਂ ਪਤੈ?" ਜਦੋ ਜੱਸੇ ਨੇ ਇੱਕ ਭੈਣ ਦੀ ਗਾਲ਼ ਕੱਢੀ ਓਧਰੋਂ ਆਉਂਦੇ-ਆਉਂਦੇ ਨੇ। ਮੈਂ ਭੱਜ ਕੇ ਜਾ ਕੇ ਜੜਤਾ ਇੱਕ ਸਿਰ 'ਚ ਟਰੈਕਟਰ 'ਤੇ ਬੈਠੇ ਦੇ। ਕਹੀ ਆਲਾ ਬਾਹਾਂ ਸੀ ਮੇਰੇ ਕੋਲ। ਗੋਲੂ ਕੋਲ਼ ਗੰਨੇ ਘੜ੍ਹਨ ਆਲ਼ਾ ਹਥੀਆ ਸੀ। ਦੂਜੇ ਟਰੈਕਟਰ ਤੋਂ ਇੱਕ ਉੱਤਰ ਕੇ ਆਇਆ...। ਉਹਨੇ ਕਹੀ ਚੱਕ ਲਈ, ਪਾੜਤਾ ਸੀ ਸਿਰ ਮੇਰਾ, ਜੇ ਗੋਲੂ ਹਥੀਆ ਨਾ ਮਾਰਦਾ। ਗੋਲੂ ਮੂਰਖ ਨੇ, ਮਾਰਿਆ ਵੀ ਜਮਾਂ ਸਿੱਧਾ, ਪੂਰੇ ਜ਼ੋਰ ਨਾਲ਼। ਬੁਲਾਤਾ ਸੀ ਪਾਰ ਜੇ ਉਹ ਮੂੰਹ ਪਰੇ ਨਾ ਕਰਦਾ। ਪਿੱਠ ਪਿੱਛੋਂ ਲਹੂ-ਲੁਹਾਣ ਕਰਤਾ ਸੀ ਉਹ। ਦੂਜੇ ਨੇ ਵੀ ਜਿਵੇਂ ਸਮਰਪਣ ਕਰਤਾ ਹੋਵੇ ਡਰ ਕੇ, ਸੱਟ ਬਹੁਤ ਲੱਗੀ ਸੀ ਉਹਦੇ। ਇੱਕ ਵਾਰ ਤਾਂ ਸਾਰੇ ਘਬਰਾ ਗਏ ਸੀ।

ਹੁਣ ਮਾਮਲਾ ਉਲਝ ਗਿਆ ਸੀ। ਜਿਹੜੇ ਦੋ ਬੰਦੇ ਹੋਰ ਬੈਠੇ ਸੀ, ਉਹ ਆ ਕੇ ਛੁਡਾਉਣ ਲੱਗ ਪਏ। ਉਹਨੇ ਮੇਰਾ ਗਲ਼ਮਾ ਫੜ੍ਹਨ ਲਈ ਹੱਥ ਵਧਾਇਆ, ਗੋਲੂ ਨੇ ਲੈਂਦੇ ਨੇ ਈ ਥੱਪੜ ਜੜਤਾ ਇੱਕ। ਜਿਨ੍ਹਾਂ ਨੂੰ ਕੁੱਟਣ ਗਏ ਸੀ ਉਹ ਹੁਣ ਪਰੇ ਹੱਟ ਗੇ'। ਸੱਟ ਜ਼ਿਆਦਾ ਵੱਜ ਗੀ' ਸੀ ਉਹਨਾਂ ਦੇ। ਜੱਸਾ ਵੀ ਪਿੱਛੇ ਹੱਟ ਗਿਆ। ਮਖਿਆਂ, " ਜੱਸੇ, ਮਾਰ ਇਹਦੇ ਭੈਣ ਦੇ... ਦੇ।" ਜਿਹੜਾ ਦੂਜਾ ਸੀ ਕੁੜਤੇ ਪਜ਼ਾਮੇ ਆਲ਼ਾ, ਉਹਦੇ ਵੱਲ ਇਸ਼ਾਰਾ ਸੀ ਮੇਰਾ। ਪਰ ਉਦੋਂ ਨੂੰ ਪਹਿਲੇ ਨੇ ਹਵਾਈ ਫਾਇਰ ਕਰ ਦਿੱਤਾ। ਅਸਲ 'ਚ ਉਹ ਸਿਵਲ ਕੱਪੜਿਆਂ 'ਚ ਠਾਣੇਦਾਰ ਸੀ ਹੇਡੋਂ ਚੌਂਕੀ ਦਾ।

ਪੈ ਗਿਆ ਘਸਮਾਣ। ਪੂਰੇ ਡਰ ਗਏ ਅਸੀਂ। ਜਦੋਂ ਭੱਜਣ ਲੱਗੇ ਤਾਂ ਦੂਜੇ ਬੰਦੇ ਨੇ ਗੋਲੂ ਦਾ ਗਲਮਾ ਫੜ ਲਿਆ। ਗੋਲੂ ਨੇ ਕੋਲ਼ ਹੀ ਟੈਲੀਫ਼ੋਨ ਆਲ਼ੀਆਂ ਤਾਰਾਂ ਵਾਸਤੇ ਪੱਟੀ ਹੋਈ ਖਾਈ 'ਚ ਛਾਲ ਮਾਰਤੀ ਅਤੇ ਟੀ-ਸ਼ਰਟ ਉਤਾਰਤੀ। ਪੁਲਸ ਆਲ਼ੇ ਹੱਥ ਟੀ-ਸ਼ਰਟ ਹੀ ਰਹਿ ਗੀ'। ਮੈਂ ਉਸ ਥਾਣੇਦਾਰ ਨੂੰ ਧੱਕਾ ਮਾਰਿਆ ਤਾਂ ਉਹ ਵੀ ਖਾਈ 'ਚ ਡਿੱਗ ਪਿਆ। ਨਹੀਂ

ਤਾਂ ਦੂਜੀ ਗੋਲ਼ੀ ਸਿੱਧੀ ਵੀ ਵੱਜ ਸਕਦੀ ਸੀ। ਪੰਜ ਕਿਲੋਮੀਟਰ ਕਣਕ ਵਿੱਚੋਂ ਦੀ ਭੱਜ ਕੇ ਗਏ। ਕੋਟਲੇ ਦੇ ਵਿੱਚੋਂ ਦੀ ਹੁੰਦੇ ਹੋਏ...।

ਅਸੀਂ ਹੁਣ ਘਰਖਣਾ ਪਿੰਡ, ਜੱਸੇ ਦੇ ਚੁਬਾਰੇ 'ਚ ਸੀ। ਸਕੂਟਰ ਉੱਥੇ ਈ ਛੱਡ ਆਏ, ਜਿਹੜਾ ਦੂਜੇ ਦਿਨ ਜੱਸੇ ਦੇ ਡੈਡੀ ਨੇ ਲਿਆਂਦਾ। "ਬਾਈ ਗੋਲੂ, ਟੀ-ਸ਼ਰਟ ਬੜੀ ਸਕੀਮ ਨਾਲ ਉਤਾਰੀ!" ਜੱਸਾ ਹੁਣ ਐਨਾ ਪ੍ਰਭਾਵਿਤ ਸੀ ਜਿਵੇਂ ਫੈਨ ਹੋ ਗਿਆ ਹੋਵੇ। ਗੋਲੂ ਜਦੋਂ ਹੱਸਦਾ ਸੀ ਤਾਂ ਉਹਦੀਆਂ ਅੱਖਾਂ ਮਿੱਚ ਜਾਂਦੀਆਂ ਸੀ। "ਠੱਗ ਸਟਾਈਲ ਕਿਤੇ ਮੰਗੇ ਹੋਣਾ ਨੂੰ ਈ ਔਂਦਾ!" ਕਹਿਕੇ ਉਹ ਹੱਸ ਪਿਆ।

ਹੁਣ ਨਾ ਜੱਸਾ ਰਿਹੈ, ਨਾ ਗੋਲੂ। ਬਹੁਤ ਵਧੀਆ ਇਨਸਾਨ ਸਨ। ਦੋਸਤ ਤਾਂ ਜਮਾਂ ਸਿਰੇ ਦੇ। ਦੋਨਾਂ ਦੇ ਇਸ ਜੱਗ ਤੋਂ ਜਾਣ ਨੇ, ਉਹ ਰਿਸ਼ਤੇ ਵੀ ਖ਼ਤਮ ਕਰਤੇ ਜਿਹੜੇ ਉਹਨਾਂ ਦੀਆਂ ਮਾਵਾਂ ਨਾਲ ਅਤੇ ਭੈਣਾਂ ਨਾਲ਼ ਸਕੀਆਂ ਮਾਵਾਂ ਭੈਣਾਂ ਵਾਂਗ ਬਣੇ ਸੀ। ਜੀ ਤਾਂ ਬਹੁਤ ਕਰਦੈ ਕਿ ਮਿਲ ਕੇ ਆਵਾਂ। ਪਰ ਸਬੱਬ ਜਿਹਾ ਨ੍ਹੀਂ ਬਣਦਾ ਤੇ ਹਿੰਮਤ ਵੀ ਨ੍ਹੀਂ ਪੈਂਦੀ। ਬਸ ਯਾਦਾਂ ਨੇ ਜੋ ਰਵਾ ਦਿੰਦੀਆਂ ਨੇ।



ਜਦੋਂ ਸਿਰ ਪੜਵਾਏ

ਜਦੋਂ ਇੱਕ ਫ਼ੋਨ ਨੇ ਬਹੁਤ ਪੁਰਾਣੀ ਅਤੇ ਅੰਤਾਂ ਦੀ ਦੁਸ਼ਮਣੀ ਭੁਲਾਈ ਤੇ ਦੁਸ਼ਮਣ ਨਾਲ਼ ਜੱਫੀ ਪਵਾਈ। ਫੇਰ ਦੂਜੇ ਫ਼ੋਨ ਨੇ ਸਿਰ ਪੜਵਾਇਆ। ਕਤਲ ਵਰਗੇ ਕੇਸ 'ਚ ਫਸਾਇਆ।

ਕਿਸੇ ਵਿਆਹ 'ਚ ਅਸੀਂ 'ਮਾਡਲ ਟਾਊਨ' ਗਰੁੱਪ ਨਾਲ ਲੜ ਪਏ। ਪੱਪੀ ਅਤੇ ਮੁੰਨਾ ਕਲਿਆਣੀਆ ਮੇਨ ਸੀ ਉਹਨਾਂ 'ਚੋਂ...। ਉਹਨਾਂ ਦੇ ਵੀ ਸੱਟਾਂ ਵੱਜੀਆਂ, ਸਾਡੇ 'ਚੋਂ ਜੋਗੀ ਘੱਗੇ ਦੇ ਸਿਰ 'ਚ ਬੋਤਲ ਵੱਜੀ। ਦੋਵੇਂ ਧਿਰਾਂ ਡਾਕਟਰ ਤੋਂ ਪੱਟੀਆਂ ਕਰਾਉਣ ਜੋਗੀਆਂ ਹੋ ਕੇ, ਵਿਆਹ 'ਚੋਂ ਬਾਹਰ ਨਿੱਕਲ਼ੀਆਂ। ਮੁੰਨਾ, ਵਾਲੀਬਾਲ ਦਾ ਚੰਗਾ ਖਿਡਾਰੀ ਹੋਣ ਕਰਕੇ ਸਾਡੇ ਸੀਨੀਅਰਜ਼ ਨੂੰ ਜਾਣਦਾ ਸੀ। ਮੇਰਾ ਵੀ ਚੰਗਾ ਜਾਣੂੰ ਸੀ। ਤਾਂ ਕਰਕੇ ਸਮਝੌਤਾ ਸੌਖਾ ਹੋ ਗਿਆ। ਪਰ ਅਸੀਂ ਸ਼ਰਤ ਲਗਾ ਦਿੱਤੀ ਬਈ ਪੱਪੀ ਵਰਗੇ ਲਹਿਲ ਕਲੋਨੀ, ਸਾਡੇ ਏਰੀਏ 'ਚ ਨਹੀਂ ਦਿਖਣੇ ਚਾਹੀਦੇ। ਉਹ ਮੰਨ ਗਏ।

ਜੇ ਕਿਤੇ ਬਾਹਰ ਵੀ ਮਿਲਦੇ ਤਲਖੀ ਬਣੀ ਰਹਿੰਦੀ। ਪਰ ਬਚਾਅ ਹੁੰਦਾ ਰਿਹਾ। ਉਹ ਕੋਈ ਸਾਲ ਭਰ ਸਾਡੇ ਵੱਲ ਨਾ ਦਿਖੇ। ਹੋਰ ਵੀ ਇੱਕ ਦੋ ਦਾ ਬੰਦ ਕਰਿਆ ਹੋਇਆ ਸੀ, ਆਪਦੇ ਇਲਾਕੇ 'ਚ ਵੜਨਾ। ਪੂਰੀ ਗੁੰਡਾਗਰਦੀ ਕਰਦੇ ਸੀ ਅਸੀਂ।

ਇੱਕ ਦਿਨ ਮੈਂ ਪਟਿਆਲਾ ਬੱਸ ਸਟੈਂਡ (ਪੀ. ਸੀ .ਓ.) ਤੋਂ ਇੱਕ ਫੋਨ ਅੰਮ੍ਰਿਤ ਨੂੰ ਕਰਿਆ। ਅਸਲ 'ਚ ਮੈਂ ਸਰਬ ਭੈਣ ਦੇ ਰਾਹੀਂ ਉਹਨਾਂ ਦੇ ਘਰ ਰਿਸ਼ਤੇ ਦੀ ਗੱਲ ਤੋਰ ਰੱਖੀ ਸੀ। ਉਹਨਾਂ ਦਿਨਾਂ 'ਚ ਸਾਡੇ ਗਵਾਂਢੀਆਂ ਦੀ ਕੁੜੀ ਸਰਬਜੀਤ (ਸਰਬ ਭੈਣ) ਅੰਮ੍ਰਿਤ (ਘੜਘੁੱਲੋ) ਦੇ ਕਾਲਜ 'ਚ ਲੈਕਚਰਾਰ ਸੀ। ਇੱਕ ਵਾਰ ਰਿਸ਼ਤੇ ਨੂੰ ਓਧਰੋਂ ਕੋਰੀ ਨਾਂਹ ਹੋ ਚੁੱਕੀ ਸੀ। ਮੇਰਾ ਈ ਮਨ ਨਹੀਂ ਸੀ ਮੰਨਦਾ। ਮੈਨੂੰ ਹੀ ਲੱਗਦਾ ਸੀ, ਉਹ ਮੇਰੀ ਈ ਹੋ ਕੇ ਰਹੂ।

ਜਦੋਂ ਮੈਂ ਫੋਨ ਕਰਿਆ ਤਾਂ ਖੁਸ਼ੀ ਦਾ ਠਿਕਾਣਾ ਨਾ ਰਿਹਾ। ਓਧਰੋਂ ਕੋਈ ਹਾਂ ਤਾਂ ਨਹੀਂ ਸੀ ਹੋਈ। ਪਰ ਜਿਹੜੀ ਪਹਿਲਾਂ ਕੋਰੀ ਨਾਂਹ ਸੀ। ਉਹ ਹੁਣ ਕੁਝ ਹਾਂ 'ਚ ਬਦਲਦੀ ਮਹਿਸੂਸ ਹੋਈ। ਅੰਦਰ ਇੱਕ ਚਾਅ ਜਿਆ ਚੜ੍ਹ ਗਿਆ ਸੀ। ਅੰਮ੍ਰਿਤ ਕਹਿੰਦੀ, "ਸ਼ਾਇਦ ਗੱਲ ਬਣ ਜੇ'।" ਉਹਨੇ ਐਨਾ ਈ ਕਹਿ ਕੇ ਫੋਨ ਕੱਟ 'ਤਾ। "ਸ਼ਾਇਦ ਗੱਲ ਬਣ ਜੇ" ਤਿੰਨ ਸ਼ਬਦ ਹੀ ਸਨ, ਪਰ ਜਿਹੜੇ ਯਕੀਨ 'ਚ ਉਹਨੇ ਇਹ ਤਿੰਨ ਸ਼ਬਦ ਬੋਲੇ ਜਾਂ ਮੈਂ ਸੁਣੇ, ਆਂਏਂ ਮਹਿਸੂਸ ਹੋਇਆ ਜਿਵੇਂ 'ਮੰਗਣਾ' ਈ ਹੋ ਗਿਆ ਹੋਵੇ।

ਜਦੋਂ ਮੈਂ ਪੀ. ਸੀ .ਓ. ਤੋਂ ਬਾਹਰ ਨਿੱਕਲ਼ਿਆ ਤਾਂ ਖੁਸ਼ੀ 'ਚ ਪਤਾ ਈ ਨਾ ਲੱਗਿਆ। ਪੰਜਾਹ ਦਾ ਨੋਟ ਦੇ ਕੇ ਬਕਾਇਆ ਵੀ ਨਾ ਲਿਆ। ਉਹਨੇ ਆਵਾਜ਼ ਵੀ ਮਾਰੀ ਸੀ। ਮੈਨੂੰ ਤਾਂ ਇਹ ਵੀ ਪਤਾ ਨਾ ਲੱਗਿਆ ਕਿ ਮੈਂ ਬਾਹਰ ਖੜ੍ਹੇ ਕਿਸ ਬੰਦੇ ਨਾਲ ਜੱਫੀ ਪਾ ਰਿਹੈਂ। ਕਿਸ ਨਾਲ਼

Scanned by CamScanner

ਹੱਥ ਮਿਲਾ ਰਿਹੈਂ, ਚਿੱਤ ਉੱਡੂੰ-ਉੱਡੂੰ ਕਰ ਰਿਹਾ ਸੀ। ਪੱਪੀ ਵੀ ਹੈਰਾਨ ਬਈ ਇਹ ਤਾਂ ਸਾਨੂੰ ਕਲੋਨੀ 'ਚ ਨ੍ਹੀਂ ਵੜਨ ਦਿੰਦਾ, ਅੱਜ ਇਹ ਜੱਫੀਆਂ ਕਿਉਂ ਪਾ ਰਿਹਾ!

ਉਸ ਦਿਨ ਤੋਂ ਬਾਅਦ ਪੱਪੀ ਹੋਰੀਂ ਥੋੜ੍ਹਾ ਬਹੁਤਾ ਆਉਣ ਲੱਗ ਪਏ, ਸਾਡੇ ਹੋਸਟਲ ਵੱਲ। ਮੇਰੇ ਨਾਲ਼ ਦੇ ਮੈਨੂੰ ਸੁਣਾਉਂਦੇ ਵੀ ਰਹਿੰਦੇ, ਬਈ ਹੁਣ ਫੇਰ ਸਿਆਪਾ ਛਿੜੂ ਕੋਈ ਨਾ ਕੋਈ। ਰੱਲਾ ਤਾਂ ਤਾਅਨਾ ਵੀ ਮਾਰਿਆ ਕਰੇ। ਅਖੇ, "ਮੰਗੇ ਤੂੰ ਥੋੜ੍ਹਾ ਹੋਛਾਪਣ ਦਿਖਾ ਜਾਨੈਂ, ਇਹ ਕਾਲ਼ੇ ਨਾਗ ਭੈਂ...ਨੇ, ਫੇਰ ਡੱਸਣਗੇ ਤੈਨੂੰ।"

ਮੇਰੇ ਅਤੇ ਠੱਗ ਉੱਤੇ ਇਹ ਟਿੱਪਣੀਆਂ ਆਮ ਈ ਕਰਦਾ ਸੀ ਸਾਡਾ ਗਰੁੱਪ, ਕਿ ਅਸੀਂ ਬਹੁਤ ਛੇਤੀ ਭੁੱਲ ਜਾਂਦੇ ਹਾਂ ਅਗਲੇ ਫ਼ਾਇਦਾ ਚੱਕਦੇ ਨੇ।

ਪਰ ਉਸ ਦਿਨ ਤਾਂ ਕੁਛ ਪਤਾ ਈ ਨਾ ਲੱਗਾ। ਪੱਪੀ ਜਿਹੜਾ ਜਾਨੀ ਦੁਸ਼ਮਣ ਸੀ। ਓਹੀ ਜਾਨ ਤੋਂ ਪਿਆਰਾ ਲੱਗੇ। ਲੱਗਦਾ ਵੀ ਕਿਉਂ ਨਾ, ਜਾਨ ਨੇ ਹਾਂ ਜੋ ਕਰਤੀ ਸੀ ਵਿਆਹ ਲਈ। ਫੇਰ ਜਦੋਂ ਪਿੰਡ ਜਾਣਾਂ ਤਾਂ ਘਰੇ ਕਦੀ ਕਦੀ ਗੱਲ ਹੁੰਦੀ ਰਹਿੰਦੀ ਫੋਨ 'ਤੇ।

ਇਹ ਕੋਈ ਚਾਰ ਪੰਜ ਸਾਲ ਬਾਅਦ ਲਿੰਕ ਬਣਿਆ ਸੀ। ਇਹ ਉਹ ਸਮਾਂ ਸੀ ਜਦੋਂ ਅਸੀਂ ਕਈ ਜਣੇਂ ਨਸ਼ੇ ਦੀ ਦਲ ਦਲ 'ਚ ਡੁੱਬ ਚੁੱਕੇ ਸੀ ਜਾਂ ਡੁੱਬ ਰਹੇ ਸੀ। ਪਰ ਮੰਨਦੇ ਨ੍ਹੀਂ ਸੀ ਬਈ ਅਸੀਂ ਨਸ਼ੇੜੀ ਹੋ ਗਏ ਹਾਂ। ਇਸੇ ਵਹਿਮ 'ਚ ਸਮੈਕ, ਸ਼ਰਾਬ ਰੋਜ਼ਾਨਾ ਵਾਂਗੂ ਪੀਂਦੇ ਕਿ ਅਸੀਂ ਕਿਹੜਾ ਪੱਕੀ ਪੀਂਦੇ ਆਂ। ਅਸੀਂ ਤਾਂ ਸ਼ੁਗਲ ਕਰਦੇ ਆਂ। ਊਂ ਓਦੋਂ ਸਾਨੂੰ ਲੱਗ-ਭੱਗ ਸਾਰੇ ਬਲੈਕੀਏ ਜਾਣਨ ਲੱਗ ਪਏ ਸਨ। ਕੀ ਪਟਿਆਲਾ, ਕੀ ਚੰਡੀਗੜ੍ਹ ਅਤੇ ਕਿੱਥੇ ਸ਼ਾਹਬਾਦ ਦੇ ਉਹ ਢਾਬੇ, ਜਿੱਥੋਂ ਸਾਰੇ ਦੇਸ਼ ਦੇ ਸਮੈਕੀਏ ਸਮੈਕ ਖਰੀਦਦੇ।

ਜਿਵੇਂ ਕਿਸੇ ਸਮੇਂ ਟੂਰਨਾਮੈਂਟ 'ਤੇ ਜਾਣ -ਪਛਾਣ ਦੇ ਆੜੀ ਮਿਲਦੇ ਹਨ। ਉਸੇ ਤਰਾਂ ਈ ਸ਼ਾਹਬਾਦ ਢਾਬੇ ਦੇ ਪਿੱਛੇ ਕਦੇ ਪੀਰ ਜੈਨੀਏ ਸੱਤੇ ਹੋਰੀਂ ਟੱਕਰ ਜਾਂਦੇ, ਕਦੇ ਭੱਲ ਮਾਜਰੇ ਆਲ਼ੇ ਅਮਨ ਹੋਰੀਂ, ਕਦੇ-ਕਦੇ ਖੰਨੇ ਆਲ਼ੇ ਗਾਂਧੀ ਗਰੁੱਪ ਆਲ਼ੇ। ਅਸੀਂ ਨਸ਼ੇ ਦੀ ਤਲਬ 'ਚ ਇਹ ਵੀ ਨਾ ਸੋਚਦੇ ਬਈ ਐਥੇ ਫੜੇ ਜਾ ਸਕਦੇ ਆਂ। ਜਲਦੀ-ਜਲਦੀ ਓਥੋਂ ਨਿੱਕਲ਼ਣ ਦੀ ਬਿਜਾਏ ਪਿਛਲੇ ਪਾਸੇ ਇੱਖ 'ਚ ਈ ਪੀਣ ਬੈਠ ਜਾਂਦੇ। ਇਹ ਉਹ ਦੌਰ ਸੀ, ਜਦੋਂ ਪੰਜਾਬ 'ਚ ਸਮੈਕ ਦਾ ਨਸ਼ਾ ਅਜੇ ਪੈਰ ਪਸਾਰ ਰਿਹਾ ਸੀ। ਓਦੋਂ ਅਸੀਂ ਪੰਜਾਬ ਪੁਲਿਸ ਦੇ ਸਾਹਮਣੇ ਵੀ ਪੀ ਲੈਂਦੇ। ਉਹਨਾਂ ਨੂੰ ਪਤਾ ਨਾ ਚੱਲਦਾ ਕਿ ਇਹ ਕੀ ਕਰ ਰਹੇ ਨੇ। ਜੇ ਕੋਈ ਪੁੱਛਦਾ ਤਾਂ ਕਹਿੰਦੇ, "ਖੰਘ ਦੀ ਦੇਸੀ ਦਵਾਈ ਹੈ, ਦਮਾ ਹੋਇਆ ਹੈ।"

'ਰੱਲੇ' ਦੇ ਜਨਮ ਦਿਨ ਦੀ ਪਾਰਟੀ 'ਚ ਅਸੀਂ ਪੈੱਗ ਲਗਾ ਰਹੇ ਸੀ। ਉਹ ਢਾਈ ਲੀਟਰ ਕੋਲਡ ਡਰਿੰਕ ਆਲ਼ੀ ਬੋਤਲ ਲਿਆਇਆ ਸੀ। ਦਾਰੂ ਵੀ ਬਦਾਮ ਪਾ ਕੇ ਕੱਢੀ ਹੋਈ ਸੀ, ਪੂਰੀ ਭਰ ਕੇ ਲਿਆਇਆ ਸੀ। ਮੈਂ ਵਿੱਚੋਂ ਹੀ ਉੱਠ ਕੇ ਹੋਸਟਲ ਦੇ ਬਾਹਰੋਂ ਪੀ.ਸੀ.ਓ. ਤੋਂ ਫੋਨ ਕਰਨ ਚਲਾ ਗਿਆ। ਫੋਨ ਪਹਿਲਾਂ ਕਿਸੇ ਹੋਰ ਨੇ ਚੱਕਿਆ ਮੈਂ ਕੱਟ 'ਤਾ। ਫੇਰ ਕਰਿਆ ਤਾਂ

ਫੇਰ ਅੰਮ੍ਰਿਤ ਬੋਲੀ। ਉਹਨੇ ਪੈਂਦੀ ਸੱਟੇ, "ਅੱਜ ਤੋਂ ਬਾਅਦ ਫੋਨ ਨਾ ਕਰੀਂ, ਆਪਣਾ ਵਿਆਹ ਨ੍ਹੀਂ....।"

ਉਹਨੇ ਪੂਰਾ ਵਾਕ ਵੀ ਨਾ ਬੋਲਿਆ ਤੇ ਫੋਨ ਕੱਟ 'ਤਾ। ਮੈਂ ਜਿਵੇਂ ਸੁੰਨ ਹੋ ਗਿਆ ਹੋਵਾਂ, ਸੁੱਝੇ ਈ ਕੁਛ ਨਾ। ਕਿੰਨਾਂ ਚਾਅ ਸੀ ਮੈਨੂੰ ਅੰਮ੍ਰਿਤ ਨਾਲ ਵਿਆਹ ਹੋਣ ਦਾ। ਪੰਜ ਮਿੰਟ ਪਹਿਲਾਂ ਪੈੱਗ ਬਣਾਉਂਦੇ ਅਸੀਂ ਮੇਰੇ ਵਿਆਹ ਦੀਆਂ ਹੀ ਗੱਲਾਂ ਕਰਦੇ ਸੀ, ਬਈ ਬਰਾਤ ਕਿਵੇਂ ਜਾਣਾਂ ਹੈ। ਵਿਆਹ, ਸਰਦੀਆਂ 'ਚ ਕਰਾਉਣਾ... ਜਾਂ ਗਰਮੀਆਂ 'ਚ...। ਪਰ ਸਭ ਚਕਨਾਚੂਰ ਹੋ ਗਿਆ ਸੀ ਫੋਨ ਸੁਣ ਕੇ। ਢਹਿ-ਢੇਰੀ ਹੋ ਗਿਆ ਸੀ ਮੀਨਾਰ-ਇ-ਮੁਹੱਬਤ। ਇੱਕ ਦਮ ਰੋਸ 'ਚ ਬਦਲ ਗਿਆ ਸੀ ਵਿਆਹ ਵਰਗਾ ਚੜ੍ਹਿਆ ਚਾਅ। ਜਿਵੇਂ ਕਿਸੇ ਨੇ ਮੈਨੂੰ ਮੇਰੀ ਔਕਾਤ ਦਿਖਾ ਦਿੱਤੀ ਹੋਵੇ।

ਪੀ.ਸੀ.ਓ. 'ਚੋਂ ਬਾਹਰ ਨਿੱਕਲ਼ਿਆ ਤਾਂ ਪੱਪੀ ਖੜ੍ਹਾ ਆਪਣੇ ਦੋਸਤ ਨਾਲ ਸਿਗਰਟ ਪੀਵੇ। ਉਹ ਮੇਰੇ ਵੱਲ ਨੂੰ ਹੱਥ ਮਿਲਾਉਣ ਲਈ ਵਧਿਆ... ਮੈਂ ਵੀ ਉਹਦੇ ਵੱਲ ਨੂੰ ਹੋਇਆ। ਉਹਨੇ ਸਿਗਰਟ ਪੀਣ ਦੀ ਆਫ਼ਰ ਕਰੀ... ਮੈਨੂੰ ਪਤਾ ਨ੍ਹੀਂ ਕੀ ਹੋਇਆ। ਮੈਂ ਵੱਟ ਕੇ ਚਪੇੜ ਮਾਰੀ ਉਹਦੇ ਮੂੰਹ 'ਤੇ। ਪੱਪੀ ਨੂੰ ਤਾਂ ਵਿਚਾਰੇ ਨੂੰ ਇਹੋ ਹੋਣਾ, ਬਈ ਹੁਣ ਗੱਲ ਖ਼ਤਮ ਹੋ ਚੁੱਕੀ ਹੈ।

ਬਸ ਫੇਰ ਪੈ ਗਿਆ ਘਸਮਾਣ ...ਕਦੇ ਉਹ ਉੱਪਰ ...ਕਦੇ ਮੈਂ...। ਉੱਥੇ ਪੀ.ਸੀ.ਓ. ਨਾਲ ਢਾਬੇ ਕੋਲ਼ ਇੱਕ ਕਬਾੜ ਦੀ ਦੁਕਾਨ ਐ ਅਤੇ ਇੱਕ ਡੇਂਟਿੰਗ-ਪੇਂਟਿੰਗ ਦੀ ਵੀ ਨਾਲ਼ ਈ ਐ। ਉਹਨੇ ਓਥੋਂ ਰਿਕਸ਼ੇ ਆਲੀ ਰਾਡ ਚੱਕ ਲਈ, ਜਿਹੜੀ ਪਿਛਲੇ ਟਾਇਰਾਂ ਵਿਚਾਲੇ ਹੁੰਦੀ ਐ। ਮੇਰੇ ਹੱਥ 'ਚ ਚੇਤਕ ਸਕੂਟਰ ਆਲੀ ਢੋਲਕੀ (ਸਾਈਲੈਂਸਰ) ਆ ਗਈ, ਜੋ ਤਾਜ਼ਾ ਵੈਲਡ ਹੋਣ ਕਰਕੇ ਗਰਮ ਬਹੁਤ ਸੀ। ਅਸੀਂ ਇੱਕੋ ਵੇਲ਼ੇ ਇੱਕ ਦੂਜੇ 'ਤੇ ਵਾਰ ਕਰਤਾ, ਦੋਵਾਂ ਦੇ ਸਿਰ ਫਟ ਗਏ, ਦਵਾੜ ਖੁੱਲ੍ਹ ਗੇ'। ਮੇਰੇ ਹੱਥ ਦੀਆਂ ਉਂਗਲਾਂ ਅੱਧੀ ਇੰਚ ਜਿੰਨੀਆਂ ਪੈਣ, ਜਦੋਂ ਮੈਂ ਸੱਟ ਨੂੰ ਟੋਹਕੇ ਦੇਖਿਆ। ਜਮਾਂ ਵਿਚਾਲਿਓਂ ਜਿੱਥੇ ਵਾਲਾਂ ਦੀ ਚੀਰਮੀ ਕੱਢਦੇ ਹੁੰਦੇ ਨੇ ਓਥੋਂ ਫਟਿਆ ਸੀ ਤੇ ਉਹਦਾ ਸਾਈਡ ਤੋਂ ਜਿੱਥੇ ਕਈ ਬੰਦੇ ਟੇਢੀ ਜਿਹੀ ਚੀਰਮੀ ਕੱਢਦੇ ਨੇ, ਅਜੇ ਦੇਵਗਨ ਵਾਂਗ। ਮੇਰੀ ਉਂਗਲ ਵੀ ਫਟ ਗਈ ਅਤੇ ਨੱਕ ਦਾ ਖੱਬਾ ਪਾਸਾ ਬੁੱਲ੍ਹ ਕੋਲੋਂ ਉੱਖੜ ਗਿਆ। ਜ਼ਖ਼ਮ ਏਨਾਂ ਡੂੰਘਾ ਸੀ ਕਿ ਦੰਦਾਂ ਤੱਕ ਖੱਡ ਜਿਹੀ ਹੋ ਗੀ' ਸੀ। ਦੋਵਾਂ ਦੇ ਕੱਪੜੇ ਖ਼ੂਨ ਨਾਲ ਲੱਥਪਥ। ਮੇਰੇ ਤਾਂ ਜੱਸੀ ਆਲ਼ੀ ਜੈਕਟ ਪਾਈ ਹੋਈ ਸੀ, ਬੇਚਾਰੇ ਨੇ ਇੱਕ ਵਾਰ ਨ੍ਹੀਂ ਸੀ ਪਾਈ ਕਾਲਜ ਨੂੰ। ਐਨੇ ਨੂੰ ਹੋਸਟਲ 'ਚੋਂ ਰੱਲਾ, ਸੰਦੀਪ, ਠੱਗ, ਬਰਾੜ, ਮਣੀ, ਜੱਸੀ ਹੋਰੀਂ ਆ ਗਏ। ਹੁਣ ਅਸੀਂ ਭਾਰੀ ਪੈ ਗਏ ਉਹਨਾਂ 'ਤੇ...।

ਫੇਰ ਤਾਂ ਉਹ ਇਕੱਲਾ ਹੀ ਰਹਿ ਗਿਆ। ਉਹਦੇ ਨਾਲ਼ ਦਾ ਭੱਜ ਗਿਆ। ਮੇਰੇ ਨਾਲ਼ ਦੇ ਆ ਗਏ। ਹੋਸਟਲ 'ਚੋਂ ਹਜੂਮ ਦੀ ਸ਼ਕਲ 'ਚ ਹੇੜ ਜਿਹੀ ਆ ਗਈ ਸੀ। ਮੈਂ ਬਥੇਰਾ ਰੋਕਿਆ ਉਹਨਾਂ ਨੂੰ...। ਇੱਕ ਹੱਥ ਨਾਲ ਰੁਮਾਲ ਫੜ੍ਹ ਕੇ ਖ਼ੂਨ ਵਗਣ ਤੋ ਰੋਕਾਂ ਤੇ ਦੂਜੇ ਨਾਲ ਉਹਨਾਂ ਨੂੰ

ਬਾਹਾਂ ਤੋਂ ਫੜਾਂ। ਉਹਨੂੰ ਤਾਂ ਨੰਗਾ ਕਰ ਕੇ ਕੁੱਟਿਆ ਮੂਰਖਾਂ ਨੇ, ਜਿਹੜਾ ਪੱਪੀ ਦੇ ਨਾਲ਼ ਦਾ ਸੀ। ਪੱਪੀ ਦੇ ਵੀ ਪਿੰਡੇ 'ਤੇ ਇੱਕ ਨਿੱਕਰ ਈ ਬਚੀ ਸੀ। ਨਾਈਕ ਦੇ ਬੂਟ ਤਾਂ ਕਿੰਨਾਂ ਸਮਾਂ ਹੋਸਟਲ ਰੁਲ਼ਦੇ ਰਹੇ। ਮੈਨੂੰ ਮੇਰੇ ਨਾਲ਼ਦੇ ਹਸਪਤਾਲ 'ਚ ਲੈ ਗਏ ਤੇ ਉਹਨੂੰ ਪੁਲਿਸ ਆਲ਼ੇ। ਓਥੋਂ ਕਲੋਨੀ 'ਚੋਂ ਕਿਸੇ ਨੇ ਪੁਲਿਸ ਨੂੰ ਫੋਨ ਕਰਤਾ ਸੀ।

ਐਮਰਜੈਂਸੀ ਵਾਰਡ 'ਚ ਦੋਵੇਂ ਪਏ ਸਟਰੈਚਰ ਉੱਤੇ। ਮੇਰੇ ਕੋਲ਼ ਰੱਲਾ, ਸਿਕੰਦਰ ਅਤੇ ਮਹਿੰਦਰਾ ਕਾਲਜ ਆਲ਼ੇ ਬਾਲੀ ਬਾਈ ਹੋਰੀਂ ਖੜ੍ਹੇ ਸਨ ਅਤੇ ਪੱਪੀ ਕੋਲ਼ ਉਹਦੇ ਘਰ ਦੇ ਉਹਨੂੰ ਸੰਭਾਲ਼ ਰਹੇ ਸੀ। ਮਹਿੰਦਰਾ ਕਾਲਜ ਦਾ ਹੋਸਟਲ ਸਾਡੇ ਲਈ ਅਤੇ ਸਾਡਾ ਉਹਨਾਂ ਲਈ ਬੇਗਾਨਾ ਨ੍ਹੀਂ ਸੀ। ਰਿੱਕੀ, ਰਾਓ, ਵਿੱਕੀ ਜਟਾਣਾ, ਅਵਤਾਰ ਤਾਰੂ, ਕਾਕਾ ਕੌਤਕੀ, ਯਾਦੂ, ਮਾਨ, ਲੱਖੇ ਅਤੇ ਤਾਊ ਵਰਗੇ ਕੰਡਾ ਲੱਗੇ ਤੋਂ ਵੀ ਭੱਜੇ ਆਉਂਦੇ।

ਮੈਂ ਪੁਲਿਸ ਨੂੰ ਬਿਆਨ ਦਿੱਤਾ ਜਮਾਂ ਝੂਠਾ। ਅਖੇ, "ਇਹ ਸਾਡੇ ਕਾਲਜ ਦੀ ਕੁੜੀ ਨਾਲ ਮੰਗਿਆ ਹੋਇਆ। ਤਾਂ ਕਰ ਕੇ ਸਾਨੂੰ ਕਹਿੰਦੈ ਰਹਿੰਦੈ, ਮੈਂ ਥੋੜਾ ਜੀਜਾ ਲੱਗਦੈਂ। ਅਸੀਂ ਮਨਾਂ ਕਰਿਆ ਪਰ ਇਹ ਚਾਂਭਲ-ਚਾਂਭਲ ਕੇ ਭੱਦੇ ਮਜ਼ਾਕ ਕਰਦਾ ਰਹਿੰਦੈ...। ਇਸ ਕਰਕੇ ਸਾਡੀ ਲੜਾਈ ਹੋਈ।" ਮੰਗਿਆ ਹੋਇਆ ਤਾਂ ਉਹ ਹੈਗਾ ਸੀ, ਪਰ ਮਜ਼ਾਕ ਆਲ਼ੀ ਗੱਲ ਮੈਂ ਊਂਈਂ ਕਹਿਤੀ।

ਉਹਨੇ ਬਿਲਕੁਲ ਸੱਚਾ ਬਿਆਨ ਦਿੱਤਾ। ਕਰਾਸ ਕੇਸ ਬਣਾ ਕੇ ਉਹ ਚਲੇ ਗਏ। ਪਰ ਅਸੀਂ ਫੇਰ ਲੜ ਪੇ'। ਉਹਨੇ ਗੱਲ ਈ ਐਵੇਂ ਦੀ ਕਹੀ ਸੀ, ਦੰਦ ਜਿਹੇ ਮੀਚ ਕੇ, "ਜੱਟ ਦੀ ਯਾਰੀ ਵੀ ਕੈਮ ਹੁੰਦੀ ਐ, ਵੈਰ ਵੀ ਝੋਟੇ ਆਲ਼ਾ ਹੁੰਦੈ... ਠੀਕ ਹੋ ਜਾਣ ਦੋ... ਭੈਣ ਦਿਆਂ ਯਾਰਾਂ ਨੂੰ ਘਰੋਂ ਚੱਕ-ਚੱਕ ਕੁੱਟੂੰ... ਜਮਾਂ ਨੰਗੇ ਕਰ -ਕਰ... ਜਿਹੜੀ ਤੁਸੀਂ ਅੱਜ ਕੀਤੀ ਐ ਇਹਤੋਂ ਵੀ ਮਾੜੀ... ਹਮੇਸ਼ਾਂ ਤਾਂ 'ਕੱਠੇ ਨ੍ਹੀਂ ਰਹਿਣੈ ਤੁਸੀਂ...।"

ਮੈਂ ਗੁਲੂਕੋਜ਼ ਆਲ਼ਾ ਸਟੈਂਡ ਮਾਰਿਆ ਉਹਦੇ ਸਿਰ 'ਚ ਜੋਰ ਨਾਲ਼। ਉਹਨੇ ਲਲਕਾਰਿਆ ਈ ਐਵੇਂ ਸੀ ਕਿ ਗੁੱਸਾ ਆ ਗਿਆ। ਉੱਤੋਂ ਭੈਣ ਦੀ ਗਾਲ਼...।

ਫੇਰ ਸਾਡੇ ਕੋਲ਼ ਓਨਾਂ ਚਿਰ ਪੁਲਿਸ ਦਾ ਪਹਿਰਾ ਰਿਹਾ, ਜਿੰਨਾਂ ਚਿਰ ਸਾਨੂੰ ਅਲੱਗ-ਅਲੱਗ ਵਾਰਡ 'ਚ ਸ਼ਿਫਟ ਨ੍ਹੀਂ ਕਰਿਆ। ਲੜਾਈ ਹੁਣ ਬੰਦ ਹੋ ਗੀ' ਸੀ ਤੇ ਇਲਾਜ਼ ਸ਼ੁਰੂ....।

ਜਦੋਂ ਐਮਰਜੈਂਸੀ ਵਾਰਡ 'ਚੋਂ ਸਾਨੂੰ ਆਮ ਵਾਰਡਾਂ 'ਚ ਲਿਜਾ ਰਹੇ ਸੀ ਤਾਂ ਇੱਕ ਪੰਜ ਕੁ ਫੁੱਟ ਦਾ ਤੀਹ-ਬੱਤੀ ਸਾਲਾਂ ਦਾ ਗੋਲ਼ ਜਿਹਾ ਮੁੰਡਾ, ਸਾਡੇ ਨਾਲ਼ ਤੁਰਿਆ ਜਾ ਰਿਹਾ ਸੀ ਮੇਰਾ ਡਰਿੱਪ ਫੜੀਂ। ਸਾਨੂੰ ਲੱਗਿਆ ਹਸਪਤਾਲ ਦਾ ਮੁਲਾਜ਼ਮ ਹੋਊ। ਉਹਨੇ ਦਵਾਈਆਂ ਵੀ ਚੱਕੀਆਂ ਹੋਈਆਂ। ਉਹਦਾ ਸਾਡੇ ਨਾਲ ਦੋਸਤਾਨਾ ਵਿਵਹਾਰ ਥੋੜ੍ਹਾ ਅਜੀਬ ਜਿਆ ਵੀ ਲੱਗੇ। ਖੈਰ!

ਹੁਣ ਸਮਾਂ ਸੀ ਫਟੇ ਸਿਰ ਨੂੰ ਸਿਊਣ ਦਾ, ਭਾਵ ਟਾਂਕੇ ਲਾਉਣ ਦਾ। ਨਰਸ ਨੇ ਟਾਂਕੇ ਆਲ਼ੀ ਜਗ੍ਹਾ ਸੁੰਨ ਕਰਨ ਦਾ ਟੀਕਾ ਲਾਇਆ, ਪਰ ਗੱਲ ਨਾ ਬਣੀ। ਸੱਟ ਆਲ਼ੀ ਜਗ੍ਹਾ ਸੁੰਨ ਹੋਣ ਦੀ ਬਿਜਾਏ ਨਰਸ ਸੁੰਨ ਹੋਈ ਜਾਵੇ ਸੋਚ-ਸੋਚ ਕੇ, ਬਈ ਐਨਾ ਸਟਰਾਂਗ ਇੰਜੈਕਸ਼ਨ ਕੰਮ ਕਿਉਂ ਨ੍ਹੀਂ ਕਰ ਰਿਹਾ। ਜਖ਼ਮ ਸੁੰਨ ਕਿਉਂ ਨ੍ਹੀਂ ਹੋ ਰਿਹਾ! ਨੱਕ ਬੁੱਲ੍ਹ ਕੋਲ਼ ਤਾਂ ਮੈਂ ਟਾਂਕੇ ਲਾਉਣ ਈ ਨਾ ਦਿੱਤੇ। ਦਾਗ ਪੈਣ ਦਾ ਡਰ ਕਰਕੇ ਸਾਫ਼ ਮਨ੍ਹਾਂ ਕਰਤਾ। ਪਰ ਸਿਰ 'ਚ ਲਗਾਉਣੇ ਜਰੂਰੀ ਸਨ, ਜ਼ਖ਼ਮ ਬਹੁਤ ਡੂੰਘਾ ਸੀ।

"ਸਿਸਟਰ, ਡਬਲ ਡੋਜ਼ ਪਾ ਕੇ ਟੀਕਾ ਲਗਾਓ... ਸਿੰਗਲ ਨੇ ਕੰਮ ਨ੍ਹੀਂ ਕਰਨਾ, ਸਪੋਰਟਸ ਮੈਨ ਤਕੜੇ ਹੁੰਦੇ ਨੇ...।" ਬਾਲੀ ਦੀ ਗੱਲ ਸੁਣ ਕੇ ਅਸੀਂ ਹੱਸ ਪਏ।

ਉਹ ਡਾਕਟਰ ਦੀ ਉਡੀਕ ਕਰਨ ਲੱਗ ਪਈ। ਬਾਲੀ ਤੇ ਸੁੱਖੀ ਮੈਨੂੰ ਬਾਥਰੂਮ 'ਚ ਲੈ ਗਏ ਗੁਲੂਕੋਜ਼ ਹੱਥ 'ਚ ਫੜਕੇ। ਉੱਥੇ ਇੱਕ ਕੋਰੈਕਸ ਦੀ ਸ਼ੀਸ਼ੀ ਤਾਂ ਬਾਲੀ ਨੇ ਪਿਲਾਤੀ ਅਤੇ ਇੱਕ ਸੁੱਖੀ ਨੇ। ਸੁੱਖੀ ਨੇ ਤਾਂ ਚਾਰ ਪੰਜ ਲਾਈਨਾਂ ਸਮੈਕ ਦੀਆਂ ਲਵਾਤੀਆਂ। ਆਪਾਂ ਹੋ ਗੇ' ਕਾਇਮ, ਹੱਥ ਨਾਲ਼ ਸੱਟ ਨੂੰ ਟੋਹ ਕੇ ਦੇਖ ਲਿਆ ਸੀ। ਬੈੱਡ ਕੋਲ਼ ਆ ਕੇ ਨਰਸ ਨੂੰ ਬਾਲੀ ਕਹਿੰਦਾ, "ਸਿਸਟਰ ਜੀ, ਹੋ ਗਿਆ ਸੁੰਨ... ਅਸਰ ਥੋੜ੍ਹਾ ਲੇਟ ਕਰਦੀ ਆ ਦਵਾਈ।" ਬਸ ਫੇਰ ਸਿਊਂ ਦਿੱਤਾ ਉਹਨਾਂ ਨੇ ਜਖ਼ਮ।

ਰਾਤ ਨੂੰ ਬਾਲੀ ਤੇ ਸਿਕੰਦਰ ਮੇਰੇ ਕੋਲ ਰਹੇ। ਬਹੁਤ ਹਸਾਇਆ ਗੱਲਾਂ ਸੁਣਾ ਸੁਣਾ ਕੇ। ਜਦੋਂ ਹੱਸਾਂ ਤਾਂ ਡਿਊਟੀ ਨਰਸ ਡਾਂਟਿਆ ਕਰੇ, "ਟਾਂਕੇ ਤਾਜ਼ੇ ਨੇ, ਚੁੱਪ ਕਰੋ।" ਪਰ ਹਾਸਾ ਉਹਦਾ ਵੀ ਨ੍ਹੀਂ ਸੀ ਰੁਕਦਾ। ਕਈ ਵਾਰੀ ਤਾਂ ਉੱਚੀ ਉੱਚੀ ਹੱਸੀ ਸਾਡੇ ਨਾਲ਼ ਈ, ਠੱਗ ਦੇ ਕਿੱਸੇ ਸੁਣ-ਸੁਣ ਕੇ। ਆਹ ਗੱਲ 'ਤੇ ਤਾਂ ਉਹ ਆਪਣਾ ਹਾਸਾ ਰੋਕ ਈ ਨ੍ਹੀਂ ਸਕੀ। ਕਈ ਵਾਰ ਫੇਰ ਵੀ ਹੱਸੀ ਗਈ ਬੇਚਾਰੀ ਰੁਕ-ਰੁਕ ਕੇ। ਇਹ ਗੱਲ ਮੈਂ ਸੁਣਾਈ ਸੀ ਕਿ ਇੱਕ ਵਾਰ ਮੈਂ ਠੱਗ ਨਾਲ਼ ਸੰਗਰੂਰ ਚਲੇ ਗਿਆ ਠੱਗ ਦੇ ਘਰ। ਓਥੇ ਮੈਨੂੰ ਸਮਾਨ ਦੀ ਤਲਬ ਉਠ ਖੜ੍ਹੀ। ਕਿਉਂਕਿ ਸਵੇਰੇ ਦੀ ਪੀਤੀ ਹੋਈ ਸੀ। ਕਿਉਂਕਿ ਹੁਣ ਦੁਬਾਰਾ ਪੀਣ ਦਾ ਸਮਾਂ ਹੋ ਚਲਿਆ ਸੀ। ਦੁਬਾਰਾ ਕੀ ਐਨੇ ਨੂੰ ਕਿੰਨੇ ਵਾਰ ਪੀਣੀ ਸੀ। ਖੈਰ! ਠੱਗ ਨੇ ਤਾਂ ਪੈੱਗ ਲਗਾ ਲਿਆ। ਅਸੀਂ ਸਮੈਕ ਵੇਚਣ ਵਾਲੇ ਨੂੰ ਲੱਭਣ ਚਲੇ ਗਏ ਇੱਕ ਬਸਤੀ ਜਿਹੀ 'ਚ। ਬਹੁਤ ਨੂੰ ਪੁੱਛਿਆ ਸੀ ਪਰ ਗੱਲ ਨਾ ਬਣੀ। ਫੇਰ ਕਿਸੇ ਹੱਥ ਸੁਨੇਹਾ ਦੇ ਕੇ ਇਹਦਾ ਪੁਰਾਣਾ ਬੇਲੀ ਸੱਦਿਆ, ਨਾਮ ਸੀ ਉਸਦਾ ਸ਼ਾਇਦ 'ਕਾਕਾ'।

ਮੇਰਾ ਹੁਣ ਵੀ ਹਾਸਾ ਨਿੱਕਲ਼ੀ ਜਾਦੈਂ। ਓਦਣ ਵੀ ਟਾਂਕੇ ਦੁਖਣ ਹੱਸਦੇ ਦੇ। ਜਦੋਂ ਉਹ ਸਾਡੇ ਕੋਲ਼ ਆਇਆ ਤਾਂ ਹਿੱਲੀ ਜਾਵੇ, ਪਤੰਦਰ ਐਨਾ ਟੈਟ ਸੀ ਕਿ ਪੁੱਛੋ ਈ ਨਾ... ਫ੍ਰੈਂਚ ਕੱਟ ਦਾੜ੍ਹੀ, ਲੰਬੇ-ਲੰਬੇ ਵਾਲ਼ ਜਮਾ ਹਿੱਪੀ ਦਿੱਸਦਾ ਸੀ। ਯਾਮ੍ਹੇ ਮੋਟਰਸਾਈਕਲ ਦੀ ਟੈਂਕੀ ਦੀ ਜਗ੍ਹਾ ਪਤੰਦਰ ਬੋਤਲ ਈ ਬੰਨੀ ਫਿਰੇ। ਮੈਂ ਹੈਰਾਨੀ ਜਿਹੀ 'ਚ ਪੁੱਛਿਆ, "ਵੀਰੇ ਟੈਂਕੀ...?"

ਕਹਿੰਦਾ, "...ਵੀਰ ਤੇਲ ਤਾਂ ਵੀਹਾਂ ਦਾ ਪਵਾਉਣਾ ਹੁੰਦੈਂ, ਫੇਰ ਐਡੀ ਵੱਡੀ ਟੈਂਕੀ ਕੀ ਕਰਨੀ ਸੀ। ਆਪਾਂ 'ਤਾਰਕੇ ਬਾਰਾਂ ਸੌ ਦੀ ਬੇਚਤੀ'।" ਫੇਰ ਅਪਦੀ ਜੇਬ ਨੂੰ ਹੱਥ ਲਾ ਕੇ ਕਹਿੰਦਾ, "ਆਹ ਸਮਾਨ ਟੈਂਕੀ ਆਲਿਆਂ 'ਚੋਂ ਹੀ ਲਿਆਂਦਾ ਬਾਈ ਜੀ, ਆ ਜੋ ਧਰਮਸ਼ਾਲਾ ਵਿੱਚ ਪੀਂਦੇ ਹਾਂ।" ਅਸੀਂ ਬਹੁਤ ਹੱਸੇ ਸੀ ਓਦਣ ਸੰਗਰੂਰ ਵੀ ਅਤੇ ਉਹ ਹਸਪਤਾਲ ਵਿੱਚ ਸਾਡੇ ਨਾਲ ਉਹ ਨਰਸ ਵੀ।

ਠੱਗ ਦੀਆਂ ਗੱਲਾਂ ਹੈ ਈ ਐਵੇਂ ਦੀਆਂ ਨੇ, ਜ਼ਿੰਦਾਦਿਲੀ ਨਾਲ਼ ਭਰੀਆਂ ਪਈਆਂ ਨੇ। ਇੱਕ ਹਫ਼ਤਾ ਖੂਬ ਰੌਣਕਾਂ ਲੱਗੀਆਂ ਹਸਪਤਾਲ 'ਚ। ਯੂਨੀਵਰਸਿਟੀ ਅਤੇ ਮਹਿੰਦਰਾ ਕਾਲਜ ਆਲ਼ੇ ਤਾਂ ਜਿਵੇਂ ਉੱਥੇ ਪੇਪਰ ਦੇਣ ਆਉਂਦੇ ਹੋਣ। ਇਕ ਜਾਇਆ ਕਰੇ, ਕਦੇ ਜੱਗੀ, ਕਦੇ ਯਾਦੀ, ਦੋ ਆ ਜਿਆ ਕਰਨ। ਘਰ ਬੀਬੀ ਹੋਰਾਂ ਨੂੰ ਕੁਛ ਨ੍ਹੀਂ ਸੀ ਪਤਾ।

ਇੱਕ ਹੋਰ ਭਸੂੜੀ ਪੈ ਗੀ'। ਅੰਮ੍ਰਿਤ ਦੇ ਕਾਲਜ ਸਲਾਨਾ ਪ੍ਰੋਗਰਾਮ ਸੀ। ਮੈਂ ਜ਼ਿੱਦ ਫੜ ਲਈ ਅਖੇ ਮੈਂ ਤਾਂ ਦੇਖਣਾ ਉਹਨੂੰ ਨੱਚਦੀ ਨੂੰ। ਉਹ, ਓਦੋਂ ਮਸ਼ਹੂਰ ਕਹਾਣੀਕਾਰ ਗੁਰਪਾਲ ਲਿੱਟ ਜੀ ਦੇ ਚਲਾਏ ਰੋਬਿਨ ਕਾਲਜ ਭਾਦਸੋਂ ਪੜ੍ਹਦੀ ਸੀ। ਕਿੰਨੇ ਸਾਲਾਂ ਤੋਂ ਮੈਂ ਮਿੱਸ ਨ੍ਹੀਂ ਸੀ ਕਰਿਆ ਉਹਦਾ ਪ੍ਰੋਗਰਾਮ।

ਸਾਨੂੰ ਛੁੱਟੀ ਮਿਲਣ ਦੀ ਕਾਹਲ਼ ਹੋ ਗੀ'। ਪੂਰਾ ਹਫ਼ਤਾ ਹੋ ਗਿਆ ਸੀ।

ਓਦਣ ਮੈਨੂੰ ਹਸਪਤਾਲ 'ਚੋਂ ਛੁੱਟੀ ਮਿਲਣੀ ਸੀ। ਅੰਮ੍ਰਿਤ ਦੇ ਕਾਲਜ ਪ੍ਰੋਗਰਾਮ ਵੀ ਉਸੇ ਦਿਨ ਸੀ। ਮੇਰੇ ਕੋਲ਼ ਸਿਕੰਦਰ ਅਤੇ ਬਾਲੀ ਬਾਬਾ ਸਨ। ਬਾਲੀ ਨੂੰ ਮੈਂ ਇੱਕ ਦਿਨ ਪਹਿਲਾਂ ਈ ਦੱਸਤਾ ਸੀ ਭਾਦਸੋਂ ਜਾਣ ਬਾਰੇ ਕਿ ਮੈਂ ਜਾਣਾਂ ਈ ਜਾਣੈਂ। ਜੇ ਛੁੱਟੀ ਨਾ ਮਿਲੀ ਤਾਂ ਵੀ ਜਾਊਂਗਾ ਐਥੋਂ। ਮੇਰਾ ਆਖਰੀ ਫੈਸਲਾ ਸੀ।

ਡਿਊਟੀ ਡਾਕਟਰ ਛੁੱਟੀ ਨਾ ਦੇਵੇ। ਸਾਨੂੰ ਵੀ ਪਤਾ ਲੱਗ ਗਿਆ, ਬਈ ਉਹ ਜਿਹੜਾ ਗੋਲ਼ ਜਿਹਾ ਬੰਦਾ ਓਦਣ ਦਾਖਲ ਹੋਣ ਸਮੇਂ ਐਮਰਜੈਂਸੀ 'ਚ ਦਵਾਈਆਂ ਫੜੀ ਘੁੰਮਦਾ ਸੀ ਸਾਡੇ ਨਾਲ਼-ਨਾਲ਼, ਉਹ ਬਾਹਰ ਦਵਾਈਆਂ ਦੇ ਸਟੋਰ ਆਲਿਆਂ ਦਾ ਬੰਦਾ ਹੈ। ਉਸਦੀ ਨਰਸਾਂ ਨਾਲ ਸੈਟਿੰਗ ਆ। ਓਪਰੇਸ਼ਨ ਸਮੇਂ ਦਵਾਈਆਂ ਜਿਆਦਾ ਲਿਖ ਦਿੰਦੇ ਨੇ, ਪਰ ਵਰਤ ਘੱਟ ਹੁੰਦੀਆਂ ਨੇ। ਇਹ ਮੈਡੀਕਲ ਸਟੋਰ ਆਲ਼ੇ ਦਵਾਈਆਂ ਵੀ ਉੱਥੇ ਹੀ ਰੱਖਦੇ ਸੀ, ਡਾਕਟਰਾਂ ਦੀਆਂ ਅਲਮਾਰੀਆਂ 'ਚ। ਛੁੱਟੀ ਹੋਣ ਸਮੇਂ ਜਿੰਨਾਂ ਚਿਰ ਮਰੀਜ਼ ਇਹਨਾਂ ਦਾ ਧੋਖਾ ਧੜੀ ਨਾਲ਼ ਬਣਾਇਆ ਬਿਲ ਨਹੀਂ ਦਿੰਦਾ, ਓਨਾਂ ਚਿਰ ਛੁੱਟੀ ਨ੍ਹੀਂ ਸੀ ਦਿੱਤੀ ਜਾਂਦੀ।

ਜਦੋਂ ਉਹ ਗੋਲ਼ ਜਿਹਾ ਭਾਈ ਮਰੀਜਾਂ ਨੂੰ ਹਾਲ-ਚਾਲ ਪੁੱਛਦਾ ਸਾਡੇ ਕੋਲ਼ ਆਇਆ ਤਾਂ ਬਾਲੀ ਤੇ ਸਿਕੰਦਰ ਉਹਨੂੰ ਬਾਂਹ ਤੋਂ ਫੜ੍ਹ ਬਾਹਰ ਲੈ ਗੇ'। ਬਾਲੀ ਦਾ ਬੋਲ ਅਮਰੀਸ਼ ਪੁਰੀ ਤੋਂ ਵੀ ਭਾਰਾ ਅਤੇ ਸਿਕੰਦਰ ਦਾ ਢਿੱਡ ਗੱਬਰ ਸਿੰਘ ਤੋਂ ਭਾਰਾ। ਉਹਨਾਂ ਪਤੰਦਰਾ ਨੇ ਅਜਿਹਾ ਡਰਾਇਆ ਕਿ ਉਹ ਪੱਤਰੇ ਵਾਚ ਗਿਆ। ਕੁਛ ਓਦੋਂ ਹਸਪਤਾਲ ਆਲ਼ਾ ਸਟੈਂਡ ਮੂਸੇ ਖਾਨ

ਕੋਲ਼ ਹੁੰਦਾ ਸੀ। ਮੂਸਾ, ਬਾਲੀ ਬਾਈ ਕੋਲ ਨੂੰ ਹੋ ਗਿਆ ਸੀ ਹਾਲ-ਚਾਲ ਪੁੱਛਣ ਲਈ। ਮੂਸੇ ਬਾਰੇ ਸਾਰਾ ਪਟਿਆਲ਼ਾ ਕੀ, ਸਾਰਾ ਪੰਜਾਬ ਜਾਣਦੈ ਕਿ ਉਹ ਕੀ ਸ਼ੈਅ ਏ ? ਦਵਾਈਆਂ ਆਲ਼ਾ ਭਾਈ ਬਿਨਾਂ ਪੈਸੇ ਲਏ ਹੀ ਚਲਾ ਗਿਆ। ਸੋਚਦਾ ਹੋਊ ਇਹ ਤਾਂ ਕਰਮੀਨਲ਼ ਲੋਕ ਨੇ।

ਮੈਂ ਤੇ ਬਾਲੀ ਬਾਈ, ਰੋਬਿਨ ਕਾਲਜ ਭਾਦਸੋਂ ਜਾ ਵੱਜੇ। ਮੈਂ ਮਾਊਂਕੀ ਟਾਈਪ ਟੋਪੀ ਜਿਹੀ ਲੈ ਕੇ ਪੱਟੀ ਲੁਕੋਈ ਹੋਈ ਸੀ। ਸਟੇਜ 'ਤੇ ਹੀਰ ਬਣੀ, ਉਹ ਵਾਰਸ ਦੀ ਹੀਰ ਨੂੰ ਵੀ ਮਾਤ ਪਾ ਰਹੀ ਸੀ। ਮੈਂ ਰਾਂਝਾ ਬਣ ਬਸ ਟਿਕ-ਟਿਕੀ ਲਗਾ ਦੇਖ ਰਿਹਾ ਸੀ। ਬਾਲੀ ਬਾਈ, ਅੰਮ੍ਰਿਤ ਨੂੰ ਦੇਖ ਕੇ ਕਹਿੰਦਾ, "ਤੈਨੂੰ ਪਾਪ ਲੱਗੂ।" "ਕਿਉਂ ਬਾਈ, ਪਾਪ ਕਿਉਂ ... ?" ਮੈਂ ਪੁੱਛਿਆ ?

"ਹੋਰ ਕੀ, ਇਹ ਤਾਂ ਕਿੰਨੀ ਮਾਸੂਮ ਜਿਹੀ ਐ।" ਕਹਿ ਕੇ ਹੱਸ ਪਿਆ। ਜਿੰਨੇ ਦਿਨ ਪੱਟੀ ਨ੍ਹੀਂ ਖੁੱਲ੍ਹੀ ਓਨੇ ਦਿਨ ਅਲੀਪੁਰ, ਬਾਲੀ ਦੇ ਪਿੰਡ ਈ ਰੋਟੀਆਂ ਖਾਧੀਆਂ, ਨਾਲੇ ਮੰਮੀ ਤੋਂ ਗਾਲ਼ਾਂ। ਮੰਮੀ ਨਾਲ਼ੇ ਹਲ਼ਦੀ ਪਾ-ਪਾ ਦੁੱਧ ਪਿਲਾਈ ਗਈ ਨਾਲ਼ੇ ਲਾਹ-ਪਾਹ ਕਰੀ ਗਈ। ਬਾਲੀ ਬਾਈ ਅੱਜ ਦੀ ਘੜੀ ਸਿੱਖੀ ਦਾ ਪ੍ਰਚਾਰ ਕਰ ਰਿਹਾ, ਨਾਲ਼ੇ ਨਸ਼ੇੜੀ ਭਰਾਵਾਂ ਦਾ ਨਸ਼ਾ ਛੁਡਾ ਰਿਹਾ ਹੈ। ਸਿਰੇ ਦੇ ਗੁੰਡੇ ਟਾਈਪ ਬਾਲੀ ਬਾਈ ਤੋਂ, ਬਾਲੀ ਬਾਬਾ ਬਣਨ ਦੀ ਵੀ ਬੜੀ ਦਿਲਚਸਪ ਕਹਾਣੀ ਹੈ। ਪਰ ਐਥੇ ਨਹੀਂ, ਫੇਰ ਸਹੀ ਪੂਰਾ ਨਾਵਲ ਈ ਲਿਖੂ ਕਦੇ।

◆◆◆◆◆

ਪਿੰਡ ਫੋਨ ਕਰਿਆ ਤਾਂ ਬੀਬੀ ਦੀ ਬਿਜਾਏ ਸਰਬ ਭੈਣ ਬੋਲੀ, "ਕਾਲ਼ੀਏ, ਪਾਰਟੀ ਹੋ ਗੀ'। ਬਹੁਤ ਬੜੀ ਖ਼ੁਸ਼ਖ਼ਬਰੀ ਐ... ਹੁਣ ਤਾਂ ਮੰਨਦੈਂ ਮੈਨੂੰ...। ਸਾਡੇ ਕੰਨੀ ਫੋਨ ਆਇਆ ਤੀ। ਮੈਂ ਬੀਬੀ ਨੂੰ ਦੱਸਣ ਆਈ ਆਂ।" ਉਹਨੇ ਬਿਨਾਂ ਲੜੀ ਤੋੜੇ ਗੱਲ ਪੂਰੀ ਕਰਤੀ ਸੀ।

ਉਹਦੀਆਂ ਗੱਲਾਂ ਤੋਂ ਖ਼ੁਸ਼ੀ ਐਨੀ ਜਿਆਦਾ ਹੋਈ ਕਿ ਮੈਨੂੰ ਆਂਏਂ ਲੱਗੇ, ਜਿਵੇਂ ਉਹ ਹੋਰ ਕੋਈ ਸ਼ਬਦ ਨਾ ਬੋਲੇ... ਬਸ ਉਹੀ ਦੱਸੇ ਜੋ ਮੈਂ ਸੁਣਨਾ ਚਾਹੁੰਨੈ।

"ਕੀ ਖ਼ੁਸ਼ਖਬਰੀ ਐ...? ਕਿਤੇ ਭੜੀ ਆਲਿਆਂ ਨੇ 'ਹਾਂ' ਤਾਂ ਨ੍ਹੀਂ ਕਰਤੀ...।" ਮੈਂ ਚਾਅ-ਚਾਅ 'ਚ ਸਹੀ ਸਵਾਲ ਪੁੱਛਿਆ। ਕਿਉਂਕਿ ਬਾਕੀ ਫੋਨ ਤਾਂ ਸਾਡੇ ਵੱਲ ਈ ਆਉਂਦਾ ਜੇ ਕਿਸੇ ਰਿਸ਼ਤੇਦਾਰ ਨੇ ਕਰਿਆ ਹੁੰਦਾ। ਸਰਬ ਭੈਣ ਨੂੰ ਤਾਂ ਬਸ ਇੱਕ ਭੜੀ ਆਲ਼ੇ ਈ ਕਰ ਸਕਦੇ ਸੀ। ਉਹਦੇ ਰਾਹੀਂ ਰਿਸ਼ਤੇ ਦੀ ਗੱਲ ਜੋ ਤੋਰ ਰੱਖੀ ਸੀ।

"ਹੋਰ ਕੀ, ਦਸ ਮਿੰਟ ਪਹਿਲਾਂ ਈ ਆਇਆ ਤੀ, ਅੰਮ੍ਰਿਤ ਦੀ ਮੰਮੀ ਦਾ। ਉਹ ਕਹਿੰਦੇ ਠੀਕ ਐ। ਉਹਨਾਂ ਨੇ ਜ਼ਮੀਨ-ਜਮੂਨ ਵੀ ਪਤਾ ਕਰ ਲੀ' ਪਟਵਾਰੀ ਤੋਂ। ਤੇਰੇ ਬਾਰੇ ਵੀ ਸਭ...। ਜਮੀਨ ਬਾਰੇ ਤਾਂ ਉਹ ਕਹਿੰਦੇ, ਜਿੰਨੀ ਤੁਸੀਂ ਦੱਸੀ ਆ ਉਸਤੋਂ ਵੀ ਵੱਧ ਆ... ਹੁਣ ਤਾਂ ਬਣ ਗੀ' ਗੱਲ।" ਬਹੁਤ ਖੁਸ਼ ਸੀ ਸਰਬ ਭੈਣ ਵੀ। ਜਮੀਨ ਦਾ ਸਾਡੇ ਥੋੜ੍ਹਾ ਜਿਹਾ ਘਸਮਾਣ ਹੀ ਐ। ਕਾਗਜਾਂ 'ਚ ਜ਼ਿਆਦਾ ਏ ਪਰ ਊਂ ਥੋੜ੍ਹੀ ਘੱਟ ਐ। ਜਿੰਨੀ ਮੇਰੇ ਕੋਲ਼ ਮੌਜੂਦ ਕਬਜੇ 'ਚ ਐ, ਓਨੀ ਈ ਦੱਸੀ ਸੀ।

ਮੈਂ ਫੋਨ ਕੱਟਣ ਲਈ ਕਾਹਲ਼ਾ ਪੈ ਰਿਹਾ ਸੀ। ਜੀਅ ਕਰੇ ਉੱਚੀ-ਉੱਚੀ ਪੂਰੇ ਜ਼ੋਰ ਨਾਲ਼ ਬੋਲ ਕੇ ਦੱਸਾਂ ਸਾਰੇ ਪਟਿਆਲੇ ਨੂੰ। ਪੈਰ ਧਰਤੀ 'ਤੇ ਨਾ ਟਿਕਣ। ਜਦੋਂ ਜਾ ਕੇ ਨਾਲ਼ ਦਿਆਂ ਨੂੰ ਦੱਸਿਆ ਤਾਂ ਉਹ ਜਿਵੇਂ ਤਿਆਰ ਹੀ ਸਨ। ਸੁੱਖੀ ਕਹਿੰਦਾ, "ਪਾਰਟੀ ਕਰ... ਸਮਾਨ ਲਿਆ ਫੜ ਕੇ ਠੰਡੀ ਖੂਹੀ ਤੋਂ...। ਬਹੁਤ ਸਿਰੇ ਦਾ ਆਇਆ ਹੋਇਐ। ਲਿਆਈਂ ਵੀ ਪੰਜ ਗ੍ਰਾਮ ਆਲ਼ਾ ਪੈਕਟ ...।" ਸਾਰੇ ਨੱਚਦੇ ਫਿਰੀਏ।

ਠੱਗ ਕਹਿੰਦਾ, "ਸਮਾਨ ਸਮੂਨ ਨ੍ਹੀਂ... ਯਾਰ ਤੁਸੀਂ ਪੈੱਗ-ਸ਼ੈੱਗ ਦੀ ਗੱਲ ਕਰੋ।" ਸਾਡੇ 'ਚੋਂ ਸਿਰਫ ਠੱਗ ਸੀ, ਜੀਹਨੂੰ ਸਮੈਕ ਤੋਂ ਵਧੀਆ ਅਜੇ ਵੀ ਦਾਰੂ ਈ ਲੱਗਦੀ। ਬਾਕੀ ਜਣੇਂ ਹੁਣ ਸ਼ਰਾਬ ਵੱਲ ਘੱਟ ਈ ਮੂੰਹ ਕਰਦੇ। ਸੁੱਕੇ ਨਸ਼ੇ ਜਿਆਦਾ ਪਸੰਦ ਕਰਨ ਲੱਗ ਪਏ ਸਨ। ਇਕ ਗ੍ਰਾਮ ਮੇਰੇ ਕੋਲ਼ ਹੈ ਗਾ ਸੀ ਲੁਕੋ ਕੇ ਰੱਖਿਆ ਹੋਇਆ। ਪੰਨੀ (ਫੁਆਇਲ ਪੇਪਰ) ਸਿੱਧੀ ਕਰਕੇ ਜਦੋਂ ਪੀਣ ਲੱਗੇ ਤਾਂ ਮੈਨੂੰ ਟਿਵਾਣੇ ਨੇ ਰੋਕਿਆ, "ਓਏ ਸ਼ਰਮ ਤਾਂ ਨ੍ਹੀਂ ਆਉਂਦੀ... ਸਾਲ਼ਿਆ ਮੇਰੇ ਪਿੰਡ ਦੀ ਦੋਹਤੀ ਆ ਉਹ... ਮੈਂ ਬਾਈ ਜਿੰਮੇਵਾਰੀ ਲਈ ਐ... ਛੱਡ ਦੇ ਪਾਈਪ, ਨਾ ਪੀ ਸਮੈਕ।" ਉਹਨੇ ਮੇਰੇ ਮੂੰਹ 'ਚ ਫੜੀ ਪਾਈਪ ਖੋਹਣ ਲਈ ਹੱਥ ਵੀ ਵਧਾਇਆ।

ਕੁਦਰਤੀਂ ਜਿੰਨੇ ਬੰਦਿਆਂ ਤੋਂ ਵੀ ਭੜੀ ਆਲ਼ਿਆਂ ਨੇ ਪੁੱਛ-ਗਿੱਛ ਕੀਤੀ, ਉਹ ਸਾਰੇ ਈ ਮੇਰੇ ਬਹੁਤ ਨਜ਼ਦੀਕੀ ਨਿੱਕਲ਼ੇ। ਸੋ ਰਿਪੋਰਟ ਓ .ਕੇ ਸੀ। ਬਾਕੀ ਟਿਵਾਣਾ ਤਾਂ ਹੈ ਈ ਮੇਰਾ ਸਕੇ ਭਰਾਵਾਂ ਤੋਂ ਵੱਧ।

ਉਸ ਦਿਨ ਮੈਂ ਸਮਾਨ ਨਾ ਪੀਤਾ। ਊਂ ਵੀ ਤੀਜਾ ਦਿਨ ਸੀ ਬਿਨਾਂ ਸਮਾਨ ਤੋਂ। ਆਪਦੀ ਜਾਣ 'ਚ ਮੈਂ ਛੱਡ ਰਿਹਾ ਸੀ। ਬਾਕੀਆਂ ਨੇ ਮੈਥੋਂ ਲੈ ਕੇ ਜਿਹੜਾ ਅੱਧਾ ਕੁ ਗ੍ਰਾਮ ਸੀ ਉਹੀ ਪੀਤਾ। ਤੇ ਘਾਟ ਹੋਣ ਕਰਕੇ ਦਾਰੂ ਪੀਣ ਲੱਗ ਪਏ। ਇੱਕ ਬੋਤਲ ਲਿਆਂਦੀ, ਇੱਕ ਕੱਲ ਆਲ਼ੀ ਪਈ ਸੀ ਪੇਟੀ 'ਚੋਂ ਬਚਦੀ। ਪਰ ਗੱਲ ਨਾ ਬਣੀ। ਕਹਿਣ ਤੋਂ ਭਾਵ ਪੂਰਾ ਨ੍ਹੀਂ ਸੀ ਪਿਆ। ਸਰਿਆ ਨ੍ਹੀਂ ਸੀ। ਕਪੈਸਿਟੀ ਦਿਨੋਂ-ਦਿਨ ਵੱਧ ਜੋ ਰਹੀ ਸੀ।

ਇੱਕ ਬੋਤਲ ਦੇ ਪੈਸੇ ਮਹਿਮਾਨਾਂ ਤੋਂ ਲੈ ਲਏ। ਗਿੱਲ ਅਤੇ ਸੰਧੂ (ਬਦਲੇ ਹੋਏ ਨਾਮ) ਸਾਨੂੰ ਕਮਰਾ ਨੰਬਰ-26 'ਚੋਂ ਮਿਲ ਕੇ ਗਏ ਸਨ।

ਪੱਗਾਂ ਬੰਨ੍ਹੀਆਂ 'ਚ ਸਾਡੇ ਕੋਲ਼ ਉਹ ਪਹਿਲੀ ਵਾਰ ਆਏ ਸੀ। ਊਂ ਗਾਹੇ-ਬਗਾਹੇ ਹੋਸਟਲ 'ਚ ਉਹ ਸਾਡੇ ਤੋਂ ਪਹਿਲਾਂ ਦੇ ਆ-ਜਾ ਰਹੇ ਸੀ। ਗਾਹਾਂ ਤੋਂ ਗਾਹਾਂ ਪਤਾ ਨ੍ਹੀਂ ਉਹ ਕਿਸੇ ਪੁਰਾਣੇ ਸਟੂਡੈਂਟ ਦੇ ਜਾਣਕਾਰ ਸਨ ਤਾਂ ਸਾਡੇ ਕੋਲ਼ ਵੀ ਆਉਣ ਲੱਗ ਪੇ'। ਵੈਸੇ ਵੀ ਸਾਨੂੰ ਕੋਈ ਫ਼ਰਕ ਨ੍ਹੀਂ ਸੀ ਪੈਂਦਾ ਕੌਣ ਕੀ ਕਰਨ ਆਇਆ? ਕਿਹੋ ਜਿਹਾ ਕੰਮ ਧੰਦਾ ਕਰਦੈ? ਸਾਨੂੰ ਤਾਂ ਬਸ ਇਹ ਸੀ ਜੋ ਆਵੇ ਸਾਨੂੰ ਖਵਾ-ਪਿਆ ਜਾਵੇ। ਓਦੋਂ ਰੋਜ਼ਾਨਾ ਈ ਤੁਰੇ ਰਹਿੰਦੇ ਵੋਟਾਂ ਆਲਿਆਂ ਨਾਲ਼। ਕਈਆਂ ਤੋਂ ਪੈਸੇ ਲੈ ਲੈਂਦੇ, ਕਈਆਂ ਤੋਂ ਦਾਰੂ ਦੀ ਪੇਟੀ। ਅਜੇ ਚਾਰ ਦਿਨ ਪਹਿਲਾਂ ਬੋਹਾ (ਮਾਨਸਾ) ਤੋਂ ਟਰੱਕ ਯੂਨੀਅਨ ਦੀਆ ਵੋਟਾਂ ਪਵਾ ਕੇ ਆਏ ਸੀ। ਇੱਕ ਸਮਾਂ ਇਹ ਵੀ ਸੀ ਕਿ ਸਾਡੇ ਗਰੁੱਪ ਦੀ ਪਰਚੀ ਚੱਲਦੀ ਸੀ ਸ਼ਰਾਬ ਦੇ ਠੇਕੇ 'ਤੇ। ਅੱਧੇ ਮੁੱਲ 'ਚ ਮਿਲਦੀ ਸੀ ਬੋਤਲ ਓਦੋਂ। ਕਿਸੇ ਪੰਥਕ ਲੀਡਰ ਦੇ ਠੇਕੇ ਸਨ ਤੇ ਅਸੀਂ ਜਾਅਲੀ ਵੋਟਾਂ 'ਚ ਉਸਦੀ ਮੱਦਦ ਕੀਤੀ ਸੀ। ਦਸਤਖ਼ਤ ਚੱਲਦੇ ਸੀ ਠੱਗ ਦੇ, ਰੱਖੜਾ ਪੈਲਸ ਦੇ ਨਾਲ਼ ਆਲ਼ੇ ਠੇਕੇ 'ਚ।

ਸੰਧੂ ਹੋਰੀਂ ਅੱਧਾ ਕੁ ਘੰਟਾ ਪਹਿਲਾਂ ਮਿਲ ਕੇ ਚਲੇ ਗਏ ਸੀ। ਅਸੀਂ ਉੱਥੇ ਹੀ ਬੈਠੇ ਪੈੱਗ ਲਗਾ ਰਹੇ ਸੀ। ਬਾਹਰ ਕਿਸੇ ਦੇ ਭੱਜ ਕੇ ਆਉਣ ਦੀ ਅਵਾਜ ਆਈ, ਅਸੀਂ ਚੁਕੰਨੇ ਹੋ ਗਏ। ਉਹ ਸੰਧੂ ਸੀ ਤੇ ਉਹ ਸਿੱਧਾ ਸਾਡੇ ਕਮਰੇ 'ਚ ਆ ਕੇ ਰੁਕਿਆ। ਹੜਿਆ-ਹੜਾਇਆ, ਬਹੁਤ ਡਰਿਆ ਹੋਇਆ ਬਹੁਤ ਤੇਜ਼ੀ 'ਚ ਸੀ।

"...ਬਾਈ ਯਾਰ... ਗਿੱਲ ਦੇ ਗੋਲ਼ੀ ਵੱਜੀ, ਬਚਾ ਲੋ ਬਾਈ ਬਣ ਕੇ..।" ਸੰਧੂ ਜਮਾ ਰੋਣ ਆਲ਼ੀ ਅਵਾਜ 'ਚ ਬੋਲਿਆ ਸੀ।

"ਕਿੱਥੇ ਐ..? ਬਚ ਗਿਆ...?" ਸਾਡੇ 'ਚੋਂ ਕਿਸੇ ਨੇ ਨਾਲ਼ ਦੀ ਨਾਲ਼ ਪੁੱਛਿਆ।

ਉਹ ਬਾਹਰ ਨੂੰ ਵੀ ਮੁੜੇ ਤੇ ਅੰਦਰ ਨੂੰ ਵੀ ਵੜੇ, ਖੜ੍ਹੇ ਨਾ ਇੱਕ ਜਗ੍ਹਾ। ਬਹੁਤ ਜ਼ਿਆਦਾ ਬੌਂਦਲਿਆ ਪਿਆ ਸੀ। ਜਿਵੇਂ ਕੁਛ ਸੁਝ ਨ੍ਹੀਂ ਰਿਹਾ ਸੀ ਉਸਨੂੰ।

ਫੇਰ ਠੱਗ ਬਾਈ ਨੇ ਹੱਥ 'ਚ ਫੜਿਆ ਗਲਾਸ ਖਾਲੀ ਕਰਤਾ, ਅਸੀਂ ਵੀ ਘੁੱਟ-ਘੁੱਟ ਭਰ ਲਈ ਮੂੰਹ ਲਾ ਕੇ ਹੀ। "ਸੰਧੂ ਵੀਰ ਘਬਰਾ ਨਾ... ਖੁੱਲ੍ਹ ਕੇ ਦੱਸ... ਲਾਸ਼ ਕਿੱਥੇ ਐ ...?" ਉਹਨੂੰ ਇਹ ਕਹਿ ਕੇ ਠੱਗ ਖੜ੍ਹਾ ਹੋ ਗਿਆ ਅਤੇ ਅਸੀਂ ਵੀ ਕਾਇਮ ਹੋ ਗੇ'। ਜਿਵੇਂ ਪ੍ਰੋਫੈਸ਼ਨਲ ਗੁੰਡੇ ਹੋਈਏ।

"ਨਹੀਂ-ਨਹੀਂ ਬਾਹਰ ਗੇਟ 'ਤੇ ਐ, ਗੋਲ਼ੀ ਪੱਟ 'ਚ ਵੱਜੀ ਐ, ਉਹ ਜਿਉਂਦੈ।" ਸੰਧੂ ਨੇ ਉੱਤਰ ਦਿੱਤਾ। ਅਸੀਂ ਸ਼ੁਕਰ ਮਨਾਇਆ, ਤੇ ਮੈਂ ਵੀ ਲਾ ਲਿਆ ਇੱਕ ਹੋਰ ਪੈੱਗ ਛੇਤੀ-

ਛੇਤੀ ਬਿਨਾਂ ਪਾਣੀ ਤੋਂ...। ਜਦੋਂ ਅਸੀਂ ਸੰਧੂ ਨਾਲ਼ ਤੁਰਨ ਲੱਗੇ ਤਾਂ ਟਿਵਾਣੇ ਨੇ ਉਸ ਦਿ ਦੂਜੀ ਵਾਰ ਰੋਕਿਆ ਸੀ ਮੈਨੂੰ। ਬੜੀਆਂ -ਬੜੀਆਂ ਅੱਖਾਂ ਨਾਲ਼ ਮੇਰੇ ਵੱਲ ਨੂੰ ਦੇਖਦਾ ਹੋਇਆ ਬੋਲਿਆ, "ਤੂੰ ... ਪੰਗੇ ਲੈਣੋਂ ਹਟਣਾ ਨੀਂ... ਮੈਂ ਕਦੇ ਮੁੜ ਕੇ ਜਿੰਮੇਵਾਰੀ ਨੀਂ ਲੈਣੀ ਤੇਰੀ...।" ਟਿਵਾਣਾ ਹਮੇਸ਼ਾਂ ਰੋਕਦਾ ਰਿਹਾ। ਉਹ ਭਾਵੁਕ ਵੀ ਬਹੁਤ ਐ। ਦਸ-ਪੰਦਰਾਂ ਦਿਨ ਪਹਿਲਾਂ ਈ ਉਹ ਬੀਬੀ ਨੂੰ ਕਾਲਜ ਲਿਆ ਕੇ, ਆਪਦੀ ਜੁੰਮੇਵਾਰੀ 'ਤੇ ਮੈਨੂੰ ਬਹਾਲ ਕਰਾਕੇ ਹਟਿਆ ਸੀ। ਇਹ ਪਹਿਲੀ ਵਾਰ ਸੀ ਕਿ ਬੀਬੀ ਪ੍ਰਾਈਮਰੀ ਸਕੂਲ ਤੋਂ ਬਾਅਦ ਮੇਰੇ ਅਧਿਆਪਕਾਂ ਨੂੰ ਮਿਲੀ ਹੋਵੇ। ਓਦਣ ਬੀਬੀ ਮੇਰੀ ਜਾਣਕਾਰੀ ਤੋਂ ਬਿਨਾਂ ਆਈ ਸੀ। ਬਹਾਲੀ ਦੀ ਸ਼ਰਤ ਸੀ ਕਿ ਘਰਦੇ ਆਉਣ, ਨਹੀਂ ਤਾਂ ਇਹ ਟਰਮੀਨੇਟ ਕਰਨੇ ਹਨ। ਭਾਵ ਬਹਾਲੀ ਸੰਭਵ ਨੀਂ ਸੀ ਉਸ ਕੇਸ 'ਚ।

ਹੁਣ ਤਾਂ ਬਹੁਤ ਗੁੱਸਾ ਆਉਂਦੈ ਆਪਦੇ-ਆਪ ਤੇ ਕਿ ਮੇਰੇ ਕਰਕੇ ਓਦਣ ਬੀਬੀ ਇੱਕ ਗੁਨਾਹਗਾਰ ਵਾਂਗੂ ਘਿਰੀ, ਚੁੱਪ-ਚਾਪ ਬੈਠੀ ਰਹੀ ਸੀ। ਬਸ 'ਜੀ' "ਹਾਂਜੀ" ਕਹਿੰਦੀ ਚੁੰਨੀ ਨਾਲ਼ ਵਾਰ-ਵਾਰ ਅੱਖਾਂ ਪੂੰਝਦੀ ਰਹੀ। ਜਦੋਂ ਪ੍ਰੋਫ਼ੈਸਰ ਸਵਾਲ 'ਤੇ ਸਵਾਲ ਕਰ ਰਹੇ ਸਨ। ਕੋਈ ਕਹਿ ਰਿਹਾ ਸੀ ਇਹ ਐਂਟੀ ਸੋਸ਼ਲ ਐਲੀਮੈਂਟ ਹੈ, ਕੋਈ ਸ਼ਰਾਰਤੀ ਤੱਤ, ਕੋਈ ਕੁੱਛ ਕੋਈ ਕੁਛ। ਬੀਬੀ ਬੇਚਾਰੀ ਨੂੰ ਇਨ੍ਹਾਂ ਸ਼ਬਦਾਂ ਦਾ ਕੁਛ ਨੀ ਸੀ ਪਤਾ ਲੱਗ ਰਿਹਾ।

ਵੈਸੇ ਉਸ ਕਲੇਸ਼ 'ਚ ਸਾਰਿਆਂ ਦੇ ਘਰਦੇ ਈ ਆਏ ਸਨ। ਉਹ ਵੀ ਅਸਲ ਆਲ਼ੇ। ਨਹੀਂ ਤਾਂ ਠੱਗ ਨੇ ਇੱਕ ਅੰਡਿਆਂ ਦੀ ਰੇਹੜੀ ਆਲਾ ਸਰਦਾਰ ਟਿਕਾਇਆ ਹੋਇਆ ਸੀ, ਜੋ ਇੱਕ-ਅੱਧੇ ਪਊਏ ਨਾਲ਼ ਹੀ ਕੰਮ ਆ ਜਾਂਦਾ। ਸੁੱਖੀ ਦੇ ਡੈਡੀ ਨੇ ਤਾਂ ਬਹੁਤ ਹੰਗਾਮਾ ਕਰਿਆ ਸੀ ਓਦਣ। ਕਹਿੰਦਾ, "ਮੇਰਾ ਜਵਾਕ ਥੋਡੇ ਹਵਾਲੇ ਐ... ਤੁਸੀਂ ਕਰਦੇ ਕੀ ਓਂ...? ਇਹ ਸੰਭਲਦੇ ਕਿਉਂ ਨੀ ਥੋਤੋਂ? ਇਹਦੀਆਂ ਲੱਤਾਂ ਤੋੜ ਕੇ ਬਿਠਾਦੋ ...।"

ਸੁੱਖੀ ਦੇ ਪੈਰ 'ਤੇ ਪਲਸਤਰ ਲੱਗਿਆ ਹੋਇਆ ਦੇਖ ਕੇ, ਉਹ ਹੋਰ ਭੜਕ ਗਿਆ ਸੀ। ਉੱਥੇ ਈ ਖੜ੍ਹੇ ਦੇ ਮਾਰਿਆ ਸੁੱਖੀ ਦੇ ਕੰਨ 'ਤੇ।

ਬਰਾੜ ਦੇ ਘਰੋਂ ਉਸਦੇ ਅਸਲ ਡੈਡੀ ਆ ਗਏ ਸੀ ਅਤੇ ਸੰਦੀਪ ਦੇ ਡੈਡੀ ਨਾਲ਼ ਤਾਂ ਬਹੁਤ ਮਾੜੀ ਹੋਈ। ਪ੍ਰਿੰਸੀਪਲ ਮੈਡਮ ਕਹਿੰਦੇ, "ਭਾਅ ਜੀ, ਮਾਈਂਡ ਨਾ ਜੇ ਕਰਿਓ। ਮੈਨੂੰ ਲੱਗਦਾ ਪਿਆ ਤੁਸੀਂ ਜਿਆਦਾ ਵਾਰ ਕਾਲਜ ਆਏ ਜੇ ਤੇ ਇਹ ਥੋਡਾ ਸਹਿਜਾਦਾ ਘੱਟ...। ਤੁਸੀਂ ਤੇ ਪੁਲਿਸ ਇੰਸਪੈਕਟਰ ਹੋ, ਇਨ੍ਹੂੰ ਕਿਉਂ ਨੀਂ ਸੁਧਾਰਿਆ...?" ਸੰਦੀਪ ਦੇ ਡੈਡੀ ਬੇਸ਼ੱਕ ਇੰਸਪੈਕਟਰ ਸਨ, ਪਰ ਉਹ ਸਾਊ ਬਹੁਤ ਨੇ ਤਾਂ ਹੀ ਉਹ ਐਨਾ ਚਾਂਭਲ਼ਿਆ ਹੋਇਆ ਸੀ।

ਖੈਰ! ਜਦੋਂ ਅਸੀਂ ਸੰਧੂ ਦੇ ਨਾਲ਼ ਬਾਹਰ ਨੂੰ ਭੱਜੇ ਜਾਈਏ ਗਿੱਲ ਨੂੰ ਦੇਖਣ, ਤਾਂ ਸਾਨੂੰ ਗਾਹ ਪਾਉਣ ਤੋਂ ਰੋਕਦੇ ਹੋਏ ਠੱਗ ਕਹਿੰਦਾ, "ਓਏ ਚੁੱਪ ਕਰਕੇ ਚੱਲੋ, ਰੌਲ਼ਾ ਨਾ ਪਾਓ। ਜੇ ਕਾਲਜ ਪਤਾ ਚੱਲ ਗਿਆ ਤਾਂ ਪੁਲਸ ਕੇਸ ਬਣੂ ਇਸ ਵਾਰ ...।"

ਮੋਢਿਆਂ ਦੇ ਸਹਾਰੇ ਉਸਨੂੰ ਕਮਰੇ 'ਚ ਲਿਆਏ। ਬੈਡ 'ਤੇ ਲਿਟਾ ਲਿਆ। ਗੋਲ਼ੀ ਪੱਟ

'ਚੋਂ ਆਰ-ਪਾਰ ਨ੍ਹੀਂ ਸੀ ਹੋਈ। ਉਂ ਦੂਜੇ ਪਾਸੇ ਨਿੱਕਲਣ ਨੂੰ ਤਿਆਰ ਸੀ। ਹੱਥ ਨਾਲ਼ ਟੋਹੇ ਤੋਂ ਪਤਾ ਚੱਲ ਰਿਹਾ ਸੀ, ਜਿਵੇਂ ਫਿਨਸੀ ਨਿੱਕਲ਼ ਰਹੀ ਹੋਵੇ।

ਹੁਣ ਕਮਾਂਡ ਰੱਲੇ ਨੇ ਸਾਂਭ ਲਈ ਸੀ। ਕਹਿੰਦਾ, "ਮੰਗੇ ਜਾ ਭੱਜ ਕੇ ਮੈੱਸ 'ਚੋਂ ਚਾਕੂ ਲਿਆ ਤਿੱਖਾ ਜਿਆ, ਤੱਤਾ ਕਰਕੇ ਕੱਢਦੇ ਹਾਂ।" ਮੈਂ ਦੋ ਚੱਕ ਲਿਆਇਆ।

ਫੇਰ ਉਹਨੇ ਗਿੱਲ ਨੂੰ ਪੈਂਟ ਉਤਾਰਨ ਲਈ ਕਿਹਾ।

ਠੱਗ ਨੇ ਅੱਧੀ ਬੋਤਲ ਬਿਨਾਂ ਪਾਣੀ ਤੋਂ ਈ ਪਿਲਾ 'ਤੀ ਗਿੱਲ ਨੂੰ...। ਰੱਲੇ ਨੇ ਜਰਾਬ 'ਚੋਂ ਕੱਢ ਕੇ ਤਿੰਨ ਚਾਰ ਕਸ਼ ਸਮੈਕ ਦੇ ਵੀ ਲਵਾਤੇ, ਜਿਹੜੀ ਉਹਨੇ ਕੱਲ੍ਹ ਵਾਸਤੇ ਲਕੋਈ ਹੋਈ ਸੀ। ਹੁਣ ਉਸਦੀ ਹਾਏ-ਹਾਏ ਘਟ ਗਈ ਸੀ, ਜਿਵੇਂ ਤੜਫਣ ਥੋੜ੍ਹੀ ਘੱਟ ਹੋ ਗੀ' ਹੋਵੇ। ਉਹਨੇ ਆਪ ਹੀ ਆਪਣੀ ਪੈਂਟ ਖਿਸਕਾ ਕੇ ਗੋਡਿਆਂ ਤੱਕ ਕਰ ਲਈ ਤੇ ਮੂਧਾ ਹੋ ਕੇ ਪੈ ਗਿਆ। ਇੱਕ ਵਾਰ ਫੇਰ ਉਸਦੀ ਲੇਰ੍ਹ ਜਿਹੀ ਨਿੱਕਲ਼ੀ ਜਦੋਂ ਪਾਸਾ ਲਿਆ।

ਅਪਰੇਸ਼ਨ ਸ਼ੁਰੂ ਹੋ ਗਿਆ ਸੀ। ਠੱਗ ਉਸਦੇ ਮੋਢਿਆਂ 'ਤੇ ਅਤੇ ਮੈਂ ਗੋਡਿਆਂ 'ਤੇ ਬੈਠ ਗਿਆ। ਸਾਡੇ ਦੋਹਾਂ ਦੇ ਮੂੰਹ ਆਹਮੋ-ਸਾਹਮਣੇ ਸਨ। ਉਹਨੂੰ ਪੂਰਾ ਜਕੜ ਕੇ ਰੱਖਿਆ ਹੋਇਆ ਸੀ ਤਾਂ ਕਿ ਹਿੱਲ ਨਾ ਜਾਏ। ਜਿਹੜੀ ਮੋਮਬੱਤੀ ਨਾਲ਼ ਸਮੈਕ ਪਿਘਲਾਕੇ ਪੀਤੀ ਸੀ, ਉਸੇ ਉੱਤੇ ਚਾਕੂ ਗਰਮ ਕਰ ਲਿਆ...।

ਇਸ ਸਾਰੀ ਕਾਰਵਾਈ 'ਚ ਸਭ ਤੋਂ ਵੱਧ ਦਿਮਾਗ ਰੱਲੇ ਬਾਈ ਦਾ ਚੱਲ ਰਿਹਾ ਸੀ। ਕਰ ਉਹ ਕੁਛ ਨ੍ਹੀਂ ਸੀ ਰਿਹਾ। ਪਰ ਦਿਸ਼ਾ-ਨਿਰਦੇਸ਼ ਆਂਏਂ ਦਵੇ, ਜਿਵੇਂ ਕੋਈ ਫ਼ਿਲਮੀ ਨਿਰਦੇਸ਼ਕ ਜਾਂ ਫੇਰ ਜਿਵੇਂ ਪੀ.ਜੀ.ਆਈ. ਦਾ ਮੁੱਖ ਸਰਜਨ ਹੋਵੇ। ਰੱਲਾ ਹੈ ਤਾਂ ਸਾਡਾ ਜੂਨੀਅਰ ਸੀ ਪਰ ਪੁਰਾਣੀ ਜਾਣ-ਪਛਾਣ ਅਤੇ ਲੜਾਈ-ਭਿੜਾਈ ਆਲ਼ੇ ਪਿਛੋਕੜ ਕਰਕੇ, ਜਲਦੀ ਹੀ ਸਾਡੇ ਗਰੁੱਪ ਦਾ ਅਹਿਮ ਅੰਗ ਬਣ ਗਿਆ ਸੀ।

ਉਹਨੇ ਮੈਥੋਂ ਚਾਕੂ ਫੜ ਕੇ ਠੱਗ ਨੂੰ ਫੜ੍ਹਾਤਾ... ਠੱਗ ਨੇ ਬਚਦਾ ਪੈੱਗ ਵੀ ਖਿੱਚ ਲਿਆ...। ਚਾਕੂ ਦੀ ਨੋਕ, ਨਿਸ਼ਾਨ ਦੇ ਜੜ 'ਚ ਰੱਖ ਕੇ ਓਧਰੋਂ ਵਿੱਚ ਘਸੋਤੀ... ਜਿੱਧਰੋਂ ਗੋਲ਼ੀ ਦੂਜੇ ਪਾਰ ਨਿੱਕਲਣ ਨੂੰ ਤਿਆਰ ਸੀ। ਘਸੋਈ ਜਮਾਂ ਫ਼ਿਲਮੀ ਸਟਾਈਲ 'ਚ... ਪਰ ਚਾਕੂ ਦੀ ਨੋਕ ਅੱਧਾ ਕੁ ਇੰਚ ਈ ਅੰਦਰ ਖੁੱਭੀ ਕਿ ਉਹਨੇ ਇੱਕੋ ਝੂਟੇ ਨਾਲ਼ ਸਾਨੂੰ ਚੱਕ ਕੇ ਬੈੱਡ ਤੋਂ ਥੱਲੇ ਮਾਰਿਆ ਅਤੇ ਨਾਲ਼ ਈ ਮਾਰਤੀ ਲੇਰ੍ਹ...। ਕਹਿੰਦਾ, "ਮਾਰਤਾ ਓਏ ਭੈਣ ਦਿਓ... ਛੱਡਦੋ ਮੈਨੂੰ...ਥੋਡੀ ਮਾਂ...।"

ਫੇਰ ਜਦੋਂ ਸਾਰਿਆ ਨੂੰ ਹੋਸ਼ ਜਿਹੀ ਆਈ, ਬਈ ਆਂਏਂ ਨ੍ਹੀਂ ਨਿੱਕਲਦੀ ਹੁੰਦੀ ਗੋਲ਼ੀ। ਡਾਕਟਰ ਦੇ ਜਾਣਾ ਪਊ ਤਾਂ ਰਜਿੰਦਰਾ ਹਸਪਤਾਲ ਲੈ ਕੇ ਗਏ। ਗਾਹਾਂ ਜਾਂਦਿਆਂ ਦੀ, ਗੋਲ਼ੀ ਕੱਢਣ ਦੇ ਨਿਸ਼ਾਨ ਦੇਖ ਕੇ ਮੁੱਖ ਡਾਕਟਰ ਨੇ ਬਹੁਤ ਝਾੜ -ਝੰਬ ਕੀਤੀ। ਕਹਿੰਦਾ, "ਭੱਜੋ ਐਥੋਂ... ਕਰਦੇ ਤੁਸੀਂ ਬੀ.ਪੀ.ਐਡ ਓ... ਬਣਦੇ ਸਰਜਨ ਓ... ਇਹ ਫ਼ਿਲਮ ਐ ਕੋਈ ...?" ਅਸੀਂ ਟੈਟ ਹੋਏ -ਹੋਏ ਇੱਕ ਦੂਜੇ ਦੇ ਓਹਲੇ ਨੂੰ ਹੋਈ ਜਾਈਏ, ਨਾਲੇ ਹਿੱਲੀ ਜਾਈਏ।

ਕੰਪਾਊਡਰ ਨੂੰ ਵੀ ਉਹ ਭੱਜ ਕੇ ਪੈ ਗਿਆ, "ਜਾ ਪੁਲਿਸ ਨੂੰ ਬੁਲਾ ਕੇ ਲਿਆ, ਦਿ... ਦਿਖਣੇ ਨੀ ਚਾਹੀਦੇ ਮੈਨੂੰ ਐਥੇ।"

ਪੁਲਸ ਕੇਸ ਵੀ ਬਣ ਰਿਹਾ ਸੀ, ਜੇ ਰਾਜੂ ਖੰਨੇ ਦਾ ਦੋਸਤ ਪਟਵਾਰੀ ਬਾਈ ਕੰਮ ਨਾ ਸੰਭਾਲ਼ਦਾ।

ਅਸੀਂ ਦੱਸ ਦਿੱਤਾ ਸੀ, ਬਈ ਇਹਨਾਂ 'ਤੇ ਕੋਈ ਹਮਲਾ ਤਾਂ ਨ੍ਹੀਂ ਹੋਇਆ, ਚੱਲਿਆ ਤਾਂ ਇਨ੍ਹਾਂ ਤੋਂ ਆਪਦਾ ਈ ਐ... ਪਰ ਤੁਸੀਂ ਰਫ਼ਾ ਦਫ਼ਾ ਕਰਾਦੋ।

ਉਸ ਰਾਤ ਹਸਪਤਾਲ ਦੇ ਬਾਥਰੂਮ 'ਚ ਹੀ ਦੁਬਾਰਾ ਸ਼ੁਰੂ ਕਰਤੀ ਸੀ ਸਮੈਕ ਪੀਣੀ। ਕੁਛ ਮਾਹੌਲ ਐਵੇਂ ਦਾ ਬਣ ਗਿਆ ਸੀ। ਕੁਛ ਅਜੇ ਤੀਜੀ ਤਾਂ ਰਾਤ ਸੀ ਛੱਡੀ ਨੂੰ। ਸੰਦੀਪ ਨੇ ਤਾਂ ਰੋਕਿਆ ਵੀ ਸੀ ਕਿ ਜੇ ਤੂੰ ਛੱਡ ਹੀ ਦਿੱਤੀ ਏ ਫੇਰ ਨਾ ਫੜ ਪਾਈਪ ਰਹਿਣ ਦੇ...। ਪਰ ਮੇਰਾ ਦਿਮਾਗ ਮੈਨੂੰ ਕਹਿੰਦਾ, "ਕੁਛ ਨ੍ਹੀਂ ਹੁੰਦਾ ਹੁਣ ਤਾਂ ਮੈਨੂੰ ਛੱਡਣੀ ਆ ਗੀ'। ਨਾਲੇ ਮੈਂ ਕਿਹੜਾ ਅੱਜ ਤੋਂ ਬਾਅਦ ਪੀਣੀ ਏ, ਇੱਕ ਸੂਟਾ ਲਾ ਲੈਨਾਂ।" ਓਦੋਂ ਪਤਾ ਨ੍ਹੀਂ ਸੀ ਕਿ ਇੱਕ ਨਸ਼ੇੜੀ ਬੰਦਾ ਜਾਂ ਤਾਂ ਜਮਾ ਈ ਨਸ਼ਾ ਰਹਿਤ ਰਹੂ ਜਾਂ ਫੇਰ ਪੂਰਾ ਈ ਨਸ਼ਾ ਕਰੂ। ਕਹਿਣ ਤੋਂ ਭਾਵ ਕਦੇ-ਕਦੇ ਆਲ਼ਾ ਕੰਮ ਨ੍ਹੀਂ ਚੱਲਣਾ।

ਖ਼ੈਰ! ਉਸ ਦਿਨ ਇਹ ਵਹਿਮ ਵੀ ਨਿੱਕਲ਼ ਗਿਆ ਕਿ ਜੇ ਛੇਤੀ ਗੋਲ਼ੀ ਨਾ ਕੱਢੀ ਜਾਵੇ ਤਾਂ ਬੰਦਾ ਜ਼ਹਿਰ ਫੈਲ ਕੇ ਮਰ ਜਾਂਦੈ। ਗਿੱਲ ਦੇ ਪੱਟ 'ਚੋਂ ਗੋਲ਼ੀ ਦੂਜੇ ਦਿਨ ਕਰੀਬ ਦਸ ਵਜੇ ਕੱਢੀ ਸੀ ਡਾਕਟਰ ਨੇ।

ਬਸ ਆਂਏਂ ਈ ਪਤਾ ਨ੍ਹੀਂ ਕਿ ਬਚੀ ਕਿਵੇਂ ਗਏ ? ਨਹੀਂ ਅਸੀਂ ਕਸਰ ਨ੍ਹੀਂ ਸੀ ਕੋਈ ਛੱਡੀ ਮਰਨ ਦੀ ਜਾਂ ਫਸਣ ਦੀ। ਹੁਣ ਤਾਂ ਸੋਚ ਕੇ ਵੀ ਡਰ ਲਗਦੈ। ਇਹ ਵੀ ਸੋਚਦਾ ਹਾਂ ਕਿ ਜੇ ਟਿਵਾਣੇ ਦੀ ਗੱਲ ਮੰਨ ਲੈਂਦਾ ਤਾਂ ਕਿੰਨੇ ਸਾਲ ਪਹਿਲਾਂ ਈ ਇਸ ਨਸ਼ੇ ਦੀ ਦਲ ਦਲ ਤੋਂ ਖਹਿੜਾ ਛੁੱਟ ਜਾਂਦਾ।

ਮੈਂ ਹੁਣ ਵੀ ਚਾਲੀਵੇਂ ਸਾਲ ਨੂੰ ਢੁੱਕਿਆ, ਚੈੱਕ ਕਰਦਾ ਰਹਿਨੈ ਆਪਣੇ ਆਪ ਨੂੰ, ਬਈ ਮੇਰੇ ਖ਼ੁਦ 'ਚ ਅਤੇ ਮੇਰੇ ਸਕੇ ਸਬੰਧੀਆਂ ਦੇ ਬੱਚਿਆਂ ਦੇ ਵਿਵਹਾਰ ਸਹੀ ਨੇ...। ਕਿਤੇ ਉਹਨਾਂ ਦੇ ਬੱਚੇ, ਮੇਰੇ ਆਲ਼ੇ ਉਸ ਰਸਤੇ 'ਤੇ ਤਾਂ ਨ੍ਹੀਂ ਤੁਰ ਰਹੇ। ਉਹਨਾਂ ਦੇ ਵਿਵਹਾਰ ਆਮ ਹੀ ਨੇ ਜਾਂ ਫੇਰ ਅਲੱਗ ਦਿਖਣ ਦੀ ਸਨਕ ਐ ? ਕਿਉਂਕਿ ਵਿਵਹਾਰ ਪਹਿਲਾਂ ਵਿਗੜਦੇ ਨੇ। ਫੇਰ ਪਤਾ ਨ੍ਹੀਂ ਚੱਲਦਾ ਕਦੋਂ ਮਾੜੀਆਂ ਆਦਤਾਂ ਘਰ ਕਰ ਜਾਂਦੀਆਂ ਹਨ ਤੇ ਹਸਦੇ-ਵਸਦੇ ਘਰ ਤਬਾਹ ਕਰ ਦਿੰਦੀਆਂ ਹਨ। ਇਹਨਾਂ ਤੋਂ ਸ਼ੁਰੂ 'ਚ ਈ ਮੁੜਿਆ ਜਾ ਸਕਦੈ। ਨਹੀਂ ਤਾਂ ਵਾਪਸੀ ਹੋਣੀ ਬਹੁਤ ਮੁਸ਼ਕਲ ਐ। ਹੋਊਗੀ ਵੀ ਜਾਂ ਨਹੀਂ ਕੁਛ ਪਤਾ ਨ੍ਹੀਂ। ਕਿੰਨੇ ਈ ਸੀ ਮੇਰੇ ਨਾਲ਼ ਦੇ, ਜੋ ਨਾ ਮੁੜਨ ਆਲੀ ਥਾਂ ਚਲੇ ਗਏ... ਮਾਪਿਆਂ ਨੂੰ ਥਾਂਵੇਂ ਵਿਲਕਦੇ ਛੱਡ ਕੇ।



ਕਤਲ...ਓਹੀ ਜਗ੍ਹਾ ਓਹੀ ਸਮਾਂ

ਜੇ ਕਦੇ ਬਿੱਲੀ ਜਾਂ ਬਿੱਲਾ ਸਾਡੇ ਅੜਿੱਕੇ ਆ ਜਾਵੇ ਭਾਵ ਫਸ ਜਾਵੇ ਤਾਂ ਉਸਨੂੰ ਮਾਰ ਦੇਵੋ ਜਾਂ ਫੇਰ ਇੱਕ ਦੋ ਲਾ ਕੇ ਭਜਾ ਦੇਵੋ। ਕਹਿਣ ਤੋਂ ਭਾਵ ਉਹਨੂੰ ਘੇਰ ਕੇ ਐਨਾ ਤੰਗ ਨਾ ਕਰੋ ਕਿ ਉਹ ਤੁਹਾਡੇ 'ਤੇ ਜਾਨ ਲੇਵਾ ਵਾਰ ਕਰਨ ਲਈ ਮਜ਼ਬੂਰ ਹੋ ਜੇ'। ਜਮਾਂ ਈ ਇਸੇ ਤਰਾਂ ਮਾਰ-ਕੁਟਾਈ ਕਰਦੇ ਸਮੇਂ ਜੇ ਤੁਸੀਂ ਵਿਰੋਧੀ 'ਤੇ ਭਾਰੂ ਪੈ ਗੇ', ਉਹ 'ਕੱਲਾ ਫਸ ਗਿਆ ਤਾਂ ਉਸਦੀ ਲਾਚਾਰੀ 'ਚ ਉਹਦੇ ਸਰੀਰ 'ਤੇ ਸੱਟ ਬੇਸ਼ੱਕ ਮਾਰਦੋ, ਪਰ ਉਸਦੀ ਆਤਮਾ ਜਖ਼ਮੀ ਕਰਨ ਤੋਂ ਗੁਰੇਜ਼ ਕਰੋ। ਜਿਵੇਂ ਬਿੱਲੇ ਦੀ ਫਿਤਰਤ ਹੈ ਕਿ ਉਹ ਫਸਿਆ ਹੋਇਆ ਅਖ਼ੀਰੀ ਮੌਕੇ 'ਤੇ ਬਹੁਤ ਖ਼ਤਰਨਾਕ ਹਮਲਾ ਕਰਦਾ ਹੈ, ਉਸੇ ਤਰ੍ਹਾਂ ਇਨਸਾਨ ਮੌਕਾ ਮਿਲਣ 'ਤੇ ਬਦਲਾ ਲੈਂਦਾ ਹੈ। ਫਸੇ ਹੋਏ ਦੁਸ਼ਮਣ ਨੂੰ ਐਨਾ ਨਾ ਤੜਫਾਓ ਕਿ ਉਹ ਬਾਅਦ 'ਚ ਇੱਕ ਫੱਟੜ ਸੱਪ ਵਾਂਗ, ਤੁਹਾਡਾ ਸ਼ਿਕਾਰ ਕਰਨ ਦੀ ਭਾਲ਼ 'ਚ ਤੜਫੇ। ਕਿਉਂਕਿ ਸਮਾਂ ਪਾ ਕੇ ਅਸੀਂ ਭੁੱਲ ਜਾਣਾ, ਪਰ ਉਸਦੀ ਜਖ਼ਮੀ ਆਤਮਾ ਨੇ ਉਹਨੂੰ ਭੁੱਲਣ ਨ੍ਹੀਂ ਦੇਣਾ। ਬੜਾ ਖਤਰਨਾਕ ਹੁੰਦੈ ਉਹ ਦੁਸ਼ਮਣ... ਮੇਰੇ ਨਾਲ਼ ਵੀ ਐਵੇਂ ਹੀ ਹੋਇਆ ਸੀ।

ਬੀ.ਪੀ.ਐਡ ਵੀ ਹੋ ਚੁੱਕੀ ਸੀ ਅਤੇ ਮੇਰਾ ਮੰਗਣਾ ਵੀ ਉੱਥੇ ਹੀ ਹੋਇਆ ਸੀ, ਜਿੱਥੇ ਬਾਰੇ ਮੈਂ ਸੁਪਨੇ ਲੈ ਰਿਹਾ ਸੀ। ਮੰਗਣੇ ਹੋਣ ਦੇ ਨਾਲ਼-ਨਾਲ਼ ਮੇਰਾ ਨਵਾਂ ਨਾਮ ਕਰਨ ਵੀ ਹੋਇਆ ਸੀ। ਸਹੁਰਿਆਂ ਵੱਲੋਂ ਮੰਮੀ ਜੀ ਕਹਿੰਦੇ, "ਪੁੱਤ, ਜੇ ਅਸੀਂ ਕਿਸੇ ਹੋਰ ਨਾਮ ਨਾਲ ਬੁਲਾ ਲਈਏ ਕੋਈ ਔਖ ਤਾਂ ਨ੍ਹੀਂ ਥੋਨੂੰ।" "ਜੀ ਬਿਲਕੁਲ ਨ੍ਹੀਂ।" ਉਹਨਾਂ ਨੇ ਦੋ ਨਾਮ ਦੱਸੇ, ਇੱਕ ਰਣਵੀਰ ਤੇ ਦੂਜਾ ਮਨਵੀਰ... ਮੈਨੂੰ ਦੂਜਾ ਨਾਮ ਜਿਆਦਾ ਜਚਿਆ। ਕਿਉਂਕਿ ਛੋਟੇ ਹੁੰਦੇ ਮਾਮੇ ਦੇ ਮੁੰਡੇ ਡਾਕਟਰ ਚਾਹਲ ਨੇ ਮੇਰਾ ਇਹੋ ਨਾਮ ਦੱਸਿਆ ਸੀ ਨੰਬਰ ਬਣਾਉਂਦੇ ਨੇ, ਆਪਦੇ ਸਕੂਲ 'ਚ। ਸੋ ਲੱਗ ਗਈ ਮੋਹਰ 'ਮਨਵੀਰ' 'ਤੇ ...।

ਥੋੜ੍ਹੀ ਦੇਰ ਪ੍ਰਾਈਵੇਟ ਸਕੂਲ 'ਚ ਨੌਕਰੀ ਕਰੀ। ਪਰ ਬਹੁਤ ਔਖੀ। ਮਨ ਮਾਰ ਕੇ ਕੰਮ ਕਰਨਾ ਪੈਂਦਾ। ਓਥੇ ਅਧਿਆਪਕ, ਹੋਰ ਸਭ ਕੁਛ ਹੁੰਦੇ ਨੇ ਬਸ ਅਧਿਆਪਕ ਈ ਨ੍ਹੀਂ ਹੁੰਦੇ। ਤੁਸੀਂ ਆਪਦੀਆਂ ਛੁੱਟੀਆਂ ਵੀ ਨ੍ਹੀਂ ਲੈ ਸਕਦੇ, ਜਿੰਨ੍ਹਾ ਮਰਜ਼ੀ ਜਰੂਰੀ ਕੰਮ ਹੋਵੇ। ਜੇ ਪ੍ਰਿੰਸੀਪਲ ਦੀ ਮਰਜ਼ੀ ਨਹੀਂ ਤਾਂ ਤੁਸੀਂ ਸਕੂਲ ਛੱਡਕੇ ਤਾਂ ਜਾ ਸਕਦੇ ਹੋ, ਪਰ ਛੁੱਟੀ 'ਤੇ ਨ੍ਹੀਂ ਜਾ ਸਕਦੇ।

ਉਸ ਦਿਨ ਮੇਰਾ ਜਾਣਾ ਜਰੂਰੀ ਸੀ, ਜਰੂਰੀ ਕੀ ਬਹੁਤ ਜਰੂਰੀ ਸੀ। ਇਹ ਨੌਕਰੀ ਕੁਛ ਵੀ ਨ੍ਹੀਂ ਸੀ ਉਸ ਅੱਗੇ। ਸਕੂਲ ਆਲ਼ੇ ਕਹਿੰਦੇ, "ਅਸਤੀਫਾ ਦਵੋ, ਤੁਸੀਂ ਬਹੁਤ ਛੁੱਟੀਆਂ ਮਾਰਦੇ ਓ, ਆਏ ਕੰਮ ਨ੍ਹੀਂ ਚੱਲਣਾ ਐਥੇ।"

ਮਖਿਆਂ, "...ਜੀ ਅਸਤੀਫਾ ਈ ਸਮਝੋ...।"

"...ਕੰਪਿਊਟਰ ਲੈਬ ਮੇ ਸੇ ਟਾਈਪ ਕਰਕੇ ਦੇ ਕੇ ਜਾਓ ਅਪਨਾ ਰੈਜ਼ੀਗਨੇਸਨ..।"

"ਹੁਣ ਜੀ ਮੈਂ ਤੁਹਾਡਾ ਮੁਲਾਜ਼ਮ ਨਹੀਂ ਹਾਂ।" ਪ੍ਰਿੰਸੀਪਲ ਨੂੰ ਕਹਿਕੇ ਆਪਾਂ ਨਾਭੇ ਨੂੰ ਬਸ ਫੜ ਲਈ।

ਅਖ਼ਬਾਰ ਭਰੇ ਪਏ ਸਨ ਉਸ ਖ਼ਬਰ ਨਾਲ਼ ਜਿਸ ਦਾ ਮੈਂ ਕਦੇ ਹਿੱਸਾ ਬਣਨਾ ਚਾਹੁੰਦਾ ਸੀ। ਜਿਸ ਬਾਰੇ ਮੇਰੇ ਅਤੇ ਮਿੱਠੇ 'ਚ ਕੌਲ ਕਰਾਰ ਹੋਏ, ਹੋਏ ਸਨ।

ਖ਼ਬਰਾਂ ਸਨ "ਬੇਟੇ ਨੇ ਲਿਆ ਬਾਪ ਦਾ ਬਦਲਾ" ਦੂਜੇ ਅਖਬਾਰ ਦੀ ਖ਼ਬਰ ਸੀ "ਪੱਚੀ ਸਾਲ ਬਾਅਦ ਓਹੀ ਜਗ੍ਹਾ ਓਹੀ ਸਮੇਂ ਕੀਤਾ ਕਤਲ" ਇਹ ਦੋਵੇਂ ਖਬਰਾਂ ਦੇ ਸਿਰਲੇਖਾਂ 'ਚ ਨਾਮ ਨੀਂ ਸੀ ਲਿਖਿਆ ਹੋਇਆ। ਪਰ ਮੈਂ ਸਮਝ ਗਿਆ ਸੀ ਕਿ ਮੇਰੇ ਯਾਰ ਨੇ ਕਰਜ਼ ਮੋੜਤਾ।

ਢਲ਼ਦੀ ਦੁਪਹਿਰ 'ਚ ਵੱਢ ਸੁੱਟਿਆ ਸੀ ਜੈਲੇ ਨੂੰ। ਓਥੇ ਈ ਸਹੌਲ਼ੀ ਪਿੰਡ ਦੇ ਅੱਡੇ 'ਚ... ਜਿੱਥੇ ਪੱਚੀ ਸਾਲ ਪਹਿਲਾਂ ਮਿੱਠੇ ਦਾ ਪਿਓ ਵੱਢਿਆ ਸੀ।

ਸਕੂਲ ਬੱਸਾਂ ਦੇ ਡਰਾਈਵਰ ਤਾਂ ਇਹ ਵੀ ਕਹਿ ਰਹੇ ਸਨ ਕਿ ਮਿੱਠੇ ਦੀ ਮਾਂ ਨੇ ਸਿਪਾਹੀ ਨੂੰ ਪੰਜ ਸੌ ਦਾ ਨੋਟ ਵੀ ਦਿੱਤਾ ਤੇ ਲੱਡੂ ਵੀ ਵੰਡੇ ਨੇ ।

ਖ਼ੈਰ ! ਐਵੇਂ ਦੀਆਂ ਖ਼ਬਰਾਂ ਹੋਰ ਵੀ ਬਹੁਤ ਫੈਲ ਰਹੀਆਂ ਸਨ। ਊਂ ਮਿੱਠੇ ਨੇ ਆਪ ਗ੍ਰਿਫਤਾਰੀ ਦਿੱਤੀ ਸੀ, ਜ਼ੁਰਮ ਕਬੂਲ ਕਰਕੇ ।

ਘੰਟੇ ਖੰਡ 'ਚ ਈ ਮੈਂ ਵੱਡੇ ਗੇਟਾਂ ਆਲ਼ੀ ਜੇਲ੍ਹ ਦੀ ਡਿਉਢੀ 'ਚ ਖੜਾ ਸੀ। ਕੋਈ ਪਛਤਾਵਾ ਨੀਂ ਸੀ ਉਹਨਾਂ ਦੇ ਚਿਹਰਿਆਂ 'ਤੇ। ਪਰ ਤਾਜ਼ੀਆਂ ਸੱਟਾਂ ਦੇ ਨਿਸ਼ਾਨ ਦਿਖ ਰਹੇ ਸਨ। ਹੱਥਾਂ 'ਤੇ ਪੱਟੀਆਂ ਕਰੀਆਂ ਹੋਈਆਂ, ਉਹ ਤਿੰਨੇ ਜਣੇਂ ਐਵੇਂ ਲੱਗਦੇ ਸੀ, ਜਿਵੇਂ ਕਿਸੇ ਨਿਹੱਥੇ ਬਜ਼ੁਰਗ ਨੂੰ ਕਤਲ ਕਰਕੇ ਨੀਂ... ਸਗੋਂ ਕਈ ਜਣਿਆਂ ਤੋਂ ਕੁੱਟ ਖਾ ਕੇ ਆਏ ਹੋਣ।

"ਮੰਗੇ ਯਾਰ ਤੂੰ ਪਰੇ ਰਹੀਂ, ਜਿੰਨੀ ਦੇਰ ਸਜਾ ਨੀਂ ਹੋ ਜਾਂਦੀ... ਤੈਨੂੰ ਨਾ ਕਿਤੇ ਉਲਝਾ ਲੈਣ...ਤੇਰੇ 'ਤੇ ਤਾਂ ਲੱਗਦੇ ਵੀ ਬਹੁਤ ਨੇ, ਬਬਲੀ ਹੋਰਾਂ ਨੂੰ ਵੀ ਕਹਿ ਦੇਵੀਂ ਕਿ ਅਜੇ ਮੁਲਾਕਾਤ 'ਤੇ ਨਾ ਆਉਣ...ਬਾਕੀ ਕੀ ਤੇ ਕਿਵੇਂ ਹੋਇਆ ਫੇਰ ਦੱਸੂੰ... ਤੂੰ ਜਾ ਉਰੇ...।" ਮਿੱਠੇ ਨੇ ਸਮਝਾਇਆ।

"...ਠੀਕ ਆ, ਤੂੰ ਫ਼ਿਕਰ ਨਾ ਕਰ...ਫੇਰ ਵੀ ਥੋੜ੍ਹਾ ਜਿਹਾ ਤਾਂ ਦੱਸ.. ਕਿਵੇਂ ਆਇਆ 'ਝਿੱਕੇ...ਉਹ। ਨਾਲੇ ਤੂੰ ਐਡਾ ਪਲੈਨ ਕੱਲੇ ਨੇ ਕਿਵੇਂ ਬਣਾ ਲਿਆ...ਦੱਸਿਆ ਕਿਉਂ ਨੀਂ ?" ਮੈਂ ਕਾਹਲਾ ਸੀ ਵਿਥਿਆ ਸੁਣਨ ਲਈ।

"ਮੰਗੇ ਯਾਰ ਆਪਾਂ ਘੱਟ ਮਿਲਦੇ ਤੀ ਹੁਣ। ਤੂੰ ਪਟਿਆਲੇ ਚਲੇ ਗਿਆ, ਮੈਂ ਤੇ ਬਬਲੀ ਜੇਲ੍ਹ 'ਚ ਤੀ, ਬਲਾਤਕਾਰ ਆਲ਼ੇ ਕੇਸ 'ਚ। ਐਨੇ 'ਚ ਉਹਨੂੰ ਖੁੱਲ੍ਹ ਮਿਲ ਗੀ' ਪਿੰਡ ਆਉਣ ਦੀ...।" ਮਿੱਠੇ ਨੇ ਦੱਸਿਆ।

ਮਖਿਆਂ, "ਬਾਈ ਇਹ ਰੇਪ ਕੇਸ ਦੀ ਭਾਜੀ ਵੀ ਮੋੜਨੀ ਆ, ਜੀਹਨੇ ਮੇਰੇ ਸਾਲੇ ਨੇ ਉਹਨੂੰ ਉਂਗਲ ਲਾਈ ਸੀ...ਚੱਕ ਕੇ ਮੋਟਰ 'ਤੇ ਲਿਜਾ ਕੇ ਕੁੱਟਣੈ...ਪੂਰਾ ਚੁਬੱਚੇ 'ਚ ਡਬੋ-ਡਬੋ ਕੇ... ਆਏਂ ਮਹਿਸੂਸ ਕਰੂ ਜਿਵੇਂ ਇਹਦੇ ਨਾਲ਼ ਈ ਰੇਪ ਹੋਇਐ, ਫੇਰ ਪਤਾ ਲੱਗੂ ਬੜੇ ਲੀਡਰ ਨੂੰ ਕਿ ਨਜਾਇਜ਼ ਕਿਵੇਂ ਫਸਾਈਦਾ ਕਿਸੇ ਨੂੰ ...।" ਮੈਂ ਦੰਦ ਕਰੀ ਹੇ।

"ਚੱਲ ਇਹ ਛੱਡ, ਪਹਿਲਾਂ ਆਹ ਨਿੱਬੜਨ ਦੇ, ਫੇਰ ਦੇਖਦੇ ਆਂ।" ਕਹਿ ਕੇ ਫੇਰ ਉਹਨੇ ਦੁਬਾਰਾ ਗੱਲ ਸ਼ੁਰੂ ਕਰਤੀ ।

ਮੈਂ ਰੋਸਾ ਵੀ ਜ਼ਾਹਰ ਕੀਤਾ, "ਆਪਣੀ ਗੱਲ ਹੋਈ, ਹੋਈ ਸੀ, ਤੂੰ ਵਾਅਦਾ ਕਰਿਆ ਸੀ ਕਿ ਜੈਲੇ ਆਲ਼ਾ ਕੰਡਾ ਦੋਵੇਂ ਇਕੱਠੇ ਕੱਢਾਂਗੇ। ਕਿੰਨੇ ਤਾਂ ਯਾਰ ਆਪਾਂ ਨਾਕੇ ਲਾਏ ਸੀ.. ਤੂੰ ਇੱਕ ਵਾਰ 'ਵਾਜ ਤਾਂ ਮਾਰਦਾ..।"

"ਮੰਗੇ...ਮੈਂ ਕਹਿ ਤਾਂ ਰਿਹੈਂ ਕਿ ਆਪਣੀ ਗੱਲ ਨੀਂ ਹੁੰਦੀ ਤੀ ਯਾਰ... ਤੂੰ ਤਾਂ ਭੁੱਲ ਈ ਗਿਆ ਤੀ ਸਾਨੂੰ ...ਪਰ ਗੱਲ ਤਾਂ ਓਥੇ ਈ ਖੜ੍ਹੀ ਤੀ, ਇਹ ਤਾਂ ਨੀਂ ਭੁੱਲ ਸਕਦੇ ਤੀ। ਸਗੋਂ ਹੁਣ ਤਾਂ ਵਧਗੀ ਤੀ ...ਅੱਗੇ ਤਾਂ ਉਹ ਪਿੰਡ ਘੱਟ ਈ ਆਉਂਦਾ... ਜੇ ਕਦੇ ਆਉਂਦਾ ਤੀ ਤਾਂ ਡਰਦਾ ਮਾਰਾ ਰਾਤ-ਬਰਾਤੇ ਆਉਂਦਾ। ਪਰ ਆਹ ਜਿੱਦਣ ਦਾ ਬਰੀ ਹੋਏ ਹਾਂ ਓਦਣ ਦਾ ਤਾਂ ਉਹ ਰੋਜ ਈ ਦਿਖਦਾ ਰਹਿੰਦਾ। ਲੋਕ ਵੀ ਦੱਸਦੇ ਰਹਿੰਦੇ ਕਿ ਉਹ ਪਿੰਡ ਆਇਆ ਹੋਇਐ... ਉਹ ਦੱਸਦੇ ਪਰ ਮੈਨੂੰ ਉਹ ਤਾਅਨੇ ਬਣ ਚੁਭਦੇ।"

ਫੇਰ ਮਿੱਠੇ ਨੇ ਇੱਕ ਚੀਸ ਜਿਹੀ ਵੱਟੀ, ਉਹਦੇ ਹੱਥ ਨੂੰ ਮੇਰਾ ਹੱਥ ਲੱਗ ਗਿਆ ਸੀ। ਉਂਗਲ 'ਤੇ ਟਾਂਕੇ ਲੱਗੇ ਹੋਏ ਦੁਖ ਗਏ ਸਨ ।

ਕਹਿੰਦਾ, "ਪਰਸੋਂ ਵੀ ਅਸੀਂ ਰੋਹਟੀ ਪਿੰਡ ਤੋਂ ਆ ਰਹੇ ਤੀ। ਇੱਕ ਕਬਜਾ ਤੀ ਛੋਟਾ ਜਿਆ। ਦਾਰੂ ਨਾਲ਼ ਟੈਟ ਅਸੀਂ। ਉਹ ਜਮਾਂ ਓਥੇ ਈ ਬੈਠਾ, ਓਹੀ ਟੈਮ ਤੀ...ਪੱਚੀ ਸਾਲ ਪਹਿਲਾਂ ਆਲ਼ਾ। ਜਿੱਦਣ ਬਾਪੂ ਨੂੰ ... ਓਥੇ ਈ ਤਾਸ਼ ਖੇਡਦਾ ਤੀ ਅੱਡੇ 'ਚ ਚੌਂਕੜੀ 'ਤੇ... ਬਸ ਪਤਾ ਈ ਨੀਂ ਚੱਲਿਆ ਕੀ ਹੋਇਆ ਕੀ ਨਹੀਂ, ਇੱਕ ਵਾਰ ਤਾਂ ਲੰਘ ਗਏ ਪਿੰਡ ਅੱਲ ਨੂੰ...ਪਰ ਫੇਰ ਵਾਪਸ ਮੁੜ ਆਏ। ਆਪਣੇ ਬੋਰ ਤੋਂ, ਸਿਰ 'ਚ ਪਾਣੀ ਪਾ ਕੇ... ਸੁਰਤ ਜਿਹੀ 'ਚ ਹੋ ਕੇ...ਮਾਰਿਆ ਰੁੱਕਾ, ਖੜ੍ਹਾ ਹੋ ਓਏ ਭੈਂਣ ਦੀਆ ਯਾਰਾ। ਕਰ ਧੋਖੇ ਨੂੰ ਯਾਦ, ਜਿਹੜਾ ਮੇਰੇ ਪਿਓ ਨਾਲ਼ ਕਰਿਆ ਤੀ। ਉਹ ਡਰਿਆ ਨੀਂ ਸਗੋਂ ਸਾਡੇ 'ਤੇ ਨੂੰ ਝਪਟ ਕੇ ਪਿਆ... ਬਸ ਫੇਰ ਤਾਂ ਐਨੀਆਂ ਕ੍ਰਿਪਾਨਾ ਮਾਰੀਆਂ ਸਾਲ਼ੇ ਦੇ ਕਿ ਪੁੱਛ ਨਾ... ਕਈ ਤਾਂ ਸਾਡੇ ਤੋਂ ਆਪਦੇ ਈ ਲੱਗੀ ਗਈਆਂ।"

ਮੈਂ ਪੁੱਛਿਆ, "ਕੋਈ ਵਿੱਚ ਨੀਂ ਆਇਆ ਛਡਾਉਣ, ਅੱਡੇ 'ਚ ਤਾਂ ਰਸ਼ ਬਹੁਤ ਹੁੰਦੈ ?"

"ਮੰਗੇ... ਸਭ ਪਾਸੇ ਸੁੰਨ-ਸਾਂਨ ਹੋ ਗੀ' ਤੀ। ਕੋਈ ਨੀ ਆਇਆ ਵਿੱਚ... ਪਰ ਉਹ ਬਹੁਤ ਦਲੇਰ ਤੀ ਯਾਰ। ਬਹੁਤ ਔਖਾ ਮਰਿਆ, ਬਹੁਤ ਘਬਰਾਹਟ ਹੋ ਗੀ' ਤੀ, ਇੱਕ ਵਾਰ ਤਾਂ ਸਰੀਰ ਜਮਾਂ ਜਵਾਬ ਦੇ ਗੇ 'ਤੀ... ਸਾਲਾ ਬਿਨਾਂ ਹਥਿਆਰ ਤੋਂ ਵੀ ਭਾਰੂ ਪੈ ਚੱਲਿਆ ਤੀ।" ਮਿੱਠਾ ਬਹੁਤ ਭਾਵੁਕ ਹੋ ਚੱਲਿਆ ਸੀ । ਦੱਸਦਾ-ਦੱਸਦਾ ਰੋਣ ਈ ਲੱਗ ਪਿਆ ਸੀ।

"...ਜੇ ਮੈਂ 'ਕੱਲਾ ਹੁੰਦਾ, ਫੇਰ ਗੱਲ ਨੀਂ ਤੀ ਬਣਨੀ। ਉਹ ਤਾਂ ਆਹ ਯੋਧਿਆਂ ਨੇ ਸਾਥ ਦਿੱਤਾ.. ਤਾਂ ਕਿਤੇ...ਨਹੀਂ ਤਾਂ...।" ਉਹਨੇ ਦੂਜੇ ਮੁੰਡਿਆਂ ਵੱਲ ਇਸ਼ਾਰਾ ਕੀਤਾ ਜੋ ਓਦਣ ਨਾਲ਼ ਸਨ।

ਇਹ ਦੋਵੇਂ ਨਵੇਂ ਸਨ, ਇੱਕ ਮਿੱਠੇ ਦੇ ਪਿੰਡੋਂ, ਦੂਜਾ ਰੋਹਟੇ ਪਿੰਡ ਤੋਂ। ਮੈਂ ਨ੍ਹੀਂ ਸੀ ਕਦੇ ਮਿਲਿਆ, ਪਰ ਬਹੁਤ ਅਹਿਸਾਨ ਹੈ ਮੇਰੇ ਉੱਤੇ ਉਹਨਾਂ ਦਾ। ਮੇਰੇ ਯਾਰ ਦਾ ਸਾਥ ਦੇਣ ਲਈ।

ਯਾਰਾਂ ਨੂੰ ਵੀਹ-ਵੀਹ ਸਾਲ ਦੀ ਸਜਾ ਹੋਈ। ਤੀਜੇ ਮੱਖਣ ਵੀਰ (ਮਿੱਠੇ ਦੇ ਭਰਾ) ਨੂੰ ਵੀ ਵਿੱਚ ਹੀ ਘੜੀਸ ਲਿਆ ਸੀ। ਇੱਕ ਸਿਪਾਹੀ ਨੇ ਦੱਸਿਆ ਸੀ ਮੈਨੂੰ, ਜੀਹਨੇ ਪੰਚਨਾਮਾ ਕੀਤਾ ਸੀ ਲਾਸ਼ ਦਾ ਕਿ ਜੈਲੇ ਦੀ ਲਾਸ਼ ਆਂਏਂ ਵਿੰਨੀ ਪਈ ਸੀ ਕਿਰਪਾਨਾਂ ਨਾਲ, ਜਿਵੇਂ ਕੋਈ ਜਿੰਦੀ ਜਿਹਾ ਜਵਾਕ, ਕਿਸੇ ਗੱਲ ਤੋਂ ਰੁੱਸ ਕੇ ਚਾਕੂ ਨਾਲ (ਘੀਆ) ਕੱਦੂ 'ਚ ਗਲੀਆਂ ਕੱਢ ਰਿਹਾ ਹੋਵੇ, ਸਬਜ਼ੀ ਚੀਰਦੀ ਮਾਂ ਕੋਲ ਬੈਠਾ।

ਉਹ ਮੁਲਾਜ਼ਮ ਦੱਸਦਾ ਸੀ ਕਿ ਅਣਗਿਣਤ ਮੋਰੀਆਂ ਕਰੀਆਂ ਪਈਆਂ ਸੀ। ਸਾਰਾ ਬੇਪਛਾਣ ਕਰਿਆ ਪਿਆ ਸੀ। ਜਮਾਂ ਕੱਦੂਕਸ ਵਾਂਗ ਖਿੱਲਰੀ ਪਈ ਸੀ ਲਾਸ਼।

ਖ਼ੈਰ! ਕਦੇ ਹਸਦੇ ਕਦੇ ਵੀਰਾਨ ਹੁੰਦੇ ਇਸ ਘਰ 'ਚ ਕੇਰਾਂ ਫ਼ੇਰ ਵਿਰਾਨੀ ਛਾ ਗਈ। ਇੱਕ ਭਰਾ ਪਹਿਲਾਂ ਨਸ਼ੇ ਦੀ ਰਾਹ ਚਲੇ ਗਿਆ ਸੀ। ਮੱਖਣ ਤੇ ਮਿੱਠਾ ਇਸ ਕੇਸ 'ਚ ਜੇਲ੍ਹ 'ਚ ਬੰਦ ਹੋ ਗੇ। ਘਰ ਰਹਿ ਗਈਆਂ ਮਿੱਠੇ ਦੀ ਮਾਂ, ਉਸਦੀ ਘਰਵਾਲੀ ਅਤੇ ਇੱਕ ਮਿੱਠੇ ਦਾ ਬੇਟਾ। ਖ਼ੈਰ! ਹੁਣ ਸਭ ਠੀਕ ਹੈ। ਮੁੰਡਾ ਵਿਹਾਉਣ ਯੋਗ ਹੋ ਚੱਲਿਆ ਹੈ। ਸਜਾ ਵੀ ਪੂਰੀ ਹੋ ਗੀਂ ਹੈ। ਖੇਤੀਬਾੜੀ 'ਚ ਵਿਅਸਤ ਹੈ, ਗੱਡੀ ਟਰੈਕ 'ਤੇ ਹੈ।

***

ਅੱਗੇ ਹੋਰ ਪੜ੍ਹਾਈ ਕਰਨੀ ਚਾਹੀ। ਪਰ ਸਾਡੇ ਕਾਲਜ ਆਲ਼ਿਆਂ ਨੇ ਦਾਖਲਾ ਨਾ ਦਿੱਤਾ। ਮੈਂ ਨਵੇਂ ਖੁੱਲ੍ਹੇ 'ਨੈਸ਼ਨਲ ਕਾਲਜ ਚੁਪਕੀ' (ਸਮਾਣਾ) ਵਿਖੇ ਡੀ. ਪੀ ਐਡ ਦੇ ਕੋਰਸ 'ਚ ਦਾਖਲਾ ਲੈ ਲਿਆ। ਉੱਥੇ ਜਾਣ ਤੋਂ ਪਹਿਲਾਂ ਜਿੰਨੀ ਦੇਰ ਪਿੰਡ ਰਿਹਾ ਤਾਂ ਪੁਰਾਣੀ ਡਰੱਗ ਅਡਿੱਕਸ਼ਨ ਤੋਂ ਲੱਗਭਗ ਦੂਰ ਰਿਹਾ। ਪਰ ਆਸਾਨੀ ਨਾਲ਼ ਮਿਲਦੇ ਬਦਲ ਵਜੋਂ ਹੋਰ ਪਦਾਰਥ ਲੈ ਕੇ ਕੰਮ ਚਲਾਈ ਗਿਆ।

ਉੱਥੇ ਪਟਿਆਲ਼ੇ ਦੁਬਾਰਾ ਜਾਣ ਨਾਲ਼ ਇੱਕ ਹੋਰ ਨਸ਼ੇ ਨਾਲ਼ ਜਾਣ-ਪਛਾਣ ਹੋਈ, ਉਹ ਸੀ, ਸਰਿੰਜ ...।'ਸਰਿੰਜ', ਜਿਹੜੀ ਮੇਰੀ ਮਸ਼ੂਕ ਹੋ ਨਿੱਬੜੀ।

ਅਸਲ 'ਚ ਮੈਂ ਚੁੱਪਕੀ ਤੋਂ ਜਿਆਦਾ ਆਪਣੇ ਪੁਰਾਣੇ ਹੋਸਟਲ 'ਚ ਹਾਜ਼ਰ ਰਹਿੰਦਾ। ਆਉਂਦੇ-ਜਾਂਦੇ ਮੈਂ ਉੱਥੇ ਪੁਰਾਣੇ ਬਚਦੇ ਦੋਸਤਾਂ ਕੋਲ਼ ਰੁਕਦਾ ਰਿਹਾ। ਉੱਥੇ ਹੁਣ ਬਸ ਰੱਲੇ ਹੋਰੀਂ ਹੀ ਸੀ ਜਾਂ ਟਿਵਾਣਾ ਸੀ। ਬਾਕੀ ਖਿੱਲਰ ਗਏ ਸੀ। ਫਿਜ਼ੀਕਲ ਹੋਸਟਲ 'ਚ ਹੁਣ ਦਾਰੂ ਦੀਆਂ ਬੋਤਲਾਂ ਅਤੇ ਸਮੈਕ ਦੇ ਪੈਕਟਾਂ ਦੀ ਥਾਂ, ਸਰਿੰਜਾਂ ਨੇ ਮੱਲ ਲਈ ਸੀ।

ਹੋਸਟਲ 'ਚ ਹੋਇਆ ਇਹ ਦੂਸਰਾ ਬਦਲਾਅ ਸੀ। ਕਿਉਂਕਿ ਸਾਡੇ ਬੈਚ ਤੋਂ ਪਹਿਲਾਂ ਹੋਸਟਲ 'ਚ ਜੇ ਕੋਈ ਨਸ਼ਾ ਕਰਦਾ ਸੀ ਤਾਂ ਸ਼ਰਾਬ ਪੀਂਦਾ ਸੀ। ਪਹਿਲੇ ਬਦਲਾਅ ਵਜੋਂ ਸਮੈਕ ਸਾਡੇ ਵੇਲ਼ੇ ਆਈ ਅਤੇ ਜਦੋਂ ਸਮੈਕ ਮਾੜੀ ਆਉਣ ਲੱਗ ਪਈ ਜਾਂ ਮਹਿੰਗੀ ਹੋ ਗਈ ਇਸ

ਨਵੀਂ ਸਸਤੀ ਅਤੇ ਨੇੜਿਓਂ ਮਿਲਦੀ ਸਰਿੰਜ, ਬਹੁਤ ਤੇਜ਼ੀ ਨਾਲ਼ ਹੋਸਟਲ 'ਚ ਵੜ ਗੀ। ਇਸੇ ਹੀ ਇਹ ਮੇਰੇ ਰੋਮ-ਰੋਮ 'ਚ ਰਮ ਗੀ। ਬਸ ਸਵਾਦ ਜਿਹਾ ਪੈ ਗਿਆ ਸੀ। ਜਿੱਦਣ ਤਿੰਨ-ਚਾਰ ਵਾਰ ਸਰੀਰ 'ਚ ਸੂਈ ਨਾ ਚੁਭਦੀ, ਉਹ ਦਿਨ ਉੱਖੜਿਆ-ਉੱਖੜਿਆ ਰਹਿੰਦਾ। ਹੋਰ ਬੇਸ਼ੱਕ ਜਿਹੜਾ ਮਰਜ਼ੀ ਪਦਾਰਥ ਲੈਂਦਾ, ਪਰ ਗੱਲ ਨਾ ਬਣਦੀ। ਬਹੁਤ ਬੁਰਾ ਹਾਲ ਕਰ ਲਿਆ ਸੀ ਸਰੀਰ ਨਾਲ਼, ਤਜਰਬੇ ਕਰ-ਕਰ। ਹੋਸਟਲ 'ਚ ਨਸ਼ੇ ਵਾੜਨੇ ਸਾਡੇ ਗਰੁੱਪ 'ਤੇ ਕਲੰਕ ਹੈ। ਪਰ ਸ਼ੁਕਰ ਹੈ ਕਿ ਹੁਣ ਫਿਜ਼ੀਕਲ ਕਾਲਜ ਦੇ ਹਾਲਾਤ ਬਹੁਤ ਵਧੀਆ ਹਨ। ਟਾਵੇਂ-ਟਾਵੇਂ ਹੀ ਜੋ ਪੈੱਗ-ਸ਼ੈੱਗ ਲਗਾਉਂਦੇ। ਬਾਕੀ ਚੀਜ਼ਾਂ ਸਾਡੇ ਗਰੁੱਪ ਦੇ ਉਥੋਂ ਜਾਣ ਨਾਲ਼ ਹੀ ਚਲੀਆਂ ਗਈਆਂ।

***

ਅੰਮ੍ਰਿਤ ਨੇ ਯੂਨੀਵਰਸਿਟੀ 'ਚ ਦਾਖਲਾ ਲੈ ਲਿਆ। ਮੈਂ ਉਹਨੂੰ ਕਦੇ-ਕਦੇ ਮਿਲ ਆਉਂਦਾ ਸੀ। ਉਹਦੇ ਨਾਲ਼ ਦੇ ਉਹਨੂੰ ਪੁੱਛਦੇ ਰਹਿੰਦੇ, "ਮਨਵੀਰ ਨੂੰ ਐਨੀ ਨੀਂਦ ਕਿਉਂ ਚੜ੍ਹੀ ਰਹਿੰਦੀ ਐ ?" ਪਰ ਉਹ ਭੋਲ਼ੀ ਈ ਐਨੀ ਸੀ ਕਿ ਜਿਵੇਂ ਮੈਂ ਕਹਿ ਦਿੰਦਾ ਉਹ ਮੰਨ ਲੈਂਦੀ। ਕਦੇ ਮੈਂ ਕਹਿਣਾ ਕਿ ਰਾਤ ਨੀਂਦ ਨ੍ਹੀਂ ਆਈ। ਕਦੇ ਬਹਾਨਾ ਲਗਾ ਦੇਣਾ ਕਿ ਭਰਿੰਡ (ਧਮੂੜੀ) ਲੜ ਗਈ। ਉਸਦੀ ਸੋਜ਼ ਰੋਕਣ ਲਈ ਏਵਲ-ਫ਼ਿਫ਼ਟੀ ਦੀ ਟੇਬਲਟ ਲਈ ਐ ਤਾਂ ਕਰਕੇ ਸੁਸਤੀ ਪੈ ਰਹੀ ਐ। ਕਿਉਂਕਿ ਇੰਜੈਕਸ਼ਨ ਜਦੋਂ ਨਾੜ 'ਚ ਸਹੀ ਤਰੀਕੇ ਨਾਲ਼ ਨਾ ਲੱਗਦਾ ਤਾਂ ਹੱਥ ਸੁੱਜ ਜਾਂਦੇ ਤੇ ਉਹ ਬੇਚਾਰੀ ਮੇਰੇ ਝੂਠ ਨੂੰ ਸੱਚ ਮੰਨ ਲੈਂਦੀ।

ਓਦਣ ਵੈਲੇਨਟਾਈਨ-ਡੇ ਆਲ਼ੇ ਦਿਨ ਅਸੀਂ ਮਿਲੇ। ਮੈਂ ਕਾਲਜ 'ਚੋਂ ਟਿਵਾਣੇ ਆਲ਼ਾ ਬੁਲਿਟ ਲੈ ਕੇ, ਯੂਨੀਵਰਸਿਟੀ ਤੋਂ ਬੈਠਾ ਲਿਆਇਆ। ਪਹਿਲਾਂ ਤਾਂ ਅਸੀਂ ਡਕਾਲਾ ਰੋਡ 'ਤੇ ਬਣੇ 'ਫਨ ਵਿਲੇ' ਗਏ। ਪਰ ਜਿਆਦਾ ਸਮਾਂ ਨਾ ਬਿਤਾਇਆ। ਉੱਥੇ ਸੰਸਕ੍ਰਿਤੀ ਬਚਾਓ ਸੰਮਤੀ ਆਲ਼ੇ ਘੁੰਮਦੇ ਸਨ, ਪਰ ਉਹ ਸਾਡੇ ਵੱਲ ਨਾ ਆਏ। ਉਹਨਾਂ 'ਚੋਂ ਇੱਕ ਦੇ 'ਤੇ ਪਹਿਲਾਂ ਈ ਹੱਥ ਫੇਰਿਆ ਹੋਣ ਕਰਕੇ, ਉਹ ਸਾਡੇ ਤੋਂ ਦੂਰ ਈ ਰਹੇ। ਅੰਮ੍ਰਿਤ ਕਹਿੰਦੀ, "ਅੱਜ ਤੁਹਾਨੂੰ ਨੀਂਦ ਕੁਛ ਜਿਆਦਾ ਆ ਰਹੀ ਐ...।" "ਤੈਨੂੰ ਊਈਂ ਲੱਗੀ ਜਾਂਦੇ ਯਾਰ, ਚੱਲ ਫ਼ਿਲਮ ਦੇਖਦੇ ਆਂ।" ਮੈਨੂੰ ਇਹ ਸੀ ਬਈ ਐਥੇ ਇਹਨੂੰ ਅੱਖਾਂ ਮਿਚਦੀਆਂ ਦਿਖੀ ਜਾਂਦੀਆਂ ਨੇ। ਲੱਗਦਾ ਸੀ ਕਿ ਉਸਨੂੰ ਪਤਾ ਲੱਗ ਗਿਹੈ ਕਿ ਇਹ ਨੀਂਦ ਕਰਕੇ ਊਂਘ ਨ੍ਹੀਂ ਚੜ੍ਹ ਰਹੀ, ਗੱਲ ਕੋਈ ਹੋਰ ਹੈ। ਫੇਰ ਅਲੌਰਾ ਸਿਨਮੇ 'ਚ ਫ਼ਿਲਮ ਦੇਖਣ ਚਲੇ ਗਏ। ਦੇਖ ਕੇ ਆਉਂਦੇ ਹੋਏ ਬਾਈ ਨੰਬਰ ਫਾਟਕ ਤੋਂ ਇੱਕੀ ਨੰਬਰ ਵੱਲੋਂ ਦੀ ਯੂਨੀਵਰਸਿਟੀ ਜਾ ਰਹੇ ਸੀ। ਫ਼ਿਲਮ ਵੀ ਮੈਂ ਕਿਹੜੀ ਦੇਖੀ, ਬਸ ਸੁੱਤਾ ਈ ਰਿਹਾ।

"ਇਹ ਭਾਈ ਕੌਣ ਨੇ...?" ਮੋਢੇ ਨੂੰ ਹੱਥ ਲਾ ਕੇ ਅੰਮ੍ਰਿਤ ਬੋਲੀ। ਮੈਂ ਜਦੋਂ ਮੂੰਹ ਘੁਮਾਇਆ ਤਾਂ ਉਹ ਮਾਡਲ ਟਾਊਨ ਆਲਾ ਪੱਪੀ ਸੀ। ਪੰਜ ਜਣੇ ਉਹ, ਦੋ ਮੋਟਰ ਸਾਈਕਲਾਂ

'ਤੇ ਸਨ। ਪੱਪੀ ਮੂੰਹ 'ਚ ਗਾਲ਼ ਕੱਢਕੇ ਕਹਿੰਦਾ, "ਰੋਕ ਹੁਣ... ਦੱਸੀਏ, ਬੜੇ ਬਦਮਾਸ਼ ਨੂੰ..।"

ਮੈਂ ਡਰ ਗਿਆ। ਨਾਲ਼ੇ ਸੋਚਾਂ, ਬਈ ਜੇ ਮੇਰੇ ਨਾਲ਼ ਦੇ ਦੋ ਸਾਲ ਪਹਿਲਾਂ ਇਸਨੂੰ ਨੰਗਾ ਕਰਕੇ ਨਾ ਕੁੱਟਦੇ ਤਾਂ ਅੱਜ ਇਹ ਕੰਮ ਨਾ ਹੁੰਦਾ। ਮੈਂ ਬਹੁਤ ਬੁਰਾ ਫਸ ਗਿਆ ਸੀ ਓਦਣ। ਕਿਉਂਕਿ ਬੰਦਾ ਆਪਦੀ ਸਹੇਲੀ ਸਾਹਮਣੇ ਤਾਂ ਫੇਰ ਵੀ ਕੁੱਟ ਖਾ ਸਕਦੈ। ਪਰ ਆਪਣੀ ਮੰਗੇਤਰ ਸਾਹਮਣੇ ਤਾਂ ਬਿਲਕੁਲ ਵੀ ਨ੍ਹੀਂ... ਮਰਨ ਹੋ ਜਾਂਦਾ ਬੰਦੇ ਦਾ...। ਮੈਂ ਤਾਂ ਫੇਰ ਵੀ ਬਦਮਾਸ਼ੀ ਆਲ਼ੀ ਫੀਲਿੰਗ ਰੱਖਦਾ, ਪੂਰਾ ਘੈਂਟ ਕਹਾਉਂਦਾ ਸੀ।

ਉਹਨੇ ਬਹੁਤ ਵਾਰੀ ਕਿਹਾ ਕਿ "ਰੋਕ ਮੋਟਰਸਾਈਕਲ।" ਪਰ ਮੈਨੂੰ ਇਹ ਸੀ, ਬਈ ਇਹ ਰੇਲਵੇ ਲਾਈਨ ਆਲ਼ੀ ਸੁੰਨਮ-ਸੁੰਨੀ ਜਿਹੀ ਸੜਕ ਪਾਰ ਕਰ ਲਵਾਂ। ਅੱਗੇ ਦੁਖਨਿਵਾਰਨ ਸਾਹਿਬ ਨੂੰ ਜਾਂਦੇ ਹੋਏ ਬਾਰਾਂਦਰੀ ਆਲ਼ੇ ਚੁਰਸਤੇ 'ਤੇ ਪਹੁੰਚ ਜਾਵਾਂ, ਇੱਕ ਵਾਰ। ਉੱਥੇ ਟਰੈਫਿਕ ਪੁਲਸ ਆਲ਼ੇ ਕੋਲ਼ ਰੋਕੂੰਗਾ। ਉਹ ਵਾਰ-ਵਾਰ ਕਹਿ ਰਿਹਾ ਸੀ, ਲਲਕਾਰ ਰਿਹਾ ਸੀ। ਇੱਕ ਕੋਲ਼ ਹਾਕੀ ਸੀ ਅਤੇ ਪੱਪੀ ਦੇ ਹੱਥ 'ਚ ਖਪਰਾ। ਹਥਿਆਰ ਦਿਖਾ ਕੇ ਵੰਗਾਰ ਰਿਹਾ ਸੀ, ਗਾਲ਼ਾਂ ਕੱਢ ਕੇ। ਮੈਂ ਮੋਟਰਸਾਈਕਲ ਤੇਜ਼ ਕਰੀ ਜਾ ਰਿਹਾ ਸੀ ਇਹ ਕਹਿਕੇ ਕਿ, "ਇੱਕ ਮਿੰਟ ਗੱਲ ਤਾਂ ਸੁਣ, ਰੋਕਦੈਂ..।" ਮੇਰੀ ਜਾਨ 'ਤੇ ਬਣੀ ਸੀ ਕਿ ਅੱਜ ਜਾਨ ਸਾਹਮਣੇ ਜਾਨ ਜਾਊਗੀ।

ਅੰਮ੍ਰਿਤ ਬੇਚਾਰੀ ਕਹੀ ਜਾਵੇ। ਨਾਲੇ ਡਰੀ ਜਾਵੇ, "ਰੋਕ ਲੋ ਤੁਸੀਂ... ਖੜ੍ਹ ਕੇ ਗੱਲ ਕਰੋ ਪਲੀਜ਼...।" ਡਰ ਵੀ ਸੱਚਾ ਸੀ। ਪੱਪੀ ਦਾ ਕਾਲ਼ਾ ਰੰਗ ਤੇ ਬਾਘੜ ਬਿੱਲੇ ਜਿੱਡਾ ਮੂੰਹ, ਛੇ ਫੁੱਟ ਦੇ ਕਰੀਬ ਕੱਦ। ਉਸਦੇ ਨਾਲ ਦੇ ਵੀ ਐਵੇਂ ਦੇ ਈ ਸਨ, ਡਰਾਉਣੇ ਜਿਹੇ। ਪਰ ਉਹਨਾਂ ਨੇ ਪਤਾ ਨ੍ਹੀਂ ਸਾਡੇ ਤੋਂ ਮੂਹਰੇ ਨਿੱਕਲਣ ਦੀ ਕੋਸ਼ਿਸ ਕਿਉਂ ਨ੍ਹੀਂ ਕੀਤੀ। ਹੋ ਸਕਦੈ ਠੀਕ ਨਾ ਲੱਗਿਆ ਹੋਵੇ, ਕੋਈ ਅੜਿੱਕਾ ਆਇਆ ਹੋਵੇ, ਨਹੀਂ ਤਾਂ...।

ਚਲੋ ਜੀ ਰੋਕਦੇ-ਰੁਕਾਉਂਦੇ ਉਹ ਚੁਰਸਤਾ ਆ ਗਿਆ, ਜਿੱਥੇ ਮੈਂ ਪਹੁੰਚਣਾ ਚਾਹੁੰਦਾ ਸੀ। ਐਥੋਂ ਇੱਕ ਸੜਕ ਬਾਰਾਂਦਰੀ ਆਲ਼ੇ ਪਾਸਿਉਂ ਆਉਂਦੀ ਸਾਡੇ ਹੋਸਟਲ (ਲਹਿਲ ਕਲੋਨੀ) ਵੱਲ ਨੂੰ ਜਾਂਦੀ ਹੈ, ਤੇ ਦੂਜੀ ਦੁਖ ਨਿਵਾਰਨ ਸਾਹਿਬ 'ਤੋਂ ਲੀਲਾ ਭਵਨ ਵੱਲ ਜਾਂਦੀ ਹੈ।

ਜਦੋਂ ਮੈਂ ਟਰੈਫਿਕ ਪੁਲਿਸ ਆਲ਼ੇ ਕੋਲ਼ ਰੁਕਿਆ ਤਾਂ ਉਹ ਵੀ ਰੁਕ ਗਏ। ਮੈਂ ਜਲ਼ਦੀ-ਜਲ਼ਦੀ ਸਟੈਂਡ 'ਤੇ ਲਾ ਕੇ ਹੌਲਦਾਰ ਨੂੰ ਕਹਿਣਾ ਚਾਹੁੰਦਾ ਸੀ ਕਿ, "ਸਰ ਇਹ ਬੰਦੇ ਮੇਰੇ ਨਾਲ਼ ਲੜਦੇ ਪਏ ਨੇ।"

ਪਰ ਪੱਪੀ ਛੇਤੀ ਦੇਣੇ ਮੇਰੇ ਕੋਲ਼ ਆ ਗਿਆ, "ਹਾਂ ਓਏ ਹੁਣ ਦੱਸ, ਕੀ ਬਿਮਾਰੀ ਸੀ ?" ਉਹਨੇ ਗਾਲ਼ ਤਾਂ ਕੱਢੀ ਪਰ ਹੌਲ਼ੀ ਜਿਹੀ... ਸ਼ਾਇਦ ਅੰਮ੍ਰਿਤ ਦੇ ਕੋਲ਼ ਖੜ੍ਹੀ ਹੋਣ ਕਰਕੇ ਸ਼ਰਮ ਕਰ ਗਿਆ। ਉਹ ਐਨੀਂ ਤੇਜ਼ੀ ਨਾਲ਼ ਸਾਡੇ ਕੋਲ਼ ਆਇਆ ਕਿ ਉਹਨੇ ਮੋਟਰ ਸਾਈਕਲ ਦਾ ਸਟੈਂਡ ਵੀ ਨ੍ਹੀਂ ਲਾਇਆ। ਉਹਦੇ ਨਾਲ਼ ਦਾ ਪਹਿਲਾਂ ਉੱਤਰ ਗਿਆ ਤਾਂ ਕਰਕੇ ਮੋਟਰ ਸਾਈਕਲ ਵੀ ਡਿੱਗ ਪਿਆ ਸੀ।

ਮਖਿਆਂ, "ਪੱਪੀ ਦੇਖ, ਇੱਕ ਤਾਂ ਥੱਪੜ ਨਾ ਮਾਰੀਂ... ਗਾਲ਼ ਨਾ ਕੱਢੀਂ... ਗੱਲ ਕਰੀਂ ਅਰਾਮ ਨਾਲ਼... ਜਾਂ ਫੇਰ ਇਹਨੂੰ ਯੁਨੀ... ਛੱਡ ਆਉਣ ਦੇ..।" ਮੇਰਾ ਬੋਲ ਵੀ ਕੰਬ ਰਿਹਾ ਸੀ ਤੇ ਲੱਤਾਂ ਵੀ...। ਇਹ ਸ਼ਾਇਦ ਬਰੇਲੀ ਆਲ਼ੀ ਕੁੱਟ ਤੋਂ ਬਾਅਦ ਦੂਜੀ ਵਾਰ ਸੀ ਜਦੋਂ ਮੈਂ ਕੰਬਿਆ ਸੀ, ਡਰਿਆ ਸੀ। ਨਹੀਂ ਤਾਂ ਡਰ ਕਦੇ ਗਵਾਂਢ 'ਚ ਵੀ ਨ੍ਹੀਂ ਵੜਨ ਦਿੱਤਾ।

"ਫੇਰ ਤੂੰ ਮੈਨੂੰ 'ਕੱਲਾ ਥੋੜ੍ਹੀ ਮਿਲੇਂਗਾ... ਤੂੰ ਬਿਮਾਰੀ ਦੱਸ ਤੈਨੂੰ ਕੀ ਏ... ਭੈਂ...।" ਉਹਨੇ ਗਾਲ਼ ਫੇਰ ਇੱਕ ਵਾਰ ਮੂੰਹ 'ਚ ਈ ਰੋਕ ਲਈ।

"...ਦੇਖ ਬਾਈ, ਇਹ ਮੇਰੀ ਸਹੇਲੀ ਨ੍ਹੀਂ ਹੈ ਗੀ', ਮੇਰੀ ਮੰਗੇਤਰ ਐ। ਮੈਂ ਵਾਪਸ ਆ ਜਾਨੈ ਹੁਣੇ...।" ਮੈਨੂੰ ਇਹ ਸੀ ਕਿ ਇੱਕ ਵਾਰ ਅੰਮ੍ਰਿਤ ਨੂੰ ਛੱਡ ਆਵਾਂ, ਫੇਰ ਚਾਹੇ ਜੋ ਮਰਜ਼ੀ ਕਰ ਲਵੇ। ਪਤਾ ਉਹਨੂੰ ਵੀ ਸੀ ਕਿ ਹੁਣ ਫਸਿਆ ਹੋਇਆ, ਫੇਰ ਅਸੀਂ ਫਸਾਂਗੇ।

"ਵੀਰ ਜੀ ਪਲੀਜ਼ ਸਾਨੂੰ ਜਾਣ ਦੋ... ਕੀ ਐ... ਚਲੋ ਮਨਵੀਰ ... ਪਲੀਜ਼।" ਅੰਮ੍ਰਿਤ ਨੇ ਤਰਲਾ ਉਹਨੂੰ ਕੀਤਾ ਤੇ ਗੱਲ ਮੇਰੇ ਵੱਲ ਮੂੰਹ ਕਰਕੇ ਮੁਕਾਈ।

ਫੇਰ ਪਤਾ ਨ੍ਹੀਂ ਉਹਦੇ ਮਨ 'ਚ ਕੀ ਆਇਆ, "ਸੌਰੀ ਮੈਮ।" ਕਹਿਕੇ ਪਿੱਛੇ ਹਟ ਗਿਆ।

ਮੈਥੋਂ ਨਾ ਥੈਂਕਿਉ ਕਿਹਾ ਗਿਆ ਨਾ ਸੌਰੀ। ਓਥੋਂ ਨਿੱਕਲ਼ਣ ਦੀ ਕਰੀ। ਬੁਲਿਟ ਵੀ ਪਹਿਲੀ ਕਿੱਕ ਸਟਾਰਟ ਹੋ ਗਿਆ। ਜਦੋਂ ਮੈਂ ਮੋਟਰਸਾਈਕਲ ਤੋਰਿਆ ਤਾਂ ਉਹ ਪੂਰੇ ਰੋਹਬ 'ਚ ਬੋਲਿਆ, "ਅੱਜ ਮੈਡਮ ਕਰਕੇ ਛੱਡਤਾ। ਪਰ ਯਾਦ ਰੱਖੀਂ ਤੈਨੂੰ ਹਸਪਤਾਲ 'ਚ ਵੀ ਕਿਹਾ ਸੀ ਜੱਟ ਤੇ ਝੋਟਾ ਵੈਰ ਨ੍ਹੀਂ ਭੁੱਲਦੇ... ਕਦੇ ਫੇਰ ਸਹੀ। ਅੱਜ ਓਹੀ ਜਗ੍ਹਾ, ਓਹੀ ਸਮੇਂ 'ਤੇ ਕਰਨਾ ਸੀ ਤੇਰਾ ਕੰਮ।"

ਮੈਨੂੰ ਇਹ ਸੀ, ਬਈ ਇਹਨੂੰ ਯੂਨੀਵਰਸਿਟੀ ਛੱਡ ਕੇ ਹੋਸਟਲ 'ਚੋਂ ਰੱਲੇ ਹੋਰਾਂ ਨੂੰ ਨਾਲ਼ ਲੈ ਕੇ ਕਰਦਾਂ ਇਹਦਾ ਇਲਾਜ਼। ਪਰ ਓਥੋਂ ਛੇ ਵਜੇ ਤੱਕ ਅੰਮ੍ਰਿਤ ਨੇ ਨਾ ਆਉਣ ਦਿੱਤਾ ਕਿ ਲੜਾਈ ਟਲ਼ ਜਾਵੇ।

ਜਦੋਂ ਰੱਲੇ ਹੋਰਾਂ ਕੋਲ਼ ਗਿਆ। ਸਾਰੀ ਆਪ ਬੀਤੀ ਸੁਣਾਈ, ਤਾਂ ਰੱਲਾ ਕਹਿੰਦਾ, "ਚੱਲ ਓਏ ਓਹਦੇ ਆਲ਼ੇ ਈ ਬੂਟ ਫੇਰੂੰ ਸਾਲ਼ੇ ਮੇਰੇ ਦੇ ...।" ਉਹਨੇ ਪੱਪੀ ਆਲ਼ੇ ਨਾਈਕ ਦੇ ਬੂਟ ਈ ਪਾਏ ਹੋਏ ਸੀ। ਜਿਹੜੇ ਦੋ ਸਾਲ ਪਹਿਲਾਂ ਲੜਾਈ 'ਚ ਉਤਾਰੇ ਸਨ, ਸਾਡੇ ਸਿਰ ਫਟਣ ਸਮੇਂ। ਰੱਲੇ ਹੋਰਾਂ ਨੇ ਕੱਪੜਿਆਂ ਦੇ ਨਾਲ਼-ਨਾਲ਼ ਬੂਟ ਵੀ ਉਤਾਰ ਲਏ ਸੀ ਪਤੰਦਰਾਂ ਨੇ।

ਇੱਕ ਵਾਰ ਤਾਂ ਖ਼ੂਨ ਖੌਲਿਆ। ਹੋਈਆਂ ਨਾੜਾਂ ਖੜ੍ਹੀਆਂ, ਅੱਠ ਨੌਂ ਜਣਿਆਂ ਨੇ ਮਾਰਿਆ ਗੇੜਾ ਉਹਦੇ ਘਰ ਵੱਲ। ਪਰ ਦੁਬਾਰਾ ਲੱਭਣ ਦੀ ਕੋਸ਼ਿਸ਼ ਨਾ ਕੀਤੀ।

ਕੋਸ਼ਿਸ਼ ਤਾਂ ਹੁਣ ਸਿਰਫ ਨਾੜਾਂ ਲੱਭਣ ਦੀ ਈ ਜਿਆਦਾ ਹੁੰਦੀ। ਅਣਖ ਇੱਜਤ ਤਾਂ ਬਸ ਹੁਣ ਨਾਮ ਦੀ ਈ ਰਹਿ ਗਈ ਸੀ, ਗਰੁੱਪ 'ਚ।

ਅਸੀਂ ਟੈਟ ਹੋ ਕੇ ਸਭ ਭੁੱਲ ਗਏ। ਬਹੁਤ ਗਿਰਾਵਟ ਆ ਚੁੱਕੀ ਸੀ। ਡਰੱਗ-ਅਡਿਕਸ਼ਨ ਕੁਛ ਨ੍ਹੀਂ ਛੱਡਦੀ ਬੰਦੇ 'ਚ, ਨਿੱਸਲ ਬਣਾ ਦਿੰਦੀ ਹੈ। ਸ਼ਾਇਦ ਇਸੇ ਕਰਕੇ ਕਹਿੰਦੇ ਨੇ ਕਿ ਹਾਕਮ ਲੋਕ ਬਾਗੀ ਤਬਕੇ ਨੂੰ ਨਸ਼ਿਆਂ 'ਤੇ ਲਗਾ ਕੇ, ਬਗਾਵਤ ਨੂੰ ਮਾਤ ਦਿੰਦੇ ਨੇ।

ਥੋੜ੍ਹੇ ਕੁ ਸਮੇਂ ਪਹਿਲਾਂ 'ਠੱਗ ਸਟਾਈਲ' ਕਿੰਨਾਂ ਮਸ਼ਹੂਰ ਕਰਤਾ ਸੀ ਅਸੀਂ। ਕੋਈ ਨ੍ਹੀਂ ਸੀ ਜੋ ਪਟਿਆਲੇ 'ਚ ਸਾਡੇ ਨਾਲ਼ ਪੰਗਾ ਲੈਣ ਦੀ ਹਿੰਮਤ ਕਰਦਾ। ਪਰ ਹੁਣ ਹਾਲਾਤ ਬਹੁਤ ਛੇਤੀ ਬਦਲ ਗਏ ਸਨ। ਰੱਲਾ ਦੱਸਦਾ ਸੀ ਕਿ ਉਹਨੂੰ ਕਈ ਵਾਰ ਘੇਰ ਲਿਆ ਸੀ ਉਹਨਾਂ ਨੇ, ਜਿਨ੍ਹਾਂ ਨੂੰ ਪਹਿਲਾਂ ਭਜਾ-ਭਜਾ ਕੇ ਕੁੱਟਿਆ ਹੋਇਆ ਸੀ। ਖ਼ੈਰ!



ਮਹਾਂ ਨਰਕ

ਉਸ ਸਮੇਂ ਦੇ ਕਿੰਨੇ ਈ ਉਹ ਦਿਨ, ਉਹ ਘੰਟੇ, ਕਿੰਨੀਆਂ ਈ ਉਹ ਘਟਨਾਵਾਂ, ਜਿਹੜੀਆਂ ਮੇਰੇ ਨਸ਼ੇ ਸਮੇ ਦੀਆਂ ਮੈਨੂੰ ਯਾਦ ਹਨ। ਜਿਨ੍ਹਾਂ ਕਰਕੇ ਮੇਰੀ ਮਾਂ, ਮੇਰੀ ਅੰਮ੍ਰਿਤ, ਮੇਰਾ ਸਹੁਰਾ ਪਰਵਾਰ, ਖ਼ਾਸ ਕਰਕੇ ਡੈਡੀ (ਅੰਮ੍ਰਿਤ ਦੇ ਪਿਤਾ ਜੀ) ਅਤੇ ਹੋਰ ਭੈਣ-ਭਰਾ ਵਾਰ-ਵਾਰ ਸ਼ਰਮਿੰਦਾ ਹੋਏ। ਜਿਨ੍ਹਾਂ ਕਰਕੇ ਮੇਰਾ ਰਿਸ਼ਤਾ ਟੁੱਟਣ ਤੋਂ ਬਚਿਆ ਜਾਂ ਕਹਿ ਲਓ ਟੁੱਟ ਗਿਆ ਸੀ। ਜਿਨ੍ਹਾਂ ਕਰਕੇ ਆਪਦੇ ਆਪ ਤੋਂ ਵੀ ਨਫ਼ਰਤ ਹੋਣ ਲੱਗ ਪੈਂਦੀ ਹੈ। ਭੁੱਲੇ ਤੋਂ ਵੀ ਨ੍ਹੀਂ ਭੁੱਲਦਾ। ਖ਼ਾਸ ਕਰ ਓਦੋਂ ਜਦੋਂ ਮੌਤ ਹੁੰਦੀ ਮਹਿਸੂਸ ਹੋਈ ਸੀ। ਜਦੋਂ ਲੱਗਿਆ ਸੀ, ਬਈ ਹੁਣ ਮੈਂ ਮਰ ਰਿਹੈਂ, ਹੁਣ ਨ੍ਹੀਂ ਬਚਦਾ। ਕਿਸੇ ਨੂੰ ਆਵਾਜ਼ ਮਾਰਨ ਤੋਂ ਵੀ ਡਰਿਆ ਸੀ ਕਿ ਜੇ ਬਚ ਗਿਆ ਫੇਰ ਭੇਦ ਖੁੱਲ੍ਹ ਜਾਊ, ਮੇਰੀ ਹਾਲਤ ਦਾ। ਉਸ ਦਲ-ਦਲ ਦਾ ਜਿਸ 'ਚ ਡੁੱਬ ਚੁੱਕਿਆ ਸੀ। ਫਸ ਚੁੱਕਿਆ ਸੀ ਉਸ ਵੈਤਰਨੀ ਨਦੀ 'ਚ...। ਸੱਚੀਂ ਉਹ ਪੀਕ ਦੀ ਭਰੀ ਨਦੀ ਹੀ ਸੀ। ਜਿੱਥੋਂ ਪਾਰ ਨਿੱਕਲ਼ਣਾ ਬਹੁਤ ਘੱਟ ਦੇ ਹਿੱਸੇ ਆਇਆ ਹੈ।

ਬਹੁਤ ਬੁਰਾ ਹਾਲ ਸੀ ਉਸ ਦਿਨ, ਇੱਕ ਪਾਸੇ ਤਾਂ ਲੱਗੇ ਜਿਵੇਂ ਮਰ ਰਿਹਾਂ ਹਾਂ। ਦੂਜੇ ਪਾਸੇ ਡਰ ਇਹ ਵੀ ਲੱਗੇ ਬਈ ਜੇ ਬਚ ਗਿਆ? ਜੇ ਅੰਮ੍ਰਿਤ ਨੇ ਇਸ ਹਾਲਤ 'ਚ ਦੇਖ ਲਿਆ? ਕਿਉਂਕਿ ਉਸਦੇ, ਆਉਣ ਦਾ ਸਮਾਂ ਹੋ ਰਿਹਾ ਸੀ ਤੇ ਮੇਰਾ ਇਸ ਦੁਨੀਆਂ ਤੋਂ ਜਾਣ ਦਾ।

***

ਸੰਨ 2005-06 ਤੱਕ ਵਿਆਹ ਵੀ ਹੋ ਗਿਆ ਸੀ ਤੇ ਮਾਸਟਰੀ ਦੀ ਨੌਕਰੀ ਲਈ ਜੰਮੂ ਤੋਂ ਇੱਕ ਹੋਰ ਡਿਪਲੋਮਾ ਵੀ ਹੋ ਚੁੱਕਿਆ ਸੀ। ਜੰਮੂ ਬਾਰੇ ਗੱਲ ਕਰਦਿਆਂ ਕੁਛ ਜਿਆਦਾ ਨ੍ਹੀਂ ਜੇ ਦੱਸਿਆ ਜਾਵੇ। ਅਸੀਂ ਉੱਥੇ ਗਏ ਈ ਬਹੁਤ ਘੱਟ ਹਾਂ। ਬਸ ਹਾਜ਼ਰੀਆਂ ਉਹ ਸਭ ਦੀਆਂ ਪੂਰੀਆਂ ਕਰ ਦਿੰਦੇ। ਮੇਰੇ ਬਹੁਤੇ ਸਾਥੀਆਂ ਨੂੰ ਤਾਂ ਪਤਾ ਵੀ ਨਾ ਲੱਗਾ ਕਿ ਕਦੋਂ ਦਾਖਲਾ ਲਿਆ ਤੇ ਕਦੋਂ ਪੇਪਰ ਹੋਏ। ਜਿੰਨੀਆਂ ਕੁ ਜਮਾਤਾਂ ਲਾਈਆਂ ਉਹਨਾਂ 'ਚ ਵੀ ਪੁੱਠੀ ਗਰਾਰੀ ਹੀ ਫਸਾਈ ਰੱਖੀ।

ਉੱਥੇ ਸਾਨੂੰ ਇੱਕ ਕਾਮਰੇਡ ਪ੍ਰੋਫੈਸਰ, ਮੈਡਮ ਕੈਂਥ ਪੜ੍ਹਾਉਂਦੇ ਸਨ। ਬਹੁਤ ਦਿਆਲੂ, ਸਮਝਦਾਰ ਅਤੇ ਵਿਦਿਆਰਥੀਆਂ ਦੇ ਹੱਕ 'ਚ ਡਟਣ ਆਲ਼ੀ ਪੱਕੀ ਕਾਮਰੇਡ। ਇੱਕ ਗੱਲ ਜਿਹੜੀ ਉਸ ਮੈਡਮ 'ਚ ਕਾਮਰੇਡਾਂ ਤੋਂ ਅਲੱਗ ਸੀ, ਉਹ ਸੀ ਉਸਦਾ ਸੁਹੱਪਣ, ਉਹਦੀ ਖ਼ੂਬਸੂਰਤੀ। ਪਰੀਆਂ ਵਰਗੀ ਸੀ ਉਹ, ਜਣੀਂ ਦੇਖੀ ਓ ਜਾ...। ਉਹਨੂੰ ਸਭ ਪਤਾ ਸੀ ਕਿਵੇਂ ਬੈਠਣਾ ਹੈ। ਜਿਵੇਂ ਉਸਨੇ ਟ੍ਰੇਨਿੰਗ ਲਈ ਹੋਵੇ ਖੜ੍ਹਨ ਬੈਠਣ ਦੀ। ਜਣੀਂ ਉਹਨੂੰ ਤੁਸੀਂ ਪੂਰੀ ਘੈਂਟ ਮਾਡਲ ਵੀ ਕਹਿ ਸਕਦੇ ਹੋਂ।

ਜੰਮੂ 'ਚ ਪੰਜਾਬ ਵਾਂਗੂ ਨਸ਼ਾ ਨ੍ਹੀਂ ਮਿਲਦਾ। ਕੋਈ ਮੈਡੀਕਲ ਸਟੋਰ ਆਲ਼ਾ ਬਿਨਾਂ

ਡਾਕਟਰ ਦੀ ਪਰਚੀ ਤੋਂ ਸਿਰ ਦੁਖਦੇ ਦੀ ਗੋਲੀ ਵੀ ਨ੍ਹੀਂ ਦਿੰਦਾ। ਅਸੀਂ ਜਿੰਨਾਂ ਕੁ ਸਮਾਨ ਪੈਸਾਂ ਤੋਂ ਲੈ ਕੇ ਜਾਂਦੇ, ਓਨੇ ਥੋੜ੍ਹੇ ਨਾਲ ਹੀ ਗੁਜ਼ਾਰਾ ਕਰਦੇ। ਇਹ ਵੀ ਇੱਕ ਕਾਰਨ ਸੀ ਉੱਥੇ ਘੱਟ ਰਹਿਣ ਦਾ, ਜਮਾਤਾਂ 'ਚ ਨਾ ਜਾਣ ਦਾ। ਹਾਂ ਘੋੜਿਆਂ-ਖੱਚਰਾਂ ਆਲਿਆਂ ਤੋਂ ਸੁਲਫ਼ਾ-ਗਾਂਜਾ ਜ਼ਰੂਰ ਮਿਲ ਜਾਂਦਾ ਸੀ। ਇਹ ਘੋੜਿਆਂ-ਖੱਚਰਾਂ ਆਲੇ ਆਪਣੇ ਘੋੜਿਆਂ ਰਾਹੀਂ ਸ਼ਰਧਾਲੂਆਂ ਅਤੇ ਯਾਤਰੀਆਂ ਨੂੰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਵਾਉਂਦੇ ਹਨ। ਕੁਛ ਉਂ ਵੀ ਕਹਿੰਦੇ, ਸੁਲਫ਼ੇ ਦੇ ਸ਼ੌਕੀਨ ਬਾਹਰਲੇ ਸੈਲਾਨੀ ਬਹੁਤ ਜਿਆਦਾ ਹੁੰਦੇ ਨੇ। ਸੋ ਇਹ ਵੀ ਉੱਥੇ ਕਮਾਈ ਦਾ ਇੱਕ ਚੰਗਾ ਸਾਧਨ ਹੈ। ਸਾਨੂੰ ਵੀ ਅਰਾਮ ਨਾਲ ਮਿਲ ਜਾਂਦਾ ਸੀ। ਮੇਰੇ ਨਾਲ ਦਾ ਸੰਗੀ ਅਬੋਹਰੀਆ ਤਾਂ ਆਪਣੇ ਕੋਲ ਸਟੀਲ ਦੀ ਚਿਲਮ ਰੱਖਦਾ।

ਚੌਵੀ ਘੰਟੇ ਅਸੀਂ ਗਾਂਜੇ ਅਤੇ ਨੌਰਫੀਨ 'ਚ ਧੁੱਤ ਰਹਿੰਦੇ। ਸ਼ਾਇਦ ਇਸੇ ਕਰਕੇ, ਮੈਨੂੰ ਉਸ ਕਾਮਰੇਡ ਮੈਡਮ ਨਾਲ ਹੋਈ ਗੱਲਬਾਤ ਚੰਗੀ ਤਰਾਂ ਯਾਦ ਨ੍ਹੀਂ ਰਹੀ। ਹਾਂ ਏਨਾ ਕੁ ਯਾਦ ਐ ਕਿ ਬਹਿਸ ਦੌਰਾਨ ਮੈਂ ਅਤੇ ਜੱਗੀ ਦੋਵੇਂ ਜਣੇ ਐਸ.ਸੀ ਕੋਟੇ ਦੇ ਹੱਕ 'ਚ ਸਾਂ। ਇਸ ਲਈ ਅਸੀਂ ਮੈਡਮ ਦੇ ਬਹੁਤ ਚਹੇਤੇ ਬਣ ਗਏ, ਖਾਸ ਕਰਕੇ ਮੈਂ। ਉੱਥੇ ਐਸ. ਸੀ ਭਾਈਚਾਰੇ ਨਾਲ ਸਬੰਧਤ ਵਿਦਿਆਰਥੀਆਂ 'ਚ ਮੈਂ ਪੂਰਾ ਮਕਬੂਲ ਹੋ ਗਿਆ ਸੀ। ਪਰ ਜੱਟਾਂ-ਕਿਸਾਨਾਂ ਦੀਆਂ ਜ਼ਮੀਨਾਂ ਬਾਕੀਆਂ 'ਚ ਵੰਡਣ ਦੇ ਵਿਰੁੱਧ ਲਏ ਸਟੈਂਡ ਨੇ ਉਹ ਵੀ ਵਿਰੁੱਧ ਕਰਤੇ ਸੀ, ਜਿਹੜੇ ਕੋਟੇ ਦੇ ਹੱਕ 'ਚ ਖੜ੍ਹਨ ਨਾਲ ਮੇਰੇ ਨਾਲ ਖੜ੍ਹੇ ਸਨ। ਉਸ ਮੈਡਮ ਨੇ ਤਰਕ ਦਿੱਤੇ ਕਿ ਜ਼ਮੀਨ ਦੀ ਵੰਡ ਦੁਬਾਰਾ ਹੋਣੀ ਚਾਹੀਦੀ ਹੈ, ਸਭ ਨੂੰ ਬਰਾਬਰ ਵੰਡੀ ਜਾਵੇ ਵਗੈਰਾ-ਵਗੈਰਾ...। ਪਰ ਮੈਂ ਕਿੱਥੇ ਮੰਨਦਾ ਸੀ। ਨਸ਼ੇ 'ਚ ਧੁੱਤ ਹੋਇਆ ਬੋਲੀ ਗਿਆ ਜੋ ਮੂੰਹ ਆਇਆ।

ਦੂਜਾ ਮੁੱਦਾ ਸੀ ਜਾਤ-ਪਾਤ ਦਾ। ਮੈਡਮ ਕਹਿੰਦੇ, "ਕਮਿਊਨਿਜ਼ਮ ਦੇ ਸਿਧਾਂਤ ਨਾਲ ਹੀ ਇਸਤੋਂ ਖਹਿੜਾ ਛੁਡਾਇਆ ਜਾ ਸਕਦੈ।"

ਮੇਰੇ ਉਜੱਡ ਦੇ ਮਾਰਕਸ, ਲੈਨਿਨ ਵਰਗੇ ਕਿੱਥੇ ਸਮਝ ਆਉਂਦੇ ਸੀ।

"ਜਾਤ-ਪਾਤ ਤਾਂ ਜੀ ਕਾਮਰੇਡਾਂ ਨੇ ਵੀ ਨ੍ਹੀਂ ਛੱਡੀ, ਤੇ ਨਾ ਛੱਡੀ ਐ ਦਲਿਤਾਂ ਨੇ। ਦੇਖੋ ਰਮਦਾਸੀਆ ਭਾਈਚਾਰਾ, ਬਾਲਮੀਕੀਆਂ ਦੇ ਘਰ ਰਿਸ਼ਤੇ ਨ੍ਹੀਂ ਕਰਦਾ। ਬਾਲਮੀਕੀ ਲੋਕ ਹੋਰ ਕਥਿਤ ਨੀਵੇਂ ਮੰਨੇ ਜਾਂਦੇ ਲੋਕਾਂ ਨੂੰ ਨੀਵਾਂ ਮੰਨਦੇ ਨੇ।" ਨਸ਼ੇ 'ਚ ਟੱਲੀ ਹੋਏ ਇਨ੍ਹਾਂ ਮੂਰਖਾਂ ਆਲੇ ਪੈਂਤੜਿਆਂ ਨੇ ਬਹੁਤ ਕਲੇਸ਼ ਖੜ੍ਹਾ ਕਰ ਦਿੱਤਾ। ਭਗਤ ਸਿੰਘ ਦੇ ਫੈਨ ਵੀ 'ਕੱਠੇ ਹੋਏ ਫਿਰਨ ਕੁੱਟਣ ਲਈ। ਗੱਲਾਂ ਕਰਦਾ-ਕਰਦਾ ਮੈਂ ਵਿੱਚੋਂ ਅੱਧੀਆਂ ਗੱਲਾਂ ਭੁੱਲ ਜਾਂਦਾ ਸੀ ਕਿ ਗੱਲ ਕੀ ਕਹਿ ਰਿਹਾਂ ਹਾਂ, ਸ਼ੁਰੂ ਕਿਹੜੀ ਕਰੀ ਸੀ, ਗੱਲ ਹੋਰ ਦੀ ਹੋਰ ਬਣ ਜਾਂਦੀ।

ਹੋਰਨਾਂ ਦੇ ਨਾਲ ਮੇਰਾ ਰੂਮ ਮੇਟ ਜੱਗੀ ਵੀ ਮੇਰੇ ਵਿਰੁੱਧ ਹੋ ਗਿਆ ਅਤੇ ਉਹ ਮੈਡਮ ਵੀ। ਕੁਛ ਬੰਦਿਆਂ ਨੇ ਮੇਰੀ ਗੱਲ ਨੂੰ ਹੋਰ ਤਰਾਂ ਪੇਸ਼ ਕਰਤਾ ਜਾਂ ਫੇਰ ਨਸ਼ੇ ਅਤੇ ਉਲਾਰ 'ਚ ਆ ਕੇ ਮੈਥੋਂ ਕਿਹਾ ਗਿਆ ਕਿ ਜੇ ਭਗਤ ਸਿੰਘ ਬਰਾਬਰੀ ਚਾਹੁੰਦਾ ਸੀ ਫੇਰ ਲਾਲਾ ਜੀ ਦਾ ਵਿਰੋਧ

ਕਿਉਂ ਨ੍ਹੀਂ ਸੀ ਕਰਦਾ। ਕਿਉਂਕਿ ਲਾਲਾ ਜੀ ਪੂਰੇ ਜਾਤ-ਪਾਤੀ ਸਨ ਤੇ ਭਗਤ ਸਿੰਘ ਉਹਨਾਂ ਦਾ ਸਾਥੀ ਸੀ। ਭਗਤ ਸਿੰਘ ਦੇ ਦੇਵਨਾਗਰੀ ਲਿਪੀ ਦੇ ਹੱਕ 'ਚ ਲਿਖੇ ਲੇਖ ਬਾਰੇ ਕਹਿਕੇ ਮੈਂ ਉਸਨੂੰ ਪੰਜਾਬੀ ਵਿਰੋਧੀ ਕਹਿ ਬੈਠਾ। ਵੈਸੇ ਮੈਂ ਭਗਤ ਸਿੰਘ ਦੀ ਕੁਰਬਾਨੀ ਦਾ ਬਹੁਤ ਵੱਡਾ ਕਦਰਦਾਨ ਹਾਂ। ਬਹੁਤ ਵੱਡਾ ਕਲੇਸ਼ ਖੜ੍ਹਾ ਹੋ ਗਿਆ ਸੀ।

***

ਵਿਆਹ ਕਿਵੇਂ ਹੋਇਆ ? ਕੀ ਹਾਲਾਤ ਸਨ ? ਕੀ ਸੀ ਮੇਰੀ ਹਾਲਤ ਬਰਾਤ ਆਲੇ ਦਿਨ। ਅੰਮ੍ਰਿਤ ਨੇ ਇਹ ਬਿਰਤਾਂਤ ਲਿਖਣ ਦੀ ਆਗਿਆ ਨਹੀਂ ਦਿੱਤੀ। ਕਹਿੰਦੀ, "ਆਪਣੇ ਬਾਰੇ ਜੋ ਲਿਖਣਾ ਲਿਖੋ ਪਰ...।" ਚਲੋ ਆਪਾਂ ਵਿਆਹ ਆਲੇ ਸੀਨ ਨੂੰ ਫਾਰਵਰਡ ਕਰਕੇ ਅੱਗੇ ਦੇਖਦੇ ਆਂ ਕੀ ਹੋਇਆ ? ਜਿਵੇਂ ਵੀ.ਸੀ. ਆਰ 'ਚ ਵਿਆਹ ਆਲੀ ਮੂਵੀ ਚਲਦੀ 'ਚ ਅਨੰਦ ਕਾਰਜ ਆਲਾ ਭਾਗ ਅੱਗੇ ਕੱਢ ਦਿੰਦੇ ਸੀ।

ਵਿਆਹ ਤੋਂ ਦੂਜੀ ਸਵੇਰ ਅਸੀਂ ਮੋਟਰਸਾਈਕਲ 'ਤੇ ਈ ਸ਼ਿਮਲੇ ਨੂੰ ਚੱਲ ਪਏ। ਪਰ ਮੇਰੇ ਕੋਲ ਮੇਰਾ ਨਸ਼ਾ ਪੂਰਾ ਕਰਨ ਦਾ ਸਮਾਨ ਹੈ ਨ੍ਹੀਂ ਸੀ। ਨਾ ਉਂਦਣ ਸਮਾਂ ਸੀ ਇੰਤਜ਼ਾਮ ਕਰਨ ਦਾ। ਪਤਾ ਨ੍ਹੀਂ ਨਸ਼ੇ ਦੀ ਤੋੜ ਦੇ ਡਰ ਨੇ ਵੀ ਕਿਉਂ ਨ੍ਹੀਂ ਡਰਾਇਆ ਜਾਂ ਫੇਰ ਅੰਮ੍ਰਿਤ ਨਾਲ ਹੋਏ ਵਿਆਹ ਦਾ ਹੌਂਸਲਾ ਈ ਏਨਾ ਸੀ ਕਿ ਸਰੀਰ ਟੁੱਟਣ ਦਾ ਡਰ ਈ ਨ੍ਹੀਂ ਲੱਗਿਆ। ਜਦੋਂ ਕਿ ਉਹਨਾਂ ਦਿਨਾਂ 'ਚ ਮੈਥੋਂ ਇੱਕ ਦਿਨ ਵੀ ਬਿਨਾਂ ਨਸ਼ੇ ਤੋਂ ਨ੍ਹੀਂ ਸੀ ਕੱਟ ਹੁੰਦਾ। ਦਿਨ ਕੀ ਮੈਂ ਤਾਂ ਹਰ ਘੰਟੇ ਬਾਅਦ ਕਰਦਾ ਸੀ। ਫੇਰ ਵੀ ਪਤਾ ਨ੍ਹੀਂ ਜਮਾਂ ਖਾਲੀ ਕਿਵੇਂ ਚਲੇ ਗਿਆ।

ਉੱਥੇ ਜਾ ਕੇ ਬਹੁਤ ਬੁਰਾ ਹਾਲ ਹੋਇਆ। ਲੱਤਾਂ ਵੀ ਦੁਖਣ, ਉਬਾਸੀਆਂ ਵੀ ਆਉਣ, ਅੱਖਾਂ 'ਚੋਂ ਪਾਣੀ ਵੀ ਪਰਲ-ਪਰਲ ਚੱਲੇ...। ਬੇਚੈਨੀ ਐਨੀ ਕਿ ਘਬਰਾਹਟ ਹੋਵੇ, ਕਦੇ ਠੰਡ ਲੱਗੇ, ਕਦੇ ਗਰਮੀ। ਥੱਕੀ ਹੋਈ ਹੋਣ ਕਰਕੇ ਅੰਮ੍ਰਿਤ ਤਾਂ ਸੌਂ ਗਈ। ਮੈਨੂੰ ਡਰ ਲੱਗੇ, ਬਈ ਜਦੋਂ ਉਹ ਉੱਠੂ ਤਾਂ ਮਰਦਾਨਗੀ ਆਲਾ ਭਾਂਡਾ ਫੁੱਟੂ। ਹਾਲਤ ਅਜੇ ਹੋਰ ਖਰਾਬ ਹੋਣੀ ਸੀ। ਕਮਰੇ 'ਚੋਂ ਬਾਹਰ ਆ ਗਿਆ। ਇੱਕ ਛੋਟੀ ਜਿਹੀ ਦਵਾਈਆਂ ਦੀ ਦੁਕਾਨ ਉੱਤੇ ਚਲੇ ਗਿਆ। ਨਵੀਂ ਜਿਹੀ ਉਮਰ ਦਾ ਮੁੰਡਾ ਸੀ ਤਾਂ ਕਰਕੇ ਗੱਲ ਕਰਨੀ ਸੌਖੀ ਲੱਗੀ।

ਮੈਂ ਤਿਗੜਮ ਬਾਜ਼ੀ ਨਾਲ ਉਸ ਕੈਮਿਸਟ ਨੂੰ ਮਨਾ ਲਿਆ, ਮਿੰਨਤਾਂ-ਤਰਲੇ ਕਰਕੇ, "ਅਸੀਂ ਦੋ ਜੋੜੇ ਹਨੀਮੂਨ 'ਤੇ ਆਏ ਹੋਏ ਹਾਂ ਅਮਲੋਹ ਤੋਂ। ਮੇਰੇ ਨਾਲ ਦੇ ਸਾਥੀ ਨੇ ਥੋੜ੍ਹੇ ਕੁ ਦਿਨਾਂ ਤੋਂ ਅਫੀਮ ਛੱਡੀ ਹੈ। ਪਰ ਦਵਾਈ ਘਰ ਭੁੱਲ ਆਏ। ਬਹੁਤ ਬੁਰਾ ਹਾਲ ਐ ਬੇਚਾਰੇ ਦਾ... ਵੀਰ ਬਣ ਕੇ ਕੋਈ ਹੀਲਾ ਕਰ। ਜੇ ਉਸਦੀ ਨਵੀਂ ਵਿਆਹੀ ਘਰਵਾਲੀ ਨੂੰ ਪਤਾ ਲੱਗ ਗਿਆ ਤਾਂ ਰਿਸ਼ਤਾ ਟੁੱਟ ਜਾਊ।" ਉਹ ਮੇਰੀਆਂ ਗੱਲਾਂ 'ਚ ਆ ਗਿਆ ਅਤੇ ਮੈਂ ਬਚ ਗਿਆ। ਨਹੀਂ ਤਾਂ ਬਹੁਤ ਔਖਾ ਸੀ। ਉਹਨੇ ਸਾਬਤ ਟੀਕੇ ਤਾਂ ਮੈਨੂੰ ਨਾ ਫੜਾਏ, ਪਰ ਸਰਿੰਜ 'ਚ ਭਰਕੇ ਦੇ ਦਿੱਤੇ। ਫੇਰ ਉਹਨੇ ਬਹੁਤ ਜ਼ੁੰਮੇਵਾਰੀ ਦਿਖਾਈ। ਉਹ ਟੀਕੇ ਉੱਥੇ ਡਸਟਬਿਨ 'ਚ ਨ੍ਹੀਂ ਸੁੱਟੇ, ਸਗੋਂ ਕਾਗਜ਼ 'ਚ ਲਕੋ ਕੇ ਬਹੁਤ ਗੁਪਤ ਤਰੀਕੇ ਨਾਲ ਮੈਨੂੰ ਫੜਾਤੇ ਅਤੇ ਦੂਰ ਜਾ ਕੇ ਇੱਕ ਖਾਈ 'ਚ

ਸੁੱਟਣ ਲਈ ਕਿਹਾ। ਜਦੋਂ ਮੈਂ ਸੁੱਟਣ ਜਾ ਰਿਹਾ ਸੀ ਤਾਂ ਉਹਦਾ ਧਿਆਨ ਮੇਰੇ ਵੱਲ ਈ ਸੀ।

ਬਹੁਤ ਭੈੜਾ ਅਹਿਸਾਸ ਹੋਇਆ ਉਸ ਦਿਨ ਗੁਲਾਮੀ ਦਾ। ਜੇ ਓਦਣ ਉਹ ਮੇਰੀ ਮੱਦਦ ਨਾ ਕਰਦਾ ਤਾਂ ਭਾਂਡਾ ਫੁੱਟ ਗਿਆ ਸੀ। ਅੰਮ੍ਰਿਤ ਸਭ ਕੁਛ ਬਰਦਾਸ਼ਤ ਕਰ ਸਕਦੀ ਸੀ ਪਰ ਨਸ਼ਾ ਨ੍ਹੀਂ। ਹੁਣ ਸੋਚਦਾਂ ਹਾਂ ਕਿ ਕਿੰਨੀ ਗਿਰਾਵਟ ਸੀ ਉਦੋਂ ਮੇਰੇ 'ਚ, ਕਿੰਨਾ ਗ਼ੁਲਾਮ ਸੀ ਓਦੋਂ।

***

ਵਿਆਹ ਤੋਂ ਬਾਅਦ ਰੋਜ਼ਾਨਾ ਕਈ-ਕਈ ਇੰਜੈਕਸ਼ਨ ਲਗਾਉਣ ਲੱਗ ਪਿਆ ਸੀ। ਉਂ ਮੈਂ ਆਮ ਤੌਰ 'ਤੇ ਸਵੇਰੇ ਤੇ ਦੁਪਹਿਰ ਈ ਲਗਾਉਂਦਾ ਸੀ। ਪਰ ਜਿਸ ਦਿਨ ਸ਼ਾਮ ਨੂੰ ਇੰਜੈਕਟ ਕਰਦਾ ਓਦਣ ਅੰਮ੍ਰਿਤ ਕੋਲ਼ ਫਸ ਜਾਂਦਾ, ਉਹਨੂੰ ਸ਼ੱਕ ਹੋ ਜਾਂਦਾ। ਅੰਮ੍ਰਿਤ, ਦੇਸ਼ ਭਗਤ ਕਾਲਜ 'ਚ ਨੌਕਰੀ ਕਰਨ ਕਰਕੇ ਸ਼ਾਮ ਨੂੰ ਘਰ ਆਉਂਦੀ। ਮੈਂ ਆਮ ਕਰਕੇ ਖੰਨੇ ਮੈਡੀਕਲ ਸਟੋਰ ਤੋਂ ਸਵੇਰੇ ਆਪਣਾ ਸਮਾਨ ਲਿਆਉਂਦਾ। ਇਹ ਮੇਰਾ ਨਵਾਂ ਬਣਿਆ ਅੱਡਾ ਸੀ। ਇੱਕ ਟੀਕਾ ਉੱਥੇ ਖੰਨੇ ਬੱਸ ਸਟੈਂਡ ਆਲ਼ੇ ਬਾਥਰੂਮਾਂ 'ਚ ਲਾਉਂਦਾ ਅਤੇ ਇੱਕ ਦੋ ਰਸਤੇ 'ਚ, ਫੇਰ ਇੱਕ ਘਰ ਆ ਕੇ, ਤੇ ਟੱਲੀ ਹੋ ਕੇ ਸੌਂ ਜਾਂਦਾ। ਉਹਦੇ ਆਉਣ ਤੱਕ ਹਾਲਤ ਇਸ ਤਰਾਂ ਹੋ ਜਾਂਦੀ ਕਿ ਜਿਵੇਂ ਮੈਂ ਠੀਕ ਹਾਂ। ਉਸਨੂੰ ਪਤਾ ਨਾ ਲੱਗਦਾ ਭਾਵ ਸੈੱਟ ਜਿਹਾ ਹੋ ਜਾਂਦਾ ਸੀ। ਉਂ ਉਸਨੂੰ ਸ਼ੱਕ ਪੂਰਾ ਸੀ। ਪਰ ਇੱਕ ਯਕੀਨ ਵੀ ਸੀ ਆਪਦੇ ਆਪ 'ਤੇ ਕਿ ਮੈਂ ਇਸਨੂੰ ਸੁਧਾਰ ਲਵਾਂਗੀ।

ਮੈਂ ਕਦੇ-ਕਦੇ ਉਹਨੂੰ ਕਾਲਜ ਤੋਂ ਵੀ ਲੈਣ ਚਲੇ ਜਾਂਦਾ। ਪਰ ਓਦਣ ਤੋਂ ਬਾਅਦ ਕੋਈ ਛੇ ਮਹੀਨੇ ਨਹੀਂ ਸੀ ਵੜਿਆ ਉਸਦੇ ਕਾਲਜ...।

ਓਦਣ ਮੈਡੀਕਲ ਸਟੋਰ ਤੋਂ ਆਪਦਾ ਸਮਾਨ ਲੈ ਕੇ ਮੈਂ ਉਹਨੂੰ ਲੈਣ ਪਹੁੰਚ ਗਿਆ। ਮੂੰਹ ਜਿਹਾ ਦਿਖਾ ਕੇ ਮੁੰਡਿਆਂ ਆਲ਼ੇ ਬਾਥਰੂਮਾਂ 'ਚ ਜਾ ਵੜਿਆ। ਛੁੱਟੀ ਹੋਣ 'ਚ ਘੰਟਾ ਕੁ ਬਚਿਆ ਸੀ। ਸਮਾਨ ਜ਼ਿਆਦਾ ਲਗਾ ਬੈਠਾ। ਨਸ਼ੇ 'ਚ ਉੱਥੇ ਗੁਸਲਖਾਨੇ 'ਚ ਹੀ ਸੌਂ ਗਿਆ। ਡੈਜ਼ਾਪਾਮ ਜ਼ਿਆਦਾ ਲੱਗ ਗਿਆ ਸੀ।

ਹੁਣ ਛੁੱਟੀ ਹੋ ਚੁੱਕੀ ਸੀ। ਉਹ ਬੇਚਾਰੀ ਮੋਟਰਸਾਈਕਲ ਕੋਲ਼ ਖੜ੍ਹੀ ਉਡੀਕ ਰਹੀ ਸੀ। ਪੀਅਨ ਮੈਨੂੰ ਲੱਭਦਾ ਰਿਹਾ। ਸ਼ਾਮ ਪੈ ਗਈ। ਸਾਰੇ ਘਰਾਂ ਨੂੰ ਚਲੇ ਗਏ। ਜਦੋਂ ਮੈਨੂੰ ਚਪੜਾਸੀ ਨੇ ਲੱਭਦੇ-ਲੱਭਦੇ ਨੇ ਕੱਢਿਆ ਗੁਸਲਖਾਨੇ 'ਚੋਂ ਤਾਂ ਮੋਟਰਸਾਈਕਲ ਦੀ ਚਾਬੀ ਖੋ ਚੁੱਕੀ ਸੀ। ਇੱਕ ਪੈਰ ਟਾਇਲਟ 'ਚ ਜਾ ਡਿੱਗਿਆ ਸੀ ਉੱਠਣ ਲੱਗੇ ਦਾ। ਗੰਦਾ ਪਾਣੀ ਜੁਰਾਬ 'ਚ ਵੜ ਗਿਆ। ਪੈਂਟ ਦੀ ਮੂਹਰੀ ਵੀ ਗਿੱਲੀ ਹੋ ਗੀ'। ਚਾਬੀ ਵੀ ਸ਼ਾਇਦ ਟਾਇਲਟ 'ਚ ਡਿੱਗ ਪਈ ਸੀ। ਜਦੋਂ ਮੈਂ ਇਸ ਹਾਲਤ 'ਚ ਉਸ ਪੀਅਨ ਨਾਲ਼ ਅੰਮ੍ਰਿਤ ਕੋਲ਼ ਗਿਆ ਤਾਂ ਮੈਨੂੰ ਆਲ਼-ਮਾਲ ਹੋਏ ਨੂੰ ਦੇਖ ਉਹ ਘਾਬਰ ਗੀ'। ਮਜ਼ਬੂਰੀ 'ਚ ਉਹਨੇ ਡੈਡੀ ਨੂੰ ਫੋਨ ਕਰਿਆ। ਫੇਰ ਮੇਰੇ ਸਹੁਰਾ ਸਾਹਿਬ

ਦਾ ਕੋਈ ਦੋਸਤ ਸਾਨੂੰ ਘਰ ਛੱਡ ਕੇ ਗਿਆ।

ਬਖੇਰਾ ਮਨਾਇਆ ਉਹਨੇ, ਸਾਰੀ ਰਾਤ ਰੋਂਦੀ ਰਹੀ। ਮੈਂ ਨ੍ਹੀਂ ਮੰਨਿਆ। ਮਖਿਆਂ, "ਭਰਿੰਡ ਲੜਨ ਕਰਕੇ ਆਉਂਦੇ ਹੋਏ ਨੇ ਏਵਿਲ ਫਿਫਟੀ ਦੀ ਟੈਬਲਟ ਖਾ ਲਈ ਸੀ ਤਾਂ ਕਰਕੇ ਨੀਂਦ ਆ ਗੀ'।" ਪਰ ਇਹ ਬਹਾਨਾ ਹੁਣ ਪੁਰਾਣਾ ਹੋ ਚੁੱਕਿਆ ਸੀ। ਦੂਜੇ ਦਿਨ ਉਹ ਆਪਣੇ ਕੱਪੜੇ- ਲੀੜੇ... ਗਹਿਣੇ-ਗੱਟੇ ਇਕੱਠੇ ਕਰਕੇ ਚਲੀ ਗਈ ਡੈਡੀ ਨਾਲ਼।

ਇੱਕ ਦੋ ਵਾਰ ਪਹਿਲਾਂ ਵੀ ਮੇਰੇ ਸਹੁਰਾ ਸਾਹਬ ਨੇ ਸਾਰੇ ਰਿਸ਼ਤੇਦਾਰ ਇਕੱਠੇ ਕਰੇ ਸਨ। ਬਹੁਤ ਕੁਪੱਤ ਹੋ ਚੁੱਕੀ ਸੀ। ਰਿਸ਼ਤੇਦਾਰ ਮੇਰੀ ਪਹਿਲਾਂ ਵੀ ਜੁੰਮੇਵਾਰੀ ਲੈ ਚੁੱਕੇ ਸੀ। ਹੁਣ ਕੋਈ ਜੁੰਮੇਵਾਰੀ ਲੈਣ ਲਈ ਵੀ ਨ੍ਹੀਂ ਸੀ ਬਚਿਆ ਤੇ ਨਾ ਹੁਣ ਉਹ ਮੈਨੂੰ ਮੌਕਾ ਦੇਣ ਦੇ ਮੂੜ 'ਚ ਸਨ। ਓਦਣ ਕੋਈ ਇਕੱਠ ਨ੍ਹੀਂ ਸੀ ਹੋਇਆ, ਬਸ ਉਹ ਚਲੀ ਗਈ। ਬੀਬੀ ਦਾ ਰੋ-ਰੋ ਬੁਰਾ ਹਾਲ ਹੁੰਦਾ ਰਿਹਾ। ਉਹਨੂੰ ਮੇਰੀਆਂ ਵਿਆਹ ਤੋਂ ਪਹਿਲਾਂ ਕੀਤੀਆਂ ਗਲਤੀਆਂ ਕਰਕੇ ਐਨਾ ਪਛਤਾਵਾ ਨ੍ਹੀਂ ਸੀ ਹੋਇਆ, ਜਿੰਨਾਂ ਹੁਣ ਹੋ ਰਿਹਾ ਸੀ ਕਿ ਮੈਂ ਇੱਕ ਬੇਗੈਰਤ ਦੀ ਮਾਂ ਹਾਂ। ਵਿਆਹ ਤੋਂ ਪਹਿਲਾਂ ਤਾਂ ਬੀਬੀ ਕੋਲ਼ ਗੱਲ ਘੱਟ ਵੱਧ ਹੀ ਪਹੁੰਚਦੀ ਸੀ।

ਪਹਿਲਾਂ ਵੀ ਜਿੰਨੀ ਵਾਰ ਇਕੱਠ ਹੋਇਆ ਤਾਂ ਅੰਮ੍ਰਿਤ ਨੇ ਬੀਬੀ ਨੂੰ ਕੁਛ ਪਤਾ ਨ੍ਹੀਂ ਸੀ ਲੱਗਣ ਦਿੱਤਾ। ਅਸਲ 'ਚ ਬੀਬੀ ਉਹਨੂੰ ਕਦੇ ਸੱਸ ਵਾਂਗੂ ਲੱਗੀ ਹੀ ਨਹੀਂ, ਕਿ ਉਹ ਨੀਵਾਂ ਦਿਖਾਉਣ ਲਈ ਬੁਰਾ ਕਹਿੰਦੀ ਜਾਂ ਤਾਅਨੇ ਮਾਰਦੀ। ਬੀਬੀ ਇਸ ਹਾਲਤ 'ਚ ਹੈ ਵੀ ਨਹੀਂ ਸੀ ਕਿ ਐਵੇਂ ਦੇ ਝਟਕੇ ਦਿੱਤੇ ਜਾਂਦੇ ...। ਇਹੋ ਕਾਰਨ ਸੀ ਉਹ ਆਪਣੇ ਡੈਡੀ ਨੂੰ ਕਹਿ ਕੇ ਰਿਸ਼ਤੇਦਾਰਾਂ ਨੂੰ ਸਾਡੇ ਘਰ ਦੀ ਬਿਜਾਏ ਮੇਰੀ ਵੱਡੀ ਭੈਣ ਦੇ ਘਰ ਸੱਦਦੀ।

ਕਮਾਲ ਦੀ ਕੁੜੀ ਹੈ ਅੰਮ੍ਰਿਤ ਵੀ। ਪੀੜਤ ਹੁੰਦਿਆਂ ਵੀ ਮੇਰੀ ਮਾਂ ਬਾਰੇ ਸੋਚਦੀ। ਨੂੰਹ ਹੋ ਕੇ ਧੀ ਵਾਂਗੂ ਵਿਚਰਦੀ। ਮੈਂ ਕਿੰਨਾਂ ਬਿਮਾਰ, ਕਿੰਨਾਂ ਗੁਲਾਮ ਸੀ। ਪੁੱਤ ਹੋ ਕੇ ਨਸ਼ਾ ਨ੍ਹੀਂ ਸੀ ਛੱਡ ਸਕਦਾ। ਉਹਦੇ ਦਿਲ ਨੂੰ ਵਲੂੰਧਰਦਾ ਰਹਿੰਦਾ, ਤੜਫਾਉਂਦਾ ਰਹਿੰਦਾ।

ਤਿੰਨ ਮਹੀਨੇ ਬਾਅਦ ਰਿਸ਼ਤੇਦਾਰ ਵਿੱਚ ਪੈ ਕੇ ਫੇਰ ਲੈ ਆਏ ਅੰਮ੍ਰਿਤ ਨੂੰ। ਕਿਉਂਕਿ ਹੁਣ ਸਭ ਨੂੰ ਇਹ ਹੋ ਗਿਆ ਸੀ ਕਿ ਮੈਂ ਸੁਧਰ ਗਿਆ ਹਾਂ। ਜਦੋਂ ਕਿ ਕਹਾਣੀ ਹੋਰ ਸੀ। ਦਰਅਸਲ ਪੱਟਾਂ 'ਚੋਂ ਜਿੱਥੋਂ ਵੱਡੀਆਂ ਨਾੜਾਂ 'ਚ ਸੂਈ ਲਗਾ ਰਿਹਾ ਸੀ, ਉੱਥੇ ਟੀਕੇ ਪੱਕਣ ਕਰਕੇ ਜ਼ਖਮ ਹੋ ਚੁੱਕੇ ਸਨ। ਸੋ ਮਜ਼ਬੂਰੀ ਸੀ, ਨਾੜ ਨਾ ਲੱਭਣ ਕਰਕੇ ਟੀਕਾ ਨਾ ਲੱਗਦਾ। ਹੋਰ ਬਦਲਵੇਂ ਪਦਾਰਥ ਖਾ ਲੈਂਦਾ, ਤਾਂ ਕਰਕੇ ਉਹ ਭੁਲੇਖੇ 'ਚ ਆ ਗਏ। ਕੁਛ ਅੰਮ੍ਰਿਤ ਇਹ ਵੀ ਦੱਸਦੀ ਹੁੰਦੀ ਐ ਕਿ ਉਸਦੀ ਆਤਮਾ ਕਹਿੰਦੀ ਸੀ ਕਿ "ਸਭ ਠੀਕ ਹੋ ਜੂ, ਉਹ ਸੁਧਰ ਜੂਗਾ।" ਉਹ ਲੱਗੀ ਰਹੀ।

***

ਕਿਸੇ ਲੱਲੂ ਦੀਆਂ ਕਵੱਲੀਆਂ ਸਿੱਧੀਆਂ ਪੈਣ ਨਾਲ਼ "ਲੱਲੂ ਕਰੇ ਕਵੱਲੀਆਂ ਰੱਬ

ਸਿੱਧੀਆਂ ਪਾਵੇ" ਕਹਾਵਤ ਬਣੀ ਸੀ। ਤਾਂ ਜ਼ਰੂਰੀ ਨਹੀਂ, ਬਈ ਹਮੇਸ਼ਾਂ ਈ ਸਿੱਧੀਆਂ ਪੈਣ। ਸਾਰੇ ਈ ਲੱਲੂ ਉਸ ਲੱਲੂ ਵਰਗੇ ਹੋਣ। ਥੋੜ੍ਹੀ ਜਿਹੀ ਪੁੱਠੀ ਵੀ, ਮੇਰੀ ਤਾਂ ਐਨੀ ਪੁੱਠੀ ਪੈ ਜਾਂਦੀ ਸੀ ਕਿ ਬਸ ਪੁੱਛੋ ਈ ਨਾ... ਆਏਂ ਜੇ ਸਥਿਤੀ ਬਣ ਜਾਂਦੀ ਜਿਵੇਂ ਕਿਸੇ ਤਾਜ਼ੇ ਕੀਤੇ ਕਤਲ ਦਾ ਪਤਾ ਲੱਗ ਗਿਆ ਹੋਵੇ, ਤੇ ਪੁਲਸ ਸਿਰਹਾਣੇ ਖੜ੍ਹੀ ਹੋਏ।

ਉਹ ਸਮਾਂ ਈ ਕੁਛ ਐਵੇਂ ਦਾ ਸੀ। ਮੈਂ ਓਦਣ ਆਪਣੇ ਸਹੁਰੇ ਘਰ ਭੜੀ ਪਿੰਡ ਸਾਂ। ਜਦੋਂ ਮੈਂ ਮੋਟਰਸਾਈਕਲ ਸਟਾਰਟ ਕਰਿਆ ਤਾਂ ਥੋੜ੍ਹਾ-ਥੋੜ੍ਹਾ ਮੀਂਹ ਪੈ ਰਿਹਾ ਸੀ। ਮੰਮੀ ਕਹਿੰਦੇ, "ਮਨਵੀਰ, ਭਿੱਜ ਜਾਓਂਗੇ ਪੁੱਤ... ਕਾਰ 'ਚ ਛੱਡਿਆ ਨੋਨੂੰ ਨੂੰ।" ਅੰਮ੍ਰਿਤ ਦਾ ਪੇਕਿਆਂ ਦਾ ਕੱਚਾ ਨਾਮ 'ਨੋਨੂੰ' ਹੈ।

ਆਪਾਂ ਕਾਰ ਸਟਾਰਟ ਕਰ ਲਈ। ਮਹੂਤੀ ਦਸਾਂ ਮਿੰਟਾਂ 'ਚ ਈ ਅੱਪੜਗੀ ਦੇਸ਼ ਭਗਤ ਕਾਲਜ 'ਚ। ਉਹਨੂੰ ਉਤਾਰ ਕੇ ਯਾਰ ਹੋਰਾਂ ਨੇ ਖਿੱਚਤੀ ਖੰਨੇ ਨੂੰ। ਓਦਣ ਫੀਲਿੰਗ ਵੀ ਥੋੜ੍ਹੀ ਅਮੀਰਾਂ ਆਲ਼ੀ ਸੀ। ਇਹ ਗੱਲ ਦੋ ਹਜ਼ਾਰ ਛੇ ਦੀ ਆ। ਓਦੋਂ ਕਾਰਾਂ ਅੱਜ ਵਾਂਗੂ ਆਮ ਨ੍ਹੀਂ ਸੀ ਹੁੰਦੀਆਂ। ਪੂਰੀ ਟੌਹਰ 'ਚ ਲਗਾਈ ਮੈਡੀਕਲ ਸਟੋਰ ਮੂਹਰੇ ਤਾਂ ਕਿ ਉਸਨੂੰ ਇਹ ਦਿਖਾ ਸਕਾਂ ਕਿ ਮੈਂ ਕੋਈ ਲੱਲੂ-ਪੰਜੂ ਨੀ ਹੈਗਾ।

ਸਮਾਨ ਵੀ ਓਦਣ ਤਿੰਨ ਗੁਣਾਂ ਖਰੀਦਿਆ। ਮੰਮੀ ਨੇ ਹਜ਼ਾਰ ਰੁਪਈਆ ਜੋ ਦਿੱਤਾ ਸੀ ਤੇਲ ਪਵਾਉਣ ਨੂੰ। ਕੁੰਡੀ ਵੀ ਤਿੰਨ ਸੌ ਦੀ ਲਗਾਉਣੀ ਸੀ। ਜਦੋਂ ਹਜ਼ਾਰ ਦਾ ਨੋਟ ਫੜ ਕੇ ਜੇਬ 'ਚ ਪਾਇਆ ਸੀ, ਉਸੇ ਸਮੇਂ ਕੁੰਡੀ ਲਗਾਉਣ ਦੀ ਧਾਰ ਲਈ ਸੀ।

ਉੱਥੇ ਸ਼ਿੰਦਾ ਬਾਈ ਮਿਲ ਗਿਆ ਸਲੌਦੀ ਆਲ਼ਾ। ਗਾਂਧੀ ਗਰੁੱਪ ਦਾ ਮੁੱਖ ਮੈਂਬਰ। ਇਹ ਬਿਕਰਮ ਕਾਲਜ ਪਟਿਆਲੇ ਐਲ.ਐਲ.ਬੀ. ਕਰਦੇ ਸਮੇਂ ਸਾਡੇ ਕੋਲ਼ ਹੀ ਰਿਹਾ ਸੀ। ਉਂ ਵੀ ਉਹ ਗਾਂਧੀ ਬਾਈ ਨਾਲ਼ ਸਾਡੇ ਕੋਲ਼ ਆਉਂਦਾ ਜਾਂਦਾ ਰਹਿਣ ਕਰਕੇ, ਮੇਰਾ ਵਧੀਆ ਮਿੱਤਰ ਸੀ। ਓਦਣ ਅੱਧੇ ਘੰਟੇ 'ਚ ਇਹ ਮੇਰਾ ਦੂਹਰਾ ਗੇੜਾ ਸੀ ਮੈਡੀਕਲ ਸਟੋਰ ਉੱਤੇ। ਇੱਕ ਵਾਰ ਸਮਾਨ ਲੈ ਕੇ ਬਸ ਸਟੈਂਡ ਆਲ਼ੇ ਬਾਥਰੂਮਾਂ 'ਚੋਂ ਲਗਾ ਕੇ ਵਾਪਸ ਆਇਆ ਸੀ। ਲਾਲਚ ਵਧ ਗਿਆ ਸੀ ਕਿ ਜਿੱਥੇ ਤਿੰਨ ਸੌ ਦੀ ਕੁੰਡੀ ਲਗਾਉਣੀ ਆ, ਉੱਥੇ ਚਾਰ ਸੌ ਦੀ ਸਹੀ। ਨਾੜ ਲੱਭੀ ਹੋਈ ਸੀ। ਮੋਟੀ ਚਰਬੀ ਕਰਕੇ ਅਤੇ ਜ਼ਿਆਦਾ ਟੀਕੇ ਲਾਉਣ ਕਰਕੇ ਨਾੜਾਂ ਨ੍ਹੀਂ ਸੀ ਲੱਭਦੀਆਂ ਛੇਤੀ-ਛੇਤੀ।

ਸ਼ਿੰਦਾ ਕਹਿੰਦਾ, "ਛੱਡ ਦੇ ਟੀਕੇ ਲੌਣੇ, ਮਾਲ-ਮੂਲ ਖ਼ਾ ਲਿਆ ਕਰ। ਆਪਦੀ ਹਾਲਤ ਦੇਖ ਕਿਵੇਂ ਝੂਲੇ ਖਾ ਰਿਹੈਂ।" ਉਹਨੇ ਮੈਨੂੰ ਅਰਾਮ ਕਰਨ ਲਈ ਵੀ ਜੋਰ ਪਾਇਆ। ਅਖੇ, ਕਾਰ ਨ੍ਹੀਂ ਚੱਲਣੀ ਤੈਥੋਂ। ਮਰਜੇਂਗਾ, ਐਕਸੀਡੈਂਟ ਹੋ ਜੂ' ਨਸ਼ਾ ਉੱਤਰੇ ਤੋਂ ਚਲੇ ਜਾਈਂ। ਆਪਦੇ ਮਨ 'ਚ ਸੋਚਿਆ ਆਪਦੀ ਸ਼ਕਲ ਨ੍ਹੀਂ ਦੇਖਦਾ ਜਿਵੇਂ ਅੰਬ ਚੂਪਿਆ ਹੁੰਦੈ, ਮੈਨੂੰ ਮੱਤਾਂ ਦਿੰਦੈ। ਓਦੋਂ ਹਰ ਉਹ ਬੰਦਾ ਭੈੜਾ ਲੱਗਦਾ ਜੋ ਚੰਗੀ ਸਲਾਹ ਦਿੰਦਾ। ਜਦੋਂ ਦੁਕਾਨ 'ਚੋਂ ਬਾਹਰ

ਨਿੱਕਲਿਆ ਤਾਂ ਸ਼ਿੰਦਾ ਉਸ ਲਾਲੇ ਨੂੰ ਦੱਸ ਰਿਹਾ ਸੀ ਕਿ "ਇਹਨਾਂ ਦੀ ਫੁੱਲ ਚੜ੍ਹਾਈ ਹੁੰਦੀ ਸੀ ਪਟਿਆਲੇ, ਇਹ ਕਬੱਡੀ ਦਾ ਪਲੇਅਰ ਆ।" ਇਹ ਸੁਣ ਕੇ ਆਪਾਂ ਹੋਰ ਘੈਂਟਪੁਣੇ ਆਲ਼ੀਆਂ ਫੀਲਿੰਗਾਂ ਚੱਕਲੀਆਂ। ਉੱਥੋਂ ਸਮਾਨ ਲੈ ਕੇ ਦੁਬਾਰਾ ਬਾਥਰੂਮਾਂ 'ਚ ਵੜ ਗਿਆ। ਫੇਰ ਕਰਕੇ ਜੁਗਾੜ, ਖਿੱਚਤੀ ਗੱਡੀ ਪਿੰਡ ਨੂੰ ਪੂਰੀ ਘੈਂਟ ਆਲੀ ਫੀਲਿੰਗ 'ਚ।

ਡੈੱਕ 'ਚ ਗਾਣਾ ਚੱਲ ਰਿਹਾ ਸੀ "ਜੱਗਾ ਜੱਟ ਨ੍ਹੀਂ ਕਿਸੇ ਨੇ ਬਣ ਜਾਣਾਂ ਘਰ-ਘਰ ਪੁੱਤ ਜੰਮਦੇ ...।"

ਥੋੜ੍ਹਾ-ਥੋੜ੍ਹਾ ਮੀਂਹ ਸ਼ੁਰੂ ਹੋ ਗਿਆ, ਥੋੜ੍ਹੀਆਂ-ਥੋੜ੍ਹੀਆਂ ਅੱਖਾਂ ਮਿਚਣ। ਗਲਵੱਡੀ ਪਿੰਡ ਟੱਪ ਕੇ ਇੱਕ ਸਕਿੰਟ ਲਈ ਅੱਖ ਲੱਗ ਗਈ। ਜਦੋਂ ਖੁੱਲ੍ਹੀ ਤਾਂ ਮੂਹਰੇ ਸਾਈਕਲ ਆਲ਼ੇ ਨੂੰ ਬਚਾਉਂਦੇ ਨੇ ਕਾਰ ਇੱਕ ਛੇ-ਸੱਤ ਫੁੱਟੇ ਦਰਖਤ ਉੱਤੇ ਚੜ੍ਹਾ 'ਤੀ। ਛੋਟਾ ਹੋਣ ਕਰਕੇ ਦਰੱਖ਼ਤ ਝੁਕ ਗਿਆ, ਕਾਰ ਪਲਟੀ ਖ਼ਾ ਗਈ। ਸਟੇਰਿੰਗ ਫੜੀਂ ਪੁੱਠਾ ਹੋਇਆ ਪਿਆ, ਲੱਤਾਂ ਉੱਪਰ ਸਿਰ ਥੱਲੇ। ਜਿਹੜੇ ਖਤਾਨ 'ਚ ਕਾਰ ਨੇ ਪਲਟਾ ਖਾਧਾ ਸੀ, ਉਸਦੇ ਗਿੱਲੇ ਹੋਣ ਕਰਕੇ ਛੱਤ ਕੱਠੀ ਨ੍ਹੀਂ ਸੀ ਹੋਈ। ਨਹੀਂ ਤਾਂ ਵਿੱਚ ਈ ਘੁੱਟ ਕੇ ਮਰ ਜਾਂਦਾ। ਇਕੱਠ ਬਹੁਤ ਹੋ ਗਿਆ ਸੀ। ਮੈਂ ਪਿਛਲਾ ਸ਼ੀਸ਼ਾ ਭੰਨ ਕੇ ਬਾਹਰ ਨਿੱਕਲ਼ਿਆ।

ਕਮਾਲ ਦੀ ਸੋਚ ਹੁੰਦੀ ਐ ਨਸ਼ੇੜੀ ਬੰਦੇ ਦੀ...। ਇੱਕ ਬੂਟ ਅੰਦਰ ਰਹਿ ਗਿਆ ਉਹ ਤਾਂ ਨ੍ਹੀਂ ਚੱਕਿਆ, ਪਰ ਤਲਬ ਦਾ ਸਮਾਨ ਪੂਰੇ ਧਿਆਨ ਨਾਲ਼ ਟੋਹ ਲਿਆ ਸੀ ਬਾਹਰ ਨਿੱਕਲ਼ਦੇ ਨੇ। ਜੇਬ 'ਚ ਟੋਹ ਕੇ ਧਰਵਾਸ ਜਿਹਾ ਵੀ ਲੈ ਲਿਆ ਸੀ ਕਿ ਹੈਗਾ। ਹੁਣ ਉੱਥੇ ਲੋਕ ਪੁੱਛਣ, "ਡਰਾਇਵਰ ਠੀਕ ਆ ? ਬਚ ਗਿਆ...? ਲੈ ਗੇ' ਉਸਨੂੰ ...? ਜਿਆਦਾ ਸੱਟ ਤਾਂ ਨ੍ਹੀਂ ਵੱਜੀ ?" ਮੇਰੀ ਕੋਈ ਸੁਣੇ ਈ ਨਾ, ਮਖਿਆਂ, "ਜੀ ਮੈਂ ਈ ਸੀ ਕਾਰ ਚਲਾਉਂਦਾ। ਆਹ ਦੇਖੋ ਇੱਕ ਬੂਟ ਅੰਦਰ ਰਹਿ ਗਿਆ ।" ਦਰਅਸਲ ਜਿਵੇਂ ਕਾਰ ਫੁੱਟੀ ਪਈ ਸੀ। ਪੁੱਠੀ ਹੋਈ ਪਈ ਸੀ ਲੱਗਦਾ ਨ੍ਹੀਂ ਸੀ ਬੰਦਾ ਬਚਿਆ ਹੋਊ। ਪਰ ਕਾਰ ਦੀ ਵੀ ਕਮਾਲ ਸੀ, ਮੇਰੇ ਵਾਂਗੂ ਅਜੇ ਵੀ, ਸਟਾਰਟ ਸੀ।

ਨੇੜਲੇ ਪਿੰਡ ਦਾ ਇੱਕ ਮੁੰਡਾ ਖੜ੍ਹਾ ਸੀ ਜੋ ਪਟਿਆਲੇ ਕਾਲਜ ਸਮੇਂ ਮੇਰਾ ਗੈਂਡ ਜੂਨੀਅਰ ਸੀ। ਇਲਾਕੇ ਦਾ ਹੋਣ ਕਰਕੇ ਸਾਡੇ ਕਮਰੇ 'ਚ ਆਉਂਦਾ ਜਾਂਦਾ ਸੀ ਅਤੇ ਭਾਅ ਜੀ-ਭਾਅ ਜੀ ਕਰਦਾ ਰਹਿੰਦਾ। ਕਾਂਗਰਸੀ ਨੇਤਾ ਸਾਧੂ ਸਿੰਘ ਧਰਮਸੋਤ ਦਾ ਜਵਾਈ ਦੱਸਦਾ ਹੁੰਦਾ ਸੀ ਆਪਣੇ ਆਪ ਨੂੰ। ਉਹਨੇ ਮੈਨੂੰ ਪਛਾਣ ਤੀ ਲਿਆ ਸੀ ਪਰ ਬਿਨਾਂ ਮੱਦਦ ਕਰੇ ਈ ਚਲੇ ਗਿਆ। ਸ਼ਾਇਦ ਉਹਨੂੰ ਮੇਰੇ ਨਸ਼ੇ 'ਚ ਟੱਲੀ ਹੋਣ ਦਾ ਪਤਾ ਲੱਗ ਗਿਆ ਹੋਵੇ। ਫੇਰ ਇੱਕ ਸਿਆਣੇ ਬੰਦੇ ਨੇ ਕਾਰ ਬੰਦ ਕਰੀ ਅਤੇ ਮੈਨੂੰ ਸ਼ੈਲਰ 'ਚ ਲੈ ਗਿਆ। ਉਸਦਾ ਸ਼ੈਲਰ ਅਮਲੋਹ ਨੂੰ ਜਾਂਦੇ ਹੋਏ ਖੱਬੇ ਹੱਥ ਹੈ। ਚਾਹ ਪਾਣੀ ਪਿਲਾਇਆ ਅਤੇ ਹੌਸਲਾ ਦਿੱਤਾ। ਪਰ ਮੇਰਾ ਹੌਸਲਾ ਤਾਂ ਉੱਥੇ ਬਣੇ ਬਾਥਰੂਮਾਂ ਨੇ ਪੂਰਾ ਕਰਨਾ ਸੀ। ਲਾ ਕੇ ਸੂਈ ਹੋ ਕੇ ਕਾਇਮ, ਮੈਂ ਉਹਦੇ ਟਰੈਕਟਰ ਪਿੱਛੇ ਟੋਅ ਕਰਕੇ ਕਾਰ ਲੈ ਗਿਆ, ਵਰਕਸ਼ਾਪ ਤੱਕ।

ਹੁਣ ਮਸਲਾ ਸੀ ਕਿ ਸਹੁਰੇ ਘਰ ਕੀ ਦੱਸਾਂ ਤੇ ਕਿਵੇਂ ਦੱਸਾਂ ?

ਘਰੋਂ ਤਾਂ ਅਮਲੋਹ ਤੱਕ ਗਿਆ ਸੀ, ਪਰ ਐਕਸੀਡੈਂਟ ਹੋਇਆ ਸੀ ਖੰਨੇ। ਸੋਚਿਆ ਜੇ ਸੱਚ ਦੱਸਿਆ ਤਾਂ ਕਹਿਣਗੇ ਖੰਨੇ ਕੀ ਕਰਨ ਗਿਆ ਸੀ ? ਕੁਛ ਦਿਨ ਈ ਹੋਏ ਸੀ ਕਸਮਾਂ ਖਾਧੀਆਂ ਨੂੰ ਬਈ ਹੁਣ ਨ੍ਹੀਂ ਨਸ਼ਾ ਕਰਦਾ। ਹੁਣ ਕਦੇ ਖੰਨੇ ਨ੍ਹੀਂ ਜਾਂਦਾ। ਬਹੁਤ ਕਸੂਤੀ ਸਥਿਤੀ ਸੀ...। ਵਰਕਸ਼ਾਪ ਆਲ਼ਾ ਭਾਈ ਮੇਰੇ ਨਾਨਕਿਆਂ ਤੋਂ ਸੀ 'ਨੇਕ' ਨਾਮ ਆ ਉਹਦਾ। ਕਾਰ ਦੀ ਹਾਲਤ ਦੇਖ ਕੇ ਕਹਿੰਦਾ, "ਕਾਲ਼ੇ ਵੀਰੇ, ਇਹਦੇ 'ਚ ਹੁਣ ਕੁਛ ਨ੍ਹੀਂ ਰਿਹਾ। ਬਾਡੀ ਕਬਾੜ 'ਚ ਵੇਚਕੇ ਇੰਜਣ ਕਿਸੇ ਹੋਰ ਨੂੰ ਵੇਚਦੇ, ਇੰਜਣ ਠੀਕ ਐ।" ਮੈਂ ਤਾਂ ਸੋਚਿਆ ਸੀ ਕਿ ਬਾਹਰੋਂ-ਬਾਹਰ ਠੀਕ ਕਰਵਾ ਕੇ ਘਰ ਖੜ੍ਹਾਦੂੰਗਾ । ਪਰ ਨੇਕ 'ਤੇ ਟਿਕੀ-ਟੇਕ ਤਾਂ ਟਿਕੀ ਹੀ ਨਾ।

ਹੁਣ ਮਸਲਾ ਹੋਰ ਵਿਗੜ ਗਿਆ। ਦਿੱਕਤ ਸੀ ਕਾਰ ਨੂੰ ਖੰਨੇ ਤੋਂ ਅਮਲੋਹ ਲੈ ਕੇ ਜਾਣ ਦੀ...। ਪੈਸੇ ਹੈ ਨ੍ਹੀਂ ਸੀ। ਤੇਲ ਨੂੰ ਮਿਲੇ ਬਾਕੀ ਬਚਦਿਆਂ 'ਚੋਂ ਛੇ ਸੌ ਦਾ ਤੇਲ ਪਵਾ ਚੁੱਕਿਆ ਸੀ। ਡੰਨਾਂ ਘੜਤਾਂ ਘੜਦਾ ਬੱਸ ਫੜ ਕੇ ਅਮਲੋਹ ਜਾ ਵੜਿਆ। ਸੋਚਿਆ, ਕਿਸੇ ਜਾਣਕਾਰ ਤੋਂ ਪੈਸੇ ਲੈ ਲਵਾਂਗਾ। ਉੱਥੇ ਜਾ ਕੇ ਮਨ ਬਦਲ ਗਿਆ ਕਿ ਕੁਛ ਨ੍ਹੀਂ ਹੁੰਦਾ, ਭੜੀ ਜਾ ਕੇ ਦੱਸ ਦਿੰਨੇ ਆਂ। ਸੋ ਡਰਦੇ-ਡਰਦੇ ਨੇ ਦੱਸ ਦਿੱਤੀ ਸਾਰੀ ਰਾਮ-ਕਹਾਣੀ। ਸੁਣਦੇ ਸਾਰ ਮੰਮੀ (ਸੱਸ) ਨੇ ਘੁੱਟ ਕੇ ਕਾਲਜੇ ਨਾਲ਼ ਲਾ ਲਿਆ, "ਤੂੰ ਠੀਕ ਐਂ ? ਤੇਰੇ ਸੱਟ ਤਾਂ ਨ੍ਹੀਂ ਵੱਜੀ... ?" ਉਹਨਾਂ ਮੇਰਾ ਸਿਰ ਦੇਖਿਆ ਅਤੇ ਬਾਹਾਂ ਦੇਖੀਆਂ ਹੱਥਾਂ ਨਾਲ਼ ਟੋਹ ਕੇ। ਫੇਰ ਗੁਰੂ ਘਰ ਵੱਲ ਹੱਥ ਜੋੜ ਕੇ ਕੁਛ ਮੂੰਹ 'ਚ ਕਿਹਾ। ਉਹਨਾਂ ਗੱਡੀ ਟੁੱਟਣ ਦਾ ਭੋਰਾ ਅਫਸੋਸ ਨਾ ਜਤਾਇਆ ਸਗੋਂ ਮੇਰੇ ਠੀਕ ਹੋਣ ਦੀ ਖੁਸ਼ੀ ਜ਼ਿਆਦਾ ਪ੍ਰਗਟਾਈ। ਪਰ ਮੈਂ ਐਕਸੀਡੈਂਟ ਦੀ ਜਗ੍ਹਾ, ਅਮਲੋਹ ਕੋਲ਼ ਬਣਾਤੀ ਸੀ। ਕਿਉਂਕਿ ਖੰਨੇ ਦਾ ਨਾਮ ਲੈਂਦਾ ਤਾਂ ਫੇਰ ਸ਼ੱਕ ਹੋ ਜਾਣੀ ਸੀ।

ਉਸ ਤੋਂ ਬਾਅਦ ਜਿੰਨੀ ਵਾਰ ਓਥੋਂ ਲੰਘਦੇ ਤਾਂ ਅੰਮ੍ਰਿਤ ਪੁੱਛਦੀ ਰਹਿੰਦੀ, ਪਰ ਮੈਂ ਰੁਕ ਕੇ ਜਗ੍ਹਾ ਨਾ ਦਿਖਾਉਂਦਾ। ਉਹਨੂੰ ਭੜੀ ਆਲ਼ੇ ਪੁੱਛਦੇ ਸੀ ਕਿ ਇਹ ਜਗ੍ਹਾ ਕਿਉਂ ਨ੍ਹੀਂ ਦੱਸਦਾ। ਪਰ ਆਪਾਂ ਗੱਲ ਆਈ-ਗਈ ਕਰ ਦਿੰਦੇ। ਇਹ ਭੇਦ ਬਣਿਆ ਹੀ ਰਿਹਾ।

***

ਮੇਰੇ ਬਾਕੀ ਦੋਸਤਾਂ 'ਚ ਇੱਕ ਹੋਰ ਨਾਮ ਜੁੜ ਗਿਆ ਸੀ 'ਬੰਟੀ'। ਇਹ ਸਾਡੇ ਪਿੰਡ 'ਚ ਨਵੇਂ ਆਏ ਸਨ। ਹੈ ਤਾਂ ਉਹ ਉਮਰ 'ਚ ਮੈਥੋਂ ਕਾਫੀ ਛੋਟਾ, ਪਰ ਸਿਆਣਾ ਬਹੁਤ ਹੈ ਤੇ ਦਲੇਰ ਵੀ ਹੱਦੋਂ ਵੱਧ ਹੈ। ਜਦੋਂ ਦਾ ਯਾਰ ਬਣਿਆ ਕਦੇ ਪਿੱਠ ਨ੍ਹੀਂ ਦਿਖਾਈ, ਨਾ ਪੈਸੇ ਪੱਖੋਂ, ਨਾ ਕਦੇ ਲੜਾਈ ਝਗੜੇ 'ਚ ਪੁੱਛਿਆ ਸੀ ਕਿ ਕਿੱਥੇ ਜਾਣੈ ? ਕੀ ਹੋ ਗਿਆ ? ਬਸ ਇੱਕ ਵਾਰ ਕਹੇ ਤੋਂ ਤੁਰ ਪੈਂਦਾ। ਬੰਟੀ ਦੇ ਕਿਸੇ ਦੋਸਤ ਦਾ ਵਿਆਹ ਸੀ ਭੱਦਲ ਥੂਹੇ ਮਹਾਰਾਜਾ ਪੈਲੇਸ 'ਚ। ਬਰਾਤ ਨਾਲ ਆਈ ਮੰਢੀਰ ਨਾਲ ਦਾਰਾ ਅਤੇ ਬੰਟੀ ਲੜ ਪਏ। ਆਰਕੈਸਟਰਾ ਦੇਖਦੇ ਹੋਏ ਕਿਸੇ ਗਾਣੇ ਨੂੰ ਲੈ ਕੇ ਗਰਾਰੀ ਫਸ ਗਈ ਸੀ। ਮੈਂ ਚਾਹੇ ਜਿੰਨੀ ਵੀ ਗਿਰਾਵਟ 'ਚ ਸੀ ਪਰ ਨਾ ਮੈਂ ਕਦੇ ਰਿਕਸ਼ਾ

ਕੀਤਾ ਸੀ ਕਿਤੇ ਜਾਣ ਲਈ, ਨਾ ਕਦੇ ਆਰਕੈਸਟਰਾ ਆਲ਼ੀਆਂ ਕੁੜੀਆਂ ਨੂੰ ਨੱਚਦੀਆਂ ਦੇਖ ਅੱਖਾਂ ਤੱਤੀਆਂ ਕੀਤੀਆਂ। ਮੈਨੂੰ ਇਹ ਕਿਸੇ ਗਰੀਬ ਦੀ ਮਜ਼ਬੂਰੀ ਦਾ ਫਾਇਦਾ ਚੱਕਣਾ ਲਗਦੈ। ਰਿਕਸ਼ਾ ਵੀ ਜੇ ਛੇਤੀ ਜਾਣ ਲਈ ਜਾਂ ਰਸਤੇ ਭੁੱਲਣ ਕਰਕੇ ਕਦੇ ਕਰਨਾ ਪਿਆ ਤਾਂ ਉਸਨੂੰ ਪਿੱਛੇ ਬਿਠਾ ਕੇ ਆਪ ਰਿਕਸ਼ਾ ਰੋੜਦਾ ਹਾਂ।

ਵਿਆਹ 'ਚ ਵੀ ਉਸ ਦਿਨ ਪੂਰੀ ਘਸਮਾਣ ਦੀ ਲੜਾਈ ਹੋਈ। ਪਹਿਲਾਂ ਅਸੀਂ ਭਾਰੂ ਰਹੇ, ਖਿੰਡਾਤੇ ਭਾਂਡੇ-ਟੀਂਡੇ ਕਰਤਾ ਵਿਆਹ ਖਰਾਬ। ਅਸੀਂ ਤਿੰਨਾਂ ਨੇ ਪਿੱਠਾਂ ਜੋੜਲੀਆਂ ਅਤੇ ਕੁਰਸੀਆਂ ਚੱਕਲੀਆਂ। ਫੇਰ ਜਦੋਂ ਸਾਡੇ ਤੋਂ ਛੁਡਾਉਂਦੇ ਹੋਏ, ਉਹਨਾਂ ਦੇ ਕਿਸੇ ਪ੍ਰਾਹੁਣੇ ਦੇ ਥੱਪੜ ਵੱਜਿਆ ਤਾਂ ਉਸਦੀ ਪੱਗ ਲਹਿ ਗਈ। ਸਾਰੇ ਬਰਾਤੀ ਇੱਕ ਪਾਸੇ ਹੋ ਗੇ'। ਅਸੀਂ ਤਿੰਨੇ ਇੱਕ ਪਾਸੇ ਰਹਿ ਗੇ'। ਹੁਣ ਉਹ ਭਾਰੀ ਪੈ ਗੇ' ਸੀ ਸਾਡੇ 'ਤੇ। ਬਸ ਗ਼ਨੀਮਤ ਇਹ ਰਹੀ ਕਿ ਤਿੰਨਾਂ 'ਚੋ ਕੋਈ ਭੱਜਿਆ ਨਾ, ਗੰਗਾ ਰਾਮ ਬਾਬੇ ਆਲ਼ੀ ਤੀਜੀ ਵਿਦਿਆ 'ਵੰਡ ਛਕੋ' ਦਾ ਇਸਤੇਮਾਲ ਹੀ ਕੀਤਾ। ਕਾਫ਼ੀ ਸਮਾਂ ਮਾਰ ਕੁਟਾਈ ਹੋਈ। ਪਰ ਬੱਚਤ ਰਹਿ ਗੀ'। ਕੁਝ ਬੰਦਿਆਂ ਨੇ ਵਿੱਚ ਪੈ ਕੇ ਛੁਡਵਾਤੇ ਸੀ।

ਪੈਲਸ ਦੇ ਨੇੜੇ ਘਰ ਹੋਣ ਕਰਕੇ, ਲੜਾਈ ਦਾ ਗੋਲੂ ਨੂੰ ਪਤਾ ਲੱਗ ਗਿਆ। ਅੱਗੋਂ ਉਹਨੂੰ ਤਾਂ ਜਿਵੇਂ ਚਾਅ ਚੜ੍ਹ ਗਿਆ ਹੋਵੇ। ਮੰਢੀਰ ਇਕੱਠੀ ਹੋਣ ਲੱਗ ਪਈ। ਗੋਲੂ ਹੋਰੀਂ ਕਹਿੰਦੇ, "ਨਿੱਕਲ਼ਣ ਨ੍ਹੀਂ ਦੇਣੇ ਪੈਲਸ 'ਚੋਂ ...।" ਕਿਸੇ ਕੋਲ਼ ਗੰਡਾਸਾ ਕਿਸੇ ਕੋਲ਼ ਕਿਰਪਾਨ, ਪੂਰਾ ਪੈਲਸ ਘੇਰ ਲਿਆ ਸੀ। ਮਸਾਂ ਕਿਤੇ ਬਾਅਦ 'ਚ ਪੁਲਸ ਤੋਂ ਉਹ ਮੁੰਡੇ ਨਿੱਕਲ਼ੇ ਪੈਲਸ 'ਚੋਂ। ਮੈਨੂੰ ਪਿੰਡ ਜਾਣਾ ਪੈਣਾ ਸੀ, ਅੰਮ੍ਰਿਤ ਦੇ ਆਉਣ ਦਾ ਸਮਾਂ ਹੋ ਚੱਲਿਆ ਸੀ। ਕਾਲਜ ਦੀ ਬੱਸ ਨੂਰਪੁਰੇ ਅੱਡੇ 'ਚ ਉਤਾਰ ਦਿੰਦੀ ਤੇ ਓਥੋਂ ਮੈਂ ਲੈ ਕੇ ਜਾਂਦਾ ਸੀ।

ਜਦੋਂ ਮੈਂ ਅੱਡੇ 'ਚ ਜਾ ਕੇ ਪੁੱਛਿਆ ਕਾਲਜ ਦੀ ਬੱਸ ਬਾਰੇ ਤਾਂ ਪੀ.ਸੀ.ਓ ਆਲ਼ਾ ਮੁੰਡਾ ਕਹਿੰਦਾ, "ਅੱਜ ਧਿਆਨ ਨ੍ਹੀਂ ਕਰਿਆ, ਸ਼ਾਇਦ ਲੰਘ ਗਈ ਐ ਵੀਰੇ ।" ਉਹਨੇ ਮੈਨੂੰ ਕੁਛ ਪੁੱਛਣਾ ਵੀ ਚਾਹਿਆ ਸੀ, ਪਰ ਮੇਰੀ ਕਾਹਲ਼ ਦੇਖ ਚੁੱਪ ਕਰ ਗਿਆ।

ਮੈਂ ਘਰੋਂ ਡਾਇਰੀ 'ਚੋਂ ਨੰਬਰ ਦੇਖ ਕੇ ਫੋਨ 'ਤੇ ਪਤਾ ਕਰਨ ਦੀ ਸੋਚੀ। ਪਿੰਡ ਨੂੰ ਖਿੱਚਤਾ ਮੋਟਰਸਾਈਕਲ... ਪਿੰਡੋਂ ਉਹਦੇ ਕਾਲਜ ਫੋਨ ਕਰਿਆ ਤਾਂ ਉਹ ਕਹਿੰਦੇ, "ਜੀ ਬੱਸ ਤਾਂ ਚਲੀ ਗਈ ਹੈ ਸਹੀ ਸਮੇਂ 'ਤੇ।" ਮੈਂ ਫੇਰ ਭਜਾ ਲਿਆ ਅੱਡੇ ਵੱਲ ਨੂੰ। ਉਸ ਦਿਨ ਨਸ਼ੇ ਦੇ ਉੱਤੋਂ ਦੀ ਸ਼ਰਾਬ ਵੀ ਪੀਤੀ ਹੋਈ ਸੀ। ਸੁਰਤ ਤੋਂ ਬਾਹਰ ਸੀ ਮੇਰੀ ਸੁਰਤ। ਅੱਡੇ 'ਚ ਦੇਖ -ਦੂਖ ਕੇ ਫੇਰ ਮੁੜ ਪਿਆ ਪਿੰਡ ਨੂੰ। ਸਾਡੇ ਪਿੰਡ ਤੋਂ ਨੂਰਪੁਰੇ ਦਾ ਬੱਸ ਅੱਡਾ ਢਾਈ ਤਿੰਨ ਕਿਲੋਮੀਟਰ 'ਤੇ ਹੈ। ਮੋਟਰਸਾਈਕਲ 'ਚ ਤੇਲ ਘੱਟ ਸੀ, ਨਹੀਂ ਤਾਂ ਸਿੱਧਾ ਉਹਦੇ ਕਾਲਜ ਨੂੰ ਚਲੇ ਜਾਂਦਾ।

ਘਰੋਂ ਬੀਬੀ ਤੋਂ ਪੈਸੇ ਫੜ ਤੇਲ ਪਵਾ ਕੇ ਉਸਦੇ ਕਾਲਜ ਤੱਕ ਦੇਖ ਕੇ ਆਉਣ ਦੀ ਸਕੀਮ ਸੀ। ਪਰ ਜਦੋਂ ਘਰ ਪੁੱਜਿਆ, ਬੀਬੀ ਕਹਿੰਦੀ, "ਅੰਮ੍ਰਿਤ ਕਿੱਥੇ ਆ ? ਤੂੰ 'ਕੱਲਾ ਕਿਉਂ ਆ ਗਿਆ।" ਮੈਂ ਕੁਛ ਨਾ ਬੋਲਿਆ।

ਜਦੋਂ ਵਾਪਸ ਮੁੜਨ ਲੱਗਿਆ ਤਾਂ ਅੰਮ੍ਰਿਤ ਗੇਟ ਤੋਂ ਘਰ ਅੰਦਰ ਵੜੇ। ਬਹੁਤ ਗੁੱਸੇ 'ਚ ਸੀ। ਕੁਛ ਨਾ ਬੋਲੀ। ਮੂੰਹ ਲਾਲ ਸੀ। ਠੰਡ 'ਚ ਵੀ ਤਪੀ ਪਈ ਸੀ।

ਅਸਲ 'ਚ ਮੈਂ ਭੁਲੱਕੜ ਬਹੁਤ ਵੱਡਾ ਹਾਂ। ਉੱਤੋਂ ਮਾਦਕ ਪਦਾਰਥਾਂ ਨੇ ਯਾਦ ਸ਼ਕਤੀ ਐਨੀ ਘਟਾ ਦਿੱਤੀ ਸੀ ਕਿ ਮੈਨੂੰ ਤਿੰਨ ਵਾਰ ਉਹ ਰਸਤੇ 'ਚ ਤੁਰੀ ਆਉਂਦੀ ਟੱਕਰੀ ਸੀ। ਪਰ ਮੈਂ ਕੋਲ਼ ਦੀ ਲੰਘ ਗਿਆ ਸੀ। ਪਤਾ ਈ ਨ੍ਹੀਂ ਚੱਲਿਆ...। ਉਹਨੇ ਗੁੱਸੇ 'ਚ ਆਵਾਜ਼ ਵੀ ਨਾ ਮਾਰੀ। ਇਹ ਗੱਲ ਹਾਜ਼ਮੇ ਤੋਂ ਬਾਹਰ ਹੈ ਪਰ ਉਦੋਂ ਹਾਲਤ, ਬਦ ਤੋਂ ਬਦਤਰ ਸਨ।

ਧੰਨ ਹੈ ਇਹ ਮਾਂ ਦੀ ਧੀ, ਸਿਦਕ ਦੀ ਪੱਕੀ। ਜਿਹੜੀ ਮੈਨੂੰ ਸੁਧਾਰਨ 'ਤੇ ਲੱਗੀ ਰਹੀ। ਛੱਡ ਕੇ ਕਿਤੇ ਹੋਰ ਨਾ ਗਈ।

ਮੇਰਾ ਰੋਮ-ਰੋਮ ਰਿਣੀ ਹੈ ਅੰਮ੍ਰਿਤ ਦਾ। ਨਹੀਂ ਤਾਂ ਮੈਂ ਜਿਉਂਦਾ ਨਾ ਹੁੰਦਾ ਜੇ ਇਹ ਮੈਨੂੰ ਇੱਕ ਅਮਲੀ ਵਜੋਂ ਕਬੂਲ ਕਰ ਲੈਂਦੀ ਜਾਂ ਛੱਡ ਜਾਂਦੀ। ਹੁਣ ਦੱਸਦੀ ਹੁੰਦੀ ਐ ਕਿ ਮੈਨੂੰ ਯਕੀਨ ਸੀ ਆਪਣੇ ਰੱਬ 'ਤੇ ਆਪਣੇ ਪਿਆਰ 'ਤੇ ...। ਤੈਨੂੰ ਤਾਂ ਸੁਧਰਨਾ ਹੀ ਪੈਣਾ ਸੀ। ਮੇਰੇ ਕੋਲ਼ ਹੋਰ ਕੋਈ ਚਾਰਾ ਵੀ ਨ੍ਹੀਂ ਸੀ। ਤੈਨੂੰ ਛੱਡ ਕੇ ਹੋਰ ਕਿਸੇ ਬਾਰੇ ਸੋਚਣਾ, ਮੇਰੀ ਸੋਚ ਤੋਂ ਬਾਹਰ ਹੈ।

ਮੈਨੂੰ ਛੋਟੇ ਹੁੰਦੇ ਨੂੰ ਭਾਬੀ ਹੋਰੀਆਂ ਮਜ਼ਾਕ ਕਰਦੀਆਂ ਹੁੰਦੀਆਂ ਸਨ। ਜਦੋਂ ਮੈਂ ਖੇਡਣ ਗਿਆ ਚੱਪਲਾਂ ਭੁੱਲਣ ਕਰਕੇ ਕੁੱਟ ਖਾਂਦਾ ਸੀ, ਬੀਬੀ ਤੋਂ। ਸ਼ਿੰਦਰ ਭਾਬੀ ਨੇ ਕਹਿਣਾ, "ਚਾਚੀ ਦੇਖਲੀਂ, ਏਹਨੇ ਆਪਦੀ ਬਹੂ ਵੀ ਅਮਲੋਹ ਭੁੱਲ ਔਣੀ ਐ, ਸੌਦੇ ਲੈਣ ਗਏ ਨੇ।" ਸੱਚੀਉਂ ਸੱਚ ਹੋ ਗੀ' ਸੀ ਉਹਨਾਂ ਦੀ ਮਜ਼ਾਕ 'ਚ ਆਖੀ ਗੱਲ।

***

ਓਦੋਂ ਕਲੀਨ ਸ਼ੇਵ ਹੋਣ ਦਾ ਰਿਵਾਜ਼ ਸੀ। ਹੁਣ ਮੁੰਡੇ ਥੋੜ੍ਹੀ ਬਹੁਤ ਦਾਹੜੀ ਰੱਖਦੇ ਹਨ। ਓਦੋਂ ਕਿਤੇ ਵਿਆਹ ਵਗੈਰਾ 'ਤੇ ਜਾਣਾ ਹੁੰਦਾ ਤਾਂ ਪਹਿਲਾਂ ਸ਼ੇਵ ਕਰਾਉਣੀ ਹੁੰਦੀ। ਨਾਈ ਨੇ ਮੇਰੀ ਗਰਦਨ 'ਤੇ ਘੰਡੀ ਕੋਲ਼ ਇੱਕ ਗਟੋਲ਼ੀ (ਗਿਲਟੀ) ਜਿਹੀ ਦੇਖੀ। ਫਿਕਰਮੰਦੀ ਜਿਹੀ 'ਚ ਕਹਿੰਦਾ, "ਵੀਰੇ 'ਲਾਜ ਕਰਾਓ ਇਹਦਾ, ਖ਼ਾਸੀ ਬੜੀ ਐ, ਹੋਰ ਈ ਨਾ ...।" ਮੈਂ ਤਾਂ ਆਈ-ਗਈ ਕਰਤੀ, ਪਰ ਅੰਮ੍ਰਿਤ ਨੇ ਪੂਰੀ ਗੰਭੀਰਤਾ ਨਾਲ਼ ਜ਼ੋਰ ਪਾਇਆ, ਇਲਾਜ਼ ਲਈ। ਮਾਂ ਦੀ ਧੀ ਆਪਦੇ ਕਿਸੇ ਦੁੱਖ ਨੂੰ ਨ੍ਹੀਂ ਗੌਲ਼ਦੀ, ਪਰ ਮੇਰੇ ਪਰਵਾਰ ਲਈ ਤਾਂ ਮਰ-ਮਰ ਜਾਂਦੀ ਹੈ।

ਮਾਮੇ ਦੇ ਡਾਕਟਰ ਮੁੰਡੇ ਨੂੰ ਫੋਨ ਕਰਕੇ ਮੈਨੂੰ ਖੰਨੇ ਭੇਜਤਾ। ਉਹਨੇ ਗਾਹਾਂ ਆਪਦੇ ਲੈਬੋਟਰੀ ਆਲ਼ੇ ਡਾਕਟਰ ਦੋਸਤ ਨੂੰ ਫੋਨ ਕਰਕੇ ਮੈਨੂੰ ਉਹਦੇ ਕੋਲ਼ ਤੋਰਤਾ। ਆਪਾਂ ਖੰਨੇ ਊਂ ਵੀ

ਨਸ਼ੇ ਦੀ ਪੂਰਤੀ ਲਈ ਜਾਣਾ ਈ ਹੁੰਦਾ ਸੀ ਸੋ ਚਲੇ ਗਏ, ਡੂਲੇ ਜਿਹੇ ਖਾਂਦੇ। ਮੇਰੀਆਂ ਅੱਖਾਂ ਐਨੀਆਂ ਲਾਲ ਰਹਿੰਦੀਆਂ ਸਨ ਜਿਵੇਂ ਮਿਰਚਾਂ ਪੈ ਕੇ ਹਟੀਆਂ ਹੋਣ। ਕਿਸੇ ਨੂੰ ਕੁਛ ਪਤਾ ਨਾ ਲੱਗ ਜੇ, ਬਾਰੇ ਸੋਚ ਕੇ ਮੈਂ ਕਾਲ਼ੀ ਐਨਕ ਲਗਾ ਰੱਖਦਾ।

ਹੁਣ ਸਮੱਸਿਆ ਆ ਗਈ ਖ਼ੂਨ ਦਾ ਨਮੂਨਾ ਲੈਣ ਦੀ। ਉਸ ਗਟੋਲ਼ੀ ਜਿਹੀ 'ਚੋਂ ਤਾਂ ਨਮੂਨਾ ਲੈ ਲਿਆ ਟੈਸਟ ਕਰਨ ਲਈ। ਪਰ ਜਦੋਂ ਉੱਥੇ ਕੰਮ ਕਰਦੀ ਕੁੜੀ ਨਾੜ 'ਚੋਂ ਖ਼ੂਨ ਲੈਣ ਲੱਗੀ ਤਾਂ ਉਹਨੂੰ ਨਾੜ ਨਾ ਲੱਭੇ। ਬੇਚਾਰੀ ਥੱਕ ਗਈ, ਸੂਈਆਂ ਖੁਭੋ-ਖੁਭੋ। ਕਾਮਯਾਬੀ ਨਾ ਮਿਲੀ।

ਮੇਰਾ ਜੀਅ ਕਰੇ ਬਈ ਕਹਿ ਦੇਵਾਂ, "ਭੈਣ ਮੇਰੀਏ, ਇਹ ਤੇਰੀਆਂ ਛੋਟੀਆਂ-ਛੋਟੀਆਂ ਸੂਈਆਂ ਨ੍ਹੀਂ ਮੇਰੀਆਂ ਨਾੜਾਂ ਤੱਕ ਜਾਣੀਆਂ। ਮੇਰੇ ਲਈ ਤਾਂ ਕੋਈ ਵੱਡੀ ਸੂਈ ਪਾ ਸਰਿੰਜ 'ਚ ਮੱਝ ਦੇ ਟੀਕੇ ਆਲ਼ੀ।" ਇੱਕ ਜੀ ਕਰੇ ਆਪਦੇ ਆਲ਼ੀ ਵੀਹ ਐਮ.ਐੱਲ. ਆਲ਼ੀ ਫੜਾ ਦੇਵਾਂ ਪਰ ਇਹ ਸੋਚ ਕੇ ਕਿ ਇਹ ਮਾਮੇ ਦੇ ਮੁੰਡੇ ਨੂੰ ਦੱਸ ਦੇਣਗੇ ਤਾਂ ਚੁੱਪ ਰਿਹਾ। ਕੁਛ ਤਾਂ ਮੇਰੀ ਚਮੜੀ ਮੋਟੀ ਐ। ਆਮ ਵੱਡੀਆਂ ਨਾੜਾਂ ਤਾਂ ਕਦੋਂ ਦੀਆਂ ਬੰਦ ਹੋ ਚੁੱਕੀਆਂ ਸਨ।

ਫੇਰ ਲੈਬੋਟਰੀ ਦੇ ਮਾਲਕ ਨੇ ਵੀ ਬਹੁਤ ਕੋਸ਼ਿਸ਼ ਕੀਤੀ। ਦੋਵੇਂ ਬਾਹਾਂ ਵਿੰਨ੍ਹ ਕੇ ਰੱਖਤੀਆਂ ਉਹਨੇ ਵੀ। ਸ਼ਾਇਦ ਆਪਦੀ ਹੱਤਕ ਮੰਨਦਾ ਹੋਵੇ ਕਿ ਉਹ ਲੈਬੋਟਰੀ ਆਲ਼ਾ ਹੋ ਕੇ ਨਾੜ ਕਿਉਂ ਨ੍ਹੀਂ ਲੱਭ ਸਕਿਆ। ਪਰ ਅੰਤ ਨੂੰ ਉਹ ਵੀ ਹੱਥ ਖੜ੍ਹੇ ਕਰ ਗਿਆ।

ਮੈਂ ਆਖਿਆ, "ਰਹਿਣ ਦੇ ਵੀਰ ਜੇ ਨਹੀਂ ਗੱਲ ਬਣਦੀ।" ਮੈਨੂੰ ਇਹ ਸੀ ਬਈ ਛੇਤੀ ਜਾਵਾਂ ਐਥੋਂ, ਘਰੋਂ ਪੈਸੇ ਖਾਸੇ ਸਾਰੇ ਮਿਲੇ ਹੋਏ ਸੀ। ਕਈ ਦਿਨ ਦਾ ਇਕੱਠਾ ਸਮਾਨ ਲੈ ਕੇ ਜਾਣ ਦੀ ਕਾਹਲ਼ ਜਿਹੀ ਸੀ। "ਗੱਲ ਤਾਂ ਭਾਅ ਜੀ ਬਣਾਉਣੀ ਪੈਣੀ ਏ। ਚਾਹਲ ਸਾਹਬ ਦਾ ਫੋਨ ਆਇਆ ਸੀ...।" ਉਹਨੇ ਉੱਪਰ ਨੂੰ ਮੂੰਹ ਚੱਕੇ ਬਗੈਰ ਹੀ ਕਿਹਾ। ਧਿਆਨ ਉਹਦਾ ਅਜੇ ਵੀ ਨਾੜਾਂ ਵੱਲ ਸੀ।

"ਇੱਕ ਮਿੰਟ ਬਾਥਰੂਮ ਜਾ ਆਵਾਂ ?"

ਜਦੋਂ ਮੈਂ ਬਾਹਰ ਆਇਆ ਬਾਥਰੂਮ 'ਚੋਂ ਤਾਂ ਉਹਦੇ ਮੂਹਰੇ ਕਰਤੀ ਆਪਦੇ ਆਲ਼ੀ ਸਰਿੰਜ। ਪੰਜ-ਛੇ ਐੱਮ.ਐੱਲ ਖ਼ੂਨ ਦੀ ਭਰੀ ਹੋਈ, ਲਿੱਬੜੀ ਜਿਹੀ। ਔਰ-ਭੌਰ ਹੋ ਗਿਆ ਦੇਖ ਕੇ, "ਠੀਕ ਐ ਜੀ ਤੁਸੀਂ ਜਾਓ।" ਕਹਿਕੇ ਭੇਜਤਾ ਉਹਨੇ। ਬਿਨਾਂ ਕੁਛ ਬੋਲੇ ਮੈਂ ਬਾਹਰ ਨਿੱਕਲ਼ ਗਿਆ ਮੈਡੀਕਲ ਸਟੋਰ ਵੱਲ ਨੂੰ ਤੋਰ ਲਿਆ ਮੋਟਰ ਸਾਈਕਲ। ਵੀਹ ਕੁ ਮਿੰਟ ਬਾਅਦ ਮਾਮੇ ਦੇ ਮੁੰਡੇ ਦਾ ਫੋਨ ਆ ਗਿਆ। ਉਹ ਬਹੁਤ ਗੁੱਸੇ 'ਚ ਸੀ ਅਤੇ ਰੋ ਵੀ ਰਿਹਾ ਸੀ। ਉਸਨੂੰ ਲੈਬੋਟਰੀ ਆਲ਼ੇ ਭਾਈ ਨੇ ਦੱਸ ਦਿੱਤਾ ਕਿ "ਥੋਡੀ ਭੂਆ ਦਾ ਮੁੰਡਾ ਡਰੱਗਜ਼ 'ਚ, ਧੁਰ ਅੰਦਰ ਤੱਕ ਫਸਿਆ ਪਿਆ। ਅੱਜ ਮਰਿਆ ਕਿ ਕੱਲ੍ਹ ਮਰਿਆ, ਇਸਦੀ ਵਾਪਸੀ ਮੁਸ਼ਕਲ ਹੈ।"

ਸ਼ੁਕਰ ਇਹ ਰਿਹਾ ਕਿ ਡਾਕਟਰ ਨੇ ਪੂਰੀ ਗੱਲ ਅੰਮ੍ਰਿਤ ਨੂੰ ਨਾ ਦੱਸੀ। ਕੁਛ ਸਮਾਂ ਹੀ

ਹੋਇਆ ਸੀ ਟੁੱਟੇ ਰਿਸ਼ਤੇ ਨੂੰ ਦੁਬਾਰਾ ਜੁੜੇ। ਉਹਨੇ ਦਵਾਈ ਬਣਾ ਕੇ ਵੀ ਦਿੱਤੀ ਸੀ, ਮੈਂ ਨਸ਼ਾ ਛੱਡਿਆ ਵੀ ਸੀ। ਪਰ ਕੁਛ ਦਿਨ। ਜਦੋਂ ਦਵਾਈ ਖ਼ਤਮ ਤਾਂ ਫੇਰ ਸ਼ੁਰੂ। ਅਸਲ 'ਚ ਓਦੋਂ ਇਹ ਨ੍ਹੀਂ ਸੀ ਪਤਾ ਕਿ ਨਸ਼ਾ ਛੱਡਣਾ ਅਤੇ ਛੱਡ ਕੇ ਰੱਖਣਾ ਦੋਵੇਂ ਅਲੱਗ-ਅਲੱਗ ਗੱਲ ਹੁੰਦੀ ਹੈ। ਛੁਡਾ ਤਾਂ ਕਿਸੇ ਦਾ ਵੀ ਕੋਈ ਵੀ ਸਕਦਾ ਹੈ, ਪਰ ਅਸਲ ਗੱਲ ਹੁੰਦੀ ਹੈ ਛੱਡ ਕੇ ਰੱਖਣ ਦੀ, ਨਹੀਂ ਤਾਂ ਕਿੰਨੇ ਹੀ ਲੋਕ ਨਿੱਕਲ਼ ਆਉਂਦੇ ਇਸ ਦਲ ਦਲ 'ਚੋਂ। ਜੇ ਛੱਡ ਕੇ ਰਹਿਣ ਦਾ ਰਸਤਾ ਹੁੰਦਾ। ਜੋ ਹੁਣ ਮੈਨੂੰ ਮਿਲ ਚੁੱਕਿਆ ਹੈ।

***

ਮੈਂ ਖੰਨੇ ਤੋਂ 'ਸਮਾਨ' ਲੈ ਕੇ ਪਿੰਡ ਨੂੰ ਆਵਾਂ। ਆਪਦੀ ਪੂਰਤੀ ਮੈਂ ਅੱਡੇ 'ਚੋਂ ਕਰਕੇ ਤੁਰਿਆ ਸੀ। ਸਾਈਂ ਬਾਬੇ ਦੇ ਮੰਦਰ ਕੋਲ਼ ਨਾਕਾ ਲੱਗਿਆ ਦੇਖ ਮੋਟਰਸਾਈਕਲ ਸਲਾਣੇ ਪਿੰਡ 'ਚ ਨੂੰ ਮੋੜ ਲਿਆ। ਰੋਕ ਕੇ ਸਿਗਰਟ ਪੀਤੀ ਤਾਂ ਨਸ਼ਾ ਹੋਰ ਵੱਧ ਗਿਆ। ਸਲਾਣਾ ਪਿੰਡ, ਫਤਿਹਗੜ੍ਹ ਸਾਹਿਬ ਜ਼ਿਲ੍ਹੇ ਦਾ ਸਭ ਤੋਂ ਵੱਡਾ ਪਿੰਡ ਹੈ। ਮੈਥੋਂ ਅੱਧੀ ਰਾਤ ਤੱਕ ਪਿੰਡ 'ਚੋਂ ਹੀ ਨ੍ਹੀਂ ਨਿੱਕਲ਼ਿਆ ਗਿਆ। ਰਸਤੇ ਮੇਰੇ ਊਂ ਵੀ ਯਾਦ ਨ੍ਹੀਂ ਰਹਿੰਦੇ। ਦੁਨੀਆਂ ਦਾ ਸਭ ਤੋਂ ਵੱਡਾ ਭੁਲੱਕੜ ਮੈਂ ਈ ਹਾਂ। ਬੰਦਾ ਹੈਰਾਨ ਹੋ ਜਾਂਦੈ ਗਲ ਸੁਣ ਕੇ, ਬਈ ਕੋਈ ਆਪਦੀ ਘਰਵਾਲ਼ੀ ਨੂੰ ਵੀ ਸ਼ਹਿਰ ਭੁੱਲ ਕੇ ਘਰ ਆ ਸਕਦੈ। ਉਹ ਵੀ ਇੱਕੋ ਦਿਨ 'ਚ ਤਿੰਨ ਵਾਰੀ।

ਉਸ ਦਿਨ ਸਲਾਣੇ ਪਿੰਡ, ਨਸ਼ੇ 'ਚ 'ਚਾਉਂਦੀ' ਲੱਗ ਗਈ। ਮੁੜ-ਘੁੜ ਉੱਥੇ ਹੀ ਆ ਜਾਇਆ ਕਰਾਂ, ਜਿੱਥੋਂ ਤੁਰਦਾ ਸੀ। ਬਹੁਤ ਮੁਸ਼ਕਲ ਨਾਲ਼ ਇੱਕ ਭਾਈ ਛੱਡ ਕੇ ਗਿਆ ਗੰਨਾ ਮਿੱਲ ਤੱਕ ...। ਉਹ ਥੋੜ੍ਹਾ ਬਹੁਤ ਕਬੱਡੀ ਖੇਡਦਾ ਰਿਹਾ ਹੋਣ ਕਰਕੇ ਅਤੇ ਗਾਂਧੀ ਬਾਈ ਹੋਰਾਂ ਕਰਕੇ ਪਛਾਣਦਾ ਸੀ। ਕਬੱਡੀ ਦੇ ਮੈਂ ਬੇਸ਼ੱਕ ਐਨਾ ਕੰਮ ਨਾ ਆਇਆ, ਪਰ ਕਬੱਡੀ ਹਮੇਸ਼ਾਂ ਇੱਕ ਮਾਂ ਵਾਂਗ ਮੇਰੀ ਰੱਖਿਆ ਕਰਦੀ ਰਹੀ ਹੈ। ਨਹੀਂ ਤਾਂ ਓਦਣ ਥਾਣੇ ਫੜਾਉਣ ਲੱਗੇ ਸੀ ਪਹਿਰੇ ਆਲ਼ੇ। ਤੇ ਥਾਣੇ ਆਲ਼ਿਆਂ ਨੂੰ ਜੋ ਪਦਾਰਥ ਮੇਰੇ ਕੋਲ਼ੋਂ ਮਿਲਣੇ ਸੀ ਉਹਨਾਂ ਮੈਨੂੰ ਜੇਲ੍ਹ 'ਚ ਡੱਕ ਦੇਣਾ ਸੀ। ਮਸਾਂ ਕਿਤੇ ਅੱਧੀ ਰੱਤ ਟੱਪੇ ਤੋਂ ਵੜਿਆ ਘਰ। ਘਰ ਬਹਾਨਾ ਲਗਾਤਾ ਕਿ ਪੁਲਸ ਆਲ਼ਿਆਂ ਨੇ ਹੈਲਮਟ ਨਾ ਹੋਣ ਕਰਕੇ ਘੇਰ ਲਿਆ ਸੀ, ਤਾਂ ਸਮਾਂ ਲੱਗ ਗਿਆ।

ਦੂਜੇ ਦਿਨ ਅੰਮ੍ਰਿਤ ਕਾਲਜ ਚਲੇ ਗਈ। ਮੈਂ ਸਾਰਾ ਦਿਨ ਸੁੱਤਾ ਰਿਹਾ। ਸ਼ਾਮ ਨੂੰ ਚਾਰ ਕੁ ਵਜੇ ਉੱਠਿਆ ਤੇ ਜਲ਼ਦੀ-ਜਲ਼ਦੀ ਗੁਸਲਖਾਨੇ ਜਾ ਵੜਿਆ। ਬੀਬੀ ਓਧਰ ਤੋਤੇ ਕੇ ਘਰੇ ਗਈ ਸੀ। ਬੀਬੀ ਅਕਸਰ ਤਾਰੋ ਤਾਈ ਜੀ ਤੇ ਚਾਚੀ ਜੀ ਹੋਰਾਂ ਵੱਲ ਬੈਠ ਜਾਂਦੀ। ਕੁਛ ਆਪਦਾ ਮਘਦਾ ਢਿੱਡ ਠੰਡਾ ਕਰਨ। ਕੁਛ ਨਾਲ਼ ਦੀਆਂ ਦਾ ਢਿੱਡ ਹੌਲਾ ਕਰਨ।

ਬਹੁਤ ਵੱਡਾ ਹਾਜ਼ਮਾ ਰੱਖਦੀ ਏ ਮੇਰੀ ਮਾਂ। ਅੱਜ ਤੱਕ ਕਦੇ ਹੋਰਨਾਂ ਤੀਵੀਆਂ ਵਾਂਗੂ ਪੁੱਛ-ਪੁਛਾਕਾ ਨ੍ਹੀਂ ਹੋਇਆ। ਕਦੇ ਕਿਸੇ ਦੀ ਗੱਲ ਸੁਣ ਕੇ ਦੂਜੀ ਕੋਲ਼ ਨ੍ਹੀਂ ਕਰੀ। ਚਾਚੀਆਂ-

ਤਾਈਆਂ ਅਤੇ ਉਹਨਾਂ ਦੀਆਂ ਨੂੰਹਾਂ, ਆਮ-ਗਵਾਂਢਣਾਂ ਬੀਬੀ ਨਾਲ ਖੁੱਲ੍ਹ ਕੇ ਗੱਲਾਂ ਕਰ ਲੈਂਦੀਆਂ ਹਨ। ਓਦਣ ਬੀਬੀ ਓਧਰ ਸੀ ਤੇ ਮੈਂ ਐਧਰ ਸੀ।

ਸ਼ੀਸ਼ੀ 'ਚੋਂ 20 ਐਮ. ਐਲ. ਆਲ਼ੀ ਵੱਡੀ ਸਰਿੰਜ ਭਰ ਰਿਹਾ ਸੀ ਬਾਥਰੂਮ 'ਚ। ਏਵਲ ਫਿਫਟੀ ਆਲ਼ੀ ਵਾਇਲ (ਸ਼ੀਸ਼ੀ) 'ਚ ਨੌਰਫੀਨ-ਫਨਰਗਨ-ਡਾਇਜ਼ਾਪਾਮ ਮਿਕਸ ਕਰਕੇ ਰੱਖਦਾ ਸੀ। ਜਦੋਂ ਠੀਕ ਲੱਗਦਾ ਭਰ ਕੇ ਲਗਾ ਲੈਂਦਾ। ਛੋਟੇ-ਛੋਟੇ ਇੰਫੀਊਲ ਵਾਰ-ਵਾਰ ਭੰਨਣ ਦਾ ਝੰਜਟ ਤਾਂ ਖੰਨੇ ਈ ਮੁਕਾ ਦਿੰਦਾ ਸੀ।


ਜਦੋਂ ਸ਼ੀਸ਼ੀ ਨੂੰ ਉਲਟਾ ਕਰਕੇ, ਉੱਪਰ ਨੂੰ ਚੱਕ ਕੇ ਸਰਿੰਜ ਨਾਲ ਖਿੱਚ ਕੇ ਭਰ ਰਿਹਾ ਸੀ ਤਾਂ ਕੀ ਹੋਇਆ ਕਿ ਸੂਈ ਪਹਿਲਾਂ ਵਰਤੀ ਹੋਣ ਕਰਕੇ, ਖ਼ੂਨ ਦਾ 'ਬੁੱਥ' ਜਿਹਾ ਫਸ ਗਿਆ। ਮੈਂ ਜ਼ੋਰ ਨਾਲ ਖਿੱਚ ਕੇ ਭਰਿਆ। ਜ਼ੋਰ ਜਿਆਦਾ ਲੱਗਣ ਕਰਕੇ ਇੱਕੋ ਦਮ ਉਹ ਖ਼ੂਨ ਦਾ ਬੁੱਥ ਜਿਹਾ ਸਰਿੰਜ 'ਚ ਆ ਗਿਆ ਅਤੇ ਜਿਸਨੂੰ ਖਿੱਚ ਕੇ ਭਰਦੇ ਹੁੰਨੇ ਹਾਂ ਉਹ ਹੱਥ 'ਚ ਆ ਗਈ। ਸਾਰਾ ਟੀਕਾ ਡੁੱਲ੍ਹ ਗਿਆ। ਮੇਰੇ ਹੋਸ਼ ਉਡ ਗਏ। ਓਧਰੋਂ ਅੰਮ੍ਰਿਤ ਆਉਣ ਆਲ਼ੀ ਸੀ, ਹੁਣ ਕਿਤੇ ਬਾਹਰ ਨ੍ਹੀਂ ਸੀ ਜਾ ਹੋਣਾ। ਸਿਰ 'ਚ ਜਿਵੇਂ ਸੌ ਘੜਾ ਪਾਣੀ ਦਾ ਫੁੱਟ ਗਿਆ ਹੋਵੇ।

ਚੰਗੇ-ਮਾੜੇ ਦੀ ਸੋਚ ਵਿਚਾਰ ਤਾਂ ਵੈਸੇ ਵੀ ਜਦੋਂ ਨਸ਼ਾ ਘਰ ਕਰ ਜਾਵੇ ਤਾਂ ਉਹ ਘਰੋਂ ਬਾਹਰ ਚਲੀ ਜਾਂਦੀ ਹੈ। ਗੁਸਲਖਾਨੇ ਦੇ ਫਰਸ਼ 'ਤੇ ਨਿਗਾਹ ਮਾਰੀ ਤਾਂ ਹੋਰ ਵੀ ਪਾਣੀ ਖੜ੍ਹਾ ਸੀ। ਸੀਮਿੰਟ ਆਲ਼ੇ ਫਰਸ਼ ਤੋਂ ਜਿੰਨਾਂ ਮਰਜ਼ੀ ਪਾਣੀ ਕੱਢ ਦੇਵੋ ਫੇਰ ਵੀ ਰਹਿ ਜਾਂਦੈ। ਮੌਤ ਦੇ ਖੌਫ ਤੋਂ ਜਿਆਦਾ ਆਪਦੀ ਲਤ ਪੂਰੀ ਕਰਨ ਦਾ ਭੂਤ ਸਵਾਰ ਹੁੰਦਾ ਸੀ। ਇਸੇ ਚੱਕਰ 'ਚ ਫਰਸ਼ 'ਤੇ ਪਿਆ ਸਾਰਾ ਹੀ ਪਾਣੀ ਸਰਿੰਜ 'ਚ ਭਰ ਲਿਆ। ਵਿੱਚ ਹੀ ਸਾਬਣ ਆਲਾ ਤੇ ਹੋਰ ਗੰਦ-ਮੰਦ...। ਵੀਹ ਐਮ. ਐਲ. ਪੂਰਾ ਭਰਕੇ ਲਗਾ ਲਿਆ ਪੱਟ ਆਲੀ ਵੱਡੀ ਨਾੜ 'ਚ। ਸਾਰੇ ਸਰੀਰ 'ਚ ਜਿਵੇਂ ਰਿੱਝਦਾ-ਰਿੱਝਦਾ ਪਾਣੀ ਚਲੇ ਗਿਆ ਹੋਵੇ। ਉਹ ਵੀ ਜਮਾਂ ਮਿਰਚਾਂ ਆਲ਼ਾ। ਆਂਏਂ ਮੱਚ ਗਿਆ ਸਰੀਰ। ਕੁੱਲੇ 'ਚੋਂ ਸੂਈ ਬਾਹਰ ਕੱਢਣ ਦੀ ਹੀ ਦੇਰ ਸੀ ਕਿ ਮੌਤ ਹੋਣੀ ਜਿਵੇਂ ਸ਼ੁਰੂ ਹੋ ਗਈ ਹੋਵੇ। ਸਿਰ ਵਿੱਚੋਂ ਦੀ ਜਿਵੇਂ ਕੋਈ ਲੋਹੇ ਦੀ ਸੱਬਲ (ਰਾੜ) ਕੱਢ ਰਿਹਾ ਹੋਵੇ। ਆਂਏਂ ਲੱਗੇ ਜਿਵੇਂ ਕੁਛ ਅੰਦਰੋਂ ਬਾਹਰ ਨਿੱਕਲ਼ ਰਿਹੈ..। ਡਮ-ਡਮ ਦੀ ਆਵਾਜ਼... ਧੜਕਣ ਤਾਂ ਜਿਵੇਂ ਰੁਕ ਗਈ ਸੀ ਜਾਂ ਫੇਰ ਤੇਜ਼ ਹੀ ਐਨੀ ਧੜਕ ਰਹੀ ਸੀ। ਸ਼ਾਇਦ ਉਹ ਢੋਲ ਦੇ ਡਮ-ਡਮ ਦੀ ਆਵਾਜ਼... ਧੜਕਣ ਦੀ ਸੀ। ਇੱਕ ਹੱਥ ਸਿਰ 'ਚ ਫੇਰਾਂ ਤਾਂ ਥੋੜ੍ਹਾ ਅਰਾਮ ਮਿਲੇ। ਦੂਜੇ ਹੱਥ ਨਾਲ਼ ਖ਼ੂਨ ਰੋਕਿਆ ਹੋਇਆ, ਜਿੱਥੋਂ ਸੂਈ ਬਾਹਰ ਕੱਢੀ ਸੀ। ਵੱਡੀ ਨਾੜ 'ਚ ਖ਼ੂਨ ਦਾ ਪ੍ਰੈਸ਼ਰ ਐਨਾ ਹੁੰਦਾ ਕਿ ਜੇ ਅੰਗੂਠੇ ਦੇ ਜ਼ੋਰ ਨਾਲ ਨਾ ਦੱਬਿਆ ਕਰਾਂ ਤਾਂ ਖ਼ੂਨ ਦੇ ਫ਼ੁਆਰੇ ਚੱਲਣ। ਇਸ ਕਸ਼ਮ-ਕਸ਼ 'ਚ ਸਾਰੀ ਲੋਅਰ ਲਹੂ ਨਾਲ ਲੱਥ-ਪੱਥ ਹੋ ਗਈ ਸੀ।

ਡਿੱਗਦਾ-ਸੰਭਲਦਾ ਗੁਸਲਖਾਨੇ ਤੋਂ ਬਾਹਰ ਆ ਗਿਆ। ਬਾਹਰ ਬੰਤੋ ਤਾਈ ਜੀ, ਤੋਤੇ ਹੋਰਾਂ ਵੱਲ ਨੂੰ ਜਾਂਦੇ, ਖੁੱਲ੍ਹੇ ਗੇਟ ਰਾਹੀਂ ਸਾਫ ਦਿਖੇ। ਹੋਰ ਵੀ ਇੱਕ ਦੋ ਬੰਦੇ ਘਰ ਮੂਹਰੇ ਦੀ

ਲੰਘੇ। ਇੱਕ ਜੀਅ ਕਰੇ ਆਵਾਜ਼ ਮਾਰ ਲਵਾਂ ਪਰ ਡਰੀ ਵੀ ਜਾਵਾਂ, ਬਈ ਜੇ ਨਾ ਮਰਿਆ ਫੇਰ ਕੀ ਕਹੂੰ...।ਮੇਰਾ ਤਾਂ ਸਾਰਾ ਭੇਦ ਖੁੱਲ੍ਹਜੂ, ਸਭ ਨੂੰ ਪਤਾ ਲੱਗਜੂ। ਕਿਉਂਕਿ ਮੈਨੂੰ ਅਜੇ ਵੀ ਇਹ ਸੀ ਕਿ ਮੈਨੂੰ ਪਿੰਡ ਦੇ ਲੋਕ ਇੱਕ ਖਿਡਾਰੀ ਵਜੋਂ, ਇੱਕ ਪੜ੍ਹੇ-ਲਿਖੇ ਮੁੰਡੇ ਵਜੋਂ ਜਾਣਦੇ ਹਨ। ਪਰ ਅਸਲ 'ਚ ਐਵੇਂ ਹੁੰਦਾ ਨ੍ਹੀਂ। ਕਿਉਂਕਿ ਥੋਡੀਆਂ ਚੰਗੀਆਂ ਗੱਲਾਂ ਬੇਸ਼ੱਕ ਨਾ ਪਤਾ ਲੱਗਣ, ਗਲਤ ਆਦਤਾਂ ਤਾਂ ਆਪ ਦੱਸ ਦਿੰਦੀਆਂ ਨੇ ਅਵਾਜ਼ਾਂ ਮਾਰ-ਮਾਰ।

ਉਸ ਦਿਨ ਜਦੋਂ ਥੋੜ੍ਹਾ ਠੀਕ ਹੋਇਆ ਤਾਂ ਬਹੁਤ ਸੌਂਹਾਂ ਖਾਧੀਆਂ ਕਿ ਅੱਜ ਤੋਂ ਬਾਅਦ ਇਹ ਕੰਮ ਨ੍ਹੀਂ ਕਰਨਾ। ਚਾਹੇ ਮਰ ਜਾਵਾਂ, ਪਰ ਹੱਥ ਨ੍ਹੀਂ ਲਾਉਣਾ। ਪਰ ਕਿੱਥੇ... ਇੱਕ ਰਾਤ ਮਸਾਂ ਕੱਟੀ... ਫੇਰ ਸ਼ੁਰੂ, ਉਹੀ ਨਸ਼ਾ, ਉਹੀ ਨਰਕ... ਨਰਕ ਨਹੀਂ, ਮਹਾਂ ਨਰਕ।



ਨਰਕ ਦੇ ਉਹ ਦਿਨ

ਵਿਆਹ ਤੋਂ ਬਾਅਦ ਪ੍ਰਾਈਵੇਟ ਨੌਕਰੀ ਵੀ ਕਈ ਜਗ੍ਹਾ ਕੀਤੀ। ਪਰ ਮੈਨੂੰ ਕੋਈ ਮਹੀਨੇ ਦੋ ਮਹੀਨੇ ਤੋਂ ਵੱਧ ਨਾ ਝੱਲ੍ਹ ਸਕਿਆ, ਕੱਢ ਕੇ ਬਾਹਰ ਮਾਰਦੇ ਸੀ।

ਦੇਸ਼ ਭਗਤ ਕਾਲਜ 'ਚ ਬਤੌਰ ਡੀ. ਪੀ ਕਮ ਹੋਸਟਲ ਵਾਰਡਨ ਦੀ ਨੌਕਰੀ ਮੈਂ ਦੋ ਹਫ਼ਤੇ ਨ੍ਹੀਂ ਸੀ ਕਰ ਸਕਿਆ। ਇੱਕ ਸ਼ਾਮ ਰੋਟੀ ਖਾਣ ਤੋਂ ਪਹਿਲਾਂ ਇੰਜੈਕਟ ਕਰ ਲਿਆ। ਫੇਰ ਭੁੱਲ ਗਿਆ ਨਸ਼ੇ 'ਚ ਕਿ ਮੈਂ ਕਿੱਥੇ ਹਾਂ, ਜਮਾਂ ਬੇਸੁਰਤ ਸੀ। ਪੈਂਟ ਪਾਈ ਹੋਈ ਸੀ, ਪਰ ਸ਼ਰਟ ਨ੍ਹੀਂ ਸੀ ਪਾਈ ਹੋਈ। ਅੱਧ ਨੰਗਾ ਹੋਸਟਲ 'ਚ ਗਵਾਚਿਆ ਘੁੰਮਦਾ ਰਿਹਾ। ਸਕਿਓਰਟੀ ਗਾਰਡ ਨੇ ਸ਼ਿਕਾਇਤ ਕਰਤੀ। ਥੋੜ੍ਹੇ ਸਮੇਂ ਬਾਅਦ ਈ ਪ੍ਰਿੰਸੀਪਲ ਸ਼ਾਲਿਨੀ ਗੁਪਤਾ ਦਾ ਭਰਾ ਚੈੱਕ ਕਰਨ ਆ ਗਿਆ। ਮੈਂ ਮੰਨਾਂ ਨਾ ਕਿ ਮੈਂ ਕੁਝ ਕਰਿਆ, ਕੋਈ ਨਸ਼ਾ ਵਗੈਰਾ। ਡਰਾਮਾ ਕਰੀ ਜਾਵਾਂ। ਪਰ ਕਰੀਮ ਰੰਗ ਦੀ ਪੈਂਟ ਖੂਨ ਨਾਲ ਭਿੱਜੀ, ਸਭ ਸਾਫ਼ ਕਰ ਰਹੀ ਸੀ ਕਿ ਮਾਮਲਾ ਜ਼ਿਆਦਾ ਹੀ ਗੜਬੜ ਹੈ। ਫੇਰ ਵੀ ਮੈਂ ਨੇੜੇ ਕੋਲ਼ ਇੱਕ ਮੇਖ ਨਾਲ਼ ਕੱਟ ਲਗਾ ਕੇ ਉਹਨੂੰ ਮੂਰਖ ਬਣਾਇਆ ਕਿ ਇਹ ਖੂਨ ਤਾਂ ਪੱਤੀ ਲੱਗਣ ਕਰਕੇ ਨਿੱਕਲ਼ਿਆ ਹੈ। ਜਦੋਂ ਚਲੇ ਗਏ ਤਾਂ ਮੈਂ ਉਸ ਸਕਿਓਰਟੀ ਗਾਰਡ ਨੂੰ ਬੁਰਾ ਭਲਾ ਬੋਲਿਆ। ਕੁੱਟਣ ਤੱਕ ਗਿਆ। ਪਰ ਉਹ ਸਿਆਣਾ ਸੀ, ਤਾਂ ਬੱਚਤ ਰਹਿ ਗੀ'।

ਦੂਜੇ ਦਿਨ ਜਦੋਂ ਮੈਨੂੰ ਪ੍ਰਿੰਸੀਪਲ ਦੇ ਦਫ਼ਤਰ ਬੁਲਾਇਆ ਤਾਂ ਮੈਂ ਮੁੱਕਰ ਗਿਆ। ਪਰ ਜਿਹੜੀ ਰਾਤ ਨੂੰ ਤਲਾਸ਼ੀ 'ਚ ਨਿਡਲ (ਸੂਈ) ਮਿਲੀ ਸੀ, ਉਹ ਉਹਨਾਂ ਨੇ ਰੈਸਟੀਕੇਟ ਆਰਡਰ ਦੇ ਨਾਲ਼ ਫੜਾ 'ਤੀ। ਇਹ ਵੀ ਦੱਸਤਾ ਕਿ ਤੇਰੀ ਵਾਈਫ਼ ਕਰਕੇ ਰਾਤ ਤੈਨੂੰ ਹੋਸਟਲੋਂ ਬਾਹਰ ਨ੍ਹੀਂ ਸੁੱਟਿਆ, ਨਹੀਂ ਤਾਂ ਕੋਈ ਹੋਰ ਹੁੰਦਾ ਰਾਤ ਹੀ ਭਜਾ ਦੇਣਾ ਸੀ ਜਾਂ ਪੁਲਸ ਨੂੰ ਫੜਾ ਦੇਣਾ ਸੀ। ਜਦੋਂ ਮੈਂ ਬਾਹਰ ਨਿੱਕਲ਼ਿਆ ਤਾਂ ਦਰਵਾਜੇ ਕੋਲ਼ ਅੰਮ੍ਰਿਤ ਖੜ੍ਹੀ ਅੱਖਾਂ ਭਰੀਂ। ਬੇਚਾਰੀ ਨੂੰ ਇੱਕ ਵਾਰ ਫੇਰ ਬਹੁਤ ਬੇਇੱਜਤ ਹੋਣਾ ਪਿਆ ਮੇਰੇ ਕਰਕੇ। ਉਹ ਕਈ ਦਿਨ ਤੋਂ ਆਪਣੇ ਪੇਕਿਆਂ ਤੋਂ ਆ-ਜਾ ਰਹੀ ਸੀ, ਜਿੱਦਣ ਦੀ ਮੈਂ ਰਾਤ ਆਲ਼ੀ ਡਿਊਟੀ ਕਰਨੀ ਸ਼ੁਰੂ ਕੀਤੀ ਸੀ। ਇਹ ਕੋਈ ਚੋਥਾ ਜਾਂ ਪੰਜਵਾਂ ਦਿਨ ਹੋਣੈ। ਮੇਰਾ ਹੱਥ ਫੜ ਕੇ "ਰਾਤ ਥੋਨੂੰ ਡੈਡੀ ਮਿਲ ਕੇ ਗਏ ਨੇ ਓਦੋਂ ਤਾਂ ਠੀਕ ਤੀ। ਫੇਰ ਕੀ ਅੱਗ ਲੱਗ ਚੱਲੀ ਤੀ!" ਕਹਿ ਕੇ ਉਹਨੇ ਨਾਲ਼ੇ ਅੱਖਾਂ 'ਚ ਰੋਕੇ ਹੋਏ ਹੰਝੂ ਛੱਡ ਤੇ, ਨਾਲ਼ੇ ਮੇਰਾ ਹੱਥ। "ਤੂੰ ਨ੍ਹੀਂ ਸੁਧਰਨਾ, ਤੇਰੀਆਂ ਅੱਖਾਂ 'ਚ ਭੋਰਾ ਪਛਤਾਵਾ ਨ੍ਹੀਂ।" ਕਹਿਕੇ ਉਹ ਦਫ਼ਤਰ 'ਚ ਚਲੀ ਗਈ।

ਆਪਾਂ ਚੁੱਪ ਰਹੇ। ਕੁਛ ਬੋਲਣ ਜੋਗੇ ਹੈ ਵੀ ਨ੍ਹੀਂ ਸੀ। ਦੂਜੇ ਦਿਨ ਸਟਾਫ਼ ਆਲ਼ੇ ਉਹਨੂੰ ਮੇਰੀ ਰਾਤ ਦੀ ਹਰਕਤ ਬਾਰੇ ਪੁੱਛਣ ਤਾਂ ਉਹ ਰੋਈ ਜਾਵੇ। ਫੇਰ ਬੇਇੱਜਤੀ ਮਹਿਸੂਸ ਕਰਦੀ, ਬੇਚਾਰੀ ਅੱਧੀ ਛੁੱਟੀ ਲੈ ਕੇ ਪੇਕੇ ਘਰ ਚਲੀ ਗਈ।

ਬਹੁਤ ਦੇਣਦਾਰ ਹਾਂ ਮੈਂ ਇਸ ਕੁੜੀ ਦਾ। ਜਿਹੜੀ ਮੇਰਾ ਸਾਥ ਦਿੰਦੀ ਰਹੀ ਨਹੀਂ ਤਾਂ...।

***

ਨਾਭੇ ਕੋਲ਼ ਬੀਨਾਹੇੜੀ ਪਿੰਡ ਇੱਕ ਸਕੂਲ 'ਚ ਨੌਕਰੀ ਮਿਲ ਗੀ'। ਪੈਂਤੀ ਸੌ ਰੁਪਏ ਮਹੀਨਾ ਬਤੌਰ ਡੀ. ਪੀ ਮਾਸਟਰ। ਵੈਸੇ ਇਹ ਨੌਕਰੀ ਵੀ ਡੈਡੀ (ਸਹੁਰਾ ਸਾਬ੍ਹ) ਨੇ ਹੀ ਦਵਾਈ ਸੀ।

ਤਿੰਨ ਮਹੀਨੇ ਹੈਂਡਬਾਲ ਦੀ ਪਰੈਕਟਿਸ ਕਰਵਾਈ 14 ਸਾਲ ਤੋਂ ਘੱਟ ਮੁੰਡੇ ਕੁੜੀਆਂ ਦੀਆਂ ਟੀਮਾਂ ਪਹਿਲੇ ਨੰਬਰ 'ਤੇ ਰਹੀਆਂ। ਪੂਰੀ ਚੜ੍ਹਾਈ ਸਕੂਲ 'ਚ...। ਸਕੂਲ ਮਾਲਕ ਨੇ ਡੈਡੀ ਨੂੰ ਫੋਨ ਕਰਕੇ ਮੇਰੀ ਤਾਰੀਫ਼ ਵੀ ਕੀਤੀ। ਮੈਂ ਵੀ ਪੂਰੀਆਂ ਫ਼ੁਕਰੀਆਂ ਮਾਰੀਆਂ। ਪਰ ਜਿਸ ਦਿਨ 17 ਸਾਲ ਤੋਂ ਘੱਟ ਮੁੰਡੇ -ਕੁੜੀਆਂ ਦਾ ਫਾਈਨਲ ਮੈਚ ਸੀ, ਓਦਣ ਮੈਥੋਂ ਮੌਕੇ 'ਤੇ ਪਹੁੰਚਿਆ ਈ ਨਾ ਗਿਆ। ਚਹਿਲ਼ ਅੱਡੇ 'ਚੋਂ ਸਮਾਨ ਲੈ ਕੇ, ਭਾਦਸੋਂ ਬੀੜ ਦੇ ਸ਼ੁਰੂ 'ਚ ਇੱਕ ਬੰਦ ਪਈ ਫੈਕਟਰੀ 'ਚ ਜਾ ਵੜਿਆ।

ਸਮਾਂ ਸੀ ਸੱਤ ਵਜੇ ਦਾ। ਓਦੋਂ ਇਹ ਫੈਕਟਰੀ ਈ ਮੇਰਾ ਅੱਡਾ ਬਣ ਗੀ' ਸੀ। ਆਉਂਦੇ ਜਾਂਦੇ ਐਥੇ ਈ ਨਸ਼ਾ ਪੱਤਾ ਕਰਦਾ ਸੀ। ਟੀਕਾ ਲਗਾਉਂਦੇ ਨੂੰ, ਨਾੜਾਂ ਲੱਭਦੇ ਨੂੰ ਦੋ ਘੰਟੇ ਲੰਘ ਗਏ, ਮਸਾਂ ਕਿਤੇ ਕਾਮਜਾਬੀ ਮਿਲੀ। ਫੇਰ ਲਾਲਚ ਦੇ ਮਾਰੇ ਅਤੇ ਦੁਬਾਰਾ ਨਾੜ ਨਾ ਲੱਭਣ ਦੇ ਡਰ ਨੇ ਜ਼ਿਆਦਾ ਮਾਤਰਾ 'ਚ ਲਵਾਤਾ। ਟੱਲੀ ਹੋਏ ਨੂੰ ਚਾਬੀ ਨਾ ਲੱਭੀ। ਭਟਕਦਾ ਰਿਹਾ ਇੱਧਰ-ਉੱਧਰ ਪੂਰੇ ਬਾਰਾਂ ਵਜੇ ਤੱਕ। ਜਦੋਂ ਨਸ਼ਾ ਘਟਿਆ ਤਾਂ ਪਤਾ ਲੱਗਿਆ ਕਿ ਚਾਬੀ ਤਾਂ ਮੋਟਰਸਾਈਕਲ ਦੀ ਟੂਲ ਨੂੰ ਲੱਗੀ ਹੋਈ ਐ, ਜਿੱਥੇ ਸਰਿੰਜ ਲਕੋਈ ਹੁੰਦੀ ਸੀ। ਸਮਾਨ ਕੱਢਣ ਲੱਗੇ ਤੋਂ ਵਿੱਚ ਰਹਿ ਗੀ'। ਮੁੜ ਕੇ ਬੌਲ਼ੇ ਜਿਹੇ ਹੋਏ ਨੂੰ ਪਤਾ ਨਾ ਲੱਗਿਆ, ਬਹੁਤ ਬੁਰਾ ਹਾਲ ਸੀ।

ਓਧਰ ਟੀਮਾਂ ਦੋਵੇਂ ਹਾਰਗੀਆਂ ਸੀ। ਸਕੂਲ ਆਲ਼ੇ ਬਹੁਤ ਗੁੱਸੇ ਸਨ। ਮੈਂ ਬਹਾਨਾ ਲਗਾਤਾ ਕਿ ਨਾਕੇ 'ਤੇ ਪੁਲਸ ਨੇ ਟਾਈਮ ਲਗਾਤਾ ਹੈਲਮਟ ਨਹੀਂ ਸੀ ਲਈ ਹੋਈ। ਪਰ ਦੂਜੇ ਦਿਨ ਫੋਨ ਆ ਗਿਆ ਕਿ ਤੁਸੀਂ ਕੱਲ੍ਹ ਸਕੂਲ ਨਾ ਆਇਓ। ਸਕੂਲ ਆਲ਼ਿਆਂ ਨੂੰ ਮੇਰੇ ਨਸ਼ੇ ਪੱਤੇ ਦਾ ਪਤਾ ਚੱਲ ਗਿਆ ਸੀ ਸ਼ਾਇਦ। ਮਾੜੀ ਕਿਸਮਤ ਨੂੰ ਸਕੂਲ ਮਾਲਕ ਡੈਡੀ ਨੂੰ ਮਿਲ ਗਏ। ਉਹਨਾਂ ਨੇ ਸਭ ਕੁਝ ਦੱਸਤਾ ਸੀ, ਡੈਡੀ ਵੀ ਬੇਚਾਰੇ ਬਹੁਤ ਸ਼ਰਮਿੰਦਾ ਹੋਏ।

***

ਬਹੁਤ ਬੁਰਾ ਹਾਲ ਸੀ। ਘਰ ਆਲ਼ੀ ਕਮਾ ਰਹੀ ਸੀ, ਮੈਂ ਖਾ ਰਿਹਾ ਸੀ। ਅਮਲ ਤੋਂ ਜਿਆਦਾ ਮੈਂ ਇਸ ਫੀਲਿੰਗ 'ਚ ਫਸ ਗਿਆ ਕਿ ਮੈਂ ਬੇਕਾਰ ਹਾਂ, ਨਿਕੰਮਾ ਹਾਂ। ਹੀਣ ਭਾਵਨਾਂ 'ਚ ਫਸੇ ਨੇ ਮਿੱਲ 'ਚ ਨੌਕਰੀ ਕਰ ਲਈ। ਉੱਥੇ ਇੱਕ ਰਿਸ਼ਤੇਦਾਰ ਮੁੰਡਾ, ਮਿੱਲ ਮਾਲਕ ਦਾ ਡਰਾਈਵਰ ਸੀ। ਉਸੇ ਦੇ ਕਹਿਣ 'ਤੇ ਹੀ ਮੈਨੂੰ ਇਹ ਨੌਕਰੀ ਮਿਲੀ ਅਤੇ ਮਿੱਲ ਦੀ ਬਣ ਰਹੀ ਚਾਰ ਦਿਵਾਰੀ ਦਾ ਸੁਪਰਵਾਈਜ਼ਰ ਬਣਾਤਾ। ਉਹਨਾਂ ਨੇ ਵੀ ਜਵਾਬ ਦੇਤਾ ਇੱਕ ਮਹੀਨੇ ਦੀ ਤਨਖ਼ਾਹ ਦੇ ਕੇ। ਕਹਿੰਦੇ, "ਤੂੰ ਸਾਡੇ ਲਈ ਵੀ ਅਤੇ ਸਮਾਜ ਲਈ ਵੀ ਹਾਨੀਕਾਰਕ ਐਂ।"

ਅਸਲ 'ਚ ਇੱਕ ਦਿਨ ਛੁੱਟੀ ਸਮੇਂ ਮੀਂਹ ਪੈਣ ਲੱਗ ਪਿਆ। ਇਹ ਬਿਹਾਰੀ ਮਜ਼ਦੂਰ ਗਰਮੀ-ਸਰਦੀ ਤਾਂ ਸਹਾਰ ਲੈਂਦੇ ਨੇ ਪਰ ਮੀਂਹ ਦੀ ਕਣੀ ਨ੍ਹੀਂ ਪੈਣ ਦਿੰਦੇ, ਪਿੰਡੇ ਉੱਤੇ। ਓਦਣ ਮੈਂ ਕਿਸੇ ਨਵੇਂ ਬਣੇ ਠੀਹੇ 'ਤੇ ਆਪਣਾ ਨਸ਼ਾ ਪੂਰਾ ਕਰ ਰਿਹਾ ਸੀ। ਮਜ਼ਦੂਰ ਭਈਏ ਸਮਾਨ ਉੱਥੇ ਈ ਛੱਡ ਕੇ ਭੱਜ ਗੇ', ਜਦੋਂ ਕਣੀਆਂ ਸ਼ੁਰੂ ਹੋਈਆ। ਮੈਂ ਵੀ ਟੈਟ ਹੋ ਕੇ ਘਰ ਚਲੇ ਗਿਆ।

ਦੂਜੇ ਦਿਨ ਮਿੱਲ ਮਾਲਕ ਨੇ ਅੱਖਾਂ ਦਿਖਾਈਆਂ। ਬੋਲਿਆ ਉਹ ਇਵੇਂ, ਜਿਵੇਂ ਮੈਂ ਕੋਈ ਚੋਰ ਹੋਵਾਂ। ਜਿਵੇਂ ਰੰਗੇ-ਹੱਥੀਂ ਫੜਿਆ ਗਿਆ ਹੋਵਾਂ। ਬੇਸ਼ੱਕ ਨਸ਼ੇ ਨੇ ਬੁਰਾ ਹਾਲ ਕਰ ਰੱਖਿਆ ਸੀ, ਹਾਲਾਤ ਬਦ ਤੋਂ ਬਦਤਰ ਹੋ ਚੁੱਕੇ ਸਨ ਪਰ ਕਿਤੇ ਨਾ ਕਿਤੇ ਮੇਰੇ ਅੰਦਰਲਾ 'ਮੰਗਾ' ਅਜੇ ਜਿਉਂਦਾ ਸੀ, "ਜੀ, ਜਿਹੜਾ ਨੁਕਸਾਨ ਹੋਇਆ ਮੇਰੀ ਤਨਖਾਹ 'ਚੋਂ ਕੱਟ ਲਵੋ ਤੇ ਕੋਈ ਹੋਰ ਬੰਦਾ ਲੱਭ ਲਵੋ।" ਮੇਰੀਆਂ ਲਾਲ ਅੱਖਾਂ ਦੇਖ ਉਹ ਲਾਲਾ ਸ਼ਾਂਤ ਹੋ ਗਿਆ।

ਜਦੋਂ ਹਿਸਾਬ-ਕਿਤਾਬ ਕਰਕੇ ਕਮਰੇ 'ਚੋਂ ਬਾਹਰ ਆਇਆ ਤਾਂ ਗੇਟ 'ਤੇ ਉਹੀ ਰਿਸ਼ਤੇਦਾਰ ਖੜ੍ਹਾ, ਜੋ ਉਸ ਲਾਲੇ ਦਾ ਡਰਾਈਵਰ ਸੀ। ਮੋਟਰਸਾਈਕਲ ਦੀ ਕਿੱਕ ਮਾਰੀ ਤਾਂ ਉਹ ਮੇਰੇ ਕੋਲ਼ ਆ ਕੇ ਕਹਿੰਦਾ, "ਕਾਲ਼ੇ, ਤੂੰ ਓਹੀ ਮੰਗਾ ਏਂ, ਜੀਹਨੇ ਪਟਿਆਲੇ ਐਨੀ ਚੜ੍ਹਾਈ ਕਰੀ ਰੱਖੀ ਸੀ। ਥੋਡਾ ਤਾਂ ਯਾਰ 'ਠੱਗ ਸਟਾਈਲ' ਕਿੰਨਾ ਮਸ਼ਹੂਰ ਸੀ। ਹੁਣ ਦੇਖ ਆਪਦੀ ਹਾਲਤ, ਕੋਈ ਯਕੀਨ ਨ੍ਹੀਂ ਕਰ ਸਕਦਾ।" ਉਸਦੇ ਕਹੇ ਬੋਲਾਂ, ਹਲੂਣਾ ਜਿਹਾ ਮਾਰਿਆ। ਪਰ ਫੇਰ ਦਿਮਾਗ 'ਚ ਹਵਾਲਾਤ ਦਾ ਡਰ ਵੀ ਆ ਗਿਆ ਕਿ ਉੱਥੇ ਸਮਾਨ ਨ੍ਹੀਂ ਮਿਲਣਾ... ਔਖਾ ਹੋਜੂ। ਤੋੜ ਦਾ ਡਰ ਗੋਲੀ ਦੇ ਡਰ ਤੋਂ ਵੀ ਜ਼ਿਆਦਾ ਲੱਗਦਾ ਸੀ। ਉਹ ਰਿਸ਼ਤੇਦਾਰ ਮੁੰਡਾ ਸਾਡੇ ਕੋਲ਼ ਬਹੁਤ ਵਾਰੀ ਰਹਿ ਕੇ ਆਇਆ ਸੀ ਹੋਸਟਲ 'ਚ...।

ਬਸ ਫੇਰ ਰਗਾਂ 'ਚ ਦੌੜੀ ਥੋੜ੍ਹੀ ਜਿਹੀ ਅਣਖ ਨੂੰ, ਸੂਈ ਨਾਲ਼ ਸ਼ਾਂਤ ਕਰ ਲਿਆ।

ਹੁਣ ਸੋਚਦਾਂ, ਬਈ ਜਿੱਡੀ ਮਰਜ਼ੀ ਅਣਖ ਹੋਵੇ ਬੰਦੇ 'ਚ, ਪਰ ਨਸ਼ੇ ਦੀ ਗੁਲਾਮੀ ਪਾਲਤੂ ਕੁੱਤੇ ਵਾਂਗ ਗਲ਼ 'ਚ ਪਟਾ ਪਾ ਲੈਂਦੀ ਹੈ। ਨਹੀਂ ਤਾਂ ਉਸ ਲਾਲੇ ਨੂੰ ਘੜੀਸ ਕੇ ਸੜਕ 'ਤੇ ਨਾ ਲਿਆਂਦਾ ਹੁੰਦਾ। ਬਹੁਤ ਮਾੜਾ ਸਮਾਂ ਦਿਖਾਇਆ ਇਸ ਦਲਦਲ ਨੇ।

***

ਐਥੇ ਵੀ ਪਤਾ ਨਈਂ ਮੈਂ ਕਿਵੇਂ ਬਚ ਗਿਆ।

ਓਦੋਂ ਅਸੀਂ ਫਤਿਹਗੜ੍ਹ ਸਾਹਿਬ ਰਹਿਣ ਲੱਗ ਪਏ ਸੀ, ਸ਼੍ਰੋਮਣੀ ਕਮੇਟੀ ਦੇ ਬਣੇ ਫਲੈਟਾਂ 'ਚ। ਅੰਮ੍ਰਿਤ ਨੂੰ ਬਾਬਾ ਬੰਦਾ ਸਿੰਘ ਬਹਾਦਰ ਕਾਲਜ 'ਚ ਨੌਕਰੀ ਮਿਲ ਗੀ' ਸੀ। ਪੁਰਾਣੇ ਕਾਲਜ 'ਚ ਮੈਂ ਬਦਨਾਮੀ ਹੀ ਐਨੀ ਕਰਵਾਤੀ ਸੀ ਬੇਚਾਰੀ ਦੀ ਕਿ ਉਹ ਟੁੱਕ ਜਿਹੀ ਨ੍ਹੀਂ ਸੀ ਰਹੀ। ਹੀਣਤਾ ਮਹਿਸੂਸ ਕਰਦੀ ਰਹਿੰਦੀ, ਸੋ ਨੌਕਰੀ ਈ ਛੱਡ ਆਈ।

ਸਰਕਾਰੀ ਸਕੂਲ 'ਚ ਵੀ ਇੱਕ ਵਾਰੀ ਤਾਂ ਸਵੇਰ ਦੀ ਸਭਾ ਕਰਵਾ ਕੇ ਬਾਥਰੂਮ 'ਚ ਅਜਿਹਾ ਵੜਿਆ ਕਿ ਸਾਰਾ ਦਿਨ ਹੀ ਖੌਜਲੀ ਗਿਆ, ਨਾੜ ਹੀ ਨਾ ਲੱਭੀ। ਅੱਧੀ ਛੁੱਟੀ ਤੱਕ ਅੰਦਰ ਹੀ ਰਿਹਾ। ਨਾੜ ਲੱਭਦੀ ਵੀ ਕਿਵੇਂ? ਹੁਣ ਤਾਂ ਪੱਟ ਆਲ਼ੀਆਂ ਵੱਡੀਆਂ ਨਾੜਾਂ ਵੀ ਬੰਦ ਹੋ ਚੁੱਕੀਆਂ ਸਨ।

ਸਾਲ ਪਹਿਲਾਂ ਜਦੋ ਅੰਮ੍ਰਿਤ ਰੁੱਸ ਕੇ ਪੇਕੇ ਚਲੀ ਗਈ ਸੀ ਤਾਂ ਮੈਥੋਂ ਦੋਵੇਂ ਪੱਟਾਂ ਦੀਆਂ ਨਾੜਾਂ ਬੰਦ ਹੋ ਗਈਆਂ ਸੀ। ਸਹੀ ਟੀਕਾ ਨਾ ਲੱਗਣ ਕਰਕੇ 'ਪੱਸ' (ਪੀਕ) ਪੈ ਗਈ ਸੀ। ਕਹਿਣ ਤੋਂ ਭਾਵ ਟੀਕੇ ਪੱਕ ਗਏ ਸਨ। ਡਾਕਟਰ ਕਿੰਨੀ ਈ ਲੰਬੀ ਪੱਟੀ, ਦਵਾਈ ਨਾਲ ਲਬੇੜਕੇ ਪੱਕੇ ਹੋਇਆਂ ਟੀਕਿਆਂ ਦੀਆਂ ਖੱਡਾਂ 'ਚ ਪਾ ਦਿਆ ਕਰੇ... ਤਿੰਨ-ਚਾਰ ਮਹੀਨੇ 'ਚ ਮਸਾਂ ਥੋੜ੍ਹਾ ਠੀਕ ਹੋਏ ਸੀ। ਘਰਦਿਆਂ ਨੂੰ ਝੂਠ ਬੋਲਕੇ ਸੱਚ ਜਚਾਤਾ ਕਿ ਮੇਰੇ ਤਾਂ 'ਓਲ਼ਮੇ' ਪੱਕ ਗਏ ਹਨ।

'ਓਲਮੇ' ਮੇਰੇ ਛੋਟੇ ਹੁੰਦੇ ਦੇ ਨਿੱਕਲ਼ਦੇ ਹੁੰਦੇ ਸੀ ਕੁੱਲਿਆਂ 'ਚ ਜਾਂ ਕੱਛਾਂ 'ਚ। ਜਿਵੇਂ ਨਾੜ ਜਿਹੀ ਫੁੱਲੀ ਹੋਵੇ... ਗਟੋਲੀ ਜਿਹੀ ਬਣ ਜਾਂਦੀ ਸੀ। ਮੱਠੀ-ਮੱਠੀ ਦਰਦ ਹੁੰਦੀ ਰਹਿੰਦੀ। ਕਈ ਵਾਰ ਥੋੜ੍ਹਾ ਬਹੁਤ ਬੁਖ਼ਾਰ ਵੀ ਚੜ੍ਹ ਜਾਂਦਾ। ਆਮ ਕਰਕੇ ਇਹ ਤਾਂ ਈ ਨਿੱਕਲ਼ਦੇ ਜੇ ਪੈਰ 'ਤੇ ਜਾਂ ਹੱਥ ਉੱਤੇ ਸੱਟ ਵੱਜੀ ਹੁੰਦੀ ਜਾਂ ਠੋਕਰ ਵੱਜ ਕੇ ਜਾਂ ਕੋਈ ਜਖ਼ਮ ਪੱਕ ਗਿਆ ਹੁੰਦਾ।

ਉਸ ਦਿਨ ਸਕੂਲ ਦੇ ਬਾਥਰੂਮ 'ਚ ਵੀ ਬਹੁਤ ਜ਼ੋਰ ਲਾਇਆ ਸੀ ਕਿ ਸਰਿੰਜ ਦੀ ਸੂਈ ਨਾੜ ਤੱਕ ਪਹੁੰਚ ਜਾਵੇ। ਕਦੇ ਏਧਰਲੇ ਪਾਸੇ, ਕਦੇ ਓਧਰਲੇ। ਵਾਰ-ਵਾਰ ਕੋਸ਼ਿਸ਼ ਕਰ ਰਿਹਾ ਸੀ ਪਰ ਗੱਲ ਨਾ ਬਣੀ। ਕਾਹਲ਼ੀ-ਕਾਹਲ਼ੀ 'ਚ ਜ਼ਿਆਦਾ ਧੱਕਾ ਕੀਤਾ ਤਾਂ ਸਗੋਂ ਸੂਈ ਵਿੱਚ ਹੀ ਟੁੱਟ ਗੀ'। ਐਨਾ ਸ਼ੁਕਰ ਮਾਸ ਦੇ ਵਿੱਚ ਨਾ ਰਹਿ ਗੀ'। ਬਹੁਤ ਔਖੀ ਖਿੱਚੀ, ਪਰ ਨਿੱਕਲ਼ ਗਈ।

ਬਹੁਤ ਔਖੀ ਘੜੀ ਹੁੰਦੀ ਸੀ ਓਹੋ, ਜਦੋਂ ਟੀਕਾ ਨਾ ਲੱਗਣਾ, ਤੇ ਉੱਪਰੋਂ ਸਮਾਂ ਹੋਈ ਜਾਣਾਂ। ਡਰ ਲੱਗਣਾ, ਬਈ ਕੋਈ ਅੰਦਰ ਨਾ ਆ ਜਾਵੇ। ਕਈ ਵਾਰ ਤਾਂ ਦਰਵਾਜੇ ਅੰਦਰੋਂ ਬੰਦ ਵੀ ਨ੍ਹੀਂ ਸੀ ਹੁੰਦੇ। ਖ਼ਾਸ ਕਰਕੇ ਸਰਕਾਰੀ ਬਾਥਰੂਮਾਂ ਦੇ। ਮੈਂ ਸੋਚਦਾ ਹੁੰਨੈ ਕਿ ਅੱਜ ਉਹਨਾਂ ਬਾਥਰੂਮਾਂ 'ਚ ਮੈਥੋਂ ਇੱਕ ਮਿੰਟ ਨ੍ਹੀਂ ਖੜ੍ਹ ਹੁੰਦਾ, ਐਨਾ ਗੰਦਾ ਮੁਸ਼ਕ ਮਾਰਦਾ ਹੁੰਦੈ। ਕੋਲ਼ੋਂ ਦੀ ਲੰਘਣਾ ਵੀ ਔਖਾ ਹੁੰਦੈ, ਪਰ ਉਦੋਂ ਸਾਰਾ-ਸਾਰਾ ਦਿਨ ਈ ਉੱਥੇ ਲੰਘ ਜਾਂਦਾ ਸੀ।

ਸੱਚੀਂ ਜੇ ਕਿਤੇ ਨਰਕ ਹੈ ਤਾਂ ਮੇਰੇ ਵਰਗੇ ਦੀ ਜਿੰਦਗੀ 'ਚ ਹੀ ਹੁੰਦਾ ਸੀ। ਸ਼ਾਇਦ ਨਰਕ ਤੋਂ ਵੀ ਮਹਾਂ ਨਰਕ।

ਜਿਹੋ ਜਿਹੇ ਹਾਲਾਤ ਮੇਰੇ ਸਨ, ਐਥੇ ਵੀ ਦਰਸ਼ਨ ਸਰ ਬੀ.ਪੀ.ਓ. ਅਤੇ ਬਾਕੀ ਅਧਿਆਪਕ ਜੋ ਡੇਪੋਟੇਸ਼ਨ 'ਤੇ ਕੰਮ ਕਰਦੇ ਸਨ, ਉਹਨਾਂ ਕਰਕੇ ਬਚਿਆ ਰਿਹਾ। ਓਦੋਂ ਸਕੂਲ 'ਚ ਤਾਂ ਮੈਂ ਇਕੱਲਾ ਈ ਅਧਿਆਪਕ ਸੀ, ਪਰ ਬਲਾਕ ਦਾ ਦਫ਼ਤਰ ਉਸੇ ਇਮਾਰਤ 'ਚ ਚੱਲਣ ਕਰਕੇ ਸੋਹਣੀ ਰੌਣਕ ਰਹਿੰਦੀ। ਨਹੀਂ ਤਾਂ ਕਈ ਵਾਰ ਮੈਂ ਆਪਣਾ ਸਮਾਨ ਲੈਣ ਗਿਆ ਕਿੰਨਾਂ-ਕਿੰਨਾਂ ਚਿਰ ਮੁੜਦਾ ਈ ਨਾ। ਖ਼ਾਲੀ ਸਕੂਲ ਦੀ ਜੇ ਕੋਈ ਸ਼ਿਕਾਇਤ ਕਰ ਦਿੰਦਾ ਤਾਂ ਕੰਮ ਖ਼ਰਾਬ ਹੋ ਜਾਣਾ ਸੀ। ਨੌਕਰੀ ਵੀ ਜਾ ਸਕਦੀ ਸੀ।

ਖ਼ੈਰ!! ਧੰਨਵਾਦ ਉਹਨਾਂ ਦਾ ਜਿਨ੍ਹਾਂ ਨੇ ਸ਼ਿਕਾਇਤ ਨਾ ਕੀਤੀ।



ਕੁੰਭੀ ਨਰਕ

2007 ਦੇ ਅਖੀਰ ਅਤੇ 2008 ਦੇ ਸ਼ੁਰੂ ਦੀ ਗੱਲ ਹੈ, ਸਹੀ ਤਰੀਕ ਮੇਰੇ ਯਾਦ ਨਹੀਂ। ਸਰਕਾਰੀ ਨੌਕਰੀ ਸੀ। ਓਦੋਂ ਤਨਖ਼ਾਹ ਵੀ ਵਧੀਆ ਮਿਲਣ ਲੱਗ ਪਈ ਸੀ। ਹੌਂਸਲਾ ਵੀ ਵੱਧ ਗਿਆ ਸੀ। ਮਹਿਸੂਸ ਐਵੇਂ ਦਾ ਹੋ ਰਿਹਾ ਸੀ। ਜਿਵੇਂ ਗਟਰ 'ਚੋਂ ਨਿੱਕਲਕੇ, ਗਾਰਾ ਜਿਹਾ ਉਤਾਰਤਾ ਹੋਵੇ। ਜਿਵੇਂ ਕਈ ਮਹੀਨਿਆਂ ਬਾਅਦ ਜਮਾਨਤ ਮਿਲੀ ਹੋਵੇ, ਕਾਲ-ਕੋਠੜੀ 'ਚੋਂ..। ਕੁਛ-ਕੁਛ ਵਧੀਆ ਲੱਗ ਰਿਹਾ ਸੀ। ਪੈਸੇ ਕੋਲ਼ ਰਹਿਣ ਲੱਗ ਪਏ ਸਨ।

ਅਸਲ 'ਚ ਤਨਖ਼ਾਹ ਨਾਲ਼ੋਂ ਵੀ ਮੈਨੂੰ, ਮੇਰੇ ਖੋਏ ਹੋਏ ਵਜੂਦ 'ਚ ਹੋ ਰਹੀ ਵਾਪਸੀ ਜ਼ਿਆਦਾ ਵਧੀਆ ਲੱਗ ਰਹੀ ਸੀ। ਮੈਂ ਹੁਣ ਸੁਧਰ ਗਿਆ ਸੀ। ਇੱਜਤ ਹੋਣੀ ਸ਼ੁਰੂ ਹੋ ਗੀ'। ਸਾਰੇ ਰਿਸ਼ਤੇਦਾਰ...ਯਾਰ-ਦੋਸਤ ਕਹਿਣ ਲੱਗ ਪੇ' ਕਿ "ਮੰਗਾ ਹੁਣ ਬੰਦਾ ਬਣ ਗਿਆ ਹੈ। ਹੁਣ ਅੱਖਾਂ ਖੋਲ੍ਹ ਕੇ ਰੱਖਦੈ..ਹੁਣ ਝੂਲ੍ਹੇ ਨ੍ਹੀਂ ਖਾਂਦਾ।"

ਪਰ ਅਸਲ ਸੁਧਾਰ ਨ੍ਹੀਂ ਸੀ ਹੈਗਾ। ਇਹ ਤਾਂ ਨਕਾਬ ਸੀ ਜੋ ਹੁਣ ਚੜ੍ਹਾ ਲਿਆ ਗਿਆ ਸੀ। ਜਾਂ ਫੇਰ ਇਹ ਕਹਿਣਾ ਜਿਆਦਾ ਸਹੀ ਰਹੇਗਾ ਕਿ ਮਜ਼ਬੂਰੀ ਵੱਸ, ਸੁਧਾਰ ਦਾ ਗਲਾਫ਼ ਆਪਣੇ-ਆਪ ਚੜ੍ਹ ਗਿਆ ਸੀ। ਇਹ ਧੋਖਾ ਸੀ ਸਭ ਨਾਲ਼ ਅਤੇ ਆਪਣੇ-ਆਪ ਨਾਲ਼। ਚਾਰਾ ਵੀ ਨ੍ਹੀਂ ਸੀ ਕੋਈ, ਕਿਉਂਕਿ ਜ਼ਿੰਦਗੀ ਦੀ ਰਜਾਈ 'ਚ ਰੂੰ ਹੁਣ ਨਗੰਦੀ ਜਾਣ ਜੋਗੀ ਨਹੀਂ ਸੀ ਰਹੀ। ਖਿੱਲਰ ਰਹੀ ਸੀ ਗਲ਼ੀਆਂ-ਨਾਲ਼ੀਆਂ 'ਚ... । ਵੱਡੇ-ਵੱਡੇ ਮਘੋਰੇ ਹੋ ਚੁੱਕੇ ਸਨ.. ਲੋਗੜ ਦੇ ਰੁਗ ਬਾਹਰ ਨੂੰ ਝਾਕ ਰਹੇ ਸਨ। ਪਰ ਇਸ ਨਕਲੀ ਜਿਹੇ, ਥੋਦੇ ਜਿਹੇ ਸੁਧਾਰ ਦੇ ਗਲਾਫ਼ ਨੇ ਇੱਕ ਵਾਰ ਢਕ ਤਾਂ ਦਿੱਤੀ ਸੀ ਜ਼ਿੰਦਗੀ। ਪਰ ਇਹ ਗਲਾਫ਼ ਵੀ ਤਾਂ ਆਪਣੇ ਆਪ ਹੀ ਚੜ੍ਹਿਆ ਸੀ। ਨਕਲੀ ਤਾਂ ਨਕਲੀ ਈ ਹੁੰਦੈ। ਉਹਨੇ ਉੱਤਰਨਾ ਈ ਸੀ।

***

ਮੈਂ ਰੋਜ਼ਾਨਾ ਵਾਂਗ ਜਲਦੀ ਉੱਠਿਆ ਪੂਰੀ ਠੰਡ ਪਵੇ। ਬਾਥਰੂਮ 'ਚ ਨਸ਼ੇ ਦੀ ਪੂਰਤੀ ਕਰਕੇ ਫਲੈਟ ਤੋਂ ਥੱਲੇ ਉੱਤਰਿਆ। ਇੱਕ ਕਿਸਮ ਦੀ ਇਹ ਮੇਰੀ ਰੁਟੀਨ ਜਿਹੀ ਬਣ ਗੀ' ਸੀ। ਪੌੜੀਆਂ ਉੱਤਰਦੇ ਈ ਨੌਰਫਿਨ ਦਾ ਸਵਾਦ ਮੇਰੇ ਗਲ਼ੇ 'ਚ ਆ ਗਿਆ ਸੀ। ਟੀਕਾ ਲੱਗਦੇ ਸਾਰ ਨੌਰਫਿਨ ਦਾ ਸਵਾਦ ਗਲ਼ 'ਚ ਆਉਣਾ ਵੀ ਇੱਕ ਸਵਾਦ ਸੀ, ਇੱਕ ਮਜ਼ਾ ਸੀ। ਇਸੇ ਮਜ਼ੇ ਕਰਕੇ ਸਾਰੀ ਦਿਹਾੜੀ ਟੀਕੇ ਦਾ ਸਵਾਦ ਲਈ ਜਾਣ ਨੂੰ ਦਿਲ ਕਰੀ ਜਾਂਦਾ। ਜੇ ਨਾੜ ਲੱਭ ਜਾਂਦੀ ਤਾਂ ਓਨਾ ਚਿਰ ਲਗਾਈ ਜਾਂਦਾ, ਜਦੋਂ ਤੱਕ ਸਟਾਕ ਖ਼ਤਮ ਨਾ ਹੁੰਦਾ। ਜਦੋਂ ਨਸ਼ਾ ਪੂਰਾ ਹੋ ਜਾਂਦਾ ਤਾਂ ਇੱਕ ਹੋਰ ਸਵਾਦ ਲੈਣ ਦੀ ਆਦਤ ਸੀ। ਇੱਕੋ ਦਮ ਤੰਬਾਕੂ ਖਾਣ ਦੀ, ਇੱਕ ਤਲਬ ਜਿਹੀ ਉੱਠਦੀ।

ਆਪ ਦੀ ਜਰਦੇ ਦੀ ਪੁੜੀ ਖ਼ਤਮ ਸੀ। ਆਲ਼ਾ-ਦੁਆਲ਼ਾ ਦੇਖਿਆ, ਪਰ ਕੋਈ ਨਾ ਦਿਖਿਆ। ਜਿਸ ਤੋਂ ਤੰਬਾਕੂ ਮਿਲ ਸਕਦਾ। ਦਿਖਦਾ ਵੀ ਕਿਵੇਂ, ਆਂਢੀ-ਗਵਾਂਢੀ ਸਭ

ਅੰਮ੍ਰਿਤਧਾਰੀ ਨੇ। ਐਥੇ ਤਾਂ ਜੇ ਲੇਬਰ ਆਲਿਆਂ ਦੀ ਖਾਲੀ ਪੁੜੀ ਵੀ ਪਈ ਮਿਲ ਜਾਂਦੀ ਐ ਤਾਂ ਉਹ ਕਜ਼ੀਆ ਕਰਦੇ ਨੇ, ਉਹਨਾਂ ਨੂੰ ਘੂਰਦੇ ਰਹਿੰਦੇ ਨੇ। ਮਾਹੌਲ ਬੜਾ ਧਾਰਮਿਕ ਹੈ ਜਿੱਥੇ ਅਸੀਂ ਰਹਿੰਦੇ ਹਾਂ।

ਇਹ ਲੇਬਰ ਆਲ਼ੇ ਭਈਏ ਈ ਅੜਦੇ-ਥੁੜਦੇ ਮੇਰੇ ਕੰਮ ਆਉਂਦੇ। ਪਰ ਐਨੀ ਸਵੇਰ ਉਹਨਾਂ ਨੂੰ ਮਿਲਣਾ ਮੁਸ਼ਕਲ ਸੀ। ਉਂ ਉਹਨਾਂ ਦੀਆਂ ਝੌਂਪੜੀਆਂ ਸਾਡੇ ਫਲੈਟਾਂ ਦੇ ਨੇੜੇ ਹੀ ਹਨ।

ਜਦੋਂ ਤਲਬ ਉੱਠੀ ਹੋਵੇ ਤਾਂ ਉਸਨੂੰ ਪੂਰਾ ਕਰਨਾ ਈ ਸਭ ਤੋਂ ਜਰੂਰੀ ਹੁੰਦਾ ਹੈ। ਇੱਜਤ-ਬੇਇੱਜਤੀ ਯਾਦ ਨ੍ਹੀਂ ਰਹਿੰਦੀ ਜਾਂ ਜੇ ਦਿਮਾਗ 'ਚ ਆਉਂਦੀ ਵੀ ਐ ਤਾਂ ਵੀ ਨਸ਼ੇ ਦੀ ਬਿਮਾਰੀ ਈ ਬਾਜ਼ੀ ਮਾਰ ਜਾਂਦੀ ਹੈ।

ਓਦਣ ਠੰਡ ਜਿਆਦਾ ਹੋਣ ਕਰਕੇ ਮੈਂ ਲੋਈ ਵੀ ਲਈ ਹੋਈ ਸੀ। ਸਿਰ 'ਤੇ ਪਰਨਾ ਵੀ ਬੰਨ੍ਹਿਆ ਹੋਇਆ ਸੀ, ਜਮਾਂ ਪੇਂਡੂ ਸਟਾਈਲ 'ਚ ...।

ਲੇਬਰ ਦੀਆਂ ਝੁੱਗੀਆਂ ਕੋਲ਼ ਜਾ ਕੇ ਦੇਖਿਆ ਤਾਂ ਕੋਈ ਜਾਣੀ-ਪਛਾਣੀ ਸ਼ਕਲ ਨਾ ਦਿਖੇ। ਮੂੰਹ ਨ੍ਹੇਰਾ ਸੀ ਅਜੇ। ਉੱਤੋਂ ਬਿਜਲੀ ਖ਼ਰਾਬ। ਪਹਿਲਾਂ ਤਾਂ ਥੋੜ੍ਹੀ ਦੂਰੋਂ ਖੜ੍ਹੇ ਨੇ ਨਿਗ੍ਹਾ ਮਾਰੀ। ਫੇਰ ਚੁੱਲ੍ਹੇ ਨੂੰ ਕਰੇ ਕੱਚੇ ਜਿਹੇ ਓਟੀਏ 'ਤੇ ਕੂਹਣੀਆਂ ਰੱਖ ਦੇਖਣ ਲੱਗ ਪਿਆ। ਉੱਥੋਂ ਕੋਈ ਔਰਤ ਭਾਂਡਾ ਚੱਕਦੀ ਸੀ, ਪਰ ਉਹ ਭਈਆ ਰਾਣੀ ਮੈਂ ਦੇਖੀ ਈ ਨ੍ਹੀਂ। ਮੈਂ ਤਾਂ ਅੰਦਰ ਮੰਜੇ 'ਤੇ ਬੈਠੇ ਇੱਕ ਭਈਏ ਨੂੰ ਇਸ਼ਾਰੇ ਕਰ ਰਿਹਾ ਸੀ। ਖੰਗੂਰਾ ਜਿਆ ਮਾਰ ਕੇ ਬੁਲਾਉਣ ਦੀ ਕੋਸ਼ਿਸ਼ 'ਚ ਸੀ। ਪਰ ਉਹ ਚੁੱਲ੍ਹੇ 'ਤੇ ਨੂੰ ਝੁਕੀ ਹੋਈ ਸੀ ਤੇ ਜਦੋਂ ਉਸ ਪਰਵਾਸੀ ਔਰਤ ਨੇ ਮੂੰਹ ਉੱਪਰ ਚੁੱਕਿਆ ਤਾਂ ਮੈਂ ਭਮੱਤਰ ਗਿਆ ... ਉਹ ਵੀ ਡਰ ਗੀ'। ਮੇਰੇ ਮੂੰਹ ਦੇ ਜਮਾਂ ਕੋਲ਼ ਹੋ ਗਿਆ ਉਸਦਾ ਮੂੰਹ। ਪੂਰੇ ਗੁੱਸੇ 'ਚ ਬੋਲੀ, "ਹੇ... ਰੇ ਕਿਆ ਹੈ... ?" ਉਹ ਘਬਰਾ ਕੇ ਆਏਂ ਚੀਕੀ, ਜਿਵੇਂ ਉਸਦੀ ਇੱਜਤ ਨੂੰ ਹੱਥ ਪੈ ਗਿਆ ਹੋਵੇ। ਮੈਂ ਵੀ ਇੱਕੋ ਦਮ ਪਿੱਛੇ ਹੱਟ ਗਿਆ। ਅੰਦਰੋਂ ਇੱਕ ਬਜ਼ੁਰਗ ਔਰਤ ਅਤੇ ਇੱਕ ਭਈਆ ਅਤੇ ਦੋ ਗਵਾਂਢ ਆਲ਼ੇ ਝੁੱਗੀ 'ਚੋਂ ਹੋਰ ਆ ਗਏ, ਅੱਖਾਂ ਜੀਆਂ ਮਲ਼ਦੇ-ਮਲ਼ਦੇ। ਉਹ ਮੈਨੂੰ ਭੱਜ-ਭੱਜ ਪੈਣ ਜਿਵੇਂ ਖਾ ਜਾਣਗੇ। ਪਹਿਲੀ ਔਰਤ ਨੂੰ ਤਾਂ ਮੈਂ ਜਿਵੇਂ ਕੋਈ ਇੱਜਤ ਦਾ ਲੁਟੇਰਾ ਲੱਗੀ ਜਾਵਾਂ। ਉਹਨੇ ਹੱਥ 'ਚ ਦਾਤੀ ਵੀ ਚੱਕ ਲਈ ਸੀ।

ਮੇਰਾ ਦਿਲ ਕਰੇ ਕਿ ਇੱਕ-ਇੱਕ ਮਾਰਾਂ ਇਨ੍ਹਾਂ ਦੇ ਕੰਨਾ 'ਤੇ, ਪਰ ਫੇਰ ਰੌਲ਼ਾ ਪੈ ਜਾਣਾ ਸੀ। ਕਿਉਂਕਿ ਇਨ੍ਹਾਂ ਨੂੰ ਤਾਂ ਮੈਂ ਮਨਾ ਰਿਹਾ ਸੀ ਕਿ ਮੈਂ ਜਰਦਾ ਖਾਣ ਆਇਆ ਹਾਂ। ਪਰ ਡਰ ਰਿਹਾ ਸੀ ਕਿ ਰੌਲ਼ਾ ਪੈਣ 'ਤੇ ਫਲੈਟਾਂ ਆਲਿਆਂ ਨੂੰ ਕੀ ਕਹੂੰਗਾ, ਜੇ ਪਤਾ ਚੱਲ ਗਿਆ। ਫੇਰ ਅੰਮ੍ਰਿਤ ਨੂੰ ਕੀ ਜਵਾਬ ਦੇਊਂਗਾ। ਉਸੇ ਸਮੇਂ ਇੱਕ-ਦੋ ਮੋਟਰਸਾਈਕਲ ਸਟਾਰਟ ਹੋਏ ਗੁਰੂ ਘਰ ਜਾਣ ਲਈ। ਮੈਂ ਹੋਰ ਡਰ ਗਿਆ ਕਿ ਹੁਣ ਪਤਾ ਲੱਗੂ ਸਾਰਿਆਂ ਨੂੰ। ਮਸਾਂ ਈ ਬਚਿਆ ਸੀ ਉਸ

ਦਿਨ। ਉਹ ਵੀ ਇੱਕ ਭਈਏ ਨੇ ਮੈਨੂੰ ਪਛਾਣ ਲਿਆ ਸੀ, ਤਾਂ ਕਰਕੇ। ਹੁਣ ਸੋਚਦਾ ਹਾਂ, ਇਹ ਨਰਕ ਸੀ ਜਾਂ ਨਰਕ ਤੋਂ ਵੀ ਮਹਾਂ ਨਰਕ।

ਮੈਂ ਕੰਨਾਂ ਨੂੰ ਹੱਥ ਲਾਏ, ਆਪਣੇ-ਆਪ ਨੂੰ ਲਾਹਣਤਾਂ ਪਾਈਆਂ ਕਿ ਅੱਜ ਤੋਂ ਬਾਅਦ ਤੰਬਾਕੂ ਨੂੰ ਹੱਥ ਨ੍ਹੀਂ ਲਾਉਣਾ। ਪਰ ਤੌਬਾ ਮੈਂ ਸ਼ਾਇਦ ਤਾਂ ਕੀਤੀ ਸੀ ਕਿ ਉਸ ਮੌਕੇ ਨੇ ਡਰਾ ਬਹੁਤ ਦਿੱਤਾ ਸੀ। ਉਲਾਰ 'ਚ ਆ ਕੇ ਸੌਂਹ ਵੀ ਖਾਧੀ।

ਇਹ ਕੋਈ ਪਹਿਲੀ ਵਾਰ ਨ੍ਹੀਂ ਸੀ ਕਿ ਕੰਨਾਂ ਨੂੰ ਹੱਥ ਲਾਏ ਹੋਣ। ਉਸ ਦਿਨ ਵੀ ਜਦੋਂ ਆਪਣੇ-ਆਪ ਨਾਲ਼ ਮੁੜ ਕੇ ਨਸ਼ਾ ਨਾ ਕਰਨ ਦਾ ਵਾਅਦਾ ਕਰ ਰਿਹਾ ਸੀ ਤਾਂ ਮਨ ਅੰਦਰ ਇੱਕ ਖਿਆਲ ਵੀ ਚੱਲ ਰਿਹਾ ਸੀ ਕਿ ਜ਼ਰਦਾ ਤਾਂ ਕਦੇ ਵੀ ਨ੍ਹੀਂ ਖਾਣਾ। ਮਤਲਬ ਦੂਜਾ ਨਸ਼ਾ ਤਾਂ ਚੱਲ ਜੂ'। ਸੋ ਇਹ ਵਾਅਦਾ ਮੈਂ ਕੀਤਾ ਸੀ ਆਪਣੇ-ਆਪ ਨਾਲ, ਨਾ ਕਿ ਮੇਰੀ ਮਾਨਸਿਕ ਬਿਮਾਰੀ ਨੇ। ਬਿਮਾਰੀ ਨੇ ਤਾਂ ਖਿਆਲ ਪੈਦਾ ਵੀ ਕਰਤਾ ਸੀ ਉਸੇ ਸਮੇਂ ਕਿ ਫਸਿਆ ਤਾਂ ਤੰਬਾਕੂ ਕਰਕੇ ਹੈਂ, ਬਾਕੀ ਨਸ਼ੇ ਤਾਂ ਚੱਲ ਸਕਦੇ ਹਨ।

ਬਿਮਾਰੀ ਤਾਂ ਬਿਮਾਰੀ ਹੈ। ਜਿਵੇਂ ਸ਼ੂਗਰ ਆਲ਼ੇ ਬੰਦੇ ਨੂੰ ਸਾਫ ਪਤਾ ਹੁੰਦੈ ਕਿ ਮਿੱਠਾ ਮੇਰੇ ਲਈ ਜ਼ਹਿਰ ਹੈ। ਪਰ ਉਹ ਫੇਰ ਖਾ ਲੈਂਦਾ। ਕਿਉਂਕਿ ਸ਼ੂਗਰ ਦੀ ਬਿਮਾਰੀ ਵੀ ਨਸ਼ੇ ਦੀ ਬਿਮਾਰੀ ਵਾਂਗੂ ਸਰੀਰਕ ਘੱਟ ਤੇ ਮਾਨਸਿਕ ਜਿਆਦਾ ਹੁੰਦੀ ਹੈ। ਹੁਣ ਤਾਂ ਸੋਚ ਕੇ ਵੀ ਡਰ ਲਗਦੈ ਕਿ ਕਿੰਨੀ ਬਦਨਾਮੀ ਹੋਣੀ ਸੀ ਜੇ ਭਈਆ ਰਾਣੀ ਇੱਜ਼ਤ ਲੁੱਟਣ ਦਾ ਰੌਲ਼ਾ ਪਾ ਦਿੰਦੀ। ਇੱਕ ਦਮ ਉੱਤਰ ਜਾਣਾ ਸੀ ਨਕਾਬ। ਉੱਤਰ ਜਾਣਾ ਸੀ ਰਜਾਈ ਤੋਂ ਗਲਾਫ਼, ਨੰਗੇ ਹੋ ਜਾਣੇ ਸੀ ਮਘੋਰੇ। ਪੈ ਜਾਣਾ ਸੀ ਕਲੇਸ਼।

ਓਥੋਂ ਬਚ-ਬਚਾ ਕੇ ਡਰਿਆ ਹੋਇਆ ਜਦੋਂ ਮੈਂ ਉੱਪਰ ਫਲੈਟ 'ਚ ਗਿਆ ਤਾਂ ਨਹਾਉਣ ਲਈ ਕੱਪੜੇ ਪਹਿਲਾਂ ਉਤਾਰਤੇ ਅਤੇ ਗੈਸ ਆਲ਼ਾ ਗੀਜ਼ਰ ਬਾਅਦ 'ਚ ਚਲਾਇਆ। ਬਾਂਹ 'ਤੇ ਨਾੜ 'ਚੋਂ ਜਿੱਥੇ ਥੋੜ੍ਹੀ ਦੇਰ ਪਹਿਲਾਂ ਸੂਈ ਲਗਾਈ ਸੀ, ਉਹ ਨਿਸ਼ਾਨ ਨਜ਼ਰੀਂ ਪੈ ਗਿਆ, ਤਲਬ ਉੱਠ ਖੜ੍ਹੀ। ਹਰ ਵਾਰ ਦੀ ਤਰਾਂ ਸੋਚਿਆ ਕਿ ਜਿਹੜਾ ਕੋਲ਼ ਹੈਗਾ ਇਸਨੂੰ ਤਾਂ ਵਰਤ ਹੀ ਲੈਂਦਾ ਹਾਂ। ਅੱਗੇ ਤੋਂ ਨਹੀਂ ਖਰੀਦੂੰ ...ਅੱਜ ਤੋਂ ਬਾਅਦ ਛੱਡਦੂੰ ...।

ਟਾਇਲਟ ਸ਼ੀਟ ਦੀ ਪਾਣੀ ਆਲ਼ੀ ਟੈਂਕੀ 'ਚੋਂ ਸਮਾਨ ਕੱਢ ਕੇ ਕਾਰਵਾਈ ਪਾਉਣ ਲੱਗ ਪਿਆ। ਬਹੁਤ ਚਿਰ ਖੌਜ਼ਲੀ ਗਿਆ, ਪਰ ਕਾਮਜਾਬੀ ਨਾ ਮਿਲੀ। ਫੇਰ ਜਿੱਥੇ ਪੱਟ 'ਚ (ਕੁੱਲੇ 'ਚ) ਲਗਾਉਣ ਦੀ ਟਰਾਈ ਕਰੀ, ਉਸ ਜਗ੍ਹਾ ਮਾਸ ਦੇ ਵੱਡੇ-ਵੱਡੇ ਅੱਟਣ ਬਣੇ ਹੋਏ ਸੀ ਤਾਂ ਕਰਕੇ ਦੋਵੇਂ ਸੂਈਆਂ ਮੁਚ ਗਈਆਂ।

ਨਾ ਖ਼ੂਨ ਗਰਮ ਹੋਇਆ ਕਿ ਨਾੜ ਲੱਭ ਜਾਂਦੀ ਤੇ ਨਾ ਹੀ ਹੋਇਆ ਪਾਣੀ ਗਰਮ ਕਿ ਨਹਾ ਲੈਂਦਾ। ਬਾਹਰੋਂ ਅਵਾਜ਼ਾਂ ਪੈਣ। ਉਹਨੇ ਵੀ ਤਾਂ ਤਿਆਰ ਹੋਣਾ ਸੀ। ਗੀਜ਼ਰ ਖ਼ਰਾਬ ਹੋ ਚੁੱਕਿਆ ਸੀ। ਗੈਸ ਆਲ਼ੀ ਪਾਈਪ ਜੋ ਸਿਲੰਡਰ ਤੋਂ ਜਾਂਦੀ ਹੁੰਦੀ ਹੈ, ਉਹ ਬੰਦ ਸੀ। ਉਸ 'ਚ ਪਾਣੀ ਜਿਹਾ ਜੰਮਿਆ ਦਿਖਾਈ ਦੇ ਰਿਹਾ ਸੀ। ਪਾਈਪ ਲੰਮੀ ਹੋਣ ਕਰਕੇ ਜਿਵੇਂ ਬੰਦ ਹੋ ਗੀ' ਸੀ।

ਮੈਂ ਸੋਚਿਆ, ਗੀਜ਼ਰ ਜਾਂ ਰੈਗੂਲੇਟਰ ਤੋਂ ਪਾਈਪ ਉਤਾਰ ਕੇ, ਵਿੱਚ ਜੰਮੀ ਹੋਈ ਗੰਦਲ਼ ਜਿਹੀ ਸਾਫ ਕਰ ਦੇਵਾਂ। ਠੰਡ ਜਿਆਦਾ ਹੋਣ ਕਰਕੇ ਪਾਈਪ ਗੀਜ਼ਰ ਤੋਂ ਉੱਤਰ ਨ੍ਹੀਂ ਸੀ ਰਹੀ। ਸਰਦੀ 'ਚ ਪਾਈਪ ਉੱਤਰਦੀ ਵੀ ਔਖੀ ਹੁੰਦੀ ਹੈ ਅਤੇ ਚੜ੍ਹਦੀ ਵੀ ਬਹੁਤ ਮਿਹਨਤ ਕਰਕੇ ਹੈ।

ਪਾਈਪ ਲੰਮੀ ਸੀ ਮੈਂ ਰੈਗੂਲੇਟਰ ਉਤਾਰ ਕੇ ਕਮਰੇ 'ਚ ਨੂੰ ਹੋ ਗਿਆ। ਉੱਥੇ ਅਸੀਂ ਦੋਵੇਂ ਮੈਂ ਤੇ ਅੰਮ੍ਰਿਤ ਜੋਰ ਅਜ਼ਮਾਈ ਕਰੀਏ। ਪਾਈਪ ਉੱਤਰ ਨਹੀਂ ਸੀ ਰਹੀ। ਪਤਾ ਨ੍ਹੀਂ ਦਿਮਾਗ 'ਚ ਕੀ ਆਇਆ, ਕੀ ਨਹੀਂ! ਮਖਿਆਂ, "ਮੋਮਬੱਤੀ ਲਿਆ, ਗਰਮ ਕਰਕੇ ਫੇਰ ਉਤਾਰਦੇ ਆਂ।" ਬਸ ਫਿਰ ਕੀ ਮੇਰੀ ਮੱਤ ਤਾਂ ਨਸ਼ੇ ਨੇ ਮਾਰ ਰੱਖੀ ਸੀ ਤੇ ਅੰਮ੍ਰਿਤ ਦੀ ਮੈਂ ...।

ਮੋਮਬੱਤੀ ਰੈਗੂਲੇਟਰ ਦੇ ਕੋਲ਼ ਲਗਾਉਣ ਦੀ ਦੇਰ ਸੀ ਉਹ ਉੱਤਰਗੀ, ਤੇ ਉਸਦੇ ਵਿਚਲੀ ਜੋ ਗੰਦਲ ਜਿਹੀ ਸੀ ਉਸਨੂੰ ਅੱਗ ਲੱਗ ਗਈ। ਅਸਲ 'ਚ ਉਹ ਪਾਣੀ ਨਹੀਂ ਸੀ ਉਹ ਤਾਂ ਗੈਸ ਸੀ। ਜਿਹੜੀ ਆਪਾਂ ਸਿਲੰਡਰ ਖਤਮ ਹੋਣ 'ਤੇ ਲੰਮਾ ਪਾ ਕੇ, ਜੁਗਾੜੂ ਕੰਮ ਕਰਕੇ ਚਲਾਉਂਦੇ ਹਾਂ ਤਾਂ ਉਹ ਗਾੜ੍ਹੀ ਜੈਲੀ ਰੂਪੀ ਗੈਸ, ਪਾਈਪ 'ਚ ਚੜ੍ਹ ਜਾਂਦੀ ਹੈ।

ਸਾਰੇ ਘਰ 'ਚ ਅੱਗ ਦੇ ਗ਼ੁਬਾਰੇ ਉੱਡਣ। ਮੂੰਹ ਝੁਲਸ ਗੇ' ਦੋਵਾਂ ਦੇ। ਬੀਬੀ ਭੱਜੀ-ਭੱਜੀ ਬਾਹਰ ਗਈ, ਪਰ ਉਸਤੋਂ ਘਬਰਾਈ ਹੋਈ ਤੋਂ ਬੋਲਿਆ ਈ ਨ੍ਹੀਂ ਗਿਆ ਕੁਛ। ਪਰਦਾ ਵੀ ਸੜ ਚੁੱਕਿਆ ਸੀ। ਕੋਲ਼ ਪਿਆ ਟੈਲੀਵਿਜ਼ਨ ਵੀ ਪਿਘਲ਼ ਗਿਆ।

ਮਸੀਂ ਬਚੇ, ਸਾਰੇ ਮਰ ਗੇ' ਸੀ। ਘਰ ਨੂੰ ਅੱਗ ਲੱਗ ਸਕਦੀ ਸੀ। ਸ਼ੁਕਰ ਇਹ ਰਿਹਾ, ਬਈ ਪਾਈਪ, ਗੀਜ਼ਰ ਆਲ਼ੇ ਪਾਸਿਓ ਨ੍ਹੀਂ ਉੱਤਰੀ। ਜੇ ਕਿਤੇ ਓਧਰੋਂ ਉੱਤਰ ਜਾਂਦੀ ਤਾਂ ਮੈਂ ਸਿਲੰਡਰ ਆਲ਼ੇ ਪਾਸਿਓਂ ਤਾਂ ਉਤਾਰਨੀ ਹੀ ਨ੍ਹੀਂ ਸੀ, ਫੇਰ ਬਹੁਤ ਵੱਡਾ ਬਲਾਸਟ ਹੋਣਾ ਸੀ। ਮੇਰੀ ਸਹੇੜੀ ਨਰਕ ਰੂਪੀ ਆਦਤ ਦੀ ਵਜ੍ਹਾ ਕਰਕੇ, ਘਰ ਖੰਡਰ ਬਣ ਚੱਲਿਆ ਸੀ।

ਬਸ ਉਸ ਦਿਨ ਤੋਂ ਬਾਅਦ ਡਰ ਗਿਆ ਸੀ। ਇੱਕ ਜਾਂ ਦੋ ਹੀ ਵਾਰ ਟਰਾਈ ਕਰਿਆ। ਬਾਕੀ, ਨਾੜ ਨਾ ਲੱਭਣ ਕਰਕੇ ਕਦੇ ਲੱਗਿਆ ਹੀ ਨਾ।

ਹੁਣ ਇੱਕ ਬਦਲ ਮਿਲ ਗਿਆ ਸੀ। ਮਿਲਿਆ, ਮਜ਼ਬੂਰੀ ਵੱਸ ਹੀ ਸੀ। ਪਰ ਇਸ ਨਾਲ਼ ਇੱਕ ਨਕਾਬ ਜਿਹਾ ਚੜ੍ਹਾ ਲਿਆ ਕਿ ਮੈਂ ਹੁਣ ਨਸ਼ੇੜੀ ਨਹੀਂ ਹਾਂ। ਅੰਦਰਖਾਤੇ ਕੰਮ ਚੱਲਦਾ ਗਿਆ। ਅਫ਼ੀਮ ਦਾ ਵੈਸੇ ਵੀ ਕਿਸੇ ਨੂੰ ਪਤਾ ਨ੍ਹੀਂ ਚੱਲਦਾ। ਮੇਰੇ ਮਾਮਲੇ 'ਚ ਪਹਿਲਾਂ ਜਿਆਦਾ ਬੁਰਾ ਹਾਲ ਰਹਿੰਦਾ ਸੀ ਤਾਂ ਕਰਕੇ ਸਭ ਨੂੰ ਲੱਗਿਆ, ਬਈ ਮੰਗਾ ਹੁਣ ਬੰਦਾ ਬਣ ਗਿਆ। ਮਤਲਬ ਹੁਣ ਮੈਂ "ਸਮਾਜ ਵੱਲੋਂ ਪ੍ਰਵਾਣਤ ਨਸ਼ੇੜੀ" ਸੀ।

ਪਰ ਗਾਹੇ-ਬਗਾਹੇ ਅੰਮ੍ਰਿਤ ਨੂੰ ਪਤਾ ਲੱਗਦਾ ਰਿਹਾ। ਮੈਂ ਸੌਹਾਂ ਖਾ ਕੇ ਉਸਨੂੰ ਮੂਰਖ ਬਣਾਉਂਦਾ ਰਿਹਾ।



ਜੇਲ੍ਹ, ਤੋੜ ਅਤੇ ਇੱਜ਼ਤ

ਇਹ ਮੇਰੀ ਪਹਿਲੀ ਇੱਜ਼ਤ ਆਲ਼ੀ ਜੇਲ੍ਹ ਯਾਤਰਾ ਸੀ। ਨਹੀਂ ਤਾਂ ਠਾਣਿਆਂ 'ਚ ਕੁੱਤ-ਪਤਾਣ ਅਤੇ ਬਦਨਾਮੀ ਈ ਮਿਲਦੀ ਰਹੀ ਸੀ। ਉਹ ਅੱਠ-ਨੌਂ ਦਿਨ ਜੋ ਓਦੋਂ ਜੇਲ੍ਹ 'ਚ ਗੁਜ਼ਰੇ, ਉਹਨਾਂ ਨਾਲ਼ ਸਾਰੇ ਪੰਜਾਬ 'ਚ ਇੱਕ ਇੱਜ਼ਤ ਜਿਹੀ ਬਣ ਗੀ'। ਅੰਮ੍ਰਿਤ ਨੂੰ ਵੀ ਇੱਕ ਵਾਰ ਯਕੀਨ ਹੋ ਗਿਆ, ਬਈ ਇਹ ਅੱਠ-ਨੌਂ ਦਿਨ ਜੇਲ੍ਹ 'ਚ ਬਿਨਾਂ ਨਸ਼ੇ ਤੋਂ ਰਿਹੈ, ਇਸਦਾ ਮਤਲਬ ਇਹ ਹੁਣ ਠੀਕ ਹੈ।

ਪਰ ਜੋ ਉਸ ਜੇਲ੍ਹ ਆਲ਼ੇ ਸਮੇਂ 'ਚ ਮੇਰੇ ਨਾਲ਼ ਬੀਤੀ, ਉਹ ਮੈਨੂੰ ਈ ਪਤੈ। ਬਹੁਤ ਜਿਆਦਾ ਬੁਰਾ ਹਾਲ ਹੋਇਆ ਸੀ। ਜੀਅ ਕਰਦਾ ਸੀ ਕਿ ਕਰੰਟ ਲਗਾ ਲਵਾਂ, ਕੱਚ ਖਾ ਲਵਾਂ ਬਰੀਕ ਕਰਕੇ, ਰਿੱਝਦਾ-ਰਿੱਝਦਾ ਪਾਣੀ ਪੀਵਾਂ...। ਵਾਰ -ਵਾਰ ਖਿਆਲ ਆਉਂਦਾ ਸੀ ਕਿ ਇਹ ਸਭ ਸੁਪਨਾ ਹੋਵੇ। ਸਭ ਤੋਂ ਮਾੜੀ ਗੱਲ ਸੀ ਕਿ ਕਿਸੇ ਨਾਲ ਇਹ ਹਾਲਤ ਸਾਂਝੀ ਵੀ ਨ੍ਹੀਂ ਸੀ ਕਰ ਸਕਦਾ।

***

ਘਰ ਸਭ ਠੀਕ-ਠਾਕ ਚੱਲ ਰਿਹਾ ਸੀ। ਹੁਣ ਤਾਂ ਕਾਫੀ ਸਮੇਂ ਤੋਂ ਘਰੇ ਕੋਈ ਐਵੇਂ ਦਾ ਪਦਾਰਥ ਵੀ ਨ੍ਹੀਂ ਸੀ ਫੜਿਆ ਗਿਆ। ਸਾਲ ਪਹਿਲਾਂ ਤੋਂ ਦਵਾਈ ਖਾ ਕੇ ਛੱਡਣ ਦਾ ਢੌਂਗ ਬਰਕਰਾਰ ਸੀ। ਅੰਮ੍ਰਿਤ ਨੇ ਡਾਕਟਰ ਨਾਲ਼ ਮਿਲ ਕੇ ਮੇਰਾ ਡੋਪ ਟੈਸਟ ਵੀ ਕਰਵਾਇਆ ਸੀ, ਪਰ ਮੈਂ ਸ਼ੀਸ਼ੀ 'ਚ ਕਿਸੇ ਬੱਚੇ ਦਾ ਪਿਸ਼ਾਬ ਭਰ ਕੇ ਲੈ ਗਿਆ ਸੀ ਤਾਂ ਕਰਕੇ ਡੋਪ ਟੈਸਟ ਨੈਗਟਿਵ ਆ ਗਿਆ। ਢੌਂਗ ਯਕੀਨ 'ਚ ਬਦਲ ਗਿਆ ਸੀ ਕਿ ਹੁਣ ਮੈਂ ਸੁਧਰ ਗਿਆ ਹਾਂ। ਬੇਸ਼ੱਕ ਨਕਲੀ ਅਤੇ ਭੁਲੇਖਾ ਪਾਊ ਸੁਧਾਰ ਸੀ, ਪਰ ਹਾਲਤ ਕਾਫੀ ਸੁਧਰ ਗਈ ਸੀ। ਇੱਕ ਜ਼ੁੰਮੇਵਾਰ ਅਧਿਆਪਕ ਦੇ ਨਾਲ਼-ਨਾਲ਼ ਹੁਣ ਮੈਂ ਬਾਪੂ ਬਣ ਗਿਆ ਸੀ, ਇੱਕ ਨੰਨ੍ਹੀ ਪਰੀ ਦਾ, ਇੱਕ ਜਲਪਰੀ ਦਾ...। ਤੇਰਾਂ ਜਨਵਰੀ ਦੋ ਹਜ਼ਾਰ ਨੌਂ ਨੂੰ 'ਖੁਸ਼ੂ' ਦਾ ਜਨਮ ਹੋਇਆ। ਲੋਹੜੀ ਆਲ਼ੇ ਦਿਨ ਲੋਹੜੇ ਦਾ ਚਾਅ ਚੜ੍ਹਿਆ। ਬਹੁਤ ਅਲੱਗ ਕਿਸਮ ਦਾ ਅਹਿਸਾਸ ਹੋ ਰਿਹਾ ਸੀ।

ਓਧਰ ਸਿੱਖਿਆ ਵਿਭਾਗ ਦੀ ਪ੍ਰਾਪਤੀ ਲਈ ਅਧਿਆਪਕ ਸੰਘਰਸ਼ ਵੀ ਜੋਰ ਫੜਨ ਲੱਗ ਪਿਆ ਸੀ। ਜਦੋਂ ਖਿਆਲ ਆਉਂਦਾ ਕਿ ਸਭ ਠੀਕ ਹੈ ਤਾਂ ਸੁਧਾਰ ਦੇ ਬੋਦੇ ਗਲਾਫ਼ 'ਚੋਂ ਮਘੋਰੇ ਦਿਸਣ ਲੱਗ ਪੈਂਦੇ। ਕੁਛ ਨਾ ਕੁਛ ਸ਼ੱਕ ਹੋ ਜਾਂਦਾ ਅਮ੍ਰਿਤ ਨੂੰ। ਪਰ ਹੁਣ ਲੋਕ ਇੱਕ ਅਮਲੀ ਜਾਂ ਇੱਕ ਗੁੰਡੇ ਦੀ ਬਿਜਾਏ ਇੱਕ ਸੰਘਰਸ਼ੀ ਅਧਿਆਪਕ ਦੇ ਰੂਪ 'ਚ ਜਾਨਣ ਲੱਗ ਪਏ ਸਨ।

ਸਕੂਲ ਵੀ ਤਰੱਕੀ ਵੱਲ ਵਧ ਰਿਹਾ ਸੀ। ਇੱਕ ਅਧਿਆਪਕ ਤੋਂ ਛੇ ਅਧਿਆਪਕ ਹੋ ਗਏ ਅਤੇ ਬੱਚਿਆਂ ਦੀ ਗਿਣਤੀ ਤਾਂ ਬੇਹਿਸਾਬ ਵਧਣ ਲੱਗੀ। ਇੱਕ ਛੋਟੇ ਜਿਹੇ ਅੰਗਰੇਜ਼ੀ

ਸਕੂਲ ਨੂੰ ਤਾਂ ਅਸੀਂ ਜਿੰਦਰਾ ਈ ਲਗਵਾਤਾ ਸੀ। ਉਹਨਾਂ ਦੀ ਸਾਰੀ ਗਿਣਤੀ ਖਿੱਚ ਲੀਂ ਸੀ। ਜਦੋਂ ਜੋਆਇਨ ਕੀਤਾ ਸੀ ਉਦੋਂ 65-70 ਬੱਚੇ ਸੀ। ਪਰ ਹੁਣ 470 ਤੱਕ ਗਿਣਤੀ ਹੋ ਗਈ ਸੀ।

2010-11 'ਚ ਇੱਕ ਵਾਰ ਫੇਰ ਜ਼ਿਲਾ ਪ੍ਰੀਸ਼ਦ ਅਤੇ ਨਗਰ ਕੌਂਸਲ ਦੇ ਸਕੂਲਾਂ ਨੂੰ ਸਿੱਖਿਆ ਵਿਭਾਗ 'ਚ ਵਾਪਸ ਲਿਆਉਣ ਦਾ ਸੰਘਰਸ਼ ਪੂਰੇ ਜੋਬਨ 'ਤੇ ਸੀ। ਹਰੇਕ ਐਤਵਾਰ ਬਠਿੰਡੇ ਨੂੰ ਤੁਰੇ ਰਹਿੰਦੇ। ਬਹੁਤ ਕੁੱਟ ਖਾਧੀ ਪੁਲਸ ਤੋਂ। ਉਸ ਦਿਨ 29/10/11 ਨੂੰ ਅਸੀਂ ਜਗਸੀਰ ਸਹੋਤੇ ਦੀ ਅਗਵਾਈ 'ਚ, ਈ. ਟੀ . ਟੀ. ਟੀਚਰ ਯੂਨੀਅਨ ਦੇ ਝੰਡੇ ਥੱਲੇ ਬਠਿੰਡੇ ਪੁਲ਼ ਜਾਮ ਕਰੀਂ ਬੈਠੇ ਸੀ। ਬਹੁਤ ਝੜਪਾਂ ਹੋਈਆਂ ਪੁਲਸ ਨਾਲ਼। ਸਾਨੂੰ 32 ਜਣਿਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਹ ਕੁੱਟ ਅਤੇ ਗ੍ਰਿਫਤਾਰੀ, ਇੱਕ ਵੱਡੀ ਲੀਡਰ ਬੀਬੀ ਦੇ ਹੰਕਾਰ ਕਰਕੇ ਵੀ ਹੋਈ ਸੀ। ਉਸ ਬੀਬੀ ਨੇ ਉਸੇ ਪੁਲ ਉੱਪਰੋਂ ਦੀ ਲੰਘਣਾ ਸੀ। ਪਰ ਸਾਡੇ ਲਗਾਏ ਜਾਮ ਕਰਕੇ ਉਹਨੂੰ ਘੁੰਮ ਕੇ ਜਾਣਾ ਪਿਆ। ਤਾਂ ਕਰਕੇ ਉਸਨੇ ਐਸ. ਡੀ .ਐਮ. ਸ੍ਰੀ ਮੱਕੜ ਨੂੰ ਝਿੜਕਿਆ ਅਤੇ ਉਹਨੇ ਅੱਗੋਂ ਡੀ .ਐਸ .ਪੀ. ਬਿਕਰਮਜੀਤ ਨੂੰ ਝਿੜਕਾਂ ਮਾਰੀਆਂ। ਪੁਲਸ ਨੇ ਸਾਨੂੰ ਜਿਵੇਂ ਮੁਜ਼ਰਮਾਂ ਨੂੰ ਕੁੱਟਦੇ ਨੇ ਉਵੇਂ ਕੁੱਟਿਆ। ਜਾਂ ਕਹਿ ਲੋ ਜਿਵੇਂ ਛੱਲੀਆਂ ਕੁੱਟਦੇ ਹੁੰਦੇ ਨੇ। ਐਸ. ਡੀ. ਐਮ. ਅਵਤਾਰ ਸਿੰਘ ਮੱਕੜ, ਕੋਲ਼ ਖੜ੍ਹ ਕੇ ਕੁਟਵਾ ਰਿਹਾ ਸੀ।

ਮੈਨੂੰ ਪੁਲਸ ਦੀ ਕੁੱਟ ਤੋਂ ਘਬਰਾਹਟ ਘੱਟ ਹੋ ਰਹੀ ਸੀ, ਆਪਣੀ ਨਸ਼ੇ ਦੀ ਪੂਰਤੀ ਜੇਲ੍ਹ 'ਚ ਕਿਵੇਂ ਹੋਊ ? ਇਸ ਗੱਲ ਦਾ ਡਰ ਜਿਆਦਾ ਸੀ। ਹੁਣ ਮਾਹੌਲ ਕੁਛ ਇਸੇ ਤਰਾਂ ਦਾ ਬਣ ਰਿਹਾ ਸੀ ਕਿ ਜੇਲ੍ਹ ਹੋ ਸਕਦੀ ਹੈ। ਪੁਲਸ ਆਲ਼ੇ ਵਾਰ-ਵਾਰ ਸ਼ਿਫ਼ਟਾਂ ਲਗਾ ਰਹੇ ਸਨ, ਕੁੱਟਣ ਦੀਆਂ। ਜੇ ਉਹ ਰੁਕਣ ਲੱਗਿਆ ਕਰਨ ਤਾਂ ਬਠਿੰਡੇ ਆਲ਼ੇ ਕਾਮਰੇਡ "ਇਨਕਲਾਬ ਜਿੰਦਾਬਾਦ" ਦਾ ਨਾਅਰਾ ਲਗਾ ਦਿਆ ਕਰਨ। ਪੁਲਸ ਆਲ਼ੇ ਫੇਰ ਸ਼ੁਰੂ ਹੋ ਜਾਂਦੇ। ਦਵਿੰਦਰ ਰਹਿਲ 'ਤੇ ਤਾਂ ਉਹ ਵਾਰ- ਵਾਰ ਚੜ੍ਹ ਕੇ ਆਉਂਦੇ। ਉਹਦੀਆਂ ਅੱਖਾਂ ਬਹੁਤ ਡਰਾਉਣੀਆਂ ਨੇ। ਚੰਦਰਕਾਂਤਾ ਸੀਰੀਅਲ ਦੇ ਕਰੂਰ ਸਿੰਘ ਵਾਂਗ ਉਹਦੇ ਖਿੰਡੇ-ਪੁੰਡੇ ਭਰਵੱਟੇ, ਸਾਹਮਣੇ ਆਲ਼ੇ ਨੂੰ ਆਂਏਂ ਲੱਗੀ ਜਾਂਦੇ ਹੁੰਦੇ ਨੇ ਜਿਵੇਂ ਉਹ ਘੂਰ ਰਿਹਾ ਹੋਵੇ।

ਇਹ 'ਰਹਿਲ' ਮੇਰਾ ਬਚਪਨ ਦਾ ਦੋਸਤ ਹੈ। ਫਿਜ਼ੀਕਲ ਕਾਲਜ 'ਚ ਵੀ ਅਸੀਂ ਇੱਕ ਸਾਲ ਇਕੱਠੇ ਪੜ੍ਹੇ ਹਾਂ। ਇੱਕ ਵਾਰ ਯੂਨੀਵਰਸਿਟੀ 'ਚ ਵੀ ਮਰਵਾ ਦੇਣੇ ਸੀ ਇਸਦੀਆਂ ਇਨ੍ਹਾਂ ਕੱਬੀਆਂ ਅੱਖਾਂ ਨੇ। ਰਾਜੂ ਖੰਨੇ ਹੋਰਾਂ ਨਾਲ ਇਸਦੀ ਬਹੁਤ ਲੱਗਦੀ ਸੀ। ਕਈ ਵਾਰ ਇੱਕ ਦੂਜੇ ਦੇ ਸੱਟਾਂ ਮਾਰ ਚੁੱਕੇ ਸਨ। ਰਾਜੂ ਖੰਨਾ, ਅੰਮ੍ਰਿਤ ਰਾਠੀ ਅਤੇ ਪਟਵਾਰੀ ਵਰਗੇ ਸਾਡੇ ਗਰੁੱਪ ਲੀਡਰ ਬਲਰਾਜ ਠੱਗ ਦੇ ਚੰਗੇ ਦੋਸਤ ਸਨ। ਓਦੋਂ ਇੱਕ ਦੂਜੇ ਗਰੁੱਪ ਤੋਂ ਅਸੀਂ ਕੰਮ ਲੈਂਦੇ ਰਹਿੰਦੇ।

ਯੂਨੀਵਰਸਿਟੀ 'ਚ ਸਮਝੌਤੇ ਆਲ਼ੇ ਦਿਨ ਅਸੀਂ ਪੰਦਰਾਂ-ਵੀਹ ਜਣੇਂ ਅਤੇ ਰਾਠੀ ਹੋਰਾਂ ਦੀ ਤਾਂ ਸਾਰੀ ਈ ਯੂਨੀਵਰਸਿਟੀ ਹੁੰਦੀ। ਯੂਨੀ. ਤਾਂ ਮੁੱਖ ਟਿਕਾਣਾ ਰਿਹਾ ਰਾਜੂ ਬਾਈ ਦਾ।

ਓਦਣ, ਜਦੋਂ ਸਾਰੀ ਗੱਲ ਨਿੱਬੜਗੀ ਤਾਂ ਰਹਿਲ ਨੇ ਪੈਂਟ 'ਚੋਂ ਬਾਹਰ ਨਿੱਕਲਿਆ ਕਮੀਜ਼ ਸੈੱਟ ਕਰਦੇ ਨੇ ਉਹਨਾਂ ਵੱਲ ਦੇਖਿਆ। ਉਹ ਗੁੱਸੇ ਹੋ ਗਏ। ਉਹਨਾਂ 'ਚੋਂ ਇੱਕ ਮੁੰਡਾ ਕਹਿੰਦਾ, "ਜੇ ਕੀੜਾ ਸ਼ਾਂਤ ਨ੍ਹੀਂ ਹੋਇਆ ਬਦਮਾਸ਼ੀ ਆਲਾ ਤਾਂ ਕਰੀਏ ਹੱਲ ? ਅੱਖਾਂ ਕੱਢਣ ਲੱਗਾ ਦੇਖ ਤਾਂ ਲੈ ਖੜ੍ਹਾ ਕਿੱਥੇ ਐਂ ... ?"

ਰਹਿਲ ਵੀ ਭੂਸਰੇ। ਮੈਂ ਨ੍ਹੀਂ ਮੰਨਦਾ ਇਹ ਬੰਦਾ ਕਦੇ ਡਰਿਆ ਹੋਊ। ਹੋਣ ਲੱਗ ਪੀ' ਸੀ ਕੁਰਬਲ਼-ਕੁਰਬਲ਼। ਉਹ ਤਾਂ 'ਠੱਗ' ਦਾ ਪ੍ਰਭਾਵ ਹੀ ਜਿਆਦਾ ਵਧੀਆ ਸੀ ਤਾਂ ਬੱਚਤ ਰਹਿ ਗੀ'। ਠੱਗ ਉਸ ਮੁੰਡੇ ਨੂੰ ਕਹਿੰਦਾ, "ਬਾਈ, ਰਾਜੂ ਤੇ ਰਾਠੀ ਬਾਈ ਸਾਡੇ ਭਰਾ ਨੇ। ਅਸੀਂ ਕਿਸੇ ਗੱਲ ਨਾਲ਼ ਈ ਆਏ ਆਂ। ਜੇ ਕੋਈ ਵਹਿਮ ਹੈ ਤਾਂ ਦੱਸ, ਘਰ ਆ ਜਾਨੇ ਆਂ। ਨਾਲੇ ਚਾਹ-ਪਾਣੀ ..।"

ਰਾਠੀ ਬਾਈ ਹੋਰੀਂ ਵੀ ਸਿਆਣੇ ਦੇਖੇ। ਗੱਲ ਬੋਚ ਗਏ। ਨਹੀਂ ਰਹਿਲ ਦੀਆਂ ਕਰੂਰ ਸਿੰਘੀ ਅੱਖਾਂ ਨੇ ਤਾਂ ਮਰਵਾਤੇ ਸੀ।

ਉਸ ਦਿਨ ਬਠਿੰਡੇ ਪੁਲਿਸ ਥਾਣੇ 'ਚ ਵੀ ਇਹਨੇ ਆਪਣੀਆਂ ਅੱਖਾਂ ਕਰਕੇ ਹੀ ਜ਼ਿਆਦਾ ਕੁੱਟ ਖਾਧੀ। ਹੋਰ ਵੀ ਪੈਣੀਆਂ ਸਨ ਜੇ ਕਿਤੇ ਬੜੈਚਾਂ ਆਲਾ ਰਣਵੀਰ, ਦੌਰਾ ਪੈਣ ਦਾ ਡਰਾਮਾ ਨਾ ਕਰਦਾ। ਮੈਂ ਬਾਅਦ 'ਚ ਰਣਵੀਰ ਨੂੰ ਪੁੱਛਿਆ ਤਾਂ ਓਹ ਕਹਿੰਦਾ, "ਮੇਰੇ ਸਕੂਲ 'ਚ ਪੰਜਵੀਂ ਜਮਾਤ ਦਾ ਇੱਕ ਮੁੰਡਾ, ਸ਼ਰਾਰਤੀ ਐ ਮੰਗੇ ਤੇਰੇ ਵਰਗਾ। ਉਹਦਾ ਨਾਮ ਵੀ ਮੰਗੂ ਹੈ, ਪਰ ਜਦੋਂ ਉਹਨੂੰ ਕੁੱਟਣ ਲੱਗੀਦੈ, ਸਾਲ਼ਾ ਦੌਰਾ ਪਾ ਕੇ ਗਿਰ ਜਾਂਦੈ ।" ਮੈਂ ਬੜਾ ਹੱਸਿਆ। ਹੋਰ ਕਿਸੇ ਨੂੰ ਨ੍ਹੀਂ ਸੀ ਪਤਾ ਕਿ ਰਣਵੀਰ ਨੇ ਨਾਟਕ ਕੀਤਾ ਹੈ ਮਿਰਗੀ ਦੇ ਦੌਰੇ ਦਾ। ਮੈਂ ਬੜਾ ਹੈਰਾਨ ਹੋਇਆ, ਬਈ ਕਿੱਥੋਂ ਤੇ ਕਿੱਥੇ ਕੰਮ ਆਇਆ ਉਸ ਬੱਚੇ ਦਾ ਡਰਾਮਾ।

ਸ਼ਾਮ ਨੂੰ ਜਦੋਂ ਉਹ ਸਾਨੂੰ ਸੈਂਟਰਲ ਜੇਲ੍ਹ ਬਠਿੰਡਾ ਲਿਜਾ ਰਹੇ ਸੀ ਤਾਂ ਮੈਨੂੰ ਹੀ ਪਤੈ ਕਿੰਨੀ ਕਸ਼ਮਕਸ਼ ਸੀ ਮੇਰੇ ਦਿਮਾਗ 'ਚ। ਜੇਬ੍ਹ 'ਚ ਇੱਕ ਡੰਗ ਜੋਗੀ ਅਫੀਮ ਸੀ ਬਸ। ਇੱਕ ਜੀਅ ਕਰੇ ਹੁਣੇ ਹੀ ਖਾ ਲਵਾਂ। ਫੇਰ ਇਹ ਸੋਚਾਂ ਬਈ ਜੇ ਇਨ੍ਹਾਂ ਨੇ ਸਵੇਰੇ ਨਾ ਛੱਡਿਆ, ਫੇਰ ਕੀ ਬਣੂ ? ਕਦੇ ਮਨ ਕਰੇ ਕੋਈ ਬਹਾਨਾ ਲਗਾ ਕੇ ਦੇਖ ਲਵਾਂ ਜੇ 'ਕੱਲੇ ਨੂੰ ਛੱਡ ਦੇਣ...।

ਮੈਂ ਮਹਿਸੂਸ ਕਰਿਆ, ਉਸ ਅਹਿਸਾਸ ਨੂੰ। ਮੈਂ ਦੱਸ ਸਕਦਾ ਹਾਂ ਕਿ ਗੁਲਾਮੀ ਦਾ ਸੰਗਲ਼ ਕਿਵੇਂ ਦਾ ਹੁੰਦੈ। ਤਿਲ-ਤਿਲ ਮਰਨ ਬਰਾਬਰ ਹੈ, ਨਸ਼ੇ ਦੀ ਗ਼ੁਲਾਮੀ।

ਹੁਣ ਅਸੀਂ ਪੂਰੇ ਬੱਤੀ ਜਣੇਂ ਬਠਿੰਡਾ ਜੇਲ੍ਹ ਦਾ ਮੁੱਖ ਗੇਟ ਪਾਰ ਕਰੀਂ ਖੜ੍ਹੇ ਸੀ। ਸਹੋਤਾ, ਜਸਵੀਰ ਫਰੀਦਕੋਟ, ਦਾਰਾ, ਦਵੇਦੀ, ਸੁਖਦੀਪ, ਗੁਰਵਿੰਦਰ ਕਾਂਗੜ ਵਰਗੇ ਲੀਡਰ ਕਹਾਉਣ ਆਲ਼ੇ ਸਾਡੀ ਅਗਵਾਈ ਕਰ ਰਹੇ ਸਨ। ਉਹਨਾਂ ਨੂੰ ਕਿਹੜਾ ਕੋਈ ਡਰ ਸੀ ਕਿ ਤਲਾਸ਼ੀ 'ਚ ਕੁਛ ਲੱਭ ਜਾਊਗਾ ਤੇ ਉਹ ਫਸ ਜਾਣਗੇ। ਡਰ ਤਾਂ ਮੇਰੇ ਮੂਹਰੇ ਖੜ੍ਹਾ ਸੀ।

ਪਰ ਮੈਨੂੰ ਇਹ ਪਤਾ ਸੀ, ਬਈ ਬੰਦਾ ਸਮਾਨ ਨਿੱਕਲ਼ਣ ਤੋਂ ਪਹਿਲਾਂ ਅੱਖਾਂ ਅਤੇ ਮੂੰਹ

ਦੇ ਰੰਗ ਉੱਡਣ ਤੋਂ ਈ ਫੜਿਆ ਜਾਂਦੈ। ਠਾਣੇ ਤੋਂ ਜੀਪ 'ਚ ਬੈਠਣ ਤੋਂ ਪਹਿਲਾਂ ਈ ਜੇਬ੍ਹ 'ਚੋਂ ਕੱਢਕੇ ਜੁਰਾਬ 'ਚ ਲਕੋ ਲਈ ਸੀ। ਪਰ ਇਹ ਤਾਂ ਜੁਰਾਬਾਂ ਉਤਰਵਾ ਕੇ ਵੀ ਦੇਖ ਰਹੇ ਸਨ। ਇੱਕ ਵਾਰ ਤਾਂ ਦਿਲ ਕਰਿਆ ਕਿ ਆਪ ਈ ਦੱਸ ਦੇਵਾਂ। ਪਰ ਦੱਸਣ ਦੀ ਬਿਜਾਏ ਰਿਸਕ ਲੈਣਾ ਸਹੀ ਲੱਗਿਆ। ਮੈਂ ਉਸ ਥਾਣੇਦਾਰ ਕੋਲ਼ ਨੂੰ ਜਾਂਦਾ-ਜਾਂਦਾ, ਇਹ ਸੋਚ ਕੇ ਮੁੜ ਆਇਆ ਕਿ ਇਹ ਕਿਹੜਾ ਮੇਰੀ ਇੱਕ ਗੁੰਡੇ ਜਾਂ ਅਮਲੀ ਵਜੋਂ ਤਲਾਸ਼ੀ ਲੈਣਗੇ। ਇਹ ਤਾਂ ਮੈਨੂੰ ਇੱਕ ਮਾਸਟਰ ਵਾਂਗੂ ਈ ਚੈੱਕ ਕਰਨਗੇ। ਮਾਸਟਰ ਕਿਹੜਾ ਨਸ਼ੇ ਕਰਨ ਨੂੰ ਬਦਨਾਮ ਨੇ, ਅਸੀਂ ਤਾਂ ਉਂ ਵੀ ਸੰਘਰਸ਼ੀ ਹਾਂ। ਇਹ ਖਿਆਲ ਕਿ " ਮੈਨੂੰ ਕਿਹੜਾ ਇਹ, ਕੋਈ ਨਸ਼ੇੜੀ ਸਮਝ ਕੇ ਚੈੱਕ ਕਰਨਗੇ। ਵੀ, ਤਾਂ ਆਇਆ ਸੀ, ਕਿਉਂਕਿ ਇੱਕ ਵਾਰੀ ਛੋਟੇ ਹੁੰਦੇ ਨੂੰ ਬਾਪੂ ਜੀ ਨੇ ਕਰੀਬ ਅੱਧਾ ਪਾਈਆ ਅਫ਼ੀਮ ਫੜਾ ਕੇ ਘਰੋਂ ਬਾਹਰ ਭੇਜ ਦਿੱਤਾ ਸੀ, ਜਦੋਂ ਗੇਟ 'ਤੇ ਪੁਲਿਸ ਖੜ੍ਹੀ ਸੀ ਅੰਦਰ ਵੜਨ ਨੂੰ। ਉਦੋਂ ਐਨੀ ਕੁ ਅਫ਼ੀਮ ਆਮ ਈ ਪਈ ਰਹਿੰਦੀ ਸੀ। ਤੇ ਕੋਈ ਨਾ ਕੋਈ ਪੁਲਸੀਆ ਆਉਂਦਾ ਹੀ ਰਹਿੰਦਾ ਸੀ, ਕਦੇ ਘਰਦੀ ਕੱਢੀ ਸ਼ਰਾਬ ਫੜ੍ਹਨ, ਕਦੇ ਅਫ਼ੀਮ ਦੀ ਮੁਖ਼ਬਰੀ ਹੋਣ ਕਰਕੇ। ਉਦੋਂ ਮੇਰੀ ਉਮਰ ਅੱਠ ਨੌਂ ਸਾਲਾਂ ਦੀ ਮਸਾਂ ਹੋਊ ਤਾਂ ਕਰਕੇ ਪੁਲਸ ਨੂੰ ਇਹ ਨ੍ਹੀਂ ਲੱਗਿਆ ਸੀ ਕਿ ਬੱਚੇ ਹੱਥ ਅਫ਼ੀਮ ਹੈ। ਪਿੰਡ ਨੂੰ ਨਵੀਂ ਸੜਕ ਬਣਨ ਕਰਕੇ ਵੀ ਉਹਨਾਂ ਨੂੰ ਉਹ ਲੁੱਕ ਹੀ ਲੱਗੀ ਸੀ ਕੁਛ ਮੇਰੇ ਨਾਲ਼ਦੇ ਹੈਪੀ ਹੋਰੀਂ ਲੁੱਕ ਨਾਲ਼ ਖੇਡ ਰਹੇ ਸਨ। ਮੈਂ ਉਹ ਅਫ਼ੀਮ ਰੇਤੇ ਦੀ ਢੇਰੀ 'ਚ ਲਕੋ ਦਿੱਤੀ ਸੀ। ਬਾਪੂ ਜੀ ਦੇ ਆਖੇ ਅਨੁਸਾਰ, ਮੈਂ ਉਸ ਅਫ਼ੀਮ ਨੂੰ ਅੱਜ ਦੇ ਬੱਚਿਆਂ ਆਲ਼ੀ ਕਲੇਅ (ਮਿੱਟੀ) ਵਾਂਗੂ ਵਧਾਉਂਦਾ-ਘਟਾਉਂਦਾ ਪੁਲਸ ਕੋਲੋਂ ਦੀ ਲੰਘ ਗਿਆ ਤਾਂ ਪੁਲਸ ਨੂੰ ਸ਼ੱਕ ਨਾ ਹੋਈ। ਖੈਰ!

ਜਦੋਂ ਮੇਰੀ ਵਾਰੀ ਆਈ ਤਾਂ ਮੈਂ ਬੂਟ ਉਤਾਰਤੇ। ਸੱਜੀ ਜੁਰਾਬ ਦੀ ਤਲਾਸ਼ੀ ਦਾ ਡਰ ਸੀ। ਅੰਗੂਠੇ ਨਾਲ਼ ਸਮਾਨ ਫੜ ਕੇ ਜੁਰਾਬ ਉਤਾਰ ਲਈ ਅਤੇ ਨਾਲ ਹੀ ਖੱਬੇ ਪੈਰ ਤੋਂ ਉਤਾਰਕੇ ਦੋਵੇਂ ਜੁਰਾਬਾਂ ਝਾੜ ਕੇ ਬੂਟਾਂ 'ਚ ਰੱਖਤੀਆਂ। ਬੂਟ ਉਸ ਮੁਲਾਜ਼ਮ ਨੇ ਦੇਖ ਲਏ ਸੀ, ਪੁੱਠੇ ਸਿੱਧੇ ਕਰਕੇ। ਆਪ ਦੋਵੇਂ ਹੱਥ ਉੱਪਰ ਕਰਲੇ ਜਿਵੇਂ ਮੈਂ ਸ਼ਰਾਰਤ ਕਰਕੇ ਜਮਾਤ 'ਚ ਖੜ੍ਹਦਾ ਹੁੰਦਾ ਸੀ। ਮੁਲਾਜ਼ਮ ਸਾਡੀ ਮਾਸਟਰਾਂ ਦੀ ਤਲਾਸ਼ੀ ਉਵੇਂ ਨ੍ਹੀਂ ਸੀ ਲੈ ਰਹੇ, ਜਿਵੇਂ ਇੱਕ ਹੋਰ ਬੰਦੇ ਦੀ ਇੱਕ -ਇੱਕ ਕਰਕੇ ਜੇਬ ਪੂਰੇ ਧਿਆਨ ਨਾਲ਼ ਫਰੋਲ਼ਕੇ ਲੈ ਰਹੇ ਸਨ।

ਚਲੋ ਜੀ ਸਕੀਮ ਕੰਮ ਆ ਚੁੱਕੀ ਸੀ ਤੇ ਬਚਪਨ ਦਾ ਤਜ਼ਰਬਾ ਵੀ। ਤਲਾਸ਼ੀ ਪੂਰੀ ਸਹੀ ਕਰਾ ਕੇ ਅਸੀਂ ਅੰਦਰ ਦਾਖਲ ਹੋ ਗਏ।

ਗੇਟ ਤੋਂ ਕੋਈ ਦੋ ਸੌ ਮੀਟਰ ਬਿਲਕੁਲ ਸਿੱਧਾ ਲੈ ਗਏ, ਸਾਨੂੰ ਦੋ ਮੰਜਲੀ ਨਵੀਂ ਬੈਰਕ 'ਚ ਕੈਦ ਕਰਤਾ। ਸੂਰਜ ਛੁਪਣ ਤੋਂ ਬਾਅਦ ਹਨੇਰਾ ਪਸਰ ਰਿਹਾ ਸੀ। ਉਸ ਤੋਂ ਵੀ ਤੇਜੀ ਨਾਲ ਪਸਰ ਰਿਹਾ ਸੀ, ਤੋੜ ਲੱਗਣ ਦਾ ਡਰ, ਜੋ ਰੋਮ-ਰੋਮ 'ਚ ਫੈਲ ਰਿਹਾ ਸੀ। ਫਰਦ ਕੇਂਦਰ ਆਲ਼ੇ ਮੁੰਡੇ, ਬੇਰੁਜ਼ਗਾਰ ਲਾਈਨਮੈਨ ਅਤੇ ਬੱਤੀ ਜਣੇਂ ਅਸੀਂ, ਕੋਈ ਅੱਸੀ ਦੇ ਕਰੀਬ ਸੀ ਅੰਦਰ।

ਵਿਰਲੀ ਜਿਹੀ ਪਰਾਲ਼ੀ ਵਿਛੀ ਹੋਈ ਸੀ, ਪਰ ਫਰਸ਼ 'ਤੇ ਵਿਛਾਏ ਮੈਟ ਨਵੇਂ ਸਨ।

ਸ਼ਾਮ ਦੀ ਖ਼ੁਰਾਕ ਇਸ ਕਰਕੇ ਨਾ ਖਾਧੀ ਕਿ ਜੇ ਕੱਲ੍ਹ ਵੀ ਰਿਹਾਈ ਨਾ ਹੋਈ ਫੇਰ ਕੀ ਬਣੂ! ਤੋੜ ਹੁਣ ਲੱਗ ਚੁੱਕੀ ਸੀ। ਜ਼ੁਕਾਮ ਪੂਰਾ ਤੇਜ਼ ਹੋ ਗਿਆ ਸੀ। ਕਦੇ ਛਿੱਕਾਂ ਆਉਣ, ਕਦੇ ਨੱਕ ਬੰਦ ਹੋ ਜਾਇਆ ਕਰੇ। ਪਾਣੀ ਤੋਂ ਵੀ ਪਤਲਾ ਰੇਸ਼ਾ, ਆਪਣੇ-ਆਪ ਹੀ ਵਗੀ ਜਾਵੇ। ਉਬਾਸੀਆਂ ਲਗਾਤਰ ਆਉਣ ਲੱਗ ਪਈਆਂ। ਇਹ ਉਬਾਸੀਆਂ ਗੋਲ਼ੀ ਵੱਜਣ ਵਾਂਗ ਹੁੰਦੀਆਂ ਹਨ ਇੱਕ ਅਮਲੀ ਲਈ। ਅੱਧੀ ਰਾਤ ਹੋ ਗੀ', ਸਾਰੇ ਸੌਂ ਚੁੱਕੇ ਸਨ। ਕੋਈ-ਕੋਈ ਮੱਛਰ ਦਾ ਸਤਾਇਆ ਜਾਗ ਰਿਹਾ ਸੀ। ਜੇ ਮੈਂ ਮੂੰਹ ਢਕਾਂ ਤਾਂ ਕੰਬਲ ਦੇ ਵਾਲ਼ਾਂ ਵਰਗੇ ਲੂੰ ਜਿਹੇ, ਹਲਕ ਤੱਕ ਜਾਣ। ਨੱਕ ਬੰਦ ਸੀ, ਜੇ ਨੱਕ ਰਾਹੀਂ ਜੋਰ ਦੀ ਸਾਹ ਲੈਣ ਦੀ ਕੋਸ਼ਿਸ਼ ਕਰਦਾ ਸੀ ਤਾਂ ਫੇਰ ਕੰਬਲ ਦਾ ਮਿੱਟੀ-ਘੱਟਾ ਛਿੱਕਾਂ ਲਗਾ ਦਿੰਦਾ। ਗੱਲ ਕੀ, ਬਹੁਤ ਬੁਰਾ ਹਾਲ ਸੀ। ਕੰਬਲ ਤਾਂ ਜਿਵੇਂ ਮੱਝ ਦੇ ਵਾਲ਼ਾਂ ਦੇ ਬਣਾਏ ਹੋਣ। ਫਾਇਦਾ ਘੱਟ, ਤਸੀਹੇ ਜਿਆਦਾ ਦੇ ਰਹੇ ਸਨ। ਪਾਸੇ ਮਾਰਦੇ, ਉਬਾਸੀਆਂ ਲੈਂਦੇ, ਹੌਲ਼ੀ-ਹੌਲੀ ਹਾਏ-ਹਾਏ ਕਰਦੇ ਨੂੰ ਸਵੇਰ ਹੋਣ ਆਲ਼ੀ ਹੋ ਗਈ। ਲੱਤਾਂ ਦੁਖਣ, ਝਟਕੇ ਜਿਹੇ ਪੈਣ, ਬਹੁਤ ਬੁਰਾ ਹਾਲ ਸੀ। ਇਸ ਤੋਂ ਜਿਆਦਾ ਸਮਾਂ ਪਹਿਲਾਂ ਵੀ ਕਈ ਵਾਰ ਕੱਢਿਆ ਸੀ, ਕੁਛ ਖਾਧੇ-ਪੀਤੇ ਤੋਂ ਬਿਨਾਂ। ਪਰ ਉਸ ਰਾਤ ਤਾਂ ਸ਼ਾਇਦ ਜੇਲ੍ਹ ਦੇ ਮਾਹੌਲ ਨੇ ਤੋੜ ਹੋਰ ਵੀ ਜਿਆਦਾ ਲਗਾ 'ਤੀ ਸੀ।

ਕਦੇ ਮਨ ਕਰੇ, ਬਈ ਜਿਹੜੀ ਇੱਕ ਡੰਗ ਦੀ ਬੂਟ 'ਚ ਪਈ ਐ, ਖਾ ਲਵਾਂ। ਵਾਰ-ਵਾਰ ਧਿਆਨ ਬੂਟਾਂ ਵੱਲ ਜਾ ਰਿਹਾ ਸੀ। ਫੇਰ ਜਦੋਂ ਤੋੜ ਬਰਦਾਸ਼ਤ ਤੋਂ ਬਾਹਰ ਹੋ ਗਈ ਤਾਂ ਹੱਥ ਬੂਟ 'ਚ ਪਾ ਲਿਆ। ਪਰ ਉਸ 'ਚ ਤਾਂ ਕੁਛ ਵੀ ਨ੍ਹੀਂ ਸੀ। ਮੇਰੀ ਤਾਂ ਜਿਵੇਂ ਜਾਨ ਹੀ ਨਿੱਕਲਗੀ। ਜਿਵੇਂ ਮਾਪੇ ਮੁੱਕ ਗਏ ਹੋਣ, ਕਿਸੇ ਬਾਲ ਦੇ। ਛੇਤੀ ਨਾਲ਼ ਦੂਜੇ ਬੂਟ 'ਚ ਹੱਥ ਮਾਰਿਆ, ਉਹ ਵੀ ਖਾਲੀ ਸੀ। ਤੋੜ ਹੋਰ ਵਧ ਗੀ'। ਅੱਖਾਂ 'ਚੋਂ ਪਾਣੀ, ਲੀਕ ਹੋਈ ਟੂਟੀ ਵਾਂਗ ਵਗਣ ਲੱਗ ਪਿਆ। ਬਹੁਤ ਲੱਭਿਆ ਹਨੇਰੇ 'ਚ, ਪਰ ਕੁਛ ਨ੍ਹੀਂ ਮਿਲਿਆ। ਆਪਦੇ ਮੂਰਖ ਦਿਮਾਗ ਨੂੰ ਗਾਲ੍ਹਾਂ ਕੱਢੀਆਂ, ਕਿਉਂਕਿ ਜਿਆਦਾ ਸਿਆਣਾ ਬਣਨ ਦੇ ਚੱਕਰ 'ਚ ਬੂਟ 'ਚ ਅਫ਼ੀਮ ਰੱਖੀ ਸੀ ਕਿ ਕੋਲ਼ ਹੋਊ ਤਾਂ ਖਾਧੀ ਜਾਊ। ਕਦੇ ਜੀ ਕਰੇ ਕਿ ਬੈਰਕ ਦੇ ਲੰਬੜਦਾਰ ਨੂੰ ਪੁੱਛ ਕੇ ਦੇਖਾਂ, ਜਿਹੜਾ ਬਾਹਰੋਂ ਹਾਕ ਸੁਣ ਕੇ ਕਹਿ ਰਿਹਾ ਸੀ, "ਸਭ ਅੱਛਾ ਹੈ ਭਾਈ।"

***

ਦੂਜੇ ਦਿਨ ਵੀ ਪਿਆ ਰਿਹਾ। ਸਾਰਾ ਦਿਨ ਇੱਕ ਰੋਟੀ ਖਾਧੀ ਦੁਪਹਿਰੇ। ਦੋ ਦਿਨ ਜਿਵੇਂ ਸਿਰ 'ਚ ਕੀੜੇ ਪਿਆ ਹੋਇਆ ਕੁੱਤਾ ਇੱਕੋ ਜਗਾਹ ਪਿਆ ਰਹਿੰਦਾ, ਉਵੇਂ ਹੀ ਸੜੇ ਹੋਏ ਕੰਬਲ 'ਚ ਲੇਟਿਆ ਰਿਹਾ। ਕਦੇ ਠੰਡ ਲੱਗੇ, ਕਦੇ ਤੌਣੀਆਂ ਆਉਣ। ਕਦੇ ਮਨ ਕਰੇ ਟਿਊਬ ਭੰਨ ਕੇ ਕੱਚ ਬਰੀਕ ਕਰਕੇ ਪੀ ਲਵਾਂ, ਕਦੇ ਕਰੰਟ ਲਵਾਉਣ ਨੂੰ ਦਿਲ ਕਰੇ। ਕਦੇ ਸੋਚਾਂ, ਜੇ ਰਿੱਝਦਾ-ਰਿੱਝਦਾ ਪਾਣੀ ਮਿਲ ਜੇ' ਤਾਂ ਪੀ ਕੇ ਤੋੜ ਘੱਟ ਹੋ ਜੂ'। ਊਈਂ ਊਟ-ਪਟਾਂਗ ਖਿਆਲ

ਆਈ ਜਾਣ। ਕਿੰਨੇ ਸਮੇਂ ਬਾਅਦ ਵੀ ਤੋੜ 'ਚ ਕੁਛ ਫਰਕ ਨ੍ਹੀਂ ਸੀ ਪਿਆ। ਰਾਤ ਨੂੰ ਜਦੋਂ ਸਾਰੇ ਜਣੇਂ ਨਾਨ-ਵੈਜ ਚੁਟਕਲੇ ਸੁਣਾਉਣ, ਤਾਂ ਮੈਂ ਵੀ ਸੁਣਾਉਣਾ ਚਾਹਿਆ। ਮੈਨੂੰ ਤਾਂ ਮੁਹਾਰਤ ਹਾਸਲ ਸੀ। ਪੁਰਾਣਾ ਤਜ਼ਰਬਾ ਸੀ, ਖੇਡਾਂ ਦੇ ਲਾਏ ਕੈਂਪਾਂ ਦਾ। ਪਰ ਜਿਹੜਾ ਚੁਟਕਲਾ ਸ਼ੁਰੂ ਕਰਿਆ, ਅੱਧ ਵਿਚਾਲੇ ਈ ਭੁੱਲ ਗਿਆ। ਸਰੀਰ, ਦਿਮਾਗ,ਜ਼ੁਬਾਨ ਇੱਕ ਦੂਜੇ ਨਾਲ਼ ਮੇਲ ਨਹੀਂ ਸੀ ਖਾ ਰਹੇ।

***

ਤੀਜੇ ਦਿਨ, ਜਦੋਂ ਅੰਮ੍ਰਿਤ ਮੁਲਾਕਾਤ ਕਰਨ ਆਈ ਓਦੋਂ ਨੂੰ ਜੁਗਾੜ ਕਰ ਲਿਆ ਸੀ। ਜੇਲ੍ਹ 'ਚ ਅਫੀਮ ਤਾਂ ਨਾ ਮਿਲੀ, ਪਰ ਗੋਲ਼ੀਆਂ ਮਿਲ ਗਈਆਂ। ਉਹ ਵੀ ਜਦੋਂ ਬੰਦੀ ਖੁੱਲ੍ਹੀ ਤਾਂ ਘੁੰਮਦਾ-ਘੁੰਮਦਾ ਮੈਂ ਕੰਟੀਨ ਵੱਲ ਚਲੇ ਗਿਆ ਸੀ। ਉੱਥੇ ਬਠਿੰਡੇ ਦੇ ਗੈਂਗਸਟਰ ਰਜਿੰਦਰ 'ਕਾਂ' ਬਾਰੇ ਪੁੱਛ ਲਿਆ ਕੰਟੀਨ ਆਲ਼ੇ ਤੋਂ। ਉਹ ਮੇਰੀਆਂ ਗੱਲਾਂ ਸੁਣਨ ਲੱਗ ਪਿਆ। ਕਹਿੰਦਾ, "ਕਾਂ ਭਾਅ ਜੀ ਨੂੰ ਕਿਵੇਂ ਜਾਣ ਦਿਓ ਜਾਣਦੇ ਓ ਮਾਸਟਰ ਜੀ ?" ਜਦੋਂ ਉਹਨੇ 'ਕਾਂ' ਨੂੰ ਭਾਅ ਜੀ ਕਿਹਾ ਤਾਂ ਮਨ ਨੂੰ ਧਰਵਾਸ ਜਿਆ ਹੋਇਆ। ਲੱਗਿਆ ਗੱਲ ਬਣ ਜੂ। ਕਿਉਂਕਿ 'ਕਾਂ' ਜਦੋਂ ਸਾਡੇ ਕੋਲ਼ ਪਟਿਆਲ਼ੇ ਆਉਂਦਾ-ਜਾਂਦਾ ਸੀ ਤਾਂ ਕਦੇ-ਕਦੇ ਨਸ਼ਾ-ਪੱਤਾ ਕਰ ਲੈਂਦਾ ਸੀ। ਸਾਡੇ ਨਾਲ਼ ਕਈ ਵਾਰੀ ਸਮਾਨ ਲਾ ਚੁੱਕਿਆ ਸੀ। ਰਜਿੰਦਰ 'ਕਾਂ' ਕਰਕੇ ਉਹਨੇ ਮੈਨੂੰ ਕੋਈ ਬੰਦਾ ਦੱਸਤਾ। ਕੰਟੀਨ ਆਲ਼ੇ ਭਾਈ ਦੇ ਦੱਸੇ ਬੰਦੇ ਤੋਂ ਫੜਕੇ ਗੋਲ਼ੀਆਂ, ਉੱਥੇ ਈ ਮਾਰਿਆ ਲੱਪ ਭਰਕੇ ਅੰਦਰ ਤੇ ਕੰਟੀਨ ਤੋਂ ਸਟੀਲ ਆਲ਼ਾ ਵੱਡਾ ਗਲਾਸ ਬਣਾ ਲਿਆ ਚਾਹ ਦਾ। ਹੋ ਗਿਆ ਕਾਇਮ।

ਫੇਰ ਤਾਂ ਆਪਾਂ ਸਾਰਿਆਂ ਦਾ ਜੀਅ ਲਵਾਤਾ। ਜਿਹੜੇ ਇੱਕ ਦੋ ਜਣੇਂ ਜ਼ਮਾਨਤ ਕਰਾਉਣ ਨੂੰ ਫਿਰਦੇ ਸੀ, ਉਹ ਕਹਿਣ, "ਹੁਣ ਚਾਹੇ ਮਹੀਨਾ ਰੱਖ ਲਓ...।" ਮਹਿਫ਼ਲ ਸਜਣ ਲੱਗ ਪਈ, ਖਾਣੇ ਦਾ ਪ੍ਰਬੰਧ ਵੀ ਕਰ ਲਿਆ। ਅਸੀਂ ਓਥੋਂ ਦੇ ਗਰੀਬ ਕੈਦੀਆਂ ਨੂੰ ਪਿਆਜ਼, ਲਸਣ ਵਗੈਰਾ ਖਰੀਦ ਕੇ ਦੇ ਦਿੰਦੇ। ਉਹ ਦਾਲ਼ ਸਬਜ਼ੀ ਨੂੰ ਤੜਕੇ ਲਗਾ ਕੇ ਸਾਨੂੰ ਪ੍ਰੋਸ ਦਿੰਦੇ। ਫੇਰ ਤਾਂ ਬੜੀਆਂ-ਬੜੀਆਂ ਬਹਿਸਾਂ ਸ਼ੁਰੂ ਹੋ ਗਈਆਂ। ਕਾਮਰੇਡਾਂ ਦੀ, ਭਿੰਡਰਾਂ ਆਲ਼ੇ ਸੰਤ ਪ੍ਰਤੀ ਕੀ ਸੋਚ ਏ ਵਗੈਰਾ ਵਗੈਰਾ...। ਹੋਰ ਵੀ, ਮਾਰਕਸ ਬਾਰੇ ਚੰਗੀ ਜਾਣਕਾਰੀ ਮਿਲੀ।

***

ਚੌਥੀ -ਪੰਜਵੀਂ ਰਾਤ ਹੋਊ। ਬੇਰੁਜ਼ਗਾਰ ਲਾਈਨਮੈਨ, ਫਰਦ ਕੇਂਦਰ ਯੂਨੀਅਨ ਅਤੇ ਅਸੀਂ, ਇੱਕੋ ਬੈਰਕ 'ਚ ਬੰਦ ਹੋਣ ਕਰਕੇ ਆਪਸ ਵਿੱਚ ਘੁਲ਼-ਮਿਲ ਗਏ। ਮੇਰੇ ਵਰਗੇ ਘੱਟ ਨੀਂਦਰ ਆਲ਼ੇ ਗੱਲਾਂ ਦੇ ਚਸਕੀ ਨਾ ਸੌਂਦੇ, ਨਾ ਸੌਣ ਦਿੰਦੇ। ਕੁਛ ਮੱਛਰ ਅਤੇ ਤਸੀਹੇ ਕੰਬਲਾਂ ਦੇ ਸਤਾਏ, ਰਾਤ-ਰਾਤ ਭਰ ਸਾਡਾ ਸਾਥ ਦਿੰਦੇ, ਮਹਿਫ਼ਲ ਲਗਾਈ ਰੱਖਦੇ।

ਹੁਣ ਅਫੀਮ ਦੇ ਬਦਲ ਨੇ ਸਰੀਰ ਕਾਇਮ ਕਰਤਾ ਸੀ। ਗੱਲਾਂ 'ਚ ਮੈਂ ਕਿਸੇ ਨੂੰ ਵਾਰੇ

ਨ੍ਹੀਂ ਸੀ ਆਉਣ ਦਿੰਦਾ। ਇੱਕ ਗੱਲ ਹੋਰ ਸੱਚ, ਬਠਿੰਡੇ ਆਲ਼ਿਆਂ 'ਤੇ ਅਸੀਂ, ਬੈਕਵਰਡ ਹੋਣ ਦਾ ਤਵਾ ਬਹੁਤ ਲਾਉਂਦੇ। ਇੱਕ ਮਾਮਲਾ ਜੀਹਦੇ 'ਚ ਪਤੰਦਰ ਸੱਚੀਉਂ ਕਮਾਲ ਕਰ ਦਿੰਦੇ ਸੀ, ਉਹ ਸੀ ਕੇਲਾ ਪੂਰਾ ਛਿੱਲ ਕੇ ਖਾਣਾ। ਕੇਰਾਂ 'ਕੱਠੇ ਈ ਦੋ ਫਸੇ। ਮੇਰੀ ਅੱਖ ਖੁੱਲ੍ਹ ਗੀ', ਅੱਧੀ ਰਾਤ ਨੂੰ। ਸਹੋਤਾ ਅਤੇ ਦਾਰਾ, ਪੂਰੇ ਦੇ ਪੂਰੇ ਕੇਲੇ ਛਿੱਲੀਂ ਬੈਠੇ, ਦੋਵੇਂ ਹੱਥਾਂ 'ਚ ਘੁੱਟ ਕੇ ਫੜੀਂ ਖਾਣ। ਮੈਨੂੰ ਦੇਖ ਕੇ ਸਹੋਤਾ ਕਹਿੰਦਾ, "ਹੁਣ ਮੂੰਹ ਬੰਦ ਰੱਖੀਂ ਬਾਈ ਬਣ ਕੇ, ਜੇ ਬੰਦੈਂ। ਜੇ ਜਨਾਨੀਆਂ ਵਾਂਗੂ ਨਹੀਂ ਪਚਦੀ, ਫੇਰ ਤੇਰੀ ਮਰਜ਼ੀ ਐ।" ਉਹਦਾ ਮਾਰਿਆ ਤਾਅਨਾ ਮੈਨੂੰ ਕਿੱਥੋਂ ਰੋਕ ਸਕਦਾ ਸੀ। ਮੇਰੇ ਤਾ ਅੱਖਾਂ 'ਚੋਂ ਪਾਣੀ ਨਿੱਕਲ਼ੇ ਹੱਸਦੇ ਦੇ। ਆਪਾਂ ਜਦੇ ਉਠਾ ਦਿੱਤੇ ਰਹਿਲ ਹੋਰੀਂ। ਬਹੁਤ ਹੱਸੇ, ਜਿੰਨੇ ਦਿਨ ਜੇਲ੍ਹ 'ਚ ਰਹੇ।

ਇੱਕ ਮੇਰਾ ਨਿੱਜੀ ਤਜ਼ੁਰਬਾ ਰਿਹੈ, ਕਿ ਜਿਹੜੇ ਤਿੰਨੇ ਚਾਰੇ ਜਿਲ੍ਹਿਆਂ ਨੂੰ ਅਸੀਂ ਪਛੜੇ ਹੋਏ ਆਖਦੇ ਹਾਂ, ਉਹ ਸੰਘਰਸ਼ਾਂ ਅਤੇ ਯਾਰੀਆਂ ਨਿਭਾਉਣ 'ਚ ਸਾਡੇ ਅਖੌਤੀ ਫਾਰਵਡ ਲੋਕਾਂ ਤੋਂ ਕਿਤੇ ਮੂਹਰੇ ਨੇ। ਇਸੇ ਤਰਾਂ ਪੰਜਾਬ ਅਤੇ ਹਰਿਆਣੇ ਦਾ ਮਾਮਲੈ। ਅਸੀਂ ਜਿਆਦਾ ਅਗਾਂਹਵਧੂ ਅਖਵਾਉਂਦੇ ਆਂ, ਪਰ ਹਰਿਆਣਾ ਸਾਡੇ ਤੋਂ ਨਸ਼ੇ 'ਚ ਪਿੱਛੇ ਅਤੇ ਖੇਡਾਂ 'ਚ ਕਿਤੇ ਅੱਗੇ ਹੈ। ਖ਼ੈਰ!

ਫਰਦ ਕੇਂਦਰ ਆਲਿਆਂ ਦਾ ਪ੍ਰਧਾਨ ਊਂ ਜਿਆਦਾ ਉਮਰ ਦਾ ਤਾਂ ਨ੍ਹੀਂ ਸੀ ਪਰ ਉਹ ਗੱਲਾਂ-ਬਾਤਾਂ ਤੋਂ ਬਹੁਤ ਪ੍ਰਭਾਵਤ ਕਰਦਾ...। ਉਸਦੇ ਨਾਲ਼ ਦੇ ਵੀ ਉਹਦੀ ਇਮਾਨਦਾਰੀ ਅਤੇ ਹਿੰਮਤ ਦੀਆਂ ਗੱਲਾਂ ਦੱਸਦੇ, ਫ਼ਕਰ ਕਰਦੇ। ਕੱਟੜਵਾਦ ਦੀਆਂ ਚੱਲਦੀਆਂ ਗੱਲਾਂ 'ਚ ਉਸਨੇ 'ਭਿੰਡਰਾਂ ਆਲ਼ੇ ਸੰਤਾਂ' ਨੂੰ ਕੇਂਦਰ ਦਾ ਪਾਲਤੂ ਵੀ ਕਿਹਾ ਅਤੇ ਦਲਿਤ ਵਿਰੋਧੀ ਵੀ...। ਇੱਕ ਦੋ ਦਲਿਤ ਪੁਲਿਸ ਆਲਿਆਂ ਦੇ, ਖਾੜਕੂਆਂ ਹੱਥੋਂ ਹੋਏ ਕਤਲ ਵੀ ਗਿਣਾਏ। ਮੈਨੂੰ ਬੁਰਾ ਲੱਗਿਆ। ਫੇਰ ਉਹ ਕੁਰਬਾਨੀ ਬਾਰੇ ਗੱਲ ਕਰਦਾ-ਕਰਦਾ ਕਿਸੇ ਰਸ਼ੀਅਨ ਕ੍ਰਾਂਤੀਕਾਰੀ ਦੇ ਛੋਟੇ- ਛੋਟੇ ਬੱਚਿਆਂ ਦੀਆਂ ਉਦਾਹਰਣਾਂ ਦੇਵੇ। ਉਸਦੀ ਗੱਲ ਦਾ ਮੈਂ ਕੋਈ ਜਵਾਬ ਦਿੰਦਾ, ਇਸਤੋਂ ਪਹਿਲਾਂ ਈ ਬੱਗੇ ਜਿਹੇ ਰੰਗ ਦਾ, ਜ਼ਰਦ ਰੰਗੀ ਭਾਂਅ ਮਾਰਦਾ, ਜਮਾਂ ਪਿੱਲੜ ਜਿਹਾ ਮੁੰਡਾ ਬੋਲਿਆ, "ਪ੍ਰਧਾਨ ਜੀ, ਗੁੱਸਾ ਨਾ ਕਰਿਓ, ਤੁਸੀਂ ਗਲ਼ਤ ਬਿਆਨੀ ਕਰ ਰਹੇ ਓ।"

ਪ੍ਰਧਾਨ ਪੁੱਛਦੈ ,"ਜੀ ਕਿਵੇਂ ?" "ਇੱਕ ਮਿੰਟ ਮੈਂ ਸੈੱਟ ਜਿਹਾ ਹੋ ਜਾਵਾਂ।" ਕਹਿਕੇ ਉਹ ਮੁੰਡਾ ਜਿਉਂ ਤੇ ਜੋ ਬੋਲਿਆ, ਮੇਰੀ ਤਾਂ ਹੈਰਾਨੀ ਦੀ ਹੱਦ ਨਾ ਰਹੀ। ਮੈਂ ਤਾਂ ਰਹਿਲ ਨੂੰ ਹੱਸਦਾ ਪਿਆ ਸੀ ਬਈ ਆਹ ਲੂੰਆਂ ਜਿਆ ਲਾਲਾ ਤਾਂ ਊਈਂ ਫਸ ਗਿਆ, ਸਵਾਦ-ਸਵਾਦ 'ਚ। ਇਹ ਨ੍ਹੀਂ ਪਾਉਂਦਾ ਪੂਰੀ, ਭੱਜਿਆ ਸਮਝੋਂ ਜਮਾਨਤ ਕਰਾ ਕੇ। ਪਰ ਉਹ ਤਾਂ ਨਿਰਾ 'ਅਸਤਰ' ਨਿੱਕਲ਼ਿਆ। ਕਮਾਲ ਦੀ ਦਲੀਲ ਸੀ ਉਸ ਦੀ। ਕਹਿੰਦਾ, "ਦੇਖੋ ਜੀ, ਮੈਂ ਵੀ ਭਿੰਡਰਾਂ ਆਲ਼ੇ ਦਾ ਆਲੋਚਕ ਆਂ। ਉਸਦੀਆਂ ਗਲ਼ਤ ਨੀਤੀਆਂ ਨੂੰ ਗਲ਼ਤ ਆਖਦਾ ਹਾਂ। ਪਰ ਕਿਸੇ ਨੂੰ ਸਿਰਫ ਇਸ ਕਰਕੇ ਭੰਡਣਾ ਜਾਂ ਗਲਤ ਆਖਣਾ ਕਿ ਉਹ ਕਿਸੇ ਧਰਮ ਨਾਲ਼ ਸਬੰਧਤ ਹੈ, ਠੀਕ

ਨੀਂ ਹੁੰਦਾ। ਇਹ ਕਮਿਊਨਿਜ਼ਮ ਨਹੀਂ, ਸਗੋਂ ਕੱਚ ਘਰੜਤਾ ਹੈ।"

ਮੈਂ ਤਾਂ ਉਹਦੇ ਮੂੰਹ ਵੱਲ ਦੇਖਾਂ, ਜਦੋਂ ਉਹ ਬੋਲੇ, "ਜਰਨੈਲ ਸਿੰਘ ਨੂੰ ਕਿਸੇ ਦਾ ਪਾਲਤੂ ਅਤੇ ਦਲਿਤ ਵਿਰੋਧੀ ਕਹਿਣਾ ਸਹੀ ਨਹੀਂ। ਇਹ ਸਰਕਾਰੀ ਪ੍ਰਚਾਰ ਦਾ ਅਸਰ ਐ। ਪਾਲਤੂ ਕਦੇ ਹਿੱਕ ਡਾਹ ਕੇ ਨੀਂ ਲੜਦੇ ਹੁੰਦੇ। ਉਹ ਵੀ ਉਦੋਂ, ਜਦੋਂ ਮੌਤ ਯਕੀਨੀ ਹੋਵੇ। ਰਹੀ ਗੱਲ ਕੁਰਬਾਨੀਆਂ ਦੀ। ਤਾਂ ਅਸੀਂ 'ਰਸ਼ੀਆ' ਨੂੰ ਕਿਉਂ ਭੱਜਣ ਲੱਗਦੇ ਹਾਂ। ਛੋਟੇ ਸਹਿਬਜ਼ਾਦਿਆਂ ਦੀ ਜਾਂ ਹੋਰ ਲੋਕਲ ਕੁਰਬਾਨੀਆਂ ਦੀ ਗੱਲ ਕਿਉਂ ਨੀਂ ਕਰਦੇ !" ਉਹ ਪਤੰਦਰ ਆਂਏਂ ਬੋਲ ਰਿਹਾ ਸੀ, ਜਿਵੇਂ ਚਾਬੀ ਦੇ ਕੇ ਛੱਡਿਆ ਹੋਵੇ। ਜਿਵੇਂ ਭਾਸ਼ਣ ਦੀ ਤਿਆਰੀ ਕੀਤੀ ਹੋਵੇ। ਪਰ ਕਮਾਲ ਦੀ ਦਲੀਲ ਸੀ ਉਹਦੇ ਕੋਲ਼ । ਮੈਂ ਵੀ ਉਸਦੀ ਹਾਮੀ ਭਰੀ। ਇੱਕ-ਦੋ ਹੋਰ ਨੇ ਵੀ ਉਸਨੂੰ ਸਹੀ ਕਿਹਾ।

ਫੇਰ ਉਹ ਗੱਲ ਨੂੰ ਅੱਗੇ ਤੋਰਦਾ ਹੋਇਆ ਬੋਲਿਆ, "ਵੀਰ ਜੀ, ਗੁੱਸਾ ਨਾ ਕਰਿਓ। ਗੱਲ ਤੇ ਕਾਮਰੇਡਾਂ ਨੇ ਅਨਪੜ੍ਹ ਮਜ਼ਦੂਰਾਂ ਦੀ ਕਰਨੀ ਹੁੰਦੀ ਐ। ਪਰ ਨਾਮ ਲੈਣਗੇ ਲੈਨਿਨ, ਮਾਰਕਸ, ਮਾਓ ਜੇ ਤੁੰਗ ਵਰਗੇ ਵੱਡੇ ਫਿਲੌਸਫਰਾਂ ਦਾ। ਬਈ ਉਹਨਾਂ ਬੇਚਾਰਿਆਂ ਕੋਲ਼ ਔਖੇ-ਔਖੇ ਨਾਮ ਲਵੋਗੇ ਤਾਂ ਉਹਨਾਂ ਦਾ ਤਾਂ ਸਿਰ ਦੁੱਖਣ ਲੱਗਜੂ, ਸਾਡੇ ਨਾਲ਼ ਜੁੜਨਾ ਓਦਾਂ ਈ ਔਖਾ ਨਾ ਹੋ ਜੂ'।" ਬੰਦਾ ਸਿੰਘ ਬਹਾਦਰ, ਭਗਤ ਸਿੰਘ ਬਾਰੇ ਦੱਸੋ, ਤਾਂ ਜੋ ਉਹ ਸਮਝ ਸਕਣ।

ਹੁਣ ਮਾਹੌਲ ਦਿਲਚਸਪ ਹੋ ਗਿਆ ਸੀ। ਐਨੀਆਂ ਘੈਂਟ-ਘੈਂਟ ਦਲੀਲਾਂ ਦੇਣ ਵਾਲ਼ਾ ਇਹ ਚਿੱਟਾ-ਪੀਲ਼ਾ ਜਿਹਾ ਮੁੰਡਾ, ਕਾਮਰੇਡ ਅਜੀਬ ਦਵੇਦੀ ਸੀ।

ਉਸੇ ਦਿਨ ਤੋਂ ਆਪਾਂ ਤਾਂ ਉਹਦੇ ਫੈਨ ਆਂ। ਮੈਂ ਤਾਂ ਉਹਨੂੰ ਕਹਿਨੈ ਹੁੰਨੈ, "ਤੂੰ ਦਵੇਦੀ ਨੀਂ ਤੂੰ ਤਾਂ ਚਤੁਰਵੇਦੀ ਐਂ ਚਤੁਰਵੇਦੀ।" ਮਤਲਬ ਦੋ ਵੇਦਾਂ ਦਾ ਗਿਆਤਾ ਨੀਂ, ਚਾਰੇ ਵੇਦਾਂ ਦਾ ਵਿਦਵਾਨ। ਅੰਦਰਲੇ ਲੰਬੜਦਾਰ ਨੇ ਬਾਹਰਲੇ ਦੇ ਹੋਕੇ ਦੇ ਜਵਾਬ 'ਚ "ਸਭ ਅੱਛਾ ਹੈ" ਕਹਿਕੇ ਆਪਦੀ ਡਿਊਟੀ ਪੂਰੀ ਕੀਤੀ ਅਤੇ ਮੈਨੂੰ ਹਸਦੇ-ਹਸਦੇ ਨੇ ਕਿਹਾ, "ਧੰਨੇ ਆਲ਼ਿਆ ਮਾਸਟਰਾ, ਸੌਂਜਾ ਬਾਈ ਤੂੰ। ਕੀ ਖਾਨੈਂ ਤੂੰ ... ਚੁੱਪ ਕਰਜ਼ਾ ? ਅਗਲੀ ਹਾਕ 'ਚ ਮੈਂ ਕਹਿ ਦੇਣਾ ਕਿ ਸਭ ਅੱਛਾ ਨਹੀਂ ਹੈ। ਫੇਰ ਥੋਨੂੰ ਅਲਾਹਿਦਾ-ਅਲਾਹਿਦਾ ਕਰ ਦੇਣਾ।" ਸਹੋਤਾ ਬੋਲਿਆ, "ਇਹਨੂੰ ਤਾਂ ਲੰਬੜਦਾਰ ਜੀ ਖਾੜਕੂ ਸਿੰਘਾਂ ਆਲ਼ੀ ਬੈਰਕ 'ਚ ਭੇਜੋ।" ਅਸੀਂ ਪੈ ਗਏ ਪਰ ਸੌਂ ਗਏ ਕਿੰਨਾ ਚਿਰ।

***

ਸੱਤਵੀਂ ਰਾਤ, ਤਪੇ ਆਲ਼ਾ ਲਛਮਣ ਸਿਉਂ, ਪਾਸ਼ ਦੀ ਕਵਿਤਾ ਸੁਣਾ ਰਿਹਾ ਸੀ। ਉੱਥੇ ਬਹੁਤ ਸੀ ਜਸਵੀਰ ਫਰੀਦਕੋਟ ਵਰਗੇ, ਕਵਿਤਾ ਲਿਖਦੇ, ਬੋਲਦੇ।

ਇਹ ਲਛਮਣ ਤਾਂ ਪਤੰਦਰ ਹੋਰੂੰ ਜਿਹਾ ਸੀ। ਜੇਲ੍ਹ ਲਾਇਬ੍ਰੇਰੀ 'ਚੋਂ ਇੱਕ ਮੋਟੀ ਕਿਤਾਬ ਇਸ਼ੂ ਕਰਾ ਕੇ, ਚਿੱਟੇ ਦੋਲੇ ਦੀ ਬੁੱਕਲ਼ ਮਾਰੀਂ ਰੱਖਦਾ ਗਰਮੀਂ 'ਚ ਵੀ। ਗੱਲਾਂ ਵੀ ਬਹੁਤ

ਸੰਘਰਸ਼ੀ ਟਾਈਪ ਕਰਦਾ ਸੀ। ਊਂ ਬੰਦਾ ਦਿਲ ਦਾ ਜਮਾਂ ਸਾਫ਼ ਭੋਲ਼ਾ-ਭਾਲ਼ਾ।

ਸਮਾਂ ਕੋਈ ਗਿਆਰਾਂ-ਸਾਢੇ ਗਿਆਰਾਂ ਦਾ ਹੋਊ। ਕਵਿਤਾ ਸੀ "ਸਭ ਤੋਂ ਖ਼ਤਰਨਾਕ ਹੁੰਦਾ ਹੈ, ਘਰ ਤੋਂ ਕੰਮ 'ਤੇ ਅਤੇ ਕੰਮ ਤੋਂ ਘਰ ਜਾਣਾ....।" ਬਹੁਤ ਰੋਹ ਭਰਭੂਰ ਮਾਹੌਲ ਸਿਰਜਿਆ ਪਿਆ ਸੀ। ਅੱਧੇ ਜਣੇਂ ਬੈਠੇ ਸਨ ਅਤੇ ਅੱਧੇ ਕੁ ਲੇਟੇ ਹੋਏ ਸੀ।

ਮੇਰੇ ਨਾਲ਼ ਪਿਆ ਰਣਵੀਰ ਬੜੈਚ ਹੋਲ਼ੀ-ਹੋਲ਼ੀ ਇਸੇ ਕਵਿਤਾ ਨੂੰ ਇਉਂ ਕਹਿ ਰਿਹਾ ਸੀ ਮੇਰੇ ਕੰਨ 'ਚ "ਸਭ ਤੋਂ ਖ਼ਤਰਨਾਕ ਹੁੰਦੈ, ਝੂਠਾ ਮੂਠਾ ਦੌਰਾ ਪਾ ਕੇ ਪੁਲਸ ਦੀ ਕੁੱਟ ਤੋਂ ਬਚਣ ਦਾ ਡਰਾਮਾ ਕਰਨਾ, ਸਭ ਤੋਂ ਖ਼ਤਰਨਾਕ ਹੁੰਦੈਂ ਡਰਾਮੇ ਦੇ ਫੜੇ ਜਾਣ ਦਾ ਡਰ ਹੋਣਾ, ਇਸ ਤੋਂ ਵੀ ਖਤਰਨਾਕ ਹੁੰਦਾ ਹੈ, ਪੁਲਸ ਮੁਲਾਜ਼ਮ ਦੇ ਮੂੰਹੋਂ ਇਹ ਸੁਣਨਾ ਕਿ ਸਾਲ਼ਾ ਡਰਾਮਾ ਕਰਦੈ, ਉਤਾਰ ਇਹਦੀ ਪੈਂਟ ਕਰੰਟ ਲਾਈਏ। "ਮੇਰਾ ਐਨਾ ਹਾਸਾ ਨਿੱਕਲ਼ਿਆ ਕਿ ਢਿੱਡ ਦੁੱਖਣ ਲੱਗ ਪਿਆ ਸੀ। ਬਾਕੀ ਮੇਰੇ 'ਤੇ ਔਖੇ ਹੋਣ, ਉਹਨਾਂ ਨੂੰ ਕਿਹੜਾ ਰਣਵੀਰ ਦੀ ਗੱਲ ਸੁਣ ਰਹੀ ਸੀ।

ਉਹਨੇ ਮੈਨੂੰ ਕਬੱਡੀ ਗਰਾਊਂਡ ਦੀ ਸੌਂਹ ਪਵਾ ਤੀ ਸੀ ਕਿ ਇਹਨਾਂ ਨੂੰ ਨਾ ਦੱਸੀਂ, ਬਈ ਮੈਂ ਡਰਾਮਾ ਕਰਿਆ ਸੀ, ਪੁਲਸ ਦੀ ਕੁੱਟ ਤੋਂ ਡਰਕੇ। ਫੇਰ ਹੌਲੀ ਕੁ ਦੇਣੇ ਕਹਿੰਦਾ, "ਕਹਿਣਗੇ, ਸਾਲ਼ੇ ਦੀ ਕਿੱਡੀ ਦੇਹ ਆ ਤੇ ਕਿੱਡਾ ਡਰਪੋਕ ਐ !" ਪਰ ਕਮਾਲ ਦਾ ਸੀ ਰਣਵੀਰ ਦਾ ਡਰਾਮਾ। ਰਣਵੀਰ ਮੁਆਫ਼ ਕਰੀਂ ਵੀਰ, ਐਥੇ ਲਿਖ ਕੇ ਤੇਰੀ ਸੌਂਹ ਤੋੜ ਰਿਹਾਂ।

ਸੱਤ ਨਵੰਬਰ ਨੂੰ ਰਿਹਾਈ ਹੋਈ। ਜਿਹੜੇ ਖੇਮੂਆਣੇ ਵਰਗੇ ਸਾਥੀ ਬਾਹਰ ਸਨ, ਉਹਨਾਂ ਨੇ ਭਰਾਤਰੀ ਜਥੇਬੰਦੀਆਂ ਅਤੇ ਕਿਸਾਨ ਯੂਨੀਅਨ ਉਗਰਾਹਾਂ ਨਾਲ਼ ਮਿਲ ਕੇ ਸਰਕਾਰ ਦੀਆਂ ਗੋਡਣੀਆਂ ਲਵਾਤੀਆਂ। ਧੰਨੇ ਤੋਂ ਸਤਵੀਰ, ਚੌਹਾਨ, ਪੱਪਾ, ਗਗਨ, ਮਹੇਸ਼ ਵਰਗਿਆਂ ਨੇ ਬਹੁਤ ਸਾਥ ਦਿੱਤਾ। ਬਿਨਾਂ ਸ਼ਰਤ ਰਿਹਾਅ ਹੋਏ। ਬਹੁਤ ਸਤਿਕਾਰ ਮਿਲਿਆ। ਸਾਰੇ ਪੰਜਾਬ 'ਚ ਇੱਕ ਵੱਖਰੀ ਤਰਾਂ ਦੀ ਪਹਿਚਾਣ ਮਿਲੀ।

❖❖❖❖❖

ਮੌਤ ਤੋਂ ਜ਼ਿੰਦਗੀ ਵੱਲ

16 ਅਪ੍ਰੈਲ 16 ਇਹ ਉਹ ਤਰੀਕ, ਉਹ ਦਿਨ ਹੈ, ਜਿਸ ਨਾਲ ਮੇਰੀ ਲੜਖੜਾਉਂਦੀ ਜ਼ਿੰਦਗੀ ਨੂੰ ਬਹੁਤ ਵੱਡਾ ਮੋੜਾ ਪਿਆ। ਦਰਅਸਲ ਉੱਤਰ ਗਿਆ ਸੀ ਸੁਧਾਰ ਦਾ ਨਕਲੀ ਗਲਾਫ਼, ਹੋ ਚੁੱਕਿਆ ਸੀ ਮੈਂ ਅਲਫ਼ ਨੰਗਾ। ਸਿਰਫ ਗਲਾਫ਼ ਹੀ ਤਾਂ ਸੀ। ਲੋਗੜ ਤਾਂ ਰਜਾਈ 'ਚ ਹੈ ਈ ਨਹੀਂ ਸੀ। ਇੱਕ ਭੁਲੇਖਾ ਜਿਹਾ ਸੀ, ਓਦਣ ਉਹ ਵੀ ਦੂਰ ਹੋ ਗਿਆ ਸੀ।

ਮੈਂ ਡਿਊਟੀ 'ਤੇ ਸੀ। ਸ਼ਨੀਵਾਰ ਹੋਣ ਕਰਕੇ ਅੰਮ੍ਰਿਤ ਘਰ ਸੀ। ਕਰੀਬ ਬਾਰਾਂ ਵਜੇ ਤੱਕ ਸਭ ਠੀਕ -ਠਾਕ ਚੱਲਦਾ ਰਿਹਾ। ਉਸ ਦਿਨ ਮੇਰਾ ਇੱਕ ਵਿਦਿਆਰਥੀ ਨਵੋਦਿਆ ਸਕੂਲ 'ਚੋਂ ਆਇਆ ਸੀ, ਮੈਨੂੰ ਮਿਲਣ। "ਮੈਨੂੰ ਤਾਂ ਸਰ ਥੋਡੇ ਕਰਕੇ ਦਾਖਲਾ ਮਿਲਿਆ ਹੈ।" ਉਹ ਮੈਨੂੰ ਵਾਰ-ਵਾਰ ਮਿਲ਼ਦਾ ਰਹਿੰਦੈਂ ਅਤੇ ਸ਼ੁਕਰੀਆ ਕਰਦਾ ਰਹਿੰਦੈ। ਬਹੁਤ ਪਿਆਰਾ ਬੱਚਾ ਹੈ।

ਅਧਿਆਪਕ ਦਿਵਸ ਨੂੰ ਉਹਦਾ ਫੋਨ ਆਉਂਦੈ ਹੀ ਆਉਂਦੈ। ਉਸ ਦਿਨ ਤਾਂ ਉਹਦੀ ਮਾਂ ਵੀ ਨਾਲ ਸੀ। ਇੱਕ ਚੰਗੇ ਅਧਿਆਪਕ ਆਲ਼ੀ ਫੀਲਿੰਗ ਆ ਰਹੀ ਸੀ। "ਇਸਕੋ ਆਪ ਨੇ ਇਨਸਾਨ ਬਨਾ ਦੀਆ, ਸਰ ਜੀ। ਇਸਕੋ ਤੋ ਆਸ-ਪੜੋਸ ਕੇ ਸਭੀ ਲੋਗ ਬੇਕਾਰ ਬੋਲਤੇ ਥੇ। ਇਸਕੀ ਸ਼ਰਾਰਤੋਂ ਸੇ ਸਾਰਾ ਮੁਹੱਲਾ ਦੁਖੀ ਥਾ। ਹਮ ਆਪਕਾ ਅਹਿਸਾਨ ਨਹੀਂ ਭੂਲੇਂਗੇ।" ਉਹਨਾਂ ਦਾ ਪਿਛੋਕੜ ਬਿਹਾਰ ਤੋਂ ਆਂ। ਪਰ ਰਹਿਣ ਸਹਿਣ ਹੁਣ ਜਮਾਂ ਪੰਜਾਬੀਆਂ ਵਰਗਾ ਏ।

ਮੇਰਾ ਹਮੇਸ਼ਾਂ ਮੰਨਣਾ ਹੈ ਕਿ ਜਦੋਂ ਮੇਰੇ ਵਰਗਾ ਜੈਂਡ, ਸਿਰੇ ਦਾ ਵਿਗੜੈਲ, ਸ਼ਰਾਰਤੀ ਪੜ੍ਹ ਸਕਦੈ ਤਾਂ ਹੋਰ ਕੋਈ ਕਿਉਂ ਨ੍ਹੀਂ। ਇਹ 'ਸਾਹਿਲ' ਨਾਮ ਦਾ ਮੁੰਡਾ ਵੀ ਬਹੁਤ ਸ਼ਰਾਰਤੀ ਸੀ। ਨੱਕ 'ਚ ਦਮ ਕਰਕੇ ਰੱਖਦਾ, ਸਭ ਦੇ। ਮੈਂ ਤਾਂ ਬਸ ਉਸਦੀ ਐਨਰਜੀ ਨੂੰ ਇੱਕ ਸੇਧ ਈ ਦਿੱਤੀ ਸੀ। ਮਿਲ ਕੇ ਉਹ ਚਲੇ ਗਏ, ਮੈਂ ਵੀ ਜਮਾਤ 'ਚ ਜਾਣ ਲਈ ਉੱਠਿਆ।

ਪੂਰਾ ਖੁਸ਼ ਸੀ ਓਦਣ। ਫੇਰ ਫੋਨ ਦੀ ਘੰਟੀ ਵੱਜੀ। ਸਕਰੀਨ 'ਤੇ ਲਿਖਿਆ ਆ ਰਿਹਾ ਸੀ... "ਘੜਘੁੱਲੋ"... ਹੌਲ ਜਿਹਾ ਪੈ ਗਿਆ, ਕਾਇਮ ਜਿਹਾ ਹੋ ਕੇ ਮੈਂ ਓ.ਕੇ. ਕੀਤਾ।

"ਹੁਣੇ ਘਰ ਆ ਜਾ। ਮੈਨੂੰ ਨ੍ਹੀਂ ਪਤਾ ਬਸ ਹੁਣੇ। ਜਿੰਨਾਂ ਵੀ ਜਰੂਰੀ,ਜਿਹੜਾ ਵੀ ਮਰਜ਼ੀ ਕੰਮ ਐ,ਚਾਹੇ ਤੇਰੀ ਨੌਕਰੀ ਜਾਂਦੀ ਏ ਜਾਵੇ।" ਅੰਮ੍ਰਿਤ ਨੇ ਰੋਂਦੀ ਹੋਈ ਨੇ ਹੁਕਮ ਸੁਣਾਇਆ।

ਮੈਂ ਬਥੇਰੀਆਂ ਮਿੰਨਤਾਂ ਕੀਤੀਆਂ, "ਦੱਸਦੇ ਕੀ ਹੋਇਆ?"

ਪਰ ਉਹਨੇ ਹੌਂਕੇ ਲੈਂਦੀ ਨੇ ਫੋਨ ਕੱਟਤਾ। ਫੇਰ ਚੱਕਿਆ ਵੀ ਨ੍ਹੀਂ, ਮੈਂ ਕਿੰਨੀ ਵਾਰ ਕੋਸ਼ਿਸ਼ ਕੀਤੀ ਕਿ ਗੱਲ ਹੋ ਜਾਵੇ। ਪਤਾ ਤਾਂ ਮੈਨੂੰ ਲੱਗ ਗਿਆ ਸੀ ਕਿ ਮਿੱਤਰਾ ਫਸ ਗਿਆ...। ਦਰਅਸਲ ਐਵੇਂ ਈ ਹੁੰਦਾ ਸੀ। ਜਿਸ ਦਿਨ ਅੰਮ੍ਰਿਤ ਨੂੰ ਛੁੱਟੀ ਹੁੰਦੀ, ਓਦਣ ਮੇਰੀ ਜਾਨ ਮੁੱਠੀ

'ਚ ਆਈ ਰਹਿੰਦੀ। ਉਹ ਬਾਅਦ 'ਚ ਤਲਾਸ਼ੀਆਂ ਲੈਂਦੀ ਰਹਿੰਦੀ। ਪਹਿਲਾਂ ਵੀ ਕਾਮਯਾਬ ਹੋ ਚੁੱਕੀ ਸੀ, ਮੇਰੇ ਲਕੋਏ ਹੋਏ ਸਮਾਨ ਨੂੰ ਲੱਭਣ 'ਚ।

ਉਸ ਦਿਨ ਵੀ ਜਦੋਂ ਮੈਂ ਘਰ ਪਹੁੰਚਿਆ ਤਾਂ ਉਹਨੇ ਲਿਫਾਫ਼ਾ ਮੇਰੇ ਮੂਹਰੇ ਰੱਖਤਾ। ਮੇਰੇ ਕੋਲ਼ੋਂ ਕੋਈ ਬਹਾਨਾ ਨ੍ਹੀਂ ਸੀ ਬਚਿਆ ਜੋ ਮੈਂ ਖੜ੍ਹੇ ਪੈਰ ਮੁੱਕਰ ਜਾਂਦਾ, ਸੋ ਮੈਂ ਮੰਨ ਗਿਆ। ਬੀਬੀ ਵੀ ਕੋਲ਼ ਆ ਗਈ ਸੀ, ਉਹ ਵੀ ਬੈਠੀ ਅੱਖਾਂ ਸਾਫ ਕਰੇ। ਅੰਮ੍ਰਿਤ ਆਪ ਤਾਂ ਬਚਾਅ ਰੱਖਦੀ ਰਹੀ ਆ ਕਿ ਐਵੇਂ ਦੀਆਂ ਗੱਲਾਂ ਬੀਬੀ ਨੂੰ ਨਾ ਦੱਸੀਆਂ ਜਾਣ। ਪਰ ਫੇਰ ਵੀ ਉਹ ਬਿੜਕ ਰੱਖਦੀ, ਆਨੇ-ਬਹਾਨੇ ਕੋਲ਼ ਨੂੰ ਹੋ ਕੇ ਗੱਲ ਸੁਣ ਈ ਲੈਂਦੀ ਹੈ।

ਹੁਣ ਔਖਾ ਹੋ ਗਿਆ ਸੀ। ਮੈਂ ਸਾਰੇ ਬਹਾਨੇ ਪਹਿਲਾਂ ਲਗਾਏ ਹੋਏ ਸਨ। ਬਹੁਤ ਵਾਰੀ ਕੋਸ਼ਿਸ਼ ਵੀ ਕਰ ਲੀ' ਸੀ, ਆਦਤ ਤੋਂ ਛੁਟਕਾਰਾ ਪਾਉਣ ਦੀ। ਕਦੇ 'ਫੀਮ ਦੀਆਂ ਛੋਟੀਆਂ-ਛੋਟੀਆਂ ਗੋਲ਼ੀਆਂ ਬਣਾਈਆਂ ਛੱਡਣ ਲਈ। ਜਿਵੇਂ ਸੱਤ ਸਭ ਤੋਂ ਵੱਡੀਆਂ, ਜਿੰਨੀ ਮੇਰੀ ਖੁਰਾਕ ਸੀ। ਫੇਰ ਅਗਲੇ ਹਫ਼ਤੇ ਲਈ ਸੱਤ ਉਸਤੋਂ ਛੋਟੀਆਂ। ਫੇਰ ਅਗਲੇ ਹਫ਼ਤੇ ਲਈ ਉਸਤੋਂ ਛੋਟੀਆਂ ਗੋਲੀਆਂ ਬਣਾ -ਬਣਾ ਕੇ ਖਾਧੀਆਂ, ਪਰ ਪਣਤਾਲਾ ਉੱਥੇ ਦਾ ਉੱਥੇ। ਅਸਲ 'ਚ ਸਰੀਰ ਤੋਂ ਤਾਂ ਛੱਡ ਰਿਹਾ ਸੀ, ਪਰ ਦਿਮਾਗ ਤੋਂ ਨ੍ਹੀਂ ਸੀ ਤਿਆਰ ਹੁੰਦਾ। ਕੋਈ ਪੱਕਾ ਰਸਤਾ ਨ੍ਹੀਂ ਸੀ ਮਿਲ ਰਿਹਾ। ਛੱਡ ਦਿੰਦਾ ਸੀ ਪਰ ਛੱਡ ਕੇ ਰੱਖਿਆ ਨ੍ਹੀਂ ਸੀ ਜਾਂਦਾ, ਫੇਰ ਸ਼ੁਰੂ ਹੋ ਜਾਂਦਾ ਸੀ।

ਮੇਰੇ ਮੂਹਰੇ ਲਿਫ਼ਾਫ਼ਾ ਪਿਆ ਸੀ। ਉਹ ਲਗਾਤਾਰ ਰੋਵੇ। ਮੋਟੀਆਂ-ਮੋਟੀਆਂ ਅੱਖਾਂ 'ਚੋ ਬੇਰਾਂ ਜਿੱਡੇ-ਜਿੱਡੇ ਹੰਝੂ ਸੁੱਟੇ। ਹਰ ਵਾਰ ਉਹ ਇਹ ਗੱਲ ਜਰੂਰ ਬੋਲਦੀ ਕਿ, "ਤੂੰ ਝੂਠ ਬੋਲਦੈਂ। ਪਿਆਰ ਤੂੰ ਮੈਨੂੰ ਕਦੇ ਕੀਤਾ ਈ ਨ੍ਹੀਂ। ਕੀ ਬੰਦਾ ਪਿਆਰ ਖਾਤਰ ਇੱਕ ਆਦਤ ਨ੍ਹੀਂ ਛੱਡ ਸਕਦਾ। ਮੈਂ ਨ੍ਹੀਂ ਮੰਨਦੀ ਕਿ ਪਿਆਰ ਤੋਂ ਉੱਪਰ ਕੋਈ ਚੀਜ਼ ਹੁੰਦੀ...।" ਮੈਂ ਉਹਨੂੰ ਕੀ ਦੱਸਦਾ ਕਿ ਅਮਲੀ ਲਈ ਅਮਲ ਤੋਂ ਉੱਪਰ ਕੁਛ ਨ੍ਹੀਂ ਹੁੰਦਾ।

ਉਸ ਦਿਨ ਮੈਂ ਚੁੱਪ-ਚਾਪ ਸੋਚਦਾ ਰਿਹਾ। ਸੋਚਦਾ ਰਿਹਾ ਕਿ ਕਿਵੇਂ ਛੱਡਾਂ? ਛੱਡਾਂ ਵੀ ਕਿ ਨਾ...? ਉਹ ਬਹੁਤ ਤੰਗ ਸੀ ਮੈਥੋਂ। ਸੌਖਾ ਮੈਂ ਵੀ ਨ੍ਹੀਂ ਸੀ ਨਸ਼ੇ ਤੋਂ। ਬਹੁਤ ਜ਼ਿਆਦਾ, ਲੱਗ-ਭੱਗ 17 ਸਾਲ ਤੋਂ ਨਸ਼ੇ 'ਚ ਫਸੇ ਰਹਿਣ ਕਰਕੇ, ਮਾਨਸਿਕ ਤੌਰ 'ਤੇ ਗੁਲਾਮ ਹੋ ਚੁੱਕਿਆ ਸੀ। ਫੋਕੀ ਮਰਦਾਨਗੀ ਨੇ ਡਰਾ ਜੋ ਰੱਖਿਆ ਸੀ। ਇਹ ਨਸ਼ੇ ਨਾਲ਼ ਬਣਿਆ ਇੱਕ ਦਿਮਾਗੀ ਭਰਮ ਹੈ ਕਿ ਫੇਰ ਮਰਦਾਨਗੀ ਲੂਜ਼ ਹੋ ਜੂ'। ਮੈਨੂੰ ਇਹ ਭਰਮ ਛੱਡਣ ਨਾ ਦਿੰਦਾ। ਮੈਨੂੰ ਕੀ, ਆਮ ਕਰਕੇ ਲੋਕਾਂ ਨੂੰ ਇਹ ਭਰਮ ਨਸ਼ੇ ਦੀ ਦਲ-ਦਲ 'ਚੋਂ ਨਿੱਕਲ਼ਣ ਹੀ ਨ੍ਹੀਂ ਦਿੰਦਾ।

ਬਸ ਇੱਕ ਰਸਤਾ ਸੀ ਕਿ ਨਸ਼ਾ ਛਡਾਊ ਕੇਂਦਰ 'ਚ ਮਹੀਨਾ ਲਗਾ ਲਵਾਂ। ਮੁੜ ਕੇ ਹੱਥ ਨਾ ਲਾਵਾਂ। ਮੈਨੂੰ ਕਾਲਜ ਸਮੇਂ ਦਾ ਗੂਹੜਾ ਮਿੱਤਰ ਸੰਦੀਪ ਮਿਲਦਾ ਰਹਿੰਦਾ ਸੀ ਮੋਹਾਲੀ ਗਏ ਨੂੰ। ਉਹਨੇ ਮਿਲਣਾ ਤਾਂ ਮੈਂ ਪੁੱਛਣਾ, "ਸੰਦੀਪ ਹੁਣ ਕਿਵੇਂ ਐਂ?"

ਕਦੇ ਉਹਨੇ ਬੋਲਣਾ, "ਦੋ ਸਾਲ ਤੋਂ ਕਲੀਨ ਆਂ। ਮੰਗੇ, ਪ੍ਰੋਗਰਾਮ ਦੀ ਕਿਰਪਾ ਯਾਰ... ਮੀਟਿੰਗਾਂ ਨੇ ਬਚਾਇਆ ਹੋਇਐ...।"

ਉਹ ਇੱਕ ਪ੍ਰਾਰਥਨਾ ਬੋਲ ਕੇ ਦੱਸਦਾ ਕਿ ਇਹ (ਐਨ.ਏ) ਪ੍ਰੋਗਰਾਮ ਦੀ ਮਿਹਰਬਾਨੀ ਆ, ਬਾਈ... ਗੌਡ ਗ੍ਰੇਸ ਐ। ਵਗੈਰਾ-ਵਗੈਰਾ।

ਜਿੱਥੇ ਗੌਡ ਦੀ ਜਾਂ ਸ਼ਰਧਾ ਦੀ ਗੱਲ ਆਉਂਦੀ, ਮੈਨੂੰ ਉੱਥੇ ਅਲਰਜੀ ਹੋਣੀ ਸ਼ੁਰੂ ਹੋ ਜਾਂਦੀ। ਮੇਰੀ ਤਰਕਸ਼ੀਲਤਾ ਮੈਨੂੰ ਰੋਕਦੀ।

ਇਹੋ ਗੱਲ ਮੇਰੇ ਕਬੱਡੀ ਆਲ਼ੇ ਦਿਨਾਂ ਦੇ ਦੋਸਤ ਅਮਨ ਭੱਲਮਾਜਰੇ ਨੇ ਵੀ ਕਰੀ ਸੀ। ਇਹ ਅਮਨ ਭੱਲਮਾਜਰਾ, ਪੀਰ ਜੈਨੀਏ ਗਰੁੱਪ ਦਾ ਮੈਂਬਰ ਹੁੰਦਾ ਸੀ। ਪੂਰਾ ਸਿਰੇ ਦਾ ਬਦਮਾਸ਼ ਅਤੇ ਸਮੈਕੀਆ ਰਿਹੈ ਕਿਸੇ ਸਮੇਂ। ਹੁਣ ਇਸਦਾ ਰੀਹੈਬਲਿਟੇਸ਼ਨ ਸੈਂਟਰ ਸੀ ਸਰਹਿੰਦ। ਬਹੁਤ ਪਿਆਰਾ ਇਨਸਾਨ ਹੈ।

ਜਦੋਂ ਨਸ਼ਾ ਛਡਾਊ ਸੈਂਟਰ ਦੀ ਗੱਲ ਅੰਮ੍ਰਿਤ ਕੋਲ਼ ਕਰੀ ਤਾਂ ਉਹਨੇ ਸਾਫ਼ ਮਨ੍ਹਾਂ ਕਰਤਾ। ਉਹਨੂੰ ਇਹ ਸੀ ਕਿ ਕਿਤੇ ਇਹ ਫੇਰ ਟੀਕੇ ਵਗੈਰਾ ਨਾ ਲਾਉਣ ਲੱਗ ਜੇ'। ਕਿਉਂਕਿ ਬਾਹਰ ਲੋਕਾਂ 'ਚ ਅਮਲੀਆਂ ਨੇ ਝੂਠ ਬੋਲ-ਬੋਲ ਸੈਂਟਰ ਬਦਨਾਮ ਕੀਤੇ ਹੋਏ ਨੇ ਕਿ ਉੱਥੇ ਸੈਂਟਰਾਂ ਦੇ ਮਾਲਕ ਨਸ਼ਾ ਵੇਚਦੇ ਨੇ। ਘਰ ਦੇ ਡਰ ਜਾਂਦੇ ਨੇ। ਇੱਕ ਹੋਰ ਗੱਲ ਫੈਲਾਉਂਦੇ ਨੇ ਅਮਲੀ, ਕਿ ਉਹ ਕੁੱਟਦੇ ਬਹੁਤ ਨੇ। ਉਂ ਕੁਛ ਸੈਂਟਰ ਹੋਣਗੇ ਵੀ ਐਵੇਂ ਦੇ। ਪਰ ਸਾਰੇ ਨਹੀਂ। ਜਿਹੜੇ ਐਨ.ਏ. ਦੇ ਪ੍ਰੋਗਰਾਮ ਵਾਲ਼ੇ ਨੇ ਉੱਥੇ ਮਾਰ ਕੁਟਾਈ ਨਹੀਂ ਹੁੰਦੀ।

ਮੈਂ ਵੀ ਜਦੋਂ ਕਦੇ ਗੱਲ ਤੁਰਨੀ, ਬੇਸ਼ੱਕ ਕਿਸੇ ਹੋਰ ਬਾਰੇ ਹੀ ਤੁਰਦੀ ਤਾਂ ਕੌਂਸਲਿੰਗ ਕਰਦਾ ਰਹਿੰਦਾ ਸੀ ਕਿ ਸੈਂਟਰਾਂ ਆਲ਼ੇ ਤਾਂ ਨਸ਼ਾ ਵੇਚਦੇ ਨੇ। ਅਮਲੀ ਨਾਲ਼ ਗੱਲ ਕਰਕੇ ਪੈਸੇ ਠੱਗਦੇ ਨੇ ਘਰਦਿਆਂ ਤੋਂ...। ਐਵੇਂ ਈ ਝੂਠੀ-ਮੂਠੀ ਕਹਾਣੀ ਬਣਾ ਦਿੰਦਾ ਸੀ ਕਿ ਫਲਾਣੇ ਬੰਦੇ ਦੀ ਸੈਂਟਰ ਆਲਿਆਂ ਨੇ ਜ਼ਮੀਨ ਵੀ ਆਪਣੇ ਨਾਮ ਕਰਵਾ ਲੀ', ਹੁਣ ਕੇਸ ਚੱਲਦੈ। ਪਰ ਹੁਣ ਆਪਦੇ ਈ ਬੋਲੇ ਝੂਠ, ਮੇਰੇ ਸੁਧਾਰ 'ਚ ਰੋੜਾ ਬਣ ਰਹੇ ਸਨ।

ਅੰਮ੍ਰਿਤ ਕਹਿੰਦੀ, "ਚੱਲ ਭੋਰਾ ਸਾਹਬ ਚੱਲੀਏ, ਮੱਥਾ ਟੇਕ ਕੇ ਕਾਇਮ ਹੋ ... ਘਰ ਬੈਠ ਕੇ ਈ ਛੱਡ। ਮੈਂ ਲੱਤਾਂ ਘੁੱਟੂੰ... ਮਾਲਸ਼ ਕਰੂੰ... ਲੜਦੀ ਨ੍ਹੀਂ ਭੋਰਾ ਵੀ... ਪਰ ਕੱਢਦੇ ਕੋਹੜ ਨੂੰ।" ਰੋਂਦੀ ਹੋਈ ਖੁਸ਼ੂ ਵੱਲ ਮੂੰਹ ਕਰਕੇ ਕਹਿੰਦੀ, "ਕੱਲ੍ਹ ਨੂੰ ਕੁੜੀ 'ਤੇ ਰੋਹਬ ਨ੍ਹੀਂ ਰਹਿਣਾ ਤੇਰਾ, ਪਤਾ ਇਹਨੂੰ ਲੱਗ ਈ ਜਾਣੈ।"

ਮੈਂ ਚੁੱਪ-ਚਾਪ ਆਪਣੇ ਦਿਮਾਗ ਨਾਲ਼ ਘੁਲ਼ ਰਿਹਾ ਸੀ ਕਿ ਕੀ ਕਰਾਂ? ਕਿਵੇਂ ਛੱਡਾਂ? ਛੱਡ ਵੀ ਸਕੂੰਗਾ?

ਅਸੀਂ ਭੋਰਾ ਸਾਹਬ ਮੱਥਾ ਟੇਕ ਵਾਪਸ ਆ ਗਏ। ਬੇਸ਼ੱਕ ਮੈਂ ਸ਼ਰਧਾਲੂ ਕਿਸਮ ਦਾ ਬੰਦਾ ਨ੍ਹੀਂ ਹੈਗਾ, ਪਰ ਓਦਣ ਤਾਂ ਇਹ ਸੀ ਕਿ ਹਿੰਮਤ ਮਿਲੇ, ਕਿਤੋਂ ਮਿਲੇ। ਫੇਰ ਛੋਟੇ ਸਾਹਿਬਜ਼ਾਦਿਆਂ ਦੇ ਸਿਦਕ ਤੋਂ ਵੱਡਾ ਕਿਹੜਾ ਸਿਦਕ ਹੋ ਸਕਦਾ ਸੀ, ਜਿੱਥੋਂ ਹੌਂਸਲਾ ਲੈਂਦਾ। ਸੌਂਹ ਖਾਧੀ ਕਿ ਹੁਣ ਕਦੇ ਵੀ ਨਸ਼ਾ ਨਹੀਂ ਕਰਾਂਗਾ। ਜਿਹੜਾ ਸਮਾਨ ਹੋਰ ਜਗ੍ਹਾ ਲਕੋਇਆ

ਹੋਇਆ ਸੀ, ਉਹ ਵੀ ਫੜ੍ਹਾ 'ਤਾ ਅੰਮ੍ਰਿਤ ਨੂੰ ਕਿ ਤੂੰ ਆਪਣੇ ਹੱਥੀਂ ਸੁੱਟਦੇ। ਉਹਨੇ ਚਿਰ ਨਾ ਲਾਈ। ਪੰਦਰਾਂ ਹਜ਼ਾਰ ਦੀ 'ਫੀਮ ਸੁੱਟ ਕੇ ਉੱਤੋਂ ਪਾਣੀ ਛੱਡਤਾ।

ਸੋਲਾਂ ਅਪ੍ਰੈਲ ਦੀ ਰਾਤ ਲੰਘ ਚੁੱਕੀ ਸੀ। ਇੱਕ ਰਾਤ ਤਾਂ ਪਿਛਲੇ ਕੀਤੇ ਨਸ਼ੇ ਕਰਕੇ ਸੌਖੀ ਲੰਘੀ ਤੇ ਦੂਜਾ ਦਿਨ ਅੰਮ੍ਰਿਤ ਨੇ ਛੁੱਟੀ ਲੈ ਕੇ ਕਢਾਤਾ। ਸ਼ਾਮ ਨੂੰ ਸਰੀਰ ਪੂਰਾ ਟੁੱਟ ਚੁੱਕਿਆ ਸੀ ਪਰ ਹਿੰਮਤ ਅਜੇ ਹੈ ਗੀ' ਸੀ। ਕੁਛ ਮੈਂ ਸੰਦੀਪ ਬੜਬਰ ਨੂੰ ਫੋਨ ਕਰ ਲਿਆ ਤੇ ਆਪਣੀ ਹਾਲਤ ਦੱਸੀ। ਉਹਨੇ ਆਪਣਾ ਤਜ਼ੁਰਬਾ ਸਾਂਝਾ ਕੀਤਾ, "ਮੈਨੂੰ ਤੇਰੇ ਤੋਂ ਵੀ ਜਿਆਦਾ ਤੋੜ ਲੱਗੀ ਸੀ। ਤੂੰ ਤਾਂ ਬਹੁਤ ਕੈਮ ਐਂ। ਹਿੰਮਤ ਨਾ ਹਾਰੀਂ। ਜਿਆਦਾ ਤੋਂ ਜਿਆਦਾ 72 ਘੰਟੇ ਤੋੜ ਰਹਿੰਦੀ ਏ। ਬਸ ਹੁਣ ਜੇ ਗੌਡ-ਗ੍ਰੇਸ ਹੋਈ ਐ ਤਾਂ ਡਟਿਆ ਰਹਿ।"

ਉਸਦੀ ਸਾਰੀ ਗੱਲਬਾਤ 'ਚੋਂ ਗੌਡ-ਗ੍ਰੇਸ ਆਲੀ ਗੱਲ ਨ੍ਹੀਂ ਵਧੀਆ ਲੱਗੀ। ਊਂ ਹੌਂਸਲਾ ਬਹੁਤ ਮਿਲਿਆ। ਮੈਨੂੰ ਪਤਾ ਸੀ ਬਈ ਉਹ ਕਿੰਨਾਂ ਜਿਆਦਾ ਨਸ਼ਾ ਕਰਦਾ ਰਿਹੈ। ਇਸ ਲਈ ਆਂਏਂ ਲੱਗਿਆ, ਬਈ ਜਦੋਂ ਇਹ ਠੀਕ ਹੋ ਸਕਦੈ... ਤਾਂ ਮੈਂ ਕਿਉਂ ਨ੍ਹੀਂ। ਮੈਨੂੰ ਯਾਦ ਹੈ, ਕੇਰਾਂ ਟੱਲੀ ਹੋਇਆ ਉਹ ਆਪਣੀ ਮਰੂਤੀ ਕਾਰ ਈ ਭੁੱਲ ਆਇਆ ਸੀ। ਕਿੰਨੇ ਦਿਨ ਬਾਅਦ ਯਾਦ ਆਈ ਸੀ ਕਿ ਕਿੱਥੇ ਖੜ੍ਹੀ ਕਰੀ ਆ। ਮੋਟਰ ਸਾਈਕਲ ਤਾਂ ਹੁਣ ਤੱਕ ਨ੍ਹੀਂ ਯਾਦ ਆਇਆ ਉਹਨੂੰ। ਦਸ ਸਾਲ ਪਹਿਲਾਂ ਬਜ਼ਾਰ ਗਿਆ ਭੁੱਲ ਆਇਆ ਸੀ, ਟੈਟ ਹੋਇਆ। ਖ਼ੈਰ!

ਮੈਂ ਇੱਕ ਰੈੱਡ-ਬੁੱਲ ਵੀ ਪੀਤਾ, ਪਰ ਕੋਈ ਗੱਲ ਨਾ ਬਣੀ। 17 ਅਪ੍ਰੈਲ ਦੀ ਅੱਧੀ ਰਾਤ ਹੋ ਗੀ' ਸੀ। ਇੱਕ ਢੌਂਕਾ ਨੀਂਦ ਦਾ ਵੀ ਲੱਗ ਗਿਆ ਸੀ। ਪਰ ਜਦੋਂ ਜਾਗ ਆਈ ਤਾਂ ਬੁਰਾ ਹਾਲ। ਲੱਤਾਂ ਟੁੱਟਣ। ਜੀ ਕਰੇ ਕੋਈ ਰੋੜ ਕੁੱਟਣਾ ਚੜ੍ਹਾ ਦੇਵੇ। ਚੀਸਾਂ ਈ ਐਨੀਆਂ ਪੈਣ...। ਅੱਖਾਂ 'ਚੋਂ ਪਾਣੀ ਚੱਲੇ, ਉਬਾਸੀਆਂ ਆਉਣ, ਅੱਚਵੀ ਜਿਹੀ ਵਧਦੀ ਹੀ ਜਾਵੇ। ਇਸ ਵਾਰ ਹਿੰਮਤ ਈ ਸਹਾਰਾ ਸੀ। ਮੈਂ ਅੰਮ੍ਰਿਤ ਨੂੰ ਜਗਾਉਂਦੇ ਨੇ ਕਿਹਾ, "ਬਹੁਤ ਬੁਰਾ ਹਾਲ ਐ ਯਾਰ, ਜਾਨ ਨਿੱਕਲ਼ਦੀ ਜਾਂਦੀ ਐ।"

"ਹੋ ਕੀ ਰਿਹੈ... ਘਬਰਾਹਟ ਹੁੰਦੀ ਐ?" ਹੌਲ਼ੀ ਕੁ ਦੇਣੇ ਪੁੱਛਦੀ ਹੋਈ ਉਹ ਉੱਠ ਕੇ ਬੈਠ ਗਈ।

"ਪਤਾ ਨਈਂ ਯਾਰ...।" ਮੈਨੂੰ ਖਿਝ ਚੜ੍ਹ ਰਹੀ ਸੀ ਆਪਣੇ-ਆਪ ਉੱਤੇ, ਉਸ ਘੜੀ ਉੱਤੇ। ਕੋਸ ਰਿਹਾ ਸੀ ਉਸ ਪਲ ਨੂੰ ਜਦੋਂ ਪਹਿਲਾ ਪੈੱਗ ਲਾਇਆ ਸੀ। ਜਦੋਂ ਪਹਿਲੀ ਵਾਰ ਸਮੈਕ ਦਾ ਸੂਟਾ ਖਿੱਚਿਆ ਸੀ ਕਿ, ਕਾਸ਼!

ਪਰ ਇਸ ਵਾਰ ਕੋਸ਼ਿਸ਼ ਬਿੱਲਕੁਲ ਇਮਾਨਦਾਰੀ ਨਾਲ਼ ਹੋ ਰਹੀ ਸੀ। ਸਭ ਕੁਛ ਸੁੱਟਵਾਤਾ ਸੀ। ਕੁਛ ਨ੍ਹੀਂ ਸੀ ਰੱਖਿਆ ਲੁਕੋ ਕੇ। ਅੱਗੇ ਤਾਂ ਜਿੰਨੀ ਵਾਰ ਵੀ ਛੱਡਿਆ ਸੀ ਤਾਂ ਬੈਕ-ਅੱਪ ਜਰੂਰ ਰੱਖਦਾ। ਬਈ ਜੇ ਜਿਆਦਾ ਬੁਰਾ ਹਾਲ ਹੋ ਗਿਆ, ਜੇ ਦੌਰਾ-ਦੂਰਾ ਪੈਣ ਲੱਗਿਆ ਤਾਂ...।

ਉਹ ਮੇਰੀਆਂ ਲੱਤਾਂ ਘੁੱਟੀ ਜਾਵੇ, ਨਾਲ਼ੇ ਮੈਨੂੰ ਵਾਰ-ਵਾਰ ਹੌਂਸਲਾ ਦੇਈ ਜਾਵੇ, "ਯਾਰ ਮੈਂ ਤੇਰੇ ਨਾਲ਼ ਹਾਂ, ਭਰੋਸਾ ਰੱਖ, ਤੈਨੂੰ ਕੁਛ ਨ੍ਹੀਂ ਹੋਣ ਦਿੰਦੀ। ਮੈਨੂੰ ਭੋਰਾ ਸਾਹਬ 'ਤੇ

ਬਹੁਤ ਭਰੋਸੈ...ਸਾਹਿਬਜ਼ਾਦਿਆਂ ਤੋਂ ਉੱਪਰ ਕੁਛ ਨ੍ਹੀਂ...ਹਿੰਮਤ ਰੱਖ ਪਲੀਜ਼...।"

ਸਾਨੂੰ ਬੋਲਦਿਆਂ ਸੁਣ, ਨਾਲ਼ ਦੇ ਕਮਰੇ 'ਚੋਂ ਬੀਬੀ ਵੀ ਆ ਗਈ ਸਾਡੇ ਕੋਲ਼। ਅੰਮ੍ਰਿਤ ਨੂੰ ਲੱਤਾਂ ਘੁੱਟਦਿਆਂ ਦੇਖ ਬੋਲੀ, "ਲਿਆ ਮੰਗੇ, ਮੈਂ ਕੱਢਾਂ ਭਾੜ। ਅਰਾਮ ਮਿਲੂ, ਗਰਮ ਸਰਦ ਹੋ ਗੀਆਂ, ਵਾਰ-ਵਾਰ ਬਾਥਰੂਮ ਜਾਈ ਜਾਨੈਂ...ਨੰਗੇ ਪੈਰੀਂ।"

ਜਦੋਂ ਕਦੇ ਛੋਟੇ ਹੁੰਦੇ ਦੀਆਂ ਗਰਮ-ਸਰਦ ਹੋ ਕੇ ਲੱਤਾਂ ਦੁਖਣੀਆਂ, ਤਾਂ ਬੀਬੀ ਨੇ ਦੋਵੇਂ ਅੰਗੂਠਿਆਂ ਨਾਲ਼ ਕੁੱਲਿਆਂ ਕੋਲ਼ੋਂ ਨਾੜਾਂ ਦੱਬ ਕੇ ਰੱਖਣੀਆਂ। ਥੋੜ੍ਹੀ ਦੇਰ ਬਾਅਦ ਛੱਡ ਦੇਣੀਆਂ। ਭਾੜ ਜਿਹੀ ਨਿੱਕਲ ਜਾਣੀ ਅਤੇ ਇੱਕੋ ਦਮ ਅਰਾਮ ਮਿਲ ਜਾਣਾ।

ਬੀਬੀ ਨੂੰ ਕੀ ਦੱਸਦਾ ਬਈ ਹੁਣ ਉਹ ਨਾੜਾਂ ਈ ਨ੍ਹੀਂ ਛੱਡੀਆਂ ਤੇਰੇ ਪੁੱਤ ਨੇ। ਨਾ ਨਸ਼ੇ ਨੇ ਉਹ ਪੁੱਤ ਛੱਡਿਐ, ਜੀਹਨੂੰ ਬਘਿਆੜ ਤੋਂ ਵੀ ਬਹਾਦਰ ਕਹਿੰਦੀ ਸੀ। ਕੀ ਦਸਦਾ ਕਿ ਇਨ੍ਹਾਂ ਨਾੜਾਂ 'ਚੋਂ ਹੁਣ ਭਾੜ ਨਹੀਂ ਨਿੱਕਲ਼ ਸਕਦੀ। ਇਹ ਮਾਸ-ਲਹੂ ਦੀਆਂ ਨਹੀਂ ਰਹੀਆਂ, ਇਹ ਤਾਂ ਲੋਹੇ ਦੀਆਂ ਤਾਰਾਂ ਬਣ ਗਈਆਂ ਹਨ। ਅੰਮ੍ਰਿਤ ਨੇ ਕਹਿ-ਕੁਹਾਕੇ ਬੀਬੀ ਨੂੰ ਓਧਰ ਭੇਜਤਾ ਕਿ, "ਖੁਸ਼ੂ ਉੱਠ ਖੜੂ, ਮੰਮੀ ਉਹਦੇ ਕੋਲ਼ ਪੈ ਜੋ ਤੁਸੀਂ ਜਾ ਕੇ, ਡਰਜੂਗੀ ਜੇ ਉੱਠ ਖੜ੍ਹੀ।"

ਬੀਬੀ ਓਧਰ ਗਈ ਨ੍ਹੀਂ ਕਿ ਬਸ ਮੈਂ ਲੱਗ ਪਿਆ ਲੇਲ੍ਹੜੀਆਂ ਕੱਢਣ, ਆਖਾਂ, "..ਮੈਂ ਤਾਂ ਮਰਦਾ ਜਾ ਰਿਹੈਂ। ਜਿਵੇਂ ਮਰਜ਼ੀ ਕੋਈ ਹੀਲਾ ਕਰ। ਥੋੜ੍ਹਾ ਜਿਆ ਈ ਦੇ ਕਿਤੋਂ ਲੱਭ ਕੇ..।" ਮੈਨੂੰ ਇਹ ਸੀ ਕਿ ਖਬਰਾ ਇਹਨੇ ਰੱਖਿਆ ਹੋਵੇ ਥੋੜ੍ਹਾ-ਬਹੁਤ ਸੁੱਟਣ ਲੱਗੀ ਨੇ। "ਯਾਰ ਹੁਣ ਅੱਧੀ ਰਾਤ ਨੂੰ ਮੈਂ ਕੀਹਦੇ ਕੋਲ਼ ਜਾਵਾਂ?" ਉਹ ਮਜ਼ਬੂਰ ਸੀ। ਕਿੱਥੇ ਜਾਂਦੀ, ਕਿਸੇ ਦੇ ਘਰ ਅੱਧੀ ਰਾਤ। "ਕੁਲਜੀਤ ਕੇ ਘਰੋਂ ਇੱਕ-ਦੋ ਪੈੱਗ ਈ ਲਿਆ ਦੇ।" ਮੈਂ ਵੀ ਮਜ਼ਬੂਰ ਸੀ ਨਸ਼ੇ ਅੱਗੇ।

ਕੁਲਜੀਤ ਮੇਰਾ ਗਵਾਂਢੀ ਵੀ ਐ ਤੇ ਦੋਸਤ ਵੀ। ਹੋਰ ਐਥੇ ਫਲੈਟਾਂ 'ਚ ਕਿਸੇ ਨਾਲ਼ ਐਨਾ ਨ੍ਹੀਂ ਹੈਗਾ। ਕੁਛ ਮੈਨੂੰ ਪਤਾ ਸੀ ਕਿ ਉਹ ਮਾੜੀ ਮੋਟੀ ਪੀ ਲੈਂਦਾ। ਜਦੋਂ ਮੈਂ ਹਟਿਆ ਈ ਨਾ ਉਸਦੀਆਂ ਮਿੰਨਤਾਂ ਕਰਨ ਤੋਂ, ਤਾਂ ਉਹਨੇ ਗੁੱਸੇ 'ਚ ਆ ਕੇ ਉਹ ਅਫੀਮ ਲਿਆ ਕੇ ਦੇ 'ਤੀ, ਜਿਹੜੀ ਟਾਇਲਟ 'ਚ ਸੁੱਟਣ ਲੱਗੀ ਨੇ ਰੱਖ ਲਈ ਸੀ ਕਿ ਕਿਤੇ ਅਧਰੰਗ ਵਗੈਰਾ ਦਾ ਦੌਰਾ-ਦੂਰਾ ਨਾ ਪੈ ਜੇ'।

ਅਮਲੀਆਂ ਅਤੇ ਬਲੈਕੀਆਂ ਨੇ ਇਹ ਅਧਰੰਗ ਦਾ ਦੌਰਾ ਪੈਣ ਆਲ਼ੀ ਵੀ ਇੱਕ ਅਫਵਾਹ ਜਿਹੋ ਈ ਫੈਲਾਈ ਹੋਈ ਐ। ਅੱਜ ਤੱਕ ਨਾ ਕਿਸੇ ਨੂੰ ਨਸ਼ਾ ਛੱਡਣ ਕਰਕੇ ਦੌਰਾ ਪਿਆ ਤੇ ਨਾ ਕੋਈ ਛੱਡਦਾ ਹੋਇਆ ਮਰਿਐ। ਹਾਂ ਖਾਂਦੇ ਹੋਏ ਮਰਦੇ, ਰੋਜ਼ਾਨਾ ਅਖਬਾਰਾਂ ਦੀਆਂ ਸੁਰਖੀਆਂ ਬਣਦੇ ਨੇ।

ਮੈਨੂੰ ਅਫ਼ੀਮ ਨਾਲ਼ ਪਾਣੀ ਦਾ ਗਲਾਸ ਫੜਾਉਂਦੀ ਹੋਈ ਬੋਲੀ, "ਲੈ ਫੜ, ਪਰ ਮੈਨੂੰ ਨਾ ਬੁਲਾਈਂ ਅੱਜ ਤੋਂ ਬਾਅਦ। ਮੈਂ ਈ ਗ਼ਲਤ ਸੀ। ਤੂੰ ਨ੍ਹੀਂ ਸੁਧਰਨਾ। ਤੇਰੇ ਲਈ ਮੈਂ ਤੇ ਮੇਰੀ ਕੁੜੀ ਕੁਛ ਨ੍ਹੀਂ ਬਸ...।"

ਗੁੱਸੇ 'ਚ ਆ ਕੇ ਮੈਂ, ਘੋਲ਼ੀ ਹੋਈ ਅਫੀਮ ਆਲ਼ਾ ਗਲਾਸ ਪਰ੍ਹੇ ਮਾਰਿਆ ਵਗਾਹ ਕੇ,

"ਲੈ ਨਹੀਂ ਖਾਂਦਾ ਯਾਰ।" ਪਾਣੀ 'ਚ, ਤਾਂ ਕਰਕੇ ਘੋਲ਼ੀ ਸੀ ਕਿ ਜਲਦੀ ਨਸ਼ਾ ਕਰੇ। ਕਿਉਂਕਿ ਤੋੜ ਲੱਗੀ 'ਚ ਸੁੱਕੀ ਅਫੀਮ ਜਲ਼ਦੀ ਕੰਮ ਨ੍ਹੀਂ ਕਰਦੀ।

ਪਤਾ ਨ੍ਹੀਂ ਕਿਵੇਂ ਮੈਥੋਂ ਉਹ ਗਲਾਸ ਸੁੱਟਿਆ ਗਿਆ। ਪਰ ਔਖਾ ਬਹੁਤ ਹੋਇਆ।

ਜਦੋਂ ਸਵੇਰ ਉਹ ਬਾਥਰੂਮ ਗਈ, ਤਾਂ ਮੈਂ ਉੱਠ ਕੇ ਉਹ ਜਗ੍ਹਾ ਚੱਟ-ਚੱਟ ਦੇਖੀ, ਜਿੱਥੇ ਗਲਾਸ ਸੁੱਟਿਆ ਸੀ ਕਿ ਖੌਰੇ ਮਾੜਾ ਮੋਟਾ ਅਧਾਰ ਈ ਮਿਲ ਜੇ', ਭੋਰਾ ਨਸ਼ਾ ਈ ਹੋ ਜੇ'।

ਸਵੇਰੇ ਉਹਦੀ ਕਿਸੇ ਜ਼ਰੂਰੀ ਜਗ੍ਹਾ ਡਿਊਟੀ ਹੋਣ ਕਰਕੇ ਉਹਨੂੰ ਕਾਲਜ ਜਾਣਾ ਪਿਆ। ਪਰ ਗਈ ਸੀ ਬਹੁਤ ਸਮਝਾਕੇ। ਕਹਿੰਦੀ ਸੀ "ਦੇਖੀਂ ਕਿਤੇ ਹੁਣ ਨਾ ਕਰ ਲੀਂ", ਹੁਣ ਨਾ ਕੁਛ ਖੇਹ-ਸਵਾਹ ਖਾ ਲਵੀਂ।" ਜਾਂਦੀ ਹੋਈ ਉਹ ਮੈਨੂੰ ਨਾਲ਼ੇ ਚੁੰਮੀ ਕਰ ਗਈ ਨਾਲ਼ੇ ਹੰਝੂਆਂ ਨਾਲ਼ ਅੱਖਾਂ ਭਰਕੇ ਕਹਿਦੀ, "ਬਹੁਤ-ਬਹੁਤ ਲਵ-ਯੂ।"

ਗਿਆਰਾਂ ਕੁ ਵਜੇ ਤੱਕ ਤਾਂ ਮੈਂ ਆਪਣੇ ਕੌਲ ਉੱਤੇ ਕਾਇਮ ਰਿਹਾ। ਪਰ ਫੇਰ ਕੰਮ ਔਖਾ ਹੁੰਦਾ ਦੇਖ਼, ਇੱਕ ਦੋਸਤ ਨੂੰ ਫੋਨ ਕਰਿਆ, "ਜਿਵੇਂ ਮਰਜ਼ੀ, ਜਿੱਥੋਂ ਮਰਜ਼ੀ ਹੀਲਾ ਕਰ, ਜਾਨ ਨਿਕਲਦੀ ਜਾਂਦੀ ਐ।"

ਉਹਨੇ ਬੇਚਾਰੇ ਨੇ ਪਤਾ ਨ੍ਹੀਂ ਕਿੱਥੋਂ ਲਿਆ ਕੇ ਦਿੱਤੀ, ਤੇ ਮੈਂ ਉਸਤੋਂ ਫੜ ਕੇ ਸਿੱਧੀ ਢਿੱਡ 'ਚ ਸੁੱਟ ਲਈ। ਨਾਲ਼ ਈ ਸੁੱਟ 'ਤੀ ਖੂਹ 'ਚ ਉਹ ਮਿਹਨਤ, ਉਹ ਜੱਦੋ ਜਹਿਦ, ਜਿਹੜੀ ਕਰ ਰਿਹਾ ਸੀ। ਨਾਲ਼ੇ ਪਾਣੀ ਫੇਰਤਾ ਸਾਰੇ ਟੱਬਰ ਦੀਆਂ ਆਸਾਂ ਉੱਤੇ।

ਫੇਰ ਬੀਬੀ ਤੋਂ ਦੁਬਾਰਾ ਰੋਟੀ ਪਕਵਾ ਕੇ ਖਾਧੀ ਤੇ ਸੌਂ ਗਿਆ ਆਰਾਮ ਨਾਲ਼।

ਜਦੋਂ ਮੈਨੂੰ ਥੋੜ੍ਹੀ ਜਿਹੀ ਜਾਗ ਆਈ ਤਾਂ ਲੱਗਿਆ ਜਿਵੇਂ ਕੋਈ ਸਿਰਹਾਣੇ ਬੈਠਾ ਰੋ ਰਿਹਾ ਹੋਵੇ। ਪਹਿਲਾਂ ਲੱਗਿਆ ਜਿਵੇਂ ਸੁਪਨੈ, ਅੱਖ ਖੋਲ੍ਹ ਕੇ ਦੇਖਿਆ ਤਾਂ ਅੰਮ੍ਰਿਤ ਬੈਠੀ ਹੰਝੂਓ-ਹੰਝੂ ਹੋਈ। ਮਖਿਆਂ, "ਕੀ ਹੋਇਆ! ਤੂੰ ਰੋ ਕਿਉਂ ਰਹੀ ਐ?" ਉਸ ਨੂੰ ਹੌਂਕਿਆਂ ਨਾਲ਼ ਰੋ ਰਹੀ ਨੂੰ ਮੈਂ ਪੁੱਛਿਆ। ਕਹਿੰਦੀ, "ਮੰਗੇ ਹਟਿਆ ਨ੍ਹੀਂ ਤੂੰ... ਕੀ ਫਾਇਦਾ... ਕਿਉਂ ਤੜਫਾਉਂਨੈ?"

"ਗੱਲ ਦੱਸ ਹੋ ਕੀ ਗਿਆ?" ਮੈਂ ਡਰ ਗਿਆ ਸੀ ਕਿ ਇਹਨੂੰ ਪਤਾ ਲੱਗ ਗਿਆ।

"ਕਿਉਂ ਮੂਰਖ ਸਮਝ ਰਿਹੈਂ ਯਾਰ...ਬਹੁਤ ਬੜਾ ਨੁਕਸਾਨ ਹੋ ਜਾਣੈਂ।"

"ਹੁਣ ਜੇ ਕੁਛ ਦੱਸੇਂਗੀ ....ਤਾਂ ਹੀ ਪਤਾ ਲੱਗੂ।"

"ਦੇਖ ਜੇ ਮੰਨਜੇਂਗਾ ਤਾਂ ਵਧੀਆ ਰਹੇਂਗਾ, ਅਜੇ ਵੀ ਮੌਕਾ ਤੇਰੇ ਕੋਲ਼। ਨਹੀਂ ਤਾਂ ਹੁਣ ਅਸੀਂ ਰਿਸ਼ਤੇਦਾਰ ਵੀ 'ਕੱਠੇ ਨ੍ਹੀਂ ਕਰਨੇ, ਕੁਛ ਖਾ ਕੇ ਈ ਮਰ ਜਾਣੈਂ ਦੋਵਾਂ ਨੇ। ਫੇਰ ਜੋ ਜੀ ਕਰੂ ਕਰੀਂ।" ਬੀਬੀ ਬੋਲੀ, "ਦੋਵਾਂ ਨੇ ਕੀ ਮੈਂ ਵੀ ਨਾਲ਼ ਖਾਊਂ।" ਇਹ ਆਖ ਬੀਬੀ ਉੱਚੀ ਦੇਣੇ ਰੋ ਪਈ ਸੀ। ਦੂਜੇ ਕਮਰੇ 'ਚ ਜਾ ਕੇ, ਉਹਦੀ ਰੋਂਦੀ ਦੀ ਆਵਾਜ਼ ਨੇ ਅੰਮ੍ਰਿਤ ਹੋਰ ਰਵਾ ਦਿੱਤੀ।

ਫੇਰ ਥੋੜ੍ਹਾ ਜਿਹਾ ਰੁਕ ਕੇ ਅੰਮ੍ਰਿਤ ਬੋਲੀ, "ਮੰਗੇ ਮੈਂ ਪਰਚੀ ਪਾਈ ਸੀ ਯਾਰ, ਭੋਰਾ

ਸਾਹਬ ਪਾਠ ਕਰਕੇ।"

ਮਖਿਆਂ, "ਫੇਰ?"

ਫੇਰ ਕੀ, ਤੈਨੂੰ ਪਤਾ ਮੈਨੂੰ ਕਿੰਨਾਂ ਯਕੀਨ ਐ ਸਾਹਿਬਜ਼ਾਦਿਆਂ 'ਤੇ ..ਹੁਣ ਸਿੱਧੀ ਉੱਥੋਂ ਈ ਆ ਰਹੀਂ ਆਂ। ਪਰਚੀਆਂ ਪਾਈਆਂ ਸੀ ਕਿ ਤੂੰ ਨਸ਼ਾ ਕੀਤਾ ਅੱਜ ਦੁਬਾਰਾ? ਪਰਚੀ ਤੇਰੇ ਨਸ਼ੇ ਕਰਨ ਦੀ ਨਿੱਕਲ਼ੀ ਐ। ਆਂਏਂ ਕਿਵੇਂ, ਸਵੇਰੇ ਤੇਰਾ ਬੁਰਾ ਹਾਲ ਸੀ, ਹੁਣ ਜਮਾਂ ਨੌਂ-ਬਰ-ਨੌਂ .... ਇਹ ਕਿਵੇਂ ਹੋ ਸਕਦੈ?"

ਉਹ ਬਹੁਤ ਯਕੀਨ ਨਾਲ਼ ਕਹਿ ਰਹੀ ਸੀ। ਜਿਵੇਂ ਉਹਨੂੰ ਉਹੀ ਦੱਸ ਗਿਆ ਜੋ ਮੈਨੂੰ ਸਮਾਨ ਫੜਾ ਕੇ ਗਿਆ ਸੀ। ਐਨਾ ਜਿਆਦਾ ਯਕੀਨ ਸੀ ਉਸਦੀ ਗੱਲ 'ਚ ਜਿਵੇਂ ਸਾਹਮਣੇ ਖੜ੍ਹੀ ਨੇ ਦੇਖਿਆ ਹੋਵੇ। ਜਿਵੇਂ ਕੋਈ ਅਦਿੱਖ ਸ਼ਕਤੀ ਉਸਨੂੰ ਸਾਫ-ਸਾਫ ਦਿਖਾ ਰਹੀ ਹੋਵੇ। ਮੇਰੀ ਮਜ਼ਬੂਰੀ ਸੀ ਮੈਂ ਦਲੀਲ ਵੀ ਨੀਂ ਦੇ ਸਕਦਾ ਸੀ ਕਿ ਐਵੇਂ ਦੀਆਂ ਪਰਚੀਆਂ ਸੱਚੀਆਂ ਥੋੜ੍ਹਾ ਹੁੰਦੀਆਂ ਨੇ। ਕਿਉਂਕਿ ਇੱਕ ਵਾਰ ਉਸਨੇ ਮੇਰੇ ਕਰੈਕਟਰ ਬਾਰੇ ਪਰਚੀਆਂ ਪਾਈਆਂ ਸੀ, ਕਿਸੇ ਫੋਨ ਨੰਬਰ ਤੋਂ ਸ਼ੱਕ ਹੋਣ 'ਤੇ। ਪਰਚੀ ਨਿੱਕਲ਼ੀ ਸੀ ਮੇਰੇ ਹੱਕ 'ਚ... ਤੇ ਮੈਂ ਫ਼ੁਕਰੀ-ਫ਼ੁਕਰੀ 'ਚ ਕਿਹਾ ਸੀ, "ਸੱਚੀਂ ਸ਼ਰਧਾ ਬਿਲਕੁਲ ਸੱਚ ਵਰਗੀ ਹੁੰਦੀ ਹੈ। ਦੇਖ ਲੈ ਰੱਬ ਨੇ ਵੀ ਗਵਾਹੀ ਸਹੀ ਭਰੀ ਐ ਮੇਰੇ ਕਰੈਕਟਰ ਦੀ।"

ਉਹ ਬਿੱਲਕੁਲ ਸੱਚ ਬੋਲ ਰਹੀ ਸੀ। ਕਹਿੰਦੀ, "ਜਿੰਨਾਂ ਚਿਰ ਤੂੰ ਪੂਰਾ ਸੱਚ ਨੀਂ ਬੋਲਦਾ, ਪੂਰਾ ਖੁੱਲ੍ਹ ਕੇ ਸੱਚੋ-ਸੱਚ ਨੀਂ ਦੱਸ ਦਿੰਦਾ, ਓਨਾਂ ਚਿਰ ਤੇਰਾ ਹੱਲ ਨੀਂ ਹੋਣਾ। ਹਾੜ੍ਹੇ ਹੁਣ ਤਾਂ ਮੰਨ ਜਾ ਯਾਰ, ਬਹੁਤ ਟੈਮ ਖ਼ਰਾਬ ਹੋ ਗਿਆ, ਨਾ ਰੱਖ ਅੰਦਰੋ-ਅੰਦਰ।" ਇਹ ਆਖ ਉਹ ਉੱਠ ਕੇ ਰਸੋਈ 'ਚ ਨੂੰ ਜਾਣ ਲੱਗੀ ਫੇਰ ਬੋਲੀ, "ਹੁਣ ਵੀ ਮੌਕਾ ਤੇਰੇ ਕੋਲ਼, ਫੇਰ ਪਛਤਾਵੇਂਗਾ।" ਉਹਦੇ ਪਿੱਛੇ ਉੱਠ ਕੇ ਮੈਂ ਵੀ ਰਸੋਈ 'ਚ ਚਲੇ ਗਿਆ।

"ਮੈਂ ਸਭ ਕੁਛ ਸੱਚ ਦੱਸ ਦਿਨੈਂ। ਪਰ ਮੇਰੀ ਵੀ ਇੱਕ ਗੱਲ ਮੰਨਣੀ ਪਊਗੀ। ਜਿਵੇਂ ਮੈਂ ਕਹਿਨੈਂ ਓਵੇਂ ਮੰਨੀ ਮੇਰੀ।" ਮੇਰੇ ਕੋਲ਼ ਹੁਣ ਕੋਈ ਚਾਰਾ ਨੀਂ ਸੀ। ਸੋਚਿਆ, ਯਾਰ ਮਨਾਂ, ਕੱਢ ਪਰੇ ਕਚਿਆਣ ਜਿਹੀ। ਮੈਂ ਮਨੋਂ-ਮਨੀਂ ਤਿਆਰ ਹੋ ਰਿਹਾ ਸੀ ਸੱਚ ਦੱਸਣ ਲਈ ਅਤੇ ਸੱਚੀਓਂ ਛੱਡਣ ਲਈ।

"ਠੀਕ ਐ, ਪਰ ਅੱਜ ਖੋਲ੍ਹ ਦੇ ਮਨ ਦੇ ਭੇਦ। ਦੱਸ ਦੇ ਸਭ ਕੁਛ ਕਿ ਅਜੇ ਵੀ ਕਿਉਂ ਨੀਂ ਕੱਢ ਰਿਹੈ ਇਸ ਕੋਹੜ ਨੂੰ? ਕਿੰਨਾ ਕੁ ਖਾ ਰਿਹੈਂ ਤੂੰ? ਕੀ ਮਜ਼ਬੂਰੀ ਆ? ਸਭ ਦੱਸ ਦੇ ਯਾਰ, ਹੁਣ ਹੋਰ ਨੀਂ ਸਹਿ ਹੁੰਦਾ। ਜਿਵੇਂ ਬੋਲੇਂਗਾ ਓਵੇਂ ਤੇਰੇ ਨਾਲ਼ ਆਂ।" ਅੰਮ੍ਰਿਤ ਹੁਣ ਜਮਾਂ ਸਮਰਪਣ ਕਰ ਚੁੱਕੀ ਸੀ। ਅਸੀਂ ਫੇਰ ਕਮਰੇ 'ਚ ਬੈੱਡਾਂ 'ਤੇ ਬੈਠ ਗਏ ਆ ਕੇ।

ਮੈਂ ਵੀ ਹੁਣ ਇਹ ਕਹਿਕੇ ਦੱਸਤਾ, "ਅੱਜ ਫੇਰ ਖਾਧੀ ਐ ਅਫ਼ੀਮ। ਪਰ ਹੁਣ ਮੈਨੂੰ ਨਸ਼ਾ ਛੁਡਾਊ ਕੇਂਦਰ 'ਚ ਲਾ ਆਉਣ ਦੇ ਕੁਛ ਦਿਨ। ਉਰੇ ਘਰ ਨੀਂ ਛੱਡ ਹੁੰਦੀ। ਬਹੁਤ ਕੋਸ਼ਿਸ਼ ਕਰਲੀ'। ਆਖਰੀ ਮੌਕਾ ਦੇ ਦੇ, ਜਿਵੇਂ ਮੈਂ ਕਹਿਨੈ।"

ਉਹ ਮੰਨ ਗੀ'। ਕਹਿੰਦੀ, "ਕਿੱਥੇ ਜਾਵੇਂਗਾ? ਕੌਣ ਏ ਉਹ? ਮੈਂ ਮਿਲਣੈ ਇੱਕ ਵਾਰ, ਉਹਨੂੰ ਘਰ ਬੁਲਾ ਜਾਂ ਮੈਨੂੰ ਉਥੀ ਲੈ ਜਾ।"

ਉਹਦੇ ਤੌਖਲੇ ਵੀ ਮੇਰੇ ਹੀ ਖੜ੍ਹੇ ਕੀਤੇ ਹੋਏ ਸੀ। ਹੁਣ ਮੈਂ ਈ ਦੂਰ ਕਰਨੇ ਸੀ। ਜੋ ਮੈਂ ਅਮਨ ਭੱਲਮਾਜਰੇ ਨੂੰ ਫੋਨ ਕੀਤਾ ਤਾਂ ਅਮਨ ਕੋਈ ਦਸਾਂ ਮਿੰਟਾਂ 'ਚ ਈ ਆ ਗਿਆ। ਇੱਕ ਹੋਰ ਮੁੰਡੇ 'ਮਨੀ' ਨੂੰ ਲੈ ਕੇ।

ਅੰਮ੍ਰਿਤ ਨੇ, ਮੇਰੀ ਛੋਟੀ ਭੈਣ ਜੋ ਲੋਕਲ ਈ ਰਹਿੰਦੀ ਆ ਸਿਰਫ ਉਹਨੂੰ ਈ ਦੱਸਿਆ ਸੀ। ਸਕੂਲ 'ਚ ਵੀ ਮੈਡੀਕਲ ਬਣਾ ਕੇ ਆਪ ਹੀ ਦੇ 'ਤਾ ਬੇਚਾਰੀ ਨੇ।

ਮੈਂ ਕਰੀਬ ਪੰਜ ਵਜੇ ਚੱਕ ਕੇ ਬੈਗ ਜਿਵੇਂ ਖੇਡਣ ਜਾਂਦਾ ਹੁੰਦਾ ਸੀ, ਤੁਰ ਪਿਆ ਨਵੇਂ ਸਫ਼ਰ ਉੱਤੇ। ਇੱਕ ਨਵੀਂ ਖੇਡ, ਇੱਕ ਨਵੀਂ ਜੰਗ ਜਿੱਤਣ...। ਅਮਨ ਨੇ ਗੱਲਾਂ ਐਨੀਆਂ ਵਧੀਆ ਕਰੀਆਂ, ਜਿਹੋ ਜਿਹੀਆਂ ਦੁਨੀਆਂ ਦਾ ਟਾਪ ਦਾ ਸਕੋਲੋਜਿਸਟ ਵੀ ਨੀਂ ਕਰ ਸਕਦਾ। ਪਤੰਦਰ ਆਂਏਂ ਬੋਲ ਰਿਹਾ ਸੀ, ਜਿਵੇਂ ਉਹਦੇ 'ਚ ਕੋਈ ਅੰਬਰੀ ਰੂਹ ਉੱਤਰੀ ਹੋਵੇ। ਉਹਦੇ ਮੁੱਖ ਤੋਂ ਸਾਫ਼ਗੋਈ ਸਾਫ਼ ਝਲਕੀ। ਇੱਕ ਜਲੌਅ ਸੀ, ਇੱਕ ਤੇਜ਼ ਸੀ, ਜਿਸਨੇ ਮੇਰੀ ਹਿੰਮਤ ਵਧਾਈ।

ਉਹਨਾਂ ਦੇ ਨਾਲ਼ ਜਦੋਂ ਮੈਂ ਕਾਰ 'ਚ ਬੈਠਿਆ ਤਾਂ ਇੱਕ ਦਮ ਤਾਕੀ ਖੋਲ੍ਹੀ। ਵਾਪਸ ਚੜ੍ਹ ਗਿਆ ਪੌੜੀਆਂ ਫਲੈਟ 'ਚ ਨੂੰ। ਅਮਨ ਨੇ ਆਵਾਜ਼ ਮਾਰੀ, "ਅਸੀਂ ਜਾਈਏ ਫੇਰ, ਜੇ ਅਜੇ ਨਹੀਂ ਮਨ ਮੰਨਦਾ।"

ਬਿਨਾਂ ਕੋਈ ਜਵਾਬ ਦਿੱਤੇ ਮੈਂ ਪੌੜੀਆਂ ਚੜ੍ਹ ਗਿਆ। ਉਹ ਖੜ੍ਹੇ ਰਹੇ।

ਅੰਮ੍ਰਿਤ, ਬੀਬੀ ਨੂੰ ਕਹਿੰਦੀ, "ਮੰਮੀ ਦੇਖ ਲੈ, ਅਜੇ ਵੀ ਨੀਂ ਏਹਦਾ ਜੀਅ, ਮੈਂ ਈ ਗ਼ਲਤ ਸੀ।"

ਪਰ ਮੈਂ ਹੁਣ ਕੋਹੜ ਨੂੰ ਜੜ੍ਹ ਤੋਂ ਖ਼ਤਮ ਕਰਨ ਦੇ ਮੂਡ 'ਚ ਸੀ। ਜਿਹੜਾ ਆਪਣੇ ਦੋਸਤ ਤੋਂ ਸਮਾਨ ਮੰਗਵਾਇਆ ਸੀ, ਉਹ ਬਾਥਰੂਮ ਦੇ ਫੁਆਰਿਆਂ 'ਚ ਲਕੋਇਆ ਹੋਇਆ ਸੀ। ਇਹ ਇਹੋ ਜਿਹੀ ਜਗ੍ਹਾ ਸੀ, ਜਿੱਥੇ ਅੰਮ੍ਰਿਤ ਨਹੀਂ ਸੀ ਲੱਭ ਸਕਦੀ।

ਅਮਨ ਦੀ ਕੌਂਸਲਿੰਗ ਨੇ ਐਨੀ ਕੁ ਸਮਝ ਤਾਂ ਸਮਝਾ ਈ ਦਿੱਤੀ ਸੀ ਕਿ ਹੁਣ ਜੋ ਹੈਗਾ, ਜਿੱਥੇ ਲਕੋਇਆ, ਉਸਨੂੰ ਟੋਆਲਿਟ 'ਚ ਫਲੱਸ਼ ਕਰਕੇ ਜਾਈਂ। ਭਾਵ ਕੋਈ ਗੁੰਜਾਇਸ਼ ਨਾ ਛੱਡੀਂ, ਜੇ ਹੁਣ ਛੱਡਣ ਦਾ ਮਨ ਬਣਾ ਈ ਲਿਆ।

ਉਹ ਆਖਰੀ ਸੀ ਜੋ ਮੈਂ ਇਹ ਸੋਚ ਕੇ ਨੀਂ ਸੁੱਟਿਆ ਸੀ ਕਿ ਵਾਪਸ ਕਰਦੂੰਗਾਂ ਸੈਂਟਰ ਤੋਂ ਆ ਕੇ। ਕਾਹਨੂੰ ਪੈਸੇ ਖਰਾਬ ਕਰਨੇ ਨੇ, ਪਰ ਹੁਣ ਉਹ ਵੀ ਸੁਟਾਤਾ ਸੀ, ਅੰਮ੍ਰਿਤ ਤੋਂ। ਮਤਲਬ ਆਪਦੀ ਜਾਣ 'ਚ ਘਰੋਂ ਪੂਰੀ ਇਮਾਨਦਾਰੀ ਨਾਲ਼ ਤੁਰਿਆ ਸੀ। ਜਿਹੜਾ ਖੰਨੇ ਸਕੂਟਰ 'ਚ ਪਿਆ ਸੀ, ਉਹ ਮੈਨੂੰ ਆਂਏਂ ਸੀ ਬਈ ਜਿਸ ਦਿਨ ਸਕੂਲ ਗਿਆ ਓਦਣ ਸੁੱਟ ਦੂੰ। ਪਰ ਦੱਸਿਆ ਮੈਂ ਕਿਸੇ ਨੂੰ ਨੀਂ ਸੀ ਕਿ ਸਕੂਟਰ 'ਚ ਮਾਲ ਪੱਤਾ ਪਿਐ। ਖ਼ੈਰ! ਹੁਣ ਚੱਲ ਪਿਆ ਸੀ ਨਵੇਂ ਸਫ਼ਰ 'ਤੇ...।

❖❖❖❖❖

ਨਰਕ 'ਚ ਫਸਿਆਂ ਲਈ ਸੌਖਾ ਰਸਤਾ

ਪਹਿਲੇ ਤਿੰਨ-ਚਾਰ ਦਿਨ ਤਾਂ ਐਨੀ ਸੇਵਾ ਹੋਈ ਕਿ ਪੁੱਛੋ ਈ ਨਾ ...। ਸਾਲ਼ਾ ਆਏਂ ਲੱਗੇ, ਬਈ ਹੁਣ ਤੱਕ ਸਮਾਂ ਬਾਹਰ ਕਿਉਂ ਲੰਘਾਇਆ? ਕਿਉਂ ਤੋੜ ਦੇ ਡਰ ਕਾਰਨ ਐਨੇ ਸਾਲ ਖ਼ਰਾਬ ਕੀਤੇ? ਤੋੜ ਦਾ ਪਤਾ ਵੀ ਨ੍ਹੀਂ ਲੱਗਿਆ ਕਿੱਧਰ ਗਈ? ਉੱਥੇ ਮਾਹੌਲ ਈ ਅਲੱਗ ਸੀ। ਜਿਹੜੀ ਤੋੜ ਬਾਹਰ ਸੌ ਵਿੱਸਵੇ ਲੱਗਦੀ ਹੁੰਦੀ, ਅੰਦਰ ਸਿਰਫ਼ ਵੀਹ ਫੀ ਸਦੀ ਮਸਾਂ ਲੱਗੀ।

ਜਦੋਂ ਮਰੀਜ਼ ਦੀ ਦਵਾਈ ਬੰਦ ਕਰ ਦਿੰਦੇ ਨੇ, ਫੇਰ ਉਸਦੇ ਵਿਵਹਾਰ 'ਤੇ ਕੰਮ ਸ਼ੁਰੂ ਹੁੰਦੈ। ਕੱਪੜੇ ਆਪਦੇ-ਆਪ ਧੋਵੇ, ਚੱਪਲ ਪੂਰੇ ਸਲੀਕੇ ਨਾਲ਼ ਖੋਲ੍ਹੇ, ਸਮੇ 'ਤੇ ਉੱਠੇ, ਸਮੇਂ 'ਤੇ ਸੌਂਵੇ, ਕੋਈ ਅਲਗਰਜ਼ੀ ਨ੍ਹੀਂ, ਕੋਈ ਡੀਮਾਂਡ ਨ੍ਹੀਂ, ਜੋ ਮਿਲਦੈ ਬਸ ਖੁਸ਼ੀ-ਖੁਸ਼ੀ ਖਾਵੇ। ਕਹਿਣ ਤੋਂ ਭਾਵ ਬਾਹਰ ਦੀ ਦੁਨੀਆਂ 'ਚ ਰਹਿਕੇ ਅਤੇ ਲਾਡਲੇ ਘੋਲ਼ ਕਰਕੇ ਵਿਗੜੇ ਵਿਵਹਾਰ, ਠੀਕ ਹੋਣ ਲੱਗਦੇ ਹਨ ਅਤੇ ਮਰੀਜ਼ ਸਵੈ-ਪੜਚੋਲ ਕਰਦਾ ਸੋਚਦੈ ਕਿ ਗੜਬੜ ਕਿੱਥੇ ਹੈ?

ਅੰਦਰ ਬੰਦ ਕੀਤੇ ਅਮਲੀ ਮਰੀਜ਼ਾਂ ਨੂੰ ਫੈਮਲੀ ਮੈਂਬਰ ਕਿਹਾ ਜਾਂਦਾ ਹੈ।

***

ਚੌਥੇ ਕੁ ਦਿਨ ਮੈਨੂੰ ਅਮਨ ਕਹਿੰਦਾ, "ਦਸ ਬਈ ਮਾਸਟਰਾ, ਸਟਾਫ 'ਚ ਰਹਿਣੈ ਕਿ ਫੈਮਲੀ 'ਚ? ਸਟਾਫ ਆਲ਼ੇ ਕੂਲਰ ਮੂਹਰੇ ਸੌਂਦੇ ਨੇ ਤੇ ਫੈਮਲੀ ਆਲ਼ੇ ਏ.ਸੀ. ਦੀ ਠੰਡੀ ਹਵਾ 'ਚ ...ਪਰ ਦੇਖ ਰੂਲ ਸਾਰੇ ਮੰਨਣੇ ਪੈਣਗੇ।" ਪਤਾ ਮੈਨੂੰ ਕੁਛ ਹੈ ਨ੍ਹੀਂ ਸੀ। ਮਖਿਆਂ,

"ਫੈਮਲੀ 'ਚ ਰਹੂੰ।" ਮੈਨੂੰ ਇਹ ਸੀ ਅਰਾਮ ਨਾਲ ਸੌਂਵਾਂਗੇ ਏ.ਸੀ. 'ਚ। ਊਂ ਮੇਰੇ ਨਾਲ਼ ਸੈਂਟਰ ਆਲ਼ੇ ਇੱਕ ਮਹਿਮਾਨ ਵਾਂਗੂ ਈ ਵਿਚਰਦੇ ਰਹੇ। ਕਿਸੇ ਨੇ ਕੋਈ ਗਾਲ਼ ਨ੍ਹੀਂ ਕੱਢੀ, ਕੋਈ ਥੱਪੜ ਨ੍ਹੀਂ ਮਾਰਿਆ। ਇੱਕ ਤਾਂ ਮੈਨੂੰ ਸੈਂਟਰ ਆਲ਼ੇ ਧੱਕੇ ਨਾਲ਼ ਨ੍ਹੀਂ ਸੀ ਲੈ ਕੇ ਗਏ, ਮੈਂ ਆਪ ਚੱਲ ਕੇ ਗਿਆ ਸੀ। ਦੂਜਾ ਸੈਂਟਰ ਦਾ ਮਾਲਕ ਮੇਰਾ ਬਚਪਨ ਦਾ ਦੋਸਤ ਸੀ। ਅਸੀਂ ਦਸ ਬਾਰਾਂ ਸਾਲ ਪਹਿਲਾਂ ਕਈ ਵਾਰ ਇਕੱਠਿਆਂ ਨੇ ਨਸ਼ਾ ਵੀ ਕੀਤਾ ਹੋਇਆ ਸੀ। ਬਾਕੀ ਮੈਂ ਤਾਂ ਆਇਆ ਈ ਇੱਕ ਹਫਤੇ ਦੀ ਬ੍ਰੇਕ ਲੈਣ ਸੀ, ਬਸ ਤੋੜ ਕੱਟਣ।

ਮੈਂ ਸੈਂਟਰ 'ਚ ਰਹਿਣ ਦਾ ਫੈਸਲਾ ਤਾਂ ਲੈ ਲਿਆ, ਪਰ ਪਛਤਾਇਆ ਬਹੁਤ। ਇੱਕ ਵਾਰ ਤਾਂ ਲੱਗਿਆ, ਮਿੱਤਰਾ ਫਸ ਗਿਆ। ਊਈਂ ਫੀਲਿੰਗ ਚੱਕ ਗਿਆ। ਐਥੇ ਆਉਂਦਾ ਹੀ ਨਾ, ਦਵਾਈ ਲੈ ਕੇ ਈ ਸਾਰ ਲੈਂਦਾ, ਵਧੀਆ ਰਹਿੰਦਾ। ਉੱਥੇ ਸਮੇਂ ਸਿਰ ਉੱਠਣਾ, ਸੌਣਾ, ਆਪਣੇ ਸਾਰੇ ਕੰਮ ਆਪ ਕਰਨੇ। ਸਭ ਤੋਂ ਔਖਾ ਲਗਦਾ ਸੀ ਚੌਂਕੜੀ ਮਾਰ ਕੇ ਘੰਟਾ ਸਾਰਾ ਪਾਠ ਕਰਨਾ। ਮੇਰੇ ਪੈਰ ਸੌਂ ਜਾਂਦੇ, ਗਿੱਟੇ ਦੁਖਣ ਲੱਗ ਜਾਂਦੇ। ਊਂ ਵੀ ਜਿੰਦੇ ਅੰਦਰ ਬੰਦ ਰਹਿਣਾ ਬੜਾ ਔਖਾ ਹੁੰਦੈ। ਅਮਲੀ ਲਈ ਤਾਂ ਬਹੁਤ ਹੀ ਔਖਾ। ਥੋੜ੍ਹੀ ਜਿੰਨੀ ਗਲਤੀ ਹੋਣੀ ਤਾਂ ਸਜ਼ਾ ਮਿਲਣੀ। ਤੱਕਲੇ 'ਚ ਤਾਂ ਵਲ਼ ਫੇਰ ਵੀ ਰਹਿ ਸਕਦੇ, ਪਰ ਅਮਲੀ 'ਚ ਨ੍ਹੀਂ ਰਹਿਣ ਦਿੰਦੇ। ਜਿੱਡਾ ਵੀ ਮਰਜ਼ੀ ਡੌਨ ਹੀ ਕਿਉਂ ਨਾ ਹੋਵੇ।

ਅੰਦਰ ਇੱਕ ਸੈਸ਼ਨ ਲੱਗਦਾ ਸੀ, ਜਿਸ 'ਚ ਇੱਕ ਕਾਪੀ ਉੱਤੇ ਸਾਰੇ ਮੈਂਬਰ ਆਪਦੀ-ਆਪਦੀ ਉਹ ਤਰੀਕ ਲਿਖਦੇ, ਜਿਸ ਤਰੀਕ ਤੋਂ ਉਹਨਾਂ ਨੇ ਨਸ਼ਾ ਨ੍ਹੀਂ ਸੀ ਕਰਿਆ, ਭਾਵ ਪੂਰੇ ਕਲੀਨ ਸਨ ਨਸ਼ੇ ਵੱਲੋਂ। ਤਰੀਕ ਲਿਖਣਾ ਵੀ ਨਸ਼ਾ ਛੱਡਣ ਦੇ ਪ੍ਰੋਗਰਾਮ ਦਾ ਹੀ ਇੱਕ ਟੂਲ ਹੈ। ਯਾਦ ਰੱਖਣ ਲਈ ਕਿ ਮੈਂ ਫਲਾਣੀ ਤਰੀਕ ਤੋਂ ਨਸ਼ਾ ਛੱਡ ਰਿਹੈਂ। 19/4/16 ਦੀ ਤਰੀਕ ਮੈਂ ਫਿਕਸ ਕਰਤੀ ਕਿ ਇਸ ਦਿਨ ਤੋਂ ਮੈਂ ਵੀ ਵਗੈਰ ਨਸ਼ੇ ਤੋਂ ਹਾਂ। 18 ਨੂੰ ਤਾਂ ਘਰ ਕਰ ਹੀ ਲਿਆ ਸੀ। ਰੀਹੈਬਲੀਟੇਸ਼ਨ ਜਾ ਕੇ 19 ਤੋਂ ਬਿੱਲਕੁਲ ਫਰੀ ਸੀ। ਹੁਣ ਮੈਨੂੰ ਕਿਹਾ ਜਾਣ ਲੱਗਾ ਕਿ ਅਗਲੀ 2017 ਦੀ 19 ਅਪ੍ਰੈਲ ਨੂੰ ਕੇਕ ਕੱਟ ਕੇ ਤੇਰਾ ਰਿਕਵਰੀ ਬਰਥਡੇਅ ਮਨਵਾਂਗੇ। ਇਹ ਵੀ ਇੱਕ ਖ਼ਾਸ ਮੌਕਾ ਹੁੰਦਾ ਹੈ ਕੇਕ ਕੱਟਕੇ ਜਨਮ ਦਿਨ ਮਨਾਉਣ ਵਾਗੂ।

ਸੈਂਟਰ 'ਚ ਬਹੁਤ ਮੱਦਦ ਮਿਲੀ। ਅਮਨ ਹੋਰਾਂ ਨੇ ਤੋੜ ਦਾ ਪਤਾ ਵੀ ਨ੍ਹੀਂ ਲੱਗਣ ਦਿੱਤਾ। ਇਸੇ ਤੋੜ ਤੋਂ ਡਰਦਾ ਮੈਂ ਨਸ਼ਾ ਨ੍ਹੀਂ ਸੀ ਛੱਡ ਰਿਹਾ। ਹੋਰ ਵੀ ਬਹੁਤ ਕਾਰਨ ਸਨ ਪਰ ਤੋੜ ਸਭ ਤੋਂ ਵੱਡਾ ਸੀ। ਉੱਥੇ ਟਰੀਟਮੈਂਟ ਦਾ 'ਮਾਟੋ' ਸੀ "ਲਵ ਐਂਡ ਕੰਸਰਨ"।

ਇਹ ਨਰਕੋਟਿਕਸ ਅਨੋਨੀਮਸ ਇੱਕ ਸੰਸਾਰ ਪੱਧਰ ਦੀ ਫੈਲੋਸ਼ਿਪ (ਗਰੁੱਪ) ਹੈ। ਜਿਸਦਾ ਮੈਂਬਰ ਸਿਰਫ ਇੱਕ ਅਮਲੀ ਹੀ ਬਣ ਸਕਦੈ, ਜੋ ਨਸ਼ਾ ਛੱਡਣ ਦੀ ਇੱਛਾ ਰੱਖਦਾ ਹੋਵੇ। ਇਹ ਬਿਲਕੁਲ ਮੁਨਾਫ਼ਾ ਰਹਿਤ ਸੰਗਠਨ ਹੈ ਜੋ ਬਾਹਰੀ ਸਹਾਇਤਾ ਨਹੀਂ ਲੈਂਦਾ। ਅਜੇ ਐਨਾ ਕੁ ਈ ਪਤਾ ਲੱਗਿਆ ਸੀ (ਐਨ.ਏ.) ਪ੍ਰੋਗਰਾਮ ਬਾਰੇ।

ਤਿੰਨ ਰਾਤਾਂ ਕੱਟੀਆਂ ਸਨ। ਮੈਨੂੰ ਸੁਨੇਹਾ ਆ ਗਿਆ, "ਮਾਸਟਰ ਜੀ, ਤੁਹਾਨੂੰ ਘਰਦੇ ਮਿਲਣ ਆਏ ਨੇ।" ਜੇਲ੍ਹ ਦੀ ਮੁਲਾਕਾਤ ਯਾਦ ਆ ਗਈ। ਪਹਿਲਾ ਜਿੰਦਾ ਖੋਲ੍ਹਿਆ, ਜਿਵੇਂ ਜੇਲ੍ਹ ਦੀ ਕਾਲ ਕੋਠੜੀ 'ਚੋਂ ਮੁਜ਼ਰਮ ਨੂੰ ਬਾਹਰ ਕੱਢਦੇ ਹੁੰਦੇ ਨੇ। ਫੇਰ ਇੱਕ ਹੋਰ ਜੇਲ੍ਹ ਵਰਗਾ ਬੜਾ ਸਾਰਾ ਗੇਟ ਖੋਲ੍ਹ ਕੇ ਬਾਹਰ ਕੱਢਿਆ ਤਾਂ ਥੋੜ੍ਹਾ ਜਿਹਾ ਬਾਹਰਲਾ ਚਾਨਣਾ ਦਿਖਿਆ। ਮੈਨੂੰ ਦਫ਼ਤਰ 'ਚ ਬੈਠਾ 'ਤਾ। ਉੱਥੇ ਅੰਮ੍ਰਿਤ ਅਤੇ ਛੋਟੀ ਭੈਣ ਬੈਠੀਆਂ ਸਨ। ਅਮਨ ਬਾਈ ਹੋਰੀਂ ਓਥੋਂ ਚਲੇ ਗਏ, ਦੂਜੇ ਕਮਰੇ 'ਚ ਨੂੰ।

ਮੈਨੂੰ ਦੇਖ ਦੋਵੇਂ ਰੋਣ ਲੱਗਪੀਆਂ। ਅੰਮ੍ਰਿਤ ਤਾਂ ਹੌਂਕਿਆਂ ਨਾਲ਼ ਰੋਵੇ। ਮੇਰੇ ਪੁੱਛਣ 'ਤੇ ਉਹਨੇ ਦੱਸਿਆ ਕਿ ਕੋਈ ਦੱਸਦਾ ਸੀ ਕਿ ਕਿਸੇ ਸਰਕਾਰੀ ਸੈਂਟਰ 'ਚ ਇੱਕ ਮੁੰਡਾ ਨਸ਼ੇ ਦੀ ਓਵਰ ਡੋਜ਼ 'ਚ ਮਰ ਗਿਆ। ਕਹਿੰਦੇ, ਇਹ ਸੈਂਟਰਾਂ ਆਲ਼ੇ ਤਾਂ ਕੁੱਟਦੇ ਵੀ ਬਹੁਤ ਨੇ। ਅੰਮ੍ਰਿਤ ਬਹੁਤ ਘਬਰਾਈ ਹੋਈ ਲੱਗ ਰਹੀ ਸੀ, "ਜੇ ਕੋਈ ਐਵੇਂ ਦੀ ਗੱਲ ਐ ਤਾਂ ਦੱਸ?" ਕਹਿ ਕੇ ਉਹ ਭੈਣ ਵੱਲ ਦੇਖਣ ਲੱਗ ਪਈ। ਜਿਵੇਂ ਅੱਜ ਘਰ ਲੈ ਕੇ ਹੀ ਜਾਣਗੀਆਂ।

"ਅਸੀਂ ਤਾਂ ਡਰਗੀਆਂ, ਵੀਰੇ ਜੇ ਕੋਈ ਐਵੇਂ ਦੀ ਗੱਲ ਐ ਤਾਂ ਦੱਸ। ਅਸੀਂ ਲੈ ਜਾਨੀਆਂ ਹੁਣੇ, ਤੇਰੇ ਭਾਅ ਜੀ ਨੂੰ ਬੁਲਾ ਲੈਨੀ ਆਂ।" ਛੋਟੀ ਭੈਣ ਵੀ ਆਂਏਂ ਬੋਲੀ, ਜਿਵੇਂ ਉਹ ਮਨ ਬਣਾ ਕੇ ਆਈਆਂ ਹੋਣ।

ਪਰ ਮਨ ਤਾਂ ਹੁਣ ਮੈਂ ਬਣਾ ਲਿਆ ਸੀ, ਨਸ਼ੇ ਦੇ ਇਸ ਕੋਹੜ ਨੂੰ ਕੱਢਣ ਦਾ। ਕਈ ਤਰਾਂ ਦੇ ਸ਼ੰਕਿਆਂ 'ਚ ਉਹ ਦੋਵੇਂ ਬਹੁਤ ਡਰੀਆਂ ਹੋਈਆਂ ਸਨ। ਪਰ ਅੰਦਰ ਐਵੇਂ ਦੀ ਕੋਈ ਗੱਲ ਨ੍ਹੀਂ ਸੀ। ਮੈਂ ਉਹਨਾ ਨੂੰ ਤਸੱਲੀ ਦੇ ਕੇ ਤੋਰਤਾ। ਮੇਰੇ ਤੌਲੀਏ ਉੱਤੇ ਸੈਂਟਰ ਆਲਿਆਂ ਨੇ ਪੱਕੇ ਮਾਰਕਰ ਨਾਲ਼ ਮੇਰਾ ਨਾਮ ਲਿਖਤਾ ਸੀ। ਅੱਜ ਵੀ ਮੈਂ ਉਸੇ ਤੌਲੀਏ ਨੂੰ ਵਰਤ ਰਿਹੈਂ।

ਉੱਥੇ ਦੱਸਿਆ ਜਾਂਦਾ ਸੀ ਕਿ ਜੇਕਰ ਕੋਈ ਅਮਲੀ ਭਾਵੇਂ ਜਿੱਡਾ ਵੀ ਮਰਜ਼ੀ ਹੋਵੇ, ਜੋ ਮਰਜ਼ੀ ਖਾਂਦਾ ਹੋਵੇ, ਉਹ ਨੱਥੇ ਦਿਨ, ਨੱਥੇ ਮੀਟਿੰਗਾਂ ਲਗਾਤਾਰ ਲਗਾ ਲਵੇ, ਮੁੜ ਕੇ ਨਸ਼ਾ ਨਹੀਂ ਕਰੇਗਾ। ਉਸਦਾ ਨਜ਼ਰੀਆ ਬਦਲ ਜੂ', ਬੇਸ਼ੱਕ ਨਸ਼ਾ ਕਰਕੇ ਈ ਮੀਟਿੰਗਾਂ 'ਚ ਕਿਉਂ ਨਾ ਆਉਂਦਾ ਰਹੇ।

ਅੰਦਰ ਜਿਸ ਦਿਨ ਤੋਂ ਸਰੀਰ ਕਾਇਮ ਹੋ ਗਿਆ, ਤੋੜ ਜਿਹੀ ਮੁੱਕਣ ਲੱਗ ਪੀ'। ਥੋੜ੍ਹੀ-ਥੋੜ੍ਹੀ ਨੀਂਦ ਆਉਣ ਲੱਗੀ ਤਾਂ ਮਨ ਅੰਦਰ ਇੱਕ ਖਿਆਲ ਘਰ ਕਰਨ ਲੱਗ ਪਿਆ ਕਿ ਹੁਣ ਨਸ਼ਾ ਰੋਜ਼ਾਨਾ ਨ੍ਹੀਂ ਕਰਨਾ, ਹਾਂ ਕਦੇ-ਕਦੇ ਕਰਿਆ ਕਰਾਂਗੇ। ਭਾਵ ਕਦੇ ਕਦਾਈਂ ਬੀਅਰ ਵਗੈਰਾ ਪੀ ਲਿਆ ਕਰੂੰ।

***

ਪੂਰੇ ਇੱਕ ਹਫਤੇ ਬਾਅਦ ਮੈਨੂੰ ਅੰਮ੍ਰਿਤ ਲੈਣ ਆ ਗਈ। ਰਸਤੇ 'ਚ ਬਿਲਕੁਲ ਨ੍ਹੀਂ ਬੋਲੇ ਅਸੀਂ। ਪਰ ਉਹ ਘਰ ਜਾ ਕੇ ਬਹੁਤ ਰੋਈ, "ਯਾਰ ਹੁਣ ਪਲੀਜ਼ ਦੁਬਾਰਾ ਨਾ ਤੜਫਾਈਂ। ਬਹੁਤ ਔਖੇ ਯਾਰ। ਮੰਮੀ ਕੰਨੀਂ ਦੇਖ, ਬੇਚਾਰੀ ਹਫ਼ਤੇ 'ਚ ਮਰਨੇ ਨੂੰ ਹੋਈ ਪਈ ਐ।"

ਖੁਸ਼ੂ ਨੂੰ ਤਾਂ ਇਹ ਕਹਿਤਾ ਸੀ ਕਿ ਪਾਪਾ ਦੀ ਕਿਤੇ ਡਿਊਟੀ ਲੱਗੀ ਐ। ਪਰ ਓਦਣ ਉਹ ਵੀ ਕਿੰਨਾ ਚਿਰ ਚੁੰਬੜੀ ਰਹੀ ਗਲ਼ ਲੱਗ ਕੇ। ਮਾਹੌਲ ਬਹੁਤ ਭਾਵੁਕ ਹੋ ਗਿਆ ਸੀ। ਦੂਜੇ ਦਿਨ ਐਤਵਾਰ ਸੀ। ਤੀਜੇ ਦਿਨ ਮੈਂ ਸਕੂਲ ਜਾਣਾ ਸੀ। ਅਸੀਂ ਮੈਂ ਤੇ ਅੰਮ੍ਰਿਤ, ਐਤਵਾਰ ਨੂੰ ਖੰਨੇ ਗਏ। ਸਕੂਟਰ 'ਚੋਂ ਸਮਾਨ ਕੱਢਿਆ। ਲਿਆ ਕੇ ਸਰਹਿੰਦ ਆਲ਼ੀ ਨਹਿਰ 'ਚ ਸੁੱਟ 'ਤਾ। ਜਦੋਂ ਖੰਨੇ ਸਾਈਕਲ ਸਟੈਂਡ 'ਚ ਖੜ੍ਹੇ ਸਕੂਟਰ ਦੀ ਡਿੱਗੀ 'ਚੋਂ ਸਮਾਨ ਕੱਢਿਆ ਸੀ ਤਾਂ ਲਿਫਾਫੇ 'ਚੋਂ ਇੱਕ ਕਾਮਨੀ (ਨਸ਼ੇ ਦੀ ਗੋਲ਼ੀ) ਵਿੱਚ ਈ ਡਿੱਗ ਪਈ ਸੀ। ਇੱਕ ਮਨ ਕਰਿਆ ਰਹਿਣ ਦੇਵਾਂ, ਕਦੇ ਕੰਮ ਆ ਜੂ', ਕਦੇ ਕਦਾਈਂ ਕੀ ਹੁੰਦੈ ? ਪਰ ਫੇਰ ਕਾਰ ਸਟਾਰਟ ਕਰਕੇ ਬੰਦ ਕਰਤੀ ਤੇ ਵਾਪਸ ਗਿਆ, ਕੱਢ ਕੇ ਬਾਹਰ ਮਾਰੀ ਵਗਾਹ ਕੇ।

ਸ਼ਾਮ ਨੂੰ ਮੈਂ ਤੇ ਅੰਮ੍ਰਿਤ ਦੋਵੇਂ ਸੈਰ ਕਰ ਰਹੇ ਸੀ। "ਕਿਵੇਂ ਫੀਲ ਹੁੰਦੈਂ ਥੋਨੂੰ ?" "ਬਹੁਤ ਵਧੀਆ ਲੱਗ ਰਿਹੈ, ਜਿਵੇਂ ਕੋਈ ਜੰਗ ਜਿੱਤ ਰਿਹਾ ਹੋਵਾਂ।"

"ਹੁਣ ਨਾ ਦੇਖੀਂ.... ਕਿ ਹੁਣ ਕਰੇਂਗਾ ? ਜਾਂ ਅਜੇ ਵੀ ਮਨ ਕਰਦੈ ਕਰਨੇ ਨੂੰ ?" ਅੰਮ੍ਰਿਤ ਦੇ ਸਵਾਲ 'ਚ ਬੇਨਤੀ ਵੀ ਸੀ।

"ਨਾ ਹੁਣ ਨ੍ਹੀਂ ਹੱਥ ਲਾਉਂਦਾ। ਪਰ ਕਦੇ ਦੋ ਤਿੰਨ ਸਾਲਾਂ ਬਾਅਦ ਬੀਅਰ-ਬੂਅਰ ਹੋ ਸਕਦੈ...।"

"ਚੱਲ ਫੇਰ ਦੀ ਫੇਰ ਦੇਖਾਂਗੇ, ਬਸ ਹੁਣ ਤੂੰ ਮੁੜ ਕੇ ਨਸ਼ੇ ਨੂੰ ਹੱਥ ਨ੍ਹੀਂ ਲਾਉਣਾ।" ਉਸਨੇ ਮੇਰਾ ਹੱਥ ਆਪਦੇ ਹੱਥ 'ਚ ਘੁਟਦਿਆਂ ਕਿਹਾ।

ਉਸ ਦਿਨ ਤੱਕ ਮੈਂ ਇਹ ਤਾਂ ਮੰਨ ਰਿਹਾ ਸੀ ਕਿ ਨਸ਼ਾ ਨ੍ਹੀਂ ਕਰਨਾ ਚਾਹੇ ਕੁਛ ਹੋਜੇ, ਪਰ ਬੀਅਰ ਪੀਉਂਗਾ ਕਹਿ ਰਿਹਾ ਸੀ ਕਿਉਂਕਿ ਬੀਅਰ ਜਾਂ ਸ਼ਰਾਬ ਨੂੰ ਨਸ਼ਾ ਨ੍ਹੀਂ ਸੀ ਮੰਨਦਾ। ਮੈਂ ਕੀ ਸਾਡਾ ਸਮਾਜ ਈ ਸ਼ਰਾਬ ਨੂੰ ਨਸ਼ੇ ਤੋਂ ਅਲੱਗ ਦੇਖਦੈ। ਇਹ ਵੀ ਖਿਆਲ ਹੈਗਾ ਸੀ ਮਨ 'ਚ, ਕਿ ਕਦੇ -ਕਦੇ ਸਾਲ-ਛਮਾਹੀ 'ਫੀਮ ਦਾ ਭੋਰਾ ਵੀ ਖਾਧਾ ਜਾ ਸਕਦੈ, ਪਰ ਪੱਕੀ ਨ੍ਹੀਂ ਖਾਣੀ। ਅਜੇ ਇਹ ਸਾਫ ਨ੍ਹੀਂ ਸੀ ਹੋਇਆ ਕਿ ਅਮਲੀ ਜਾਂ ਤਾਂ ਖਾਊਗਾ, ਜਾਂ ਛੱਡੂਗਾ। ਭਾਵ ਵਿੱਚ-ਵਿਚਾਲ਼ੇ ਨ੍ਹੀਂ ਰਹਿ ਸਕਦਾ। ਕਦੇ ਕਦਾਈਂ ਨਹੀਂ ਚੱਲਣੀ।

ਤੀਜੀ ਸ਼ਾਮ ਨੂੰ (ਐਨ. ਏ.) ਪ੍ਰੋਗਰਾਮ ਦੀ ਪਹਿਲੀ ਮੀਟਿੰਗ ਲਗਾਈ ਸਰਹਿੰਦ ਧਰਮਸ਼ਾਲਾ 'ਚ। ਜਦੋਂ ਕੁਛ ਸ਼ੇਅਰ ਕਰਨ ਦੀ ਵਾਰੀ ਆਈ ਤਾਂ ਥੋੜ੍ਹੀ ਬਹੁਤ ਬਣਾਵਟ ਨਾਲ਼ ਆਪਦੀ ਗੱਲ ਸਾਂਝੀ ਕੀਤੀ। ਮਨ ਹੌਲਾ ਜਿਹਾ ਹੋ ਗਿਆ। ਉੱਥੇ ਕਿਸੇ ਨੇ ਆਪਦੀ ਵਿਆਹੁਤਾ ਜਿੰਦਗੀ ਬਾਰੇ ਖੁੱਲ੍ਹ ਕੇ ਦੱਸਿਆ। ਉਹ ਕਹਿੰਦਾ, "ਮੈਂ ਭੁਲੇਖੇ 'ਚ ਸੀ ਕਿ ਨਸ਼ੇ ਤੋਂ ਬਿਨਾਂ ਮੈਂ ਮਰਦ ਹੀ ਨਹੀਂ ਹਾਂ। ਪਰ ਪ੍ਰੋਗਰਾਮ 'ਚ ਆ ਕੇ ਨਸ਼ਾ ਛੱਡ ਕੇ ਨਜ਼ਰੀਆ ਈ ਬਦਲ ਗਿਆ ਹੈ।" ਮੈਂਬਰਾਂ ਦੀਆਂ ਗੱਲਾਂ ਸੁਣ-ਸੁਣ ਕੇ ਐਵੇਂ ਦੀਆਂ ਬਹੁਤ ਗੱਲਾਂ ਸਾਫ ਹੁੰਦੀਆਂ ਗਈਆਂ। ਦਿਮਾਗ 'ਚ ਬਣੀਆਂ ਕੰਧਾਂ ਢਹਿੰਦੀਆਂ ਗਈਆਂ। ਮੀਟਿੰਗ-ਦਰ-ਮੀਟਿੰਗ ਖੁੱਲ੍ਹਾਪਣ ਵਧਦਾ ਗਿਆ। ਇਨ੍ਹਾਂ ਮੀਟਿੰਗਾਂ ਦੀ ਸਭ ਤੋਂ ਵਧੀਆ ਗੱਲ ਇਹ ਹੁੰਦੀ ਐ ਕਿ ਇਹ ਮੀਟਿੰਗਾਂ ਵਾਂਗ ਨ੍ਹੀਂ ਹੁੰਦੀਆਂ। ਕੋਈ ਭਾਸ਼ਣ ਨ੍ਹੀਂ ਹੁੰਦਾ। ਕੋਈ ਬੰਧਨ ਨ੍ਹੀਂ, ਜਦੋਂ ਦਿਲ ਕਰੇ ਬੰਦਾ ਉੱਠ ਕੇ ਜਾ ਸਕਦੈ। ਬਾਹਰ ਜਾ ਕੇ ਫੋਨ ਵਗੈਰਾ ਸੁਣ ਸਕਦੈ। ਜੇ ਮਨ ਕੁਛ ਸ਼ੇਅਰ ਕਰਨ ਦਾ ਨਹੀਂ ਤਾਂ ਨਾ ਕਰੋ।

ਫੇਰ ਲੁਧਿਆਣਾ ਐਨ. ਏ. ਗਰੁੱਪ ਦੀ ਸੇਲੀਬਰੇਸ਼ਨ ਆ ਗਈ। ਉੱਥੇ ਸਾਰੇ ਪੰਜਾਬ 'ਚੋਂ ਕਰੀਬ ਤਿੰਨ ਸੌ ਬੰਦਾ ਇਕੱਠਾ ਹੋਇਆ, ਹੋਇਆ ਸੀ। ਐਵੇਂ ਦੀਆਂ ਸੈਲੀਬਰੇਸ਼ਨ ਸਾਰੇ ਸ਼ਹਿਰਾਂ 'ਚ ਹੁੰਦੀਆਂ ਰਹਿੰਦੀਆਂ ਨੇ, ਜਿੱਥੇ-ਜਿੱਥੇ ਐਨ. ਏ. ਪ੍ਰੋਗਰਾਮ ਦੀਆਂ ਮੀਟਿੰਗਾਂ ਲੱਗਦੀਆਂ ਨੇ। ਉੱਥੇ ਇਕੱਠੇ ਹੋਏ ਮੈਂਬਰਾਂ 'ਚ ਕਈ ਤਾਂ ਆਪਣੇ ਸਮੇਂ ਦੇ ਡੌਨ ਸਨ, ਜਿਵੇਂ ਰਿੰਪੀ ਬਈਆ, ਟੋਮ, ਰਾਜਪੂਤ, ਲੌਕੀ-ਮੱਖੀ। ਕਿਸੇ ਸਮੇਂ ਦੇ ਸਿਰੇ ਦੇ ਨਸ਼ੇੜੀ ਅਤੇ ਗੁੰਡੇ ਪਰ ਹੁਣ ਆਂਏਂ ਵਿਚਰ ਰਹੇ ਸੀ, ਜਿਵੇਂ ਸਾਧ ਹੋਣ। ਮੈਂ ਸੋਚ ਰਿਹਾ ਸੀ ਅਸੀਂ ਤਿੰਨ ਚਾਰ ਜਣੇਂ ਈ ਸਾਰਾ ਵਿਆਹ ਖ਼ਰਾਬ ਕਰ ਦਿੰਦੇ ਸੀ, ਦਾਰੂ ਪੀ ਕੇ। ਪਰ ਇਹ ਦੇਖੋ ਕਿਵੇਂ ਇੱਕ ਦੂਜੇ ਨੂੰ ਹੌਂਸਲਾ ਦੇ ਰਹੇ ਨੇ। ਪ੍ਰੋਗਰਾਮ ਪ੍ਰਤੀ ਮੇਰਾ ਭਰੋਸਾ ਬਣਦਾ ਗਿਆ।

ਉੱਥੇ ਸੁਣਨ ਨੂੰ ਬਹੁਤ ਕੁਛ ਮਿਲਿਆ। ਸਭ ਤੋਂ ਵੱਡੀ ਗੱਲ ਇਹ ਸੁਣਨ ਨੂੰ ਮਿਲੀ ਕਿ ਪੂਰੀ ਇਮਾਨਦਾਰੀ ਨਾਲ਼ ਮੰਨੋ ਕਿ ਅਸੀਂ ਬਿਮਾਰ ਹਾਂ। ਜਿਵੇਂ ਹੋਰ ਲੋਕ ਹੋਰ ਬਿਮਾਰੀਆਂ ਤੋਂ

ਪੀੜਤ ਹੁੰਦੇ ਨੇ, ਉਵੇਂ ਅਸੀਂ ਨਸ਼ੇ ਦੀ ਬਿਮਾਰੀ ਤੋਂ ਪੀੜਤ ਹਾਂ। ਇਕ ਮੈਂਬਰ ਨੇ ਆਪਣੀ ਗੱਲ ਸਾਂਝੀ ਕਰਦੇ ਹੋਏ ਦੱਸਿਆ ਕਿ "ਉਹ ਸੱਤ ਸਾਲ ਬਾਅਦ ਦੁਬਾਰਾ ਨਸ਼ਾ ਕਰਨ ਲੱਗ ਪਿਆ ਸੀ। ਸਭ ਕੁਛ ਬਰਬਾਦ ਕਰਤਾ ਸੀ, ਦੁਬਾਰਾ ਫੇਰ ਤੋਂ ਨਸ਼ੇ ਦੀ ਆਦਤ ਨੇ।" ਉਹਨੇ ਕਾਰਨ ਦੱਸਿਆ। "ਮੈਂ ਮੀਟਿੰਗ 'ਤੇ ਆਉਣੋਂ ਹਟ ਗਿਆ ਸੀ। ਕੰਮ-ਕਾਰ 'ਚ ਉਲਝ ਕੇ ਭੁੱਲ ਗਿਆ ਕਿ ਮੈਂ ਇੱਕ ਸੁਧਰਦਾ ਹੋਇਆ ਨਸ਼ੇੜੀ ਹਾਂ। ਬਸ ਇੱਕ ਦਿਨ ਇੱਕ ਪੈੱਗ ਲਗਾ ਬੈਠਾ ਤੇ ਫੇਰ ਪਤਾ ਈ ਨਾ ਚੱਲਿਆ ਕਦੋਂ ਦੁਬਾਰਾ ਦਲ-ਦਲ 'ਚ ਧਸ ਗਿਆ।" ਇਹ ਗੱਲ ਆਮ ਈ ਸੁਣਨ ਨੂੰ ਮਿਲਦੀ ਆ ਕਿ, "ਚੰਗਾ ਭਲਾ ਛੱਡਿਆ ਹੋਇਆ ਸੀ। ਪਤਾ ਈ ਨਾ ਲੱਗਿਆ ਕਦੋਂ ਫੇਰ ਦੁਬਾਰਾ ਨਸ਼ਾ ਕਰਨ ਲੱਗ ਪਿਆ।" ਜਿਹਨਾਂ ਨੂੰ ਬੇਚਾਰਿਆਂ ਨੂੰ ਐਨ.ਏ. ਪ੍ਰੋਗਰਾਮ ਦਾ ਸੁਨੇਹਾ ਨਹੀਂ ਮਿਲਦਾ, ਉਹ ਤਾਂ ਮਸਾਂ ਦੋ-ਤਿੰਨ ਮਹੀਨੇ ਠੀਕ ਰਹਿੰਦੇ ਨੇ। ਨਸ਼ਾ- ਛਡਾਊ ਕੇਂਦਰ 'ਚੋਂ ਬਾਹਰ ਗਏ ਫੇਰ ਦੁਬਾਰਾ ਸ਼ੁਰੂ ਹੋ ਜਾਂਦੇ ਹਨ।

ਜੁਲਾਈ ਮਹੀਨੇ ਚੰਡੀਗੜ੍ਹ ਏਰੀਏ ਦੀ ਤਿੰਨ ਦਿਨਾਂ ਕਨਵੈਨਸ਼ਨ ਆ ਗੀ'। ਜਿਵੇਂ ਸ਼ਹਿਰਾਂ ਦੇ ਗਰੁੱਪ ਇੱਕ ਦਿਨਾ ਸੈਲੀਬਰੇਸ਼ਨ ਕਰਾਉਂਦੇ ਰਹਿੰਦੇ ਨੇ ਓਵੇਂ ਈ ਏਰੀਏ ਤਿੰਨ ਦਿਨਾਂ ਕਨਵੈਨਸ਼ਨ ਕਰਾਉਂਦੇ ਰਹਿੰਦੇ ਨੇ । ਉਦੇਸ਼ ਇੱਕੋ ਹੁੰਦੈ, ਨਸ਼ੇ ਤੋਂ ਦੂਰ ਰਹਿਣ ਲਈ ਮਾਨਸਿਕ ਤੌਰ 'ਤੇ ਮਜ਼ਬੂਤ ਹੋਣਾ। ਉੱਥੇ ਮਨਾਲੀ ਵਿਖੇ ਕਨਵੈਨਸ਼ਨ 'ਤੇ ਸਾਰੇ ਇੰਡੀਆ 'ਚੋਂ ਐਨ. ਏ. ਮੈਂਬਰ ਆਏ ਹੋਏ ਸਨ। ਕੁਛ ਕੁ ਅਮਰੀਕਾ ਤੋਂ ਵੀ ਸਨ। ਉੱਥੇ ਵੀ ਇੱਕ ਗੱਲ ਸੀ ਜਿਸ ਉੱਤੇ ਜਿਆਦਾ ਜੋਰ ਦਿੱਤਾ ਗਿਆ, "ਮੀਟਿੰਗ ਲਗਾਤਾਰ ਲਗਾਉਂਦੇ ਰਹੋ, ਗਰੰਟੀ ਹੈ ਨਸ਼ਾ ਨ੍ਹੀਂ ਕਰੋਂਗੇ।" ਵਾਰੀ-ਵਾਰੀ ਸਭ ਇਹੋ ਕਹਿੰਦੇ ਸੀ।

ਇਸੇ ਤਰਾਂ ਹੋਰਾਂ ਨੇ ਵੀ ਤਜ਼ੁਰਬੇ ਸਾਂਝੇ ਕੀਤੇ। ਅੱਜ ਤਿੰਨ ਸਾਲ ਤੋਂ ਉੱਪਰ ਹੋ ਗੇ', ਮੈਂ ਕਦੇ ਮੀਟਿੰਗ ਮਿੱਸ ਨ੍ਹੀਂ ਕੀਤੀ ਅਤੇ ਹੁਣ ਤੱਕ ਮੈਨੂੰ ਲੋੜ ਮਹਿਸੂਸ ਨ੍ਹੀਂ ਹੋਈ ਕਿ ਮੈਨੂੰ ਨਸ਼ਾ ਕਰਨਾ ਚਾਹੀਦੈ। ਇੱਕ ਇਹੋ ਸੰਗਠਨ ਹੈ, ਜਿਸ 'ਚ ਵਿਚਰ ਕੇ ਇਹ ਸੂਝ ਬਣਦੀ ਹੈ ਕਿ ਜਦੋਂ ਅਸੀਂ ਦੂਸਰੇ ਦੀ ਮੱਦਦ ਕਰਦੇ ਹਾਂ ਤਾਂ ਅਸਲ 'ਚ ਉਹ ਆਪਣੀ ਹੀ ਮੱਦਦ ਹੁੰਦੀ ਹੈ। ਆਪਦੀ ਵਿੱਲ-ਪਾਵਰ ਨੂੰ ਖ਼ੁਰਾਕ ਮਿਲਦੀ ਹੈ। ਜਿਵੇਂ ਕਹਿੰਦੇ ਨੇ ਕਿ ਗਿਆਨ ਆਪਦੇ ਤੱਕ ਰੱਖਣ ਨਾਲ਼ ਘਟ ਜਾਂਦਾ ਹੈ ਤੇ ਵੰਡਣ ਨਾਲ਼ ਵੱਧ ਜਾਂਦਾ ਹੈ। ਉਸੇ ਤਰ੍ਹਾਂ ਮੱਦਦ ਕਰਨ ਨਾਲ਼ ਮੱਦਦ ਮਿਲਦੀ ਹੈ ਤੇ ਵਿਲ-ਪਾਵਰ ਵੱਧਦੀ ਹੈ।

ਇਸ ਐਨ. ਏ ਪ੍ਰੋਗਰਾਮ 'ਚ ਆ ਕੇ ਹੀ ਪਤਾ ਚੱਲਿਆ ਕਿ ਨਸ਼ੇ ਦਾ ਕੋਈ ਪੱਕਾ ਇਲਾਜ ਨਹੀਂ ਹੈ। ਇਹ ਨ੍ਹੀਂ ਕਿਹਾ ਜਾ ਸਕਦਾ ਕਿ ਹੁਣ ਨਸ਼ਾ ਪੱਕੇ ਤੌਰ 'ਤੇ ਛੱਡ 'ਤਾ ਹੈ, ਹੁਣ ਉਹ ਦੁਬਾਰਾ ਨਹੀਂ ਕਰੇਗਾ। ਨਸ਼ਾ ਕਰਨਾ ਇੱਕ ਮਾਨਸਿਕ ਬਿਮਾਰੀ ਹੈ ਜੋ ਕਦੇ ਵੀ ਜਾਗ ਸਕਦੀ ਹੈ। ਇਸਤੋਂ ਲਗਾਤਾਰ ਕੋਸ਼ਿਸ਼ ਕਰਕੇ ਹੀ ਬਚਿਆ ਜਾ ਸਕਦਾ ਹੈ। ਬਸ ਮੈਂ ਇਸੇ ਟੂਲ 'ਤੇ ਕੰਮ ਕਰਦਾ ਹੋਇਆ ਅੱਜ ਹਰੇਕ ਪ੍ਰਕਾਰ ਦੇ ਨਸ਼ੇ ਤੋਂ ਦੂਰ ਹਾਂ।

***

ਮੇਰਾ ਅੱਜ ਦਾ ਰੁਟੀਨ ਹੈ ਕਿ ਬਿਨਾਂ ਕੋਈ ਨਸ਼ਾ ਕਰੇ ਮੈਂ, ਪੰਦਰਾਂ ਕਿਲੋਮੀਟਰ 'ਤੇ ਸਕੂਲ 'ਚ ਇੱਕ ਘੰਟਾ ਪਹਿਲਾਂ ਜਾਂਦਾ ਹਾਂ। ਬੱਚਿਆਂ ਨੂੰ ਪਰੈਕਟਿਸ ਕਰਾਉਂਦਾ ਹਾਂ। ਫੇਰ ਸ਼ਾਮ ਨੂੰ ਸਕੂਲ ਸਮੇਂ ਤੋਂ ਬਾਅਦ ਦੋ ਘੰਟੇ ਪਰੈਕਟਿਸ ਕਰਾਉਂਦਾ ਹਾਂ। ਘਰ ਆ ਕੇ ਬੇਟੀ ਖ਼ੁਸ਼ੂ ਨੂੰ ਇੱਕ ਡੇਢ ਘੰਟਾ ਸਵੀਮਿੰਗ ਕਰਾਉਂਦਾ ਹਾਂ। ਕੋਈ ਥਕਾਵਟ ਨ੍ਹੀਂ ਹੁੰਦੀ, ਨਸ਼ੇ ਦੀ ਲੋੜ ਮਹਿਸੂਸ ਨ੍ਹੀਂ ਹੁੰਦੀ। ਇੰਨੇ ਰੁਝਾਨ ਭਰੇ ਜੀਵਨ 'ਚੋਂ ਲਿਖਣ ਪੜ੍ਹਨ ਦਾ ਸਮਾਂ ਵੀ ਨਿੱਕਲ ਜਾਂਦੈ। ਡੇਢ ਸਾਲ ਤੋਂ ਫੇਸ ਬੁੱਕ 'ਤੇ ਲਿਖਣਾ ਵੀ ਸ਼ੁਰੂ ਕਰ ਰੱਖਿਆ ਹੈ। ਹੋਰ ਸਮਾਜਿਕ ਕੰਮਾਂ 'ਚ, ਧਰਨੇ ਵਗੈਰਾ 'ਤੇ ਵੀ ਹਾਜ਼ਰੀ ਲਗਾਉਂਦਾ ਰਹਿੰਦਾ ਹਾਂ। ਆਹ ਹਥਲੀ ਕਿਤਾਬ ਦਾ ਕੰਮ ਵੀ ਵਿੱਚੋਂ ਸਮਾਂ ਕੱਢ ਕੇ ਪੂਰਾ ਕੀਤਾ ਹੈ। ਕਹਿਣ ਤੋਂ ਭਾਵ ਕੰਮ ਕਰਨ ਲਈ ਨਸ਼ੇ ਦੀ ਜ਼ਰੂਰਤ ਨਹੀਂ ਹੁੰਦੀ।

***

3 ਅਕਤੂਬਰ 2018 ਨੂੰ ਸਰਕਾਰ ਨੇ ਐਸ. ਐਸ. ਏ, ਰਮਸਾ/ਆਦਰਸ਼ ਸਕੂਲ ਅਧਿਆਪਕਾਂ ਦੀ 85% ਤਨਖਾਹ ਕੱਟ ਲਈ ਹੈ। ਇਸਦੇ ਵਿਰੋਧ 'ਚ ਸੰਘਰਸ਼ ਪੂਰੇ ਜੋਬਨ 'ਤੇ ਚੱਲ ਰਿਹੈ। ਸਾਂਝੇ ਮੋਰਚੇ ਦੇ ਝੰਡੇ ਥੱਲੇ ਪਟਿਆਲੇ ਪੱਕਾ ਮੋਰਚਾ ਚੱਲਣ ਕਰਕੇ, ਹਰੇਕ ਦੀ ਜ਼ੁਬਾਨ 'ਚੋਂ ਸਰਕਾਰ ਖਿਲਾਫ ਤੀਰ ਚੱਲ ਰਹੇ ਨੇ। ਮੈਂ ਵੀ ਜਿੰਨਾਂ ਲਿਖ ਸਕਦੈਂ ਲਿਖ ਰਿਹੈਂ। ਜਿੰਨਾਂ ਜਾ ਸਕਦੈਂ ਧਰਨੇ ਰੈਲੀਆਂ 'ਚ, ਜਾ ਰਿਹੈਂ। ਕਹਿਣ ਤੋਂ ਭਾਵ ਦੁਬਾਰਾ ਜਿਲ੍ਹਾ ਪ੍ਰੀਸ਼ਦ ਦੇ ਸੰਘਰਸ਼ ਆਲ਼ਾ ਜੋਸ਼ ਹੈ। ਪਟਿਆਲ਼ੇ ਦੂਖ ਨਿਵਾਰਨ ਸਾਹਬ ਕੋਲ਼ ਪੱਕਾ ਮੋਰਚਾ ਲਾ ਕੇ ਸਰਕਾਰ ਨੂੰ ਵਕਤ ਪਾ ਰੱਖਿਆ ਹੈ।

***

ਖੰਨੇ ਤੋਂ ਗੁਰਪ੍ਰੀਤ (ਡੀ.ਟੀ.ਐਫ਼) ਬਹੁਤ ਵਾਰ ਕਹਿ ਚੁੱਕਿਐ, "ਮੰਗੇ ਯਾਰ, ਕਦੇ ਆਪਾਂ ਕੋਈ ਪ੍ਰੋਗਰਾਮ ਬਣਾਈਏ। ਖਾਸਾ ਖੁੱਲ੍ਹਾ ਸਮਾਂ ਹੋਵੇ। ਤੇਰੀਆਂ ਕਮਲ਼ੀਆਂ ਗੱਲਾਂ ਸੁਣਨ ਨੂੰ ਜੀ ਕਰਦੈ।"

ਤਾਂਘ ਮੈਨੂੰ ਵੀ ਸੀ ਕਿ ਕਦੇ ਘੱਟੋ-ਘੱਟ ਇੱਕ ਰਾਤ ਦਿਨ ਹੋਵੇ, ਗੁਰਪ੍ਰੀਤ ਤੋਂ ਕੰਮ ਦੀਆਂ ਗੱਲਾਂ ਸੁਣੀਆਂ ਜਾਣ। ਭਾਸ਼ਣ ਤਾਂ ਉਹਦਾ ਹੁਣ ਮੈਂ ਸੁਣਦਾ ਈ ਨ੍ਹੀਂ... ਭਾਸ਼ਣ 'ਚ ਤਾਂ ਉਹ, ਉਹੀ ਕਾਮਰੇਡਾਂ ਆਲ਼ੇ ਭਾਰੇ-ਭਾਰੇ ਸ਼ਬਦ ਵਰਤਦਾ ਰਹਿੰਦੈ। ਪਰ ਜਦੋਂ ਉਹ ਆਮ ਗੱਲ ਸੁਣਾਉਂਦੈ ਤਾਂ ਬਿਰਤਾਂਤ ਕਹਾਣੀਕਾਰ 'ਸੁਖਜੀਤ' ਵਾਂਗੂ ਐਨਾ ਕਮਾਲ ਦਾ ਸਿਰਜਦੈ ਕਿ ਮਜ਼ਾ ਆ ਜਾਂਦੈ। ਉਸ ਕੋਲ਼ ਪੁੱਛਣ ਦੱਸਣ ਨੂੰ ਹੋਰ ਵੀ ਬਹੁਤ ਕੁਛ ਹੈ।

ਪੱਕੇ ਮੋਰਚੇ 'ਚ ਦਸ ਨਵੰਬਰ ਤਰੀਕ ਦੀ ਵਾਰੀ ਲੁਧਿਆਣੇ ਜਿਲ੍ਹੇ ਦੀ ਆ ਗਈ। ਅਸੀਂ ਰਾਤ ਉੱਥੇ ਰੁਕਣ ਦਾ ਪ੍ਰੋਗਰਾਮ ਬਣਾ ਲਿਆ ਸੀ, ਨਾਲ਼ ਹਰਦੇਵ ਮੁੱਲਾਂਪੁਰ ਵੀ ਰਲ਼ ਗਿਆ। ਆਉਣਾ ਦਲਜੀਤ ਸਮਰਾਲੇ ਨੇ ਵੀ ਸੀ, ਪਰ ਉਹਨੂੰ ਕੋਈ ਮਜ਼ਬੂਰੀ ਸੀ। ਉਹਦੀ ਗੈਰਹਾਜ਼ਰੀ ਜਰੂਰ ਰੜਕੀ।

ਸਿੱਖਿਆ ਸਕੱਤਰ ਦੇ ਘਰ ਦਾ ਘਿਰਾਓ ਕਰਕੇ ਵਾਪਸ ਆਉਂਦੇ ਸੀ। ਪਿਛਲੇ ਅਠਾਰਾਂ ਸਾਲਾਂ ਬਾਅਦ ਓਦਣ ਪਹਿਲਾ ਮੌਕਾ ਬਣਿਆ ਸੀ ਮਲਟੀਪਰਪਜ਼ ਸਕੂਲ ਦੇ ਕਬੱਡੀ ਗਰਾਉਂਡ ਜਾਣ ਦਾ। ਬਹੁਤ ਮੁਸ਼ਕਲ ਨਾਲ਼ ਹੌਂਸਲਾ ਕੀਤਾ ਸੀ। ਮੈਨੂੰ ਲੱਗੇ ਜਿਵੇਂ ਉੱਥੇ ਪਾਲਾ ਮਿਲੂ। ਮੈਂ ਉਹਦੀ ਰੂਹ ਦਾ ਸਾਹਮਣਾ ਕਿਵੇਂ ਕਰੂੰ ? ਇੱਕ ਜਕ ਜਿਹੀ ਬਣੀ ਹੋਈ ਸੀ। ਮੇਰੇ ਪੈਰ ਰੁਕਣ। ਪਰ ਮਾਸਟਰ ਗੁਰਪ੍ਰੀਤ ਰੁਕੇ ਨਾ। ਕਹਿੰਦਾ, "ਮੇਰੇ ਕਰਕੇ ਚੱਲ, ਮੈਂ ਦੇਖਣੈ ਮੇਰਾ ਸ਼ਰਾਰਤੀ ਵੀਰ ਕਿੱਥੇ ਖੇਡਦਾ ਰਿਹੈ ?" ਮਾਸਟਰ ਗੁਰਪ੍ਰੀਤ ਕੁੜੀਆਂ ਤੋਂ ਵੀ ਵੱਧ ਇਮੋਸ਼ਨਲ ਹੈ। ਮੈਂ ਬਹੁਤ ਮੁਸ਼ਕਲ ਨਾਲ਼ ਹੰਝੂ ਲਕੋਏ, ਪਰਲ-ਪਰਲ ਚੱਲਣ, ਜਿਵੇਂ ਦੋਸ਼ੀ ਹੋਵਾਂ। ਉਸ ਗਰਾਊਂਡ 'ਚ ਜਾ ਕੇ ਪਤਾ ਨ੍ਹੀਂ ਕੀ ਸੋਚਿਆ ? ਕੀ ਗੱਲਾਂ ਕਰੀਆਂ ? ਕੁਛ ਯਾਦ ਨਹੀਂ, ਆਪਣੇ ਆਪ ਨਾਲ਼ ਬਹੁਤ ਸਵਾਲ-ਜਵਾਬ ਕੀਤੇ।

ਖ਼ੈਰ! ਵਾਪਸ ਟੈਂਟ 'ਚ ਪਹੁੰਚਗੇ। ਫੇਰ ਸਾਰੀ ਰਾਤ ਸੁਣਿਆ ਗੁਰਪ੍ਰੀਤ ਨੂੰ ...। ਉਹ ਮੌਕਾ ਨ੍ਹੀਂ ਦਿੰਦਾ ਕਿਸੇ ਨੂੰ ਗੱਲ ਕਰਨ ਦਾ। ਪਰ ਗੱਲ ਬਹੁਤ ਭਾਵੁਕ ਹੋ ਕੇ ਸੁਣਾਉਂਦੈ। ਮੈਂ ਤਾਂ ਓਦਣ ਕੁਛ ਜ਼ਿਆਦਾ ਹੀ ਭਾਵੁਕ ਸੀ। ਵਿੱਚ-ਵਿੱਚਦੀ ਹਰਦੇਵ ਅਤੇ ਬਿਕਰਮਜੀਤ ਕੱਦੋਂ ਨੇ ਵੀ ਵਧੀਆ ਰੰਗ ਬੰਨ੍ਹਿਆ। ਕਮਿਊਨਿਜ਼ਮ ਬਾਰੇ ਗੁਰਪ੍ਰੀਤ ਦੀ ਸਮਝ ਬੜੀ ਗੂਹੜੀ ਐ। ਉਹ ਦਸਦੈ ਕਿ ਮਾਰਕਸੀ ਫ਼ਲਸਫ਼ਾ ਬਹੁਤ ਕੀਮਤੀ ਹੈ। ਪਰ ਉਦਾਹਰਨਾਂ ਬਾਹਰੋਂ ਨਾ ਲੱਭੋ, ਸਗੋਂ ਸਾਡੇ ਲੋਕਲ ਸਾਹਿਤ 'ਚੋ ਹਵਾਲੇ ਦਿਓ। ਕਿਉਂਕਿ ਜਿਨ੍ਹਾਂ ਲਈ ਅਸੀਂ ਲੜਨੈ, ਜਿਨ੍ਹਾਂ ਨੂੰ ਜੋੜਨੈ, ਉਹ ਜਿਆਦਾਤਰ ਅਨਪੜ੍ਹ ਨੇ ਜਾਂ ਘੱਟ ਪੜ੍ਹੇ ਲਿਖੇ ਨੇ, ਤੇ ਧਰਮ ਨਾਲ਼ ਜੁੜੇ ਹੋਏ ਨੇ। ਕੁਛ ਨਾ ਕੁਛ ਮਿਥਿਹਾਸ 'ਚੋ ਵੀ ਮਿਲ ਜਾਂਦੈ, ਸਮਝਣ ਲਈ। ਬਾਕੀ ਗੁਰਬਾਣੀ ਤਾਂ ਭਰੀ ਈ ਬਰਾਬਰੀ ਦੇ ਸਿਧਾਂਤ ਨਾਲ਼ ਪਈ ਹੈ। ਜਮਾਂ ਅਜੀਬ ਦਵੇਦੀ ਵਾਂਗੂ ਹੰਢਿਆ ਹੋਇਆ ਕਾਮਰੇਡ ਐ ਗੁਰਪ੍ਰੀਤ। ਉਹ ਪਹਿਲਾਂ ਵੀ ਕਹਿੰਦਾ ਹੁੰਦੈ, "ਕੱਲੇ ਭਾਸ਼ਣਾਂ ਜਾਂ ਲਿਖਤ ਸਿਧਾਤਾਂ ਨਾਲ਼ ਬਦਲਾਅ ਨ੍ਹੀਂ ਆਉਣਾ, ਲੋਕ ਨ੍ਹੀਂ ਜੁੜਨੇ, ਸਾਨੂੰ ਮਾਰਕਸੀ ਸਿਧਾਤਾਂ ਨੂੰ ਜਿਉਣਾ ਪੈਣਾ, ਉਵੇਂ ਦੇ ਬਣਨਾ ਪੈਣਾ। ਮਾਰਕਸ ਤੋਂ ਵੀ ਪਹਿਲਾਂ ਸਾਨੂੰ ਨਾਨਕ ਸਾਹਿਬ ਨੂੰ ਅਪਣਾਉਣਾ ਪੈਣਾ।"

ਵਧੀਆ ਲੱਗ ਰਿਹਾ ਸੀ। ਨਹੀਂ ਤਾਂ ਕੱਚ ਘਰੜ ਜਿਹੇ ਅਗਾਂਹਵਧੂ, ਧਰਮ ਨੂੰ ਗਾਲ਼ਾਂ ਕੱਢਣ ਤੋਂ ਇਲਾਵਾ ਭੋਰਾ ਅਗਾਂਹ ਨ੍ਹੀਂ ਵਧਦੇ।

ਕਿਸਾਨਾਂ ਦਾ ਕਰਜ਼ ਹੋਰ ਚੜ੍ਹਿਆ ਮਹਿਸੂਸ ਹੋਵੇ। ਟੈਂਟ 'ਚ ਉਹਨਾਂ ਵੱਲੋਂ ਕੀਤੀ ਜਾਂਦੀ ਸੇਵਾ ਦੇਖ ਕੇ ਗੁਰਪ੍ਰੀਤ ਕਹਿੰਦਾ, "ਧੰਨ ਨੇ ਇਹ ਲੋਕ।"

ਇੱਕ ਹੋਰ ਕਿਸਾਨ ਬਾਬਾ ਤੀਜਾ ਬੰਦੈ, ਜਿਸ ਨਾਲ਼ ਮੇਰੀ ਦਿਲੀ ਤਮੰਨਾ ਏ ਇੱਕ ਸੈਲਫੀ ਲੈਣ ਦੀ...। ਇਸਤੋਂ ਪਹਿਲੇ ਦੋ ਬੰਦੇ ਨੇ ਐਨ.ਡੀ ਟੀ.ਵੀ ਦਾ ਪੱਤਰਕਾਰ ਰਵੀਸ਼ ਕੁਮਾਰ ਅਤੇ ਖਾਲਸਾ ਏਡ ਵਾਲ਼ਾ ਸ. ਰਵੀ ਸਿੰਘ। ਖ਼ੈਰ!

ਅਸੀਂ ਨੀਂਦ ਦਾ ਇੱਕ ਵੀ ਚੌਂਕਾ ਲਗਾਏ ਬਿਨਾਂ ਸਵੇਰੇ ਤੁਰ ਪਏ ਘਰ ਨੂੰ। ਮੇਰੀ ਖੇਡਾਂ

'ਚ ਡਿਊਟੀ ਲੱਗਣ ਕਰਕੇ ਥੋੜ੍ਹੀ ਜਲ਼ਦੀ ਵੀ ਸੀ। ਉੱਤੋਂ ਸਿਕੰਦਰ ਦਾ ਫੋਨ ਆ ਗਿਆ ਸੀ ਕਿ ਕੱਲ੍ਹ ਨੂੰ ਲੁਧਿਆਣੇ ਜਾਣਾ ਮਾਸੜ ਨੂੰ ਖ਼ੂਨ ਦੇਣਾ।

ਹੁਣ ਹਰਦੇਵ ਨੂੰ ਸਰਹਿੰਦ ਤੋਂ ਲੁਧਿਆਣੇ ਆਲ਼ੀ ਬੱਸ ਚੜ੍ਹਾ ਕੇ ਅਸੀਂ ਸਾਡੇ ਘਰ ਨੁਹਾਉਣ ਲਈ ਰੁਕ ਗੇ'। ਗੁਰਪ੍ਰੀਤ, ਬੈੱਡ ਦੇ ਸਿਰਹਾਣੇ ਪਿਆ ਹਥਲੀ ਕਿਤਾਬ ਦਾ ਖਰੜਾ ਚੱਕ ਕੇ ਪੜ੍ਹਨ ਲੱਗ ਪਿਆ।

ਮਖਿਆਂ, "ਚਾਹ ਪੀ ਲੋ ਸਰ।" ਉਸਨੇ ਬਿਨਾਂ ਮੂੰਹ ਉੱਪਰ ਚੱਕੇ "ਹਮ" ਕਿਹਾ।

ਅੱਗਿਓਂ ਮੇਰੀ "ਸੁੰਦਰ" ਲਿਖਾਈ ਉਹਦੀ ਸਮਝ ਨਾ ਆਵੇ। ਕਹਿੰਦਾ, "ਤੇਰੇ ਹਾਈ ਸਕੂਲ ਆਲ਼ਾ ਕਾਂਡ ਪੜ੍ਹ ਰਿਹੈਂ। ਕਾਂਡ ਬੜਾ ਦਿਲਚਸਪ ਐ ਯਾਰ ਛੱਡਣ ਨੂੰ ਜੀ ਨ੍ਹੀਂ ਕਰਦਾ। ਪਰ ਲਿਖਾਈ ਕੁਛ ਜਿਆਦਾ ਈ "ਚਿਣੀ" ਪਈ ਐ। ਆਂਏਂ ਕਰ ਬੋਲ ਕੇ ਈ ਸੁਣਾ ਦੇ।" ਮੈਂ ਹੱਸ ਪਿਆ, "ਸਰ, ਥੋਡੇ ਕੀ ਸਮਝ ਆਉਣੀ ਐ, ਇਹ ਤਾਂ ਮੈਨੂੰ ਨ੍ਹੀਂ ਸਮਝ ਆਉਂਦੀ ਬਈ ਕੀ ਲਿਖ ਹੋ ਗਿਆ...।"

"ਸੁਣਾ ਫੇਰ ਬਾਈ ਬਣ ਕੇ।"

ਜਦੋਂ ਮੈਂ ਉਸ ਕਾਂਡ ਬਾਰੇ ਦੱਸਿਆ ਕਿ ਓਦਣ ਭੜੀ ਹਾਈ ਸਕੂਲ 'ਚ ਕੁੜੀਆਂ ਨੇ ਸਾਡੀ ਸ਼ਿਕਾਇਤ ਲਗਾ 'ਤੀ ਸੀ ਹੈੱਡ ਮੈਡਮ ਗਿਆਨ ਕੌਰ ਕੋਲ਼...। ਤਾਂ ਵਿੱਚੋ ਈ ਟੋਕ ਕੇ ਕਹਿੰਦਾ, "ਭਲਾਂ ਗਿਆਨ ਕੌਰ ਕਿੱਥੋਂ ਸੀ ?"

ਮਖਿਆਂ, "ਯਾਰ ਖੰਨੇ ਤੋਂ ਆਉਂਦੀ ਸੀ ਮਰੀ ਜਿਹੀ... ਬਹੁਤ ਚੁੱਪ-ਚੁੱਪ ਜਿਹੀ, ਪਰ ਕੁੱਟਦੀ ਬਹੁਤ ਸੀ, ਪਿੱਲੜ ਜਿਹੀ। ਮੈਨੂੰ ਤਾਂ ਆਂਏਂ ਈ ਕਹੀ ਜਾਂਦੀ ਸੀ, ਤੈਨੂੰ ਤਾਂ ਮੈਂ ਪਾਸ ਕਰਾਕੇ ਰਹੂੰ... ਚਾਹੇ ਤੇਰੀ ਚਮੜੀ ਨਾ ਉਧੇੜਨੀ ਪੈ ਜੇ'। ਉਂ ਹੈ ਉਹ ਬਹੁਤ ਗੋਰੀ-ਚਿੱਟੀ ਸੀ। ਜਮਾਂ ਰੂੰ ਦੇ ਫੰਭੇ ਵਰਗੀ। ਪਰ ਖਿਝੀ ਬਹੁਤ ...।" ਉਹਨੇ ਪੂਰੀ ਗੱਲ ਤਾਂ ਮੇਰੀ ਸੁਣੀ ਈ ਨ੍ਹੀਂ। ਲੱਗ ਪਿਆ ਉੱਚੀ-ਉੱਚੀ ਹੱਸਣ ਕਹਿੰਦਾ, "ਉਹ ਮਰੀ ਜਿਹੀ ਗਿਆਨ ਕੌਰ, ਮੇਰੀ ਮਾਂ ਸੀ...।" ਮੈਂ ਉਹਦੀ ਗੱਲ ਸੁਣ ਕੇ ਸ਼ਰਮਿੰਦਗੀ ਜਿਹੀ 'ਚ ਨਾਲ਼ੇ ਗੱਲ ਬਦਲੀ ਜਾਵਾਂ ਨਾਲ਼ੇ ਨਕਲੀ ਜਿਹਾ ਹੱਸੀ ਜਾਵਾਂ। ਗੱਲ ਸੋਚਦਾ ਹੋਇਆ ਮੈਂ ਬੀਬੀ ਵੱਲ ਇਸ਼ਾਰਾ ਕਰਕੇ, ਬੋਲਿਆ, "ਮਰੀ ਜਿਹੀ ਮਤਲਬ ਪਤਲੀ ਜਿਹੀ, ਮਤਲਬ ਸੁੱਕੀ ਜਿਹੀ।" ਕਹਿੰਦਾ, "ਤੂੰ ਟੈਨਸ਼ਨ ਨਾ ਲੈ, ਗੱਲ ਸੁਣਾਂ ਪੂਰੀ।"

ਉਹਦੀਆਂ ਅੱਖਾਂ 'ਚੋਂ ਪਾਣੀ ਨਿੱਕਲ਼ੇ, ਹੱਸ-ਹੱਸ ਕੇ ਦੂਹਰਾ ਤੀਹਰਾ ਹੋਈ ਜਾਵੇ। ਫੇਰ ਕਹਿੰਦਾ, "ਯਾਰ, ਤੂੰ ਆਪਣੀ ਕਿਤਾਬ ਦਾ ਨਾਮ 'ਸ਼ਰਾਰਤੀ-ਤੱਤ' ਸਹੀ ਰੱਖਿਐ। ਸ਼ਰਾਰਤੀ ਤੇਰੇ ਵਰਗੇ ਈ ਹੁੰਦੇ ਨੇ...।" ਉਹਦਾ ਹਾਸਾ ਨ੍ਹੀਂ ਸੀ ਰੁਕ ਰਿਹਾ... "ਮਰੀ ਜਿਹੀ" ਕਹਿ ਕੇ ਫੇਰ ਹੱਸ ਪਿਆ ਕਰੇ। ਸ਼ਾਮ ਨੂੰ ਫੋਨ ਕਰਕੇ ਕਹਿੰਦਾ, "ਪੂਰੀ ਗੱਲ ਤਾਂ ਸੁਣਾ ਦੇ, ਮਰੀ ਜਿਹੀ ਮੈਡਮ ਦੀ।" "ਸਰ ਛੱਡੋ ਵੀ ਹੁਣ ਕਾਹਨੂੰ ਸ਼ਰਮਿੰਦਾ ਕਰਦੇ ਓਂ।" ਮੈਂ ਗੱਲ ਬਦਲੀ।

"ਸੌਰੀ-ਸੌਰੀ, ਮੈਂ ਤਾਂ ਤੇਰੀ ਕਵਿਤਾ ਕਰਕੇ ਫੋਨ ਕਰਿਐ। ਉਹ ਸੈਂਡ ਕਰੀਂ, ਕਿਸੇ ਨੂੰ ਭੇਜਣੀ ਐ।"

ਜੋ ਵੀ ਸੀ ਜੇ ਇਸ ਛੋਟੀ ਜਿਹੀ ਹਾਸ-ਭਰਪੂਰ ਸ਼ਰਮਿੰਦਗੀ ਨੂੰ ਇੱਕ ਪਾਸੇ ਕਰਦੀਏ ਤਾਂ ਬਾਕੀ ਸਮਾਂ ਬੜਾ ਕਮਾਲ ਦਾ ਰਿਹਾ, ਬਹੁਤ ਕੁਛ ਸਿੱਖਣ ਨੂੰ ਮਿਲਿਆ ਗੁਰਪ੍ਰੀਤ ਸਰ ਤੋਂ...। ਬਹੁਤ ਘੱਟ ਕਾਮਰੇਡ ਹੋਣਗੇ ਜੋ ਗੁਰਪ੍ਰੀਤ ਵਰਗੇ ਸਿੱਧੇ ਸਾਫ ਅਤੇ ਅਮਲੀ ਤੌਰ ਤੇ ਵਿਚਰਦੇ ਹੋਣ...ਨਹੀਂ ਅਖੌਤੀ ਤਾਂ ਬਸ...।

ਜਦੋਂ ਸ਼ਾਮ ਨੂੰ ਫੇਰ ਗੁਰਪ੍ਰੀਤ ਦਾ ਫ਼ੋਨ ਆਇਆ ਤਾਂ ਮੈਂ ਬਹੁਤ ਉਦਾਸੀ ਦੇ ਆਲਮ 'ਚ ਸੀ। ਅਸੀਂ ਲੁਧਿਆਣੇ ਗਏ ਸੀ। ਸੀ ਐਮ ਸੀ ਹਸਪਤਾਲ ਤੋਂ ਵਾਪਸ ਆ ਰਹੇ ਸੀ। ਬਹੁਤ ਹੀਣਤਾ 'ਚ ਸੀ ਮੈਂ...। ਵਟਸਐਪ 'ਤੇ (ਏ ਬੀ +)ਆਲਾ ਸਟੇਟਸ ਮੈਨੂੰ ਹਟਾਉਣਾ ਪਿਆ ਸੀ। ਖ਼ੂਨ ਦਾਨ ਕਰਨ ਦੇ ਮੰਤਵ ਨੂੰ ਲੈ ਕੇ ਵਟਸਐਪ ਉੱਤੇ ਬਣਿਆ ਇੱਕ ਗਰੁੱਪ ਛੱਡਣਾ ਪਿਆ ਸੀ। ਓਦਣ ਪਤਾ ਲੱਗਿਆ ਕਿ ਹੁਣ ਮੈਂ ਕਿਸੇ ਨੂੰ ਖ਼ੂਨ ਨ੍ਹੀਂ ਦੇ ਸਕਦਾ। ਮੇਰੇ ਲਈ ਇਹ ਬੜਾ ਮਾੜਾ ਤਜਰਬਾ ਹੋਇਆ ਸੀ।

ਸੌਲਾਂ ਗ੍ਰਾਮ ਖ਼ੂਨ ਹੋਣ ਦੇ ਬਾਵਜੂਦ ਇੱਕ ਤਿੱਪ ਨਾ ਨਿੱਕਲੀ, ਨਰਸਾਂ ਨੂੰ ਕੋਈ ਨਾੜ ਈ ਨਾ ਲੱਭੀ ਕਿ ਉਹ ਖ਼ੂਨ ਕੱਢ ਲੈਂਦੀਆਂ...।

ਅਸੀਂ ਤਿੰਨ ਜਣੇ ਸੀ ਖ਼ੂਨ ਦੇਣ ਆਲੇ, ਮੈਥੋਂ ਤਾਂ ਉਹਨਾ ਨੇ ਫਰੂਟੀ ਦੀ ਡੱਬੀ ਤੇ ਉਹ ਨਿਊਟਰੀ ਦੇ ਪੈਕਟ ਵੀ ਵਾਪਸ ਲੈ ਲਏ ਜਿਹੜੇ ਉੱਥੇ ਮਿਲਦੇ ਹੁੰਦੇ ਨੇ। ਸਿੰਕਦਰ ਕਹਿੰਦਾ, "ਦੇਖਲਾ ਆਪਦੀ ਔਕਾਤ, ਜੇ ਓਦੋਂ ਸੰਭਲ ਜਾਂਦਾ, ਤਾਂ ਅੱਜ ਫਰੂਟੀ ਤਾਂ ਪੀਣ ਨੂੰ ਮਿਲ ਜਾਂਦੀ।" ਫੇਰ ਹੱਸ ਕੇ ਕਹਿੰਦਾ, "ਲੈ ਆਹ ਪੀ ਲੈ, ਮੈਂ ਤਾਂ ਬੀਅਰ ਪੀਊਂਗਾ।" ਘਰ ਪਹੁੰਚਕੇ ਮੈਂ ਐਨ. ਏ. ਮੈਂਬਰ ਅਮਨ ਭੱਲ ਮਾਜਰੇ ਨੂੰ ਫੋਨ ਕਰਿਆ ਕਿ ਬਹੁਤ ਗਿਲਟ ਮਹਿਸੂਸ ਹੋਇਆ ਅੱਜ।

ਉਹ ਕਹਿੰਦਾ, "ਗਿਲਟ ਕਿਉਂ ਮਹਿਸੂਸ ਕਰਨੈ, ਹੈਲਪ ਕਰ ਕਿਸੇ ਨਸ਼ੇੜੀ ਦੀ, ਕਿਸੇ ਨੂੰ ਮੈਸਜ ਦੇ ਜਾ ਕੇ 'ਐਨ.ਏ' ਦਾ... ਤੂੰ ਕੋਈ ਮੁਜਰਮ ਨ੍ਹੀਂ ਹੈਗਾ, ਇੱਕ ਬਿਮਾਰੀ ਤੋਂ ਪੀੜਤ ਸੀ। ਜੇ ਅੱਜ ਖ਼ੂਨ ਦੇ ਕੇ ਇੱਕ ਬਿਮਾਰ ਬੰਦੇ ਦੀ ਮੱਦਦ ਨ੍ਹੀਂ ਕਰ ਸਕਿਆ ਤਾਂ ਮੈਸਜ ਦੇ ਕੇ ਦੂਜੇ ਬਿਮਾਰ ਦੀ ਮੱਦਦ ਕਰ, ਜਿਵੇਂ ਤੈਨੂੰ ਕਿਸੇ ਨੇ ਇਸ ਦਲਦਲ 'ਚੋਂ ਬਾਹਰ ਕੱਢਿਆ ਸੀ ਓਵੇਂ ਕਿਸੇ ਹੋਰ ਲਈ ਤੂੰ ਕੋਸ਼ਿਸ ਕਰ।" ਆਪਾਂ ਖਿੱਚ 'ਤੀ ਕਾਰ ਪਿੰਡ ਨੂੰ 'ਨਾਰਕੋ ਟਿਕਸ ਅਨੌਨੀਮਸ (ਐਨ.ਏ) ਦਾ ਸੁਨੇਹਾ ਦੇਣ...। ਚਲਦਾ.....

ਧੰਨਵਾਦ ਨਾਰਕੋਟਿਕਸ ਅਨੌਨੀਮਸ  ਫੈਲੋਸ਼ਿੱਪ





ਓਹ ਮੇਰੀਆਂ ਲੱਤਾਂ ਘੁੱਟੀ ਜਾਵੇ ਨਾਲੇ ਮੈਨੂੰ ਵਾਰ-ਵਾਰ ਹੌਂਸਲਾ ਦੇਈ ਜਾਵੇ, "ਯਾਰ ਮੈਂ ਤੇਰੇ ਨਾਲ਼ ਹਾਂ, ਭਰੋਸਾ ਰੱਖ ਤੈਨੂੰ ਕੁਛ ਨ੍ਹੀਂ ਹੋਣ ਦਿੰਦੀ, ਮੈਨੂੰ ਭੋਰਾ ਸਾਹਬ 'ਤੇ ਬਹੁਤ ਭਰੋਸਾ ਏ। ਸਾਹਿਬਜ਼ਾਦਿਆਂ ਤੋਂ ਉੱਪਰ ਕੁਛ ਨ੍ਹੀਂ...ਹਿੰਮਤ ਰੱਖ ਪਲੀਜ਼...।"

ਇਸੇ ਕਿਤਾਬ 'ਚੋਂ...



ਮੰਗਾ ਸਿੰਘ ਅੰਟਾਲ

ਮੇਰੀ ਇਸ ਕਿਤਾਬ, "ਸ਼ਰਾਰਰਤੀ ਤੱਤ" ਦਾ ਤੀਸਰਾ ਐਡੀਸ਼ਨ ਪਾਠਕਾਂ ਕੋਲ ਪਹੁੰਚ ਰਿਹਾ ਹੈ। ਉਮੀਦ ਹੈ ਕਿ ਪਹਿਲੇ ਦੋਵੇਂ ਐਡੀਸ਼ਨਾਂ ਵਾਂਗੂੰ ਹੀ ਪਿਆਰ ਦੇਣਗੇ। ਇਸ ਕਿਤਾਬ ਨੂੰ ਏਡਾ ਭਰਵਾਂ ਹੁੰਗਾਰਾ ਦਿੱਤਾ, ਬਹੁਤ-ਬਹੁਤ ਸ਼ੁਕਰਗੁਜ਼ਾਰ ਹਾਂ।

ਕਿਤਾਬ ਨੂੰ ਉਹ ਇੱਕ ਵਾਰ ਜ਼ਰੂਰ ਪੜ੍ਹਨ, ਜੋ ਅਜੇ ਵੀ ਜੁਰਮ ਅਤੇ ਨਸ਼ੇ ਦੀ ਦਲਦਲ 'ਚ ਫਸੇ ਹੋਏ ਨੇ। ਜਿਨ੍ਹਾਂ ਨੂੰ ਅਜੇ ਵੀ ਸਹੀ ਰਸਤਾ ਨਹੀਂ ਮਿਲਿਆ। ਜੋ ਕੋਸ਼ਿਸ਼ਾਂ ਕਰ ਰਹੇ ਨੇ, ਪਰ ਫੇਰ ਫਸ ਜਾਂਦੇ ਨੇ, ਉਸੇ ਦਲਦਲ 'ਚ।

ਉਹ ਮਾਵਾਂ ਜ਼ਰੂਰ ਪੜ੍ਹਨ, ਜਿਨ੍ਹਾਂ ਦੇ ਧੀ-ਪੁੱਤ ਜਵਾਨ ਹੋ ਰਹੇ ਨੇ ਜਾਂ ਜਿਨ੍ਹਾਂ ਦੇ ਬੱਚੇ ਕਾਲਜਾਂ 'ਚ ਪੜ੍ਹ ਰਹੇ ਨੇ ਤਾਂ ਜੋ ਪਹਿਲਾਂ ਹੀ ਸੁਚੇਤ ਹੋ ਜਾਣ, ਆਪਣੇ ਲਾਡਲਿਆਂ ਪ੍ਰਤੀ। ਇੱਕ ਵਾਰੀ ਜਦੋਂ ਧਸ ਗਏ ਫੇਰ ਵਾਪਸੀ ਮੁਸ਼ਕਿਲ ਹੋ ਜਾਂਦੀ ਹੈ, ਪਰ ਨਾ-ਮੁਮਕਿਨ ਕੁਝ ਵੀ ਨਹੀਂ।

ਇੱਕ ਗੱਲ ਹੋਰ ਕਹਾਂਗਾ ਪਾਠਕਾਂ ਨੂੰ, ਖ਼ਾਸ ਕਰ ਰਿਸ਼ਤੇਦਾਰਾਂ ਨੂੰ ਕਿ ਕਿਤਾਬ ਪੜ੍ਹ ਕੇ ਜੋ ਸਵਾਲ ਪੁੱਛਣੇ ਹੋਣ, ਉਹ ਮੈਨੂੰ ਹੀ ਪੁੱਛੇ ਜਾਣ, ਅੰਮ੍ਰਿਤ ਨੂੰ ਜਾਂ ਮੇਰੇ ਪਰਿਵਾਰਕ ਮੈਂਬਰਾਂ ਨੂੰ ਨਾ ਪੁੱਛੇ ਜਾਣ।

ਮੰਗਾ ਸਿੰਘ ਅੰਟਾਲ
85449-17521

ਪਾਠਕੋ, ਤੁਸੀਂ ਹਥਲੀ ਪੁਸਤਕ ਨੂੰ ਏਡਾ ਵੱਡਾ ਹੁੰਗਾਰਾ ਦਿੱਤਾ, ਇਸ ਲਈ ਤੁਹਾਡਾ ਧੰਨਵਾਦ। ਅਗਸਤ 2019 ਮਹੀਨੇ ਵਿੱਚ ਹੀ ਪਹਿਲੇ ਤੇ ਦੂਸਰੇ ਐਡੀਸ਼ਨ ਦਾ ਛਪਣਾ ਅਤੇ ਹੱਥੋ-ਹੱਥੀ ਵਿਕਣਾ ਇੱਕ ਮਿਸਾਲ ਹੀ ਹੈ। ਇਹ ਸਾਰਾ ਕੁੱਝ ਕਿਵੇਂ ਤੇ ਕਿਉਂ ਹੋਇਆ। ਇਸ ਪਿੱਛੇ ਇਹ ਗੱਲ ਨਹੀਂ ਕਿ ਹਥਲੀ ਕਿਤਾਬ, "ਸ਼ਰਾਰਤੀ ਤੱਤ" ਵਿੱਚ ਕੋਈ ਨਿਵੇਕਲੀ ਕਹਾਣੀ ਹੈ। ਦਰਅਸਲ ਇਸ ਕਿਤਾਬ ਵਿੱਚ ਕਹਾਣੀ ਤਾਂ ਕੋਈ ਹੈ ਹੀ ਨਹੀਂ, ਇਹ ਤਾਂ ਹਕੀਕਤ ਹੈ। ਹਕੀਕਤ ਵੀ ਉਹ ਜੋ ਪਿਛਲੇ ਕੁੱਝ ਅਰਸੇ ਤੋਂ ਬਹੁਤ ਵੱਡੇ ਦੁਖਾਂਤ ਦਾ ਰੂਪ ਧਾਰਨ ਕਰ ਚੁੱਕੀ ਹੈ।

ਪੰਜਾਬ ਦੀ ਜਵਾਨੀ ਨੂੰ ਅੱਜ ਨਸ਼ੇ ਰੂਪੀ ਕੋਹੜ ਨੇ ਭਿਆਨਕ ਰੂਪ ਵਿੱਚ ਜਕੜ ਲਿਆ ਹੈ। ਬੁਢਾਪਾ ਜੋ ਜਵਾਨ ਪੁੱਤਾਂ ਦੇ ਸਹਾਰੇ ਦੀ ਉਡੀਕ ਕਰਦਾ ਸੀ, ਅੱਜ ਉਹ ਓਹਨਾਂ ਹੀ ਪੁੱਤਾਂ ਦੀਆਂ ਅਰਥੀਆਂ ਨੂੰ ਮੋਢਾ ਦੇਣ ਲਈ ਮਜਬੂਰ ਹੋਇਆ ਖੜ੍ਹਾ ਹੈ। ਨਸ਼ਿਆਂ ਨਾਲ ਹੋਣ ਵਾਲੀਆਂ ਮੌਤਾਂ ਦੇ ਅੰਕੜੇ ਹਕੂਮਤ ਬਦਲਣ ਨਾਲ ਘੱਟ ਨਹੀਂ ਹੋਏ ਨਾ ਹੀ ਇਹ ਆਸ ਹੈ। ਹੁਣ ਇਸ ਦਲਦਲ ਵਿੱਚ ਜਵਾਨ ਕੁੜੀਆਂ ਵੀ ਫਸ ਚੁੱਕੀਆਂ ਹਨ।

ਇਸ ਕਿਤਾਬ ਨੇ ਹੁਣ ਤੱਕ ਨਸ਼ਿਆਂ ਵਿੱਚ ਧਸੀਆਂ ਕਈ ਜ਼ਿੰਦਗੀਆਂ ਨੂੰ ਬਾਹਰ ਕੱਢਿਆ ਹੈ। ਆਸ ਹੈ ਕਿ ਅੱਗੇ ਤੋਂ ਵੀ ਮੰਗਾ ਅੰਟਾਲ ਦੀ ਇਹ ਕਿਤਾਬ ਮੀਲ ਪੱਥਰ ਸਾਬਤ ਹੋਵੇਗੀ। ਇਸੇ ਆਸ ਨਾਲ ਅਸੀਂ ਇਸ ਕਿਤਾਬ ਦਾ ਤੀਸਰਾ ਐਡੀਸ਼ਨ ਲੈ ਕੇ ਹਾਜ਼ਰ ਹਾਂ।

ਲੇਖਕ ਦੀ ਲਿਖਣ ਸ਼ੈਲੀ ਐਨੀ ਕਮਾਲ ਅਤੇ ਨਿਵੇਕਲੀ ਹੈ ਕਿ ਇਹ ਕਿਤਾਬ ਉਹਨਾਂ ਲੋਕਾਂ ਨੇ ਵੀ ਇੱਕ ਸਿਟਿੰਗ ਵਿੱਚ ਪੜ੍ਹੀ ਹੈ ਜਿਨ੍ਹਾਂ ਨੇ ਪਹਿਲਾਂ ਕਦੇ ਪੂਰਾ ਅਖ਼ਬਾਰ ਵੀ ਨਹੀਂ ਸੀ ਪੜ੍ਹਿਆ, ਮਤਲਬ ਜਿਹੜੇ ਕਿਤਾਬਾਂ ਪੜ੍ਹਨ ਤੋਂ ਕੋਹਾਂ ਦੂਰ ਸਨ। ਗੱਲ ਕੀ ਜਿਹਨੇ ਪੜ੍ਹੀ ਹੈ ਉਹ ਅਸ਼-ਅਸ਼ ਕਰ ਉੱਠਿਆ ਹੈ।

ਜਸਵਿੰਦਰ ਪੰਜਾਬੀ
97814-14118



JP PUBLISHERS
Surrey, Vancouver, BC Canada
B.O.: Patiala (Pb.) INDIA
+91 97814-14118 (India)
jppublisherspta@gmail.com

ISBN 978-1-989400-05-0

